PANJAB TIMES
# ਪੰਜਾਬ ਟਾਈਮਜ਼
£2
ਪੰਜਾਬੀਆਂ ਦੇ ਹੱਕਾਂ ਦਾ ਪਹਿਰੇਦਾਰ

6th - 13th February 2025 • Issue No. 3066
Europe's Leading Panjabi Weekly Since 1965

Panjab Times, Bridle Gate Lane, Derby, DE24 0QW (UK) • Tel: 01332 372851 or 07966 388388 • www.panjabtimes.uk • Email: panjabtimes@aol.com

IMMIGRATION ADVICE BUREAU
SPECIALISTS ESTD 1989
FOR FREE INITIAL ADVICE
Contact:
S.S.RAI
ਇਮੀਗ੍ਰੇਸ਼ਨ ਸਬੰਧੀ ਸਲਾਹ ਲਈ ਅੱਜ ਹੀ ਸੁਖਜਿੰਦਰ ਸਿੰਘ ਰਾਏ ਨੂੰ ਫੋਨ ਕਰੋ !

Tel: 020 8571 6680
India:+91-181 5086389



ਸ੍ਰੀ ਗੁਰੂ ਰਵਿਦਾਸ ਸਭਾ ਯੂ. ਕੇ.,
ਯੂਰਪ ਐਂਡ ਅਬਰੋਡ ਵੱਲੋਂ
**ਵਿਸ਼ੇਸ਼ ਅੰਕ**

ਸ੍ਰੀ ਗੁਰੂ ਰਵਿਦਾਸ ਸਭਾ ਯੂ. ਕੇ., ਯੂਰਪ ਅਤੇ ਅਬਰੋਡ ਤੇ ਸਾਰੀਆਂ ਸ੍ਰੀ ਗੁਰੂ ਰਵਿਦਾਸ ਸਭਾਵਾਂ ਵੱਲੋਂ
ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ 12 ਫਰਵਰੀ 2025 ਨੂੰ ਅਵਤਾਰ ਪੁਰਬ ਦੀਆਂ ਸਮੂਹ ਜਗਤ ਨੂੰ ਲੱਖ ਲੱਖ ਵਧਾਈਆਂ

# ਬੀਬੀ ਅਮਰਜੀਤ ਕੌਰ ਦੀ ਯਾਦ ਵਿੱਚ ਸਿੰਘ ਸਭਾ ਡਰਬੀ ਵਿਖੇ ਸ਼ਰਧਾਂਜ਼ਲੀ ਸਮਾਗਮ

## ਕੁੰਭ ਦੇ ਮੇਲੇ ਤੇ ਸਿੱਖ ਆਗੂਆਂ ਦੇ ਜਾਣ ਸਬੰਧੀ ਧਾਰਮਿਕ ਤੇ ਸਿਆਸੀ ਆਗੂ ਸਪੱਸ਼ਟ ਕਰਨ – ਸ: ਪੁਰੇਵਾਲ

**ਡਰਬੀ (ਪੰਜਾਬ ਟਾਈਮਜ਼) – ਸ਼ਹੀਦ ਭਾਈ ਫੌਜਾ ਸਿੰਘ ਦੀ ਧਰਮ ਪਤਨੀ ਬੀਬੀ ਅਮਰਜੀਤ ਕੌਰ ਪਿਛਲੇ ਹਫ਼ਤੇ ਅਕਾਲ ਚਲਾਣਾ ਕਰ ਗਏ ਸਨ । ਉਹਨਾਂ ਨੂੰ ਸ਼ਰਧਾਂਜ਼ਲੀ ਦੇਣ ਲਈ ਨੌਜਵਾਨਾਂ ਵੱਲੋਂ ਸ਼ਨਿੱਚਰਵਾਰ ਸ਼ਾਮ ਨੂੰ ਕੀਰਤਨ ਸਮਾਗਮ ਕੀਤਾ ਗਿਆ। ਜਿਸ ਦੌਰਾਨ ਨੌਜਵਾਨਾਂ ਤੋਂ ਇਲਾਵਾ ਭਾਈ ਤਜਿੰਦਰ ਸਿੰਘ ਖੰਨੇ ਵਾਲਿਆਂ ਨੇ ਵੀ ਹਾਜ਼ਰੀ ਭਰੀ ਤੇ ਬੜਾ ਰਸਭਿੰਨਾ ਕੀਰਤਨ ਕਰਕੇ ਸੰਗਤਾਂ ਨੂੰ ਗੁਰਬਾਣੀ ਨਾਲ ਜੋੜਿਆ। ਉਹਨਾਂ ਦੇ ਨਾਲ ਭਾਈ ਜਸਵਿੰਦਰ ਸਿੰਘ ਕੋਹਲੀ ਮਾਨਚੈਸਟਰ ਵਾਲੇ ਵੀ ਆਏ ਜਿਹੜੇ ਪੰਜਾਬ ਵਿੱਚ ਐਜੂਕੇਟ ਪੰਜਾਬ ਪ੍ਰੋਜੈਕਟ ਅਧੀਨ ਹਜ਼ਾਰਾਂ ਬੱਚਿਆਂ ਨੂੰ ਸਕੂਲੀ ਵਿੱਦਿਆ ਦੇ ਰਹੇ ਹਨ ਤੇ ਗੁਰਬਾਣੀ ਨਾਲ ਜੋੜ ਰਹੇ ਹਨ, ਡਰਬੀ ਦੀਆਂ ਸੰਗਤਾਂ ਵੱਲੋਂ ਉਹਨਾਂ ਦੀਆਂ ਸੇਵਾਵਾਂ ਲਈ ਸਹਿਯੋਗ ਦਿੱਤਾ ਗਿਆ।**

ਐਤਵਾਰ ਨੂੰ ਸਵੇਰ ਵੇਲੇ ਬੀਬੀ ਅਮਰ–ਜੀਤ ਕੌਰ ਜੀ ਦੀ ਯਾਦ ਵਿੱਚ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਉਪਰੰਤ ਦੀਵਾਨ ਸਜਾਏ ਗਏ। ਇਸ ਦੌਰਾਨ ਭਾਈ ਮਲਕੀਤ ਸਿੰਘ, ਭਾਈ ਅਮਰੀਕ ਸਿੰਘ ਤੋਂ ਇਲਾਵਾ ਹੋਰ ਨੌਜਵਾਨਾਂ ਹਾਜ਼ਰੀ ਭਰੀ।








ਉੱਪਰ ਭਾਈ ਤਜਿੰਦਰ ਸਿੰਘ ਖੰਨੇ ਵਾਲੇ ਅਤੇ ਭਾਈ ਮਲਕੀਤ ਸਿੰਘ ਨੌਟਿੰਘਮ ਵਾਲਿਆਂ ਦੇ ਜਥੇ ਕੀਰਤਨ ਕਰਦੇ ਹੋਏ – ਹੇਠਾਂ ਸਵ: ਬੀਬੀ ਅਮਰਜੀਤ ਕੌਰ ਅਤੇ ਬੁਲਾਰੇ ਬੀਬੀ ਸੁਰਿੰਦਰ ਕੌਰ ਵਿਰਕ, ਨਵਜੋਤ ਕੌਰ ਵਿਰਕ, ਡਾ: ਦਲਜੀਤ ਸਿੰਘ ਵਿਰਕ, ਸ: ਰਾਜਿੰਦਰ ਸਿੰਘ ਪੁਰੇਵਾਲ ਅਤੇ ਮਨਪ੍ਰੀਤ ਸਿੰਘ,

ਡਾ: ਦਲਜੀਤ ਸਿੰਘ ਵਿਰਕ, ਬੀਬੀ ਸੁਰਿੰਦਰ ਕੌਰ ਵਿਰਕ, ਬੀਬੀ ਨਵਜੋਤ ਕੌਰ ਵਿਰਕ ਅਤੇ ਭਾਈ ਮਨਪ੍ਰੀਤ ਸਿੰਘ ਵਰਲਡ ਸਿੱਖ ਪਾਰਲੀਮੈਂਟ ਆਦਿ ਨੇ ਉਹਨਾਂ ਦੀਆਂ ਪੰਥਕ ਸੇਵਾਵਾਂ ਬਾਰੇ ਸੰਗਤਾਂ ਨਾਲ ਜਾਣਕਾਰੀ ਸਾਂਝੀ ਕੀਤੀ। ਗੁਰਦੁਆਰਾ ਸਾਹਿਬ ਦੇ ਜਨਰਲ ਸਕੱਤਰ ਰਾਜਿੰਦਰ ਸਿੰਘ ਪੁਰੇਵਾਲ ਨੇ ਬੀਬੀ ਜੀ ਦੀਆਂ ਪੰਥ ਪ੍ਰਤੀ ਸੇਵਾਵਾਂ ਬਾਰੇ ਜਾਣਕਾਰੀ ਦਿੱਤੀ। ਬੀਬੀ ਜੀ 1984 ਦੇ ਵੇਲੇ ਤੋਂ ਖਾੜਕੂ ਸਿੰਘਾ ਨੂੰ ਸੇਧ ਦਿੰਦੇ ਰਹਿੰਦੇ ਸਨ। ਇਸ ਦੇ ਨਾਲ ਹੀ ਗੁਰਬਾਣੀ ਦੀ ਸੇਧ ਵਿੱਚ ਰਹਿ ਕੇ ਸੇਵਾਵਾਂ ਸਖਤੀ ਨਾਲ ਨਿਭਾਉਣ ਲਈ ਕਹਿੰਦੇ ਸਨ। ਪਰ ਹੁਣ ਸਾਡੀਆਂ ਪੰਥਕ ਸੰਸਥਾਵਾਂ ਦੇ ਸੇਵਾਦਾਰ ਉਹਨਾਂ ਵਾਂਗ ਦ੍ਰਿੜ ਹੋ ਕੇ ਜਿੰਮੇਵਾਰੀ ਨਹੀਂ ਨਿਭਾਅ ਰਹੇ।

ਉਹਨਾਂ ਕਿਹਾ ਕਿ ਬੀਤੇ ਦਿਨੀਂ ਦਮਦਮੀ ਟਕਸਾਲ ਦੇ ਆਗੂ ਬਾਬਾ ਹਰਨਾਮ ਸਿੰਘ ਧੁੰਮਾ ਜੀ ਦੇ ਕੁੰਭ ਦੇ ਮੇਲੇ ਤੇ ਜਾ ਕੇ ਇਸ਼ਨਾਨ ਕਰਨ ਸਬੰਧੀ ਪੰਥ ਵਿੱਚ ਸਥਿਤੀ ਸਪੱਸ਼ਟ ਨਹੀਂ ਹੈ । ਸ: ਪੁਰੇ–ਵਾਲ ਨੇ ਕਿਹਾ ਕਿ ਪੰਥ ਦੀਆਂ ਧਾਰਮਿਕ ਜਾਂ ਸਿਆਸੀ ਪਾਰਟੀਆਂ ਦੇ ਆਗੂਆਂ ਨੇ ਇਸ ਸਬੰਧੀ ਕੋਈ ਬਿਆਨ ਨਹੀਂ ਦਿੱਤਾ ਕਿ ਕੁੰਭ ਦੇ ਮੇਲੇ 'ਤੇ ਜਾਣਾ ਗੁਰਮਤਿ ਅਨੁਸਾਰ ਠੀਕ ਹੈ ਜਾਂ ਨਹੀਂ। ਪੰਥ ਦੇ ਆਗੂਆਂ ਵੱਲੋਂ ਨੌਜਵਾਨਾਂ ਅਤੇ ਸਿੱਖ ਸੰਗਤਾਂ ਨੂੰ ਸਮੇਂ–ਸਮੇਂ ਤੇ ਸੇਧ ਦੇਣੀ ਚਾਹੀਦੀ ਹੈ।

# JUSTICE FOR HIND RAJAB

Last year 2024 five year old Hind Rajab was murdered, alongside her family in the most brutal act of genocidal violence. Hind survived the initial attack but was trapped in the wreckage, her cries for help captured during a live call to emergency services were broadcasted worldwide. This inhumanity of this calculated act, showing no remorse systematically and indiscriminately targeting of civilians in Gaza. One year later, we remember Hind Rajab, a child whose life and story demands justice, although a ceasefire has been reached in Gaza, almost a year after murder of Hind Rajab, and those responsible have not faced justice yet. A investigation later found that a total of 355 bullets were fired at the car and the tank operators had clear view of the two children inside the vehicle. In just 6 seconds, 64 gunshots were fired while she was on the call with emergency services PRCS. The paramedics left the hospital in order to rescue Hind, Also ad they




arrived at the location of the car they were never heard from again. The last thing captured on call between the paramedics and the emergency communication team was an explosion.

Over 1.5 million Gaza people will walk back to their ruined and utterly devastated homes, towns and cities carrying their surviving children, blankets and what little food they have left. They will return to the scene of unimaginable destruction by the Israeli army, they will search for loved ones beneath the rubble. I see pain unbearable suffering an agony so profound that words cannot adequately capture Its injustice.

# ਬਾਬਾ ਦੀਪ ਸਿੰਘ ਜੀ ਦੇ ਜਨਮ ਦਿਨ ਦੇ ਸਮਾਗਮਾਂ ਮੌਕੇ ਇੰਟ: ਢਾਢੀ ਪ੍ਰੋ: ਭੁਪਿੰਦਰ ਸਿੰਘ ਪ੍ਰੀਤ ਦੇ ਜਥੇ ਨੇ ਹਾਜ਼ਰੀ ਭਰੀ



**ਪ੍ਰੋ: ਭੁਪਿੰਦਰ ਸਿੰਘ ਪ੍ਰੀਤ ਦੇ ਜਥੇ ਦਾ ਸ੍ਰੀ ਗੁਰੂ ਸਿੰਘ ਸਭਾ ਵਿਖੇ ਸਨਮਾਨ ਕਰਦੇ ਹੋਏ ਗੁਰਦੁਆਰਾ ਸਾਹਿਬ ਦੇ ਜਨਰਲ ਸਕੱਤਰ ਰਾਜਿੰਦਰ ਸਿੰਘ ਪੁਰੇਵਾਲ ਅਤੇ ਨਾਲ ਹਨ, ਭਾਈ ਅਮਨਦੀਪ ਸਿੰਘ ਤੇ ਗੁਰਜੋਤ ਸਿੰਘ**

ਡਰਬੀ (ਪੰਜਾਬ ਟਾਈਮਜ਼) – ਬੀਤੇ ਹਫ਼ਤੇ ਸ੍ਰੀ ਗੁਰੂ ਸਿੰਘ ਸਭਾ ਗੁਰਦੁਆਰਾ ਡਰਬੀ ਵਿਖੇ ਸ਼ਹੀਦ ਬਾਬਾ ਦੀਪ ਸਿੰਘ ਜੀ ਦਾ ਜਨਮ ਦਿਨ ਬੜੀ ਸ਼ਰਧਾ ਤੇ ਸਤਿਕਾਰ ਸਹਿਤ ਮਨਾਇਆ ਗਿਆ। ਇਸ ਮੌਕੇ ਗੁਰੂ ਘਰ ਦੇ ਕੀਰਤਨੀ ਜਥੇ ਨੇ ਕੀਰਤਨ ਕੀਤਾ ਅਤੇ ਬਾਅਦ ਵਿੱਚ ਇੰਟਰਨੈਸ਼ਨਲ ਪੰਥਕ ਢਾਢੀ ਪ੍ਰੋ: ਭੁਪਿੰਦਰ ਸਿੰਘ ਪ੍ਰੀਤ ਪਾਰਸਮਣੀ ਅੰਮ੍ਰਿਤਸਰ ਵਾਲਿਆਂ ਦੇ ਜਥੇ ਨੇ ਵੀ ਹਾਜ਼ਰੀ ਭਰੀ । ਜਥੇ ਨੇ ਬਾਬਾ ਦੀਪ ਸਿੰਘ ਜੀ ਦੇ ਜੀਵਨ ਬਾਰੇ ਸੰਗਤਾਂ ਨਾਲ ਵਿਚਾਰ ਸਾਂਝੇ ਕੀਤੇ। ਢਾਢੀ ਜਥੇ ਵਿੱਚ ਪ੍ਰੋ: ਭੁਪਿੰਦਰ ਸਿੰਘ ਦੇ ਨਾਲ ਢਾਢੀ ਬਿਕਰਮਜੀਤ ਸਿੰਘ ਵਲਟੋਹਾ, ਸਾਰੰਗੀ ਮਾਸਟਰ ਭਾਈ ਸੰਦੀਪ ਸਿੰਘ ਕਸੇਲ ਅਤੇ ਢਾਢੀ ਸੁਖਦੇਵ ਸਿੰਘ ਵਲਟੋਹਾ ਨੇ ਸਾਥ ਦਿੱਤਾ।

ਭਾਈ ਸਾਹਿਬ ਨੇ ਦੱਸਿਆ ਕਿ ਬਾਬਾ ਦੀਪ ਸਿੰਘ ਦਾ ਗੁਰਮੁਖਾ ਜੀਵਨ ਉਚ ਦਰਜੇ ਦਾ ਸੀ, ਉਹਨਾਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਪਾਸੋਂ ਅੰਮ੍ਰਿਤ ਪਾਨ ਕੀਤਾ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਚਾਰ ਸਰੂਪ ਹੱਥੀਂ ਲਿਖਣ ਦੀ ਸੇਵਾ ਕੀਤੀ, ਅਤੇ ਇਹ ਚਾਰ ਸਰੂਪ ਚਾਰ ਤਖਤ ਸਾਹਿਬਾਨ ਵਿਖੇ ਸੁਸ਼ੋਭਿਤ ਕੀਤੇ ਗਏ। ਅੰਤ ਬਾਬਾ ਜੀ ਨੇ ਸ੍ਰੀ ਦਰਬਾਰ ਸਾਹਿਬ ਨੂੰ ਮੁਗਲਾਂ ਪਾਸੋਂ ਅਜ਼ਾਦ ਕਰਵਾਉਣ ਲਈ ਅਦੁੱਤੀ ਸ਼ਹਾਦਤ ਦਿੱਤੀ। ਸਾਨੂੰ ਅਤੇ ਸਾਡੇ ਆਗੂਆਂ ਉਹਨਾਂ ਦੇ ਜੀਵਨ ਤੋਂ ਸੇਧ ਲੈਣੀ ਚਾਹੀਦੀ ਹੈ।

# ਕੀ ਬਾਦਲ ਧੜਾ ਸੱਤ ਮੈਂਬਰੀ ਕਮੇਟੀ ਨੂੰ ਪ੍ਰਵਾਨਗੀ ਦੇਵੇਗਾ ?

**✪ ਅਕਾਲ ਤਖ਼ਤ ਸਾਹਿਬ ਵਲੋਂ ਬਣਾਈ ਸੱਤ ਮੈਂਬਰੀ ਕਮੇਟੀ ਦੀ ਹੋਈ ਮੀਟਿੰਗ ਬਾਅਦ ਪੰਥਕ ਹਲਚਲ ਸ਼ੁਰੂ ✪ ਨਵੀਂ ਭਰਤੀ ਸੰਬੰਧੀ ਰਾਇ ਲਈ ਭੂੰਦੜ ਨੂੰ ਦਿੱਤਾ ਗਿਆ ਸੱਦਾ ✪ ਅਕਾਲੀ ਦਲ ਨੇ15 ਮੈਂਬਰੀ ਕਮੇਟੀ ਦੀ ਘੜੀ ਸੀ ਨੀਤੀ, ਜਥੇਦਾਰ ਨੇ ਨਹੀਂ ਦਿੱਤੀ ਸੀ ਪ੍ਰਵਾਨਗੀ ✪ ਅਕਾਲੀ ਦਲ ਦੀ ਨਵ ਉਸਾਰੀ ਲਈ ਸੁਖਬੀਰ ਸਿੰਘ ਬਾਦਲ ਉਪਰ ਨਜ਼ਰਾਂ ਟਿਕੀਆਂ**



## ਅਕਾਲੀ ਦਲ ਕੋਲ ਕੀ ਰਾਹ ਹੈ ?

ਇਥੇ ਜ਼ਿਕਰਯੋਗ ਹੈ ਕਿ ਸ਼੍ਰੋਮਣੀ ਅਕਾਲੀ ਦਲ ਦਾ ਕਾਬਜ਼ ਧੜਾ ਇਸ ਦਲੀਲ ਦਾ ਕਾਇਲ ਰਿਹਾ ਸੀ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਅੱਗੇ ਪੇਸ਼ ਹੋਏ ਪੰਥ ਦੇ ਮੁੱਦਿਆਂ ਮੁਤੱਲਕ ਸਿੰਘ ਸਾਹਿਬਾਨ ਨੂੰ ਕਿਸੇ ਕਿਸਮ ਦੀਆਂ ਸਿਆਸੀ ਸੇਧਾਂ ਦੇਣ ਤੋਂ ਗੁਰੇਜ਼ ਕਰਨਾ ਚਾਹੀਦਾ ਹੈ ਪਰ ਪਾਰਟੀ ਇਸ ਮਾਮਲੇ 'ਤੇ ਸਪਸ਼ਟ ਸਟੈਂਡ ਲੈਣ ਵਿੱਚ ਨਾਕਾਮ ਰਹੀ ਅਤੇ ਇਸ ਨੇ ਇੱਕ ਪਾਸੇ ਜਿੱਥੇ ਆਪਣੇ ਢੰਗ ਨਾਲ ਮੈਂਬਰਸ਼ਿਪ ਮੁਹਿੰਮ ਵਿੱਢਣ ਦਾ ਐਲਾਨ ਕਰ ਦਿੱਤਾ, ਦੂਜੇ ਪਾਸੇ ਇਹ ਪ੍ਰਭਾਵ ਦੇਣ ਤੋਂ ਵੀ ਗੁਰੇਜ਼ ਕੀਤਾ ਕਿ ਇਹ ਧੜਾ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਹੁਕਮਨਾਮੇ ਨੂੰ ਮੰਨ ਕੇ ਲਾਗੂ ਕਰਨ ਤੋਂ ਇਨਕਾਰੀ ਹੈ। ਇਸੇ ਕਰਕੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਨੂੰ ਇੱਕ ਤੋਂ ਵੱਧ ਵਾਰ ਇਹ ਸਪਸ਼ਟ ਕਰਨਾ ਪਿਆ ਕਿ ਦੋ ਦਸੰਬਰ ਦੇ ਹੁਕਮਨਾਮੇ ਤੋਂ ਪਿੱਛੇ ਨਹੀਂ ਹਟਿਆ ਜਾ ਸਕਦਾ ਅਤੇ ਸ਼੍ਰੋਮਣੀ ਅਕਾਲੀ ਦਲ ਨੂੰ ਇਸ ਦੀ ਇੰਨ-ਬਿੰਨ ਪਾਲਣਾ ਕਰਨੀ ਪਵੇਗੀ। ਹਾਲ ਹੀ ਵਿੱਚ ਹਰਿਆਣਾ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਹੋਈਆਂ ਹਨ ਜਿਨ੍ਹਾਂ ਵਿੱਚ ਸਿੱਖ ਸੰਗਤ ਨੇ ਸਾਰੇ ਸਥਾਪਿਤ ਧੜਿਆਂ ਨੂੰ ਰੱਦ ਕਰ ਕੇ ਬਹੁਗਿਣਤੀ ਆਜ਼ਾਦ ਉਮੀਦਵਾਰਾਂ ਨੂੰ ਜਿਤਾਇਆ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਲਈ ਵੋਟਾਂ ਬਣਾਉਣ ਦੀ ਪ੍ਰਕਿਰਿਆ ਚੱਲ ਰਹੀ ਹੈ ਅਤੇ ਇਸ ਸਾਲ ਕਿਸੇ ਵੀ ਸਮੇਂ ਚੋਣਾਂ ਦਾ ਐਲਾਨ ਹੋ ਸਕਦਾ ਹੈ। ਸ਼੍ਰੋਮਣੀ ਅਕਾਲੀ ਦਲ ਪਿਛਲੇ ਕਰੀਬ ਅੱਠ ਸਾਲਾਂ ਤੋਂ ਸੱਤਾ 'ਚੋਂ ਬਾਹਰ ਹੈ ਜਿਸ ਕਰਕੇ ਇਸ ਨੂੰ ਅਜਿਹਾ ਕੋਈ ਵੀ ਕਦਮ ਵਾਰਾ ਨਹੀਂ ਖਾਵੇਗਾ ਜਿਸ ਨਾਲ ਇਹ ਆਪਣੇ ਰਵਾਇਤੀ ਵੋਟ ਬੈਂਕ ਤੋਂ ਟੁੱਟੇ ਤੇ ਜੇਤੂ ਰਾਹ ਤੋਂ ਪਛੜੇ। ਇਸ ਦੇ ਸਨਮੁੱਖ ਅਕਾਲੀ ਦਲ ਨੂੰ ਆਪਣੇ ਅੰਦਰੂਨੀ ਸੰਕਟਾਂ ਨੂੰ ਹੱਲ ਕਰਨ ਲਈ ਵਧੇਰੇ ਹਕੀਕਤਪਸੰਦ ਅਤੇ ਪੰਥਕ ਏਕਤਾ ਵਾਲਾ ਰਾਹ ਅਖ਼ਤਿਆਰ ਕਰਨਾ ਪੈ ਸਕਦਾ ਹੈ। ਹਾਲਾਂਕਿ ਬਾਦਲ ਧੜਾ ਸਿਖ ਸਿਆਸਤ ਵਿਚ ਸਭ ਤੋਂ ਸ਼ਕਤੀਸ਼ਾਲੀ ਨੈਟਵਰਕ ਵਾਲਾ ਧੜਾ ਹੈ ਤੇ ਉਸ ਨੂੰ ਪੰਥਕ ਏਕਤਾ ਲਈ ਪਹਿਲ ਕਰਕੇ ਅਕਾਲੀ ਦਲ ਦੀ ਪੁਨਰ ਸਿਰਜਣਾ ਕਰਨੀ ਚਾਹੀਦੀ ਹੈ ਤਾਂ ਜੋ ਸਿਖ ਪੰਥ ਦਾ ਉਨ੍ਹਾਂ ਵਿਚ ਵਿਸ਼ਵਾਸ ਬਹਾਲ ਹੋ ਸਕੇ।

ਪਟਿਆਲਾ-ਸ਼੍ਰੋਮਣੀ ਅਕਾਲੀ ਦਲ ਨੂੰ ਦਰਪੇਸ਼ ਸੰਕਟ ਸੁਲਝਾਉਣ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਫ਼ਸੀਲ ਤੋਂ ਜਾਰੀ ਹੋਏ ਦੋ ਦਸੰਬਰ ਦੇ ਇਤਿਹਾਸਕ ਹੁਕਮਨਾਮੇ ਤੋਂ ਕਰੀਬ ਦੋ ਮਹੀਨਿਆਂ ਬਾਅਦ ਪਾਰਟੀ ਦੇ ਨਵੇਂ ਢਾਂਚੇ ਦੀ ਉਸਾਰੀ ਦੀ ਪ੍ਰਕਿਰਿਆ 'ਤੇ ਨਿਗਰਾਨੀ ਲਈ ਕਾਇਮ ਕੀਤੀ ਸੱਤ ਮੈਂਬਰੀ ਕਮੇਟੀ ਦੀ ਬੀਤੇ ਮੰਗਲਵਾਰ ਨੂੰ ਪਟਿਆਲਾ ਵਿੱਚ ਹੋਈ ਪਲੇਠੀ ਮੀਟਿੰਗ ਅਹਿਮ ਪਹਿਲਕਦਮੀ ਕਰਨ ਵਿੱਚ ਸਫਲ ਰਹੀ ਹੈ। ਇਸ ਉਪਰੰਤ ਮੁੜ ਸਿੱਖ ਸਿਆਸਤ ਵਿਚ ਹਲਚਲ ਸ਼ੁਰੂ ਹੋ ਗਈ ਹੈ। ਇਸ ਮੀਟਿੰਗ ਨੂੰ ਲੈ ਕੇ ਜਿੱਥੇ ਕਈ ਆਗੂ ਇਸ ਨੂੰ ਮੁੜ ਅਕਾਲੀ ਦਲ (ਬ) ਪਾਰਟੀ ਨੂੰ ਲੀਹ 'ਤੇ ਲਿਆਉਣ ਲਈ ਆਸਵੰਦ ਕਦਮ ਦੱਸ ਰਹੇ ਹਨ ਉੱਥੇ ਇਸ ਕਮੇਟੀ ਨੂੰ ਸੁਖਬੀਰ ਸਿੰਘ ਬਾਦਲ ਧੜਾ ਕੀ ਅਹਿਮੀਅਤ ਦਿੰਦਾ ਹੈ ਇਸ 'ਤੇ ਵੀ ਸਭ ਦੀ ਨਜ਼ਰ ਟਿਕ ਗਈ ਹੈ ।

ਯਾਦ ਰਹੇ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਦੀ ਅਗਵਾਈ ਹੇਠ ਕਾਇਮ ਕੀਤੀ ਗਈ ਇਸ ਕਮੇਟੀ ਦੇ ਕਾਰਗਰ ਹੋਣ ਬਾਰੇ ਉਦੋਂ ਸ਼ੰਕੇ ਉੱਭਰਨੇ ਸ਼ੁਰੂ ਹੋ ਗਏ ਸਨ ਜਦੋਂ ਸ਼੍ਰੋਮਣੀ ਅਕਾਲੀ ਦਲ 'ਤੇ ਭਾਰੂ ਲੀਡਰਸ਼ਿਪ ਨੇ ਇਹ ਕਹਿੰਦਿਆਂ ਨਾਂਹ ਨੁੱਕਰ ਕੀਤੀ ਸੀ ਕਿ ਜੇ ਪਾਰਟੀ ਦੀ ਨਵੀਂ ਮੈਂਬਰਸ਼ਿਪ ਮੁਹਿੰਮ ਅਕਾਲ ਤਖ਼ਤ ਦੀ ਥਾਪੀ ਕਮੇਟੀ ਦੀ ਨਿਰਦੇਸ਼ਨਾ ਹੇਠ ਚਲਾਈ ਜਾਂਦੀ ਹੈ ਤਾਂ ਇਸ ਨਾਲ ਪਾਰਟੀ ਦੀ ਚੁਣਾਵੀ ਮਾਨਤਾ ਲਈ ਖ਼ਤਰਾ ਪੈਦਾ ਹੋ ਸਕਦਾ ਹੈ। ਚੋਣ ਕਮਿਸ਼ਨ ਅਕਾਲੀ ਦਲ ਉਪਰ ਪਾਬੰਦੀ ਲਗਾ ਸਕਦਾ ਹੈ।

### ਬਾਦਲ ਦਲ ਦੀ ਤਜ਼ਵੀਜ਼ ਨੂੰ ਜਥੇਦਾਰ ਨੇ ਪ੍ਰਵਾਨਗੀ ਨਾ ਦਿੱਤੀ

ਬੀਤੇ ਦਿਨੀਂ ਸ਼੍ਰੋਮਣੀ ਅਕਾਲੀ ਦਲ (ਬਾਦਲ) ਦੀ ਭਰਤੀ ਲਈ ਨਵੀਂ ਮੈਂਬਰਸ਼ਿਪ ਮੁਹਿੰਮ ਦੀ ਨਿਗਰਾਨੀ ਲਈ ਪੰਜ ਸਿੰਘ ਸਾਹਿਬਾਨ ਵਲੋਂ ਬੀਤੀ 2 ਦਸੰਬਰ ਨੂੰ ਗਠਿਤ ਕੀਤੀ ਗਈ 7 ਮੈਂਬਰੀ ਅਧਿਕਾਰਤ ਕਮੇਟੀ ਦਾ ਅਕਾਲੀ ਦਲ (ਬ) ਦੀ ਵਰਕਿੰਗ ਕਮੇਟੀ ਵਲੋਂ ਵਿਸਥਾਰ ਕਰ ਕੇ ਇਸ ਨੂੰ 7 ਤੋਂ 15 ਮੈਂਬਰੀ ਕਮੇਟੀ ਬਣਾਉਣ ਦੀ ਕੋਸ਼ਿਸ਼ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਵਲੋਂ ਪ੍ਰਵਾਨਗੀ ਦੇਣ ਤੋਂ ਕੋਰੀ ਨਾਂਹ ਕਰ ਦਿੱਤੀ ਸੀ ਭਰੋਸੇਯੋਗ ਸੂਤਰਾਂ ਤ ਅਨੁਸਾਰ ਬੀਤੇ ਦਿਨੀਂ ਸ਼੍ਰੋਮਣੀ ਅਕਾਲੀ ਦਲ (ਬਾਦਲ) ਦੀ ਵਰਕਿੰਗ ਕਮੇਟੀ ਦੀ ਚੰਡੀਗੜ੍ਹ ਵਿਖੇ ਹੋਈ ਵਿਸ਼ੇਸ਼ ਮੀਟਿੰਗ ਵਿਚ ਪੰਜ ਸਿੰਘ ਸਾਹਿਬਾਨ ਵਲੋਂ ਭਰਤੀ ਮੁਹਿੰਮ ਦੀ ਨਿਗਰਾਨੀ ਲਈ ਗਠਿਤ ਕੀਤੀ ਸੱਤ ਮੈਂਬਰੀ ਨਿਗਰਾਨ ਕਮੇਟੀ ਦੇ ਮੁਖੀ ਤੇ ਸ਼੍ਰੋਮਣੀ ਕਮੇਟੀ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਵੀ ਸ਼ਾਮਿਲ ਹੋਏ ਸਨ।

ਇਸ ਮੌਕੇ ਪਿਛਲੇ ਦਿਨੀਂ ਜਥੇਦਾਰ ਗਿਆਨੀ ਰਘਬੀਰ ਸਿੰਘ ਵਲੋਂ ਅਕਾਲੀ ਦਲ ਦੀ ਮੈਂਬਰਸ਼ਿਪ ਮੁਹਿੰਮ ਸੱਤ ਮੈਂਬਰੀ ਕਮੇਟੀ ਦੀ ਨਿਗਰਾਨੀ ਹੇਠ ਹੀ ਕਰਵਾਏ ਜਾਣ ਦੇ ਮੁੜ ਜਾਰੀ ਕੀਤੇ ਆਦੇਸ਼ ਨੂੰ ਮੁੱਖ ਰੱਖਦਿਆਂ ਦਲ ਦੀ ਵਰਕਿੰਗ ਕਮੇਟੀ ਵਲੋਂ ਇਸ ਸੱਤ ਮੈਂਬਰੀ ਕਮੇਟੀ ਵਿਚ ਵਾਧਾ ਕਰਦਿਆਂ ਇਸ ਨੂੰ 15 ਮੈਂਬਰੀ ਕਮੇਟੀ ਬਣਾਉਣ ਲਈ 8 ਹੋਰ ਅਕਾਲੀ ਆਗੂਆਂ ਦੇ ਨਾਂਅ ਸ਼ਾਮਿਲ ਕਰ ਕੇ ਤਜਵੀਜ਼ ਜਥੇਦਾਰ ਸਾਹਿਬ ਨੂੰ ਭੇਜੀ ਗਈ ਸੀ। ਜਾਣਕਾਰੀ ਅਨੁਸਾਰ ਜਦੋਂ ਇਸ ਸੰਬੰਧੀ ਜਥੇਦਾਰ ਗਿਆਨੀ ਰਘਬੀਰ ਸਿੰਘ, ਜੋ ਕਿ ਇੰਨ੍ਹੀਂ ਦਿਨੀਂ ਇੰਗਲੈਂਡ ਦੌਰੇ 'ਤੇ ਹਨ, ਨੂੰ ਕਮੇਟੀ ਮੁਖੀ ਵਲੋਂ ਵਿਸਥਾਰ ਸੰਬੰਧੀ ਜਾਣੂ ਕਰਵਾਇਆ ਗਿਆ ਤਾਂ ਉਨ੍ਹਾਂ ਨੇ ਸਖ਼ਤੀ ਨਾਲ ਇਸ ਕਮੇਟੀ ਦਾ ਵਿਸਥਾਰ ਕਰਨ ਤੋਂ ਮਨ੍ਹਾਂ ਕਰ ਦਿੱਤਾ ।

ਸੂਤਰਾਂ ਅਨੁਸਾਰ ਇਸ ਮੌਕੇ ਵਰਕਿੰਗ ਕਮੇਟੀ ਮੈਂਬਰਾਂ ਨਾਲ ਜਥੇਦਾਰ ਸਾਹਿਬ ਦੀ ਕਾਨਫ਼ਰੰਸ ਕਾਲ ਵੀ ਹੋਈ, ਜਿਸ ਦੌਰਾਨ ਉਨ੍ਹਾਂ ਨੇ ਕਮੇਟੀ ਦੇ ਵਿਸਥਾਰ ਵਿਚ ਸ਼ਾਮਿਲ ਕੀਤੇ ਗਏ ਕੁਝ ਦਾਗ਼ੀ ਤੇ ਹਾਲ ਹੀ ਵਿਚ ਤਨਖ਼ਾਹ ਭੁਗਤ ਚੁੱਕੇ ਮੈਂਬਰਾਂ ਦੇ ਨਾਵਾਂ 'ਤੇ ਵੀ ਸਖ਼ਤ ਇਤਰਾਜ਼ ਪ੍ਰਗਟ ਕਰਦਿਆਂ ਵਾਧੇ ਦੀ ਤਜਵੀਜ਼ ਰੱਦ ਕਰ ਦਿੱਤੀ। ਇਸ ਦੌਰਾਨ ਪੰਥਕ ਹਲਕਿਆਂ ਵਿਚ ਚਰਚਾ ਹੈ ਕਿ ਜੇਕਰ ਸਿੰਘ ਸਾਹਿਬਾਨ ਵਲੋਂ ਬਣਾਈ ਸੱਤ ਮੈਂਬਰੀ ਨਿਗਰਾਨ ਕਮੇਟੀ ਵਿਚ ਵਾਧਾ ਕਰਨ ਦੀ ਲੋੜ ਮਹਿਸੂਸ ਹੁੰਦੀ ਹੈ ਤਾਂ ਇਹ ਵਾਧਾ ਕੇਵਲ ਸ੍ਰੀ ਅਕਾਲ ਤਖ਼ਤ ਸਾਹਿਬ ਵਲੋਂ ਹੀ ਕੀਤਾ ਜਾ ਸਕਦਾ ਹੈ ਤੇ ਅਕਾਲੀ ਦਲ (ਬ) ਦੀ ਵਰਕਿੰਗ ਕਮੇਟੀ ਵਲੋਂ ਨਹੀਂ । ਦੱਸਿਆ ਜਾਂਦਾ ਹੈ ਕਿ ਜਥੇਦਾਰ ਸਾਹਿਬ ਵਲੋਂ ਅਕਾਲੀ ਦਲ ਲੀਡਰਸ਼ਿਪ ਦੁਆਰਾ ਕਮੇਟੀ ਦੇ ਵਿਸਥਾਰ ਦੀ ਘੜੀ ਤਜਵੀਜ਼ ਦਾ ਵਿਰੋਧ ਕੀਤੇ ਜਾਣ ਬਾਅਦ ਫਿਲਹਾਲ ਕਮੇਟੀ ਦਾ ਵਿਸਥਾਰ ਨਹੀਂ ਕੀਤਾ ਜਾ ਸਕਿਆ । ਇਹ ਵੀ ਕਿਹਾ ਜਾ ਰਿਹਾ ਹੈ ਕਿ ਸੱਤ ਮੈਂਬਰੀ ਕਮੇਟੀ ਦੇ ਵਿਸਥਾਰ ਲਈ ਸ਼ਾਮਿਲ ਕੀਤੇ ਜਾ ਰਹੇ ਕਈ ਉਹ ਨਾਂਅ ਵੀ ਸ਼ਾਮਿਲ ਸਨ, ਜੋ ਸਿਧਾਂਤਕ ਤੌਰ 'ਤੇ ਜਾਂ ਤਾਂ ਦਾਗ਼ੀ ਹਨ ਤੇ ਜਾਂ ਉਹ ਅਕਾਲ ਤਖ਼ਤ ਸਾਹਿਬ ਤੋਂ ਹਾਲ ਹੀ 'ਚ ਆਪਣੀਆਂ ਭੁੱਲਾਂ ਗਲਤੀਆਂ ਲਈ ਧਾਰਮਿਕ ਤਨਖ਼ਾਹ ਭੁਗਤ ਚੁੱਕੇ ਹਨ ।

ਦੂਜੇ ਪਾਸੇ ਇਹ ਵੀ ਚਰਚਾ ਹੈ ਕਿ ਸ਼੍ਰੋਮਣੀ ਅਕਾਲੀ ਦਲ (ਬਾਦਲ) ਵਲੋਂ ਪਿਛਲੇ ਦਿਨੀਂ ਅਕਾਲੀ ਦਲ ਨੇ ਵੱਡੇ ਪੱਧਰ 'ਤੇ ਭਰਤੀ ਮੁਹਿੰਮ ਚਲਾ ਕੇ ਲਗਭਗ ਭਰਤੀ ਪ੍ਰਕਿਰਿਆ ਆਪਣੇ ਪੱਧਰ 'ਤੇ ਹੀ ਮੁਕੰਮਲ ਕਰ ਲਈ ਹੈ ਅਤੇ ਹੁਣ ਇਸ ਸੱਤ ਮੈਂਬਰੀ ਕਮੇਟੀ ਵਿਚ ਹੋਰ ਆਪਣੀ ਮਰਜ਼ੀ ਦੇ ਮੈਂਬਰ ਸ਼ਾਮਿਲ ਕਰਕੇ ਕੇਵਲ ਪਹਿਲਾਂ ਤੋਂ ਹੀ ਜਾਰੀ ਭਰਤੀ ਪ੍ਰਕਿਰਿਆ ਨੂੰ ਸਹੀ ਠਹਿਰਾਉਣ ਦਾ ਯਤਨ ਕਰਨ ਦੀ ਕੋਸ਼ਿਸ਼ ਕੀਤੀ ਗਈ ਸੀ, ਜਿਸ ਨੂੰ ਜਥੇਦਾਰ ਸਾਹਿਬ ਵਲੋਂ ਸਖ਼ਤੀ ਨਾਲ ਰੱਦ ਕਰ ਦਿੱਤਾ ਗਿਆ ਹੈ। ਜਾਣਕਾਰ ਸੂਤਰਾਂ ਅਨੁਸਾਰ ਵਰਕਿੰਗ ਕਮੇਟੀ ਦੀ ਮੀਟਿੰਗ ਦੌਰਾਨ ਸੱਤ ਮੈਂਬਰੀ ਕਮੇਟੀ ਦਾ ਵਿਸਥਾਰ ਕਰਦਿਆਂ ਇਸ ਨੂੰ 15 ਮੈਂਬਰੀ ਕਮੇਟੀ ਬਣਾਉਣ ਲਈ ਜਿਹੜੇ ਹੋਰ ਅਕਾਲੀ ਆਗੂਆਂ ਦੇ ਨਾਂਅ ਸ਼ਾਮਿਲ ਕਰਨ ਲਈ ਜੋ ਸੂਚੀ ਤਿਆਰ ਕਰ ਕੇ ਜਥੇਦਾਰ ਸਾਹਿਬ ਨੂੰ ਪ੍ਰਵਾਨਗੀ ਲਈ ਆਨਲਾਈਨ ਭੇਜੀ ਗਈ ਸੀ, ਉਸ ਵਿਚ ਅਕਾਲੀ ਆਗੂ ਡਾ. ਦਲਜੀਤ ਸਿੰਘ ਚੀਮਾ, ਜਥੇਦਾਰ ਸੁੱਚਾ ਸਿੰਘ ਲੰਗਾਹ, ਪਰਮਜੀਤ ਸਿੰਘ ਸਰਨਾ, ਜੋਗਿੰਦਰ ਸਿੰਘ ਜਿੰਦੂ, ਤੀਰਥ ਸਿੰਘ ਮਾਹਲਾ, ਪਰਮਬੰਸ ਸਿੰਘ ਬੰਟੀ ਰੁਮਾਣਾ, ਸਰਬਜੀਤ ਸਿੰਘ ਝਿੰਜਰ ਅਤੇ ਤੇਜਿੰਦਰ ਸਿੰਘ ਮਿੱਡੂ ਖੇੜਾ ਦੇ ਨਾਂਅ ਸ਼ਾਮਿਲ ਦੱਸੇ ਜਾਂਦੇ ਹਨ। ਜਦੋਂ ਕਿ ਇਸ ਤੋਂ ਪਹਿਲਾਂ 2 ਦਸੰਬਰ ਨੂੰ ਪੰਜ ਸਿੰਘ ਸਾਹਿਬਾਨ ਵਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਫ਼ਸੀਲ ਤੋਂ ਦਲ ਦੀ ਭਰਤੀ ਦੀ ਨਿਗਰਾਨੀ ਲਈ ਗਠਿਤ ਕੀਤੀ ਗਈ ਸੱਤ ਮੈਂਬਰੀ ਕਮੇਟੀ ਵਿਚ ਸ਼੍ਰੋਮਣੀ ਕਮੇਟੀ ਪ੍ਰਧਾਨ ਸ. ਹਰਜਿੰਦਰ ਸਿੰਘ ਧਾਮੀ ਤੋਂ ਇਲਾਵਾ ਜਥੇਦਾਰ ਗੁਰਪ੍ਰਤਾਪ ਸਿੰਘ ਵਡਾਲਾ, ਸੰਤਾ ਸਿੰਘ ਉਮੈਦਪੁਰੀ, ਪ੍ਰੋਫ਼ੈਸਰ ਕਿਰਪਾਲ ਸਿੰਘ ਬਡੂੰਗਰ, ਇਕਬਾਲ ਸਿੰਘ ਝੂੰਦਾ, ਮਨਪ੍ਰੀਤ ਸਿੰਘ ਇਆਲੀ ਅਤੇ ਬੀਬੀ ਸਤਵੰਤ ਕੌਰ (ਸਪੁੱਤਰੀ ਸ਼ਹੀਦ ਭਾਈ ਅਮਰੀਕ ਸਿੰਘ) ਦੇ ਨਾਂਅ ਸ਼ਾਮਿਲ ਹਨ। ਸਿੰਘ ਸਾਹਿਬਾਨ ਵਲੋਂ ਇਸ 7 ਮੈਂਬਰੀ ਕਮੇਟੀ ਦੇ ਗਠਨ ਮੌਕੇ ਇਹ ਵੀ ਕਿਹਾ ਗਿਆ ਸੀ ਕਿ 'ਸ਼੍ਰੋਮਣੀ ਅਕਾਲੀ ਦਲ ਦੀ ਲੀਡਰਸ਼ਿਪ ਆਪਣੇ ਇਨ੍ਹਾਂ ਗੁਨਾਹਾਂ ਕਾਰਨ ਸਿੱਖ ਪੰਥ ਦੀ ਰਾਜਸੀ ਅਗਵਾਈ ਕਰਨ ਦਾ ਨੈਤਿਕ ਅਧਿਕਾਰ ਗੁਆ ਚੁੱਕੀ ਹੈ, ਇਸ ਲਈ ਪੰਜ ਸਿੰਘ ਸਾਹਿਬਾਨ ਵਲੋਂ ਇਨ੍ਹਾਂ ਆਗੂਆਂ ਦੀ ਡਿਊਟੀ ਲਗਾਈ ਜਾਂਦੀ ਹੈ ਕਿ ਉਹ ਸ਼੍ਰੋਮਣੀ ਅਕਾਲੀ ਦਲ ਦੀ ਭਰਤੀ ਆਰੰਭ ਕਰਨ, ਭਰਤੀ ਬੋਗਸ ਨਾ ਹੋਵੇ, ਆਧਾਰ ਕਾਰਡ ਦੀ ਕਾਪੀ ਸਹਿਤ ਮੈਂਬਰ ਬਣਾਇਆ ਜਾਵੇ, ਪੁਰਾਣੇ ਡੈਲੀਗੇਟ ਦੇ ਨਾਲ-ਨਾਲ ਨਵੇਂ ਡੈਲੀਗੇਟ ਬਣਾ ਕੇ ਛੇ ਮਹੀਨੇ ਦੇ ਅੰਦਰ-ਅੰਦਰ ਪ੍ਰਧਾਨ ਤੇ ਹੋਰ ਅਹੁਦੇਦਾਰਾਂ ਦੀ ਚੋਣ ਵਿਧਾਨ ਮੁਤਾਬਿਕ ਕਰਨ ।'

ਇਥੇ ਇਹ ਵੀ ਦੱਸਣਯੋਗ ਹੈ ਕਿ ਦੋ ਮਹੀਨੇ ਪਹਿਲਾਂ ਗਠਿਤ ਇਸ ਸੱਤ ਮੈਂਬਰੀ ਕਮੇਟੀ ਦੀ ਕੋਈ ਮੀਟਿੰਗ ਨਹੀਂ ਹੋ ਸਕੀ ਸੀ, ਜਦੋਂਕਿ ਅਕਾਲੀ ਦਲ (ਬਾਦਲ) ਦੀ ਵਰਕਿੰਗ ਕਮੇਟੀ ਵਲੋਂ ਆਪਣੇ ਪੱਧਰ 'ਤੇ ਨਿਗਰਾਨ ਤੇ ਇੰਚਾਰਜ ਨਿਯੁਕਤ ਕਰ ਕੇ 20 ਜਨਵਰੀ ਤੋਂ ਦਲ ਦੀ ਮੈਂਬਰਸ਼ਿਪ ਭਰਤੀ ਪ੍ਰਕਿਰਿਆ ਜ਼ੋਰ-ਸ਼ੋਰ ਨਾਲ ਜਾਰੀ ਹੈ,

ਬਾਕੀ ਹਿਸਾ ਸਫ਼ਾ 4 ਤੇ ਪੜ੍ਹੋ→

### 3 ਸਫ਼ੇ ਦੀ ਬਾਕੀ

ਜਿਸ ਪ੍ਰਤੀ ਜਥੇਦਾਰ ਵਲੋਂ ਕਈ ਵਾਰ ਨਾਖੁਸ਼ੀ ਦਾ ਇਜ਼ਹਾਰ ਕੀਤਾ ਗਿਆ ਸੀ। ਜਥੇਦਾਰ ਅਕਾਲ ਤਖਤ ਸਾਹਿਬ ਨੇ ਕਨੂੰਨੀ ਮਾਹਿਰਾਂ ਤੋਂ ਸਲਾਹ ਲੈਣ ਬਾਅਦ ਕਿਹਾ ਸੀ ਕਿ ਸੱਤ ਮੈਂਬਰੀ ਕਮੇਟੀ ਹੀ ਅਕਾਲੀ ਦਲ ਦੀ ਭਰਤੀ ਤੇ ਨਿਗਰਾਨੀ ਕਰੇਗੀ।

### ਕੀ ਫੈਸਲਾ ਹੋਇਆ 7 ਮੈਂਬਰੀ ਭਰਤੀ ਕਮੇਟੀ ਦੀ ਮੀਟਿੰਗ ਵਿਚ

ਬੀਤੇ ਦਿਨੀਂ ਜਥੇਦਾਰ ਗੁਰਚਰਨ ਸਿੰਘ ਟੌਹੜਾ ਇੰਸਟੀਚਿਊਟ ਆਫ਼ ਸਿੱਖਇਜ਼ਮ ਬਹਾਦਰਗੜ੍ਹ ਵਿਖੇ ਹੋਈ ਇਸ ਮੀਟਿੰਗ ਵਿਚ ਕਮੇਟੀ ਦੇ ਮੈਂਬਰ ਅਤੇ ਪ੍ਰਧਾਨ ਸ਼੍ਰੋਮਣੀ ਕਮੇਟੀ ਐਡਵੋਕੇਟ ਹਰਜਿੰਦਰ ਸਿੰਘ ਧਾਮੀ, ਪ੍ਰੋ. ਕਿਰਪਾਲ ਸਿੰਘ ਬਡੂੰਗਰ, ਸੰਤਾ ਸਿੰਘ ਉਮੈਦਪੁਰੀ, ਇਕਬਾਲ ਸਿੰਘ ਝੂੰਦਾ, ਗੁਰਪ੍ਰਤਾਪ ਸਿੰਘ ਵਡਾਲਾ, ਮਨਪ੍ਰੀਤ ਸਿੰਘ ਇਆਲੀ ਅਤੇ ਬੀਬੀ ਸਤਵੰਤ ਕੌਰ ਸ਼ਾਮਿਲ ਸਨ। ਮੀਟਿੰਗ ਉਪਰੰਤ ਸੰਖੇਪ ਵਿਚ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਪ੍ਰੈੱਸ ਨੂੰ ਮੁਖ਼ਾਤਬ ਹੁੰਦਿਆਂ ਕਿਹਾ ਕਿ ਇਸ ਬੈਠਕ ਵਿਚ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਫ਼ਸੀਲ ਤੋਂ ਜਾਰੀ ਹੁਕਮਨਾਮਿਆਂ ਅਨੁਸਾਰ ਸ਼੍ਰੋਮਣੀ ਅਕਾਲੀ ਦਲ (ਬ) ਦੀ ਨਵੀਂ ਭਰਤੀ ਅਤੇ ਸਾਰੇ ਹੁਕਮਨਾਮਿਆਂ ਸੰਬੰਧੀ ਵਿਸਥਾਰ ਵਿਚ ਵਿਚਾਰ ਵਟਾਂਦਰਾ ਕੀਤਾ ਗਿਆ। ਉਨ੍ਹਾਂ ਕਿਹਾ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਸ਼੍ਰੋਮਣੀ ਅਕਾਲੀ ਦਲ ਦੀ ਭਰਤੀ ਪ੍ਰਕਿਰਿਆ ਆਰੰਭ ਕਰਨ ਲਈ ਇਕ ਥਾਂ 'ਤੇ ਇਕੱਠੇ ਹੋ ਕੇ ਚੱਲਣ ਦਾ ਹੁਕਮ ਹੋਇਆ ਸੀ। ਉਨ੍ਹਾਂ ਸਾਰੇ ਆਗੂਆਂ ਨੂੰ ਸੱਦਾ ਦਿੰਦਿਆਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਦੇ ਸਾਰੇ ਆਗੂ ਇਕ ਥਾਂ 'ਤੇ ਇਕੱਠੇ ਹੋ ਕੇ ਚੱਲਣ ਅਤੇ ਸ੍ਰੀ ਅਕਾਲ ਤਖਤ ਸਾਹਿਬ ਵਲੋਂ ਜਾਰੀ ਹੋਏ ਹੁਕਮਨਾਮੇ ਦੀ ਰੌਸ਼ਨੀ ਵਿਚ ਕੌਮ ਦੀ ਦਿਖ ਨੂੰ ਨਿੱਗਰ ਅਤੇ ਨਰੋਈ ਬਣਾਉਣ। ਉਨ੍ਹਾਂ ਕਿਹਾ ਕਿ ਅਗਲੀ ਮੀਟਿੰਗ 11 ਫਰਵਰੀ ਨੂੰ ਸੱਦੀ ਗਈ ਹੈ ਜਿਸ ਵਿਚ ਅਕਾਲੀ ਦਲ ਬਾਦਲ ਦੇ ਕਾਰਜਕਾਰੀ ਪ੍ਰਧਾਨ ਬਲਵਿੰਦਰ ਸਿੰਘ ਭੂੰਦੜ ਨੂੰ ਸੱਦਾ ਦਿੱਤਾ ਗਿਆ ਹੈ ਜਿਸ ਵਿਚ ਉਹ ਦੱਸਣਗੇ ਕਿ ਅਕਾਲੀ ਦਲ ਬਾਦਲ ਅਕਾਲ ਤਖ਼ਤ ਸਾਹਿਬ ਦੇ ਹੁਕਮਨਾਮੇ ਅਨੁਸਾਰ 7 ਮੈਂਬਰੀ ਕਮੇਟੀ ਅਧੀਨ ਭਰਤੀ ਪ੍ਰਕਿਰਿਆ ਸ਼ੁਰੂ ਕਰਨੀ ਚਾਹੁੰਦੇ ਹਨ ਜਾਂ ਨਹੀਂ।

ਮੀਟਿੰਗ ਉਪਰੰਤ ਹੁਣ ਇਹ ਸਵਾਲ ਉੱਭਰਿਆ ਹੈ ਕਿ ਸ਼੍ਰੋਮਣੀ ਅਕਾਲੀ ਦਲ (ਬ) ਵਲੋਂ ਜੋ ਕਮੇਟੀ ਬਣਾ ਕੇ ਵੱਡੇ ਪੱਧਰ 'ਤੇ ਨਵੀਂ ਮੈਂਬਰਸ਼ਿਪ ਲਈ ਆਪਣੇ ਅਨੁਸਾਰ ਭਰਤੀ ਕੀਤੀ ਹੈ ਉਹ ਹੁਣ ਉਸ ਭਰਤੀ ਨੂੰ ਰੱਦ ਕਰੇਗਾ ਜਾਂ ਨਹੀਂ। ਇਸੇ ਦੌਰਾਨ ਸ਼੍ਰੋਮਣੀ ਅਕਾਲੀ ਦਲ ਨੇ ਪਿਛਲੇ ਮਹੀਨੇ ਸੱਤ ਮੈਂਬਰੀ ਕਮੇਟੀ ਦੇ ਮੈਂਬਰਾਂ ਨੂੰ ਆਪਣੇ ਢੰਗ ਤੇ ਨੀਤੀ ਨਾਲ ਜ਼ਿੰਮੇਵਾਰੀਆਂ ਸੌਂਪ ਕੇ ਨਵੀਂ ਮੈਂਬਰਸ਼ਿਪ ਮੁਹਿੰਮ ਦਾ ਆਗਾਜ਼ ਕਰ ਦਿੱਤਾ ਸੀ ਜੋ 20 ਫ਼ਰਵਰੀ ਨੂੰ ਮੁਕੰਮਲ ਹੋਣੀ ਹੈ। ਹੁਣ ਇਹ ਵੀ ਸਵਾਲ ਬਣ ਗਿਆ ਹੈ ਕਿ ਜੇਕਰ ਅਕਾਲੀ ਦਲ ਬਾਦਲ ਪਹਿਲਾਂ ਕੀਤੀ ਭਰਤੀ ਰੱਦ ਨਹੀਂ ਕਰਦਾ ਤਾਂ ਕੀ ਸੱਤ ਮੈਂਬਰੀ ਕਮੇਟੀ ਨਵੇਂ ਸਿਰੇ ਤੋਂ ਵੱਖਰੇ ਤੌਰ 'ਤੇ ਭਰਤੀ ਕਰੇਗੀ ਜਾਂ ਨਹੀਂ ?

ਪੱਤਰਕਾਰਾ ਵੱਲੋਂ ਧਾਮੀ ਨੂੰ ਸਵਾਲ ਪੁੱਛਿਆ ਕਿ ਅਕਾਲੀ ਦਲ ਦੀ ਚਲ ਰਹੀ ਭਰਤੀ ਚਲਦੀ ਰਹੇਗੀ ਜਾਂ ਰੁਕੇਗੀ ਉਸ 'ਤੇ ਧਾਮੀ ਨੇ ਕੋਈ ਜਵਾਬ ਨਹੀਂ ਦਿੱਤਾ। ਇਸ ਮੌਕੇ ਧਾਮੀ ਨੇ ਸਾਰਿਆ ਨੂੰ ਇਕ ਵਾਰ ਇਕਜੁੱਟ ਹੋਣ ਦਾ ਸੱਦਾ ਦਿਤਾ ਹੈ ਤੇ ਮੀਟਿੰਗ ਵਿਚ ਸਾਰੇ ਮੈਂਬਰਾ ਦਾ ਪਹੁੰਚਣ ਤੇ ਧੰਨਵਾਦ ਵੀ ਕੀਤਾ ਹੈ। ਇਸ ਸੰਬੰਧੀ ਫ਼ੋਨ 'ਤੇ ਗੱਲ ਕਰਦਿਆਂ ਸੁਧਾਰ ਲਹਿਰ ਦੇ ਮੋਹਰੀ ਆਗੂ ਗੁਰਪ੍ਰਤਾਪ ਸਿੰਘ ਵਡਾਲਾ ਨੇ ਕਿਹਾ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਵਲੋਂ ਜਾਰੀ ਹੁਕਮਨਾਮਿਆਂ ਅਨੁਸਾਰ ਅਕਾਲੀ ਦਲ (ਬ) ਦੇ ਸਮੁੱਚੇ ਜਥੇਬੰਦਕ ਢਾਂਚੇ ਨੂੰ ਰੱਦ ਕਰਨ ਅਤੇ ਨਵੇਂ ਸਿਰੇ ਤੋਂ ਮੈਂਬਰਸ਼ਿਪ ਦੀ ਭਰਤੀ ਕਰਨ ਸੰਬੰਧੀ ਮੀਟਿੰਗ ਹੋਈ ਹੈ। ਉਨ੍ਹਾਂ ਕਿਹਾ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਜਾਰੀ ਹੋਏ ਹੁਕਮਨਾਮਿਆਂ ਮੁਤਾਬਿਕ ਅਕਾਲੀ ਦਲ ਬਾਦਲ ਦੇ ਆਗੂਆਂ ਵਲੋਂ ਗੰਭੀਰਤਾ ਨਾਲ ਨਹੀਂ ਸੀ ਲਿਆ ਗਿਆ ਅਤੇ ਵਾਰ-ਵਾਰ ਫ਼ੈਸਲੇ ਬਦਲੇ ਗਏ ਜਿਸ ਕਾਰਨ ਟਕਰਾਅ ਦਾ ਸੰਕਟ ਪੈਦਾ ਹੋ ਗਿਆ ਸੀ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਵਲੋਂ ਪਹਿਲਾਂ ਕੀਤੀ ਭਰਤੀ ਸੱਤ ਮੈਂਬਰੀ ਕਮੇਟੀ ਤੋਂ ਬਿਨਾਂ ਅਰਥਹੀਣ ਹੈ। ਮੀਟਿੰਗ ਤੋਂ ਬਾਅਦ ਕਮੇਟੀ ਮੈਂਬਰ ਤੇ ਦਾਖਾ ਤੋਂ ਵਿਧਾਇਕ ਮਨਪ੍ਰੀਤ ਸਿੰਘ ਇਯਾਲੀ ਨੇ ਇਕ ਨਿੱਜੀ ਚੈਨਲ ਨਾਲ ਗੱਲ ਕਰਦਿਆਂ ਕਿਹਾ ਕਿ ਅਸੀਂ ਅਕਾਲ ਤਖਤ ਸਾਹਿਬ ਦੇ ਹੁਕਮਨਾਮੇ ਮੁਤਾਬਕ ਕੰਮ ਕਰਨ ਲਈ ਤਿਆਰ ਹਾਂ ਤੇ ਹੁਣ ਅਕਾਲੀ ਦਲ ਦੱਸੇ ਕਿ ਕੀ ਉਹ ਅਕਾਲ ਤਖਤ ਦੇ ਹੁਕਮ ਮੁਤਾਬਕ ਭਰਤੀ ਕਰਵਾਉਣਾ ਚਾਹੁੰਦੇ ਹਨ ਕਿ ਨਹੀਂ।

ਇਸ ਸੰਬੰਧੀ ਫ਼ੋਨ 'ਤੇ ਗੱਲ ਕਰਦਿਆਂ ਇਕਬਾਲ ਸਿੰਘ ਝੂੰਦਾਂ ਨੇ ਕਿਹਾ ਕਿ ਇਸ ਮੀਟਿੰਗ ਦੀ ਚਰਚਾ ਅਕਾਲੀ ਦਲ ਨੂੰ ਮਜ਼ਬੂਤ ਕਰਨ ਲਈ ਕੀਤੀ ਗਈ ਹੈ। ਮੀਟਿੰਗ ਵਿਚ ਸਾਰਥਿਕ ਹੱਲ ਨਿਕਲਣ ਦੀ ਆਸ ਬੱਝੀ ਹੈ। ਉਨ੍ਹਾਂ ਪਹਿਲਾਂ ਹੋਈ ਭਰਤੀ ਸੰਬੰਧੀ ਪੁੱਛੇ ਗਏ ਸਵਾਲ ਦੇ ਜਵਾਬ ਵਿਚ ਕਿਹਾ ਕਿ ਇਸ ਸੰਬੰਧੀ ਬਲਵਿੰਦਰ ਸਿੰਘ ਭੂੰਦੜ ਨਾਲ ਵਿਚਾਰ ਵਟਾਂਦਰਾ ਕੀਤਾ ਜਾ ਰਿਹਾ ਹੈ ਅਤੇ ਇਸ ਦਾ ਹੱਲ ਵੀ ਕੱਢਿਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਇਸ ਮੀਟਿੰਗ ਤੋਂ ਇਹ ਲੱਗ ਰਿਹਾ ਹੈ ਕਿ ਜੋ ਅੜਿੱਕਾ ਪੈਦਾ ਹੋਇਆ ਹੈ ਉਹ ਖਤਮ ਜਾਵੇਗਾ ਬਾਕੀ ਮਸਲਿਆਂ ਦੇ ਸਾਰਥਿਕ ਹੱਲ ਜ਼ਰੂਰ ਨਿਕਲਣਗੇ। ਅਕਾਲੀ ਦਲ ਫਿਰ ਪੰਥ ਦਾ ਵਿਸ਼ਵਾਸ ਜਿਤੇਗਾ ਤੇ ਸਿਆਸਤ ਵਿਚ ਜੇਤੂ ਹੋਕੇ ਨਿਕਲੇਗਾ।

## ਦਿੱਲੀ ਦੀ ਅਦਾਲਤ ਵੱਲੋਂ ਲੰਡਨ ਵਾਸੀ ਇੰਦਰਪਾਲ ਸਿੰਘ ਗਾਬਾ ਨੂੰ ਮਿਲੀ ਜ਼ਮਾਨਤ ਉਸ ਉਤੇ ਲੰਡਨ 'ਚ ਭਾਰਤੀ ਹਾਈ ਕਮਿਸ਼ਨ 'ਤੇ ਹਮਲਾ ਕਰਨ ਦੇ ਦੋਸ਼ ਸਨ

ਨਵੀਂ ਦਿੱਲੀ (ਪੰਜਾਬ ਟਾਈਮਜ) - ਲੰਡਨ ਵਾਸੀ ਸਿੱਖ ਨੌਜਵਾਨ ਇੰਦਰਪਾਲ ਸਿੰਘ ਗਾਬਾ ਨੂੰ ਬੀਤੇ ਦਿਨੀਂ ਦਿੱਲੀ ਦੀ ਇੱਕ ਅਦਾਲਤ ਨੇ 2 ਸਾਲ ਦੇ ਲੰਮੇ ਸਮੇਂ ਬਾਅਦ ਜ਼ਮਾਨਤ ਦੇ ਦਿੱਤੀ ਹੈ। ਗਾਬਾ ਨੂੰ ਭਾਰਤ ਜਾਣ ਸਮੇਂ ਇਸ ਲਈ ਗ੍ਰਿਫ਼ਤਾਰ ਕਰ ਲਿਆ ਗਿਆ ਸੀ ਕਿ ਉਸ ਉਤੇ ਕਥਿਤ ਦੋਸ਼ ਲਾਇਆ ਗਿਆ ਸੀ ਕਿ 2023 ਵਿੱਚ ਉਹ ਲੰਡਨ ਵਿਖੇ ਭਾਰਤੀ ਹਾਈ ਕਮਿਸ਼ਨ ਉਤੇ ਹਮਲਾ ਕਰਨ ਦੇ ਮਾਮਲੇ ਵਿੱਚ ਸ਼ਾਮਿਲ ਸੀ। ਮੁੱਖ ਜ਼ਿਲ੍ਹਾ ਤੇ ਸੈਸ਼ਨ ਜੱਜ ਵਿਮਲ ਕੁਮਾਰ ਯਾਦਵ ਨੇ 29 ਜਨਵਰੀ ਨੂੰ ਸੁਣਾਏ ਆਦੇਸ਼ 'ਚ ਕਿਹਾ ਕਿ ਗਾਬਾ ਦੀ ਸ਼ਮੂਲੀਅਤ ਘਟਨਾ ਤੱਕ ਹੀ ਸੀਮਤ ਜਾਪਦੀ ਹੈ। ਆਦੇਸ਼ ਵਿੱਚ ਕਿਹਾ ਗਿਆ ਹੈ ਕਿ ਨੈਸ਼ਨਲ ਇਨਵੈਸਟੀਗੇਸ਼ਨ ਏਜੰਸੀ ਉਕਤ ਘਟਨਾ ਦੇ ਨਾਲ ਉਸ ਦੇ ਸੰਬੰਧਾਂ ਨੂੰ ਸਾਬਿਤ ਕਰਨ ਵਿੱਚ ਨਾਕਾਮ ਰਹੀ ਹੈ। ਅਦਾਲਤ ਨੇ ਕਿਹਾ ਕਿ ਉਹ ਨਾ ਤਾਂ ਘਟਨਾ ਸਥਾਨ 'ਤੇ ਮੌਜੂਦ ਸੀ ਤੇ ਨਾ ਹੀ ਇਸ ਮਾਮਲੇ ਵਿੱਚ ਕਿਸੇ ਤਰ੍ਹਾਂ ਦੇ ਪ੍ਰਦਰਸ਼ਨ ਕਰਨ ਦਾ ਪ੍ਰਬੰਧ ਵਿੱਚ ਸ਼ਾਮਿਲ ਸੀ। ਜੱਜ ਨੇ ਕਿਹਾ ਕਿ ਗਾਬਾ ਨਾ ਤਾਂ ਪ੍ਰਦਰਸ਼ਨ ਅਤੇ ਨਾ ਹੀ ਘਟਨਾ ਦੀ ਸਾਜਿਸ਼ ਰਚਣ ਵਿੱਚ ਸ਼ਾਮਿਲ ਸੀ। ਹਾਲਾਂਕਿ ਅਦਾਲਤ ਨੇ ਇਹ ਪਾਇਆ ਕਿ ਉਸ ਖਿਲਾਫ਼ ਰਾਸ਼ਟਰੀ ਸਨਮਾਨ ਦੇ ਅਪਮਾਨ ਦੇ ਗੰਭੀਰ ਦੋਸ਼ ਹਨ, ਪਰ ਗਾਬਾ ਹਿੰਸਾ ਦਾ ਦੋਸ਼ੀ ਨਹੀਂ ਹੈ।

## ਅਮਰੀਕਾ ਤੋਂ ਵਾਪਸ ਭੇਜੇ ਪੰਜਾਬੀਆਂ ਦੀ ਸੂਚੀ ਆਈ ਸਾਹਮਣੇ, ਸਭ ਤੋਂ ਵੱਧ ਕਪੂਰਥਲਾ ਦੇ ਨੌਜਵਾਨ ਸ਼ਾਮਲ

ਅੰਮ੍ਰਿਤਸਰ-ਅਕਸਰ ਜਦੋਂ ਵਿਦੇਸ਼ ਜਾਣ ਵਾਲੇ ਲੋਕਾਂ ਦੀ ਗੱਲ ਆਉਂਦੀ ਹੈ ਤਾਂ ਪੰਜਾਬੀਆਂ ਦਾ ਨਾਮ ਸਭ ਤੋਂ ਪਹਿਲਾਂ ਆਉਂਦਾ ਹੈ। ਲੋਕ ਖੁਦ ਨੂੰ NRI ਅਖਵਾਉਣ ਵਿੱਚ ਫ਼ਖਰ ਮਹਿਸੂਸ ਕਰਦੇ ਹਨ। ਪਰ ਕਈ ਅਜਿਹੇ ਲੋਕ ਵੀ ਹੁੰਦੇ ਹਨ ਜੋ ਵਿਦੇਸ਼ ਜਾਣ ਦੀ ਲਾਲਸਾ ਵਿੱਚ ਇਹ ਭੁੱਲ ਜਾਂਦੇ ਹਨ ਕਿ ਉਹ ਵਿਦੇਸ਼ ਤਾਂ ਜਾ ਰਹੇ ਹਨ। ਪਰ ਉਹਨਾਂ ਦਾ ਵਿਦੇਸ਼ ਜਾਣ ਦਾ ਤਰੀਕਾ ਸਹੀ ਹੈ ਜਾਂ ਨਹੀਂ। ਕਈ ਲੋਕ ਮਜ਼ਬੂਰੀ ਵਿੱਚ ਜਾਂਦੇ ਹਨ ਪਰ ਕਈ ਇਹਨਾਂ ਸਭ ਚੀਜ਼ਾਂ ਦੀ ਪ੍ਰਵਾਹ ਨਹੀਂ ਕਰਦੇ।ਬੀਤੇ ਦਿਨ ਅਮਰੀਕਾ ਤੋਂ ਇਕ ਫ਼ੌਜੀ ਜਹਾਜ਼ ਨੇ ਉਡਾਣ ਭਰੀ। ਜਿਸ ਵਿਚ 104 ਉਹ ਭਾਰਤੀ ਸਨ ਜਿਨ੍ਹਾਂ ਨੂੰ ਅਮਰੀਕਾ ਨੇ ਆਪਣੇ ਦੇਸ਼ ਵਿਚੋਂ ਕੱਢ ਦਿੱਤਾ ਹੈ।

ਇਹ ਜਹਾਜ਼ ਇਨ੍ਹਾਂ ਗ਼ੈਰ ਕਾਨੂੰਨੀ ਪ੍ਰਵਾਸੀਆਂ ਨੂੰ ਲੈ ਕੇ ਕਰੀਬ ਦੁਪਹਿਰ 1 ਵਜੇ ਸ੍ਰੀ ਗੁਰੂ ਰਾਮਦਾਸ ਏਅਰਪੋਰਟ ਰਾਜਾਸਾਂਸੀ ਅੰਮ੍ਰਿਤਸਰ ਉਤਰਿਆ। ਇਨ੍ਹਾਂ 205 ਮੁਸਾਫ਼ਿਰਾਂ ਵਿਚ 30 ਪੰਜਾਬੀ ਨੌਜਵਾਨ ਵੀ ਸ਼ਾਮਲ ਹਨ। ਜਿਨ੍ਹਾਂ ਦੀ ਅਧਿਕਾਰਤ ਸੂਚੀ ਸਾਹਮਣੇ ਆ ਚੁੱਕੀ ਹੈ। ਇਸ ਸੂਚੀ ਵਿਚ ਸਭ ਤੋਂ ਵੱਧ ਕਪੂਰਥਲਾ ਦੇ 6 ਨੌਜਵਾਨ ਸ਼ਾਮਲ ਹਨ। ਇਸ ਤੋਂ ਇਲਾਵਾ ਤਕਰੀਬਨ ਸਾਰੇ ਜ਼ਿਲ੍ਹਿਆਂ ਨਾਲ ਸਬੰਧਤ ਨੌਜਵਾਨਾਂ ਦੇ ਨਾਂ ਇਸ ਸੂਚੀ ਵਿਚ ਦਰਜ ਹਨ। ਡਿਪੋਰਟ ਕੀਤੇ ਪੰਜਾਬੀਆਂ ਦੀ ਸੂਚੀ ਹੇਠ ਲਿਖੇ ਅਨੁਸਾਰ ਹੈ।

| ਜ਼ਿਲ੍ਹਾ | ਗਿਣਤੀ |
|---|---|
| ਕਪੂਰਥਲਾ | 6 |
| ਅੰਮ੍ਰਿਤਸਰ | 5 |
| ਜਲੰਧਰ | 4 |
| ਪਟਿਆਲਾ | 4 |
| ਹੁਸ਼ਿਆਰਪੁਰ | 2 |
| ਲੁਧਿਆਣਾ | 2 |
| ਨਵਾਂਸ਼ਹਿਰ | 2 |
| ਗੁਰਦਾਸਪੁਰ | 1 |
| ਤਰਨਤਾਰਨ | 1 |
| ਸੰਗਰੂਰ | 1 |
| ਮੁਹਾਲੀ | 1 |
| ਫ਼ਤਿਗਗੜ੍ਹ ਸਾਹਿਬ | 1 |
| ਕੁੱਲ | 30 |

## ਸ਼੍ਰੋਮਣੀ ਕਮੇਟੀ ਦੀਆਂ ਘਟ ਵੋਟਾਂ ਬਣੀਆਂ ਸਮਾਂ, ਹੋਰ ਦਿਤਾ ਜਾਵੇ

### ✪ ਖਡੂਰ ਸਾਹਿਬ ਤੋਂ ਸੰਸਦ ਮੈਂਬਰ ਅੰਮ੍ਰਿਤਪਾਲ ਦੇ ਪਿਤਾ ਵੱਲੋਂ ਗੁਰਦੁਆਰਾ ਚੋਣ ਕਮਿਸ਼ਨ ਨਾਲ ਮੁਲਾਕਾਤ



ਚੰਡੀਗੜ੍ਹ- ਸੰਸਦ ਮੈਂਬਰ ਅੰਮ੍ਰਿਤਪਾਲ ਸਿੰਘ ਦੇ ਪਿਤਾ ਤਰਸੇਮ ਸਿੰਘ ਨੇ ਚੰਡੀਗੜ੍ਹ ਵਿਚ ਗੁਰਦੁਆਰਾ ਚੋਣ ਕਮਿਸ਼ਨ ਦੇ ਚੀਫ ਕਮਿਸ਼ਨਰ ਜਸਟਿਸ ਸੁਰਿੰਦਰ ਸਿੰਘ ਸਾਰੋਂ ਨਾਲ ਮੁਲਾਕਾਤ ਕੀਤੀ। ਵਫ਼ਦ ਨਾਲ ਪੁੱਜੇ ਤਰਸੇਮ ਸਿੰਘ ਨੇ ਮੁੱਖ ਕਮਿਸ਼ਨਰ ਨਾਲ ਨਵੀਆਂ ਵੋਟਾਂ ਬਣਾਉਣ ਦੇ ਮਾਮਲੇ 'ਤੇ ਚਰਚਾ ਕੀਤੀ। ਖਡੂਰ ਸਾਹਿਬ ਤੋਂ ਸੰਸਦ ਮੈਂਬਰ ਅਮ੍ਰਿਤਪਾਲ ਸਿੰਘ ਐੱਨਐੱਸਏ ਤਹਿਤ ਇਸ ਵੇਲੇ ਅਸਾਮ ਦੀ ਡਿਬਰੂਗੜ੍ਹ ਜੇਲ੍ਹ ਵਿਚ ਬੰਦ ਹੈ। ਅਕਾਲੀ ਦਲ (ਵਾਰਿਸ ਪੰਜਾਬ ਦੇ) ਵੱਲੋਂ ਤਰਸੇਮ ਸਿੰਘ ਤੇ ਸੀਨੀਅਰ ਆਗੂ ਭਾਈ ਸਰਵਣ ਸਿੰਘ ਅਗਵਾਨ ਦੀ ਅਗਵਾਈ ਵਿੱਚ ਇੱਕ ਵਫਦ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਦੇ ਸਬੰਧ ਵਿੱਚ ਜਸਟਿਸ ਸੁਰਿੰਦਰ ਸਿੰਘ ਸਾਰੋਂ ਨੂੰ ਮਿਲਿਆ। ਵਫ਼ਦ ਨੇ ਕਿਹਾ ਕਿ ਜ਼ਿਲ੍ਹਾ ਪੱਧਰ 'ਤੇ ਵੋਟਾਂ ਬਣਾਉਣ ਲਈ ਜਿਸ ਰਫ਼ਤਾਰ ਨਾਲ ਕੰਮ ਹੋਣਾ ਚਾਹੀਦਾ ਸੀ ਉਹ ਨਹੀਂ ਹੋ ਰਿਹਾ। ਨੌਜਵਾਨਾਂ ਦੀਆਂ ਵੋਟਾਂ ਬਣਾਉਣ ਤੋਂ ਟਾਲਾ ਵੱਟਿਆ ਜਾ ਰਿਹਾ ਹੈ। ਸਿੱਖ ਵਸੋਂ ਦੀ ਗਿਣਤੀ ਦੇ ਪੱਖੋਂ ਜੇ ਦੇਖਿਆ ਜਾਏ ਤਾਂ ਬਣ ਚੁਕੀਆਂ ਵੋਟਾਂ ਦੀ ਗਿਣਤੀ ਅਜੇ ਵੀ ਬਹੁਤ ਘੱਟ ਹੈ। ਉਨ੍ਹਾਂ ਮੰਗ ਕੀਤੀ ਕਿ ਪੰਜਾਬ ਸਰਕਾਰ ਨੂੰ ਜ਼ਿਲ੍ਹਾ ਪ੍ਰਸ਼ਾਸਨ ਨੂੰ ਸਪੈਸ਼ਲ ਆਦੇਸ਼ ਦਿੰਦੇ ਹੋਏ ਇਸ ਸਬੰਧੀ ਵੋਟਾਂ ਬਣਾਉਣ ਲਈ ਵਿਸ਼ੇਸ਼ ਮੁਹਿੰਮ ਚਲਾਉਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਸੰਗਤ ਨੂੰ ਹੁਣ ਤੋਂ ਹੀ ਆਪੋ ਆਪਣੇ ਹਲਕਿਆਂ ਵਿੱਚ ਸ਼੍ਰੋਮਣੀ ਕਮੇਟੀ ਚੋਣਾਂ ਲਈ ਧਰਮ ਪਰਪੱਕ ਨੌਜਵਾਨਾਂ ਦੀ ਚੋਣ ਕਰਕੇ ਇੱਕ ਉਮੀਦਵਾਰ 'ਤੇ ਹੀ ਸਰਬਸੰਮਤੀ ਬਣਾਉਣੀ ਚਾਹੀਦੀ ਹੈ।

# ਅੰਮ੍ਰਿਤਸਰ ਵਿਚ ਹੋਇਆ ਪੁਲਿਸ ਚੌਕੀ ’ਤੇ ਗ੍ਰਨੇਡ ਹਮਲਾ

## ✪ ਪੁਲਿਸ ਅਜਿਹੇ ਧਮਾਕਿਆਂ ਨੂੰ ਲੁਕਾਉਣ ਲੱਗੀ




ਅੰਮ੍ਰਿਤਸਰ-ਕੁਝ ਦਿਨ ਪਹਿਲਾਂ ਰਾਤ ਦੌਰਾਨ ਪੁਲਿਸ ਚੌਕੀ ਫਤਿਹਗੜ੍ਹ ਚੂੜੀਆਂ ਰੋਡ ਨੰਗਲੀ ਦੇ ਬਾਹਰ ਇੱਕ ਜ਼ੋਰਦਾਰ ਧਮਾਕਾ ਹੋਇਆ। ਇਹ ਧਮਾਕਾ ਇਲਾਕੇ ਵਿੱਚ ਦੂਰ ਦੂਰ ਤੱਕ ਸੁਣਿਆ ਗਿਆ ਜਿਸ ਨਾਲ ਇਲਾਕੇ ਵਿੱਚ ਦਹਿਸ਼ਤ ਦਾ ਮਾਹੌਲ ਬਣ ਗਿਆ। ਧਮਾਕੇ ਵਾਲੀ ਥਾਂ ਤੋਂ ਕੁਝ ਹੀ ਦੂਰੀ ’ਤੇ ਪੁਲਿਸ ਵੱਲੋਂ ਚੈਕਿੰਗ ਦਾ ਨਾਕਾ ਵੀ ਲਗਾਇਆ ਗਿਆ ਸੀ। ਮੌਕੇ ’ਤੇ ਪਹੁੰਚੇ ਪੁਲਿਸ ਕਮਿਸ਼ਨਰ ਗੁਰਪ੍ਰੀਤ ਸਿੰਘ ਭੁੱਲਰ ਨੇ ਕਿਹਾ ਕਿ ਹੋਏ ਧਮਾਕੇ ਦੀ ਪੂਰੀ ਜਾਂਚ ਕੀਤੀ ਜਾ ਰਹੀ ਹੈ ਇਸ ਨੂੰ ਗ੍ਰਨੇਡ ਦਾ ਧਮਾਕਾ ਨਹੀਂ ਕਿਹਾ ਜਾ ਸਕਦਾ। ਉਹਨਾਂ ਅੱਗੇ ਕਿਹਾ ਕਿ ਇਸ ਦਾ ਪ੍ਰਭਾਵ ਬਹੁਤ ਘੱਟ ਸੀ ਅਤੇ ਮੱਢਲੇ ਤੌਰ ‘ਤੇ ਧਮਾਕੇ ਦਾ ਕੋਈ ਸੰਕੇਤ ਨਹੀਂ ਲੱਗਦਾ ਹੈ। ਉਨ੍ਹਾਂ ਅੱਗੇ ਕਿਹਾ ਕਿ ਹਾਲਾਂਕਿ, ਅਸੀਂ ਇਸ ਆਵਾਜ਼ ਦੇ ਕਾਰਨਾਂ ਦਾ ਪਤਾ ਲਗਾਉਣ ਲਈ ਸਾਰੇ ਪਹਿਲੂਆਂ ਤੋਂ ਮਾਮਲੇ ਦੀ ਜਾਂਚ ਕਰ ਰਹੇ ਹਾਂ।




ਉਨ੍ਹਾਂ ਕਿਹਾ ਕਿ ਫਿਰ ਵੀ ਫਰੈਂਸਿਕ ਟੀਮ ਧਮਾਕੇ ਦੀ ਜਾਂਚ ਕਰ ਰਹੀ ਹੈ ਜੋ ਵੀ ਤੱਥ ਸਾਹਮਣੇ ਆਉਣਗੇ ਉਹ ਦੱਸ ਦਿੱਤਾ ਜਾਵੇਗਾ। ਪੁਲਿਸ ਕਮਿਸ਼ਨਰ ਗੁਰਪ੍ਰੀਤ ਭੁੱਲਰ ਵੱਲੋਂ ਇਹ ਵੀ ਕਿਹਾ ਗਿਆ ਕਿ ਇਹ ਪੁਲਿਸ ਚੌਕੀ ਪਿਛਲੇ ਸਮੇਂ ਵਿਚ ਬੰਦ ਕਰ ਦਿੱਤੀ ਗਈ ਸੀ

ਇੱਥੇ ਇਹ ਵੀ ਦੱਸਣਯੋਗ ਹੈ ਕਿ ਇਸ ਤੋਂ ਪਹਿਲਾਂ ਵੀ ਅੰਮ੍ਰਿਤਸਰ ਵਿਖੇ ਸਥਿਤ ਵੱਖ ਵੱਖ ਚੌਕੀਆਂ ਅਤੇ ਥਾਣਿਆਂ ਵਿੱਚ ਧਮਾਕੇ ਹੋਏ ਹਨ ਜਿਸ ਨੂੰ ਗ੍ਰਨੇਡ ਜਾਂ ਹੈਂਡਗਰੇਡ ਦਾ ਧਮਾਕਾ ਨਾ ਦੱਸਦੇ ਹੋਏ ਪੁਲਿਸ ਹਮੇਸ਼ਾ ਹੀ ਧਮਾਕੇ ਦਾ ਕੋਈ ਹੋਰ ਕਾਰਨ ਦੱਸ ਕੇ ਪਰਦਾ ਪਾਉਣ ਦੀ ਕੋਸ਼ਿਸ਼ ਕਰਦੀ ਰਹੀ ਹੈ ਜਿਸ ਤੋਂ ਬਾਅਦ ਪੁਲਿਸ ਧਮਾਕੇ ਨਾਲ ਸੰਬੰਧਿਤ ਮੁਲਜਮਾਂ ਨੂੰ ਫੜ ਕੇ ਹੈੱਡ ਗਰਨੇਡ ਦਾ ਧਮਾਕਾ ਦੱਸਦੇ ਹੋਏ ਵਿਦੇਸ਼ ’ਚ ਬੈਠੇ ਹਿੰਸਕ ਗਤੀਵਿਧੀਆਂ ਨੂੰ ਅੰਜਾਮ ਦੇਣ ਵਾਲਿਆਂ ਨਾਲ ਜੋੜਦੀ ਰਹੀ ਹੈ।

ਦੂਸਰੇ ਪਾਸੇ ਘਟਨਾ ਵਾਲੀ ਥਾਂ ਤੇ ਗ੍ਰਨੇਡ ਦਾ ਕਲਿਪ ਮਿਲਿਆ ਹੈ। ਪੁਲਿਸ ਵੱਲੋਂ ਭਾਵੇਂ ਇਸ ਨੂੰ ਗ੍ਰਨੇਡ ਹਮਲਾ ਨਾ ਦੱਸਦੇ ਹੋਏ ਕੁਝ ਹੋਰ ਧਮਾਕਾ ਦੱਸਿਆ ਜਾ ਰਿਹਾ ਹੈ ਪਰ ਫਿਰ ਵੀ ਆਉਣ ਵਾਲੇ ਦਿਨਾਂ ਵਿੱਚ ਪੁਲਿਸ ਵੱਲੋਂ ਇਸ ਨੂੰ ਗ੍ਰਨੇਡ ਹਮਲਾ ਪਹਿਲਾਂ ਵਾਂਗ ਸਾਬਤ ਕੀਤਾ ਜਾ ਸਕਦਾ ਹੈ।

ਉੱਧਰ, ਧਮਾਕੇ ਤੋਂ ਬਾਅਦ ਸੀਨੀਅਰ ਅਕਾਲੀ ਆਗੂ ਬਿਕਰਮ ਸਿੰਘ ਮਜੀਠੀਆ ਵੱਲੋਂ ਵੀ ਸਰਕਾਰ ਤੇ ਕਈ ਤਰ੍ਹਾਂ ਦੇ ਸਵਾਲੀਆ ਚਿੰਨ ਲਗਾਏ ਗਏ ਹਨ। ਉਨ੍ਹਾਂ ਕਿਹਾ ਕਿ ਇੰਡੋ ਪਾਕਿ ਬਾਰਡਰ ਇਲਾਕੇ ’ਚ ਲਾਅ ਐਂਡ ਆਰਡਰ ਦੀ ਸਥਿਤੀ ਬਦ ਤੋਂ ਬਦਤਰ ਹੈ। ਪੁਲਿਸ ਇਸ ਮਾਮਲੇ ’ਤੇ ਜਵਾਬ ਦੇਣ ਤੋਂ ਅਸਮਰੱਥ ਹੈ। ਪਿਛਲੇ ਦੋ ਮਹੀਨਿਆਂ ’ਚ 12 ਤੋਂ ਜ਼ਿਆਦਾ ਗ੍ਰਨੇਡ ਹਮਲੇ ਹੋਣੇ ਪੰਜਾਬ ਦੀ ਲਾਅ ਐਂਡ ਆਰਡ ਦੀ ਸਥਿਤੀ ਬਿਆਨ ਕਰਦੀ ਹੈ। ਉਨ੍ਹਾਂ ਖਦਸ਼ਾ ਪ੍ਰਗਟਾਇਆ ਕਿ ਪੰਜਾਬ ਸਰਹੱਦੀ ਸੂਬਾ ਹੈ ਅਤੇ ਸਰਹੱਦੀ ਇਲਾਕਿਆਂ ਵਿੱਚ ਅਜਿਹੇ ਗਰਨੇਡ ਧਮਾਕੇ ਪੰਜਾਬ ਨੂੰ ਮੁੜ ਕਾਲੇ ਦੌਰ ਵੱਲ ਨਾ ਲੈ ਜਾਣ। ਉਨ੍ਹਾਂ ਮੁੱਖ ਮੰਤਰੀ ਭਗਵੰਤ ਮਾਨ ਨੂੰ ਕਿਹਾ ਕਿ ਜੇ ਹਾਲਾਤ ਸੁਧਾਰ ਨਹੀਂ ਸਕਦੇ ਤਾਂ ਅਸਤੀਫਾ ਦਿਓ।

### ‘ਪੰਜਾਬ ਵਿਚ ਬੰਬ ਧਮਾਕਿਆਂ ਪਿੱਛੇ ਪਾਕਿਸਤਾਨ ਦਾ ਹੱਥ’, ਪੁਲਿਸ ਡੀਜੀਪੀ ਯਾਦਵ

ਸਰਹੱਦੀ ਇਲਾਕਿਆਂ ’ਚ ਬੰਦ ਪੁਲਿਸ ਚੌਕੀਆਂ ’ਤੇ ਗ੍ਰਨੇਡ ਹਮਲਿਆਂ ਪਿੱਛੇ ਪਾਕਿਸਤਾਨ ਦੀ ਖੁਫੀਆ ਏਜੰਸੀ ਆਈਐੱਸਆਈ ਦਾ ਹੱਥ ਹੈ। ਪੰਜਾਬ ਦੇ ਡੀਜੀਪੀ ਗੌਰਵ ਯਾਦਵ ਨੇ ਇਹ ਖੁਲਾਸਾ ਕੀਤਾ ਹੈ। ਉਨ੍ਹਾਂ ਕਿਹਾ ਕਿ ਆਈਐੱਸਆਈ ਪੰਜਾਬ ਦੀ ਸ਼ਾਂਤੀ ਭੰਗ ਕਰਨਾ ਚਾਹੁੰਦੀ ਹੈ। ਇਸ ਲਈ ਇੱਥੇ ਇਹ ਪ੍ਰਭਾਵ ਬਣਾਇਆ ਜਾ ਰਿਹਾ ਹੈ ਕਿ ਪੰਜਾਬ ਸੁਰੱਖਿਅਤ ਨਹੀਂ ਹੈ। ਡੀਜੀਪੀ ਨੇ ਬੰਦ ਪੁਲਿਸ ਚੌਕੀਆਂ ’ਤੇ ਬੰਬ ਸੁੱਟ ਕੇ ਦਹਿਸ਼ਤ ਫੈਲਾਉਣ ਵਾਲਿਆਂ ਨੂੰ ਕਾਇਰ ਦੱਸਿਆ। ਉਸਨੇ ਕਿਹਾ ’ਇਹ ਕਾਇਰਤਾ ਹੈ।’ ਜੇਕਰ ਉਨ੍ਹਾਂ ’ਚ ਹਿੰਮਤ ਹੈ ਤਾਂ ਉਨ੍ਹਾਂ ਨੂੰ ਸਾਹਮਣੇ ਆ ਕੇ ਕੁਝ ਕਰਨ।

## ਵੱਡੀ ਵਾਰਦਾਤ ਵਾਪਰੀ ਤਾਂ ਪੁਲਸ ਅਧਿਕਾਰੀਆਂ ਜ਼ਿੰਮੇਵਾਰ ਹੋਣਗੇ: ਭਗਵੰਤ ਮਾਨ



ਚੰਡੀਗੜ੍ਹ-ਸੂਬੇ ਵਿੱਚ ਅਪਰਾਧ ਨੂੰ ਨੱਥ ਪਾਉਣ ਲਈ ਸੂਬਾ ਸਰਕਾਰ ਦੀ ਦ੍ਰਿੜ੍ਹ ਵਚਨਬੱਧਤਾ ਨੂੰ ਦੁਹਰਾਉਂਦਿਆਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਜਿਹੜੇ ਵੀ ਇਲਾਕੇ ਵਿੱਚ ਕੋਈ ਵੱਡੀ ਵਾਰਦਾਤ ਵਾਪਰਦੀ ਹੈ ਤਾਂ ਉਸ ਇਲਾਕੇ ਦੇ ਸੰਬੰਧਤ ਪੁਲਸ ਅਫਸਰਾਂ ਦੀ ਜ਼ਿੰਮੇਵਾਰੀ ਤੈਅ ਕੀਤੀ ਜਾਵੇਗੀ। ਪੁਲਸ ਕਮਿਸ਼ਨਰਾਂ ਅਤੇ ਐੱਸ ਐੱਸ ਪੀਜ਼ ਨਾਲ ਮੀਟਿੰਗ ਦੌਰਾਨ ਮੁੱਖ ਮੰਤਰੀ ਨੇ ਕਿਹਾ ਕਿ ਸੂਬੇ ਵਿੱਚ ਅਪਰਾਧ ਨੂੰ ਠੱਲ੍ਹ ਪਾਉਣ ਲਈ ਅਸਰਦਾਰ ਪੁਲਿਸਿੰਗ ਹੋਣੀ ਚਾਹੀਦੀ ਹੈ। ਲੋਕਾਂ ਨੂੰ ਇਨਸਾਫ ਮਿਲਣਾ ਚਾਹੀਦਾ ਹੈ ਅਤੇ ਸੂਬੇ ਵਿੱਚ ਫਿਰਕੂ ਸਦਭਾਵਨਾ, ਅਮਨ-ਸ਼ਾਂਤੀ ਅਤੇ ਭਾਈਚਾਰਕ ਸਾਂਝ ਦੀਆਂ ਤੰਦਾਂ ਨੂੰ ਮਜ਼ਬੂਤ ਰੱਖਣਾ ਚਾਹੀਦਾ ਹੈ। ਸੂਬੇ ਵਿੱਚ ਨਸ਼ਿਆਂ ਦੀ ਸਪਲਾਈ ਲਾਈਨ ਨੂੰ ਹੋਰ ਸਖ਼ਤੀ ਨਾਲ ਤੋੜਿਆ ਜਾਣਾ ਚਾਹੀਦਾ ਹੈ। ਨਸ਼ਿਆਂ ਦੇ ਖ਼ਤਰੇ ਵਿਰੁੱਧ ਕਿਸੇ ਤਰ੍ਹਾਂ ਦਾ ਲਿਹਾਜ਼ ਨਾ ਵਰਤਣ ਦੀ ਨੀਤੀ ਅਪਣਾਈ ਜਾਣੀ ਚਾਹੀਦੀ ਹੈ ਅਤੇ ਇਸ ਘਿਨਾਉਣੇ ਅਪਰਾਧ ਵਿੱਚ ਸ਼ਾਮਲ ਕਿਸੇ ਵੀ ਵਿਅਕਤੀ ਨੂੰ ਬਖਸ਼ਿਆ ਨਹੀਂ ਜਾਣਾ ਚਾਹੀਦਾ। ਗੈਂਗਸਟਰਾਂ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਣੀ ਚਾਹੀਦੀ ਹੈ। ਉਨ੍ਹਾਂ ਅਧਿਕਾਰੀਆਂ ਨੂੰ ਕਿਹਾ ਕਿ ਸੂਬੇ ਵਿੱਚ ਛੋਟੇ-ਮੋਟੇ ਅਪਰਾਧਾਂ ਨੂੰ ਰੋਕਣ ਲਈ ਪੂਰਾ ਖਾਕਾ ਤਿਆਰ ਕੀਤਾ ਜਾਵੇ।

## ਡੀ.ਜੀ.ਪੀ. ਪ੍ਰਬੋਧ ਲਾਰੈਂਸ ਬਿਸ਼ਨੋਈ ਇੰਟਰਵਿਊ ਮਾਮਲੇ ਦੀ ਜਾਂਚ ਹੀ ਕਰਨਗੇ-ਹਾਈ ਕੋਰਟ ਨੇ ਦਿੱਤੇ



ਚੰਡੀਗੜ੍ਹ-ਗੈਂਗਸਟਰ ਲਾਰੈਂਸ ਬਿਸ਼ਨੋਈ ਦੇ ਖਰੜ ਪੁਲਿਸ ਹਿਰਾਸਤ ਵਿਚ ਇੰਟਰਵਿਊ ਮਾਮਲੇ ਵਿਚ ਮੁਲਜ਼ਮ ਪੁਲਿਸ ਅਧਿਕਾਰੀਆਂ ਖਿਲਾਫ ਜਾਂਚ ਕਰ ਰਹੀ ਐਸ.ਆਈ.ਟੀ. ਦੇ ਮੁਖੀ ਡੀ.ਜੀ.ਪੀ. ਪ੍ਰਬੋਧ ਕੁਮਾਰ ਸੇਵਾਮੁਕਤ ਹੋਣ ਦੇ ਬਾਵਜੂਦ ਜਾਂਚ ਜਾਰੀ ਰੱਖਣਗੇ। ਪੰਜਾਬ-ਹਰਿਆਣਾ ਹਾਈ ਕੋਰਟ ਨੇ ਉਨ੍ਹਾਂ ਨੂੰ ਸੁਰੱਖਿਆ, ਸਟਾਫ਼ ਅਤੇ 1.5 ਲੱਖ ਰੁਪਏ ਪ੍ਰਤੀ ਮਹੀਨਾ ਦੇਣ ਦੇ ਪੰਜਾਬ ਸਰਕਾਰ ਨੂੰ ਹੁਕਮ ਦਿੱਤੇ ਹਨ। ਹਾਈ ਕੋਰਟ ਨੇ ਜੇਲ੍ਹ ਵਿਚ ਸੁਰੱਖਿਆ ਪ੍ਰਬੰਧਾਂ ਦਾ ਖੁਦ ਨੋਟਿਸ ਲੈਂਦਿਆਂ ਸੁਣਵਾਈ ਸ਼ੁਰੂ ਕੀਤੀ ਸੀ। ਇਸੇ ਦੌਰਾਨ ਲਾਰੈਂਸ ਬਿਸ਼ਨੋਈ ਦੀ ਇੰਟਰਵਿਊ ਦੀ ਖ਼ਬਰ ਸਾਹਮਣੇ ਆਈ ਸੀ।

ਹਾਈ ਕੋਰਟ ਨੇ ਪੰਜਾਬ ਸਰਕਾਰ ਨੂੰ ਐਸ. ਆਈ. ਟੀ. ਬਣਾ ਕੇ ਜਾਂਚ ਕਰਨ ਦੇ ਹੁਕਮ ਦਿੱਤੇ ਸਨ। ਐਸ.ਆਈ.ਟੀ. ਦੀ ਜਾਂਚ ਬੇ-ਨਤੀਜਾ ਰਹੀ ਸੀ, ਜਿਸ ਤੋਂ ਬਾਅਦ ਹਾਈ ਕੋਰਟ ਦੇ ਹੁਕਮਾਂ ’ਤੇ ਡੀ.ਜੀ.ਪੀ. ਪ੍ਰਬੋਧ ਕੁਮਾਰ ਦੀ ਪ੍ਰਧਾਨਗੀ ਹੇਠ ਐਸ.ਆਈ.ਟੀ. ਦਾ ਗਠਨ ਕੀਤਾ ਗਿਆ ਸੀ। ਐਸ.ਆਈ.ਟੀ. ਨੇ ਦੱਸਿਆ ਸੀ ਕਿ ਇੰਟਰਵਿਊ ਖਰੜ ਦੇ ਸੀ.ਆਈ.ਏ. ਥਾਣੇ ਵਿਚ ਹੋਈ ਸੀ। ਇਸ ਤੋਂ ਬਾਅਦ ਕਈ ਪੁਲਿਸ ਅਧਿਕਾਰੀਆਂ ਖਿਲਾਫ ਕਾਰਵਾਈ ਕੀਤੀ ਗਈ ਸੀ, ਪਰ ਐਸ.ਐਸ.ਪੀ. ਖਿਲਾਫ ਕਾਰਵਾਈ ਨਾ ਹੋਣ ਕਾਰਨ ਪੰਜਾਬ ਸਰਕਾਰ ਨੂੰ ਹਾਈ ਕੋਰਟ ਵਲੋਂ ਸਖ਼ਤ ਫਟਕਾਰ ਲਗਾਈ ਗਈ। ਹਾਈ ਕੋਰਟ ਨੇ ਦੋਸ਼ੀ ਅਫ਼ਸਰਾਂ ਖ਼ਿਲਾਫ਼ ਜਾਂਚ ਦੀ ਜ਼ਿੰਮੇਵਾਰੀ ਵੀ ਐਸ. ਆਈ. ਟੀ. ਨੂੰ ਸੌਂਪ ਦਿੱਤੀ ਸੀ। ਹਾਈ ਕੋਰਟ ਨੂੰ ਦੱਸਿਆ ਗਿਆ ਸੀ ਕਿ ਐਸ. ਆਈ. ਟੀ. ਮੁਖੀ ਡੀ.ਜੀ.ਪੀ. ਪ੍ਰਬੋਧ ਕੁਮਾਰ ਇਸੇ ਮਹੀਨੇ ਸੇਵਾਮੁਕਤ ਹੋਣ ਜਾ ਰਹੇ ਹਨ। ਬੀਤੇ ਵੀਰਵਾਰ ਨੂੰ ਸੁਣਵਾਈ ਦੌਰਾਨ ਹਾਈਕੋਰਟ ਨੇ ਮਾਮਲੇ ਦੀ ਜਾਂਚ ਡੀ.ਜੀ.ਪੀ. ਪ੍ਰਬੋਧ ਕੁਮਾਰ ਨੂੰ ਜਾਰੀ ਰੱਖਣ ਦੇ ਹੁਕਮ ਜਾਰੀ ਕੀਤੇ।

## 9 ਥਾਣਿਆਂ ਉਪਰ ਹੋਏ ਬੰਬ ਧਮਾਕੇ

ਪੰਜਾਬ ’ਚ ਹੁਣ ਤੱਕ 9 ਪੁਲਿਸ ਥਾਣਿਆਂ ’ਤੇ ਹਮਲੇ ਹੋ ਚੁੱਕੇ ਹਨ। ਇਸਦੀ ਸ਼ੁਰੂਆਤ 24 ਨਵੰਬਰ 2024 ਨੂੰ ਅਜਨਾਲਾ ਪੁਲਿਸ ਸਟੇਸ਼ਨ ਤੋਂ ਹੋਈ ਸੀ। ਇਸਨੂੰ ਆਈਆਈਡੀ ਨਾਲ ਉਡਾਉਣ ਦੀ ਕੋਸ਼ਿਸ਼ ਕੀਤੀ ਗਈ ਪਰ ਇਸ ਘਟਨਾ ਨੂੰ ਅੰਜਾਮ ਦੇਣ ਦੀ ਕੋਸ਼ਿਸ਼ ਕਰ ਰਹੇ ਹੈਂਡਲਰ ਦੇ ਹੱਥੋਂ ਰਿਮੋਟ ਡਿੱਗ ਪਿਆ, ਜਿਸ ਕਾਰਨ ਉਹ ਇਸ ਘਟਨਾ ਨੂੰ ਅੰਜਾਮ ਨਹੀਂ ਦੇ ਸਕਿਆ। ਇਸ ਤੋਂ ਦੋ ਦਿਨ ਬਾਅਦ ਅੰਮ੍ਰਿਤਸਰ ’ਚ ਇੱਕ ਪੋਸਟ ’ਤੇ ਬੰਬ ਧਮਾਕਾ ਹੋਇਆ ਜੋ ਛੇ ਮਹੀਨਿਆਂ ਤੋਂ ਬੰਦ ਸੀ, ਜਦੋਂ ਕਿ ਪਿਛਲੇ ਸੋਮਵਾਰ ਨੂੰ ਵੀ ਅੰਮ੍ਰਿਤਸਰ ’ਚ ਇੱਕ ਬੰਦ ਪੁਲਿਸ ਚੌਕੀ ਵਿਚ ਧਮਾਕਾ ਹੋਇਆ ਸੀ।



## -ਮਾਮਲਾ 32 ਸਾਲ ਪਹਿਲਾਂ ਹੋਏ ਝੂਠੇ ਪੁਲਿਸ ਮੁਕਾਬਲਾ ਦਾ-

# ਸੀਬੀਆਈ ਅਦਾਲਤ ਵਲੋਂ ਐਸ. ਐਚ. ਓ. ਤੇ ਐਸ. ਆਈ. ਨੂੰ ਉਮਰ ਕੈਦ








ਐੱਸ. ਏ. ਐੱਸ. ਨਗਰ-ਪੰਜਾਬ ਸੰਤਾਪ ਦੌਰਾਨ ਘਰ ਬੈਠੇ ਬੇਕਸੂਰ ਸਿੱਖ ਨੌਜਵਾਨਾਂ ਨੂੰ ਤਰੱਕੀ ਦੇ ਲੋਭੀ ਪੁਲਿਸ ਮੁਲਾਜ਼ਮਾਂ ਵਲੋਂ ਖਾੜਕੂ ਕਰਾਰ ਦੇ ਕੇ ਫ਼ਰਜ਼ੀ ਪੁਲਿਸ ਮੁਕਾਬਲੇ ਦਿਖਾ ਮੌਤ ਦੇ ਘਾਟ ਉਤਾਰ ਦਿੱਤਾ ਜਾਂਦਾ ਸੀ। ਇਸੇ ਤਰ੍ਹਾਂ ਦਾ ਹੀ ਇਕ ਮਾਮਲਾ ਮੋਹਾਲੀ ਦੀ ਇੱਕ ਵਿਸ਼ੇਸ਼ ਸੀਬੀਆਈ ਅਦਾਲਤ ਸਾਹਮਣੇ ਆਇਆ। ਬਲਦੇਵ ਸਿੰਘ ਦੇਬਾ ਅਤੇ ਕੁਲਵੰਤ ਸਿੰਘ ਦੇ ਫਰਜ਼ੀ ਮੁਕਾਬਲੇ ਦੇ ਮਾਮਲੇ ਵਿੱਚ ਦੋ ਸਾਬਕਾ ਪੁਲਿਸ ਮੁਲਾਜ਼ਮਾਂ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ, ਜੋ ਕਿ 32 ਸਾਲ ਪਹਿਲਾਂ 1992 ਵਿੱਚ ਅੰਮ੍ਰਿਤਸਰ ਵਿੱਚ ਹੋਇਆ ਸੀ।

32 ਸਾਲ ਪਹਿਲਾਂ ਬਲਦੇਵ ਸਿੰਘ ਦੇਬਾ ਵਾਸੀ ਪਿੰਡ ਬਾਸਰਕੇ ਭੈਣੀ ਨੂੰ ਐਸ. ਆਈ. ਮਹਿੰਦਰ ਸਿੰਘ ਅਤੇ ਹਰਭਜਨ ਸਿੰਘ ਐੱਸ. ਐੱਚ. ਓ. ਥਾਣਾ ਛੇਹਰਟਾ ਦੀ ਅਗਵਾਈ ਵਾਲੀ ਇਕ ਟੀਮ ਨੇ ਉਸ ਦੇ ਘਰੋਂ ਹਿਰਾਸਤ ਵਿਚ ਲਿਆ ਸੀ। ਇਸੇ ਤਰ੍ਹਾਂ ਲਖਵਿੰਦਰ ਸਿੰਘ ਲੱਖਾ ਵਾਸੀ ਪਿੰਡ ਸੁਲਤਾਨਵਿੰਡ ਨੂੰ ਵੀ 12 ਸਤੰਬਰ 1992 ਨੂੰ ਅੰਮ੍ਰਿਤਸਰ ਦੇ ਪ੍ਰੀਤ ਨਗਰ ਸਥਿਤ ਉਸ ਦੇ ਕਿਰਾਏ ਦੇ ਘਰ ਤੋਂ ਐੱਸ. ਆਈ. ਗੁਰਭਿੰਦਰ ਸਿੰਘ ਦੀ ਅਗਵਾਈ ਵਾਲੀ ਇਕ ਟੀਮ ਨੇ ਗ਼ੈਰਕਾਨੂੰਨੀ ਤਰੀਕੇ ਨਾਲ ਗ੍ਰਿਫ਼ਤਾਰ ਕੀਤਾ ਸੀ ਅਤੇ ਦੋਵਾਂ ਨੂੰ ਉਸ ਸਮੇਂ ਦੇ ਮੰਤਰੀ ਦੇ ਪੁੱਤਰ ਦੇ ਕੇਸ ਵਿਚ ਝੂਠਾ ਫਸਾ ਕੇ ਤੇ ਫ਼ਰਜ਼ੀ ਪੁਲਿਸ ਮੁਕਾਬਲਾ ਬਣਾ ਕੇ ਮਾਰ ਦਿੱਤਾ ਸੀ

ਪੰਜਾਬ ਪੁਲਿਸ ਵੱਲੋਂ ਲਾਵਾਰਿਸ ਲਾਸ਼ਾਂ ਦੇ ਵੱਡੇ ਪੱਧਰ 'ਤੇ ਸਸਕਾਰ ਸੰਬੰਧੀ ਸੁਪਰੀਮ ਕੋਰਟ ਦੇ ਹੁਕਮ ਤੋਂ ਬਾਅਦ 1995 ਵਿੱਚ ਸੀਬੀਆਈ ਨੇ ਜਾਂਚ ਆਪਣੇ ਹੱਥਾਂ ਵਿੱਚ ਲੈ ਲਈ ਸੀ। ਸੀ. ਬੀ. ਆਈ. ਵਲੋਂ ਮਾਮਲੇ ਦੀ ਜਾਂਚ ਕਰ ਕੇ ਦਾਖ਼ਲ ਕੀਤੀ ਗਈ। ਚਾਰਜਸ਼ੀਟ ਵਿਚ 9 ਪੁਲਿਸ ਮੁਲਾਜ਼ਮਾਂ ਨੂੰ ਮੁਲਜ਼ਮ ਬਣਾਇਆ ਗਿਆ ਸੀ, ਜਿਨ੍ਹਾਂ ਵਿੱਚੋਂ 5 ਪੁਲਿਸ ਮੁਲਾਜ਼ਮਾਂ (ਹਰਭਜਨ ਸਿੰਘ, ਮਹਿੰਦਰ ਸਿੰਘ, ਪੁਰਸ਼ੋਤਮ ਲਾਲ, ਮੋਹਨ ਸਿੰਘ ਅਤੇ ਜੱਸਾ ਸਿੰਘ) ਦੀ ਮੌਤ ਹੋ ਚੁੱਕੀ ਹੈ। ਜਦਕਿ 2 ਮੁਲਜ਼ਮਾਂ ਇੰਸਪੈਕਟਰ ਚਮਨ ਲਾਲ ਅਤੇ ਡੀਐਸਪੀ ਐਸਐਸ ਸਿੱਧੂ ਨੂੰ ਸ਼ੱਕ ਦਾ ਲਾਭ ਦਿੰਦੇ ਹੋਏ ਬਰੀ ਕਰ ਦਿੱਤਾ ਗਿਆ ਸੀ। ਹਾਲਾਂਕਿ, ਫਰਜ਼ੀ ਮੁਕਾਬਲੇ ਦੇ ਸਮੇਂ ਸੀਨੀਅਰ ਪੁਲਿਸ ਅਧਿਕਾਰੀਆਂ ਨੇ ਦਾਅਵਾ ਕੀਤਾ ਸੀ ਕਿ ਦੋਵੇਂ ਕੱਟੜ ਖਾੜਕੂ ਸਨ ਜਿਨ੍ਹਾਂ 'ਤੇ ਇਨਾਮ ਦਾ ਐਲਾਨ ਕੀਤਾ ਗਿਆ ਸੀ। ਹਾਲਾਂਕਿ, ਅਸਲ ਵਿੱਚ ਉਨ੍ਹਾਂ ਵਿੱਚੋਂ ਇੱਕ ਫੌਜ ਦਾ ਜਵਾਨ ਸੀ ਅਤੇ ਦੂਜਾ 16 ਸਾਲ ਦਾ ਨਾਬਾਲਗ ਸੀ। ਇਸ ਮਾਮਲੇ ਵਿਚ ਕੁੱਲ 19 ਵਿਅਕਤੀਆਂ ਦੇ ਬਿਆਨ ਗਵਾਹ ਵਜੋਂ ਕਲਮਬੰਦ ਕੀਤੇ ਗਏ ਸਨ।

### ✪ ਪਰਿਵਾਰਾਂ ਨੇ ਕਿਹਾ ਕਿ ਇਨਸਾਫ ਅਧੂਰਾ

**ਪੰਜਾਬ ਟਾਈਮਜ ਅਨੁਸਾਰ ਪੰਜਾਬ ਵਿਚ ਝੂਠੇ ਪੁਲਿਸ ਮੁਕਾਬਲੇ 1984 ਤੋਂ 1995 ਦੌਰਾਨ ਸਭ ਤੋਂ ਵੱਧ ਹੋਏ ਸਨ। ਪੁਲਿਸ ਅਧਿਕਾਰੀ ਆਪਣੀ ਮਰਜ਼ੀ ਨਾਲ ਕਿਸੇ ਪਿੰਡ ਦੇ ਨੌਜਵਾਨਾਂ ਨੂੰ ਪਹਿਲਾਂ ਇੱਧਰੋਂ-ਉੱਧਰੋਂ ਇਕੱਠੀ ਕੀਤੀ ਗਈ ਕੱਚੀ-ਪਿੱਲੀ ਜਾਣਕਾਰੀ ਦੇ ਆਧਾਰ 'ਤੇ ਚੁਣ ਲੈਂਦਾ ਸੀ। ਫਿਰ ਦੇਰ ਰਾਤੀਂ ਜਾਂ ਵੱਡੇ ਤੜਕੇ ਕਿਸੇ ਇਕ ਜਾਂ ਵੱਧ ਨੌਜਵਾਨਾਂ ਨੂੰ ਘਰੋਂ ਸੁੱਤੇ ਪਿਆਂ ਨੂੰ ਚੁੱਕ ਲਿਆ ਜਾਂਦਾ ਸੀ। ਪਰਿਵਾਰ ਨੂੰ ਆਪਣੇ ਜਿਗਰ ਦੇ ਟੋਟਿਆਂ ਦੀ ਦੋ-ਤਿੰਨ ਦਿਨਾਂ ਤਕ ਕੋਈ ਉੱਘ-ਸੁੱਘ ਨਹੀਂ ਸੀ ਲੱਗਦੀ ਤੇ ਫਿਰ ਉਸ ਦੇ ਕਿਸੇ ਪੁਲਿਸ ਮੁਕਾਬਲੇ ਵਿਚ ਮਾਰੇ ਜਾਣ ਦੀ ਖ਼ਬਰ ਆ ਜਾਂਦੀ ਸੀ। ਉਸ ਤੋਂ ਬਾਅਦ ਰੋਂਦੇ-ਵਿਲਕਦੇ ਪਰਿਵਾਰ ਲਈ ਕੋਈ ਢੋਈ ਨਹੀਂ ਸੀ ਹੁੰਦੀ। ਉਦੋਂ ਪੀੜਤ ਪਰਿਵਾਰ ਹੰਭ-ਹਾਰ ਕੇ ਅਦਾਲਤਾਂ ਦਾ ਰੁਖ਼ ਕਰਦਾ ਸੀ ਤੇ ਉੱਥੋਂ ਉਸ ਨੂੰ ਇਨਸਾਫ਼ ਦੀ ਆਸ ਹੁੰਦੀ ਸੀ। ਅਦਾਲਤਾਂ ਹੁਣ ਪੀੜਤਾਂ ਦੀਆਂ ਆਸਾਂ 'ਤੇ ਖਰੀਆਂ ਉੱਤਰ ਰਹੀਆਂ ਹਨ ਤੇ ਇਨਸਾਫ਼ ਦਾ ਤਕਾਜ਼ਾ ਵੀ ਇਹੋ ਹੈ। ਭਾਵੇਂ ਇਹ ਇਨਸਾਫ ਤੇ ਦੇਰ ਨਾਲ ਮਿਲਿਆ। ਬਲਦੇਵ ਸਿੰਘ ਦੇਬਾ ਅਤੇ ਕੁਲਵੰਤ ਸਿੰਘ ਦੇ ਫਰਜ਼ੀ ਮੁਕਾਬਲੇ ਦੀ ਦਾਸਤਾਨ ਵੀ ਅਜਿਹੀ ਹੈ।**

ਬੀਤੇ ਦਿਨੀਂ ਸੀ. ਬੀ. ਆਈ. ਅਦਾਲਤ ਨੇ ਤਤਕਾਲੀ ਐਸ. ਐਚ. ਓ ਪੁਰਸ਼ੋਤਮ ਸਿੰਘ ਅਤੇ ਤਤਕਾਲੀ ਐਸ. ਆਈ. ਗੁਰਭਿੰਦਰ ਸਿੰਘ ਨੂੰ ਦੋਸ਼ੀ ਕਰਾਰ ਦਿੱਤਾ ਸੀ, ਜਿਨ੍ਹਾਂ ਨੂੰ ਹੁਣੇ ਜਿਹੇ ਸੀ. ਬੀ. ਆਈ. ਅਦਾਲਤ ਵਲੋਂ ਉਮਰ ਕੈਦ ਦੀ ਸਜ਼ਾ ਸਮੇਤ 2 ਲੱਖ ਰੁ. ਜੁਰਮਾਨੇ ਦੀ ਸਜ਼ਾ ਸੁਣਾਈ ਗਈ। 32 ਸਾਲਾਂ ਦੇ ਸੰਘਰਸ਼ ਉਪਰੰਤ ਦੋਸ਼ੀਆਂ ਨੂੰ ਬਣਦੀ ਕਾਨੂੰਨੀ ਸਜ਼ਾ ਹੋਈ ਅਤੇ ਦੋਵਾਂ ਮਰਹੂਮ ਸਿੱਖ ਨੌਜਵਾਨਾਂ ਸਮੇਤ ਉਨ੍ਹਾਂ ਦੇ ਪਰਿਵਾਰਾਂ ਨੂੰ ਅਦਾਲਤ ਵਲੋਂ ਇਨਸਾਫ਼ ਮਿਲਿਆ। ਇਸ ਮੌਕੇ ਦੋਵਾਂ ਪੀੜਤ ਪਰਿਵਾਰਾਂ ਨੂੰ ਇਨਸਾਫ਼ ਦਿਵਾਉਣ ਵਿਚ ਅਹਿਮ ਕਿਰਦਾਰ ਨਿਭਾਉਣ ਵਾਲੇ ਸੀ. ਬੀ. ਆਈ. ਦੇ ਵਕੀਲ ਅਨਮੋਲ ਨਾਰੰਗ, ਐਡਵੋਕੇਟ ਸਰਬਜੀਤ ਸਿੰਘ ਵੇਰਕਾ, ਐਡਵੋਕੇਟ ਪੁਸ਼ਪਿੰਦਰ ਸਿੰਘ ਤੇ ਐਡਵੋਕੇਟ ਜਗਜੀਤ ਸਿੰਘ ਦਾ ਹਾਜ਼ਰ ਪਰਿਵਾਰਕ ਮੈਂਬਰਾਂ ਵਲੋਂ ਧੰਨਵਾਦ ਕੀਤਾ ਗਿਆ।

### ਪਰਿਵਾਰ ਨੇ ਕਿਹਾ ਕਿ ਇਨਸਾਫ ਅਧੂਰਾ

ਬਲਦੇਵ ਸਿੰਘ ਦੀ ਭੈਣ ਨੇ ਦੱਸਿਆ ਕਿ ਅਸੀਂ ਬਹੁਤ ਯਤਨ ਕੀਤੇ ਪਰ ਸਾਨੂੰ ਤਾਂ ਇਨ੍ਹਾਂ ਨੇ ਲਾਸ਼ ਵੀ ਨਹੀਂ ਦਿੱਤੀ। ਇਨ੍ਹਾਂ ਨੂੰ ਸਜ਼ਾ ਤਾਂ ਹੋ ਗਈ ਪਰ ਨਾਲਦਿਆਂ ਨੂੰ ਵੀ ਸਜ਼ਾ ਹੋਣੀ ਚਾਹੀਦੀ ਸੀ, ਜਿਨ੍ਹਾਂ ਉਸ ਨੂੰ ਘਰੋਂ ਚੁੱਕ ਕੇ ਲਿਆਂਦਾ। ਛੱਤ ਤੋਂ ਉਤਾਰ ਲੈ ਕੇ ਗਏ ਸਨ, ਕਹਿੰਦੇ ਸਨ ਕਿ ਅਸੀਂ ਕਿਸੇ ਦਾ ਘਰ ਹੀ ਪੁੱਛਣਾ ਹੈ, ਅੱਧੇ ਘੰਟੇ ਤੱਕ ਛੱਡ ਦਿਆਂਗੇ। ਉਸ ਨੂੰ ਕੁੱਟਦੇ-ਮਾਰਦੇ ਰਹੇ ਅਤੇ 8 ਦਿਨ ਜੇਲ੍ਹ ਵਿੱਚ ਰੱਖਿਆ ਤੇ ਐਨਕਾਊਂਟਰ ਬਣਾ ਦਿੱਤਾ। ਉਸ ਵੇਲੇ ਉਹ 25 ਸਾਲ ਦਾ ਸੀ। ਸਾਡਾ ਤਾਂ ਘਰ ਉੱਜੜ ਗਿਆ। ਅਸੀਂ ਤਿੰਨ ਭੈਣਾਂ ਤੇ ਸਾਡਾ ਇੱਕੋ-ਇੱਕ ਵੀਰ ਸੀ। ਇੱਕ ਸਾਲ ਉਸ ਦੇ ਵਿਆਹ ਨੂੰ ਹੋਇਆ ਸੀ ਪਰ ਫਿਰ ਉਸ ਦੀ ਪਤਨੀ ਵੀ ਚਲੀ ਗਈ।

ਲਖਵਿੰਦਰ ਸਿੰਘ ਦੇ ਭਰਾ ਨੇ ਦੱਸਿਆ ਕਿ ਉਸ ਵੇਲੇ ਉਨ੍ਹਾਂ ਦੇ ਭਰਾ ਦੀ ਉਮਰ 15-16 ਸਾਲ ਦੀ ਉਮਰ ਸੀ। ਉਨ੍ਹਾਂ ਨੇ ਕਿਹਾ ਕਿ ਘਰੋਂ ਹੀ ਚੁੱਕ ਕੇ ਲੈ ਗਏ ਸਨ। ਸਾਨੂੰ ਤਾਂ ਕੁਝ ਵੀ ਪਤਾ ਨਹੀਂ ਲੱਗਾ, ਨਾ ਲਾਸ਼ ਸਾਨੂੰ ਦਿੱਤੀ। ਸਾਨੂੰ ਅਖ਼ਬਾਰ ਤੋਂ ਪਤਾ ਲੱਗਾ ਸੀ। ਸਾਰਿਆਂ ਨੂੰ ਬਰਾਬਰ ਦੀ ਸਜ਼ਾ ਮਿਲਣੀ ਚਾਹੀਦੀ ਸੀ। ਸਾਨੂੰ ਪੂਰਾ ਇਨਸਾਫ ਨਹੀਂ ਮਿਲਿਆ।

ਪੀੜਤ ਪੱਖ ਦੇ ਵਕੀਲ ਜਗਜੀਤ ਸਿੰਘ ਬਾਜਵਾ ਨੇ ਦੱਸਿਆ ਕਿ ਫੌਜ ਵਿੱਚੋਂ ਛੁੱਟੀ ਆਏ ਬਲਦੇਵ ਸਿੰਘ ਨੂੰ 6 ਸਤੰਬਰ, 1992 ਨੂੰ ਪੁਲਿਸ ਨੇ ਚੁੱਕ ਕੇ ਅਤੇ 8-9 ਦਿਨ ਗ਼ੈਰ-ਕਾਨੂੰਨੀ ਹਿਰਾਸਤ ਵਿੱਚ ਰੱਖ ਕੇ 13 ਸਤੰਬਰ, 1992 ਨੂੰ ਐਨਕਾਊਂਟਰ ਦਰਸਾ ਦਿੱਤਾ ਸੀ। ਉਨ੍ਹਾਂ ਨੇ ਦੱਸਿਆ, "ਲਖਵਿੰਦਰ ਸਿੰਘ ਸੁਲਤਾਨ ਵਿੰਡ ਦਾ ਰਹਿਣ ਵਾਲਾ ਸੀ ਪਰ ਪੁਲਿਸ ਦੇ ਡਰੋਂ ਕਿਰਾਏ ਦੇ ਮਕਾਨ ਵਿੱਚ ਨੰਗਲੀ ਰਹਿੰਦਾ ਸੀ। ਉੱਥੋਂ ਉਸ ਨੂੰ ਥਾਣਾ ਮਜੀਠਾ ਦੀ ਪੁਲਿਸ ਨੇ ਚੁੱਕ ਕੇ, ਦੋਵਾਂ ਦਾ ਇਕੱਠਿਆਂ ਝੂਠਾ ਪੁਲਿਸ ਮੁਕਾਬਲਾ 13 ਸਤੰਬਰ 1992 ਨੂੰ ਬਣਾ ਦਿੱਤਾ ਸੀ।"

ਵਕੀਲ ਮੁਤਾਬਕ, "ਪੁਲਿਸ ਨੇ ਕਹਾਣੀ ਇਹ ਬਣਾਈ ਸੀ ਕਿ ਬਲਦੇਵ ਸਿੰਘ ਤਤਕਾਲੀ ਬੇਅੰਤ ਸਿੰਘ ਸਰਕਾਰ ਵਿੱਚ ਐੱਮਐੱਲਏ ਦੇ ਬੇਟੇ ਦਾ ਕਾਤਲ ਹੈ। ਇਸ ਕੇਸ ਵਿੱਚ ਉਸ ਨੂੰ ਨਾਮਜ਼ਦ ਕਰ ਕੇ ਜਦੋਂ ਰਿਕਵਰੀ ਵਿਖਾਉਣ ਲਈ ਲੈ ਕੇ ਜਾ ਰਹੇ ਸਨ ਤਾਂ ਅਣਪਛਾਤੇ ਖਾੜਕੂਆਂ ਨੇ ਉਸ 'ਤੇ ਹਮਲਾ ਕਰ ਦਿੱਤਾ।"

ਵਕੀਲ ਜਗਜੀਤ ਸਿੰਘ ਬਾਜਵਾ ਮੁਤਾਬਕ ਪੁਲਿਸ ਦੀ ਸਾਰੀ ਕਹਾਣੀ ਅਦਾਲਤ ਵਿੱਚ ਫੇਲ੍ਹ ਸਾਬਤ ਹੋ ਗਈ ਅਤੇ ਇਸ ਐਨਕਾਊਂਟਰ ਨੂੰ ਝੂਠਾ ਪਾਇਆ ਗਿਆ। ਤਰੱਕੀਆਂ ਲੈਣ ਦੀ ਪੁਲਿਸ ਵਾਲਿਆਂ ਵੱਲੋਂ ਬੇਗੁਨਾਹ ਬੰਦੇ ਚੁੱਕੇ ਗਏ। ਪਰ ਇਸ ਨੂੰ ਇਨਸਾਫ਼ ਨਹੀਂ ਗਿਣਿਆ ਜਾ ਸਕਦਾ ਕਿਉਂਕਿ ਇਨ੍ਹਾਂ ਬੱਚਿਆਂ ਦੇ ਮਾਪੇ, ਜਿਨ੍ਹਾਂ ਇਹ ਕੇਸ ਫਾਇਲ ਕੀਤੇ ਸਨ, ਉਹ ਕਈ ਸਾਲ ਪਹਿਲਾਂ ਇਸ ਦੁਨੀਆਂ ਤੋਂ ਚਲੇ ਗਏ ਹਨ।



# ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਨਾਲ ਇੰਗਲੈਂਡ ਦੇ ਸਿੱਖ ਆਗੂਆਂ ਨੇ ਕੀਤੀ ਮੁਲਾਕਾਤ



ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਨਾਲ ਇੰਗਲੈਂਡ ਦੇ ਸਿੱਖ ਆਗੂ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਬੀਤੇ ਕੱਲ ਮਿਡਲੈਂਡ ਦੇ ਸ਼ਹਿਰ ਵੈਸਟ ਬ੍ਰਾਮਿਚ ਵਿਖੇ ਭਾਈ ਦਇਆ ਸਿੰਘ ਦੇ ਗ੍ਰਿਹਿ ਵਿਖੇ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਨਾਲ ਇੰਗਲੈਂਡ ਦੀਆਂ ਸਿੱਖ ਜੱਥੇਬੰਦੀਆਂ ਦੇ ਨੁਮਾਇਦਿਆ ਅਤੇ ਇੰਗਲੈਂਡ ਦੇ ਵੱਖ ਵੱਖ ਗੁਰਦੁਆਰਿਆਂ ਦੇ ਪ੍ਰਬੰਧਕੀ ਨੁਮਾਇੰਦਿਆਂ ਵੱਲੋਂ ਵਿਸ਼ੇਸ਼ ਤੌਰ ਤੇ ਮੀਟਿੰਗ ਕੀਤੀ ਗਈ ਜਿਸ ਵਿੱਚ ਪਿਛਲੇ ਦਿਨੀ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਹੋਏ ਇਤਿਹਾਸਿਕ ਫ਼ੈਸਲਿਆਂ ਦਾ ਸੁਆਗਤ ਕਰਦਿਆਂ ਉਨ੍ਹਾਂ ਦਾ ਧੰਨਵਾਦ ਕੀਤਾ ਸਿੱਖ ਫੈਡਰੈਸ਼ਨ ਯੂ ਕੇ ਦੇ ਚੇਅਰਮੈਨ ਭਾਈ ਅਮਰੀਕ ਸਿੰਘ ਗਿੱਲ ਹੁਣਾ ਵੱਲੋਂ ਵੱਖ ਵੱਖ ਨੁਕਤਿਆਂ ਨੂੰ ਉਭਾਰਦਿਆਂ ਚਿੰਤਾ ਜਾਹਿਰ ਕੀਤੀ ਕਿ ਜਿਹੜੇ ਲੋਕ ਹੁਕਮਨਾਮਿਆਂ ਨੂੰ ਮੰਨਣ ਤੋਂ ਆਨਾਕਾਨੀ ਜਾਂ ਵਿਰੋਧ ਕਰਦੇ ਹਨ ਉਨ੍ਹਾਂ ਨਾਲ ਸਖ਼ਤੀ ਨਾਲ ਨਿੱਜਠਿਆ ਜਾਣਾ ਚਾਹੀਦਾ ਹੈ।

ਉਨ੍ਹਾਂ ਇਹ ਵੀ ਕਿਹਾ ਕਿ ਸਾਡੀ ਸੁਰਤੇ ਇਹ ਪਹਿਲੀ ਵਾਰ ਹੋਇਆ ਕਿ ਕੌਮ ਨੂੰ ਕੋਈ ਆਸ ਬੱਝੀ ਹੈ ਕਿ ਸਾਡੇ ਜਥੇਦਾਰ ਸਾਹਿਬਾਨ ਕੌਮ ਦੀ ਯੋਗ ਅਗਵਾਈ ਕਰ ਰਹੇ ਹਨ। ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਨੇ ਸੱਤ ਮੈਂਬਰੀ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦੀ ਭਰਤੀ ਬਾਰੇ ਵੀ ਆਪਣਾ ਸਟੈਂਡ ਸਪੱਸ਼ਟ ਕੀਤਾ ਹੈ। ਉਨ੍ਹਾਂ ਕਿਹਾ ਕਿ ਅਸੀ ਕਿਸੇ ਵੀ ਕਿਸਮ ਦੀ ਕੋਈ ਖੁੱਲ ਨਹੀਂ ਦਿੰਦੇ ਕਿ ਗਲਤ ਅਨਸਰ ਇਸ ਵਿੱਚ ਸ਼ਮੂਲੀਅਤ ਕਰਨ, ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਚੁਣੇ ਮੈਂਬਰ ਹੀ ਭਰਤੀ ਕਰਨਗੇ। ਜੱਥੇਦਾਰ ਗਿਆਨੀ ਰਘਬੀਰ ਸਿੰਘ ਨੇ ਸਪੱਸ਼ਟ ਕੀਤਾ ਕਿ 2 ਦਸੰਬਰ ਨੂੰ ਜੋ ਵੀ ਫੈਸਲੇ ਹੋਏ ਹਨ ਉਹ ਪੂਰੀ ਸ਼ਿੱਦਤ ਨਾਲ ਲਾਗੂ ਹੋਣਗੇ। ਸਿੰਘ ਸਾਹਿਬ ਨੇ ਕਿਹਾ ਕਿ ਸੰਗਤ ਦੇ ਸਹਿਯੋਗ ਦੀ ਲੋੜ ਹੈ, ਤੁਸੀ ਵੱਧ ਤੋਂ ਵੱਧ ਸਹਿਯੋਗ ਦਿਓ। ਇਕੱਤਰ ਹੋਏ ਸਾਰੇ ਸਿੰਘਾ ਨੇ ਜਥੇਦਾਰ ਸਾਹਿਬ ਨੂੰ ਵਿਸ਼ਵਾਸ਼ ਦਿਵਾਇਆ ਕਿ ਸਮੁੱਚੀ ਸੰਗਤ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਫੈਸਲਿਆ ਉੱਤੇ ਫੁੱਲ ਚੜਾਉਦਿਆ ਚਟਾਨ ਵਾਂਗ ਖੜੀ ਹੈ। ਵਿਦੇਸ਼ਾਂ ਵਿੱਚ ਵੱਸਦੇ ਹਰ ਸਿੱਖ ਦਾ ਸਿਰ ਸ੍ਰੀ ਅਕਾਲ ਤਖ਼ਤ ਸਾਹਿਬ ਅੱਗੇ ਝੁਕਦਾ ਹੈ। ਰਾਜ ਮਨਵਿੰਦਰ ਸਿੰਘ ਕੰਗ ਨੇ ਮੀਟਿੰਗ ਸਬੰਧੀ ਜਾਣਕਾਰੀ ਦਿੰਦਿਆਂ ਦੱਸਿਆ ਕਿ ਸਾਰੀ ਗੱਲਬਾਤ ਬਹੁਤ ਸੰਜੀਦਗੀ ਨਾਲ ਚੰਗੇ ਮਾਹੌਲ ਵਿੱਚ ਹੋਈ ਹੈ।

ਇਸ ਮੌਕੇ ਪੰਥ ਨਾਲ ਸਬੰਧਿਤ ਹੋਰ ਵੀ ਬਹੁਤ ਸਾਰੇ ਮਸਲਿਆਂ ਉੱਤੇ ਵਿਚਾਰ ਵਟਾਂਦਰਾ ਕੀਤਾ ਗਿਆ। ਇਸ ਮੌਕੇ ਭਾਈ ਹਰਦੀਸ਼ ਸਿੰਘ, ਭਾਈ ਦਬਿੰਦਰਜੀਤ ਸਿੰਘ, ਭਾਈ ਕੁਲਦੀਪ ਸਿੰਘ ਚਹੇੜੂ, ਸ: ਸੁਖਬੀਰ ਸਿੰਘ ਬਾਸੀ, ਭਾਈ ਰਘਬੀਰ ਸਿੰਘ, ਭਾਈ ਜਸਪਾਲ ਸਿੰਘ ਨਿੱਝਰ, ਭਾਈ ਜੀਤਾ ਸਿੰਘ, ਭਾਈ ਬਲਵਿੰਦਰ ਸਿੰਘ ਆਦਿ ਹਾਜ਼ਰ ਸਨ।

## ਗਿਆਨੀ ਰਘਬੀਰ ਸਿੰਘ ਜਥੇਦਾਰ ਅਕਾਲ ਤਖਤ ਦਾ ਪੀਟਰ ਵਿਰਦੀ ਦੇ ਪਰਿਵਾਰ ਵੱਲੋਂ ਮਾਣ ਸਨਮਾਨ





ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਜੀ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਦਾ ਯੂ ਕੇ ਦੌਰੇ ਦੌਰਾਨ ਪੀਟਰ ਵਿਰਦੀ ਦੇ ਘਰ ਪਹੁੰਚਣ ਤੇ ਸਿਰੋਪਾਓ ਦੇ ਕੇ ਮਾਣ ਸਨਮਾਨ ਕਰਦੇ ਹੋਏ ਪੀਟਰ ਵਿਰਦੀ ਅਤੇ ਹੋਰ ਪਰਿਵਾਰਕ ਮੈਂਬਰ


ਸ੍ਰੀ ਗੁਰੂ ਰਵਿਦਾਸ ਜੀ ਦੇ ਪ੍ਰਕਾਸ਼ ਪੁਰਬ ਦੀ ਲੱਖ ਲੱਖ ਵਧਾਈ



ਦੁਨੀਆਂ ਭਰ ਵਿੱਚ ਕਿਸੇ ਵੀ ਦੇਸ਼ ਲਈ ਸਸਤੀਆਂ ਹਵਾਈ ਟਿਕਟਾਂ ਦਾ ਗੜ੍ਹ

ਫਲਾਈਵੈਲ ਟਰੈਵਲ ਯੂ ਕੇ ਲਿਮ:

ਮਾਰਚ, ਅਪ੍ਰੈਲ ਅਤੇ ਮਈ ਨੂੰ ਭਾਰਤ ਅਤੇ ਅਮਰੀਕਾ ਜਾਣ ਵਾਸਤੇ ਸਾਡੀਆਂ ਸਪੈਸ਼ਲ ਆਫ਼ਰਾਂ ਦਾ ਫਾਇਦਾ ਉਠਾਓ

ਬ੍ਰਮਿੰਘਮ ਜਾਂ ਲੰਡਨ ਤੋਂ * ਟੋਰਾਂਟੋ * ਨਿਊਯਾਰਕ * ਦਿੱਲੀ * ਅੰਮ੍ਰਿਤਸਰ ਜਾਂ ਹੋਰ ਕਿਸੇ ਵੀ ਮੁਲਕ ਲਈ ਸਸਤੀਆਂ ਟਿਕਟਾਂ ਸਾਡੇ ਕੋਲੋਂ ਪ੍ਰਾਪਤ ਕਰੋ !



*Special Fares For Groups
*Low Cost Air Fares

ਦੁਨੀਆਂ ਭਰ ਲਈ ਕਿਸੇ ਵੀ ਜਗ੍ਹਾ ਦੀ ਟਿਕਟ ਬੁੱਕ ਕਰਵਾਉਣ ਤੋਂ ਪਹਿਲਾਂ ਸਾਡੇ ਨਾਲ ਸੰਪਰਕ ਜ਼ਰੂਰ ਕਰੋ, ਸਾਡੇ ਰਾਹੀਂ ਟਿਕਟ ਬੁੱਕ ਕਰਵਾ ਕੇ ਤੁਸੀਂ ਹਮੇਸ਼ਾਂ ਫਾਇਦੇ ਵਿੱਚ ਰਹੋਗੇ !

We Book Flights For All Major Airlines :
* British Airways
* Air India *
* Jet Airways *
* Virgin Atlantic *
* Emirats Airline *
* Qatar Airways *
* Amercian Airlines *
* Lufthansa Airlines *
* KLM Royal Dutch *
* Singapore Airlines *
Tours & many more...

ਤੁਹਾਡੀ ਇਕ ਫੋਨ ਕਾਲ ਤੇ ਅਸੀਂ ਕਿਸੇ ਵੀ ਦੇਸ਼ ਲਈ ਖੜ੍ਹੇ ਪੈਰੀ ਖਾਸ ਤੌਰ ਤੇ ਭਾਰਤ ਲਈ ਟਿਕਟ ਦਾ ਪ੍ਰਬੰਧ ਕਰਕੇ ਦੇ ਸਕਦੇ ਹਾਂ ! ਰੇਟ ਵੀ ਘੱਟ ਹੀ ਹੋਵੇਗਾ ।

FLYWELL TRAVEL UK LTD.
164 Rookery Road, Handsworth, Birmingham, B21 9NN
Tel: 0121 551 0900 Mob: 07843 528600

**ਵਿਚਾਰ :– ਇਤਿਹਾਸ ਆਪਣੇ ਆਪ ਨੂੰ ਸਿਰਫ ਤੇ ਸਿਰਫ ਉਸੇ ਸਮੇਂ ਦੁਹਰਾਉਂਦਾ ਹੈ ਜਦੋਂ ਮਨੁੱਖ ਉਸ ਤੋਂ ਸਬਕ ਸਿੱਖਣ ਦੀ ਕੋਸ਼ਿਸ਼ ਨਹੀਂ ਕਰਦੇ ।**



ਰਜਿੰਦਰ ਸਿੰਘ ਪੁਰੇਵਾਲ

# ਕਾਂਗਰਸੀ ਆਗੂ ਚੰਨੀ ਵਲੋਂ ਸੰਸਦ ਵਿਚ ਸਿੱਖਾਂ ਕੌਮ ਦੀ ਵੱਖਰੀ ਹੋਂਦ ਦਾ ਮੁਦਾ ਉਠਾਉਣਾ ਸ਼ਲਾਘਾਯੋਗ

ਪੰਜਾਬ ਦੇ ਸਾਬਕਾ ਮੁੱਖ ਮੰਤਰੀ ਅਤੇ ਜਲੰਧਰ ਤੋਂ ਸੰਸਦ ਮੈਂਬਰ ਚਰਨਜੀਤ ਸਿੰਘ ਚੰਨੀ ਨੇ ਲੋਕ ਸਭਾ ਵਿਚ ਸਿੱਖਾਂ ਨੂੰ ਵੱਖਰੀ ਕੌਮ ਵਜੋਂ ਪਛਾਣ ਦੇਣ ਦਾ ਮੁੱਦਾ ਉਠਾਇਆ ਚੰਨੀ ਨੇ ਲੋਕ ਸਭਾ ਵਿਚ ਰਾਸ਼ਟਰਪਤੀ ਦੇ ਭਾਸ਼ਨ 'ਤੇ ਚਰਚਾ ਵਿਚ ਹਿੱਸਾ ਲੈਂਦਿਆਂ ਸੰਵਿਧਾਨ ਦੀ ਧਾਰਾ 25 (2), ਜਿਸ ਵਿਚਚ ਹਿੰਦੂਆਂ ਦੀ ਪਰਿਭਾਸ਼ਾ ਦੇ ਨਾਲ ਹੀ ਸਿੱਖ, ਬੋਧ ਅਤੇ ਜੈਨੀਆਂ ਨੂੰ ਵੀ ਸ਼ਾਮਿਲ ਕੀਤਾ ਗਿਆ ਸੀ, ਵਿਚ ਤਰਸੀਮ ਕਰ ਕੇ ਸਿੱਖਾਂ ਨੂੰ ਵੱਖਰੀ ਕੌਮ ਵਜੋਂ ਪਛਾਣ ਦੇਣ ਦੀ ਮੰਗ ਕੀਤੀ ਹੈ। ਚੰਨੀ ਨੇ ਕਿਹਾ ਕਿ 22 ਫਰਵਰੀ, 2000 ਨੂੰ ਸਾਬਕਾ ਚੀਫ਼ ਜਸਟਿਸ ਐਮ. ਐਨ. ਵੈਂਕਟਚਲੀਆ ਦੀ ਅਗਵਾਈ ਹੇਠ ਇਕ ਕਮਿਸ਼ਨ ਗਠਿਤ ਕੀਤਾ ਗਿਆ ਸੀ। ਸੰਵਿਧਾਨ ਦੇ ਸੰਚਾਲਨ ਦੀ ਸਮੀਖਿਆ ਲਈ ਰਾਸ਼ਟਰੀ ਕਮਿਸ਼ਨ ਵਲੋਂ ਦਿੱਤੀ ਰਿਪੋਰਟ ਵਿਚ ਸਿੱਖ, ਬੋਧ ਅਤੇ ਜੈਨੀਆਂ ਨੂੰ ਵੱਖਰੀ ਕੌਮ ਵਜੋਂ ਪਛਾਣ ਦੇਣ ਦੀ ਸਿਫ਼ਾਰਿਸ਼ ਕੀਤੀ ਸੀ। ਚੰਨੀ ਨੇ ਕਿਹਾ ਕਿ ਕਮਿਸ਼ਨ ਦੀਆਂ ਸਿਫ਼ਾਰਿਸ਼ਾਂ ਨੂੰ ਛੇਤੀ ਤੋਂ ਛੇਤੀ ਲਾਗੂ ਕਰਨਾ ਚਾਹੀਦਾ ਹੈ। ਪੰਥਕ ਹਲਕਿਆਂ ਵਿਚ ਚੰਨੀ ਦੀ ਸ਼ਲਾਘਾ ਹੋ ਰਹੀ ਹੈ। ਅਕਾਲੀ ਦਲ ਵਲੋਂ ਧਾਰਾ 25 ਦੀ ਵਿਆਖਿਆ-II ਜਿਹੜੀ ਸਿੱਖਾਂ ਨੂੰ ਹਿੰਦੂਆਂ ਨਾਲ ਜੋੜ ਦਿੰਦੀ ਹੈ ਉਸ ਵਿੱਚ ਸੋਧ ਦੀ ਮੰਗ ਕਾਫੀ ਸਮੇਂ ਤੋਂ ਕੀਤੀ ਜਾ ਰਹੀ ਹੈ। ਇਸ ਵਿੱਚ ਲਿਖਿਆ ਹੈ, "ਕਲੌਜ਼ (2) ਦੀ ਸਬ-ਕਲੌਜ਼ (b) ਮੁਤਾਬਕ ਸਿੱਖ, ਜੈਨ ਅਤੇ ਬੌਧ ਧਰਮ ਨਾਲ ਸਬੰਧਤ ਵਿਅਕਤੀਆਂ ਤੇ ਸੰਸਥਾਵਾਂ ਉੱਤੇ ਉਹੀ ਨਿਯਮ ਅਤੇ ਕਾਨੂੰਨ ਲਾਗੂ ਹੁੰਦੇ ਹਨ ਜੋ ਹਿੰਦੂਆਂ ਅਤੇ ਉਨ੍ਹਾਂ ਦੀਆਂ ਸੰਸਥਾਵਾਂ ਉੱਤੇ ਲਾਗੂ ਹਨ।" ਮੁਸ਼ਕਿਲ ਇੱਥੇ ਹੀ ਹੈ।

ਨੈਸ਼ਨਲ ਰੀਵਿਊ ਕਮਿਸ਼ਨ ਨੂੰ ਸਾਲ 2000 ਵਿੱਚ ਸੌਂਪੇ ਗਏ ਮੰਗ-ਪੱਤਰ ਵਿੱਚ ਅਕਾਲੀ ਦਲ ਨੇ ਹੇਠ ਲਿਖੇ ਸੁਝਾਅ ਦਿੱਤੇ ਸਨ :

• ਧਾਰਾ 25 ਦੀ ਵਿਆਖਿਆ-II ਵਿੱਚ ਸਿੱਖਾਂ ਨੂੰ ਹਿੰਦੂਆਂ, ਜੈਨੀਆਂ ਅਤੇ ਬੌਧੀਆਂ ਨਾਲ ਜੋੜ ਕੇ ਕਲੌਜ਼ (2) (b) ਦਾ ਮਕਸਦ ਪੂਰਾ ਕਰ ਲਿਆ ਗਿਆ ਹੈ। ਇਸ ਨਾਲ ਸਿੱਖਾਂ ਦੀ ਵੱਖਰੀ ਪਛਾਣ ਅਤੇ ਸਿੱਖ ਸੰਸਥਾਵਾਂ ਨੂੰ ਢਾਹ ਲੱਗਦੀ ਹੈ। • ਸਿੱਖਾਂ ਦੀ ਪਛਾਣ ਉਨ੍ਹਾਂ ਨੂੰ ਹਿੰਦੂਆਂ ਨਾਲੋਂ ਵੱਖ ਕਰਦੀ ਹੈ ਜੋ ਇਸ ਧਾਰਾ ਨਾਲ ਪ੍ਰਭਾਵਿਤ ਹੋਈ। ਇਸ ਨਾਲ ਸਿੱਖ ਧਰਮ ਇੱਕ ਵੱਖ ਧਰਮ ਹੈ ਇਸ ਉੱਤੇ ਸਵਾਲੀਆ ਨਿਸ਼ਾਨ ਲੱਗਦਾ ਹੈ। • ਆਪਣੀ ਸਮਾਜਿਕ ਤੇ ਸੱਭਿਆਚਾਰਕ ਪਛਾਣ ਦੀ ਰਾਖੀ ਲਈ ਘੱਟ ਗਿਣਤੀਆਂ ਨੂੰ ਦਿੱਤੀ ਗਈ ਸੰਵਿਧਾਨਿਕ ਸੁਰੱਖਿਆ ਸਿੱਖਾਂ ਦੇ ਮਾਮਲੇ ਵਿੱਚ ਉਲਟੀ ਸਾਬਿਤ ਹੋਈ ਹੈ। • ਪਾਰਟੀ ਨੇ ਕਿਹਾ ਕਿ ਕਲੌਜ਼ (2) (c) ਆਰਟੀਕਲ 25 ਵਿੱਚ ਸ਼ਾਮਿਲ ਕੀਤਾ ਜਾਣਾ ਚਾਹੀਦਾ ਹੈ। • ਇਹ ਧਿਆਨ ਰੱਖਿਆ ਜਾਵੇ ਕਿ ਕਲੌਜ਼ (2) (a) ਅਤੇ ਕਲੌਜ਼ (b) ਅਧੀਨ ਕੋਈ ਕਾਨੂੰਨ ਨਾ ਬਣਾਇਆ ਜਾਵੇ ਜੋ ਕਿ ਭਾਰਤ ਦੇ ਕਿਸੇ ਵੀ ਨਾਗਰਿਕ ਦੀ ਧਾਰਮਿਕ ਪਛਾਣ ਨੂੰ ਪ੍ਰਭਾਵਿਤ ਕਰਦਾ ਹੈ।

ਮੋਦੀ ਸਰਕਾਰ ਲਈ ਯਾਦ ਰੱਖਣ ਵਾਲੀ ਗੱਲ ਇਹ ਹੈ ਕਿ ਸਿੱਖ ਵੈਦਿਕ ਧਰਮ ਦਾ ਅੰਗ ਨਹੀਂ। ਸਿੱਖ ਧਰਮ ਦੀ ਸਥਾਪਨਾ ਉੱਤਰੀ ਭਾਰਤ ਵਿੱਚ 15ਵੀਂ ਸਦੀ ਦੇ ਅਖੀਰ ਵਿੱਚ ਗੁਰੂ ਨਾਨਕ ਦੇਵ ਜੀ ਦੁਆਰਾ ਕੀਤੀ ਗਈ ਸੀ, ਜਿਸ ਨੇ ਜਾਤ, ਧਰਮ ਜਾਂ ਲਿੰਗ ਨੂੰ ਰਦ ਕਰਕੇ ਹਰੇਕ ਵਿਅਕਤੀ ਲਈ ਸਹਿਣਸ਼ੀਲਤਾ ਅਤੇ ਸਮਾਨਤਾ ਨੂੰ ਮਹਤਵ ਦਿਤਾ ਤੇ ਪ੍ਰਚਾਰ ਕੀਤਾ ਸੀ। ਸਿਖ ਕੌਮ ਦੇ 10 ਗੁਰੂ ਸਨ; ਦਸਮ ਗੁਰੂ ਵਲੋਂ ਆਖਰੀ ਐਲਾਨ ਕੀਤਾ ਗਿਆ ਸੀ ਕਿ ਪਵਿੱਤਰ ਗ੍ਰੰਥ, ਗੁਰੂ ਗ੍ਰੰਥ ਸਾਹਿਬ, ਅੰਤਮ ਅਤੇ ਸਦੀਵੀ ਗੁਰੂ ਹਨ। ਇਹੀ ਆਧਾਰ ਸਿਖ ਕੌਮ ਦਾ ਵਿਲੱਖਣ ਰੂਪ ਹੈ। ਸਰਕਾਰ ਨੂੰ ਇਹ ਸੰਵਿਧਾਨਕ ਤੇ ਕੌਮੀ ਹੱਕ ਸਿਖ ਪੰਥ ਨੂੰ ਦੇਣਾ ਚਾਹੀਦਾ ਹੈ। ਚੰਨੀ ਨੇ ਸਿਖ ਕੌਮ ਦੀ ਵੱਖਰੀ ਹੋਂਦ ਲਈ ਮਸਲਾ ਉਠਾਕੇ ਸ਼ਲਾਘਾਯੋਗ ਸਟੈਂਡ ਲਿਆ ਹੈ।

## ਪੰਜਾਬ ਵਿਚ ਡਰਗ ਲਈ ਸਰਕਾਰ ਜ਼ਿੰਮੇਵਾਰ, ਹਾਈਕੋਰਟ ਦੀ ਦਲੀਲ ਉਚਿਤ

ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਸੂਬੇ ਵਿਚ ਹੈਰੋਇਨ ਨਾਲ ਸੰਬੰਧਤ ਜ਼ਮਾਨਤ ਦੇ ਮਾਮਲਿਆਂ ਵਿਚ ਅਚਾਨਕ ਵਾਧਾ ਹੋਣ 'ਤੇ ਚਿੰਤਾ ਪ੍ਰਗਟਾਈ ਹੈ। ਅਦਾਲਤ ਨੇ ਇਸ ਨੂੰ ਸੂਬਾ ਸਰਕਾਰ ਦੀ ਨਾਕਾਮੀ ਕਰਾਰ ਦਿੰਦਿਆਂ ਕਿਹਾ ਕਿ ਇਹ ਨਸ਼ੇ ਦੀ ਆਦਤ ਦੇਸ਼ ਦੇ ਭਵਿੱਖ ਨੂੰ ਸਿਉਂਕ ਵਾਂਗ ਖਾ ਰਹੀ ਹੈ। ਹਾਈ ਕੋਰਟ ਨੇ ਇਹ ਟਿੱਪਣੀ ਫਾਜ਼ਿਲਕਾ ਨਿਵਾਸੀ ਰਿੰਕੂ ਦੀ ਅਗਾਊਂ ਜ਼ਮਾਨਤ ਦੀ ਮੰਗ ਨੂੰ ਰੱਦ ਕਰਦਿਆਂ ਕੀਤੀ ਸੀ। ਉਸ 'ਤੇ 9 ਕਿਲੋਗ੍ਰਾਮ ਹੈਰੋਇਨ ਦੀ ਤਸਕਰੀ ਦਾ ਦੋਸ਼ ਸੀ। ਮਾਮਲੇ ਮੁਤਾਬਕ ਮੁਲਜ਼ਮ ਅਤੇ ਉਸ ਦੇ ਸਾਥੀਆਂ ਨੇ ਪਾਕਿਸਤਾਨ ਤੋਂ ਡਰੋਨ ਰਾਹੀਂ ਨਸ਼ੀਲੇ ਪਦਾਰਥਾਂ ਦੀ ਤਸਕਰੀ ਕਰਨ ਦੀ ਸਾਜ਼ਿਸ਼ ਰਚੀ ਸੀ। ਸੁਣਵਾਈ ਦੌਰਾਨ ਜਸਟਿਸ ਸੰਦੀਪ ਮੌਦਗਿਲ ਨੇ ਕਿਹਾ ਸੀ ਕਿ ਪਿਛਲੇ ਇਕ ਮਹੀਨੇ ਵਿਚ ਹੈਰੋਇਨ ਤਸਕਰੀ ਨਾਲ ਸੰਬੰਧਤ ਜ਼ਮਾਨਤ ਮਾਮਲਿਆਂ ਵਿਚ ਅਚਾਨਕ ਵਾਧਾ ਹੋਇਆ ਹੈ। ਇਹ ਦਰਸਾਉਂਦਾ ਹੈ ਕਿ ਸਰਕਾਰ ਇਸ ਖਤਰੇ ਨੂੰ ਰੋਕਣ ਵਿਚ ਅਸਫਲ ਰਹੀ ਹੈ। ਪਟੀਸ਼ਨਰ ਦੇ ਵਕੀਲ ਨੇ ਦਲੀਲ ਦਿੱਤੀ ਕਿ ਉਸ ਨੂੰ ਸਹਿ ਮੁਲਜ਼ਮ ਹਰਜਿੰਦਰ ਸਿੰਘ ਦੇ ਇਕਬਾਲੀਆ ਬਿਆਨ ਦੇ ਆਧਾਰ 'ਤੇ ਹੀ ਮਾਮਲੇ ਵਿਚ ਨਾਮਜ਼ਦ ਕੀਤਾ ਗਿਆ ਹੈ ਅਤੇ ਉਸ ਖ਼ਿਲਾਫ਼ ਕੋਈ ਠੋਸ ਸਬੂਤ ਨਹੀਂ ਹੈ। ਹਾਲਾਂਕਿ ਅਦਾਲਤ ਨੇ ਇਸ ਨੂੰ ਰੱਦ ਕਰਦਿਆਂ ਕਿਹਾ ਕਿ ਨਸ਼ਾ ਸਮਾਜ ਲਈ ਇਕ ਬੀਮਾਰੀ ਹੈ। ਨਸ਼ੇ ਦੀ ਆਦਤ ਮਨੁੱਖ ਨੂੰ ਖੋਖਲਾ ਕਰ ਦਿੰਦੀ ਹੈ, ਜਦਕਿ ਨਸ਼ਾ ਤਸਕਰੀ ਦੇਸ਼ ਦੀ ਆਰਥਿਕਤਾ ਨੂੰ ਨੁਕਸਾਨ ਪਹੁੰਚਾਉਣ ਦੇ ਨਾਲ ਨਾਲ ਹਿੰਸਾ ਤੇ ਦੇਸ ਵਿਰੋਧੀ ਤਾਕਤਾਂ ਨੂੰ ਵੀ ਬੜ੍ਹਾਵਾ ਦਿੰਦੀ ਹੈ।

ਪੰਜਾਬ ਟਾਈਮਜ ਹਾਈਕੋਰਟ ਦੇ ਹੁਕਮਾਂ ਦੀ ਸ਼ਲਾਘਾ ਕਰਦਾ ਹੈ। ਨਸ਼ੇ ਬਹੁ-ਪਰਤੀ, ਬਹੁ-ਪਸਾਰੀ ਸਮੱਸਿਆ ਹੈ। ਇਸ ਦੇ ਹੱਲ ਲਈ ਸਭ ਨੂੰ ਅੱਗੇ ਆ ਕੇ ਆਪੋ-ਆਪਣੀ ਜ਼ਿੰਮੇਵਾਰੀ ਪਛਾਣਨੀ ਅਤੇ ਨਿਭਾਉਣੀ ਚਾਹੀਦੀ ਹੈ ਤਾਂ ਹੀ ਅਸੀਂ ਨਰੋਏ ਸਮਾਜ ਦੀ ਆਸ ਕਰ ਸਕਦੇ ਹਾਂ। ਸਿਆਸਤਦਾਨਾਂ ਤੇ ਸਟੇਟ ਦੀ ਜ਼ਿੰਮੇਵਾਰੀ ਮੁੱਖ ਹੈ। ਮੁੱਖ ਤੌਰ 'ਤੇ ਇਹੀ ਲੋਕ ਹਾਲਾਤ ਦੇ ਵਿਗਾੜ ਦੇ ਵੀ ਜ਼ਿੰਮੇਵਾਰ ਹਨ ਪਰ ਜੇ ਲੋਕ ਸੁਚੇਤ ਹੋਣ ਤਾਂ ਨੇਤਾਵਾਂ ਨੂੰ ਵੀ ਸਬਕ ਸਿਖਾਇਆ ਜਾ ਸਕਦਾ ਹੈ ਤੇ ਸਿੱਧੇ ਰਸਤੇ 'ਤੇ ਲਿਆਂਦਾ ਜਾ ਸਕਦਾ ਹੈ।

-ਰਜਿੰਦਰ ਸਿੰਘ ਪੁਰੇਵਾਲ

**NEWS & VIEWS**



Gurmukh Singh OBE

# PRESIDENT TRUMP, TARIFFS AND TRADE WAR

Tariffs are the taxes we pay on goods at the point of entry in the importing country. That means that those goods which include imported materials and components etc cost more than locally produced goods and materials. There is no country in the world which is not affected by tariffs, the main barrier to free trade between nations.

Governments imposing high tariffs hope that people would buy fewer goods imported from other countries. However, a point often missed some times is that, in the first instance, tariffs are paid by their own companies importing the goods and not by the companies in foreign countries. Naturally, people will continue to buy foreign goods even at higher prices if these are not produced locally or due to fashion and fad.

So, tariffs aim to protect domestic manufacturers by making locally made goods cheaper. Tariffs do harm to foreign countries also because their products cost more and reduce their market share. This leads to cutting prices and less profits for exporting companies from foreign countries. In poorer exporting countries, this can mean lower wages for local labour. So, all this interdependence means that tariffs imposed on imported goods are not good for all concerned. Generally, tariffs slow down international trade and create an uneven global-trade field.

Everyone gets poorer and the poorer countries suffer even more as the terms of trade are usually not in their favour when they deal with rich countries. (As I write above, I am reminded of own experience in this area in 1987-88 working on the global Tariff Harmonized System at First Secretary (Trade) level at Geneva, in preparation for the Uruguay World Trade Round. Regrettably, much achieved for developing countries in the Trade Rounds which started in 1947, can be undone by the current trend.)

President Trump proposes to use tariffs as a negotiating tool for enforcing US foreign policy. To start with, he has announced 25% tariff on Mexico and Canada and 10% on China. He has mentioned other countries including the EU and the UK. The countries named by Trump have announced counter tariffs of their own in retaliation. China believes that the US action violates World Trade Organisation (WTO) rules, and intends to take the case before the WTO.

The impression given is that Trump intends to start a global trade war hoping to regain US top position in the world. That is not good news for world economy and employment. He also believes that higher tariffs will reduce illegal migration and the smuggling of the synthetic opioid fentanyl to the US.

The biggest surprise is his treatment of Canada and his threat to also raise tariffs for Western democracies including the EU and the UK. Canada is of great economic and strategic importance for the US and is an ally with much shared history. Obstruction to trade flow will do much damage to both countries. The position of China is more complex and things may not work out as expected by Trump.

Global trade war will lead to more bi-lateral trade deals which are not good for developing countries. It can be to the advantage of China in the long run. China is technically advanced, has a huge population (home market) and its trade tentacles spread everywhere. Much to the satisfaction of China, high tariffs imposed by the US can cause divisions between the US and its western allies and provoke high tariffs in retaliation.

Let us hope trade sense prevails.

Gurmukh Singh OBE, Ret'd Principal Civil Servant (UK) sewauk2005@yahoo.co.uk

# ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਪੰਥ ਨੂੰ ਸੇਧ ਦੇਣ, ਕੀ ਸਿੱਖ ਆਗੂਆਂ ਨੂੰ ਕੁੰਭ ਦੇ ਮੇਲੇ 'ਤੇ ਜਾਣਾ ਚਾਹੀਦਾ ਜਾਂ ਨਹੀਂ–ਸ: ਪੁਰੇਵਾਲ



ਭਾਈ ਰਘਬੀਰ ਸਿੰਘ, ਭਾਈ ਰਾਜਿੰਦਰ ਸਿੰਘ ਪੁਰੇਵਾਲ, ਜਥੇਦਾਰ ਰਘਬੀਰ ਸਿੰਘ

**ਡਰਬੀ (ਪੰਜਾਬ ਟਾਈਮਜ਼) – ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਜੀ ਇਹਨੀਂ ਦਿਨੀਂ ਇੰਗਲੈਂਡ ਦੇ ਦੌਰੇ 'ਤੇ ਆਏ ਹੋਏ ਹਨ। ਸ: ਰਾਜਿੰਦਰ ਸਿੰਘ ਪੁਰੇਵਾਲ ਨੇ ਮੰਗਲਵਾਰ ਨੂੰ ਉਹਨਾਂ ਦੇ ਨਾਲ ਫੋਨ 'ਤੇ ਗੱਲਬਾਤ ਕਰਦਿਆਂ ਪੰਥਕ ਮਾਮਲਿਆਂ ਪ੍ਰਤੀ ਵਿਚਾਰ ਚਰਚਾ ਕੀਤੀ ਅਤੇ ਉਹਨਾਂ ਨੂੰ ਬੇਨਤੀ ਕੀਤੀ ਕਿ ਉਹ ਸਿੱਖ ਸੰਗਤਾਂ ਨੂੰ ਆਦੇਸ਼ ਜਾਰੀ ਕਰਨ ਕਿ ਕੀ ਸਿੱਖ ਆਗੂਆਂ ਦਾ ਕੁੰਭ ਦੇ ਮੇਲੇ 'ਤੇ ਜਾਣਾ ਗੁਰਮਤਿ ਅਨੁਸਾਰ ਸਹੀ ਹੈ ਜਾਂ ਨਹੀਂ। ਕੀ ਉਹਨਾਂ ਨੂੰ ਜਾਣਾ ਚਾਹੀਦਾ ਹੈ ਜਾਂ ਨਹੀਂ?**

ਸ: ਪੁਰੇਵਾਲ ਨੇ ਜਥੇਦਾਰ ਰਘਬੀਰ ਸਿੰਘ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਅਸੀਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਦਾ ਪੂਰਾ ਸਤਿਕਾਰ ਕਰਦੇ ਹਾਂ, ਤੇ ਉਹਨਾਂ ਦੇ ਨਾਲ ਖੜ੍ਹੇ ਹਾਂ, ਉਹ ਨਿਰਪੱਖ ਹੋ ਕੇ ਪੰਥ ਦੀ ਏਕਤਾ ਅਤੇ ਚੜ੍ਹਦੀ ਕਲਾ ਲਈ ਸਮਰਪਿਤ ਹੋ ਕੇ ਆਪਣੀ ਡਿਊਟੀ ਨਿਭਾਉਣ। ਉਹਨਾਂ ਅੱਗੇ ਕਿਹਾ ਕਿ ਡਰਬੀ ਸਿੰਘ ਸਭਾ ਗੁਰਦੁਆਰਾ ਸਾਹਿਬ ਦੇ ਪ੍ਰਧਾਨ ਸ: ਰਘਬੀਰ ਸਿੰਘ ਅਤੇ ਨੈਸ਼ਨਲ ਸਿੱਖ ਅਜਾਇਬਘਰ ਡਰਬੀ ਵੱਲੋਂ ਪੰਜਾਬ ਦੀ ਖੁਸ਼ਹਾਲੀ ਤੇ ਪੰਥ ਦੀ ਚੜ੍ਹਦੀ ਕਲਾ ਦੇ ਇਛੁੱਕ ਹਾਂ। ਉਹਨਾਂ ਅੱਗੇ ਜਥੇਦਾਰ ਹੁਣਾ ਨੂੰ ਬੇਨਤੀ ਕੀਤੀ ਕਿ ਲੰਮੇ ਸਮੇਂ ਤੋਂ ਪੰਥਕ ਆਗੂ ਵੋਟਾਂ ਲੈਣ ਸਮੇਂ ਡੇਰਿਆਂ ਵਾਲੇ ਬਾਬਿਆਂ ਦੇ ਪੈਰਾਂ ਵਿੱਚ ਬੈਠ ਦੇਖੇ ਗਏ ਹਨ।

ਸ੍ਰੀ ਅਕਾਲ ਤਖਤ ਵੱਲੋਂ ਅਜਿਹੇ ਆਗੂਆਂ ਅਤੇ ਸੰਗਤਾਂ ਨੂੰ ਸੁਨੇਹਾ ਦਿੱਤਾ ਜਾਣਾ ਚਾਹੀਦਾ ਹੈ। ਜੇ ਉਹਨਾਂ ਨੂੰ ਵੋਟਾਂ ਕਰਕੇ ਜਾਣਾ ਹੀ ਪੈਂਦਾ ਹੈ ਤਾਂ ਉਹਨਾਂ ਦੇ ਪੈਰਾਂ ਵਿੱਚ ਨਾ ਬੈਠਣ, ਕੁਰਸੀਆਂ ਤੇ ਬਰਾਬਰ ਬੈਠ ਕੇ ਵੀ ਗੱਲਬਾਤ ਕਰ ਸਕਦੇ ਹਨ। ਸ: ਪੁਰੇਵਾਲ ਨੇ ਅੱਗੇ ਕਿਹਾ ਕਿ ਉਹ ਆਪਣੇ ਤੌਰ 'ਤੇ ਬਹੁਤ ਸਾਰੇ ਪੰਜਾਬ ਦੇ ਆਗੂਆਂ ਨੂੰ ਪਹਿਲਾਂ ਵੀ ਇਹ ਗੱਲ ਕਹਿ ਚੁੱਕੇ ਹਨ। ਅਕਾਲੀ ਆਗੂਆਂ ਦੇ ਇੰਝ ਕਰਨ ਨਾਲ ਗੁਰੂ ਡੰਮ੍ਹ ਅਤੇ ਬਾਬਾ ਵਾਦ ਵਧਿਆ ਹੈ। ਅਕਾਲੀ ਆਗੂਆਂ ਦੀ ਆਪਸੀ ਗਰੁੱਪਾਂ ਦੀ ਲੜਾਈ ਵਿੱਚੋਂ ਅਕਾਲ ਤਖ਼ਤ ਸਾਹਿਬ ਨੂੰ ਲਾਂਭੇ ਰੱਖਿਆ ਜਾਵੇ। ਜੇ ਕੋਈ ਪੰਥਕ ਆਗੂ ਗੁਰਮਤਿ ਦੇ ਉਲਟ ਚੱਲਦਾ ਹੈ ਤਾਂ ਉਸ ਨੂੰ ਹੀ ਤਨਖਾਹ ਲਾਈ ਜਾਵੇ। ਇਹਨਾਂ ਗਰੁੱਪਾਂ ਨੇ ਚੋਣਾਂ ਵਾਲੇ ਆਪ ਹੀ ਸੀਟਾਂ ਦੀ ਵੰਡ ਤੋਂ ਬਾਅਦ ਇਕੱਠੇ ਹੋ ਜਾਣਾ ਹੈ। ਪਹਿਲਾਂ ਵੀ ਅਕਾਲੀ ਦਲਾਂ ਨੂੰ ਇਕੱਠੇ ਕਰਨ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਉਦਮ ਉਪਰਾਲੇ ਹੁੰਦੇ ਰਹੇ ਹਨ, ਪਰ ਸਫ਼ਲਤਾ ਨਹੀਂ ਮਿਲੀ।

## ਸ੍ਰੀ ਗੁਰੂ ਰਵਿਦਾਸ ਸਭਾ ਯੂ ਕੇ, ਯੂਰਪ ਤੇ ਅਬਰੋਡ ਵੱਲੋਂ ਕੇਂਦਰੀ ਮੰਤਰੀ ਅਮਿਤ ਸ਼ਾਹ ਦੇ ਬਿਆਨ ਅਤੇ ਬਾਬਾ ਸਾਹਿਬ ਅੰਬੇਦਕਰ ਜੀ ਦਾ ਬੁੱਤ ਤੋੜਨ ਦੀ ਨਿਖੇਧੀ



ਦਲਾਵਰ ਸਿੰਘ ਬਾਘਾ, ਸੁਰਿੰਦਰ ਕੁਮਾਰ ਸੋਢੀ, ਜਸਵੀਰ ਰਾਮ ਹੀਰ

**ਡਰਬੀ (ਪੰਜਾਬ ਟਾਈਮਜ਼) – ਭਾਰਤ ਦੇ ਭਾਜਪਾ ਪਾਰਟੀ ਦੇ ਮੰਤਰੀ ਅਮਿਤ ਸ਼ਾਹ ਵੱਲੋਂ ਬੀਤੇ ਦਿਨੀਂ ਨਸਲਵਾਦੀ ਵਿਵਾਦਤ ਬਿਆਨ ਦੇਣ ਦੇ ਮਾਮਲੇ ਅਤੇ ਸ੍ਰੀ ਅੰਮ੍ਰਿਤਸਰ ਵਿਖੇ ਬਾਬਾ ਸਾਹਿਬ ਡਾ: ਭੀਮ ਰਾਓ ਅੰਬੇਦਕਰ ਜੀ ਦਾ ਬੁੱਤ ਤੋੜਨ ਦੀ ਘਟਨਾ ਬਾਰੇ ਪ੍ਰਤੀਕਰਮ ਪ੍ਰਗਟ ਕਰਦਿਆਂ ਸ੍ਰੀ ਗੁਰੂ ਰਵਿਦਾਸ ਸਭਾ ਯੂ ਕੇ, ਯੂਰਪ ਅਤੇ ਅਬਰੋਡ ਦੇ ਪ੍ਰਧਾਨ ਦਲਾਵਰ ਸਿੰਘ ਬਾਘਾ, ਮੀਤ ਪ੍ਰਧਾਨ ਸੁਰਿੰਦਰ ਕੁਮਾਰ ਸੋਢੀ ਅਤੇ ਜਨਰਲ ਸਕੱਤਰ ਜਸਵੀਰ ਰਾਮ ਹੀਰ ਨੇ ਇੱਕ ਸਾਂਝੇ ਬਿਆਨ ਵਿੱਚ ਕਿਹਾ ਕਿ ਇਹ ਬਹੁਤ ਹੀ ਮੰਦਭਾਗਾ ਹੈ। ਉਕਤ ਆਗੂਆਂ ਨੇ ਦੋਵੇਂ ਘਟਨਾਵਾਂ ਦੀ ਸਖਤ ਨਿਖੇਧੀ ਕੀਤੀ ਹੈ।**

ਜਿਸ ਦੇਸ਼ ਵਿੱਚ ਸੰਵਿਧਾਨਕ ਤੌਰ ਤੇ ਸਾਰੇ ਭਾਈਚਾਰਿਆਂ ਅਤੇ ਸਾਰੇ ਵਰਗਾਂ ਲਈ ਬਰਾਬਰ ਦੀ ਵਿਵਸਥਾ ਕੀਤੀ ਗਈ ਹੈ, ਤੇ ਨਸਲਵਾਦੀ ਘਟਨਾਵਾਂ ਨੂੰ ਰੋਕਣ ਲਈ ਕਾਨੂੰਨ ਬਣੇ ਹੋਏ ਹਨ, ਉਸ ਦੇਸ਼ ਦਾ ਕੋਈ ਸੀਨੀਅਰ ਮੰਤਰੀ ਹੋ ਕੇ ਨਸਲਵਾਦੀ ਅਤੇ ਸੰਵਿਧਾਨ ਦੇ ਨਿਰਮਾਤਾ ਬਾਬਾ ਅੰਬੇਦਕਰ ਜੀ ਬਾਰੇ ਗਲਤ ਬਿਆਨਬਾਜ਼ੀ ਕਰਦਾ ਹੈ ਤਾਂ ਇਹ ਗੈਰ ਕਾਨੂੰਨੀ ਹੈ। ਉਹਨਾਂ ਕਿਹਾ ਕਿ ਅਮਿਤ ਸ਼ਾਹ ਦੇ ਵਿਰੁੱਧ ਕਾਨੂੰਨੀ ਕਾਰਵਾਈ ਹੋਣੀ ਚਾਹੀਦੀ ਹੈ। ਇਸੇ ਤਰ੍ਹਾਂ ਉਕਤ ਆਗੂਆਂ ਨੇ ਕਿਹਾ ਕਿ ਸ੍ਰੀ ਅੰਮ੍ਰਿਤਸਰ ਵਿਖੇ ਇਕ ਨੌਜਵਾਨ ਵੱਲੋਂ ਬਾਬਾ ਸਾਹਿਬ ਡਾ: ਬੀ ਆਰ ਅੰਬੇਦਕਰ ਜੀ ਦਾ ਬੁੱਤ ਤੋੜਨ ਦੀ ਕੋਸ਼ਿਸ਼ ਕਰਨਾ ਵੀ ਮੰਦਭਾਗੀ ਘਟਨਾ ਹੈ। ਇਹ ਸਮਾਜ ਵਿੱਚ ਵੰਡੀਆਂ ਪਾਉਣ ਦੀ ਘਟੀਆ ਦਰਜੇ ਦੀ ਖੇਡ, ਖੇਡੀ ਗਈ ਹੈ। ਉਹਨਾਂ ਨੇ ਸਮਾਜ ਦੇ ਸਾਰੇ ਵਰਗਾਂ ਨੂੰ ਸ਼ਾਂਤੀ ਰੱਖਣ ਦੀ ਅਪੀਲ ਕਰਦਿਆਂ ਪੰਜਾਬ ਅਤੇ ਕੇਂਦਰ ਸਰਕਾਰਾਂ ਨੂੰ ਬੇਨਤੀ ਕੀਤੀ ਹੈ ਕਿ ਇਹਨਾਂ ਮਾਮਲਿਆਂ ਦੀ ਕਾਨੂੰਨੀ ਜਾਂਚ ਕਰਵਾ ਕੇ ਸਬੰਧਿਤ ਦੋਸ਼ੀਆਂ ਨੂੰ ਸਖਤ ਸਜ਼ਾ ਦਿੱਤੀ ਜਾਵੇ ਤਾਂ ਜੋ ਅੱਗੇ ਤੋਂ ਕੋਈ ਵਿਅਕਤੀ ਅਜਿਹੀ ਕਾਰਵਾਈ ਨੂੰ ਅੰਜਾਮ ਨਾ ਦੇ ਸਕੇ।

## ਜਥੇਦਾਰ ਜਗਤਾਰ ਸਿੰਘ ਹਵਾਰਾ ਦੀ ਜੇਲ੍ਹ ਬਦਲੀ ਨੂੰ ਲੈ ਕੇ ਸੁਪਰੀਮ ਕੋਰਟ 'ਚ ਹੋਈ ਸੁਣਵਾਈ – ਕੌਮੀ ਇਨਸਾਫ਼ ਮੋਰਚਾ

### ਚੰਡੀਗੜ੍ਹ ਪ੍ਰਸ਼ਾਸਨ ਨੂੰ ਜਵਾਬ ਦੇਣ ਲਈ 4 ਹਫਤਿਆਂ ਦਾ ਦਿੱਤਾ ਸਮਾਂ



ਭਾਈ ਜਗਤਾਰ ਸਿੰਘ ਹਵਾਰਾ

**ਚੰਡੀਗੜ੍ਹ (ਪੰਜਾਬ ਟਾਈਮਜ਼) – ਕੌਮੀ ਇਨਸਾਫ਼ ਮੋਰਚੇ ਵੱਲੋਂ ਜਿੱਥੇ ਬੰਦੀ ਸਿੰਘਾਂ ਦੀ ਰਿਹਾਈ ਲਈ ਮੋਹਾਲੀ ਵਿਖੇ ਬੀਤੇ ਦੋ ਸਾਲਾਂ ਤੋਂ ਵਾਈ ਪੀ ਐਸ ਚੌਂਕ ਨੇੜੇ ਪੱਕਾ ਮੋਰਚਾ ਲਾਇਆ ਹੋਇਆ ਹੈ, ਉਥੇ ਜਥੇਦਾਰ ਜਗਤਾਰ ਸਿੰਘ ਹਵਾਰਾ ਦੀ ਜੇਹਲ ਬਦਲੀ ਵਾਸਤੇ ਕੌਮੀ ਇਨਸਾਫ਼ ਮੋਰਚੇ ਵੱਲੋਂ 10 ਅਗਸਤ 2024 ਨੂੰ ਭਾਰਤ ਦੀ ਸਰਵਉੱਚ ਅਦਾਲਤ ਵਿੱਚ ਅਰਜ਼ੀ ਲਾਈ ਗਈ ਸੀ, ਜਿਸ ਦੇ ਚਲਦਿਆਂ ਸੁਪਰੀਮ ਕੋਰਟ ਵਿੱਚ ਮਾਮਲੇ ਦੀ ਸੁਣਵਾਈ ਹੋਈ। ਇਸ ਸਬੰਧੀ ਗੱਲਬਾਤ ਕਰਦਿਆਂ ਭਾਈ ਪਾਲ ਸਿੰਘ ਫਰਾਂਸ ਅਤੇ ਭਾਈ ਇੰਦਰਵੀਰ ਸਿੰਘ ਨੇ ਦੱਸਿਆ ਕਿ ਸੁਣਵਾਈ ਮੌਕੇ ਕੌਮੀ ਇਨਸਾਫ਼ ਮੋਰਚੇ ਦੇ ਸੀਨੀਅਰ ਐਡਵੋਕੇਟ ਕੋਲੀਨ ਗੋਸਲਵਿਸ, ਐਡਵੋਕੇਟ ਗੁਰਸ਼ਰਨ ਸਿੰਘ, ਐਡਵੋਕੇਟ ਸਤਿਆ ਮਿੱਤਰਾ, ਐਡਵੋਕੇਟ ਮਨੀਕ ਹਰਲੀਨ ਅਤੇ ਐਡਵੋਕੇਟ ਕਰਮਜੀਤ ਕੌਰ ਅਦਾਲਤ ਵਿੱਚ ਹਾਜ਼ਰ ਸਨ।**

ਉਹਨਾਂ ਦੱਸਿਆ ਕਿ ਏ ਜੀ ਪੰਜਾਬ ਗੁਰਮਿੰਦਰ ਸਿੰਘ ਨੇ ਜਿੱਥੇ ਪੰਜਾਬ ਸਰਕਾਰ ਦੀ ਤਰਫ਼ੋਂ ਇਸ ਨਾਲ ਪੰਜਾਬ ਵਿੱਚ ਕਾਨੂੰਨ ਵਿਵਸਗ਼ਥਾ ਖਰਾਬ ਹੋਣ ਦਾ ਹਵਾਲ ਦਿੰਦਿਆਂ ਜਥੇਦਾਰ ਹਵਾਰਾ ਦੀ ਜੇਲ੍ਹ ਬਦਲੀ ਦਾ ਵਿਰੋਧ ਕੀਤਾ, ਉਥੇ ਹੀ ਬਾਈ ਹਵਾਰਾ ਦੀ ਜੇਲ੍ਹ ਬਦਲੀ ਦਾ ਵਿਰੋਧ ਵੀ ਕੀਤਾ। ਦੂਜੇ ਪਾਸੇ ਭਾਈ ਹਵਾਰਾ ਦੇ ਵਕੀਲਾਂ ਨੇ ਏ ਜੀ ਪੰਜਾਬ ਦੀਆਂ ਇਹਨਾਂ ਦਲੀਲਾਂ ਨੂੰ ਖ਼ਾਰਜ ਕਰਦਿਆਂ ਅਦਾਲਤ ਨੂੰ ਜਾਣੂ ਕਰਵਾਇਆ ਕਿ ਜਥੇਦਾਰ ਹਵਾਰਾ ਨਾਲ ਸੰਬੰਧਿਤ ਸਾਥੀ ਵੀ ਚੰਡੀਗੜ੍ਹ ਜੇਲ੍ਹ ਵਿੱਚ ਮੌਜੂਦ ਹਨ, ਜਿਨ੍ਹਾ 'ਤੇ ਜੇਲ੍ਹ ਵਿੱਚੋਂ ਫਰਾਰ ਹੋਣ ਦਾ ਵੀ ਦੋਸ਼ ਹੈ, ਫਿਰ ਭਾਈ ਹਵਾਰਾ ਨੂੰ ਕਿਉਂ ਤਬਦੀਲ ਨਹੀਂ ਕੀਤਾ ਜਾ ਰਿਹਾ। ਇਸ ਸੰਬੰਧੀ ਜੱਜ ਵੱਲੋਂ ਏ ਜੀ ਨੂੰ ਪੁੱਛਣ 'ਤੇ ਏ ਜੀ ਪੰਜਾਬ ਨੇ ਇਸ ਨੂੰ ਸਿਰਫ਼ ਚੰਡੀਗੜ੍ਹ ਦਾ ਮਾਮਲਾ ਦੱਸਿਆ, ਜਿਸ 'ਤੇ ਅਦਾਲਤ ਵੱਲੋਂ ਚੰਡੀਗੜ੍ਹ ਪ੍ਰਸ਼ਾਸਨ ਨੂੰ ਪਾਰਟੀ ਬਵਣਾਉਂਦਿਆਂ ਆਪਣਾ ਜਵਾਬ ਦੇਣ ਲਈ 4 ਹਫ਼ਤਿਆਂ ਦਾ ਸਮਾਂ ਦਿੱਤਾ ਗਿਆ ਹੈ।

## ਦੂਜੇ ਰਾਜਾਂ ਤੋਂ ਹਥਿਆਰ ਸਪਲਾਈ ਕਰਨ ਵਾਲੇ ਡੇਢ ਲੱਖ ਰੁਪਏ ਸਣੇ ਦੋ ਫੜੇ, ਪਿਸਤੌਲ ਤੇ ਬਰਾਮਦ

**ਅੰਮ੍ਰਿਤਸਰ-ਜ਼ਿਲ੍ਹਾ ਦਿਹਾਤੀ ਦੀ ਸੀਆਈਏ ਸਟਾਫ਼ ਟੀਮ ਨੇ ਹਥਿਆਰਾਂ ਦੀ ਤਸਕਰੀ ਕਰਨ ਵਾਲੇ ਗਿਰੋਹ ਦੇ ਦੋ ਮੈਂਬਰਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਮੁਲਜ਼ਮਾਂ ਦੇ ਕਬਜ਼ੇ ਵਿਚੋਂ ਇਕ 32 ਬੋਰ ਦਾ ਪਿਸਤੌਲ, 10 ਜ਼ਿੰਦਾ ਕਾਰਤੂਸ ਅਤੇ 1.50 ਲੱਖ ਰੁਪਏ ਬਰਾਮਦ ਕੀਤੇ ਗਏ ਹਨ। ਮੁਲਜ਼ਮਾਂ ਦੀ ਪਛਾਣ ਰਣਜੀਤ ਸਿੰਘ ਗਾਨਾ ਵਾਸੀ ਮੀਰਾਂਕੋਟ ਚੌਂਕ ਖੈਰਾਬਾਦ ਰੋਡ ਅਤੇ ਅਮਨਦੀਪ ਸਿੰਘ ਉਰਫ਼ ਪ੍ਰਿੰਸ ਵਾਸੀ ਗਲੀ ਬਾਲ ਡੇਅਰੀ ਵਾਲੀ ਘਨੂੰਪੁਰ ਕਾਲੇ ਵਜੋਂ ਹੋਈ ਹੈ। ਪੁਲਿਸ ਨੇ ਮੁਲਜ਼ਮਾਂ ਖ਼ਿਲਾਫ਼ ਮਾਮਲਾ ਦਰਜ ਕਰ ਲਿਆ ਹੈ। ਪੁਲਿਸ ਨੇ ਕਿਹਾ ਕਿ ਮੁਲਜ਼ਮਾਂ ਤੋਂ ਪੁੱਛਗਿੱਛ ਕੀਤੀ ਜਾ ਰਹੀ ਹੈ ਅਤੇ ਕਈ ਖੁਲਾਸੇ ਹੋਣ ਦੀ ਉਮੀਦ ਹੈ।**

# ਇੰਗਲੈਂਡ ਦੀਆਂ ਸਿੱਖ ਜਥੇਬੰਦੀਆਂ ਅਤੇ ਗੁਰੂ ਘਰਾਂ ਦੇ ਪ੍ਰਬੰਧਕਾਂ ਨੇ ਜਥੇਦਾਰ ਗਿਆਨੀ ਰਘਬੀਰ ਸਿੰਘ ਨਾਲ ਕੀਤੀਆਂ ਅਹਿਮ ਵਿਚਾਰਾਂ

*** 2 ਦਸੰਬਰ ਨੂੰ ਲਏ ਗਏ ਫੈਸਲੇ ਲਾਗੂ ਕਰਨ ਅਤੇ 7 ਮੈਬਰੀ ਕਮੇਟੀ ਨੂੰ ਕੰਮ ਕਰਨ ਦੀ ਕੀਤੀ ਗਈ ਮੰਗ**
*** ਸ਼੍ਰੋਮਣੀ ਅਕਾਲੀ ਦਲ ਦੀ ਭਰਤੀ ਵਿਚ ਵਿਦੇਸੀ ਸਿੱਖਾਂ ਨੂੰ ਵੀ ਸ਼ਾਮਿਲ ਕਰਨ ਦੀ ਕੀਤੀ ਗਈ ਅਪੀਲ**
***ਸਿੱਖ ਆਗੂਆਂ ਨੇ ਸ੍ਰੀ ਆਕਾਲ ਤਖਤ ਸਾਹਿਬ ਜੀ ਤੋਂ ਜਾਰੀ ਹੋਣ ਵਾਲੇ ਹਰੇਕ ਆਦੇਸ਼ ਦਾ ਪਾਲਣ ਕਰਨ ਦਾ ਦਿੱਤਾ ਭਰੋਸਾ**



ਜਥੇਦਾਰ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਜੀ ਨਾਲ਼ ਮੀਟਿੰਗ ਉਪਰੰਤ ਇੰਗਲੈਂਡ ਦੀਆਂ ਸਿੱਖ ਜਥੇਬੰਦੀਆਂ ਦੇ ਆਗੂ ਅਤੇ ਵੱਖ ਵੱਖ ਗੁਰੂ ਘਰਾਂ ਦੇ ਪ੍ਰਬੰਧਕ।

ਲੈਸਟਰ–(ਸੁਖਜਿੰਦਰ ਸਿੰਘ ਢੱਡੇ)–ਕੁਝ ਦਿਨਾਂ ਲਈ ਇੰਗਲੈਂਡ ਨਿੱਜੀ ਪਰਿਵਾਰਿਕ ਫੇਰੀ ਤੇ ਆਏ ਸ੍ਰੀ ਆਕਾਲ ਤਖਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਜੀ ਨਾਲ ਇੰਗਲੈਂਡ ਦੀਆਂ ਸਿੱਖ ਜਥੇਬੰਦੀਆਂ ਅਤੇ ਵੱਖ ਵੱਖ ਗੁਰੂ ਘਰਾਂ ਦੇ ਪ੍ਰਬੰਧਕਾਂ ਵੱਲੋਂ ਗੁਰਦੁਆਰਾ ਸ੍ਰੀ ਗੁਰੂ ਹਰਿਰਾਏ ਸਾਹਿਬ ਜੀ ਵੈਸਟ ਬ੍ਰਾਮਿਚ ਦੇ ਪ੍ਰਧਾਨ ਭਾਈ ਦਿਆ ਸਿੰਘ ਦੇ ਗ੍ਰਹਿ ਵਿਖੇ ਵਿਸ਼ੇਸ ਮੀਟਿੰਗ ਕੀਤੀ ਗਈ, ਜਿਸ ਵਿੱਚ ਵੱਡੀ ਗਿਣਤੀ ਚ ਸਿੱਖ ਆਗੂਆਂ ਨੇ ਸ਼ਿਰਕਤ ਕੀਤੀ। ਇਸ ਮੌਕੇ ਤੇ ਇੰਗਲੈਂਡ ਦੇ ਸਿੱਖ ਆਗੂਆਂ ਨੇ 2 ਦਸੰਬਰ ਨੂੰ ਸਿੰਘ ਸਾਹਿਬਾਨ ਵੱਲੋਂ ਲਏ ਗਏ ਇਤਿਹਾਸਕ ਫੈਸਲਿਆਂ ਦੀ ਸ਼ਲਾਘਾ ਕਰਦਿਆਂ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਜੀ ਨੂੰ ਬੇਨਤੀ ਕੀਤੀ ਕਿ 2 ਦਸੰਬਰ ਨੂੰ ਲਏ ਗਏ ਫੈਸਲੇ ਲਾਗੂ ਕਰਵਾ ਕੇ ਬਣਾਈ ਗਈ 7 ਮੈਬਰੀ ਕਮੇਟੀ ਨੂੰ ਕੰਮ ਕਰਨ ਦਿੱਤਾ ਜਾਵੇ। ਜਿਸ ਤੇ ਜਥੇਦਾਰ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਜੀ ਨੇ ਹਾਜ਼ਿਰ ਸਿੱਖ ਆਗੂਆਂ ਨੂੰ ਯਕੀਨ ਦਿਵਾਉਂਦਿਆਂ ਕਿਹਾ ਕਿ 2 ਦਸੰਬਰ ਨੂੰ ਲਏ ਗਏ ਫੈਸਲੇ ਇਨਬਿੰਨ ਲਾਗੂ ਕੀਤੇ ਜਾਣਗੇ, ਅਤੇ ਬਣਾਈਂ ਗਈ 7 ਮੈਬਰੀ ਕਮੇਟੀ ਬਿਨਾਂ ਕਿਸੇ ਦਖ਼ਲ ਦੇ ਆਪਣਾ ਕੰਮ ਕਰੇਗੀ।

ਇਸ ਮੌਕੇ ਤੇ ਸਿੱਖ ਫੈਡਰੇਸ਼ਨ ਯੂ ਕੇ ਦੇ ਚੇਅਰਮੈਨ ਭਾਈ ਅਮਰੀਕ ਸਿੰਘ ਗਿੱਲ ਅਤੇ ਤੀਰ ਗਰੁੱਪ ਦੇ ਸਪੋਕਸਪਰਸਨ ਅਤੇ ਗੁਰਦੁਆਰਾ ਸ੍ਰੀ ਗੁਰੂ ਤੇਗਬਹਾਦਰ ਸਾਹਿਬ ਲੈਸਟਰ ਦੇ ਸਾਬਕਾ ਪ੍ਰਧਾਨ ਸ ਰਾਜਮਨਵਿੰਦਰ ਸਿੰਘ ਰਾਜਾ ਕੰਗ ਨੇ ਜਥੇਦਾਰ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਜੀ ਨੂੰ ਬੇਨਤੀ ਕਰਦਿਆਂ ਕਿਹਾ ਕਿ ਸ਼੍ਰੀ ਆਕਾਲ ਤਖਤ ਸਾਹਿਬ ਜੀ ਤੋਂ ਲਏ ਜਾਣ ਵਾਲੇ ਫੈਸਲਿਆਂ ਮੌਕੇ ਵਿਦੇਸੀ ਸਿੱਖਾਂ ਦੀਆਂ ਭਾਵਨਾਵਾਂ ਦਾ ਖਿਆਲ ਰੱਖਣ ਦੀ ਕਿਰਪਾਲਤਾ ਕੀਤੀ ਜਾਵੇ। ਉਕਤ ਆਗੂਆਂ ਨੇ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਜੀ ਨੂੰ ਯਕੀਨ ਦਿਵਾਉਂਦਿਆਂ ਕਿਹਾ ਕਿ ਸ਼੍ਰੀ ਆਕਾਲ ਤਖਤ ਸਾਹਿਬ ਜੀ ਤੋਂ ਜ਼ੋ ਵੀ ਫੈਸਲਾ ਆਉਂਦਾ ਹੈ, ਇੰਗਲੈਂਡ ਦੀਆ ਸਿੰਘ ਸੰਗਤਾਂ ਉਸ ਫੈਸਲੇ ਨਾਲ ਚਟਾਨ ਵਾਂਗ ਖੜੀਆਂ ਹਨ। ਇਸ ਮੌਕੇ ਤੇ ਉਕਤ ਆਗੂਆਂ ਨੇ ਜਥੇਦਾਰ ਸਾਹਿਬ ਨੂੰ ਬੇਨਤੀ ਕਰਦਿਆਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਦੀ ਭਰਤੀ ਵਿਚ ਵਿਦੇਸੀ ਸਿੱਖਾਂ ਨੂੰ ਵੀ ਸ਼ਾਮਿਲ ਕੀਤਾ ਜਾਵੇ, ਜਿਸ ਤੇ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਜੀ ਨੇ ਸਪੱਸ਼ਟ ਕਰਦਿਆਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਦੇ ਸੰਵਿਧਾਨ ਮੁਤਾਬਿਕ ਇਸ ਨੂੰ ਯਕੀਨੀ ਬਣਾਇਆ ਜਾਵੇਗਾ। ਇਸ ਮੌਕੇ ਤੇ ਉਕਤ ਆਗੂਆਂ ਵੱਲੋਂ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਜੀ ਦਾ ਵਿਸ਼ੇਸ਼ ਤੌਰ ਤੇ ਸਨਮਾਨ ਵੀ ਕੀਤਾ ਗਿਆ। ਇਸ ਮੌਕੇ ਤੇ ਸਿੱਖ ਫੈਡਰੇਸ਼ਨ ਯੂ ਕੇ ਦੇ ਅਮਰੀਕ ਸਿੰਘ ਗਿੱਲ, ਕੁਲਦੀਪ ਸਿੰਘ ਚਹੇੜੂ, ਸੁਖਵੀਰ ਸਿੰਘ ਬਾਸੀ ਬਾਰਕਿੰਗ,ਭਾਈ ਹਰਦੀਸ ਸਿੰਘ, ਪ੍ਰਮਜੀਤ ਸਿੰਘ ਢਾਡੀ, ਪਵਿੱਤਰ ਸਿੰਘ ਖਹਿਰਾ ਕੂਵੈਟਰੀ, ਰਘਬੀਰ ਸਿੰਘ ਬੀਰਾ, ਚਾਨਣ ਸਿੰਘ ਸਿੱਧੂ, ਭਾਈ ਦਵਿੰਦਰਜੀਤ ਸਿੰਘ,ਭਾਈ ਰਘਬੀਰ ਸਿੰਘ ਬਰਮਿੰਘਮ, ਭਾਈ ਰਘਬੀਰ ਸਿੰਘ ਮਾਲੜੀ ਨੌਟੀਗਮ, ਗੁਰਨਾਮ ਸਿੰਘ ਨਵਾਂ ਸ਼ਹਿਰ ਪ੍ਰਧਾਨ ਗੁਰਦੁਆਰਾ ਸ੍ਰੀ ਗੁਰੂ ਤੇਗਬਹਾਦਰ ਸਾਹਿਬ ਲੈਸਟਰ, ਸੁਖਜਿੰਦਰ ਸਿੰਘ ਵਾਇਸ ਪ੍ਰਧਾਨ, ਬਲਵਿੰਦਰ ਸਿੰਘ ਚਹੇੜੂ, ਆਗਿਆਕਾਰ ਸਿੰਘ ਵਡਾਲਾ, ਜਗਜੀਤ ਸਿੰਘ ਜੀਤਾ, ਰਘਬੀਰ ਸਿੰਘ ਆਵਾਜੇ ਕੌਮ, ਹਰਦਿਆਲ ਸਿੰਘ ਸੰਘੇੜਾ ਸਮੇਤ ਇੰਗਲੈਂਡ ਦੇ ਵੱਖ ਵੱਖ ਸ਼ਹਿਰਾਂ ਦੇ ਗੁਰੂ ਘਰਾਂ ਗੁਰਦੁਆਰਾ ਬਾਬਾ ਸੰਘ, ਬਾਰਕਿੰਗ ਗੁਰਦੁਆਰਾ ਸਾਹਿਬ, ਸਾਉਥਹਾਲ ਗੁਰਦੁਆਰਾ ਸਾਹਿਬ ਸਮੇਤ ਵੱਖ ਵੱਖ ਗੁਰੂ ਘਰਾਂ ਦੇ ਪ੍ਰਬੰਧਕ ਸ਼ਾਮਿਲ ਸਨ।

# HOW MAJOR TECHNOLOGY COMPANIES ARE PLAYING A WAR IN DEMOCRATIC REPUBLIC OF CONGO.

The Democratic Republic of Congo massacred by technology companies and Rwandan backed rebels. In the quest for a sustainable future, the world has embraced energy technology with favour. Electric vehicles, rechargeable batteries symbolises a hopeful transition from fossil fuels to renewable resources, behind this revolution lies a stark and often overlooked reality, the lives and blood of the Congolese people, including children, are fuelling these innovations. The Democratic Republic Of Congo holds the world largest cobalt,



ਲੰਬੜਦਾਰ ਧਰਮਵੀਰ ਸਿੰਘ ਕਲੇਰ, ਕਵੈਂਟਰੀ



a critical component in batteries that power everything from smartphones to electric cars. While this mineral wealth should promise prosperity, it has instead brought agony and exploitation. Miners many of whom are children, labour in hazardous condition to extract cobalt from the earth. These miners work without proper safety equipment facing daily risks of injury and death. The proceeds of their labour reach the hands as corrupt practices and armed groups divert profits and cause a cycle of poverty and violence. The world demands for cobalt has skyrocketed, driven by the increasing adoption pof new technology, yet this demands exacerbates the humanitarian crisis in the region. The world benefits from clean energy revolution, but at a grave human cost. Many children lose their livelihoods and their lives. Mining a mineral that powers the devices and vehicles of the future. As customers its imperative to acknowledge this hidden cost by sharing the stories of the conflict. My overview is to buy anything renewables and devices second hand to force this exploitative, colonial industry to stop killing the congloese people for a land that belongs only to it's people.

**From : LAMBARDAR DHARMVEER SINGH CLAIRE COVENTRY**

# ਟਰੰਪ ਕਾਰਣ ਦੁਨੀਆਂ ਵਿਚ ਸ਼ੁਰੂ ਹੋਇਆ ਆਰਥਿਕ ਯੁੱਧ, ਮੰਦੀ ਦੀ ਸੰਭਾਵਨਾ

**ਵਿਸ਼ੇਸ਼ ਰਿਪੋਟ**

## ✪ ਮੈਕਸੀਕੋ, ਕੈਨੇਡਾ, ਚੀਨ ਤੋਂ ਬਾਅਦ, ਟਰੰਪ ਨੇ ਹੁਣ ਯੂਰਪੀਅਨ ਯੂਨੀਅਨ ਨੂੰ ਨਿਸ਼ਾਨਾ ਬਣਾਇਆ
## ✪ ਟੈਰਿਫ ਲਗਾਉਣ ਤੋਂ ਬਾਅਦ ਚੀਨ, ਕੈਨੇਡਾ ਤੇ ਮੈਕਸੀਕੋ ਦਾ ਅਮਰੀਕਾ ਵਿਰੁੱਧ ਸਖਤ ਰੁਖ

ਟਰੰਪ ਦੀ ਟੈਰਿਫ ਰਟ ਕਾਰਣ ਦੁਨੀਆਂ ਵਿਚ ਆਰਥਿਕ ਯੁਧ ਸ਼ੁਰੂ ਹੋ ਗਿਆ ਹੈ। ਕੈਨੇਡਾ, ਮੈਕਸੀਕੋ ਅਤੇ ਚੀਨ ਤੋਂ ਬਾਅਦ, ਡੋਨਾਲਡ ਟਰੰਪ ਨੇ ਸੰਕੇਤ ਦਿੱਤਾ ਹੈ ਕਿ 27 ਦੇਸ਼ਾਂ ਦੇ ਯੂਰਪੀ ਸੰਘ ’ਤੇ ਵੀ ਟੈਰਿਫ ਲਗਾਇਆ ਜਾ ਸਕਦਾ ਹੈ। ਹਾਲਾਂਕਿ, ਇਹ ਕਦੋਂ ਹੋਵੇਗਾ ਇਸ ਬਾਰੇ ਕੁਝ ਸਪੱਸ਼ਟ ਨਹੀਂ ਹੈ। ਟਰੰਪ ਨੇ ਕਿਹਾ ਸੀ, ‘ਉਹ ਸਾਡੀਆਂ ਕਾਰਾਂ ਨਹੀਂ ਲੈਂਦੇ, ਸਾਡੇ ਖੇਤੀ ਉਤਪਾਦ ਨਹੀਂ ਲੈਂਦੇ। ਉਹ ਕੁਝ ਨਹੀਂ ਖਰੀਦਦੇ, ਪਰ ਅਸੀਂ ਉਨ੍ਹਾਂ ਤੋਂ ਸਭ ਕੁਝ ਲੈਂਦੇ ਹਾਂ। ਅਮਰੀਕੀ ਰਾਸ਼ਟਰਪਤੀ ਟਰੰਪ ਵੱਲੋਂ ਕੁਝ ਦਿਨ ਪਹਿਲਾਂ ਲਏ ਗਏ ਫੈਸਲੇ ਕਾਰਨ, ਦੁਨੀਆ ਭਰ ਵਿੱਚ ‘ਟੈਰਿਫ ਯੁੱਧ’ ਦੀ ਸ਼ੰਕਾ ਵਧ ਗਈ ਹੈ। ਟਰੰਪ ਨੇ ਸੰਕੇਤ ਦਿੱਤਾ ਕਿ ਬ੍ਰਿਟੇਨ, ਜੋ 2020 ਵਿੱਚ ਯੂਰਪੀਅਨ ਯੂਨੀਅਨ ਨੂੰ ਛੱਡਿਆ ਹੈ, ਨੂੰ ਟੈਰਿਫ ਤੋਂ ਛੋਟ ਦਿੱਤੀ ਜਾ ਸਕਦੀ ਹੈ।




ਟਰੰਪ ਨੇ ਸ਼ਨੀਵਾਰ ਨੂੰ ਕੈਨੇਡਾ, ਮੈਕਸੀਕੋ ਅਤੇ ਚੀਨ ਤੋਂ ਆਉਣ ਵਾਲੇ ਸਮਾਨ ’ਤੇ ਭਾਰੀ ਟੈਰਿਫ ਲਗਾਉਣ ਵਾਲੇ ਇੱਕ ਕਾਰਜਕਾਰੀ ਆਦੇਸ਼ ’ਤੇ ਦਸਤਖਤ ਕੀਤੇ ਸਨ। ਟਰੰਪ ਦੇ ਫੈਸਲੇ ਤੋਂ ਤੁਰੰਤ ਬਾਅਦ, ਉਨ੍ਹਾਂ ਦੇ ਗੁਆਂਢੀ ਦੇਸ਼ਾਂ ਕੈਨੇਡਾ ਅਤੇ ਮੈਕਸੀਕੋ ਨੇ ਜਵਾਬੀ ਕਾਰਵਾਈ ਕੀਤੀ ਅਤੇ ਅਮਰੀਕਾ ’ਤੇ ਜਵਾਬੀ ਟੈਰਿਫ ਲਗਾ ਦਿੱਤੇ। ਇਸ ਕਾਰਨ ਹੁਣ ਇੱਕ ਵੱਡਾ ਆਰਥਿਕ ਟਕਰਾਅ ਪੈਦਾ ਹੋਣ ਦੀ ਸੰਭਾਵਨਾ ਹੈ।

ਯੂਰਪੀ ਸੰਘ ਦੀ ਵਿਦੇਸ਼ ਨੀਤੀ ਦੇ ਮੁਖੀ ਕਾਜਾ ਕਾਲਸ ਨੇ ਕਿਹਾ ਕਿ ਵਪਾਰ ਯੁੱਧ ਵਿੱਚ ਕੋਈ ਵੀ ਜਿੱਤਦਾ ਨਹੀਂ ਹੈ। ਜੇਕਰ ਯੂਰਪ ਅਤੇ ਅਮਰੀਕਾ ਵਿਚਾਲੇ ਅਜਿਹਾ ਕੁਝ ਹੁੰਦਾ ਹੈ, ਤਾਂ ਚੀਨ ਸਾਡੇ ’ਤੇ ਹੱਸੇਗਾ।ਯੂਰਪੀਅਨ ਯੂਨੀਅਨ ਨੇ ਕਿਹਾ ਕਿ ਜੇਕਰ ਅਮਰੀਕੀ ਰਾਸ਼ਟਰਪਤੀ ਟੈਰਿਫ ਲਗਾਉਂਦੇ ਹਨ ਤਾਂ ਉਹ “ਸਖ਼ਤ ਜਵਾਬ” ਦੇਵੇਗਾ। ਫਰਾਂਸ ਦੇ ਰਾਸ਼ਟਰਪਤੀ ਇਮੈਨੁਅਲ ਮੈਕਰੋਨ ਨੇ ਕਿਹਾ ਕਿ ਜੇਕਰ ਯੂਰਪੀ ਸੰਘ ਦੇ ਵਪਾਰਕ ਹਿੱਤਾਂ ’ਤੇ ਹਮਲਾ ਹੁੰਦਾ ਹੈ ਤਾਂ ਇਸ ਦਾ ਪ੍ਰਤੀਕਰਮ ਦੇਖਣ ਨੂੰ ਮਿਲੇਗਾ।

ਮਾਹਿਰਾਂ ਦਾ ਮੰਨਣਾ ਹੈ ਕਿ ਟਰੰਪ ਦੀ ਟੈਰਿਫ ਨੀਤੀ ਅਮਰੀਕਾ ਦੇ ਵਿਕਾਸ ਨੂੰ ਹੌਲੀ ਕਰੇਗੀਅ। ਅਮਰੀਕੀ ਰਾਸ਼ਟਰਪਤੀ ਵੱਲੋਂ ਕੈਨੇਡਾ, ਮੈਕਸੀਕੋ ਅਤੇ ਚੀਨ ’ਤੇ ਟੈਰਿਫ ਲਗਾਉਣ ਲਈ ਇੱਕ ਦਿਨ ਪਹਿਲਾਂ ਜਾਰੀ ਕੀਤੇ ਗਏ ਹੁਕਮ ਵਿੱਚ ਕਿਹਾ ਗਿਆ ਹੈ ਕਿ ਚੀਨ ਤੋਂ ਆਉਣ ਵਾਲੇ ਸਾਰੇ ਆਯਾਤ ’ਤੇ 10 ਪ੍ਰਤੀਸ਼ਤ ਟੈਰਿਫ ਲਗਾਇਆ ਜਾਵੇਗਾ ਅਤੇ ਮੈਕਸੀਕੋ ਅਤੇ ਕੈਨੇਡਾ ਦਰਾਮਦ ’ਤੇ 25 ਪ੍ਰਤੀਸ਼ਤ ਡਿਊਟੀ ਹੋਵੇਗੀ। ਟਰੰਪ ਦੁਆਰਾ ਦਸਤਖਤ ਕੀਤੇ ਗਏ ਕਾਰਜਕਾਰੀ ਆਦੇਸ਼ ਵਿੱਚ ਇਹ ਵੀ ਵਿਵਸਥਾ ਹੈ ਕਿ ਜੇਕਰ ਦੇਸ਼ ਅਮਰੀਕਾ ਵਿਰੁੱਧ ਬਦਲਾ ਲੈਂਦੇ ਹਨ ਤਾਂ ਦਰਾਂ ਵਧਾਈਆਂ ਜਾ ਸਕਦੀਆਂ ਹਨ।

ਕੈਨੇਡੀਅਨ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਕਿਹਾ ਹੈ ਕਿ ਉਨ੍ਹਾਂ ਦੀ ਸਰਕਾਰ ਅਮਰੀਕਾ ਤੋਂ ਆਯਾਤ ਹੋਣ ਵਾਲੀਆਂ ਸਾਰੀਆਂ ਵਸਤਾਂ ’ਤੇ 25 ਪ੍ਰਤੀਸ਼ਤ ਟੈਰਿਫ ਲਗਾਉਣ ਦੇ ਟਰੰਪ ਦੇ ਫੈਸਲੇ ਦੇ ਜਵਾਬ ਵਿੱਚ 155 ਬਿਲੀਅਨ ਕੈਨੇਡੀਅਨ ਡਾਲਰ ਦੇ ਅਮਰੀਕੀ ਸਮਾਨ ’ਤੇ 25 ਪ੍ਰਤੀਸ਼ਤ ਟੈਰਿਫ ਲਗਾਏਗੀ। ਜਸਟਿਨ ਟਰੂਡੋ ਨੇ ਕਿਹਾ ਕਿ ਉਹ ਜਲਦੀ ਹੀ ਮੈਕਸੀਕਨ ਰਾਸ਼ਟਰਪਤੀ ਕਲਾਉਡੀਆ ਸ਼ੀਨਬੌਮ ਨਾਲ ਗੱਲ ਕਰਨਗੇ ਅਤੇ ਇਸ ਮੁੱਦੇ ’ਤੇ ਚਰਚਾ ਕਰਨ ਲਈ ਪਹਿਲਾਂ ਹੀ ਆਪਣੇ ਮੰਤਰੀ ਮੰਡਲ ਨਾਲ ਮੁਲਾਕਾਤ ਕਰ ਚੁੱਕੇ ਹਨ।ਉਨ੍ਹਾਂ ਨੇ ਕਿਹਾ ਕਿ ਅਸੀਂ ਇਹ ਨਹੀਂ ਚਾਹੁੰਦੇ ਸੀ, ਪਰ ਕੈਨੇਡਾ ਤਿਆਰ ਹੈ। ਟਰੂਡੋ ਨੇ ਕਿਹਾ ਕਿ ਟੈਰਿਫ ਕੁਝ ਸਾਲ ਪਹਿਲਾਂ ਹੋਏ ਇੱਕ ਮੁਕਤ ਵਪਾਰ ਸਮਝੌਤੇ ਦੀ ਉਲੰਘਣਾ ਕਰਦੇ ਹਨ। ਇਸ ਦੇ ਅਮਰੀਕੀ ਲੋਕਾਂ ਲਈ ਗੰਭੀਰ ਨਤੀਜੇ ਹੋਣਗੇ।

ਮੈਕਸੀਕਨ ਰਾਸ਼ਟਰਪਤੀ ਕਲਾਉਡੀਆ ਸ਼ੀਨਬੌਮ ਨੇ ਐਲਾਨ ਕੀਤਾ ਕਿ ਮੈਕਸੀਕੋ ਜਵਾਬੀ ਟੈਰਿਫ ਲਗਾਏਗਾ ਅਤੇ ਆਪਣੇ ਹਿੱਤਾਂ ਦੀ ਰੱਖਿਆ ਲਈ ਹੋਰ ਉਪਾਅ ਕਰੇਗਾ। ਉਸਨੇ ਟਰੰਪ ਦੇ ਇਸ ਦੋਸ਼ ਨੂੰ ਵੀ ਰੱਦ ਕਰ ਦਿੱਤਾ ਕਿ ਮੈਕਸੀਕਨ ਸਰਕਾਰ ਦੇ ਅਪਰਾਧਿਕ ਸੰਗਠਨਾਂ ਨਾਲ ਸਬੰਧ ਹਨ।

ਚੀਨ ਨੇ ਡਬਲਯੂਟੀਓ ਵਿੱਚ ਕੇਸ ਦਾਇਰ ਕਰਨ ਦਾ ਫੈਸਲਾ ਕੀਤਾ ਹੈ। ਚੀਨ ਨੇ ਕਿਹਾ ਕਿ ਉਹ ਆਪਣੇ ਹਿੱਤਾਂ ਦੀ ਰਾਖੀ ਲਈ ਢੁਕਵੇਂ ਜਵਾਬੀ ਉਪਾਅ ਕਰੇਗਾ।

### ਟਰੰਪ ਮੈਕਸੀਕੋ ਤੇ ਕੈਨੇਡਾ ਪ੍ਰਤੀ ਪਏ ਨਰਮ ?

ਮੈਕਸੀਕੋ ਦੇ ਸਖਤ ਜਵਾਬੀ ਫੈਸਲੇ ਉਪਰੰਤ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਮੈਕਸੀਕੋ ’ਤੇ ਲਗਾਏ ਗਏ ਟੈਰਿਫ ਨੂੰ ਇਕ ਮਹੀਨੇ ਲਈ ਰੋਕ ਦਿੱਤਾ ਹੈ। ਟਰੰਪ ਨੇ ਇਹ ਫੈਸਲਾ ਮੈਕਸੀਕੋ ਦੀ ਉੱਤਰੀ ਸਰਹੱਦ ਨੂੰ ਮਜ਼ਬੂਤ ਕਰਨ ਅਤੇ ਗੈਰ-ਕਾਨੂੰਨੀ ਨਸ਼ੀਲੇ ਪਦਾਰਥਾਂ ਦੀ ਤਸਕਰੀ ਨੂੰ ਰੋਕਣ ਲਈ 10,000 ਗਾਰਡ ਤਾਇਨਾਤ ਕਰਨ ਦੇ ਭਰੋਸੇ ਤੋਂ ਬਾਅਦ ਲਿਆ ਹੈ। ਡੋਨਾਲਡ ਟਰੰਪ ਨੇ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨਾਲ ਵੀ ਗੱਲਬਾਤ ਕੀਤੀ ਹੈ। ਉਨ੍ਹਾਂ ਕਿਹਾ ਕਿ ਉਹ ਉਨ੍ਹਾਂ ਨਾਲ ਦੁਬਾਰਾ ਗੱਲ ਕਰਨਗੇ।

### ਟੈਰਿਫ ਕੀ ਹੁੰਦਾ ਹੈ ?

ਸਿੱਧੇ ਸ਼ਬਦਾਂ ਵਿੱਚ, ਟੈਰਿਫ ਦੂਜੇ ਦੇਸ਼ਾਂ ਤੋਂ ਆਯਾਤ ਕੀਤੇ ਜਾਣ ਵਾਲੇ ਸਮਾਨ ’ਤੇ ਲਗਾਏ ਗਏ ਟੈਕਸ ਹਨ। ਜ਼ਿਆਦਾਤਰ ਟੈਰਿਫ ਸਾਮਾਨ ਦੇ ਮੁੱਲ ਦੇ ਪ੍ਰਤੀਸ਼ਤ ਵਜੋਂ ਨਿਰਧਾਰਤ ਕੀਤੇ ਜਾਂਦੇ ਹਨ ਅਤੇ ਆਮ ਤੌਰ ’ਤੇ ਆਯਾਤਕਾਰ ਦੁਆਰਾ ਅਦਾ ਕੀਤੇ ਜਾਂਦੇ ਹਨ। ਆਯਾਤ ਕੀਤੇ ਸਾਮਾਨ ਦੀ ਕੀਮਤ ਵਧਾਉਣ ਦਾ ਉਦੇਸ਼ ਖਪਤਕਾਰਾਂ ਨੂੰ ਸਸਤੇ ਘਰੇਲੂ ਉਤਪਾਦ ਖਰੀਦਣ ਲਈ ਉਤਸ਼ਾਹਿਤ ਕਰਨਾ ਹੈ, ਇਸ ਤਰ੍ਹਾਂ ਉਨ੍ਹਾਂ ਦੀ ਆਪਣੀ ਆਰਥਿਕਤਾ ਨੂੰ ਹੁਲਾਰਾ ਦੇਣਾ ਹੈ ਤਾਂ ਜੋ ਵਿਕਾਸ ਨੂੰ ਪ੍ਰਮੋਟ ਕੀਤਾ ਜਾ ਸਕੇ।

### ਅਮਰੀਕਾ ਲਈ ਮਹਿੰਗਾ ਸਾਬਤ ਹੋਵੇਗਾ ਟਰੰਪ ਦਾ ਫੈਸਲਾ

ਟਰੰਪ ਇਨ੍ਹਾਂ ਨੂੰ ਅਮਰੀਕੀ ਅਰਥਵਿਵਸਥਾ ਨੂੰ ਹੁਲਾਰਾ ਦੇਣ, ਨੌਕਰੀਆਂ ਬਚਾਉਣ ਅਤੇ ਟੈਕਸ ਮਾਲੀਆ ਵਧਾਉਣ ਦੇ ਤਰੀਕੇ ਵਜੋਂ ਦੇਖਦੇ ਹਨ।

ਬਾਕੀ ਹਿਸਾ ਸਫਾ 12 ਤੇ ਪੜ੍ਹੋ →

## ਟਰੰਪ ਦੀ ਧਮਕੀ ਬਾਅਦ ਭਾਰਤ ਨੇ ਕਈ ਵਸਤੂਆਂ ’ਤੇ ਬੇਸਿਕ ਕਸਟਮ ਡਿਊਟੀ ਘਟਾਈ

### ✪ ਸਾਈਕਲ ਤੇ ਫੁੱਟਵੀਅਰ ਉਦਯੋਗ ਨੂੰ ਚੀਨੀ ਦਰਾਮਦਾਂ ਦਾ ਵੱਡਾ ਖ਼ਤਰਾ

ਲੁਧਿਆਣਾ-ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਭਾਰਤ ’ਤੇ 100 ਫ਼ੀਸਦੀ ਟੈਕਸ ਲਗਾਉਣ ਦੀ ਧਮਕੀ ਦਾ ਅਸਰ ਕੇਂਦਰ ਸਰਕਾਰ ਵਲੋਂ ਪੇਸ਼ ਕੀਤੇ ਗਏ ਆਮ ਬਜਟ ਵਿਚ ਕੁੱਝ ਹੱਦ ਤੱਕ ਦੇਖਣ ਨੂੰ ਮਿਲਿਆ ਹੈ। ਬਜਟ ਵਿਚ ਇਕ ਕਸਟਮ ਨੋਟੀਫ਼ਿਕੇਸ਼ਨ ਨੰਬਰ 4/2025 ਜਾਰੀ ਕੀਤਾ ਗਿਆ ਸੀ, ਜਿਸ ਅਨੁਸਾਰ ਕਈ ਵਸਤੂਆਂ ’ਤੇ ਬੇਸਿਕ ਕਸਟਮ ਡਿਊਟੀ ਘਟਾ ਦਿੱਤੀ ਗਈ। ਇਨ੍ਹਾਂ ਵਿਚ ਕਾਰਾਂ ’ਤੇ ਬੇਸਿਕ ਕਸਟਮ ਡਿਊਟੀ 125 ਫ਼ੀਸਦ ਤੋਂ ਘਟਾ ਕੇ 70 ਫ਼ੀਸਦ, ਬੱਸਾਂ ’ਤੇ 40 ਤੋਂ 20 ਫ਼ੀਸਦ, ਟਰੱਕਾਂ ’ਤੇ 40 ਤੋਂ 20 ਫ਼ੀਸਦ, ਮੋਟਰਸਾਈਕਲਾਂ ’ਤੇ 100 ਤੋਂ 70 ਫ਼ੀਸਦ ਤੱਕ ਦਰਸਾਈ ਗਈ ਹੈ। ਇੱਥੋਂ ਤੱਕ ਕਿ ਸਾਈਕਲ (ਆਵਾਜਾਈ ਦਾ ਇਕ ਸਸਤਾ ਸਾਧਨ) ’ਤੇ ਦਰਾਮਦ ਡਿਊਟੀ 35 ਫ਼ੀਸਦ ਤੋਂ ਘਟਾ ਕੇ 20 ਫ਼ੀਸਦ ਕਰ ਦਿੱਤੀ ਗਈ ਹੈ। ਇਹ ਦਾਅਵਾ ਕਰਦਿਆਂ ਵਰਲਡ ਐਮ.ਐਸ.ਐਮ.ਈ. ਫੋਰਮ ਦੇ ਪ੍ਰਧਾਨ ਬਦੀਸ਼ ਜ਼ਿੰਦਲ ਨੇ ਕਿਹਾ ਕਿ ਬੇਸਿਕ ਕਸਟਮ ਡਿਊਟੀ ਮਾਰਬਲ ਅਤੇ ਟਾਈਲਾਂ ’ਤੇ 40 ਤੋਂ 20 ਫ਼ੀਸਦ, ਵਾਈਨ ਬਣਾਉਣ ਵਾਲੀ ਸਮੱਗਰੀ ’ਤੇ 100 ਤੋਂ 20 ਫ਼ੀਸਦ, ਜੁੱਤੀਆਂ ’ਤੇ 35 ਤੋਂ 20 ਫ਼ੀਸਦ ਚਾਰਜ ਹੈ। ਮੋਮਬਤੀਆਂ, ਗਹਿਣਿਆਂ ਅਤੇ ਸੈਮੀ-ਕੰਡਕਟਰ ਅਤੇ ਫਲੈਕਸ ਸ਼ੀਟਾਂ ’ਤੇ ਮੁੱਢਲੀ ਕਸਟਮ ਡਿਊਟੀ 25 ਫ਼ੀਸਦੀ ਤੋਂ 20 ਫ਼ੀਸਦੀ ਕੀਤੀ ਗਈ ਹੈ। ਇਨ੍ਹਾਂ ਡਿਊਟੀਆਂ ਨੂੰ ਲਾਗੂ ਕਰਨ ਦੀ ਮਿਤੀ 1 ਮਈ 2025 ਹੈ। ਨੋਟੀਫ਼ਿਕੇਸ਼ਨਾਂ ਵਿਚ ਸਪੱਸ਼ਟ ਕੀਤਾ ਗਿਆ ਹੈ ਕਿ ਡਿਊਟੀਆਂ ਦੇ ਨਾਲ-ਨਾਲ ਖੇਤੀਬਾੜੀ ਬੁਨਿਆਦੀ ਢਾਂਚਾ ਤੇ ਵਿਕਾਸ ਸੈੱਸ ਤੇ ਸਮਾਜ ਭਲਾਈ ਸਰਚਾਰਜ 7.5 ਫ਼ੀਸਦ ਤੋਂ 65 ਫ਼ੀਸਦ ਤੱਕ ਵਸਤੂਆਂ ਦੇ ਅਨੁਸਾਰ ਹੋਵੇਗਾ। ਅਜਿਹਾ ਕਰਕੇ ਕੇਂਦਰ ਦੀ ਮੋਦੀ ਸਰਕਾਰ ਨੇ ਇਕ ਤੀਰ ਨਾਲ ਦੋ ਨਿਸ਼ਾਨੇ ਕੀਤੇ ਹਨ, ਜਿਸ ’ਚ ਕੇਂਦਰ ਰਾਜਾਂ ਨੂੰ ਕਸਟਮ ਡਿਊਟੀ ਵਿਚ ਪੂਰਾ ਹਿੱਸਾ ਨਹੀਂ ਦੇਵੇਗਾ ਅਤੇ ਦੂਸਰਾ ਅਮਰੀਕੀ ਰਾਸ਼ਟਰਪਤੀ ਟਰੰਪ ਨੂੰ ਦਿਖਾਇਆ ਜਾਵੇਗਾ ਕਿ ਭਾਰਤ ਨੇ ਦਰਾਮਦ ਡਿਊਟੀ ਘਟਾਉਣ ਦੇ ਉਨ੍ਹਾਂ ਦੇ ਆਦੇਸ਼ਾਂ ਦਾ ਪਾਲਨ ਕੀਤਾ ਹੈ ਅਤੇ ਭਾਰਤ ਹੁਣ ਕਾਰਾਂ ’ਤੇ 125 ਫ਼ੀਸਦ ਅਤੇ ਮੋਟਰਸਾਈਕਲਾਂ ’ਤੇ 100 ਫ਼ੀਸਦ ਚਾਰਜ ਨਹੀਂ ਲੈ ਰਿਹਾ। ਦਰਾਮਦ ਡਿਊਟੀ ਵਿਚ ਕਟੌਤੀ ਦਾ ਅਸਰ ਭਾਰਤ ਵਿਚ ਫੁੱਟਵੀਅਰ, ਸਾਈਕਲ ਅਤੇ ਆਟੋ ਸੈਕਟਰ ’ਤੇ ਜ਼ਰੂਰ ਪਵੇਗਾ, ਕਿਉਂਕਿ ਆਟੋ ਸੈਕਟਰ ਮੁਸ਼ਕਿਲ ਦੌਰ ’ਚੋਂ ਲੰਘ ਰਿਹਾ ਹੈ। ਸਾਈਕਲ ਤੇ ਫੁੱਟਵੀਅਰ ਉਦਯੋਗ ਨੂੰ ਚੀਨੀ ਦਰਾਮਦਾਂ ਦਾ ਵੱਡਾ ਖ਼ਤਰਾ ਹੈ ਤੇ ਇਸ ਨਾਲ ਭਾਰਤ ਵਿਚ ਇਸ ਦਾ ਨਿਰਮਾਣ ਬੁਰੀ ਤਰ੍ਹਾਂ ਪ੍ਰਭਾਵਿਤ ਹੋਵੇਗਾ।

11 ਸਫ਼ੇ ਦੀ ਬਾਕੀ

ਇਹ ਸਪੱਸ਼ਟ ਹੈ ਕਿ ਟਰੰਪ ਨੇ ਇੱਕ ਅਜਿਹਾ ਮੁੱਦਾ ਉਠਾਇਆ ਹੈ ਜੋ ਅਮਰੀਕਾ ਲਈ ਘੱਟ ਮਹਿੰਗਾ ਸਾਬਤ ਨਹੀਂ ਹੋਵੇਗਾ। ਟਰੰਪ ਦੇ ਇਸ ਫੈਸਲੇ ਨੇ ਮੈਕਸੀਕੋ ਅਤੇ ਕੈਨੇਡਾ ਨਾਲ ਆਰਥਿਕ ਰੁਕਾਵਟ ਦਾ ਖ਼ਤਰਾ ਵਧਾ ਦਿੱਤਾ ਹੈ।

ਤੁਹਾਨੂੰ ਦੱਸ ਦੇਈਏ ਕਿ ਮੈਕਸੀਕੋ ਅਤੇ ਕੈਨੇਡਾ ਅਮਰੀਕਾ ਦੇ ਦੋ ਸਭ ਤੋਂ ਵੱਡੇ ਵਪਾਰਕ ਭਾਈਵਾਲ ਹਨ। ਜਦੋਂ ਇਨ੍ਹਾਂ ਦੋ ਗੁਆਂਢੀ ਦੇਸ਼ਾਂ ਤੋਂ ਆਉਣ ਵਾਲੇ ਸਾਮਾਨਾਂ 'ਤੇ ਭਾਰੀ ਡਿਊਟੀ ਲਗਾਈ ਜਾਂਦੀ ਹੈ, ਤਾਂ ਇਹ ਅਮਰੀਕਾ ਵਿੱਚ ਮਹਿੰਗਾਈ ਦੀ ਸਥਿਤੀ ਨੂੰ ਕਾਫ਼ੀ ਵਿਗਾੜ ਸਕਦਾ ਹੈ। ਇਸ ਗੱਲ ਦਾ ਸੰਕੇਤ ਖੁਦ ਕੈਨੇਡੀਅਨ ਪ੍ਰਧਾਨ ਮੰਤਰੀ ਟਰੂਡੋ ਨੇ ਦਿੱਤਾ ਹੈ। ਟਰੂਡੋ ਨੇ ਮੰਨਿਆ ਕਿ ਅਗਲੇ ਕੁਝ ਹਫ਼ਤੇ ਕੈਨੇਡੀਅਨਾਂ ਅਤੇ ਅਮਰੀਕੀਆਂ ਲਈ ਮੁਸ਼ਕਲ ਹੋਣਗੇ। ਮਾਹਿਰਾਂ ਦਾ ਮੰਨਣਾ ਹੈ ਕਿ ਵਪਾਰ ਯੁੱਧ ਨਾਲ ਅਮਰੀਕਾ ਦੀ ਵਿਕਾਸ ਦਰ ਹੌਲੀ ਹੋਣ ਅਤੇ ਮਹਿੰਗਾਈ ਵਧਣ ਦੀ ਸੰਭਾਵਨਾ ਹੈ।


ਇੱਕ ਰਿਪੋਰਟ ਦੇ ਅਨੁਸਾਰ, ਯੇਲ ਯੂਨੀਵਰਸਿਟੀ ਦੀ ਬਜਟ ਲੈਬ ਨੇ ਅੰਦਾਜ਼ਾ ਲਗਾਇਆ ਹੈ ਕਿ ਨਵੇਂ ਆਯਾਤ ਟੈਕਸਾਂ ਕਾਰਨ ਔਸਤ ਅਮਰੀਕੀ ਪਰਿਵਾਰ ਨੂੰ ਸਾਲਾਨਾ ਆਮਦਨ ਵਿੱਚ 1,170 ਡਾਲਰ ਦਾ ਨੁਕਸਾਨ ਹੋਵੇਗਾ। ਇਸ ਤੋਂ ਇਲਾਵਾ, ਇਹ ਕਦਮ ਆਰਥਿਕ ਵਿਕਾਸ ਨੂੰ ਹੌਲੀ ਕਰ ਸਕਦਾ ਹੈ ਅਤੇ ਕਰਿਆਨੇ, ਪੈਟਰੋਲ, ਰਿਹਾਇਸ਼ ਅਤੇ ਆਟੋ ਦੀਆਂ ਕੀਮਤਾਂ ਵਿੱਚ ਹੋਰ ਵਾਧਾ ਕਰ ਸਕਦਾ ਹੈ।

ਸਵਾਲ ਇਹ ਹੈ ਕਿ ਟਰੰਪ ਇੰਨਾ ਵੱਡਾ ਖ਼ਤਰਾ ਮੁੱਲ ਕਿਉਂ ਲੈ ਰਹੇ ਹਨ? ਆਖ਼ਿਰਕਾਰ ਉਨ੍ਹਾਂ ਦਾ ਮਕਸਦ ਕੀ ਹੈ? ਦਰਅਸਲ, ਟਰੰਪ ਦੇ ਟੈਰਿਫ ਇੱਕ ਵਿਆਪਕ ਰਾਜਨੀਤਿਕ ਰਣਨੀਤੀ ਦਾ ਹਿੱਸਾ ਹਨ। ਉਸਦਾ ਦੱਸਿਆ ਗਿਆ ਉਦੇਸ਼ ਅਮਰੀਕੀ ਉਦਯੋਗਾਂ ਦੀ ਰੱਖਿਆ ਕਰਨ ਅਤੇ ਗੈਰ-ਕਾਨੂੰਨੀ ਇਮੀਗ੍ਰੇਸ਼ਨ ਅਤੇ ਨਸ਼ੀਲੇ ਪਦਾਰਥਾਂ ਦੀ ਤਸਕਰੀ ਵਰਗੇ ਮੁੱਦਿਆਂ ਨਾਲ ਨਜਿੱਠਣ ਲਈ ਆਪਣੇ ਚੋਣ ਪ੍ਰਚਾਰ ਦੇ ਵਾਅਦਿਆਂ ਨੂੰ ਪੂਰਾ ਕਰਨਾ ਹੈ। ਰਾਸ਼ਟਰਪਤੀ ਲੰਬੇ ਸਮੇਂ ਤੋਂ ਇਹ ਦਲੀਲ ਦਿੰਦੇ ਆ ਰਹੇ ਹਨ ਕਿ ਅਮਰੀਕਾ ਦੀ ਆਰਥਿਕ ਤਾਕਤ ਨੂੰ ਬਹਾਲ ਕਰਨ ਲਈ ਟੈਰਿਫ ਜ਼ਰੂਰੀ ਹਨ। ਟਰੰਪ ਇਸਦੀ ਤੁਲਨਾ 19ਵੀਂ ਸਦੀ ਦੇ ਅਖੀਰ ਨਾਲ ਕਰਦੇ ਹਨ, ਜਦੋਂ ਅਮਰੀਕਾ ਮਾਲੀਏ ਲਈ ਟੈਰਿਫਾਂ 'ਤੇ ਬਹੁਤ ਜ਼ਿਆਦਾ ਨਿਰਭਰ ਕਰਦਾ ਸੀ।

ਆਰਥਿਕ ਮਾਹਿਰਾਂ ਨੇ ਟਰੰਪ ਦੀਆਂ ਵਪਾਰ ਨੀਤੀਆਂ ਦੇ ਲੰਬੇ ਸਮੇਂ ਦੇ ਪ੍ਰਭਾਵ ਬਾਰੇ ਸ਼ੱਕ ਪ੍ਰਗਟ ਕੀਤਾ ਹੈ। ਸਾਬਕਾ ਅਮਰੀਕੀ ਵਪਾਰ ਅਧਿਕਾਰੀ ਵਿਲੀਅਮ ਰੇਂਸ਼ ਸਮੇਤ ਆਲੋਚਕਾਂ ਨੇ ਕੱਚੇ ਮਾਲ 'ਤੇ ਟੈਰਿਫ ਲਗਾਉਣ ਦੇ ਤਰਕ 'ਤੇ ਸਵਾਲ ਉਠਾਏ ਹਨ। ਉਨ੍ਹਾਂ ਦਾ ਤਰਕ ਹੈ ਕਿ ਆਯਾਤ ਕੀਤੀਆਂ ਵਸਤਾਂ ਦੀ ਕੀਮਤ ਵਧਾਉਣ ਨਾਲ ਅਮਰੀਕੀ ਨਿਰਮਾਤਾ ਘੱਟ ਮੁਕਾਬਲੇਬਾਜ਼ ਹੋ ਸਕਦੇ ਹਨ। ਹੁਣ ਟਰੰਪ ਨੂੰ ਇਸਦੀ ਭਾਰੀ ਕੀਮਤ ਚੁਕਾਉਣੀ ਪਵੇਗੀ। ਉਸਨੂੰ ਮਹਿੰਗਾਈ ਨੂੰ ਕੰਟਰੋਲ ਕਰਨ ਦੀ ਚੁਣੌਤੀ ਦਾ ਸਾਹਮਣਾ ਕਰਨਾ ਪਵੇਗਾ।

### -ਮਾਮਲਾ ਬਰਗਾੜੀ ਬੇਅਦਬੀ ਦਾ-

## ਸੌਦਾ ਸਾਧ ਨੂੰ ਸੁਪਰੀਮ ਕੋਰਟ ਤੋਂ ਨਹੀਂ ਮਿਲੀ ਰਾਹਤ, ਸੁਣਵਾਈ 18 ਮਾਰਚ ਨੂੰ



ਚੰਡੀਗੜ੍ਹ-ਬਰਗਾੜੀ ਬੇਅਦਬੀ ਮਾਮਲੇ ਨਾਲ ਸਬੰਧਤ ਪਟੀਸ਼ਨ 'ਤੇ ਬੀਤੇ ਦਿਨੀਂ ਸੁਪਰੀਮ ਕੋਰਟ ਵਿੱਚ ਸੁਣਵਾਈ ਹੋਈ। ਅਦਾਲਤ ਨੇ ਪੰਜਾਬ ਸਰਕਾਰ ਨੂੰ ਆਪਣਾ ਜਵਾਬ ਦਾਇਰ ਕਰਨ ਲਈ ਤਿੰਨ ਹਫ਼ਤਿਆਂ ਦਾ ਸਮਾਂ ਦਿੱਤਾ ਹੈ। ਹਾਲਾਂਕਿ, ਡੇਰਾ ਸੌਦਾ, ਸਿਰਸਾ ਮੁਖੀ ਰਾਮ ਰਹੀਮ ਨੂੰ ਇਸ ਮਾਮਲੇ ਵਿੱਚ ਕੋਈ ਰਾਹਤ ਨਹੀਂ ਮਿਲੀ ਹੈ। ਹੁਣ ਇਸ ਮਾਮਲੇ ਦੀ ਸੁਣਵਾਈ 18 ਮਾਰਚ ਨੂੰ ਹੋਵੇਗੀ। ਇਸ ਦਰਮਿਆਨ ਹਾਈ ਕੋਰਟ ਦੇ ਆਦੇਸ਼ ਉਤੇ ਸੁਪਰੀਮ ਕੋਰਟ ਵੱਲੋਂ ਲਗਾਈ ਰੋਕ ਦਾ ਆਦੇਸ਼ ਜਾਰੀ ਰਹੇਗਾ। ਪਿਛਲੇ ਸਾਲ ਮਾਰਚ ਵਿੱਚ ਪੰਜਾਬ ਹਰਿਆਣਾ ਹਾਈ ਕੋਰਟ ਨੇ ਬਰਗਾੜੀ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਨਾਲ ਜੁੜੇ ਮਾਮਲਿਆਂ ਵਿੱਚ ਹੇਠਲੀ ਅਦਾਲਤ ਵਿੱਚ ਚੱਲ ਰਹੀ ਕਾਰਵਾਈ ਉਤੇ ਰੋਕ ਲਗਾ ਦਿੱਤੀ ਸੀ। ਇਸ ਆਦੇਸ਼ ਨੂੰ ਪੰਜਾਬ ਸਰਕਾਰ ਨੇ ਸੁਪਰੀਮ ਕੋਰਟ ਵਿੱਚ ਚੁਣੌਤੀ ਦਿੱਤੀ ਸੀ। ਪਿਛਲੀ ਸੁਣਵਾਈ ਵਿੱਚ ਸੁਪਰੀਮ ਕੋਰਟ ਨੇ ਹਾਈ ਕੋਰਟ ਦੇ ਆਦੇਸ਼ ਉਤੇ ਰੋਕ ਲਗਾ ਦਿੱਤੀ ਅਤੇ ਸੌਦਾ ਸਾਧ ਨੂੰ ਨੋਟਿਸ ਜਾਰੀ ਕੀਤਾ ਸੀ। ਪੰਜਾਬ ਸਰਕਾਰ ਵੱਲੋਂ ਸੌਦਾ ਸਾਧ ਦੇ ਹਲਫਨਾਮੇ ਉਤੇ ਆਪਣਾ ਜਵਾਬ ਦਾਖ਼ਲ ਕਰਨ ਲਈ 3 ਹਫਤੇ ਦਾ ਸਮਾਂ ਦਿੱਤੇ ਜਾਣ ਦੀ ਮੰਗ ਕੀਤੀ ਗਈ। ਅਦਾਲਤ ਨੇ ਸਮਾਂ ਦਿੰਦੇ ਹੋਏ 18 ਮਾਰਚ ਲਈ ਸੁਣਵਾਈ ਟਾਲ ਦਿੱਤੀ ਹੈ।

## ਲੋਕਾਂ ਨੂੰ ਹਨੀ ਟਰੈਪ ਵਿਚ ਫਸਾ ਕੇ ਪੈਸੇ ਵਸੂਲਣ ਵਾਲੀਆਂ 2 ਔਰਤਾਂ ਗ੍ਰਿਫਤਾਰ

ਅਬੋਹਰ-ਸ਼ਹਿਰ ਦੇ ਥਾਣਾ ਨੰਬਰ-2 ਦੀ ਪੁਲਸ ਨੇ 50 ਸਾਲਾ ਅਮਰੀਕ ਸਿੰਘ ਦੀ ਸ਼ਿਕਾਇਤ 'ਤੇ ਇਕ ਗਿਰੋਹ ਦੀਆਂ 2 ਔਰਤਾਂ ਸੁਮਿਤਰਾ ਸ਼ਾਲੂ, ਗੁਰਮੀਤ ਕੌਰ ਨੂੰ ਕਾਬੂ ਕੀਤਾ ਹੈ। ਇਹ ਔਰਤਾਂ ਸੋਸ਼ਲ ਮੀਡੀਆ ਰਾਹੀਂ ਮਾਸੂਮ ਲੋਕਾਂ ਨਾਲ ਦੋਸਤੀ ਕਰ ਕੇ ਉਨ੍ਹਾਂ ਨੂੰ ਆਪਣੇ ਪਿਆਰ ਦੇ ਜਾਲ ਵਿਚ ਫਸਾ ਲੈਂਦੀਆਂ ਸਨ ਅਤੇ ਹਨੀ ਟਰੈਪ ਰਾਹੀਂ ਉਨ੍ਹਾਂ ਤੋਂ ਲੱਖਾਂ ਰੁਪਏ ਲੁੱਟਦੀਆਂ ਸਨ, ਜਦ ਕਿ ਉਨ੍ਹਾਂ ਦਾ ਇਕ ਸਾਥੀ ਗੁਰਸੇਵਕ ਸਿੰਘ ਅਜੇ ਵੀ ਪੁਲਸ ਦੀ ਗ੍ਰਿਫ਼ਤ ਤੋਂ ਬਾਹਰ ਹੈ।

### -ਮਾਮਲਾ ਨਾਨਕਸ਼ਾਹੀ ਕੈਲੰਡਰ ਦਾ-

# ਨਾਨਕਸ਼ਾਹੀ ਕੈਲੰਡਰ ਦੇ ਖਾਤਮੇ ਬਾਬਤ ਜਥੇਦਾਰ ਭੌਰ ਨੇ ਦੱਸੀ ਸੱਚਾਈ

**✪ ਮੱਕੜ ਤੇ ਧੁੰਮੇ ਨੇ ਤਾਂ ਕੋਈ ਰਿਪੋਰਟ ਹੀ ਨਹੀਂ ਸੀ ਦਿੱਤੀ, ਉੱਪਰੋਂ ਹੁਕਮ ਹੀ ਆਏ ਸੀ ਕੈਲੰਡਰ ਰੱਦ ਕਰਨ ਦੇ**

ਅੰਮ੍ਰਿਤਸਰ-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿੱਚ ਵੱਖ ਵੱਖ ਵਕਾਰੀ ਅਹੁਦਿਆਂ ਉਤੇ ਰਹੇ ਸੀਨੀਅਰ ਪੰਥਕ ਆਗੂ ਸ. ਸੁਖਦੇਵ ਸਿੰਘ ਭੌਰ ਨੇ ਆਪਣੇ ਸੋਸ਼ਲ ਮੀਡੀਆ ਅਕਾਊਂਟ ਉਤੇ ਇਹ ਖੁਲਾਸਾ ਕੀਤਾ ਹੈ ਕਿ ਪਾਲ ਸਿੰਘ ਪੁਰੇਵਾਲ ਵਾਲੇ ਨਾਨਕਸ਼ਾਹੀ ਕੈਲੰਡਰ ਦਾ ਖ਼ਾਤਮਾ ਕਿਵੇਂ ਕੀਤਾ ਗਿਆ ਸੀ।

ਉਨਾਂ ਕਿਹਾ ਕਿ ਪੰਥ ਦੀ ਅੱਡਰੀ ਹਸਤੀ ਦਾ ਪ੍ਰਤੀਕ ਨਾਨਕਸ਼ਾਹੀ ਕੈਲੰਡਰ ਬਹੁਤ ਸੋਚ ਵਿਚਾਰ ਤੋਂ ਬਾਅਦ ਸ੍ਰ.ਪਾਲ ਸਿੰਘ ਪੁਰੇਵਾਲ ਵਲੋਂ ਤਿਆਰ ਕੀਤਾ ਗਿਆ ਸੀ ਜਿਸ ਨੂੰ 300 ਸਾਲਾ ਖਾਲਸਾ ਸਿਰਜਣਾ ਦਿਵਸ ਸਮੇ ਸ੍ਰੀ ਅਨੰਦਪੁਰ ਸਾਹਿਬ ਤੋਂ ਜਾਰੀ ਕੀਤਾ ਜਾਣਾ ਸੀ ਪਰ ਉਸ ਸਮੇ ਦੇ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਭਾਈ ਰਣਜੀਤ ਸਿੰਘ ਨੇ ਕੈਲੰਡਰ ਦੀਆਂ ਕੁੱਝ ਖਾਮੀਆਂ ਸਾਹਮਣੇ ਲਿਆਂਦੀਆਂ ਜਿਸ ਕਾਰਨ ਜਥੇਦਾਰ ਟੌਹੜਾ ਨੇ ਛਪੇ ਹੋਏ ਕੈਲੰਡਰ ਅਤੇ ਡਾਇਰੀਆਂ ਰੋਕ ਲਈਆਂ ਅਤੇ ਵਧੇਰੇ ਵਿਚਾਰ ਲਈ ਪੈਂਡਿੰਗ ਕਰ ਦਿੱਤਾ ਗਿਆ।

2003 ਵਿੱਚ ਸੋਧਾਂ ਸਮੇਤ ਨਵਾਂ ਕੈਲੰਡਰ ਜ਼ਾਰੀ ਕੀਤਾ ਗਿਆ ਜਿਸ ਨੂੰ ਸਮੁੱਚੇ ਖਾਲਸਾ ਪੰਥ ਨੇ ਪ੍ਰਵਾਨ ਵੀ ਕਰ ਲਿਆ। ਕੇਂਦਰੀ ਸਰਕਾਰ ਅਤੇ ਸੂਬਿਆਂ ਦੀਆਂ ਸਰਕਾਰਾਂ ਨੇ ਸਾਰੇ ਦਿਹਾੜੇ ਇਸੇ ਅਨੁਸਾਰ ਮਨਾਉਣੇ ਸ਼ੁਰੂ ਕਰ ਦਿੱਤੇ। ਪਰ ਕੁੱਝ ਡੇਰਾਵਾਦੀ ਸੋਚ ਰੱਖਣ ਵਾਲੇ ਸੰਤਾਂ ਅਤੇ ਆਰ ਐੱਸ ਐੱਸ ਨੂੰ ਇਹ ਪ੍ਰਵਾਨ ਨਹੀਂ ਸੀ , ਉਨ੍ਹਾਂ ਇਸ ਦਾ ਵਿਰੋਧ ਵੱਖ ਵੱਖ ਢੰਗਾਂ ਨਾਲ ਜਾਰੀ ਰੱਖਿਆ।

ਆਰ ਐੱਸ ਐੱਸ ਅਤੇ ਡੇਰਾਵਾਦੀ ਸੋਚ ਦੇ ਲੋਕਾਂ ਨੇ ਸ਼ਰੇਆਮ ਨਾਨਕਸ਼ਾਹੀ ਕੈਲੰਡਰ ਦੀ ਵਿਰੋਧਤਾ ਵਿੱਚ ਬਿਆਨ ਵੀ ਜਾਰੀ ਕੀਤੇ। ਪਰ ਇਹ ਕੈਲੰਡਰ 2010 ਤੱਕ ਸਫਲਤਾ ਨਾਲ ਲਾਗੂ ਰਿਹਾ।

ਉਨ੍ਹਾਂ ਬਾਦਲ ਦਲ ਦੀ ਲੀਡਰਸ਼ਿਪ ਨੂੰ ਨਾਨਕਸ਼ਾਹੀ ਕੈਲੰਡਰ ਦਾ ਜ਼ਿੰਮੇਵਾਰ ਠਹਿਰਾਉਂਦਿਆਂ ਕਿਹਾ ਕਿ 2010 ਵਿੱਚ ਅਕਾਲੀ ਲੀਡਰਸ਼ਿਪ ਨੇ ਇਸ ਦਾ ਭੋਗ ਪਾਉਣ ਦਾ ਮਨ ਬਣਾ ਲਿਆ, ਉਸ ਵੇਲੇ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਰਾਹੀਂ ਅਕਾਲ ਤਖਤ ਸਾਹਿਬ ਦੀ ਦੁਰਵਰਤੋਂ ਕਰਦਿਆਂ ਇੱਕ ਦੋ ਮੈਂਬਰੀ ਕਮੇਟੀ ਜਿਸ ਵਿੱਚ ਭਾਈ ਹਰਨਾਮ ਸਿੰਘ ਮੁਖੀ ਦਮਦਮੀ ਟਕਸਾਲ ਅਤੇ ਉਸ ਵੇਲੇ ਦੇ ਪ੍ਰਧਾਨ ਸ਼੍ਰੋਮਣੀ ਕਮੇਟੀ ਅਵਤਾਰ ਸਿੰਘ ਮੱਕੜ ਤੇ ਆਧਾਰਿਤ ਇੱਕ ਕਮੇਟੀ ਬਣਾਈ ਗਈ ਜਿਸ ਦੀ ਰਿਪੋਰਟ ਤੇ ਵਿਚਾਰ ਕਰਨ ਲਈ ਅੰਤ੍ਰਿੰਗ ਕਮੇਟੀ ਦੀ ਵਿਸ਼ੇਸ਼ ਮੀਟਿੰਗ ਬੁਲਾਈ ਗਈ।



ਮੀਟਿੰਗ ਤੋਂ ਪਹਿਲਾਂ ਅਕਾਲੀ ਦਲ ਦੀ ਲੀਡਰਸ਼ਿਪ ਨੇ ਸਾਰੇ ਮੈਂਬਰਾਂ ਨੂੰ ਖੁਦ ਫੋਨ ਕਰ ਕੇ ਕਿਹਾ ਕਿ ਇਹ ਕੈਲੰਡਰ ਖਤਮ ਕਰਨ ਵਿੱਚ ਆਪਣਾ ਯੋਗਦਾਨ ਪਾਉਣਾ ਹੈ, ਕੇਵਲ ਅਸੀਂ ਤਿੰਨ ਮੈਂਬਰ ਸਾਂ ਜਿਸ ਵਿੱਚ ਦਾਸ, ਕਰਨੈਲ ਸਿੰਘ ਪੰਜੋਲੀ ਅਤੇ ਬੀਬੀ ਰਵਿੰਦਰ ਕੌਰ ਹਰਿਆਣਾ ਜਿਨ੍ਹਾਂ ਨੇ ਇਸ ਕੋਹਝੀ ਚਾਲ ਦਾ ਲਿਖਤੀ ਵਿਰੋਧ ਕੀਤਾ ।

ਉਨ੍ਹਾਂ ਕਿਹਾ ਕਿ ਨਾਨਕਸ਼ਾਹੀ ਕੈਲੰਡਰ ਬਾਰੇ ਕੋਈ ਰਿਪੋਰਟ ਪੇਸ਼ ਹੀ ਨਹੀਂ ਕੀਤੀ ਗਈ ਸੀ ਬਾਅਦ ਵਿੱਚ ਖਾਨਾਪੂਰਤੀ ਲਈ ਇੱਕ ਫਰਜ਼ੀ ਜਿਹੀ ਰਿਪੋਰਟ ਤਿਆਰ ਕਰ ਲਈ ਗਈ , ਤਕਰੀਬਨ ਦੋ ਘੰਟੇ ਦਾਸ ਨੇ ਇਸ ਦੇ ਪੈਣ ਵਾਲੇ ਪ੍ਰਭਾਵਾਂ ਤੇ ਬੋਲਿਆ ਅਤੇ ਪ੍ਰਧਾਨ ਨੂੰ ਕਿਹਾ ਕਿ ਦੋ ਮੈਂਬਰੀ ਕਮੇਟੀ ਸਾਡੇ ਨਾਲ ਚਰਚਾ ਕਰੇ ਮੱਕੜ ਸਾਹਿਬ ਨੇ ਹਾਜ਼ਿਰ ਮੈਂਬਰਾਂ ਸਾਹਮਣੇ ਪ੍ਰਵਾਨ ਕੀਤਾ ਕਿ ਸਾਨੂੰ ਇਸ ਬਾਰੇ ਕੁੱਝ ਨਹੀਂ ਪਤਾ ਅਸੀਂ ਤਾਂ ਉੱਪਰੋਂ ਆਇਆ ਹੁਕਮ ਵਜਾਉਣਾ ਹੈ ਜਿਸ ਦਾ ਅਸੀਂ ਲਿਖਤੀ ਵਿਰੋਧ ਦਰਜ ਕਰਵਾਇਆ ਅਤੇ ਮੀਟਿੰਗ ਵਿਚੋਂ ਬਾਹਰ ਆ ਗਏ।

ਮੁਕਦੀ ਗੱਲ ਅਕਾਲੀ ਲੀਡਰਸ਼ਿਪ ਦੇ ਕਹਿਣ ਤੇ ਨਾਨਕਸ਼ਾਹੀ ਕੈਲੰਡਰ ਦਾ ਭੋਗ ਪਾ ਦਿੱਤਾ ਗਿਆ, ਮੈਂ ਤਾਂ ਇਹ ਵੀ ਕਿਹਾ ਕਿ ਖਤਮ ਨਾ ਕਰੋ ਸਗੋਂ ਕੈਲੰਡਰ ਦੇ ਹੱਕ ਅਤੇ ਵਿਰੋਧ ਵਿੱਚ ਜੋ ਲੋਕ ਹਨ ਉਨ੍ਹਾਂ ਨੂੰ ਇੱਕਠਿਆਂ ਬਿਠਾਓ ਅਤੇ ਜੇ ਕੋਈ ਊਣਤਾਈ ਹੈ ਉਸ ਨੂੰ ਦੂਰ ਕਰ ਲਿਆ ਜਾਵੇ ਪਰੰਤੂ ਕਿਸੇ ਨਾ ਸੁਣੀ।

# ਇੰਗਲੈਂਡ ਕਬੱਡੀ ਫੈਡਰੇਸ਼ਨ ਯੂ ਕੇ ਦੀ ਕਬੱਡੀ ਸੀਜ਼ਨ 2025 ਸਬੰਧੀ ਮੀਟਿੰਗ ਹੋਈ



ਇੰਗਲੈਂਡ ਕਬੱਡੀ ਫੈਡਰੇਸ਼ਨ ਅਤੇ ਕਲੱਬਾਂ ਦੇ ਨੁਮਾਇੰਦੇ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਇੰਗਲੈਂਡ ਕਬੱਡੀ ਫੈਡਰੇਸ਼ਨ ਯੂ ਕੇ ਦੀ ਹੰਗਾਮੀ ਮੀਟਿੰਗ ਬਾਰਕਿੰਗ ਵਿਖੇ ਪ੍ਰਧਾਨ ਕਰਮਜੀਤ ਸਿੰਘ ਕੰਮਾ ਔਜਲਾ ਦੀ ਪ੍ਰਧਾਨਗੀ ਹੇਠ ਹੋਈ। ਜਿਸ ਵਿੱਚ ਫੈਡਰੇਸ਼ਨ ਦੇ ਅਹੁਦੇਦਾਰਾਂ ਅਤੇ ਕਲੱਬਾਂ ਦੇ ਨੁਮਾਇੰਦਿਆਂ ਨੇ ਹਿੱਸਾ ਲਿਆ।

ਇਸ ਮੌਕੇ 11 ਮਈ ਤੋਂ ਸ਼ੁਰੂ ਹੋ ਰਹੇ ਕਬੱਡੀ ਟੂਰਨਾਮੈਂਟਾਂ ਦੀਆਂ ਤਰੀਕਾਂ ਦਾ ਐਲਾਨ ਕਰਦਿਆਂ ਟੂਰਨਾਮੈਂਟਾਂ ਦੇ ਪ੍ਰਬੰਧਾਂ ਬਾਰੇ ਵਿਚਾਰਾਂ ਹੋਈਆਂ। ਇੰਗਲੈਂਡ ਕਬੱਡੀ ਫੈਡਰੇਸ਼ਨ ਨੇ ਟੂਰਨਾਮੈਂਟ ਕਮੇਟੀਆਂ ਨੂੰ ਦਰਸ਼ਕਾਂ ਲਈ ਲੋੜੀਂਦੀਆਂ ਸੁਵਿਧਾਵਾਂ, ਸੁਰੱਖਿਆ ਅਤੇ ਹੋਰ ਪ੍ਰਬੰਧਾਂ ਸਬੰਧੀ ਗੱਲਬਾਤ ਕੀਤੀ। ਉਨ੍ਹਾਂ ਦੱਸਿਆ ਕਿ ਪਹਿਲਾ ਟੂਰਨਾਮੈਂਟ 11 ਮਈ ਨੂੰ ਹੇਜ਼, 18 ਮਈ ਨੂੰ ਡਰਬੀ, 25 ਮਈ ਨੂੰ ਟੈਲਫੋਰਡ, 1 ਜੂਨ ਨੂੰ ਸਾਊਥਾਲ, 8 ਜੂਨ ਵੂਲਵਰਹੈਂਪਟਨ, 15 ਜੂਨ ਗ੍ਰੇਵਜ਼ੈਂਡ, 22 ਜੂਨ ਸਲੋਹ, 29 ਜੂਨ ਲੈਸਟਰ, 6 ਜੁਲਾਈ ਬਾਰਕਿੰਗ, 13 ਜੁਲਾਈ ਕਵੈਂਟਰੀ, 20 ਜੁਲਾਈ ਈਰਥ ਵੂਲਿਚ, 27 ਜੁਲਾਈ ਬ੍ਰਮਿੰਘਮ ਅਤੇ 3 ਅਗਸਤ ਨੂੰ ਬਰੈਡਫੋਰਡ ਵਿਖੇ ਹੋਵੇਗਾ।

ਇਸ ਮੌਕੇ ਪ੍ਰਧਾਨ ਕਰਮਜੀਤ ਸਿੰਘ ਕੰਮਾ ਔਜਲਾ, ਚੇਅਰਮੈਨ ਬਲਵਿੰਦਰ ਸਿੰਘ ਚੱਠਾ, ਸਤਿੰਦਰ ਸਿੰਘ ਗੋਲਡੀ ਅਤੇ ਸਤਨਾਮ ਸਿੰਘ ਸੱਤਾ ਮੁਠੱਡਾ, ਜਸਜੀਤ ਸਿੰਘ ਰਾਣਾ ਪੱਡਾ, ਬਲਵਿੰਦਰ ਸਿੰਘ ਦੂਲੇ, ਸ਼ੀਰਾ ਸਿੰਘ ਔਲਖ ਅਤੇ ਕੁਲਵੰਤ ਸਿੰਘ ਸੰਘਾ, ਜਰਨੈਲ ਸਿੰਘ ਜ਼ੈਲਾ, ਕੁਲਵੀਰ ਸਿੰਘ ਸੁੱਖਾ, ਮਨਜੀਤ ਸਿੰਘ ਢੰਡਾ, ਬਲਜਿੰਦਰ ਸਿੰਘ ਭਿੰਡਰ, ਦਲਬੀਰ ਸਿੰਘ ਸੈਂਬੀ, ਤਰਲੋਚਨ ਸਿੰਘ, ਜੋਗਿੰਦਰ ਸਿੰਘ ਦੁਸਾਂਝ, ਰਸ਼ਪਾਲ ਸਿੰਘ ਅਟਵਾਲ, ਪਾਲਾ ਬਾਜਵਾ, ਸਤਨਾਮ ਸਿੰਘ ਗਿੱਲ, ਲਹਿੰਬਰ ਸਿੰਘ ਲੱਦੜ, ਸੁਰਿੰਦਰ ਸਿੰਘ ਮਾਣਕ, ਹਰਨੇਕ ਸਿੰਘ ਨੇਕਾ, ਕੇਵਲ ਸਿੰਘ ਰਣਦੇਵਾ, ਪਿਆਰਾ ਸਿੰਘ ਰੰਧਾਵਾ, ਰਸ਼ਪਾਲ ਸਿੰਘ ਸਹੋਤਾ ਅਤੇ ਕੁਲਵਿੰਦਰ ਸਿੰਘ ਛੋਕਰ ਆਦਿ ਨੇ ਵਿਚਾਰਾਂ ਸਾਂਝੀਆਂ ਕੀਤੀਆਂ।

## ਲਾਲੀ ਢੇਸੀ ਦੇ ਅਕਾਲ ਚਲਾਣੇ ਤੇ ਇੰਗਲੈਂਡ ਕਬੱਡੀ ਫੈਡਰੇਸ਼ਨ ਵੱਲੋਂ ਦੁੱਖ ਦਾ ਪ੍ਰਗਟਾਵਾ



ਲਾਲੀ ਢੇਸੀ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਉੱਘੇ ਕਬੱਡੀ ਪ੍ਰਮੋਟਰ ਲਾਲੀ ਢੇਸੀ ਦੇ ਬੇਵਕਤੀ ਅਕਾਲ ਚਲਾਣੇ 'ਤੇ ਇੰਗਲੈਂਡ ਕਬੱਡੀ ਫੈਡਰੇਸ਼ਨ ਅਤੇ ਕਬੱਡੀ ਕਲੱਬਾਂ ਨੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ। ਫੈਡਰੇਸ਼ਨ ਦੇ ਪ੍ਰਧਾਨ ਕਰਮਜੀਤ ਸਿੰਘ ਕੰਮਾ ਔਜਲਾ, ਚੇਅਰਮੈਨ ਬਲਵਿੰਦਰ ਸਿੰਘ ਚੱਠਾ, ਸਤਿੰਦਰ ਸਿੰਘ ਗੋਲਡੀ, ਸਤਨਾਮ ਸਿੰਘ ਸੱਤਾ ਮੁਠੱਡਾ, ਸ਼ੀਰਾ ਸਿੰਘ ਔਲਖ, ਕੁਲਵੰਤ ਸਿੰਘ ਸੰਘਾ, ਜਸਜੀਤ ਸਿੰਘ ਰਾਣਾ ਪੱਡਾ, ਬਲਵਿੰਦਰ ਸਿੰਘ ਦੂਲੇ, ਜਰਨੈਲ ਸਿੰਘ ਜ਼ੈਲਾ, ਕੁਲਵੀਰ ਸਿੰਘ ਸੁੱਖਾ, ਮਨਜੀਤ ਸਿੰਘ ਢੰਡਾ, ਬਲਜਿੰਦਰ ਸਿੰਘ ਭਿੰਡਰ, ਦਲਬੀਰ ਸਿੰਘ ਸੈਂਬੀ, ਤਰਲੋਚਨ ਸਿੰਘ, ਜੋਗਿੰਦਰ ਸਿੰਘ ਦੁਸਾਂਝ, ਸੁਰਿੰਦਰ ਸਿੰਘ ਮਾਣਕ, ਰਸ਼ਪਾਲ ਸਿੰਘ ਅਟਵਾਲ, ਪਾਲਾ ਬਾਜਵਾ, ਕੁਲਵਿੰਦਰ ਸਿੰਘ ਛੋਕਰ, ਸਤਨਾਮ ਸਿੰਘ ਗਿੱਲ, ਲਹਿੰਬਰ ਸਿੰਘ ਲੱਦੜ, ਹਰਨੇਕ ਸਿੰਘ ਨੇਕਾ, ਕੇਵਲ ਸਿੰਘ ਰਣਦੇਵਾ, ਪਿਆਰਾ ਸਿੰਘ ਰੰਧਾਵਾ, ਰਸ਼ਪਾਲ ਸਿੰਘ ਸਹੋਤਾ ਨੇ ਕਿਹਾ ਕਿ ਲਾਲੀ ਢੇਸੀ ਨੇ ਕਬੱਡੀ ਦੀ ਪ੍ਰਫੁਲਤਾ ਲਈ ਕੈਨੇਡਾ ਤੋਂ ਇਲਾਵਾ ਪੰਜਾਬ ਵਿੱਚ ਵੀ ਵੱਡਾ ਯੋਗਦਾਨ ਪਾਇਆ ਹੈ। ਉਹਨਾਂ ਦੀਆਂ ਖੇਡਾਂ ਪ੍ਰਤੀ ਸੇਵਾਵਾਂ ਨੂੰ ਹਮੇਸ਼ਾਂ ਯਾਦ ਰੱਖਿਆ ਜਾਵੇਗਾ।

GSD

GSD ESTATE AGENTS
RESIDENTIAL & COMMERCIAL PROPERTY EXPERTS
SALES • LETTINGS • MANAGEMENT
EXPERIENCED & INDEPENDENT
FAMILY OWNED & OPERATED
How much is your home worth ?
More properties wanted for qualified applicants
We can sell or let your properties fast
2-3 year rent guarantee schemes available
ਜੀ. ਐਸ. ਡੀ. ਇਸਟੇਟ ਏਜੰਟਸ
ਤੁਹਾਡੇ ਘਰ ਦੀ ਕਿੰਨੀ ਕੀਮਤ ਹੈ ?
ਤੁਹਾਡੀ ਜਾਇਦਾਦ ਵੇਚਣ ਜਾਂ ਕਿਰਾਏ 'ਤੇ ਦੇਣ ਲਈ ਤੁਹਾਡੀ ਮਦਦ ਕਰ ਸਕਦੇ ਹਾਂ।
ਯੋਗ ਅਰਜ਼ੀ ਕਰਤਾਵਾਂ ਲਈ ਹੋਰ ਜਾਇਦਾਦਾਂ ਚਾਹੀਦੀਆਂ ਹਨ।
ਗਰੰਟੀ 'ਤੇ ਕਿਰਾਏ ਲਈ 2-3 ਸਾਲ ਦੀਆਂ ਯੋਜਨਾਵਾਂ ਵੀ ਉਪਲੱਬਧ ਹਨ।
ਜਾਇਦਾਦ ਸਬੰਧੀ ਤਜ਼ਰਬੇਕਾਰ ਤੇ ਪ੍ਰੋਫੈਸ਼ਨਲ ਮਾਹਿਰਾਂ ਦੀ ਸਲਾਹ ਜ਼ਰੂਰ ਲਵੋ
EXCELLENCE AS STANDARD *Supporting a greener future*
Director: Mr Gurjeet Singh Dhariwal
Visit our website: www.gsdestates.com
Tel: 020 8570 1284 Email: info@gsdestates.com
10 New Heston Road, Heston, TW5 0LJ
GSD Estate Agents Ltd. Company No: 06529322. All rights reserved

## ਸ੍ਰੀ ਗੁਰੂ ਰਵਿਦਾਸ ਸਭਾ ਸਾਊਥਾਲ ਵੱਲੋਂ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਦੇ ਬੁੱਤ ਦੀ ਭੰਨਤੋੜ ਦੀ ਨਿਖੇਧੀ

**ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਅੰਮ੍ਰਿਤਸਰ ਦੇ ਵਿਰਾਸਤੀ ਮਾਰਗ 'ਤੇ ਲੱਗੇ ਭਾਰਤੀ ਸੰਵਿਧਾਨ ਦੇ ਜਨਮਦਾਤਾ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਦੇ ਬੁੱਤ ਨੂੰ ਇਕ ਨੌਜਵਾਨ ਵਲੋਂ ਨੁਕਸਾਨ ਪਹੁੰਚਾਏ ਜਾਣ ਦੀ ਸ੍ਰੀ ਗੁਰੂ ਰਵਿਦਾਸ ਸਭਾ ਸਾਊਥਾਲ ਦੀ ਪ੍ਰਬੰਧਕ ਕਮੇਟੀ ਤੇ ਸੰਗਤਾਂ ਵਲੋਂ ਸਖ਼ਤ ਨਿਖੇਧੀ ਕੀਤੀ ਹੈ।**

ਪ੍ਰਧਾਨ ਆਤਮਾ ਰਾਮ ਢਾਂਡਾ, ਮੀਤ ਪ੍ਰਧਾਨ ਦਰਸ਼ਨ ਸਿੰਘ ਨਾਗੀ, ਸਕੱਤਰ ਸ਼ਿਵ ਰੱਤੂ, ਵਰਿੰਦਰ ਚੰਦਰ, ਚੇਅਰਮੈਨ ਚੁੰਨੀ ਲਾਲ ਚੂੰਬਰ, ਊਸ਼ਾ ਗੰਗੜ, ਸੁਰਿੰਦਰ ਸਿੰਘ ਬੰਗੜ, ਮੋਹਨ ਲਾਲ, ਸੁਰਜੀਤ ਸਿੰਘ ਆਦਿ ਨੇ ਕਿਹਾ ਕਿ ਕੁੱਝ ਤਾਕਤਾਂ ਵੱਲੋਂ ਪੰਜਾਬ ਦੇ ਮਾਹੌਲ ਨੂੰ ਖ਼ਰਾਬ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਉਨ੍ਹਾਂ ਪੰਜਾਬ ਪੁਲਿਸ ਤੇ ਸਰਕਾਰ ਤੋਂ ਮੰਗ ਕੀਤੀ ਕਿ ਦੋਸ਼ੀ ਨੂੰ ਸਖ਼ਤ ਸਜ਼ਾ ਦਿੱਤੀ ਜਾਵੇ ਤਾਂ ਕਿ ਕੋਈ ਹੋਰ ਅਜਿਹੀ ਹਰਕਤ ਕਰਨ ਦੀ ਹਿੰਮਤ ਨਾ ਕਰ ਸਕੇ। ਉਹਨਾਂ ਕਿਹਾ ਕਿ ਭਾਵੇਂ ਅੱਜ ਵੀ ਦਲਿਤ ਸਮਾਜ ਦੇ ਲੋਕ ਆਪਣੇ ਹੱਕਾਂ ਲਈ ਸੰਘਰਸ਼ ਕਰ ਰਹੇ ਹਨ। ਪਰ ਬਾਬਾ ਸਾਹਿਬ ਨੇ ਸਖ਼ਤ ਮੇਹਨਤ ਕਰਕੇ ਭਾਰਤੀ ਸੰਵਿਧਾਨ ਤਿਆਰ ਕਰਦਿਆਂ ਦੇਸ਼ ਦੇ ਹਰ ਵਰਗ ਨੂੰ ਬਰਾਬਰ ਦਾ ਅਧਿਕਾਰ ਦਿੱਤਾ।

## ਦਲੀਪ ਸਿੰਘ ਜੈਨਪੁਰੀਆ ਦੇ ਅਕਾਲ ਚਲਾਣੇ ਤੇ ਦੁੱਖ ਦਾ ਪ੍ਰਗਟਾਵਾ



ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਇੰਡੀਅਨ ਓਵਰਸੀਜ਼ ਕਾਂਗਰਸ ਯੂ ਕੇ ਦੇ ਮੀਤ ਪ੍ਰਧਾਨ ਬਲਜਿੰਦਰ ਸਿੰਘ ਜੈਨਪੁਰੀਆ ਦੇ ਪਿਤਾ ਸ: ਦਲੀਪ ਸਿੰਘ ਸਾਬਕਾ ਸਰਪੰਚ ਜੈਨਪੁਰਾ ਬੀਤੇ ਦਿਨੀ ਸਦੀਵੀ ਵਿਛੋੜਾ ਦੇ ਗਏ ਸਨ। ਸਾਊਥਾਲ ਤੋਂ ਸਾਬਕਾ ਐਮ ਪੀ ਵਰਿੰਦਰ ਸ਼ਰਮਾ, ਕਾਂਗਰਸੀ ਆਗੂ ਕਮਲਪ੍ਰੀਤ ਸਿੰਘ ਧਾਲੀਵਾਲ, ਦਲਜੀਤ ਸਿੰਘ ਸਹੋਤਾ, ਨਛੱਤਰ ਕਲਸੀ, ਰਸ਼ਪਾਲ ਸਿੰਘ ਸੰਘਾ, ਬਲਵਿੰਦਰ ਸਿੰਘ ਗਿੱਲ ਦੀਨੇਵਾਲੀਆ, ਗੁਰਮਿੰਦਰ ਕੌਰ ਰੰਧਾਵਾ, ਜਸਪਾਲ ਸਿੰਘ ਥਿੰਦ ਆਦਿ ਨੇ ਜੈਨਪੁਰੀ ਪ੍ਰੀਵਾਰ ਨਾਲ ਦੁੱਖ ਸਾਂਝਾ ਕਰਦਿਆਂ ਕਿਹਾ ਸ: ਦਲੀਪ ਸਿੰਘ ਨੇ ਜਿੱਥੇ ਖੁਦ ਸਮਾਜ ਦੀ ਸੇਵਾ ਕੀਤੀ ਹੈ ਉੱਥੇ ਹੀ ਉਨ੍ਹਾਂ ਆਪਣੇ ਪ੍ਰੀਵਾਰ ਨੂੰ ਸਮਾਜ ਸੇਵਾ ਲਈ ਉਤਸ਼ਾਹਿਤ ਕੀਤਾ ਹੈ।

# ਭਾਰਤੀ ਫੌਜ ਦੇ ਅਧਿਕਾਰੀਆਂ ਦੇ ਬਰਤਾਨਵੀ ਸੰਸਦ 'ਚ ਆਉਣ ਦੇ 123 ਸਾਲ ਪੂਰੇ ਹੋਣ ਤੇ ਮੁੜ ਕੀਤਾ ਯਾਦ

**ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਭਾਰਤੀ ਫੌਜ ਦੇ ਅਧਿਕਾਰੀਆਂ ਦੇ 123 ਸਾਲ ਪਹਿਲਾਂ 1902 ਵਿੱਚ ਪਹਿਲੀ ਵਾਰ ਬਰਤਾਨਵੀ ਸੰਸਦ ਵਿੱਚ ਪਹੁੰਚਣ ਦੇ ਖਾਸ ਦਿਨ ਨੂੰ ਯਾਦ ਕਰਦਿਆਂ ਆਲ ਪਾਰਟੀ ਪਾਰਲੀਮੈਂਟਰੀ ਗਰੁੱਪ ਫਾਰ ਬ੍ਰਿਟਿਸ਼ ਸਿੱਖ ਵੱਲੋਂ ਵਿਸ਼ੇਸ਼ ਸਮਾਗਮ ਦਾ ਆਯੋਜਨ ਕੀਤਾ ਗਿਆ। ਏ ਪੀ ਪੀ ਜੀ ਫਾਰ ਬ੍ਰਿਟਿਸ਼ ਸਿੱਖ ਦੇ ਚੇਅਰਮੈਨ ਐਮ ਪੀ ਜਸਬੀਰ ਸਿੰਘ ਜਸ ਅਠਵਾਲ, ਡਾ. ਤੇਜਪਾਲ ਸਿੰਘ ਰੈਲਮਿਲ ਅਤੇ ਏ ਲਿਟਲ ਹਿਸਟਰੀ ਆਫ਼ ਦ ਸਿੱਖਜ਼ ਦੇ ਰਾਵ ਸਿੰਘ ਵੱਲੋਂ ਸਮਾਗਮ ਦੀ ਮੇਜ਼ਬਾਨੀ ਕੀਤੀ ਗਈ।**



ਸਮਾਗਮ ਦੌਰਾਨ ਸੰਸਦ ਮੈਂਬਰਾਂ ਨਾਲ ਬਰਤਾਨਵੀ ਫੌਜ ਦੇ ਸਿੱਖ ਅਧਿਕਾਰੀ ਅਤੇ ਹੋਰ
ਬਰਤਾਨੀਆਂ ਦੀ ਸੰਸਦ ਵਿੱਚ ਪਹਿਲੀ ਵਾਰ ਜਾਣ ਵਾਲੇ ਭਾਰਤੀ ਫੌਜ ਦੇ ਅਧਿਕਾਰੀ

ਸਮਾਗਮ ਦੌਰਾਨ ਦੱਸਿਆ ਗਿਆ ਕਿ ਭਾਰਤੀ ਫੌਜ ਦੇ ਇਹ ਅਧਿਕਾਰੀ 1902 ਵਿੱਚ ਮਹਾਰਾਜਾ ਐਡਵਰਡ ਸੱਤਵੇਂ ਦੀ ਤਾਜਪੋਸ਼ੀ ਸਮਾਗਮ ਵਿੱਚ ਹਿਸਾ ਲੈਣ ਲਈ ਉਚੇਚੇ ਤੌਰ ਤੇ ਪਹੁੰਚੇ ਸਨ। ਜਿਹਨਾਂ ਵਿੱਚ 23ਵੀਂ ਸਿੱਖ ਪਾਇਨੀਅਰ ਅਤੇ 15ਵੀਂ ਲੁਧਿਆਣਾ ਸਿੱਖ ਰੈਜੀਮੈਂਟ ਤੇ 1200 ਪੈਦਲ ਸੈਨਿਕ ਅਤੇ ਘੋੜਸਵਾਰ ਸ਼ਾਮਿਲ ਸਨ। ਇਹ ਫੌਜੀ ਅਧਿਕਾਰੀਆਂ ਨੇ ਹੈਂਪਟਨ ਕੋਰਟ ਪੈਲੇਸ ਦੇ ਹੋਮ ਪਾਰਕ ਵਿੱਚ ਡੇਰਾ ਲਾਇਆ ਸੀ। ਕੋਰੋਨੇਸ਼ਨ ਟੁਕੜੀ ਦੇ ਭਾਰਤੀ ਅਧਿਕਾਰੀਆਂ ਨੇ ਉਸ ਸਮੇਂ ਜਦੋਂ ਸੰਸਦ ਭਵਨ ਦਾ ਦੌਰਾ ਕੀਤਾ ਤਾਂ ਉਹਨਾਂ ਦਾ ਵਿਸ਼ੇਸ਼ ਸਵਾਗਤ ਹੋਇਆ ਅਤੇ ਹਾਊਸ ਆਫ਼ ਕਾਮਨਜ਼ ਦੀ ਛੱਤ 'ਤੇ ਉਹਨਾਂ ਅਧਿਕਾਰੀਆਂ ਦਾ ਵਿਸ਼ੇਸ਼ ਤਸਵੀਰਾਂ ਖਿੱਚੀਆਂ ਗਈਆਂ।

26 ਜੂਨ 1902 ਨੂੰ ਹੋਣ ਵਾਲੀ ਤਾਜਪੋਸ਼ੀ 6 ਹਫ਼ਤਿਆਂ ਲਈ ਦੇਰੀ ਨਾਲ ਕੀਤੀ ਗਈ ਸੀ ਕਿਉਂਕਿ ਰਾਜਾ ਐਡਵਰਡ ਸੱਤਵੇਂ ਨੂੰ ਐਪੈਂਡਿਸਾਈਟਿਸ ਦਾ ਪਤਾ ਲੱਗਿਆ ਸੀ। ਜਿਸ ਕਰਕੇ ਭਾਰਤੀ ਫੌਜਾਂ ਨੂੰ ਲੰਡਨ ਅਤੇ ਬਰਤਾਨੀਆਂ ਵਿੱਚ ਦਿਲਚਸਪ ਇਤਿਹਾਸਕ ਸਥਾਨਾਂ ਦਾ ਦੌਰਾ ਕਰਨ ਦਾ ਮੌਕਾ ਮਿਲਿਆ। ਸਕੂਲੀ ਬੱਚਿਆਂ, ਲਾਰਡਜ਼, ਸੰਸਦ ਮੈਂਬਰਾਂ, ਇਤਿਹਾਸਕਾਰਾਂ ਅਤੇ ਇਤਿਹਾਸਕ ਰਾਇਲ ਪੈਲੇਸਾਂ ਦੇ ਸੀਨੀਅਰ ਪ੍ਰਤੀਨਿਧੀਆਂ ਦੇ ਇਕੱਠ ਨੂੰ ਡਾ. ਤੇਜਪਾਲ ਸਿੰਘ ਰੈਲਮਿਲ ਅਤੇ ਰਾਵ ਸਿੰਘ ਨੇ ਭਾਰਤੀ ਫੌਜ ਅਧਿਕਾਰੀਆਂ ਦੀ ਉਕਤ ਯਾਤਰਾ ਬਾਰੇ ਵਿਸਥਾਰ ਸਹਿਤ ਜਾਣਕਾਰੀ ਸਾਂਝੀ ਕੀਤੀ।

ਇਤਿਹਾਸਕ ਰਾਇਲ ਪੈਲੇਸਾਂ ਅਤੇ ਡਿਜ਼ਾਈਨ ਮੁਖੀ ਐਲੀਨ ਪੀਅਰਸ ਨੇ ਦੱਸਿਆ ਕਿ ਹੈਂਪਟਨ ਕੋਰਟ ਪੈਲੇਸ ਲਈ ਇਹ ਕਹਾਣੀਆਂ ਦੀ ਮਹੱਤਤਾ ਅਤੇ ਇਤਿਹਾਸ ਬਾਰੇ ਵਿਚਾਰ ਸਾਂਝੇ ਕੀਤੇ। ਐਮ ਪੀ ਤਨਮਨਜੀਤ ਸਿੰਘ ਢੇਸੀ ਨੇ ਕਿਹਾ ਕਿ ਰਾਸ਼ਟਰੀ ਸਿੱਖ ਯੁੱਧ ਯਾਦਗਾਰ ਦੀ ਸਥਾਪਨਾ ਦੀ ਵੱਚਨਵੱਧਤਾ ਪ੍ਰਗਟ ਕਰਦਿਆਂ, ਉਕਤ ਪ੍ਰਾਜੈਕਟ ਨੂੰ ਜਲਦੀ ਨੇਪਰੇ ਚਾੜ੍ਹਨ ਲਈ ਗੱਲ ਦੁਹਰਾਈ। ਐਮ ਪੀ ਪ੍ਰੀਤ ਗਿੱਲ ਨੇ ਹੈਂਪਟਨ ਕੋਰਟ ਨਿਵਾਸੀ ਰਾਜਕੁਮਾਰੀ ਸੋਫੀਆ ਦਲੀਪ ਸਿੰਘ ਦੇ ਮੱਤ ਅਧਿਕਾਰ ਅੰਦੋਲਨ ਵਿੱਚ ਯੋਗਦਾਨ ਅਤੇ ਭਾਰਤੀ ਸੈਨਿਕਾਂ ਪ੍ਰਤੀ ਉਨ੍ਹਾਂ ਦੀ ਹਮਦਰਦੀ ਨੂੰ ਉਜਾਗਰ ਕਰਦਿਆਂ ਉਸ ਵੱਲੋਂ ਵਿਸ਼ਵ ਯੁੱਧ ਦੌਰਾਨ ਬਤੌਰ ਨਰਸ ਨਿਭਾਈਆਂ ਸੇਵਾਵਾਂ ਦੀ ਪ੍ਰਸੰਸਾ ਕੀਤੀ। ਮੇਜਰ ਜਨਰਲ ਜੌਨ ਕੇਂਡਲ ਡਿਪਟੀ ਕਮਾਂਡਰ ਫੀਲਡ ਆਰਮੀ ਨੇ ਜੀਵਨ ਦੇ ਹਰ ਖੇਤਰ ਵਿੱਚ ਬ੍ਰਿਟਿਸ਼ ਸਿੱਖਾਂ ਦੇ ਅਥਾਹ ਯੋਗਦਾਨ ਬਾਰੇ ਗੱਲ ਕਰਦਿਆਂ ਸਾਰਾਗੜ੍ਹੀ ਦੀ ਬਹਾਦਰੀ ਦਾ ਜ਼ਿਕਰ ਕੀਤਾ। ਇਸ ਤੋਂ ਇਲਾਵਾ ਹੈਲੀਕਾਪਟਰ ਪਾਇਲਟ ਅਤੇ ਡਿਫੈਂਸ ਸਿੱਖ ਨੈੱਟਵਰਕ ਦੇ ਚੇਅਰਪਰਸਨ ਕੈਪਟਨ ਹਰਮੀਤ ਨਿੱਝਰ, ਲਾਰਡ ਕੁਲਵੀਰ ਰੇਂਜਰ ਨੇ ਜ਼ਿਕਰ ਕੀਤਾ ਕਿ ਉਨ੍ਹਾਂ ਨੇ ਕਿੰਨਾ ਕੁਝ ਸਿੱਖਿਆ ਹੈ ਅਤੇ ਸਵਾਲ ਕੀਤਾ ਕਿ ਇਹ ਰਾਸ਼ਟਰੀ ਪਾਠਕ੍ਰਮ ਦਾ ਹਿੱਸਾ ਕਿਉਂ ਨਹੀਂ ਸੀ। ਇਹ ਭਾਵਨਾ ਬਹੁਤ ਸਾਰੇ ਲੋਕਾਂ ਦੁਆਰਾ ਪ੍ਰਗਟ ਕੀਤੀ ਗਈ ਸੀ।

ਇਸ ਮੌਕੇ ਐਮ ਪੀ ਤਨਮਨਜੀਤ ਸਿੰਘ ਢੇਸੀ ਅਤੇ ਪ੍ਰੀਤ ਕੌਰ ਗਿੱਲ ਤੋਂ ਇਲਾਵਾ ਐਮ ਪੀ ਵਾਰਿੰਦਰ ਸਿੰਘ ਜੱਸ, ਐਮ ਪੀ ਗੁਰਿੰਦਰ ਸਿੰਘ ਜੋਸਨ, ਐਮ ਪੀ ਹਰਪ੍ਰੀਤ ਕੌਰ ਉੱਪਲ, ਐਮ ਪੀ ਡੀਅਰਡਰੇ ਕੋਸਟੀਗਨ, ਐਮ ਪੀ ਵੈਂਡੀ ਮੋਰਟਨ, ਲਾਰਡ ਕੁਲਵੀਰ ਰੇਂਜਰ, ਲਾਰਡ ਕੁਲਦੀਪ ਸਹੋਤਾ ਆਦਿ ਨੇ ਸ਼ਿਰਕਤ ਕੀਤੀ।

# ਸੰਸਦ ਵਿੱਚ ਸਭ ਤੋਂ ਵੱਧ ਮੁੱਦੇ ਉਠਾਉਣ ਜਾਂ ਮੁੱਦਿਆਂ ਤੇ ਗੱਲ ਕਰਨ ਵਾਲੇ ਸਾਂਸਦਾਂ ਦੀ ਸੂਚੀ ਵਿੱਚ ਐਮ ਪੀ ਢੇਸੀ 9ਵੇਂ ਸਥਾਨ 'ਤੇ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਲੋਕਤੰਤਰ ਵਿੱਚ ਲੋਕਾਂ ਵੱਲੋਂ ਚੁਣੇ ਜਾਂਦੇ ਨੇਤਾਵਾਂ ਦਾ ਪਹਿਲਾ ਫਰਜ਼ ਆਪਣੇ ਲੋਕਾਂ ਦੀ ਅਵਾਜ਼ ਬੁਲੰਦ ਕਰਨਾ ਹੁੰਦਾ ਹੈ। ਇਸ ਫਰਜ਼ ਦੀ ਪਾਲਣਾ ਕਰਨ ਵਾਲੇ ਬਰਤਾਨਵੀ ਸੰਸਦ ਮੈਂਬਰਾਂ ਦੀ ਜਾਰੀ ਇੱਕ ਸੂਚੀ ਵਿੱਚ ਬਰਤਾਨੀਆਂ ਦੇ ਪਹਿਲੇ ਦਸਤਾਰਧਾਰੀ ਸਿੱਖ ਤਨਮਨਜੀਤ ਸਿੰਘ ਢੇਸੀ 9ਵੇਂ ਸਥਾਨ ਤੇ ਹਨ। ਜਿਹਨਾਂ ਨੇ ਇਸ ਟਰਮ ਵਿੱਚ ਹੁਣ ਤੱਕ 327 ਵਾਰ ਸੰਸਦ ਵਿੱਚ ਆਪਣੀ ਅਤੇ ਆਪਣੇ ਲੋਕਾਂ ਲਈ ਅਵਾਜ਼ ਬੁਲੰਦ ਕੀਤੀ ਹੈ। ਜਦ ਕਿ ਪਹਿਲੇ ਨੰਬਰ ਤੇ ਡੀ ਯੂ ਪੀ ਦੇ ਐਮ ਪੀ ਜਿੰਮ ਸ਼ਾਨਨ ਦਾ ਨਾਮ ਹੈ ਜਿਹਨਾਂ ਨੇ 1128 ਵਾਰ, ਅਵਾਜ਼ ਬੁਲੰਦ ਕੀਤੀ ਹੈ। ਦੂਜੇ ਨੰਬਰ ਤੇ ਰੀਫੌਰਮ ਯੂ ਕੇ ਦੇ ਰੁਪਰਟ ਲੋਏ ਨੇ 768, ਕੰਜ਼ਰਵੇਟਿਵ ਦੇ ਜੌਹਨ ਗਲੇਨ ਨੇ 732 ਅਤੇ ਜੌਹਨ ਹੇਜ਼ ਨੇ 665, ਲੇਬਰ ਪਾਰਟੀ ਦੀ ਰੀਚਲ ਮਾਸਕਿਲ ਨੇ 389, ਐਡਮ ਜੋਜ਼ੀ ਨੇ 379, ਟੌਮ ਹੇਜ਼ ਨੇ 353, ਰੀਫੌਰਮ ਯੂ ਕੇ ਦੇ ਜੇਮਜ਼ ਮੈਕਮੌਰਡਕ ਨੇ 328, ਲੇਬਰ ਪਾਰਟੀ ਦੇ ਐਮ ਪੀ ਤਨਮਨਜੀਤ ਸਿੰਘ ਢੇਸੀ ਨੇ 327 ਅਤੇ ਕੰਜ਼ਰਵੇਟਿਵ ਪਾਰਟੀ ਦੇ ਡੈਮੀਅਨ ਹਿੰਡਸ ਨੇ 315 ਵਾਰ ਮੁੱਦੇ ਉਠਾਏ ਹਨ ਜਾਂ ਮੁੱਦਿਆਂ ਤੇ ਚਰਚਾ ਕੀਤੀ ਹੈ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਸਲੋਹ ਤੋਂ ਸੰਸਦ ਮੈਂਬਰ ਤਨਮਨਜੀਤ ਸਿੰਘ ਢੇਸੀ ਨੇ ਆਪਣੇ ਸਲੋਹ



ਐਮ ਪੀ ਤਨਮਨਜੀਤ ਸਿੰਘ ਢੇਸੀ

ਹਲਕੇ ਦੇ ਲੋਕਾਂ ਦੇ ਕਾਰ ਪਾਰਕਿੰਗ ਦੇ ਮੁੱਦੇ ਤੋਂ ਲੈ ਕੇ ਸਾਕਾ ਨੀਲਾ ਤਾਰਾ ਵਿੱਚ ਬਰਤਾਨੀਆਂ ਸਰਕਾਰ ਦੀ ਭੂਮਿਕਾ ਦੀ ਨਿਰਪੱਖ ਜਾਂਚ ਦੀ ਮੰਗ ਤੱਕ ਦੇ ਅਹਿਮ ਮੁੱਦੇ ਉਠਾਏ ਹਨ। ਉਹਨਾਂ ਧਰਮ ਨਿਰਪੱਖਤਾ ਦਾ ਸਬੂਤ ਦਿੰਦਿਆਂ ਆਪਣੇ ਸਮੁੱਚੇ ਸਿਆਸੀ ਜੀਵਨ ਦੌਰਾਨ ਹਰ ਵਰਗ ਦੇ ਲੋਕਾਂ ਦਾ ਮੁੱਦਿਆ ਉਠਾਇਆ ਹੈ ਭਾਵੇਂ ਉਹ ਪਾਕਿਸਤਾਨ ਵਿੱਚ ਹਿੰਦੂਆਂ ਤੇ ਜ਼ੁਲਮਾਂ ਦਾ ਹੋਵੇ, ਭਾਵੇਂ ਭਾਰਤ ਵਿੱਚ ਘੱਟ ਗਿਣਤੀਆਂ ਦੇ ਮਾਮਲੇ ਜਾਂ ਕਿਸਾਨਾਂ ਦੇ ਮਾਮਲੇ ਹੋਣ, ਜਾਂ ਗਾਜ਼ਾ ਵਿੱਚ ਮਾਸੂਮ ਬੱਚਿਆਂ ਨਾਲ ਹੋ ਰਹੇ ਅਣਮਨੁੱਖੀ ਵਿਵਹਾਰਾਂ ਦੇ ਹੋਣ।

# 51 ਹਜ਼ਾਰ ਕੈਨੇਡੀਅਨ ਡਾਲਰ ਵਾਲੇ ਢਾਹਾਂ ਸਾਹਿਤ ਇਨਾਮ-2025 ਲਈ ਪੁਸਤਕਾਂ ਦੀਆਂ ਨਾਮਜ਼ਦਗੀਆਂ ਆਰੰਭ ਪੁਸਤਕਾਂ ਭੇਜਣ ਦੀ ਆਖਰੀ ਤਾਰੀਕ 28 ਫਰਵਰੀ 2025

ਵੈਨਕੂਵਰ/ਬੰਗਾ-ਕੈਨੇਡਾ ਦੀ ਧਰਤੀ ਤੋਂ ਆਰੰਭ ਹੋਏ ਅਤੇ ਪੰਜਾਬੀ ਸਾਹਿਤ ਦੇ ਪ੍ਰਚਾਰ-ਪ੍ਰਸਾਰ ਨੂੰ ਸਮਰਪਿਤ 51000 ਕੈਨੇਡੀਅਨ ਡਾਲਰ ਦੇ ਕੌਮਾਂਤਰੀ ਪ੍ਰਸਿੱਧੀ ਵਾਲੇ ਢਾਹਾਂ ਸਾਹਿਤ ਇਨਾਮ ਸਾਲ 2025 ਲਈ ਨਾਮਜ਼ਦਗੀਆਂ ਹੁਣ ਪ੍ਰਵਾਨ ਕਰਨੀਆਂ ਆਰੰਭ ਕਰ ਦਿੱਤੀਆਂ ਗਈਆਂ ਹਨ ਅਤੇ ਨਾਮਜ਼ਦਗੀਆਂ ਦਾਖਲ ਕਰਨ ਦੀ ਆਖਰੀ ਤਾਰੀਖ 28 ਫਰਵਰੀ 2025 ਹੈ। ਇਹ ਜਾਣਕਾਰੀ ਢਾਹਾਂ ਸਾਹਿਤ ਇਨਾਮ ਦੇ ਬਾਨੀ ਸ੍ਰੀ ਬਰਜਿੰਦਰ ਸਿੰਘ ਢਾਹਾਂ ਦੁਆਰਾ ਦਿੱਤੀ ਗਈ । ਉਹਨਾਂ ਕਿਹਾ ਕਿ ਇਸ ਸਨਮਾਨ ਮਾਂ-ਬੋਲੀ ਪੰਜਾਬੀ ਵਿਚ ਸਮੁੱਚੇ ਸੰਸਾਰ ਵਿਚ ਰਚੇ ਗਏ ਉੱਤਮ ਸਾਹਿਤ ਦੀ ਪਛਾਣ ਕਰਨ ਅਤੇ ਪੰਜਾਬੀ ਸਾਹਿਤ-ਸਿਰਜਣਾ ਨੂੰ ਉਤਸ਼ਾਹ ਦੇਣ ਦੇ ਮਨੋਰਥ ਨਾਲ ਸ਼ੁਰੂ ਕੀਤਾ ਗਿਆ । ਜੋ ਕੌਮਾਂਤਰੀ ਪੱਧਰ ਉੱਤੇ ਮਾਂ ਬੋਲੀ ਪੰਜਾਬੀ ਦੀ ਗੁਰਮੁਖੀ ਜਾਂ ਸ਼ਾਹਮੁਖੀ ਲਿਪੀ ਵਿਚ ਛਪੇ ਨਾਵਲ ਤੇ ਕਹਾਣੀ ਦੀਆਂ ਤਿੰਨ ਕਿਤਾਬਾਂ ਨੂੰ ਦਿੱਤਾ ਜਾਂਦਾ ਹੈ । ਜਿਸ ਵਿਚ ਤਿੰਨ ਪੁਸਤਕਾਂ ਵਿਚੋ ਇੱਕ ਨੂੰ 25 ਹਜ਼ਾਰ ਕੈਨੇਡੀਅਨ ਡਾਲਰ ਦਾ ਇਨਾਮ ਅਤੇ ਦੋ ਪੁਸਤਕਾਂ ਨੂੰ 10-10 ਹਜ਼ਾਰ ਕੈਨੇਡੀਅਨ ਡਾਲਰ ਦਾ ਢਾਹਾਂ ਸਾਹਿਤ ਇਨਾਮ ਬਹੁਤ ਸਤਿਕਾਰ ਸਹਿਤ ਭੇਟ ਕੀਤਾ ਜਾਂਦਾ ਹੈ ।ਇਸ ਮੌਕੇ ਜੇਤੂ ਕਿਤਾਬਾਂ ਦੇ ਲੇਖਕਾਂ ਨੂੰ ਗੁਰਮੁਖੀ ਜਾਂ ਸ਼ਾਹਮੁਖੀ ਵਿੱਚ ਲਿਪੀਅੰਤਰਨ ਕਰਨ ਲਈ ਵੀ 6,000 ਕੈਨੇਡੀਅਨ ਡਾਲਰ ਦਾ ਵਿਸ਼ੇਸ਼ ਸਨਮਾਨ ਵੀ ਭੇਟ ਕੀਤਾ ਜਾਂਦਾ ਹੈ। ਢਾਹਾਂ ਸਾਹਿਤ ਇਨਾਮ ਵੱਲੋਂ 11 ਸਾਲਾਂ ਦੇ ਸਫਰ ਵਿਚ ਹੁਣ ਤੱਕ ਭਾਰਤ, ਪਾਕਿਸਤਾਨ, ਅਮਰੀਕਾ, ਇੰਗਲੈਂਡ ਅਤੇ ਕੈਨੇਡਾ ਦੇ ਪੰਜਾਬੀ ਲੇਖਕਾਂ ਦੀਆਂ 33 ਨਾਮਵਰ ਪੁਸਤਕਾਂ ਨੂੰ ਸਨਮਾਨਿਤ ਕੀਤਾ ਜਾ ਚੁੱਕਾ ਹੈ, ਜਿਹਨਾਂ ਵਿਚ ਨਾਵਲ ਤੇ ਕਹਾਣੀ ਸੰਗ੍ਰਿਹ ਸ਼ਾਮਿਲ ਹਨ । ਸ. ਢਾਹਾਂ ਨੇ ਇਸ ਮੌਕੇ ਢਾਹਾਂ ਸਾਹਿਤ ਇਨਾਮ ਨੂੰ ਦੇਸ-ਵਿਦੇਸ਼ ਦੇ ਲੇਖਕਾਂ, ਪ੍ਰਕਾਸ਼ਿਕਾਂ ਅਤੇ ਪਾਠਕਾਂ ਵੱਲੋ ਦਿੱਤੇ ਜਾ ਰਹੇ ਪਿਆਰ-ਸਤਿਕਾਰ ਲਈ ਤਹਿ ਦਿਲੋਂ ਧੰਨਵਾਦ ਕੀਤਾ।

ਸ. ਢਾਹਾਂ ਨੇ ਨਾਮਜ਼ਦਗੀਆਂ ਦਾਖਲ ਕਰਨ ਸਬੰਧੀ ਜਾਣਕਾਰੀ ਦਿੰਦੇ ਦੱਸਿਆ ਕਿ ਸਾਲ 2025 ਦੇ ਢਾਹਾਂ ਇਨਾਮ ਲਈ ਪ੍ਰਕਾਸ਼ਿਤ ਨਾਵਲ ਜਾਂ ਕਹਾਣੀਆਂ ਦੀ ਕਿਤਾਬ ਨਾਮਜ਼ਦ ਕਰਨ ਦੇ ਚਾਹਵਾਨ ਲੇਖਕ, ਪ੍ਰਕਾਸ਼ਿਕ ਨਾਮਜ਼ਦਗੀ ਫਾਰਮ ਭਰ ਕੇ ਸੰਬਧਿਤ ਪੁਸਤਕ ਦੀਆਂ ਤਿੰਨ ਕਾਪੀਆਂ ਨੂੰ ਢਾਹਾਂ ਇਨਾਮ ਦੇ ਮੁੱਖ ਦਫਤਰ Dhahan Pirze Book Subimsison # 1058 – 2560 Shell Roadi Rchmond, B.C., Canada V6X 0B8 ਜਾਂ ਈਮੇਲ subimsisons@dhahanpirze.com 'ਤੇ ਭੇਜ ਸਕਦੇ ਹਨ । ਇਸ ਸਬੰਧੀ ਹੋਰ ਜਾਣਕਾਰੀ ਵੈਬਸਾਈਟ www.dhahanpirze.com ਤੋਂ ਪ੍ਰਾਪਤ ਕੀਤੀ ਜਾ ਸਕਦੀ ਹੈ, ਜਿਸ ਤੋਂ ਲੇਖਕ-ਪ੍ਰਕਾਸ਼ਿਕ ਤਿੰਨ ਭਾਸ਼ਾਵਾਂ ਗੁਰਮੁਖੀ, ਸ਼ਾਹਮੁਖੀ ਅਤੇ ਅੰਗਰੇਜ਼ੀ ਵਿਚ ਜਾਣਕਾਰੀ ਮਿਲ ਸਕਦੀ ਹੈ । ਵਰਨਣਯੋਗ ਹੈ ਕਿ ਢਾਹਾਂ ਇਨਾਮ ਪੰਜਾਬੀ ਭਾਸ਼ਾ ਦਾ ਸਭ ਤੋਂ ਵੱਡਾ ਸਨਮਾਨ ਹੈ, ਜੋ ਪੰਜਾਬੀ ਸਾਹਿਤ ਰਚਨਾ ਨੂੰ ਉਤਸ਼ਾਹਿਤ ਕਰਨ, ਸੰਸਾਰ ਦੇ ਵੱਖ ਵੱਖ ਦੇਸ਼ਾਂ ਵਿੱਚ ਰਹਿਣ ਵਾਲੇ ਪੰਜਾਬੀ ਭਾਈਚਾਰੇ ਨੂੰ ਆਪਸ ਵਿੱਚ ਜੋੜਨ ਅਤੇ ਕੌਮਾਂਤਰੀ ਪੱਧਰ 'ਤੇ ਪੰਜਾਬੀ ਸਾਹਿਤ ਦਾ ਪ੍ਰਚਾਰ ਤੇ ਪਸਾਰ ਕਾਰਜਸ਼ੀਲ ਹੈ ।

# ਭਾਰਤ ਤੋਂ ਬਰਤਾਨੀਆ ਏ ਆਈ ਦੀ ਵਰਤੋਂ ਵਿੱਚ ਸਿੱਖ ਸਕਦਾ ਹੈ: ਹਾਊਸ ਆਫ ਕਾਮਨਜ਼ ਦੇ ਸਪੀਕਰ ਹੋਇਲ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਬਰਤਾਨੀਆ ਦੇ ਹੇਠਲੇ ਸਦਨ 'ਹਾਊਸ ਆਫ ਕਾਮਨਜ਼' ਦੀ ਸਪੀਕਰ ਲਿੰਡਸੇ ਹੋਇਲੇ ਨੇ ਕਿਹਾ ਹੈ ਕਿ ਉਨ੍ਹਾਂ ਦੇ ਦੇਸ਼ ਨੂੰ ਆਪਣੀਆਂ ਸੰਸਦੀ ਪ੍ਰਕਿਰਿਆਵਾਂ ਨੂੰ ਬਿਹਤਰ ਬਣਾਉਣ ਲਈ ਆਰਟੀਫੀਸ਼ੀਅਲ ਇੰਟੈਲੀਜੈਂਸ (ਏ ਆਈ) ਦੀ ਵਰਤੋਂ ਵਿੱਚ ਭਾਰਤ ਦੀ ਬੇਮਿ-ਸਾਲ ਤਰੱਕੀ ਦਾ ਫਾਇਦਾ ਉਠਾਉਣਾ ਚਾਹੀਦਾ ਹੈ।

ਹੋਇਲੇ ਨੇ ਇਹ ਗੱਲ ਲੰਡਨ ਦੇ ਇਤਿਹਾਸਕ ਗਿਲਡਹਾਲ ਵਿਖੇ ਭਾਰਤੀ ਪ੍ਰਵਾਸੀ ਭਾਈਚਾਰੇ ਦੇ ਇਕੱਠ ਨੂੰ ਸੰਬੋਧਨ ਕਰਦਿਆਂ ਕਹੀ। ਹੋਇਲੇ ਨੇ ਮੰਗਲਵਾਰ ਸ਼ਾਮ ਨੂੰ ਭਾਰਤੀ ਹਾਈ ਕਮਿਸ਼ਨ ਵੱਲੋਂ ਆਯੋਜਿਤ ਸਾਲਾਨਾ ਗਣਤੰਤਰ ਦਿਵਸ ਸਮਾਰੋਹ ਵਿੱਚ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ।

ਲੋਕ ਸਭਾ ਸਪੀਕਰ ਓਮ ਬਿਰਲਾ ਦੇ ਹਾਲ ਹੀ ਵਿੱਚ ਯੂ ਕੇ ਦੌਰੇ ਦਾ ਹਵਾਲਾ ਦਿੰਦੇ ਹੋਏ, ਹੋਇਲੇ ਨੇ ਕਿਹਾ, " (ਬਿਰਲਾ ਦਾ) ਇਹ ਦੌਰਾ ਸਾਡੇ ਲਈ ਅੱਖਾਂ ਖੋਲ੍ਹਣ ਵਾਲਾ ਸੀ, ਖਾਸ ਕਰਕੇ ਜਦੋਂ ਅਸੀਂ ਸੁਣਿਆ ਕਿ ਭਾਰਤ ਆਰਟੀ ਫੀਸ਼ੀਅਲ ਇੰਟੈਲੀਜੈਂਸ ਦੀ ਵਰਤੋਂ ਵਿੱਚ ਮੋਹਰੀ ਹੈ।" ਇਹ ਜਾਣ ਕੇ ਹੈਰਾਨੀ ਹੋਈ ਕਿ ਤੁਹਾਡੀ ਸੰਸਦ ਵਿੱਚ ਏ ਆਈ ਇੱਕੋ ਸਮੇਂ 22 ਭਾਸ਼ਾਵਾਂ ਦਾ ਅਨੁਵਾਦ ਕਰਦਾ ਹੈ। ਜਿਵੇਂ ਕਿ ਮੈਂ ਤੁਹਾਡੇ ਮਾਨਯੋਗ ਸਪੀਕਰ ਨੂੰ ਦੱਸਿਆ ਸੀ, ਅਸੀਂ ਇਹ ਪਤਾ ਲਗਾਉਣ ਲਈ ਇਕੱਠੇ ਕੰਮ ਕਰਨਾ ਚਾਹੁੰਦੇ ਹਾਂ ਕਿ ਏ ਆਈ ਸਾਡੀਆਂ ਸੰਸਦੀ ਪ੍ਰਕਿਰਿਆਵਾਂ ਨੂੰ ਕਿਵੇਂ ਬਿਹਤਰ ਬਣਾ ਸਕਦਾ ਹੈ।


ਭਾਰਤੀ ਹਾਈ ਕਮਿਸ਼ਨਰ ਵਿਕਰਮ ਦੋਰਾਏਸਵਾਮੀ, ਸਪੀਕਰ ਲਿੰਡਸੇ ਹੋਇਲੇ ਅਤੇ ਹੋਰ

ਲੰਕਾਸ਼ਾਇਰ ਦੇ ਚਾਰਲੀ ਤੋਂ ਸੰਸਦ ਮੈਂਬਰ ਨੇ ਆਪਣੇ ਹਲਕੇ ਅਤੇ ਭਾਰਤ ਵਿਚਕਾਰ ਇਤਿਹਾਸਕ ਸਬੰਧਾਂ ਨੂੰ ਉਜਾਗਰ ਕੀਤਾ। ਉਨ੍ਹਾਂ ਦੱਸਿਆ ਕਿ ਮਹਾਤਮਾ ਗਾਂਧੀ ਨੇ 1931 ਵਿੱਚ ਇਸ ਖੇਤਰ ਦੀਆਂ ਟੈਕਸਟਾਈਲ ਫੈਕਟਰੀਆਂ ਦਾ ਦੌਰਾ ਕੀਤਾ ਸੀ। ਇਸ ਮੌਕੇ ਭਾਰਤੀ ਹਾਈ ਕਮਿਸ਼ਨਰ ਵਿਕਰਮ ਦੋਰਾਏਸਵਾਮੀ, ਸਾਬਕਾ ਗ੍ਰਹਿ ਮੰਤਰੀ ਪ੍ਰੀਤੀ ਪਟੇਲ, ਲਾਰਡ ਪੋਲ, ਐਮ ਪੀ ਬੌਬ ਬਲੈਕਮੈਨ, ਐਮ ਪੀ ਜੱਸ ਅਠਵਾਲ, ਐਮ ਪੀ ਗੁਰਿੰਦਰ ਸਿੰਘ ਜੋਸਨ, ਸਾਬਕਾ ਐਮ ਪੀ ਵਰਿੰਦਰ ਸ਼ਰਮਾ, ਲਾਰਡ ਰੰਮੀ ਰੇਂਜ਼ਰ, ਹਰਮੀਤ ਸਿੰਘ ਭੱਕਨਾ, ਨਰਪਿੰਦਰ ਕੌਰ ਮਾਨ ਆਦਿ ਹਾਜ਼ਰ ਸਨ ।

# ਕਾਮਰੇਡ ਹਰਪਾਲ ਸਿੰਘ ਬਰਾੜ ਦੀ ਮੌਤ ਤੇ ਦੁੱਖ ਦਾ ਪ੍ਰਗਟਾਵਾ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਬਰਤਾਨੀਆ ਵਿੱਚ ਮਾਰਕਸਵਾਦੀ ਵਿਚਾਰਧਾਰਾ ਦੇ ਪ੍ਰਚਾਰ ਤੇ ਪ੍ਰਸਾਰ ਲਈ ਜੱਦੋ-ਜਹਿਦ ਕਰਨ ਵਾਲੇ ਕਾਮਰੇਡ ਹਰਪਾਲ ਸਿੰਘ ਬਰਾੜ ਬੀਤੇ ਦਿਨੀ ਅਕਾਲ ਚਲਾਣਾ ਕਰ ਗਏ। ਉਹ 85 ਵਰ੍ਹਿਆਂ ਦੇ ਸਨ। ਕਾਮਰੇਡ ਬਰਾੜ ਮਾਲਵੇ ਦੇ ਮਸ਼ਹੂਰ ਸ਼ਾਇਰ ਮੁਕਤਸਰ ਨੇ ਲੇ ਪਿੰਡ ਫੱਤਣਵਾਲਾ ਵਿੱਚ ਹੋਇਆ ਅਤੇ 1962 ਵਿੱਚ ਯੂ ਕੇ ਉੱਚ ਵਿੱਦਿਆ ਲਈ ਆਏ। ਜਿੱਥੇ ਉਹਨਾਂ ਮਾਰਕਸਵਾਦੀ ਵਿਚਾਰਧਾਰਾ ਲਈ ਕੰਮ ਕੀਤਾ ਅਤੇ ਦਰਜਨ ਦੇ ਕਰੀਬ ਕਿਤਾਬਾਂ ਲਿਖੀਆਂ।



ਉਹਨਾਂ ਇੱਥੋਂ ਦੀ ਸਿਆਸਤ ਵਿੱਚ ਸਰਗਰਮ ਭੂਮਿਕਾ ਨਿਭਾਉਣ ਲਈ 1997 ਅਤੇ 2001 ਵਿੱਚ ਸੰਸਦੀ ਚੋਣਾਂ ਲੜੀਆਂ। ਉਹ ਇੰਡੀਅਨ ਵਰਕਰਜ਼ ਐਸੋਸੀਏਸ਼ਨ ਦੇ ਸਰਗਰਮ ਮੈਂਬਰ ਵੀ ਰਹੇ। ਕਾਮਰੇਡ ਹਰਪਾਲ ਦੀ ਮੌਤ ਤੇ ਸਾਬਕਾ ਐਮ ਪੀ ਵਰਿੰਦਰ ਸ਼ਰਮਾ, ਹੰਸਲੋ ਦੇ ਸਾਬਕਾ ਮੇਅਰ ਅਤੇ ਕੌਂਸਲਰ ਰਘਵਿੰਦਰ ਸਿੰਘ ਸਿੱਧੂ ਨੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਸੰਘਰਸ਼ੀ ਕਾਮਿਆਂ ਅਤੇ ਲੋਕ ਹਿਤਾਂ ਲਈ ਸੰਘਰਸ਼ ਕਰਨ ਵਾਲਾ ਇੱਕ ਯੋਧਾ ਤੁਰ ਗਿਆ ਹੈ। ਜਿਸ ਨੇ ਸਾਰੀ ਉਮਰ ਮਿਹਨਤੀ ਲੋਕਾਂ ਦੀ ਅਵਾਜ਼ ਬੁਲੰਦ ਕੀਤੀ ਹੈ।

ਐਸ ਐਸ ਧਾਲੀਵਾਲ ਕੇਟਰਿੰਗ, ਗਰੀਨਫੋਰਡ
ਪੀਜ਼ਾ ਅਤੇ ਲਜ਼ੀਜ਼ ਦੇਸੀ/ਪੰਜਾਬੀ ਖਾਣੇ
EST: 35 YEARS
Gary of GREENFORD
Open 7 Days a week: 1:00pm to 10:00pm
Now on Just Eat and Uber Eats
Collection Only
Buy One Pizza Get One FREE
Weddings - Anniversaries, Birthdays- Engagements, Receptions - Corporate Events, Exhibitions - Private Parties
ਵਿਆਹ, ਜਨਮ ਦਿਨ, ਵਰ੍ਹੇਗੰਢ, ਮੰਗਣੀ/ ਕੁੜਮਾਈ ਅਤੇ ਹਰ ਤਰ੍ਹਾਂ ਦੀਆਂ ਵੱਡੀਆਂ ਛੋਟੀਆਂ ਪਾਰਟੀਆਂ ਲਈ ਕੇਟਰਿੰਗ ਕਰਦੇ ਹਾਂ:
ਬੁੱਕ ਕਰਨ ਤੇ ਵਧੇਰੇ ਜਾਣਕਾਰੀ ਲਈ ਸੰਪਰਕ ਕਰੋ:
SS DHALIWAL CATERING
Tel: 0208 575 3600 / Mo: 07910 922 879
65 Marnham Crescent, Greenford, Middx, UB6 9SP

VACANCIES
JSR Contracts Ltd.
ਮਾਨਚੈਸਟਰ ਦੀਆਂ ਸਾਈਟਾਂ 'ਤੇ ਕਾਰਪੈਂਟਰ ਦਾ ਕੰਮ ਕਰਨ ਵਾਲੇ ਕਾਮਿਆਂ ਦੀ ਸਾਨੂੰ ਤੁਰੰਤ ਲੋੜ ਹੈ
Carpenters required at various sites in Manchester
**Job Descriptions:** In this role as an experienced Carpenter, a diverse set of responsibilities during the job, consist of 37.5 hours of dedicated work per week. You will be responsible for cutting, shaping, and assembling wooden elements for the construction of hoardings and other structures using saws, planes, chisels, and other power or hand tools to cut, shape, and drill according to specifications. Your main duties will include setting up shutters as required, ensuring levels are correctly set, and laying and fixing steel. You will assist with pouring and finishing concrete. You will also be responsible for stripping and cleaning shutters for reuse, as well as cutting and cleaning slabs, maintaining and repairing woodwork and fittings, aligning and fixing prepared wood pieces using screws, nails, glue, and dowels to form frames, and carrying out on-site soft strip demolition.
Annual pay is - £ 30,960.
The required training will be provided.
Person must have CSCS, Asbestos Awareness and Manual Handling
* Overseas candidates must do UK construction industry standard qualifications on arrival and before joining the job.
Contact Mr. Randhawa via email below:
Email: jsrcontractslimited@gmail.com

ਦਰਪਣ ਝੂਠ ਨਹੀ ਬੋਲਦਾ
ਪੰਜਾਬ ਟਾਈਮਜ਼ ਮੀਡੀਆ


# ਅਜ਼ਾਦ ਪੱਤਰਕਾਰਤਾ ਵਿਰੁੱਧ ਫੁੱਚਰਾਂ ਡਾਹਣ ਲੱਗੀ ਮੋਦੀ ਸਰਕਾਰ

## ✪ ਆਮਦਨ ਕਰ ਵਿਭਾਗ ਨੇ 'ਦੀ ਰਿਪੋਰਟਰਜ਼ ਕੁਲੈਕਟਿਵ' ਦਾ ਗੈਰ-ਲਾਭਕਾਰੀ ਦਰਜਾ ਕੀਤਾ ਰੱਦ

ਮੋਦੀ ਰਾਜ ਸ਼ੁਰੂ ਹੋਣ ਨਾਲ ਹੀ ਭਾਰਤ ਦਾ ਪ੍ਰੰਪਰਾਗਤ ਮੀਡੀਆ ਇੱਕ-ਇੱਕ ਕਰਕੇ ਸੱਤਾ ਅੱਗੇ ਨਤਮਸਤਕ ਹੋ ਗਿਆ ਸੀ। ਸੱਤਾ ਦੀ ਗੋਦ ਵਿੱਚ ਬੈਠੇ ਇਸ ਮੀਡੀਆ ਨੂੰ ਹਰ ਕੋਈ 'ਗੋਦੀ ਮੀਡੀਆ' ਦੇ ਨਾਂਅ ਨਾਲ ਸੰਬੋਧਨ ਕਰਦਾ ਹੈ। ਲੋਕਾਂ ਦੀ ਸੂਚਨਾ ਭੁੱਖ ਨੂੰ ਪੂਰਾ ਕਰਨ ਲਈ ਆਪਣੇ ਪੇਸ਼ੇ ਪ੍ਰਤੀ ਵਫ਼ਾਦਾਰ ਪੱਤਰਕਾਰਾਂ ਨੇ ਸੋਸ਼ਲ ਮੀਡੀਆ ਨੂੰ ਆਪਣੇ ਵਿਚਾਰਾਂ ਤੇ ਖੋਜਾਂ ਲਈ ਮੁੱਖ ਹਥਿਆਰ ਬਣਾ ਲਿਆ। ਅੱਜ ਸੋਸ਼ਲ ਮੀਡੀਆ ਬੇਹੱਦ ਸ਼ਕਤੀਸ਼ਾਲੀ ਹੋ ਚੁੱਕਾ ਹੈ ਤੇ ਲੋਕ ਇਸ ਉੱਤੇ ਭਰੋਸਾ ਵੀ ਕਰਦੇ ਹਨ। ਗੋਦੀ ਮੀਡੀਆ ਲੋਕਾਂ ਦੀ ਨਜ਼ਰ ਵਿੱਚ ਇਸ ਹੱਦ ਤੱਕ ਡਿਗ ਚੁੱਕਾ ਹੈ ਕਿ ਖ਼ਬਰਾਂ ਸ਼ੁਰੂ ਹੁੰਦਿਆਂ ਹੀ ਲੋਕ ਆਪਣੇ ਟੀ ਵੀ ਬੰਦ ਕਰ ਦਿੰਦੇ ਹਨ। ਇਸੇ ਕਾਰਨ ਪਿਛਲੇ ਕਾਫ਼ੀ ਸਮੇਂ ਤੋਂ ਸੋਸ਼ਲ ਮੀਡੀਆ ਪਲੇਟਫਾਰਮ ਉੱਤੇ ਚਲਦੇ ਵੱਖ-ਵੱਖ ਯੂਟਿਊਬ ਚੈਨਲਾਂ ਤੇ ਡਿਜੀਟਲ ਆਊਟਲੈੱਟਸ ਦੀਆਂ ਨਕੇਲਾਂ ਕੱਸਣ ਲਈ ਤਾਨਾਸ਼ਾਹ ਹਾਕਮ ਬਹਾਨੇ ਲੱਭਦੇ ਰਹਿੰਦੇ ਹਨ। ਹੁਣ ਆਮਦਨ ਕਰ ਵਿਭਾਗ ਨੇ ਮਸ਼ਹੂਰ ਡਿਜੀਟਲ ਮੀਡੀਆ ਆਊਟਲੈੱਟ 'ਦੀ ਰਿਪੋਰਟਰਜ਼ ਕੁਲੈਕਟਿਵ' ਦਾ ਗੈਰ-ਲਾਭਕਾਰੀ ਦਰਜਾ ਰੱਦ ਕਰ ਦਿੱਤਾ ਹੈ।

ਇਸ ਪਲੇਟਫਾਰਮ ਨੇ ਸਮੇਂ-ਸਮੇਂ ਉੱਤੇ ਅਜਿਹੀ ਖੋਜੀ ਪੱਤਰਕਾਰਤਾ ਕੀਤੀ ਸੀ, ਜਿਸ ਕਾਰਨ ਇਹ ਸੱਤਾਧਾਰੀਆਂ ਦੀਆਂ ਅੱਖਾਂ ਵਿੱਚ ਰੜਕਦਾ ਸੀ, ਜਿਨ੍ਹਾਂ ਵਿੱਚ 'ਸੈਨਿਕ ਸਕੂਲਾਂ' ਨੂੰ ਆਰ ਐੱਸ ਐੱਸ ਦੇ ਹਵਾਲੇ ਕਰਨ, ਚੋਣ



**ਪੰਜਾਬ ਟਾਈਮਜ ਅਨੁਸਾਰ ਆਮਦਨ ਕਰ ਵਿਭਾਗ ਨੇ ਤਾਂ ਹਾਕਮਾਂ ਦਾ ਹੁਕਮ ਵਜਾਉਣਾ ਹੈ। ਮੋਦੀ ਸਰਕਾਰ ਮੀਡੀਆ ਨੂੰ ਆਪਣਾ ਦੁਬੇਲ ਬਣਾਕੇ ਰੱਖਣਾ ਚਾਹੁੰਦੀ ਹੈ।2024 ਦੇ ਪ੍ਰੈੱਸ ਸੁਤੰਤਰਤਾ ਸੂਚਕ ਅੰਕ ਵਿੱਚ ਭਾਰਤ ਦਾ ਸਥਾਨ 159ਵੇਂ ਨੰਬਰ ਉੱਤੇ ਸੀ, ਜੋ ਭਾਰਤ ਦੀ ਜਮਹੂਰੀਅਤ ਉਪਰ ਪ੍ਰਸ਼ਨ ਚਿੰਨ ਲਗਾਉਂਦਾ ਹੈ।**

ਬਾਂਡਾਂ ਰਾਹੀਂ ਭਾਜਪਾ ਵੱਲੋਂ ਚੋਣ ਚੰਦੇ ਦੀ ਲੁੱਟ ਤੇ ਭਾਜਪਾ ਦੇ ਸਹਿਯੋਗੀ ਦਲਾਂ ਨਾਲ ਵਿਹਾਰ ਬਾਰੇ ਰਿਪੋਰਟਾਂ ਜ਼ਿਕਰਯੋਗ ਹਨ।

'ਦੀ ਰਿਪੋਰਟਰਜ਼ ਕੁਲੈਕਟਿਵ' (ਟੀ ਆਰ ਸੀ) ਨੇ ਬੀਤੇ ਮੰਗਲਵਾਰ ਜਾਰੀ ਆਪਣੇ ਬਿਆਨ ਵਿੱਚ ਕਿਹਾ ਹੈ, "ਅਸੀਂ ਆਪਣੇ ਸੀਮਿਤ ਸਾਧਨਾਂ ਨਾਲ ਇਸ ਪਲੇਟਫਾਰਮ ਦੀ ਸ਼ੁਰੂਆਤ ਕੀਤੀ ਸੀ। ਜੁਲਾਈ 2021 ਤੋਂ ਅਸੀਂ ਜਨਤਾ ਦੀ ਵਿੱਤੀ ਸਹਾਇਤਾ ਰਾਹੀਂ ਇੱਕ ਰਜਿਸਟਰਡ ਗੈਰ-ਲਾਭਕਾਰੀ ਟਰੱਸਟ ਵਜੋਂ ਕੰਮ ਕਰ ਰਹੇ ਹਾਂ। ਹੁਣ ਆਮਦਨ ਕਰ ਵਿਭਾਗ ਨੇ ਸਾਡਾ ਗੈਰ-ਲਾਭਕਾਰੀ ਦਰਜਾ ਰੱਦ ਕਰ ਦਿੱਤਾ ਹੈ।"

ਟੀ ਆਰ ਸੀ ਨੇ ਅੱਗੇ ਕਿਹਾ, "ਪੱਤਰਕਾਰਤਾ ਜਦੋਂ ਸਹੀ ਤਰੀਕੇ ਨਾਲ ਕੀਤੀ ਜਾਂਦੀ ਹੈ ਤਾਂ ਇਹ ਸਾਡੇ ਲੋਕਤੰਤਰ ਲਈ ਇੱਕ ਜ਼ਰੂਰੀ ਜਨ-ਸੇਵਾ ਹੁੰਦੀ ਹੈ। ਸਹੀ ਤਰੀਕੇ ਦੀ ਪੱਤਰਕਾਰਤਾ ਲੋਕ ਭਲਾਈ ਦਾ ਦਰਜਾ ਰੱਖਦੀ ਹੈ। ਖੋਜੀ ਪੱਤਰਕਾਰਤਾ, ਜੋ ਅਹੁਦਿਆਂ ਉੱਤੇ ਬੈਠੇ ਤਾਕਤਵਰ ਲੋਕਾਂ ਨੂੰ ਜਵਾਬਦੇਹ ਬਣਾਉਂਦੀ ਹੈ, ਸਹੀ ਰੂਪ ਵਿੱਚ ਆਮ ਨਾਗਰਿਕਾਂ, ਖਾਸ ਤੌਰ ਉੱਤੇ ਗਰੀਬਾਂ ਤੇ ਹਾਸ਼ੀਏ ਉੱਤੇ ਪਏ ਲੋਕਾਂ ਦੀ ਸੇਵਾ ਕਰਦੀ ਹੈ। ਸਾਡੇ ਗੈਰ-ਲਾਭਕਾਰੀ ਦਰਜੇ ਨੂੰ ਰੱਦ ਕਰਨ ਨਾਲ ਸਾਡੇ ਕੰਮ ਕਰਨ ਦੀ ਸਮਰੱਥਾ ਉੱਤੇ ਮਾੜਾ ਅਸਰ ਪਵੇਗਾ। ਅਸੀਂ ਪੱਤਰਕਾਰਤਾ ਦੇ ਵਿਚਾਰ ਨੂੰ ਜਨ-ਹਿੱਤ ਲਈ ਸੁਰੱਖਿਅਤ ਰੱਖਣ ਵਾਸਤੇ ਕਾਨੂੰਨੀ ਉਪਾਵਾਂ ਦਾ ਸਹਾਰਾ ਲੈਣ ਦੀ ਕੋਸ਼ਿਸ਼ ਕਰ ਰਹੇ ਹਾਂ, ਤਾਂ ਜੋ ਖੋਜੀ ਪੱਤਰਕਾਰਤਾ ਦੇ ਰਾਹ ਵਿੱਚ ਆ ਰਹੀਆਂ ਰੁਕਾਵਟਾਂ ਵਿਰੁੱਧ ਅਤੇ ਡਰ-ਮੁਕਤ ਪੱਤਰਕਾਰਤਾ ਦੇ ਸਾਡੇ ਅਧਿਕਾਰ ਦੀ ਰਾਖੀ ਕੀਤੀ ਜਾ ਸਕੇ। ਅਸੀਂ ਸਾਡੇ ਉਨ੍ਹਾਂ ਸਭ ਸਹਿਯੋਗੀਆਂ ਦੇ ਨਾਲ ਖੜ੍ਹੇ ਹਾਂ, ਜਿਨ੍ਹਾਂ ਪੱਤਰਕਾਰਤਾ ਕਰਨ ਲਈ ਅਸਧਾਰਨ ਹੌਸਲਾ, ਹੁਨਰ ਤੇ ਦ੍ਰਿੜ੍ਹਤਾ ਦਿਖਾਈ ਹੈ।"

ਆਮਦਨ ਕਰ ਵਿਭਾਗ ਨੇ ਟੀ ਆਰ ਸੀ ਨੂੰ ਭੇਜੇ ਹੁਕਮ ਵਿੱਚ ਕਿਹਾ ਹੈ ਕਿ ਇਹ ਸੋਸ਼ਲ ਮੀਡੀਆ ਸੰਸਥਾਨ ਸਰਵਜਨਕ ਉਦੇਸ਼ ਦੀ ਪੂਰਤੀ ਨਹੀਂ ਕਰਦਾ, ਇਸ ਲਈ ਉਸ ਨੂੰ ਗੈਰ-ਲਾਭਕਾਰੀ ਸੰਸਥਾ ਦਾ ਦਰਜਾ ਨਹੀਂ ਦਿੱਤਾ ਜਾ ਸਕਦਾ। ਅਸਲ ਵਿੱਚ ਇਹ ਸ਼ੁਰੂਆਤ ਹੈ ਤੇ ਉਨ੍ਹਾਂ ਡਿਜੀਟਲ ਮੀਡੀਆ ਪਲੇਟਫਾਰਮਾਂ ਨੂੰ ਲਪੇਟ ਵਿੱਚ ਲਿਆ ਜਾ ਰਿਹਾ ਹੈ, ਜਿਨ੍ਹਾਂ ਨੂੰ ਟਰੱਸਟਾਂ ਰਾਹੀਂ ਚਲਾਇਆ ਜਾ ਰਿਹਾ ਹੈ। ਇਸੇ ਤਰ੍ਹਾਂ ਦੇ ਕਈ ਹੋਰਾਂ ਚੈਰੀਟੇਬਲ ਟਰੱਸਟਾਂ ਨੂੰ ਵੀ ਨੋਟਿਸ ਦਿੱਤੇ ਗਏ ਹਨ।

ਇਨ੍ਹਾਂ ਵਿੱਚ ਬੇਂਗਲੁਰੂ ਸਥਿਤ ਕੰਨੜ ਵੈੱਬਸਾਈਟ 'ਦੀ ਫਾਈਲ' ਵੀ ਸ਼ਾਮਲ ਹੈ, ਜਿਸ ਨੂੰ ਬੀਤੇ ਦਸੰਬਰ ਵਿੱਚ ਨੋਟਿਸ ਮਿਲਿਆ ਸੀ। ਉਸ ਨੋਟਿਸ ਵਿੱਚ 'ਦੀ ਫਾਈਲ' ਬਾਰੇ ਕਿਹਾ ਗਿਆ ਸੀ ਕਿ ਉਹ ਵਪਾਰਕ ਸਰਗਰਮੀਆਂ ਚਲਾ ਰਹੇ ਹਨ। ਇਸ ਦੇ ਜਵਾਬ ਵਿੱਚ 'ਦੀ ਫਾਈਲ' ਦੇ ਸੰਪਾਦਕ ਨੇ ਤੱਥਾਂ ਦੇ ਅਧਾਰ ਉੱਤੇ ਕਿਹਾ ਸੀ ਕਿ ਉਨ੍ਹਾਂ ਦਾ ਪਲੇਟਫਾਰਮ ਕਿਸੇ ਵੀ ਵਪਾਰਕ ਇਸ਼ਤਿਹਾਰ ਨੂੰ ਕੋਈ ਥਾਂ ਨਹੀਂ ਦਿੰਦਾ।

# ਦੁਨੀਆ ਦੇ ਸਭ ਤੋਂ 10 ਸ਼ਕਤੀਸ਼ਾਲੀ ਦੇਸ਼ਾਂ ਦੀ ਨਵੀਂ ਸੂਚੀ ਵਿਚ ਅਮਰੀਕਾ ਸਭ ਤੋਂ ਉੱਪਰ, ਭਾਰਤ ਬਾਹਰ

## ✪ ਚੀਨ ਦੂਜੇ, ਰੂਸ ਤੀਜੇ, ਯੂਕੇ ਚੌਥੇ, ਜਰਮਨੀ ਪੰਜਵੇਂ ਨੰਬਰ ਉਪਰ

ਭਾਰਤ ਨੂੰ ਫੋਰਬਸ ਦੀ ਦੁਨੀਆ ਦੇ 10 ਸਭ ਤੋਂ ਸ਼ਕਤੀਸ਼ਾਲੀ ਦੇਸ਼ਾਂ ਦੀ ਸੂਚੀ ਵਿੱਚੋਂ ਬਾਹਰ ਕਰ ਦਿੱਤਾ ਗਿਆ ਹੈ। 2025 ਦੀ ਇਸ ਨਵੀਂ ਸੂਚੀ ਵਿੱਚ, ਅਮਰੀਕਾ ਚੋਟੀ ਦੇ 10 ਵਿੱਚੋਂ ਸਭ ਤੋਂ ਉੱਪਰ ਹੈ। ਜਦੋਂ ਕਿ ਇਜ਼ਰਾਈਲ 10ਵੇਂ ਨੰਬਰ 'ਤੇ ਹੈ। ਫੋਰਬਸ ਖੁਦ ਦਾਅਵਾ ਕਰਦਾ ਹੈ ਕਿ ਉਹ ਰੈਂਕਿੰਗ ਜਾਰੀ ਕਰਦੇ ਸਮੇਂ ਕਈ ਮਾਪਦੰਡਾਂ 'ਤੇ ਵਿਚਾਰ ਕਰਦਾ ਹੈ, ਹਾਲਾਂਕਿ, ਭਾਰਤ ਦੇ ਰਖਿਆ ਮਾਹਿਰਾਂ ਅਨੁਸਾਰ ਦੁਨੀਆ ਦੀ ਸਭ ਤੋਂ ਵੱਡੀ ਆਬਾਦੀ, ਚੌਥੀ ਸਭ ਤੋਂ ਵੱਡੀ ਫੌਜੀ ਸ਼ਕਤੀ ਅਤੇ ਪੰਜਵੀਂ ਸਭ ਤੋਂ ਵੱਡੀ ਅਰਥਵਿਵਸਥਾ ਵਾਲੇ ਦੇਸ਼ ਭਾਰਤ ਨੂੰ ਚੋਟੀ ਦੇ 10 ਵਿੱਚੋਂ ਬਾਹਰ ਰੱਖਣ ਦਾ ਕੋਈ ਜਾਇਜ਼ ਨਹੀਂ ਜਾਪਦਾ।

ਫੋਰਬਸ ਦੀ ਰਿਪੋਰਟ ਅਨੁਸਾਰ, ਇਹ ਸੂਚੀ ਯੂਐਸ ਨਿਊਜ਼ ਦੁਆਰਾ ਤਿਆਰ ਕੀਤੀ ਗਈ ਸੀ ਅਤੇ ਦਰਜਾਬੰਦੀ ਲਈ ਪੰਜ ਮੁੱਖ ਮਾਪਦੰਡ ਵਰਤੇ ਗਏ ਸਨ। ਇਹ ਸੂਚੀ ਕਿਸੇ ਵੀ ਦੇਸ਼ ਦੇ ਨੇਤਾ, ਆਰਥਿਕ ਪ੍ਰਭਾਵ, ਰਾਜਨੀਤਿਕ ਪ੍ਰਭਾਵ, ਮਜ਼ਬੂਤ ਅੰਤਰਰਾਸ਼ਟਰੀ



ਗੱਠਜੋੜ ਅਤੇ ਮਜ਼ਬੂਤ ਫੌਜ ਦੇ ਆਧਾਰ 'ਤੇ ਤਿਆਰ ਕੀਤੀ ਜਾਂਦੀ ਹੈ।

**ਪਾਵਰ ਰੈਂਕ ਅਤੇ ਦੇਸ਼**
**ਜੀਡੀਪੀ ਆਬਾਦੀ ਖੇਤਰ**

1. ਅਮਰੀਕਾ 30.34 ਟ੍ਰਿਲੀਅਨ ਡਾਲਰ 345 ਕਰੋੜ
2. ਚੀਨ 19.53 ਟ੍ਰਿਲੀਅਨ ਡਾਲਰ 141.9 ਕਰੋੜ
3. ਰੂਸ 2.2 ਟ੍ਰਿਲੀਅਨ ਡਾਲਰ144.4 ਕਰੋੜ
4. ਯੂਨਾਈਟਿਡ ਕਿੰਗਡਮ 3.73 ਟ੍ਰਿਲੀਅਨ ਡਾਲਰ 69.1 ਕਰੋੜ
5. ਜਰਮਨੀ 4.92 ਟ੍ਰਿਲੀਅਨ ਡਾਲਰ 84.5 ਮਿਲੀਅਨ ਕਰੋੜ
6. ਦੱਖਣੀ ਕੋਰੀਆ 1.95 ਟ੍ਰਿਲੀਅਨ ਡਾਲਰ 51.7 ਕਰੋੜ ਏਸ਼ੀਆ
7. ਫਰਾਂਸ $3.28 ਟ੍ਰਿਲੀਅਨ $66.5 ਕਰੋੜ ਯੂਰਪ
8. ਜਪਾਨ 4.39 ਟ੍ਰਿਲੀਅਨ ਡਾਲਰ 123.7 ਕਰੋੜ
9. ਸਾਊਦੀ ਅਰਬ 1.14 ਟ੍ਰਿਲੀਅਨ ਡਾਲਰ 33.9 ਕਰੋੜ
10. ਇਜ਼ਰਾਈਲ 550.91 ਬਿਲੀਅਨ ਡਾਲਰ 93.8 ਲਖ

ਇਸ ਤੋਂ ਇਲਾਵਾ, ਰੈਂਕਿੰਗ ਮਾਡਲ ਬੀਏਵੀ ਗਰੁੱਪ ਦੁਆਰਾ ਤਿਆਰ ਕੀਤਾ ਗਿਆ ਹੈ। ਇਹ ਇਕ ਗਲੋਬਲ ਮਾਰਕੀਟਿੰਗ ਸੰਚਾਰ ਕੰਪਨੀ ਡਬਲਯੂਪੀਪੀ ਦੀ ਇੱਕ ਇਕਾਈ ਹੈ। ਇਹ ਦਰਜਾਬੰਦੀ ਤਿਆਰ ਕਰਨ ਵਾਲੀ ਖੋਜ ਟੀਮ ਦੀ ਅਗਵਾਈ ਪੈਨਸਿਲਵੇਨੀਆ ਯੂਨੀਵਰਸਿਟੀ ਦੇ ਵਾਰਟਨ ਸਕੂਲ ਦੇ ਪ੍ਰੋਫੈਸਰ ਡੇਵਿਡ ਰੀਬਸਟਾਈਨ ਨੇ ਕੀਤੀ।

# ਦਿੱਲੀ ਚੋਣਾਂ ਤੋਂ ਪਹਿਲਾਂ ਸੌਦਾ ਸਾਧ ਨੂੰ ਪੈਰੋਲ ਦੇਣ ਬਾਰੇ ਮੋਦੀ ਸਰਕਾਰ ਦਾ ਮਕਸਦ ਕੀ ਹੈ ?


## ✪ ਕਿਉਂ ਨਹੀਂ ਦਿਤੀ ਜਾ ਰਹੀ ਭਾਈ ਹਵਾਰੇ ਵਰਗੇ ਬੰਦੀ ਸਿੱਖਾਂ ਨੂੰ ਪੈਰੋਲ ✪ ਆਖਿਰ ਭਾਜਪਾ ਸਿੱਖਾਂ ਤੋਂ ਚਾਹੁੰਦੀ ਕੀ ਹੈ ? ✪ ਸਾਬਕਾ ਆਈਜੀ ਖੱਟੜਾ ਨੇ ਸੌਦਾ ਸਾਧ ਦੇ ਸਿਰਸਾ ਵਿੱਚ ਰਹਿਣ 'ਤੇ ਚਿੰਤਾ ਪ੍ਰਗਟਾਈ, ਭੇਦ ਖੋਲ੍ਹੇ

ਹਾਲਾਂਕਿ ਭਾਜਪਾ ਦੇ ਵੱਡੇ ਨੇਤਾ, ਆਰ. ਐੱਸ. ਐੱਸ. ਵੀ ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਖੁਦ ਵੀ ਸਿੱਖਾਂ ਨੂੰ ਆਪਣਾ ਕਹਿਣ, ਉਨ੍ਹਾਂ ਦੇ ਗੁਣਗਾਨ ਕਰਨ ਵਿਚ ਕੋਈ ਕਸਰ ਨਹੀਂ ਛੱਡਦੇ। ਭਾਜਪਾ ਨੇ ਸਿੱਖਾਂ ਦੇ ਹੱਕ ਵਿਚ ਕੁਝ ਚੰਗੇ ਕੰਮ ਵੀ ਕੀਤੇ ਹਨ ਪਰ ਹੈਰਾਨੀਜਨਕ ਤੌਰ 'ਤੇ ਉਹ ਬਹੁਤੀ ਵਾਰੀ ਵਕਤੀ ਰਾਜਨੀਤਕ ਫਾਇਦੇ ਲਈ ਵੀ ਸਿੱਖ ਮਨਾਂ ਨੂੰ ਚੋਟ ਪਹੁੰਚਾਉਣ ਲੱਗੇ ਕਸੀਸ ਤੱਕ ਨਹੀਂ ਵਟਦੇ। ਹੁਣੇ ਜਿਹੇ ਜਬਰ ਜਨਾਹ ਵਿਚ ਸਜ਼ਾ ਯਾਫਤਾ ਸਿਰਸਾ ਡੇਰੇ ਦੇ ਸਾਧ ਰਾਮ ਰਹੀਮ ਨੂੰ ਸਿਰਫ 24 ਅਕਤੂਬਰ, 2020 ਤੋਂ 28 ਜਨਵਰੀ, 2025 ਤੱਕ ਦੇ ਛੋਟੇ ਜਿਹੇ ਸਮੇਂ ਵਿਚ 12 ਵਾਰ ਜੇਲ੍ਹ ਤੋਂ ਬਾਹਰ ਲਿਆਂਦਾ ਜਾ ਚੁਕਾ ਹੈ? ਜਿਸ ਵਿਚ ਉਹ ਲਗਾਤਾਰ 60 ਦਿਨਾਂ ਤੱਕ ਵੀ ਬਾਹਰ ਰਿਹਾ ਹੈ।

ਭਾਜਪਾ ਨੂੰ ਇੰਝ ਲਗਦਾ ਹੈ ਕਿ ਬਲਾਤਕਾਰੀ ਸੌਦਾ ਸਾਧ ਉਨ੍ਹਾਂ ਦੀ ਫਸੀ ਹੋਈ ਸਿਆਸੀ ਗੱਡੀ ਕੱਢ ਦੇਵੇਗਾ। ਦਿੱਲੀ ਵਿਧਾਨ ਸਭਾ ਦੀਆਂ ਚੋਣਾਂ ਵਿੱਚ ਜਦੋਂ ਇੱਕ ਹਫਤੇ ਦਾ ਸਮਾਂ ਰਹਿ ਗਿਆ ਹੈ ਤਾਂ ਸੌਦਾ ਸਾਧ ਨੂੰ 30 ਦਿਨਾਂ ਦੀ ਪੈਰੋਲ ਦਿੱਤੀ ਗਈ ਹੈ। ਇਹ ਪਹਿਲੀ ਵਾਰ ਹੈ ਕਿ ਉਸ ਪੈਰੋਲ ਦੌਰਾਨ ਆਪਣੇ ਮੁੱਖ ਡੇਰੇ ਜਾਣ ਦੀ ਆਗਿਆ ਵੀ ਦੇ ਦਿੱਤੀ ਗਈ ਹੈ। ਸਿਰਸਾ ਉਹ ਥਾਂ ਹੈ ਜਿੱਥੇ ਸੌਦਾ ਸਾਧ ਜੇਲ੍ਹ ਜਾਣ ਤੋਂ ਪਹਿਲਾਂ ਬਲਾਤਕਾਰ ਅਤੇ ਕਤਲਾਂ ਨੂੰ ਅੰਜਾਮ ਦਿੰਦਾ ਰਿਹਾ ਹੈ। ਇਸ ਤੋਂ ਪਹਿਲਾਂ ਉਸ ਨੂੰ ਪੈਰੋਲ ਦੇਣ ਵੇਲੇ ਉਸ ਨੂੰ ਯੂਪੀ ਦੇ ਬਾਗਪਤ ਡੇਰੇ ਵਿੱਚ ਹੀ ਬੰਦ ਰਹਿਣ ਦੇ ਆਦੇਸ਼ ਦਿੱਤੇ ਜਾਂਦੇ ਸਨ, ਜਿੱਥੋਂ ਉਹ ਵੀਡੀਓ ਕਾਨਫਰੰਸਿੰਗ ਰਾਹੀਂ ਆਪਣੇ ਚੇਲਿਆਂ ਨੂੰ ਸੰਬੋਧਨ ਕਰਦਾ ਰਿਹਾ ਹੈ।

ਦੂਜੇ ਬੰਨੇ ਬੰਦੀ ਸਿੰਘ ਹਨ, ਜਿਹੜੇ 30-30 ਸਾਲ ਦੀ ਸਜ਼ਾ ਭੁਗਤ ਵੀ ਚੁੱਕੇ ਹਨ ਪਰ ਉਹਨਾਂ ਵਿੱਚੋਂ ਕਈਆਂ ਨੂੰ ਛੱਡਣਾ ਤਾਂ ਇੱਕ ਪਾਸੇ ਰਿਹਾ, ਪੈਰੋਲ 'ਤੇ ਬਾਹਰ ਵੀ ਨਹੀਂ ਆਉਣ ਦਿੱਤਾ ਗਿਆ। ਬੇਅੰਤ ਸਿੰਘ ਕਤਲ ਕੇਸ ਦੇ ਦੋਸ਼ੀ ਜਗਤਾਰ ਸਿੰਘ ਹਵਾਰਾ ਨੂੰ ਹਾਲੇ ਤਕ ਇੱਕ ਘੰਟੇ ਦੀ ਵੀ ਪੈਰੋਲ ਨਹੀਂ ਮਿਲੀ। ਇਸੇ ਕੇਸ ਦੇ ਇੱਕ ਹੋਰ ਦੋਸ਼ੀ ਅਤੇ ਫਾਂਸੀ ਦੀ ਸਜ਼ਾਯਾਫਤਾ ਭਾਈ ਬਲਵੰਤ ਸਿੰਘ ਰਾਜੋਆਣਾ ਨੂੰ 29 ਸਾਲਾਂ ਵਿੱਚ ਸਿਰਫ ਤਿੰਨ ਘੰਟੇ ਦੀ ਪੈਰੋਲ ਉਦੋਂ ਦਿੱਤੀ ਗਈ ਜਦੋਂ ਉਹਨਾਂ ਦੇ ਵੱਡੇ ਭਰਾ ਦੀ ਅੰਤਿਮ ਅਰਦਾਸ ਸੀ। ਸਿਤਮ ਇਹ ਕਿ ਬੰਦੀ ਸਿੰਘਾਂ ਉੱਤੇ ਤਾਂ ਸਿਰਫ ਕਤਲ ਦੇ ਦੋਸ਼ ਹਨ ਜਦੋਂ ਕਿ ਸੌਦਾ ਸਾਧ ਤਾਂ ਬਲਾਤਕਾਰੀ ਵੀ ਸਿੱਧ ਹੋ ਚੁੱਕਾ ਹੈ।

ਇਸ ਵਿੱਚ ਕੋਈ ਸ਼ੱਕ ਦੀ ਗੁੰਜਾਇਸ਼ ਹੀ ਨਹੀਂ ਹੈ ਕਿ ਸੱਤਾਧਾਰੀ ਭਾਜਪਾ ਸਿਆਸੀ ਫਾਇਦਾ ਲੈਣ ਲਈ ਹਰ ਹਰਬਾ ਵਰਤ ਰਹੀ ਹੈ। ਇਹ ਵੀ ਸਭ ਨੂੰ ਪਤਾ ਹੈ ਕਿ ਦਿੱਲੀ ਵਿਧਾਨ ਸਭਾ ਦੀਆਂ ਚੋਣਾਂ ਤੋਂ ਪਹਿਲਾਂ ਸੌਦਾ ਸਾਧ ਨੂੰ ਪੈਰੋਲ ਦੇਣ ਦਾ ਮਤਲਬ ਸਿੱਧਾ ਹੀ ਦਿੱਲੀ ਚੋਣਾਂ ਵਿੱਚ ਲਾਭ ਲੈਣ ਦਾ ਇੱਕ ਹੀਲਾ ਹੈ। ਹਰੇਕ ਕੈਦੀ ਨੂੰ ਪੈਰੋਲ ਦੀ ਅਰਜ਼ੀ ਦੇਣ ਦਾ ਕਾਨੂੰਨੀ ਅਧਿਕਾਰ ਹੈ ਪਰ ਦੂਜਿਆਂ ਦੀਆਂ



ਪੰਜਾਬ ਟਾਈਮਜ਼ ਦਾ ਮੰਨਣਾ ਹੈ ਕਿ ਇੱਕ ਪਾਸੇ ਭਾਰਤੀ ਜਨਤਾ ਪਾਰਟੀ ਪੰਜਾਬ ਦੀ ਸੱਤਾ ਉੱਤੇ ਕਾਬਜ਼ ਹੋਣਾ ਚਾਹੁੰਦੀ ਹੈ, ਦੂਜੇ ਪਾਸੇ ਉਹ ਸਿੱਖਾਂ ਦੀ ਨਰਾਜ਼ਗੀ ਮੁੱਲ ਲੈਣ ਤੋਂ ਵੀ ਝਿਜਕ ਨਹੀਂ ਰਹੀ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀਆਂ ਦਾ ਮਾਮਲਾ ਸਿੱਖਾਂ ਦੇ ਦਿਲਾਂ ਨਾਲ ਜੁੜਿਆ ਹੋਇਆ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਹੁਰਮਤੀ ਦੇ ਦੋਸ਼ੀਆਂ ਨੂੰ ਸਿੱਖ ਕਿਸੇ ਹਾਲਤ ਵਿੱਚ ਵੀ ਮੁਆਫ ਕਰ ਸਕਦੇ। ਸੌਦਾ ਸਾਧ ਨੂੰ ਵਾਰ ਵਾਰ ਪੈਰੋਲ ਦਿੱਤੀ ਗਈ ਹੈ ਕਿਉਂਕਿ ਭਾਜਪਾ ਨੂੰ ਚੋਣਾਂ ਵਿੱਚ ਫ਼ਾਇਦਾ ਹੁੰਦਾ ਨਜ਼ਰ ਆਉਂਦਾ ਹੈ। ਹਰਿਆਣਾ ਅਤੇ ਕੇਂਦਰ ਵਿੱਚ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਹੈ, ਇਸ ਕਰਕੇ ਡਬਲ ਇੰਜਣ ਸਰਕਾਰ ਨੇ ਦਿੱਲੀ ਦੀ ਸੱਤਾ ਉੱਤੇ ਕਾਬਜ਼ ਹੋਣ ਲਈ ਮੁੜ ਤੋਂ ਇਹ ਖੇਡ ਰਚਿਆ ਹੈ। ਇਕ ਪਾਸੇ ਭਾਜਪਾ ਸਰਕਾਰ ਖਾੜਕੂਵਾਦ ਵਿਰੋਧੀ ਹੈ, ਦੂਜੇ ਪਾਸੇ ਮੌੜ ਬੰਬ ਕਾਂਡ ਤੇ ਆਰਡੀ ਐਕਸ ਬਾਰੇ ਚੁਪ ਹੈ? ਇਹ ਜਾਂਚ ਵੀ ਨਹੀਂ ਹੋਈ ਆਰਡੀਐਕਸ ਸੌਦਾ ਡੇਰੇ ਨੇ ਕਿਥੋਂ ਲਿਆਂਦਾ ? ਆਖਿਰ ਅਜਿਹਾ ਕਰਕੇ ਭਾਜਪਾ ਸਿੱਖਾਂ ਤੋਂ ਚਾਹੁੰਦੀ ਕੀ ਹੈ ? ਉਹ ਸਾਬਤ ਕੀ ਕਰਨਾ ਚਾਹੁੰਦੀ ਹੈ ?

ਪੈਰੋਲ ਦੀਆਂ ਅਰਜ਼ੀਆਂ ਰੱਦ ਕਰ ਦੇਣਾ ਅਤੇ ਸੌਦਾ ਸਾਧ ਨੂੰ ਚੋਣਾਂ ਤੋਂ ਪਹਿਲਾਂ ਹਰ ਵਾਰ ਫਰਲੋ 'ਤੇ ਜੇਲ੍ਹ ਵਿੱਚੋਂ ਬਾਹਰ ਕੱਢ ਦੇਣਾ ਕਈ ਤਰ੍ਹਾਂ ਦੇ ਸਵਾਲ ਖੜ੍ਹੇ ਕਰਦਾ ਹੈ। ਦੂਜੇ ਬੰਨੇ ਬੰਦੀ ਸਿੰਘਾਂ ਦੇ ਚੰਗੇ ਆਚਰਣ ਦੀ ਰਿਪੋਰਟ ਸੰਬੰਧਿਤ ਜੇਲ੍ਹ ਦੇ ਸੁਪਰਡੈਂਟ ਵੱਲੋਂ ਸਰਕਾਰ ਨੂੰ ਭੇਜੀ ਜਾ ਚੁੱਕੀ ਹੈ ਪਰ ਬਾਵਜੂਦ ਇਸਦੇ ਵਿਚਾਰ ਕਰਨ ਲਈ ਕੋਈ ਤਿਆਰ ਨਹੀਂ ? ਹੈ। ਇਨ੍ਹਾਂ ਹਾਲਾਤ ਵਿੱਚ ਸਿੱਖ ਆਪਣੇ ਹੀ ਮੁਲਕ ਵਿੱਚ ਆਪਣੇ ਆਪ ਨੂੰ ਬਿਗਾਨਾ ਨਾ ਸਮਝਣ ਤਾਂ ਹੋਰ ਕੀ ਕਰਨ ?

ਯਾਦ ਰਹੇ ਕਿ ਸੌਦਾ ਸਾਧ ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦੀਆਂ ਘਟਨਾਵਾਂ ਲਈ ਵੀ ਦੋਸ਼ੀ ਸਿੱਧ ਹੋਇਆ ਹੈ। ਐੱਸ ਟੀ ਆਈ ਵੱਲੋਂ ਉਹ ਮੁੱਖ ਦੋਸ਼ੀ ਠਹਿਰਾਇਆ ਗਿਆ ਹੈ। ਹੋਰ ਤਾਂ ਹੋਰ ਉਸ ਉੱਤੇ ਆਪਣੇ ਡੇਰੇ ਦੇ ਮੈਨੇਜਰ ਰਣਜੀਤ ਸਿੰਘ ਨੂੰ ਕਤਲ ਕਰਨ ਦੇ ਦੋਸ਼ ਵੀ ਲੱਗੇ ਹਨ। ਹੈਰਾਨੀ ਦੀ ਗੱਲ ਇਹ ਕਿ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ 2024 ਵਿੱਚ ਉਸ ਨੂੰ ਸੀਬੀਆਈ ਦੀ ਜਾਂਚ ਵਿੱਚ ਖਾਮੀਆਂ ਦੱਸ ਕੇ ਛੱਡ ਦਿੱਤਾ ਸੀ ਪਰ ਮੁਲਕ ਦੀ ਸਿਖਰਲੀ ਅਦਾਲਤ ਸੁਪਰੀਮ ਕੋਰਟ ਨੇ ਤਿੰਨ ਜਾਂ ਜਨਵਰੀ ਨੂੰ ਦੁਬਾਰਾ ਤੋਂ ਮੁਕੱਦਮਾ ਚਲਾਉਣ ਦੀ ਇਜਾਜ਼ਤ ਦੇ ਦਿੱਤੀ ਹੈ।

ਦੂਜੇ ਬੰਨੇ ਸ਼੍ਰੋਮਣੀ ਕਮੇਟੀ ਤੇ ਜਥੇਦਾਰ ਅਕਾਲ ਤਖਤ ਸਾਹਿਬ ਨੇ ਸੌਦਾ ਸਾਧ ਨੂੰ ਦਿੱਤੀ ਪੈਰੋਲ 'ਤੇ ਇਤਰਾਜ਼ ਜਿਤਾਇਆ ਹੈ ਪਰ ਭਾਰਤੀ ਜਨਤਾ ਪਾਰਟੀ ਨੂੰ ਕਿਸੇ ਦੀ ਕੀ ਪਰਵਾਹ ? ਸ਼੍ਰੋਮਣੀ ਕਮੇਟੀ ਨੇ ਸੌਦਾ ਸਾਧ ਨੂੰ ਪੈਰੋਲ ਦੇਣ 'ਤੇ ਸਖਤ ਇਤਰਾਜ਼ ਪ੍ਰਗਟ ਕਰਦਿਆਂ ਫੌਰੀ ਪੈਰੋਲ ਰੱਦ ਕਰਕੇ ਉਸ ਨੂੰ ਮੁੜ ਜੇਲ੍ਹ ਭੇਜਣ ਦੀ ਮੰਗ ਕੀਤੀ ਹੈ।

ਪੰਜਾਬ ਪੁਲਿਸ ਦੇ ਸਾਬਕਾ ਆਈਜੀ ਰਣਬੀਰ ਸਿੰਘ ਖੱਟੜਾ ਨੇ ਵਿਸ਼ੇਸ਼ ਜਾਂਚ ਟੀਮ (ਸਿਟ) ਦੀ ਅਗਵਾਈ ਕੀਤੀ ਸੀ ਤੇ ਬੇਅਦਬੀ ਮਾਮਲਿਆਂ ਅਤੇ ਮੌੜ ਧਮਾਕੇ ਦੇ ਮਾਮਲੇ ਨੂੰ ਸੁਲਝਾਇਆ ਸੀ। ਮੌੜ ਧਮਾਕਾ ਹਾਲ ਹੀ ਦੇ ਸਮੇਂ ਵਿੱਚ ਪੰਜਾਬ ਵਿੱਚ ਇੱਕ ਵੱਡਾ ਅੱਤਵਾਦੀ ਹਮਲਾ ਸੀ, ਕਿਉਂਕਿ ਇਸ ਨਾਲ ਸੱਤ ਲੋਕਾਂ ਦੀ ਮੌਤ ਹੋਈ ਸੀ ਅਤੇ ਇਹ 2017 ਦੀਆਂ ਵਿਧਾਨ ਸਭਾ ਚੋਣਾਂ ਤੋਂ ਠੀਕ ਪਹਿਲਾਂ ਹੋਇਆ ਸੀ।

ਸਾਬਕਾ ਆਈਜੀ ਨੇ ਕਿਹਾ ਕਿ ਦੋਵਾਂ ਮਾਮਲਿਆਂ ਵਿੱਚ ਪ੍ਰਗਤੀ ਕੀੜੀ ਦੀ ਚਾਲ ਨਾਲ ਹੋ ਰਹੀ ਸੀ। ਉਨ੍ਹਾਂ ਦਲੀਲ ਦਿੱਤੀ ਕਿ ਡੇਰਾ ਵੱਲੋਂ ਬੇਅਦਬੀ ਮਾਮਲਿਆਂ ਵਿੱਚ ਸ਼ਿਕਾਇਤਕਰਤਾਵਾਂ ਅਤੇ ਗਵਾਹਾਂ ਨੂੰ ਪ੍ਰਭਾਵਿਤ ਕਰਨ ਦੀ ਕੋਸ਼ਿਸ਼ ਕਰਨ ਦਾ ਇੱਕ ਪ੍ਰਮਾਣਿਤ ਇਤਿਹਾਸ ਹੈ।

ਇਹ ਪਹਿਲੀ ਵਾਰ ਹੈ ਕਿ 2017 ਵਿੱਚ ਸੌਦਾ ਸਾਧ ਦੀ ਸਜ਼ਾ ਅਤੇ ਬਾਅਦ ਵਿੱਚ ਕੈਦ ਤੋਂ ਬਾਅਦ, ਉਸਨੂੰ ਸਿਰਸਾ ਡੇਰੇ ਵਿੱਚ ਰਹਿਣ ਦੀ ਇਜਾਜ਼ਤ ਦਿੱਤੀ ਗਈ ਹੈ, ਅਤੇ ਉਹ ਵੀ ਉਦੋਂ ਜਦੋਂ ਪਰਦੀਪ ਕਲੇਰ, ਜੋ ਕਿ ਡੇਰੇ ਦੀ ਰਾਸ਼ਟਰੀ ਕਮੇਟੀ ਦੇ ਚੇਅਰਮੈਨ ਸਨ, ਨੇ ਪਿਛਲੇ ਸਾਲ ਆਪਣੀ ਗ੍ਰਿਫਤਾਰੀ ਤੋਂ ਬਾਅਦ ਖੁਲਾਸਾ ਕੀਤਾ ਸੀ ਕਿ ਸਿਰਸਾ ਡੇਰੇ ਦੇ ਅੰਦਰ ਬੇਅਦਬੀ ਦੀ ਸਾਜ਼ਿਸ਼ ਰਚੀ ਗਈ ਸੀ। ਉਸਨੇ ਡੇਰਾ ਮੁਖੀ ਅਤੇ ਉਸਦੀ ਸਮਾਜਿਕ ਤੌਰ 'ਤੇ ਗੋਦ ਲਈ ਗਈ ਧੀ ਹਨੀ ਪ੍ਰੀਤ ਦੀ 2015 ਵਿੱਚ ਬੇਅਦਬੀ ਨੂੰ ਅੰਜਾਮ ਦੇਣ ਲਈ ਆਪਣੇ ਗੁਫ਼ਾ (ਡੇਰੇ) ਤੋਂ ਨਿਰਦੇਸ਼ ਦੇਣ ਵਿੱਚ ਸ਼ਮੂਲੀਅਤ ਦੇ ਵੇਰਵੇ ਦਿੱਤੇ ਸਨ। ਇਸ ਦੇ ਨਾਲ ਹੀ, ਮੌੜ ਧਮਾਕੇ ਦੇ ਮਾਮਲੇ ਵਿੱਚ ਪਹਿਲਾਂ ਹੀ ਭਗੌੜਾ ਐਲਾਨੇ ਗਏ ਤਿੰਨ ਡੇਰਾ ਵਾਲਿਆਂ ਨੂੰ ਵੀ ਗ੍ਰਿਫ਼ਤਾਰ ਨਹੀਂ ਕੀਤਾ ਗਿਆ ਸੀ, ਅਤੇ ਇਸ ਮਾਮਲੇ ਦੀ ਜਾਂਚ ਵੀ ਪੈਂਡਿੰਗ ਹੈ। ਸਾਡੀ ਜਾਂਚ ਵਿੱਚ ਇਹ ਸਾਹਮਣੇ ਆਇਆ ਹੈ ਕਿ ਧਮਾਕੇ ਵਿੱਚ ਵਰਤੀ ਗਈ ਕਾਰ ਡੇਰਾ ਮੁਖੀ ਦੇ ਨਿੱਜੀ ਵਾਹਨਾਂ ਲਈ ਬਣਾਈ ਗਈ ਵਰਕਸ਼ਾਪ ਵਿੱਚ ਤਿਆਰ ਕੀਤੀ ਗਈ ਸੀ ਉਨ੍ਹਾਂ ਕਿਹਾ ਕਿ ਮੌੜ ਧਮਾਕੇ ਦੀ ਜਾਂਚ ਅਜੇ ਵੀ ਜਾਰੀ ਹੈ, ਜਿਸ ਵਿੱਚ ਆਰਡੀਐਕਸ ਦੀ ਵਰਤੋਂ ਕੀਤੀ ਗਈ ਸੀ। ਇਸ ਦੇ ਨਾਲ ਹੀ, ਮੌੜ ਧਮਾਕੇ ਦੇ ਮਾਮਲੇ ਵਿੱਚ ਪਹਿਲਾਂ ਹੀ ਭਗੌੜਾ ਐਲਾਨੇ ਗਏ ਤਿੰਨ ਡੇਰਾ ਵਾਲਿਆਂ ਨੂੰ ਵੀ ਗ੍ਰਿਫ਼ਤਾਰ ਨਹੀਂ ਕੀਤਾ ਗਿਆ ਅਤੇ ਇਸ ਮਾਮਲੇ ਦੀ ਜਾਂਚ ਵੀ ਪੈਂਡਿੰਗ ਹੈ।

ਖੱਟੜਾ ਨੇ ਜੋ ਕਿ ਮਾਰਚ 2021 ਵਿੱਚ ਸੇਵਾਮੁਕਤ ਹੋ ਗਿਆ ਸੀ,ਦਾ ਕਹਿਣਾ ਹੈ ਕਿ ਹਾਲਾਂਕਿ ਉਹ ਉਨ੍ਹਾਂ ਮਾਮਲਿਆਂ ਵਿੱਚ ਪੈਰੋਲ ਪ੍ਰਾਪਤ ਕਰ ਸਕਦਾ ਹੈ ਜਿਨ੍ਹਾਂ ਵਿੱਚ ਉਸਨੂੰ ਦੋਸ਼ੀ ਠਹਿਰਾਇਆ ਗਿਆ ਸੀ। ਇਹ ਇੱਕ ਮਹੱਤਵਪੂਰਨ ਤੱਥ ਹੈ ਕਿ ਵੱਡੇ ਮਾਮਲਿਆਂ ਵਿੱਚ ਜਾਂਚ ਅਜੇ ਵੀ ਜਾਰੀ ਹੈ, ਜਿਸ ਵਿੱਚ ਮੌੜ ਧਮਾਕਾ ਵੀ ਸ਼ਾਮਲ ਹੈ ਜਿਸ ਵਿੱਚ ਆਰਡੀਐਕਸ ਦੀ ਵਰਤੋਂ ਕੀਤੀ ਗਈ ਸੀ।

ਯਾਦ ਰਹੇ ਕਿ ਦੋ ਡੇਰਾ ਪੈਰੋਕਾਰਾਂ ਉਪਰ ਮੱਲਕੇ ਬੇਅਦਬੀ ਕਰਨ ਦੇ ਦੋਸ਼ ਲਗੇ ਸਨ ਤੇ ਇਸ ਮਾਮਲੇ ਵਿੱਚ ਸ਼ਿਕਾਇਤਕਰਤਾ ਅਤੇ ਗਵਾਹ ਗੁਰਸੇਵਕ ਸਿੰਘ ਨੂੰ ਪ੍ਰਭਾਵਿਤ ਕਰਨ ਦੀ ਕੋਸ਼ਿਸ਼ ਕੀਤੀ ਗਈ ਸੀ।

ਖੱਟੜਾ ਨੇ 2018 ਵਿੱਚ ਬੇਅਦਬੀ ਦੇ ਮਾਮਲਿਆਂ ਅਤੇ ਮੌੜ ਧਮਾਕੇ ਦੇ ਮਾਮਲਿਆਂ ਦਾ ਪਰਦਾਫਾਸ਼ ਕਰਨ ਵਾਲੀ ਐਸਆਈਟੀ ਦੀ ਅਗਵਾਈ ਕੀਤੀ। ਜਿੱਥੇ ਬੇਅਦਬੀ ਨੇ ਸੂਬੇ ਨੂੰ ਹਿਲਾ ਕੇ ਰੱਖ ਦਿੱਤਾ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਰਾਜਨੀਤਕ ਹਾਸ਼ੀਏ 'ਤੇ ਜਾਣ ਦਾ ਸਭ ਤੋਂ ਵੱਡਾ ਕਾਰਨ ਬਣ ਗਿਆ ਸੀ। ਮੰਨਿਆ ਜਾਂਦਾ ਹੈ ਕਿ ਮੌੜ ਧਮਾਕੇ ਨੇ 2017 ਦੀਆਂ ਵਿਧਾਨ ਸਭਾ ਚੋਣਾਂ ਦੇ ਨਤੀਜਿਆਂ ਨੂੰ ਪ੍ਰਭਾਵਿਤ ਕੀਤਾ ਸੀ, ਕਿਉਂਕਿ ਧਮਾਕੇ ਤੋਂ ਠੀਕ ਬਾਅਦ, ਹੋਰ ਪਾਰਟੀਆਂ ਅਤੇ ਟਿੱਪਣੀਕਾਰਾਂ ਨੇ ਖਾਲਿਸਤਾਨੀ ਖਾੜਕੂਆਂ 'ਤੇ ਦੋਸ਼ ਲਗਾਇਆ ਸੀ ਕਿ 'ਆਪ' ਖਾਲਿਸਤਾਨੀਆਂ ਨਾਲ ਮਿਲੀਭੁਗਤ ਕਰ ਰਹੀ ਹੈ। ਪਰ, 2022 ਵਿੱਚ ਆਪ ਪਾਰਟੀ ਦੇ ਸੱਤਾ ਵਿੱਚ ਆਉਣ ਤੋਂ ਬਾਅਦ, ਉਹ ਇਸ ਮਾਮਲੇ 'ਤੇ ਚੁੱਪ ਹੈ।

ਉਨ੍ਹਾਂ ਕਿਹਾ ਕਿ ਬੇਅਦਬੀ ਦੇ ਮਾਮਲਿਆਂ ਵਿੱਚ, ਡੇਰਾ ਮੁਖੀ ਤੋਂ ਅਜੇ ਤੱਕ ਹਿਰਾਸਤ ਵਿੱਚ ਪੁੱਛਗਿੱਛ ਨਹੀਂ ਕੀਤੀ ਗਈ ਹੈ, ਹਾਲਾਂਕਿ ਉਸ ਤੋਂ ਇੱਕ ਵਾਰ ਜੇਲ੍ਹ ਵਿੱਚ ਪੁੱਛਗਿੱਛ ਕੀਤੀ ਗਈ ਸੀ। ਕਲੇਰ ਦੁਆਰਾ ਆਪਣੀ ਸ਼ਮੂਲੀਅਤ ਦਾ ਵਰਣਨ ਕਰਨ ਅਤੇ ਸੀਆਰਪੀਸੀ ਦੀ ਧਾਰਾ 164 ਦੇ ਤਹਿਤ ਇੱਕ ਮੈਜਿਸਟਰੇਟ ਦੇ ਸਾਹਮਣੇ ਆਪਣਾ ਬਿਆਨ ਦਰਜ ਕਰਵਾਉਣ ਤੋਂ ਬਾਅਦ ਸੌਦਾ ਸਾਧ ਤੋਂ ਪੁੱਛਗਿੱਛ ਕੀਤੀ ਜਾਣੀ ਚਾਹੀਦੀ ਸੀ। ਹਨੀ ਪ੍ਰੀਤ ਤੋਂ ਵੀ ਪੁੱਛਗਿੱਛ ਨਹੀਂ ਕੀਤੀ ਗਈ ਹੈ। ਇਹ ਬਹੁਤ ਸੰਭਵ ਹੈ ਕਿ ਡੇਰਾ ਮੁਖੀ ਦੇ ਉੱਥੇ ਜਾਣ ਤੋਂ ਬਾਅਦ ਸਬੂਤਾਂ ਨਾਲ ਛੇੜਛਾੜ ਕੀਤੀ ਜਾ ਸਕਦੀ ਹੈ, ਅਤੇ ਗਵਾਹਾਂ ਨੂੰ ਅਜਿਹੇ ਮਹੱਤਵਪੂਰਨ ਮਾਮਲਿਆਂ ਵਿੱਚ ਪ੍ਰਭਾਵਿਤ ਕੀਤਾ ਜਾ ਸਕਦਾ ਹੈ। ਐਸਆਈਟੀ ਨੂੰ ਨੋਟਿਸ ਲੈਣਾ ਚਾਹੀਦਾ ਹੈ ਅਤੇ ਨਿਆਂ ਦੇ ਹਿੱਤ ਵਿੱਚ ਅਦਾਲਤ ਜਾਣਾ ਚਾਹੀਦਾ ਹੈ।

# ਪੰਜਾਬ ਪੁਲਿਸ 46 ਗੈਂਗਸਟਰ ਪੰਜਾਬ ਤੋਂ ਬਾਹਰ ਦੀਆਂ ਜੇਲ੍ਹਾਂ ਵਿੱਚੋਂ ਵਾਪਸ ਲਿਆਵੇਗੀ

**ਖਾਸ ਖਬਰ** ✪ ਗੁਜਰਾਤ, ਰਾਜਸਥਾਨ, ਹਰਿਆਣਾ, ਉੱਤਰਾਖੰਡ ਅਤੇ ਦਿੱਲੀ ਦੀਆਂ ਜੇਲ੍ਹਾਂ ਵਿੱਚ ਬੰਦ ਨੇ ਇਹ ਗੈਂਗਸਟਰ



ਪੰਜਾਬ ਪੁਲਿਸ ਸੂਬੇ ਤੋਂ ਬਾਹਰ ਦੀਆਂ ਜੇਲ੍ਹਾਂ ਵਿੱਚ ਬੰਦ 46 ਗੈਂਗਸਟਰਾਂ ਨੂੰ ਵਾਪਸ ਲਿਆਉਣ ਦੀ ਤਿਆਰੀ ਕਰ ਰਹੀ ਹੈ। ਇਹ ਗੈਂਗਸਟਰ ਇਸ ਸਮੇਂ ਗੁਜਰਾਤ, ਰਾਜਸਥਾਨ, ਹਰਿਆਣਾ, ਉੱਤਰਾਖੰਡ ਅਤੇ ਦਿੱਲੀ ਦੀਆਂ ਜੇਲ੍ਹਾਂ ਵਿੱਚ ਬੰਦ ਹਨ। ਪੰਜਾਬ ਵਿੱਚ ਹਿੰਸਾ ਅਤੇ ਜਬਰੀ ਵਸੂਲੀ ਦੇ ਜੁਰਮਾਂ ਲਈ ਲੋੜੀਂਦੇ ਗੈਂਗਸਟਰਾਂ ਨੂੰ ਵਾਪਸ ਲਿਆਉਣ ਦੇ ਉਪਰਾਲੇ ਵਜੋਂ, ਜਿਨ੍ਹਾਂ ਨੂੰ ਦੂਜੇ ਰਾਜਾਂ ਦੀਆਂ ਜੇਲ੍ਹਾਂ ਵਿੱਚ ਰਿਮਾਂਡ 'ਤੇ ਲਿਆ ਗਿਆ ਹੈ, ਪੰਜਾਬ ਪੁਲਿਸ ਨੇ ਅਜਿਹੇ 46 ਅਪਰਾਧੀਆਂ ਦੀ ਪਛਾਣ ਕਰਕੇ ਉਨ੍ਹਾਂ ਦੀ ਹਿਰਾਸਤ ਵਿੱਚ ਲੈਣ ਦੀ ਪ੍ਰਕਿਰਿਆ ਸ਼ੁਰੂ ਕਰ ਦਿੱਤੀ ਹੈ।

ਸੀਨੀਅਰ ਪੁਲਿਸ ਅਧਿਕਾਰੀਆਂ ਅਨੁਸਾਰ ਇਹ ਸਾਰੇ ਦੋਸ਼ੀ ਕਤਲ ਅਤੇ ਜਬਰਨ ਵਸੂਲੀ ਵਰਗੇ ਮਾਮਲਿਆਂ ਵਿੱਚ ਸ਼ਾਮਲ ਹਨ। ਉਨ੍ਹਾਂ ਨੂੰ ਵਾਪਸ ਲਿਆਉਣ ਦੀ ਪ੍ਰਕਿਰਿਆ ਜਾਰੀ ਹੈ। ਉਨ੍ਹਾਂ ਨੂੰ ਦੂਜੇ ਰਾਜਾਂ ਦੀਆਂ ਜੇਲ੍ਹਾਂ ਨੇ ਰਿਮਾਂਡ 'ਤੇ ਲਿਆ ਸੀ। ਲਾਰੰਸ ਬਿਸ਼ਨੋਈ ਜੇਲ੍ਹਾਂ ਵਿੱਚੋਂ ਆਪਣਾ ਸਿੰਡੀਕੇਟ ਚਲਾ ਰਿਹਾ ਹੈ।

ਪੁਲਿਸ ਕੋਲ ਜੇਲ੍ਹਾਂ ਤੋਂ ਅਪਰਾਧਾਂ ਵਿੱਚ ਅਜਿਹੇ ਗੈਂਗਸਟਰਾਂ ਦੀ ਸ਼ਮੂਲੀਅਤ ਦੇ ਸਬੂਤ ਹਨ। ਇਸ ਲਈ ਸਾਰੇ ਰਾਜਾਂ ਨਾਲ ਸੰਪਰਕ ਕੀਤਾ ਜਾ ਰਿਹਾ ਹੈ। ਇਸ ਦੇ ਨਾਲ ਹੀ, ਇਨ੍ਹਾਂ ਰਾਜਾਂ ਦੀਆਂ ਅਦਾਲਤਾਂ ਵਿੱਚ ਜਾਣ ਲਈ ਇੱਕ ਡੋਜ਼ੀਅਰ ਤਿਆਰ ਕੀਤਾ ਜਾ ਰਿਹਾ ਹੈ। ਜ਼ਿਆਦਾਤਰ ਗੈਂਗਸਟਰ ਗੁਜਰਾਤ, ਰਾਜਸਥਾਨ, ਹਰਿਆਣਾ ਅਤੇ ਉੱਤਰਾਖੰਡ ਦੀਆਂ ਜੇਲ੍ਹਾਂ ਵਿੱਚ ਬੰਦ ਹਨ। ਪੰਜਾਬ ਪੁਲਿਸ ਅਨੁਸਾਰ ਉਹ ਖਾੜਕੂਆਂ ਦੇ ਮਦਦਗਾਰ ਵੀ ਬਣ ਰਹੇ ਹਨ।

## ਵਿਦੇਸ਼ਾਂ ਵਿੱਚ ਲੁਕੇ ਗੈਂਗਸਟਰ ਵੀ ਭਾਰਤ ਲਿਆਂਦੇ ਜਾਣਗੇ

ਪੰਜਾਬ ਪੁਲਿਸ ਹੁਣ ਵਿਦੇਸ਼ਾਂ ਤੋਂ ਅਪਰਾਧੀਆਂ ਨੂੰ ਭਾਰਤ ਲਿਆ ਰਹੀ ਹੈ। ਕੁਝ ਦਿਨ ਪਹਿਲਾਂ ਹੀ, ਯੂਥ ਅਕਾਲੀ ਆਗੂ ਵਿਕਰਮਜੀਤ ਸਿੰਘ ਉਰਫ਼ ਵਿੱਕੀ ਮਿੱਡੂਖੇੜਾ ਦੇ ਕਤਲ ਦੀ ਰਣਨੀਤੀ ਵਿੱਚ ਸ਼ਾਮਲ ਸ਼ਗਨਪ੍ਰੀਤ ਸਿੰਘ ਸਮੇਤ ਪੰਜ ਮੁਲਜ਼ਮ ਇਸ ਸਮੇਂ ਵਿਦੇਸ਼ ਵਿੱਚ ਹਨ। ਆਪਣੇ ਹੁਕਮ ਵਿੱਚ, ਅਦਾਲਤ ਨੇ ਪੰਜਾਬ ਪੁਲਿਸ ਨੂੰ ਉਕਤ ਲੋਕਾਂ ਬਾਰੇ ਪਤਾ ਲਗਾਉਣ ਅਤੇ ਉਨ੍ਹਾਂ ਦੀ ਹਵਾਲਗੀ ਲਈ ਕਾਰਵਾਈ ਕਰਨ ਦੇ ਨਿਰਦੇਸ਼ ਦਿੱਤੇ ਹਨ। ਇਸ ਤੋਂ ਪਹਿਲਾਂ, ਨਾਭਾ ਜੇਲ੍ਹ ਬ੍ਰੇਕ ਮਾਮਲੇ ਦੇ ਦੋਸ਼ੀ ਰਮਨਜੀਤ ਸਿੰਘ ਰੋਮੀ ਨੂੰ ਪਿਛਲੇ ਸਾਲ ਅਗਸਤ ਵਿੱਚ ਹਵਾਲਗੀ ਦਿੱਤੀ ਗਈ ਸੀ।

ਕੁੱਲ 22 ਗੈਂਗਸਟਰ ਲਾਰੈਂਸ ਬਿਸ਼ਨੋਈ-ਗੋਲਡੀ ਬਰਾੜ ਗੈਂਗ ਦੇ, 10 ਦਵਿੰਦਰ ਬੰਬੀਹਾ-ਲੱਕੀ ਪਟਿਆਲਾ ਗੈਂਗ ਦੇ, ਅੱਠ ਹਰਵਿੰਦਰ ਰਿੰਦਾ-ਲਖਬੀਰ ਲੰਡਾ ਗੈਂਗ ਦੇ, ਚਾਰ ਜੱਗੂ ਭਗਵਾਨਪੁਰੀਆ ਗੈਂਗ ਅਤੇ ਦੋ ਹੈਰੀ ਚੱਠਾ ਗੈਂਗ ਦੇ ਹਨ। ਇਹ ਗੈਂਗਸਟਰ ਇਸ ਸਮੇਂ ਗੁਜਰਾਤ, ਰਾਜਸਥਾਨ, ਹਰਿਆਣਾ, ਉੱਤਰਾਖੰਡ ਅਤੇ ਦਿੱਲੀ ਦੀਆਂ ਜੇਲ੍ਹਾਂ ਵਿੱਚ ਬੰਦ ਹਨ।

## ਪੰਜਾਬ ਵਿਚ ਗੈਂਗਸਟਰਵਾਦ ਬਣਿਆ ਵੱਡਾ ਮਸਲਾ

ਇਹ ਸਾਰੇ ਉਹ ਨੌਜਵਾਨ ਸਨ ਜਿਹੜੇ ਗੈਂਗਸਟਰ ਬਣ ਕੇ ਵਿਚਰਦੇ ਰਹੇ ਸਨ। ਪੰਜਾਬ ਪੁਲਿਸ ਗੈਂਗਸਟਰ ਖਾੜਕੂਆਂ ਦਾ ਹੀ ਦੂਜਾ ਰੂਪ ਸਮਝਦੀ ਹੈ, ਜਦਕਿ ਇਹ ਸਿਆਸਤਦਾਨਾਂ ਦਾ ਹਥਿਆਰ ਰਹੇ, ਡਰਗ ਸਮਗਲਿੰਗ ਦੇ ਜ਼ਿੰਮੇਵਾਰ ਹਨ। ਜਨਤਕ ਥਾਵਾਂ 'ਤੇ ਗੋਲ਼ੀਆਂ ਚਲਾ ਕੇ ਆਮ ਜਨਤਾ ਨੂੰ ਡਰਾਉਣਾ, ਫਿਰੌਤੀਆਂ ਲੈਣਾ ਇਹਨਾਂ ਦਾ ਕੁਝ ਧੰਦਾ ਹੈ। ਤਿੰਨ ਕੁ ਸਾਲ ਪਹਿਲਾਂ ਦੇ ਅੰਕੜਿਆਂ ਅਨੁਸਾਰ ਪੰਜਾਬ 'ਚ 70 ਦੇ ਲਗਪਗ ਗਿਰੋਹ ਸਰਗਰਮ ਸਨ ਜੋ ਅਗਵਾ, ਕਤਲਾਂ, ਲੁੱਟਾਂ-ਖੋਹਾਂ ਤੇ ਫਿਰੌਤੀਆਂ ਵਸੂਲਣ ਜਿਹੇ ਅਪਰਾਧਾਂ ਵਿਚ ਸ਼ਾਮਲ ਰਹੇ ਹਨ।

ਸੈਂਕੜੇ ਗ੍ਰਿਫ਼ਤਾਰੀਆਂ ਤੋਂ ਬਾਵਜੂਦ ਇਨ੍ਹਾਂ ਵਿਚੋਂ ਬਹੁਤ ਸਾਰੇ ਗੈਂਗ ਹਾਲੇ ਵੀ ਸਰਗਰਮ ਹਨ। ਬਹੁਤ ਸਾਰੇ ਸਮਰੱਥ ਗੈਂਗਸਟਰ ਹੁਣ ਕੈਨੇਡਾ, ਅਮਰੀਕਾ ਤੇ ਹੋਰ ਪੱਛਮੀ ਮੁਲਕਾਂ 'ਚ ਜਾ ਕੇ ਵਸ ਗਏ ਹਨ ਤੇ ਉੱਥੋਂ ਹੀ ਆਪਣੇ ਗਿਰੋਹ ਚਲਾ ਰਹੇ ਹਨ ਤੇ ਭਾਰਤ ਲਈ ਸਿਰਦਰਦੀ ਬਣੇ ਹਨ। ਇਹ ਸਮਾਜ ਵਿਰੋਧੀ ਅਨਸਰ ਸੋਸ਼ਲ ਮੀਡੀਆ ਦੀ ਡਟ ਕੇ ਦੁਰਵਰਤੋਂ ਕਰ ਰਹੇ ਹਨ। ਉਹ ਸ਼ਰੇਆਮ ਸੁਪਾਰੀ ਲੈ ਕੇ ਕਤਲ ਕਰਵਾਉਂਦੇ ਹਨ। ਬੀਤੇ ਕੁਝ ਸਮੇਂ ਦੌਰਾਨ ਪੰਜਾਬ 'ਚ ਭਾਵੇਂ ਗੈਂਗਸਟਰਾਂ ਵਿਰੁੱਧ ਵੱਡੀਆਂ ਕਾਰਵਾਈਆਂ ਕੀਤੀਆਂ ਗਈਆਂ ਹਨ ਪਰ ਫਿਰ ਵੀ ਉਨ੍ਹਾਂ ਦੀਆਂ ਗ਼ੈਰ-ਕਾਨੂੰਨੀ ਗਤੀਵਿਧੀਆਂ ਹਾਲੇ ਵੀ ਜਾਰੀ ਹਨ।

ਕੈਨੇਡਾ 'ਚ ਰਹਿੰਦੇ ਗੋਲਡੀ ਬਰਾੜ ਜਿਹੇ ਗੈਂਗਸਟਰ 'ਤੇ ਸਿੱਧੂ ਮੂਸੇਵਾਲਾ ਤੇ ਡੇਰਾ ਸੌਦਾ ਦੇ ਪੈਰੋਕਾਰ ਪ੍ਰਦੀਪ ਸਿੰਘ ਦੇ ਕਤਲਾਂ ਸਮੇਤ 50 ਤੋਂ ਵੱਧ ਹੋਰ ਸੰਗੀਨ ਕਿਸਮ ਦੇ ਅਪਰਾਧਾਂ ਦੇ ਦੋਸ਼ ਹਨ। ਸਾਲ 2019 ਵਿਚ ਜਦੋਂ ਉਹ ਸਟੂਡੈਂਟ ਵੀਜ਼ਾ 'ਤੇ ਕੈਨੇਡਾ ਗਿਆ ਸੀ ਤਦ ਉਸ ਖ਼ਿਲਾਫ਼ ਕੋਈ ਵੀ ਮਾਮਲਾ ਨਹੀਂ ਸੀ ਪਰ ਉੱਥੇ ਜਾ ਕੇ ਉਹ ਅਪਰਾਧ ਜਗਤ ਦੇ ਵਹੇ ਚੜ੍ਹ ਗਿਆ। ਲਾਰੈਂਸ ਬਿਸ਼ਨੋਈ ਵੀ ਪੰਜਾਬ ਯੂਨੀਵਰਸਿਟੀ ਵਿਚ ਜਾ ਕੇ ਹੀ ਮਾੜੀ ਸੰਗਤ 'ਚ ਪਿਆ ਸੀ। ਆਖ਼ਰ ਵਿੱਦਿਆ ਦੇ ਇਨ੍ਹਾਂ ਮੰਦਰਾਂ 'ਚ ਸਮਾਜ ਵਿਰੋਧੀ ਅਨਸਰਾਂ ਦੀ ਛੂਤ ਕਿਉਂ ਤੇ ਕਿਵੇਂ ਫੈਲਦੀ ਹੈ, ਇਸ ਦੇ ਜ਼ਿੰਮੇਵਾਰ ਸਿਆਸਤਦਾਨ ਤੇ ਭ੍ਰਿਸ਼ਟ ਪੁਲਿਸ ਅਫਸਰ ਹਨ।

# ਸਿੱਧੂ ਮੂਸੇਵਾਲ ਦੇ ਕਰੀਬੀ ਦੇ ਘਰ 'ਤੇ ਫਾਇਰਿੰਗ

## ✪ ਮੰਗੀ 30 ਲੱਖ ਰੁਪਏ ਦੀ ਫਿਰੌਤੀ


ਮਾਨਸਾ-ਮਾਨਸਾ ਵਿੱਚ ਪੰਜਾਬੀ ਗਾਇਕ ਸ਼ੁਭਦੀਪ ਸਿੰਘ ਸਿੱਧੂ ਮੂਸੇਵਾਲਾ ਦੇ ਕਰੀਬੀ ਸਾਥੀ ਪ੍ਰਗਟ ਸਿੰਘ ਦੇ ਘਰ ਦੇਰ ਰਾਤ ਬਾਈਕ ਸਵਾਰ ਬਦਮਾਸ਼ਾਂ ਨੇ ਗੋਲੀਆਂ ਚਲਾ ਦਿੱਤੀਆਂ। ਬਦਮਾਸ਼ਾਂ ਨੇ ਸੰਘਣੀ ਧੁੰਦ ਦੇ ਵਿਚਕਾਰ ਇਹ ਅਪਰਾਧ ਕੀਤਾ। ਹਮਲਾਵਰਾਂ ਨੇ ਗੇਟ 'ਤੇ ਗੋਲੀਆਂ ਚਲਾਈਆਂ। ਧੁੰਦ ਕਾਰਨ ਹਮਲਾਵਰਾਂ ਦੇ ਚਿਹਰੇ ਅਜੇ ਤੱਕ ਪਛਾਣੇ ਨਹੀਂ ਜਾ ਸਕੇ। ਗੋਲੀਆਂ ਚਲਾਉਣ ਮਗਰੋਂ ਉਸਤੋਂ ਵਿਦੇਸ਼ ਦੇ ਇੱਕ ਨੰਬਰ ਰਾਹੀਂ ਲਾਰੈਂਸ ਬਿਸ਼ਨੋਈ ਦੇ ਨਾਂਅ 'ਤੇ 30 ਲੱਖ ਰੁਪਏ ਦੀ ਫ਼ਿਰੌਤੀ ਮੰਗੀ ਗਈ ਸੀ। ਇਸ ਮਗਰੋਂ ਪਰਗਟ ਸਿੰਘ ਦੇ ਨੰਬਰ 'ਤੇ ਇੰਗਲੈਂਡ ਤੋਂ ਇੱਕ ਕਾਲ ਆਈ ਜਿਹੜੀ ਉਹ ਨਹੀਂ ਚੁੱਕ ਸਕਿਆ ਕਿਉਂਕਿ ਉਹ ਮਾਨਸਾ ਵਿੱਚ ਨਹੀਂ ਸਗੋਂ ਬਾਹਰ ਸੀ ਪਰ ਬਾਅਦ ਵਿੱਚ ਉਸਨੂੰ ਮੈਸੇਜ ਭੇਜ ਕੇ ਧਮਕੀ ਦਿੱਤੀ ਗਈ। ਉਸਨੂੰ ਕਿਹਾ ਗਿਆ ਕਿ ਉਹ 30 ਲੱਖ ਰੁਪਏ ਰੰਗਦਾਰੀ ਦੇਵੇ ਨਹੀਂ ਤਾਂ ਅਗਲੀ ਵਾਰ ਗੋਲੀ ਉਹਦੇ ਮੱਥੇ ਵਿੱਚ ਵੱਜੇਗੀ ਭਾਵੇਂ ਉਹ ਗੰਨਮੈਨ ਲੈ ਲਵੇ ਜਾਂ ਫ਼ਿਰ ਬੁੱਲੇਟ ਪਰੂਫ਼ ਗੱਡੀ ਹੀ ਕਿਉਂ ਨਾ ਲੈ ਲਵੇ। ਪੁਲਿਸ ਮਾਮਲੇ ਦੀ ਜਾਂਚ ਕਰ ਰਹੀ ਹੈ। ਪ੍ਰਗਟ ਸਿੰਘ ਨੇ ਮੂਸੇਵਾਲਾ ਦੇ ਗੀਤਾਂ ਵਿੱਚ ਵੀ ਕੰਮ ਕੀਤਾ ਹੈ। ਵੈਸੇ, ਪ੍ਰਗਟ ਸਿੰਘ ਟਰਾਂਸਪੋਰਟ ਦਾ ਕੰਮ ਕਰਦਾ ਹੈ। ਕਿਹਾ ਜਾ ਰਿਹਾ ਹੈ ਕਿ ਇਹ ਜਬਰਨ ਵਸੂਲੀ ਦੀ ਧਮਕੀ ਲਾਰੈਂਸ ਗਰੁੱਪ ਵੱਲੋਂ ਭੇਜੀ ਗਈ ਹੈ ਪਰ ਹੁਣ ਤੱਕ ਕਿਸੇ ਨੇ ਵੀ ਇਸ ਧਮਕੀ ਦੀ ਜ਼ਿੰਮੇਵਾਰੀ ਨਹੀਂ ਲਈ ਹੈ। ਪੁਲਿਸ ਅਨੁਸਾਰ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ। ਲਗਭਗ 10 ਦਿਨ ਪਹਿਲਾਂ ਪ੍ਰਗਟ ਸਿੰਘ ਨੇ ਪੁਲਿਸ ਕੋਲ ਸ਼ਿਕਾਇਤ ਵੀ ਦਰਜ ਕਰਵਾਈ ਸੀ।

# ਮੋਗਾ ਪੁਲਿਸ ਪੁਲਿਸ ਮੁਕਾਬਲੇ ਦੌਰਾਨ ਦੌਰਾਨ ਦੋ ਗੈਂਗਸਟਰ ਜ਼ਖ਼ਮੀ; ਤਿੰਨ ਜਣੇ ਗ੍ਰਿਫ਼ਤਾਰ

ਮੋਗਾ-ਮੋਗਾ ਪੁਲਿਸ ਅਤੇ ਬਦਮਾਸ਼ਾਂ ਵਿਚਾਲੇ ਹੋਏ ਮੁਕਾਬਲੇ ਦੌਰਾਨ ਗੋਲ਼ੀ ਲੱਗਣ ਕਾਰਨ ਦੋ ਬਦਮਾਸ਼ ਜ਼ਖ਼ਮੀ ਅਤੇ ਤਿੰਨ ਨੂੰ ਗ੍ਰਿਫ਼ਤਾਰ ਕੀਤੇ ਜਾਣ ਦੀ ਖ਼ਬਰ ਹੈ। ਜਾਣਕਾਰੀ ਅਨੁਸਾਰ, ਪਿਛਲੇ ਦਿਨੀਂ ਕਸਬਾ ਧਰਮਕੋਟ ਦੇ ਪਿੰਡ ਮਾਹਲ ਵਿਖੇ ਪੰਜ ਬਦਮਾਸ਼ਾਂ ਵੱਲੋਂ ਇੱਕ ਕੀਆ ਕਾਰ ਦੀ ਲੁੱਟ ਕੀਤੀ ਗਈ ਸੀ ਅਤੇ ਉਸੇ ਦਿਨ ਮੁਦਕੀ ਕੋਲੋਂ ਇੱਕ ਆੜ੍ਹਤੀ ਤੋਂ ਤਿੰਨ ਲੱਖ ਰੁਪਏ ਦੀ ਲੁੱਟ ਕੀਤੀ ਅਤੇ ਉਸ ਤੋਂ 10 ਦਿਨ ਪਹਿਲਾਂ ਇੱਕ ਪੈਟਰੋਲ ਪੰਪ ਤੋਂ 10 ਹਜ਼ਾਰ ਰੁਪਏ ਦੀ ਲੁੱਟ ਕੀਤੀ ਗਈ ਸੀ। ਪੁਲਿਸ ਵੱਲੋਂ ਕਾਰਵਾਈ ਕਰਦੇ ਹੋਏ ਇਹਨਾਂ ਬਦਮਾਸ਼ਾਂ ਨੂੰ ਫੜਨ ਦੀ ਕੋਸ਼ਿਸ਼ ਕੀਤੀ ਤਾਂ ਇਹਨਾਂ ਪੰਜ ਬਦਮਾਸ਼ਾਂ ਨੇ ਪੁਲਿਸ ਉੱਪਰ ਤਾਬੜਤੋੜ ਗੋਲ਼ੀਆਂ ਚਲਾ ਦਿੱਤੀਆਂ। ਪੁਲਿਸ ਵੱਲੋਂ ਜਵਾਬੀ ਕਾਰਵਾਈ ਕਰਦੇ ਹੋਏ ਗੋਲ਼ੀਆਂ ਚਲਾਈਆਂ ਤਾਂ ਦੋ ਬਦਮਾਸ਼ ਵਿਸ਼ਾਲ ਹਰੀਕੇ, ਬੌਬੀ ਫਤਿਹਗੜ੍ਹ ਪੰਜਤੂਰ ਜ਼ਖ਼ਮੀ ਹੋ ਗਏ ਅਤੇ ਤਿੰਨ ਮੌਕੇ 'ਤੇ ਗ੍ਰਿਫਤਾਰ ਕੀਤੇ। ਇੱਕ ਬਦਮਾਸ਼ ਦੇ ਪੱਟ ਵਿੱਚ ਗੋਲ਼ੀ ਲੱਗੀ ਤੇ ਦੂਜੇ ਦੀ ਲੱਤ ਵਿਚ। ਦੋਵਾਂ ਨੂੰ ਮੋਗਾ ਦੇ ਸਰਕਾਰੀ ਹਸਪਤਾਲ ਵਿਖੇ ਇਲਾਜ ਲਈ ਦਾਖਲ ਕਰਵਾ ਦਿੱਤਾ ਗਿਆ। ਮੌਕੇ 'ਤੇ ਇਨ੍ਹਾਂ ਕੋਲੋਂ ਇੱਕ 32 ਬੋਰ ਪਿਸਤੌਲ, ਚੋਰੀ ਦੀ ਕੀਆ ਕਾਰ ਅਤੇ ਦੋ ਤੇਜ਼ਧਾਰ ਹਥਿਆਰ ਬਰਾਮਦ ਕੀਤੇ ਗਏ।

# ਅਮਰੀਕਾ ਭੇਜਣ ਦੇ ਨਾਂ 'ਤੇ 50 ਲੱਖ ਦੀ ਠੱਗੀ

## ✪ ਵਪਾਰੀ ਨੂੰ ਜਾਅਲੀ ਵੀਜ਼ਾ ਦੇ ਕੇ ਭੇਜਿਆ ਦੁਬਈ, ਸਾਰੇ ਮੁਲਜ਼ਮ ਪੁਲਿਸ ਦੀ ਗ੍ਰਿਫ਼ਤ ਤੋਂ ਬਾਹਰ



## ਪੰਜਾਬ ਟਾਈਮਜ ਅਨੁਸਾਰ ਸਰਕਾਰ ਇਹ ਠੋਸ ਕਦਮ ਚੁੱਕੇ

- ਹੁਨਰਮੰਦ ਕਾਮਿਆਂ ਲਈ ਅਜਿਹਾ ਪਲੇਸਮੈਂਟ ਸੈੱਲ ਬਣਾਇਆ ਜਾਣਾ ਚਾਹੀਦਾ ਹੈ, ਜਿੱਥੇ ਸਰਕਾਰ ਵਿਦੇਸ਼ ਜਾਣ ਵਾਲੇ ਵਿਅਕਤੀ ਨੂੰ ਹਰ ਜਾਣਕਾਰੀ ਪ੍ਰਦਾਨ ਕਰਦੀ ਹੈ।
- ਰਜਿਸਟਰਡ ਟ੍ਰੈਵਲ ਏਜੰਟਾਂ ਦੀ ਸੂਚੀ ਸਰਕਾਰੀ ਰੋਜ਼ਗਾਰ ਵਿਭਾਗ ਵਿਚ ਹੋਣੀ ਚਾਹੀਦੀ ਹੈ, ਜਿੱਥੋਂ ਵਿਦੇਸ਼ ਜਾਣ ਵਾਲਾ ਯਾਤਰੀ, ਉਨ੍ਹਾਂ ਹੀ ਟ੍ਰੈਵਲ ਏਜੰਟਾਂ ਨਾਲ ਜੁੜ ਸਕਦਾ ਹੈ।
- ਧੋਖਾਦੇਹੀ ਦੇ ਸ਼ਿਕਾਰ ਲੋਕਾਂ ਲਈ ਇਕ ਵੱਖਰਾ ਸੈੱਲ ਬਣਾਇਆ ਜਾਵੇ ਤਾਂ ਜੋ ਸਮਾਂ ਸੀਮਾ ਅੰਦਰ ਉਸ ਮਾਮਲੇ ਦੀ ਜਾਂਚ ਹੋਵੇ ਅਤੇ ਉਸ ਤੋਂ ਬਾਅਦ ਟ੍ਰੈਵਲ ਏਜੰਟ ਵਿਰੁੱਧ ਕਾਨੂੰਨੀ ਕਾਰਵਾਈ ਕੀਤੀ ਜਾ ਸਕੇ।
- ਬਲੈਕ ਲਿਸਟ ਹੋਣ ਵਾਲੇ ਟ੍ਰੈਵਲ ਏਜੰਟਾਂ 'ਤੇ ਨਜ਼ਰ ਰੱਖਣ ਲਈ ਸਰਕਾਰ ਕੁਝ ਖ਼ਾਸ ਪ੍ਰਬੰਧ ਕਰੇ ਤਾਂ ਜੋ ਉਹ ਆਪਣੇ ਦਫ਼ਤਰ ਬਦਲ ਕੇ ਲੋਕਾਂ ਨੂੰ ਆਪਣਾ ਸ਼ਿਕਾਰ ਨਾ ਬਣਾ ਸਕਣ।
- ਸਾਰੀਆਂ ਟ੍ਰੈਵਲ ਏਜੰਸੀਆਂ ਦਾ ਆਧਾਰ ਵੈਟ ਪੈਨ ਕਾਰਡ ਨਾਲ ਲਿੰਕ ਕੀਤਾ ਜਾਵੇ ਤਾਂ ਜੋ ਸਰਕਾਰ ਨੂੰ ਉਨ੍ਹਾਂ ਦੇ ਆਉਣ ਵਾਲੇ ਪਤੇ ਬਾਰੇ ਪੂਰੀ ਜਾਣਕਾਰੀ ਮਿਲ ਸਕੇ।
- ਲਾਈਸੈਂਸ ਜਾਰੀ ਕਰਨ ਤੋਂ ਪਹਿਲਾਂ ਟ੍ਰੈਵਲ ਏਜੰਟ ਨੂੰ ਬੈਂਕ ਗਾਰੰਟੀ ਦੇਣ ਦੀ ਵਿਵਸਥਾ ਹੋਣੀ ਚਾਹੀਦੀ ਹੈ ਤਾਂ ਜੋ ਫਰਾਰ ਟ੍ਰੈਵਲ ਏਜੰਟਾਂ ਦਾ ਸ਼ਿਕਾਰ ਹੋਏ ਲੋਕਾਂ ਨੂੰ ਕੁਝ ਰਾਹਤ ਮਿਲ ਸਕੇ।
- ਰੋਜ਼ਗਾਰ ਵਿਭਾਗ ਵਿਚ ਵਿਦੇਸ਼ੀ ਰੋਜ਼ਗਾਰ ਸੈੱਲ ਬਣਾਇਆ ਜਾਵੇ ਤਾਂ ਜੋ ਨੌਜਵਾਨ ਪੀੜ੍ਹੀ ਨੂੰ ਉੱਥੋਂ ਜਾਣਕਾਰੀ ਮਿਲ ਸਕੇ।

ਤਰਨਤਾਰਨ-ਨੂਰਦੀ ਅੱਡਾ ਵਿੱਚ ਇੱਕ ਨੌਜਵਾਨ ਹਰਸ਼ਦੀਪ ਸਿੰਘ ਨਾਲ 20 ਲੱਖ 16 ਹਜ਼ਾਰ 667 ਰੁਪਏ ਦੀ ਠੱਗੀ ਮਾਰਨ ਦਾ ਮਾਮਲਾ ਸਾਹਮਣੇ ਆਇਆ ਹੈ। ਇਸ ਮਾਮਲੇ ਵਿੱਚ ਥਾਣਾ ਸਿਟੀ ਵਿੱਚ ਪੰਜ ਮੁਲਜ਼ਮਾਂ ਖ਼ਿਲਾਫ਼ ਕੇਸ ਦਰਜ ਕੀਤਾ ਗਿਆ ਹੈ।

### ਏਜੰਟ ਨਾਲ ਸੰਪਰਕ ਕੀਤਾ

ਹਰਸ਼ਦੀਪ ਸਿੰਘ ਕੋਲਡ ਡਰਿੰਕਸ ਅਤੇ ਜੂਸ ਦਾ ਥੋਕ ਕਾਰੋਬਾਰ ਕਰਦਾ ਹੈ। ਉਸ ਨੇ ਦੱਸਿਆ ਕਿ ਦੋ ਸਾਲ ਪਹਿਲਾਂ ਉਸ ਦਾ ਵੱਡਾ ਭਰਾ ਪ੍ਰਦੀਪ ਸਿੰਘ ਅਮਰੀਕਾ ਗਿਆ ਸੀ। ਇਸ ਤੋਂ ਬਾਅਦ ਉਹ ਅਮਰੀਕਾ ਵੀ ਜਾਣਾ ਚਾਹੁੰਦਾ ਸੀ ਪ੍ਰਦੀਪ ਸਿੰਘ ਨੂੰ ਉਸ ਸਮੇਂ ਅਮਰੀਕਾ ਵਿੱਚ ਰਹਿ ਰਹੇ ਮਲਕੀਤ ਸਿੰਘ ਨੇ ਰਵੀ ਪੰਚਾਲ ਗਾਜ਼ੀਆਬਾਦ, ਉੱਤਰ ਪ੍ਰਦੇਸ਼ ਨਾਮਕ ਏਜੰਟ ਰਾਹੀਂ ਅਮਰੀਕਾ ਵਿੱਚ ਸੈਟਲ ਕਰ ਦਿੱਤਾ ਸੀ ਹਰਸ਼ਦੀਪ ਨੇ ਦੱਸਿਆ ਕਿ ਉਹ ਮਲਕੀਤ ਸਿੰਘ, ਉਸ ਦੀ ਪਤਨੀ ਇੰਦਰਜੀਤ ਕੌਰ, ਮਾਤਾ ਜਸਬੀਰ ਕੌਰ ਅਤੇ ਰਿਸ਼ਤੇਦਾਰ ਹਰਦੀਪ ਸਿੰਘ ਵਾਸੀ ਪਿੰਡ ਸੰਗਪੁਰਾ (ਪਿਹੋਵਾ) ਕੁਰੂਕੁਸ਼ੇਤਰ ਹਰਿਆਣਾ ਨੇ ਯੂਪੀ ਨਾਲ ਸਬੰਧਤ ਏਜੰਟ ਰਵੀ ਪੰਚਾਲ ਨੂੰ ਮਿਲ ਕੇ 50 ਲੱਖ ਰੁਪਏ ਦੀ ਰਕਮ ਲੈ ਲਈ। ਉਕਤ ਰਕਮ ਦੀ ਪਹਿਲੀ ਕਿਸ਼ਤ ਮਾਰਚ 2023 ਵਿੱਚ ਦਿੱਤੀ ਗਈ ਸੀ।

ਇਸੇ ਮਹੀਨੇ ਮੁਲਜ਼ਮਾਂ ਨੇ ਹਰਸ਼ਦੀਪ ਸਿੰਘ ਨੂੰ ਇਹ ਕਹਿ ਕੇ ਦੁਬਈ ਭੇਜ ਦਿੱਤਾ ਕਿ ਉਥੋਂ ਅਮਰੀਕਾ ਦਾ ਵੀਜ਼ਾ ਲਗਵਾਉਣਾ ਆਸਾਨ ਹੋ ਜਾਵੇਗਾ। ਮਾਰਚ 2023 ਤੋਂ ਅਗਸਤ 2023 ਤੱਕ ਹਰਸ਼ਦੀਪ ਦੇ ਪਿਤਾ ਨੇ ਉਕਤ ਦੋਸ਼ੀਆਂ ਨੂੰ 34 ਲੱਖ 50 ਹਜ਼ਾਰ ਰੁਪਏ ਦੀ ਰਕਮ ਅਦਾ ਕੀਤੀ। ਹਾਲਾਂਕਿ ਦੋ ਮਹੀਨਿਆਂ ਬਾਅਦ (ਮਈ 2023) ਹਰਸ਼ਦੀਪ ਸਿੰਘ ਦੁਬਈ ਤੋਂ ਨਿਰਾਸ਼ ਹੋ ਕੇ ਵਾਪਸ ਪਰਤਿਆ।

### ਹਰਸ਼ਦੀਪ ਨੂੰ ਫ਼ਰਜ਼ੀ ਵੀਜ਼ਾ ਦੇ ਕੇ ਦੁਬਈ ਭੇਜਿਆ

ਮੁਲਜ਼ਮਾਂ ਨੇ ਇਥੋਪੀਆ, ਉਜ਼ਬੇਕਿਸਤਾਨ ਅਤੇ ਨੀਦਰਲੈਂਡ (ਯੂਰਪ) ਦਾ ਵੀਜ਼ਾ ਦਿੱਤਾ। ਇਸ ਤੋਂ ਬਾਅਦ ਕਿਹਾ ਗਿਆ ਕਿ ਨੀਦਰਲੈਂਡ ਤੋਂ ਅਮਰੀਕਾ ਦੀ ਟਿਕਟ ਹੋਵੇਗੀ। ਹਰਸ਼ਦੀਪ ਪੂਰੀ ਤਿਆਰੀ ਨਾਲ ਨੀਦਰਲੈਂਡ ਪਹੁੰਚ ਗਿਆ। ਉੱਥੇ ਏਅਰਪੋਰਟ 'ਤੇ ਤਾਇਨਾਤ ਦੂਤਾਵਾਸ ਨੇ ਉਸ ਨੂੰ ਦੇਸ਼ 'ਚ ਦਾਖਲ ਨਹੀਂ ਹੋਣ ਦਿੱਤਾ ਅਤੇ ਉਸ ਦੇ ਪਾਸਪੋਰਟ 'ਤੇ ਲਾਲ ਨਿਸ਼ਾਨ ਲਗਾ ਦਿੱਤੇ। ਇਸ ਤੋਂ ਬਾਅਦ ਉਸ ਨੂੰ ਪਤਾ ਲੱਗਾ ਕਿ ਉਸ ਨੂੰ ਜਾਅਲੀ ਵੀਜ਼ਾ ਦਿੱਤਾ ਗਿਆ ਹੈ ਅਤੇ ਫਿਰ ਉਸ ਨੇ ਮੁਲਜ਼ਮਾਂ ਤੋਂ ਪੈਸੇ ਵਾਪਸ ਮੰਗੇ। ਕਈ ਮੀਟਿੰਗਾਂ ਅਤੇ ਦਬਾਅ ਤੋਂ ਬਾਅਦ 11 ਲੱਖ 83 ਹਜ਼ਾਰ ਰੁਪਏ ਦੀ ਰਕਮ ਵਾਪਸ ਕੀਤੀ ਗਈ। ਜਦੋਂ ਕਿ 20 ਲੱਖ 16 ਹਜ਼ਾਰ 667 ਰੁਪਏ ਦੀ ਬਾਕੀ ਰਕਮ ਛੇ ਵੱਖ-ਵੱਖ ਚੈੱਕਾਂ ਵਿੱਚ ਦਿੱਤੀ ਗਈ ਸੀ ਜੋ ਬਾਅਦ ਵਿੱਚ ਬਾਊਂਸ ਹੋ ਗਈ।

ਹਰਸ਼ਦੀਪ ਸਿੰਘ ਨੇ 20 ਦਸੰਬਰ 2024 ਨੂੰ ਸ਼ਿਕਾਇਤ ਨੰਬਰ 5991 ਦਿੱਤੀ। ਡੀਐਸਪੀ (ਐਚ) ਕਮਲਜੀਤ ਸਿੰਘ ਔਲਖ ਨੇ ਮਾਮਲੇ ਦੀ ਜਾਂਚ ਕੀਤੀ। ਜਾਂਚ ਰਿਪੋਰਟ ਦੇ ਆਧਾਰ 'ਤੇ ਐਤਵਾਰ ਨੂੰ ਥਾਣਾ ਸਦਰ ਵਿਚ ਸਾਰੇ ਦੋਸ਼ੀਆਂ ਖਿਲਾਫ ਮਾਮਲਾ ਦਰਜ ਕਰ ਲਿਆ ਗਿਆ।

## ਕੈਨੇਡਾ ਨਿਵਾਸੀ ਗੁਰਜੀਤ ਸਿੰਘ ਨੇ ਦਰਬਾਰ ਸਾਹਿਬ ਦੇ ਸਰੋਵਰ ਲਈ ਪਿਤਲ ਦੀ ਕਿਸ਼ਤੀ ਦਿੱਤੀ



ਅੰਮ੍ਰਿਤਸਰ-ਕੈਨੇਡਾ ਨਿਵਾਸੀ ਐਨਆਰਆਈ ਸ਼ਰਧਾਲੂ ਗੁਰਜੀਤ ਸਿੰਘ ਨੇ ਸ੍ਰੀ ਹਰਿਮੰਦਰ ਸਾਹਿਬ ਦੇ ਪਵਿੱਤਰ ਸਰੋਵਰ ਦੇ ਜਲ ਦੀ ਸਮੇਂ-ਸਮੇਂ 'ਤੇ ਸਫਾਈ ਲਈ ਸੁਨਹਿਰੀ ਰੰਗ ਦੀ ਕਿਸ਼ਤੀ ਦਾਨ ਕੀਤੀ ਹੈ। ਅਰਦਾਸ ਤੋਂ ਬਾਅਦ, ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ ਗਿਆਨੀ ਕੇਵਲ ਸਿੰਘ ਨੇ ਸੰਗਤਾਂ ਦੇ ਜੈਕਾਰਿਆਂ ਦੀ ਗੂੰਜ ਵਿੱਚ ਕਿਸ਼ਤੀ ਨੂੰ ਸਰੋਵਰ ਵਿੱਚ ਉਤਾਰ ਦਿੱਤਾ। ਇਸ ਕਿਸ਼ਤੀ ਦਾ ਭਾਰ ਲਗਭਗ 250 ਤੋਂ 300 ਕਿਲੋਗ੍ਰਾਮ ਹੈ ਅਤੇ ਇਹ ਸੁਨਹਿਰੀ ਰੰਗ ਦੇ ਪਿੱਤਲ ਨਾਲ ਢੱਕੀ ਹੋਈ ਹੈ। ਇਸ ਦੇ ਨਾਲ ਹੀ, ਸ਼ਰਧਾਲੂ ਗੁਰਜੀਤ ਸਿੰਘ ਨੇ ਸੁਨਹਿਰੀ ਰੰਗ ਦੀ ਕਿਸ਼ਤੀ ਦੇ ਨਾਲ ਚੱਪੂ ਵੀ ਸਫਾਈ ਲਈ ਦਾਨ ਕੀਤੇ ਹਨ।

## ਚੰਡੀਗੜ੍ਹ ਰੇਲਵੇ ਸਟੇਸ਼ਨ 'ਤੇ ਪਹਿਲ ਦੇ ਅਧਾਰ 'ਤੇ ਲਿਖੀ ਜਾਵੇਗੀ 'ਪੰਜਾਬੀ'

ਚੰਡੀਗੜ੍ਹ-ਪੰਜਾਬੀ ਨੂੰ ਪ੍ਰਫੁੱਲਿਤ ਕਰਨ ਦੇ ਯਤਨਾਂ ਦੀ ਲੜੀ ਤਹਿਤ ਚੰਡੀਗੜ੍ਹ ਰੇਲਵੇ ਸਟੇਸ਼ਨ 'ਤੇ ਹੁਣ ਪੰਜਾਬੀ ਭਾਸ਼ਾ ਪਹਿਲ ਦੇ ਆਧਾਰ 'ਤੇ ਲਿਖੀ ਜਾਵੇਗੀ। ਉਤਰ ਰੇਲਵੇ ਨੇ ਇਸ ਸਬੰਧੀ ਚੰਡੀਗੜ੍ਹ ਰੇਲਵੇ ਵਿਭਾਗ ਨੂੰ ਮਨਜ਼ੂਰੀ ਦੇ ਦਿੱਤੀ ਹੈ, ਜਿਸ ਤੋਂ ਬਾਅਦ ਰੇਲਵੇ ਸਟੇਸ਼ਨ 'ਤੇ ਸਾਰੇ ਬੋਰਡਾਂ 'ਤੇ ਪੰਜਾਬੀ ਪਹਿਲ ਦੇ ਆਧਾਰ 'ਤੇ ਲਿਖੇ ਗਏ ਹਨ, ਉਪਰੰਤ ਹਿੰਦੀ ਤੇ ਅੰਗਰੇਜ਼ੀ ਭਾਸ਼ਾ ਲਿਖੀ ਜਾਵੇਗੀ।




ਦੱਸ ਦਈਏ ਕਿ ਬੋਰਡਾਂ 'ਤੇ ਪੰਜਾਬੀ ਨੂੰ ਪਹਿਲ ਦੇ ਆਧਾਰ 'ਤੇ ਲਿਖੇ ਜਾਣ ਦਾ ਮਾਮਲਾ ਸਮਾਜ ਸੇਵਾ ਪੰਡਿਤ ਡਾ. ਰਾਓ ਧਨੇਰਵਰ ਨੇ ਮੁੱਦਾ ਚੁੱਕਿਆ ਸੀ। ਉਨ੍ਹਾਂ ਨੇ ਇਸ ਸਬੰਧੀ ਉਤਰ ਰੇਲਵੇ ਦੇ ਅੰਬਾਲਾ ਡਿਵੀਜ਼ਨ ਨੂੰ ਪੱਤਰ ਰਾਹੀਂ ਪੰਜਾਬੀ ਭਾਸ਼ਾ ਨੂੰ ਪਹਿਲ ਦੇਣ ਬਾਰੇ ਕਿਹਾ ਸੀ।

ਪੰਡਿਤ ਧਨੇਰਵਰ ਰਾਓ ਨੇ ਪੱਤਰ ਵਿੱਚ ਲਿਖਿਆ ਸੀ ਕਿ ਰਾਜ ਭਾਸ਼ਾ ਐਕਟ ਤਹਿਤ ਪੰਜਾਬੀ ਨੂੰ ਪਹਿਲ ਦੇ ਆਧਾਰ 'ਤੇ ਲਿਖਿਆ ਜਾਣਾ ਚਾਹੀਦਾ ਹੈ, ਜਿਸ ਤੋਂ ਬਾਅਦ ਹਿੰਦੀ ਅਤੇ ਅੰਗਰੇਜ਼ੀ ਲਿਖੀ ਜਾਣੀ ਚਾਹੀਦੀ ਹੈ।

## ਕਰਾਈਮ ਨਿਊਜ਼

# ਚੌਦਵੀਂ ਵਾਰ ਆਈਲੈਟਸ ਕਰਵਾ ਯੂਕੇ ਭੇਜੀ ਪਤਨੀ ਨੇ ਪਤੀ ਨੂੰ ਦਿੱਤਾ ਧੋਖਾ, ਪਤੀ ਨੇ ਕਰ ਲਈ ਆਤਮ ਹੱਤਿਆ

ਬਠਿੰਡਾ-ਮਾਪਿਆਂ ਦੇ ਸਾਊ ਪੁੱਤ ਦੀ ਇੰਗਲੈਂਡ ਤੋਂ ਆਈ ਮੌਤ ਦੀ ਖ਼ਬਰ ਨੇ ਮਾਪਿਆਂ ਦਾ ਲੱਕ ਤੋੜ ਕੇ ਰੱਖ ਦਿੱਤਾ ਹੈ। ਜਾਣਕਾਰੀ ਮੁਤਾਬਕ ਭਾਵੇਂ ਹੀ ਨੌਜਵਾਨ ਵਲੋਂ ਖ਼ੁਦਕੁਸ਼ੀ ਕਰਨ ਦੀ ਗੱਲ ਸਾਹਮਣੇ ਆ ਰਹੀ ਹੈ ਪਰ ਪਰਿਵਾਰਕ ਮੈਂਬਰ ਇਸ ਨੂੰ ਕਤਲ ਦੱਸ ਰਹੇ ਹਨ ਅਤੇ ਇਸ ਦੇ ਇਲਜ਼ਾਮ ਉਸ ਦੀ ਪਤਨੀ ਅਤੇ ਸਹੁਰੇ ਪਰਿਵਾਰ 'ਤੇ ਲਾਏ ਜਾ ਰਹੇ ਹਨ। ਜਾਣਕਾਰੀ ਮੁਤਾਬਕ ਮ੍ਰਿਤਕ ਤਜਿੰਦਰ ਸਿੰਘ ਇਕ ਹੋਣਹਾਰ ਅਤੇ ਸਮਾਜ ਸੇਵਾ 'ਚ ਅੱਗੇ ਰਹਿਣ ਵਾਲਾ ਨੌਜਵਾਨ ਸੀ। ਤਜਿੰਦਰ ਦੇ ਵਿਆਹ ਨੂੰ 9 ਸਾਲ ਹੋ ਗਏ ਸਨ ਪਰ ਉਸ ਦੇ ਕੋਈ ਬੱਚਾ ਨਹੀਂ ਸੀ ਕਿਉਂਕਿ ਉਸ ਦੀ ਪਤਨੀ ਕੈਨੇਡਾ ਜਾਂ ਅਮਰੀਕਾ ਜਾਣਾ ਚਾਹੁੰਦੀ ਸੀ ਪਰ ਵਾਰ-ਵਾਰ ਰਿਫ਼ਿਊਜ਼ਲ ਆ ਜਾਂਦੀ ਸੀ। ਪਰਿਵਾਰ ਮੁਤਾਬਕ ਤਜਿੰਦਰ ਨੇ ਆਪਣੀ ਜ਼ਮੀਨ ਵੇਚ ਕੇ 14 ਵਾਰ ਘਰਵਾਲੀ ਨੂੰ ਆਈਲੈੱਟਸ ਕਰਵਾਈ ਸੀ ਅਤੇ ਅਖ਼ੀਰ 'ਚ ਯੂ. ਕੇ. ਜਾਣ ਦਾ ਪ੍ਰੋਗਰਾਮ ਬਣਾਇਆ ਸੀ।

ਪਤਨੀ ਤਾਂ ਯੂ. ਕੇ. ਪਹੁੰਚ ਗਈ ਪਰ ਜਦੋਂ ਤਜਿੰਦਰ ਉੱਥੇ ਪੁੱਜਿਆ ਤਾਂ ਉਸ ਨੂੰ ਕਹਿਣ ਲੱਗੀ ਕਿ ਉਹ ਕਿਸੇ ਹੋਰ ਬੰਦੇ ਨਾਲ ਰਹਿ ਰਹੀ ਹੈ ਅਤੇ ਉਹ ਯੂ. ਕੇ. ਨਾ ਆਵੇ। ਤਜਿੰਦਰ ਨੇ ਕਿਹਾ ਕਿ ਉਹ ਤਾਂ ਯੂ. ਕੇ. ਪਹੁੰਚ ਚੁੱਕਾ ਹੈ, ਜਿਸ ਤੋਂ ਬਾਅਦ ਉਹ ਆਪਣੀ ਪਤਨੀ ਨਾਲ ਰਹਿੰਦਾ ਰਿਹਾ, ਜਦੋਂ ਕਿ ਉਸ ਦੀ ਪਤਨੀ ਉਸ ਦੀਆਂ ਅੱਖਾਂ ਅੱਗੇ ਕਿਸੇ ਹੋਰ ਬੰਦੇ ਨਾਲ ਰਹਿੰਦੀ ਰਹੀ। ਇਸ ਕਾਰਨ ਤਜਿੰਦਰ ਮਾਨਸਿਕ ਤੌਰ 'ਤੇ ਕਾਫ਼ੀ ਪਰੇਸ਼ਾਨ ਹੋ ਗਿਆ। ਫਿਰ ਮਾਪਿਆਂ ਨੂੰ ਖ਼ਬਰ ਮਿਲੀ ਕਿ ਤਜਿੰਦਰ ਨੇ ਖ਼ੁਦਕੁਸ਼ੀ ਕਰ ਲਈ। ਪਰਿਵਾਰ ਦਾ ਰੋ-ਰੋ ਕੇ ਬੁਰਾ ਹਾਲ ਹੋ ਗਿਆ। ਕੈਂਸਰ ਦੀ ਪੀੜਤ ਤਜਿੰਦਰ ਦੀ ਮਾਤਾ ਅੱਜ ਉਸ ਦੀ ਲਾਸ਼ ਨੂੰ ਉਡੀਕ ਰਹੀ ਹੈ। ਮ੍ਰਿਤਕ ਤਜਿੰਦਰ ਸਿੰਘ ਦੇ ਮਾਮੇ ਨੇ ਦੱਸਿਆ ਕਿ ਮ੍ਰਿਤਕ ਨੌਜਵਾਨ ਦੀ ਪਤਨੀ ਨੇ ਉਸ ਨਾਲ ਧੋਖਾ ਹੀ ਨਹੀਂ ਕੀਤਾ, ਸਗੋਂ ਉਸ ਨੂੰ ਬਹੁਤ ਤੰਗ-ਪਰੇਸ਼ਾਨ ਕੀਤਾ। ਪਰਿਵਾਰਕ ਮੈਂਬਰਾਂ ਦਾ ਕਹਿਣਾ ਹੈ ਕਿ ਉਨ੍ਹਾਂ ਦਾ ਪੁੱਤਰ ਬੜਾ ਹੀ



ਸਮਾਜ ਸੇਵੀ ਸੀ ਅਤੇ ਖ਼ੁਦਕੁਸ਼ੀ ਕਰਨ ਵਾਲਾ ਨਹੀਂ ਸੀ। ਉਨ੍ਹਾਂ ਦੱਸਿਆ ਕਿ ਨੌਜਵਾਨ ਦੀ ਮੌਤ ਦੀ ਖ਼ਬਰ ਤੋਂ ਪਹਿਲਾਂ ਉਸ ਨੇ ਇੱਕ ਵੀਡੀਓ ਵੀ ਪਾਈ ਹੈ, ਜਿਸ 'ਚ ਉਹ ਆਪਣਾ ਦੁੱਖ-ਦਰਦ ਬਿਆਨ ਕਰ ਰਿਹਾ ਹੈ। ਪਰਿਵਾਰਕ ਮੈਂਬਰਾਂ ਨੇ ਜਿੱਥੇ ਹੁਣ ਇਨਸਾਫ਼ ਲੈਣ ਲਈ ਦੋਵੇਂ ਸਰਕਾਰਾਂ ਤੋਂ ਗੁਹਾਰ ਲਗਾਈ ਹੈ, ਉੱਥੇ ਹੀ ਮ੍ਰਿਤਕ ਦੀ ਦੇਹ ਵਾਪਸ ਲਿਆਉਣ ਲਈ ਸਾਬਕਾ ਕੇਂਦਰੀ ਮੰਤਰੀ ਨੂੰ ਵੀ ਅਪੀਲ ਕੀਤੀ ਹੈ। ਉਧਰ ਦੂਜੇ ਪਾਸੇ ਪਰਿਵਾਰ ਨੇ ਇਸ ਮਾਮਲੇ ਦੀ ਪੰਜਾਬ ਪੁਲਸ ਨੂੰ ਵੀ ਸ਼ਿਕਾਇਤ ਕੀਤੀ ਹੈ।

## ਬਰਾਤ ਲੈ ਕੇ ਪਹੁੰਚਿਆ ਲਾੜਾ, ਨਾ ਮਿਲੀ ਲਾੜੀ ਨਾ ਉਸ ਦਾ ਘਰ

ਊਨਾ-ਹਿਮਾਚਲ ਪ੍ਰਦੇਸ਼ ਦੇ ਊਨਾ ਜ਼ਿਲ੍ਹੇ ਦੇ ਨਾਗੀ ਪਿੰਡ ਤੋਂ ਸਿੰਗਾ ਪਿੰਡ ਪਹੁੰਚੀ ਬਰਾਤ ਬਿਨਾਂ ਲਾੜੀ ਤੋਂ ਹੀ ਘਰ ਪਰਤ ਗਈ। ਬਰਾਤੀ ਉਸ ਸਮੇਂ ਅਸਮੰਜਸ 'ਚ ਪੈ ਗਏ ਜਦ ਉਨ੍ਹਾਂ



ਦਾ ਸਵਾਗਤ ਕਰਨ ਲਈ ਕੋਈ ਵੀ ਨਾ ਪਹੁੰਚਿਆ ਤੇ ਨਾ ਲਾੜੀ ਮਿਲੀ ਅਤੇ ਨਾ ਹੀ ਉਸਦਾ ਘਰ ਮਿਲਿਆ। ਇਥੋਂ ਤੱਕ ਕਿ ਰਿਸ਼ਤਾ ਕਰਵਾਉਣ ਵਾਲੇ ਵਿਚੋਲੇ ਵੀ ਉਥੇ ਮੌਜੂਦ ਨਹੀਂ ਸੀ। ਜੋ ਲਾੜੇ ਦੇ ਗੁਆਂਢੀ ਹੀ ਹਨ ਤੇ ਜਿਨ੍ਹਾਂ ਕਥਿਤ ਤੌਰ 'ਤੇ ਵਿਆਹ ਤੈਅ ਕਰਨ ਲਈ 50,000 ਰੁਪਏ ਲਏ ਸਨ। ਸਥਿਤੀ ਤਣਾਅਪੂਰਨ ਹੋਣ 'ਤੇ ਪੁਲਿਸ ਪਹੁੰਚੀ ਅਤੇ ਜਦੋਂ ਵਿਚੋਲਿਆਂ ਨਾਲ ਸੰਪਰਕ ਕੀਤਾ ਗਿਆ ਤਾਂ ਉਨ੍ਹਾਂ ਨੇ ਕਿਹਾ ਕਿ ਲਾੜੀ ਨੇ ਕੋਈ ਜ਼ਹਿਰੀਲਾ ਪਦਾਰਥ ਖਾ ਲਿਆ ਹੈ ਤੇ ਉਹ ਪੰਜਾਬ ਦੇ ਨਵਾਂਸ਼ਹਿਰ ਹਸਪਤਾਲ ਜਾ ਰਹੇ ਹਨ।

ਇਸ ਦੌਰਾਨ ਡੀ. ਐਸ. ਪੀ. ਮੋਹਨ ਰਾਵਤ ਨੇ ਕਿਹਾ ਕਿ ਪੁਲਿਸ ਇਸ ਮਾਮਲੇ ਬਾਰੇ ਹੋਰ ਜਾਣਕਾਰੀ ਇਕੱਠੀ ਕਰ ਰਹੀ ਹੈ, ਉਨ੍ਹਾਂ ਕਿਹਾ ਕਿ ਲਾੜੇ ਦੇ ਪਰਿਵਾਰ ਨੂੰ ਜਾਂ ਤਾਂ ਸਮਝੌਤਾ ਕਰਨ ਜਾਂ ਊਨਾ ਸਦਰ ਪੁਲਿਸ ਸਟੇਸ਼ਨ 'ਚ ਸ਼ਿਕਾਇਤ ਦਰਜ ਕਰਵਾਉਣ ਲਈ ਕਿਹਾ ਗਿਆ ਹੈ।

## ਅੱਲੜ ਕੁੜੀ ਨਾਲ ਬਲਾਤਕਾਰ ਦੇ ਦੋਸ਼ੀ ਨੂੰ 20 ਸਾਲ ਕੈਦ

ਚੰਡੀਗੜ੍ਹ-ਜ਼ਿਲ੍ਹਾ ਅਦਾਲਤ ਨੇ 15 ਸਾਲ ਦੀ ਨਾਬਾਲਗ ਨਾਲ ਜਬਰ-ਜ਼ਿਨਾਹ ਕਰ ਕੇ ਧਮਕਾਉਣ ਦੇ ਮਾਮਲੇ ਵਿਚ ਗ੍ਰਿਫ਼ਤਾਰ ਮੁਲਜ਼ਮ ਨੂੰ ਦੋਸ਼ੀ ਕਰਾਰ ਦਿੰਦਿਆਂ 20 ਸਾਲ ਕੈਦ ਦੀ ਸਜ਼ਾ ਸੁਣਾਈ ਹੈ। ਉਸ ਦੀ ਪਛਾਣ ਅੰਕਿਤ ਵਜੋਂ ਹੋਈ ਹੈ, ਜੋ ਮੂਲ ਰੂਪ ਤੋਂ ਉੱਤਰ ਪ੍ਰਦੇਸ਼ ਦੇ ਰਾਏਬਰੇਲੀ ਦਾ ਰਹਿਣ ਵਾਲਾ ਹੈ ਅਤੇ ਚੰਡੀਗੜ੍ਹ 'ਚ ਹੋਟਲ ਵਿਚ ਕੰਮ ਕਰਦਾ ਸੀ। ਕਰੀਬ ਤਿੰਨ ਸਾਲ ਪਹਿਲਾਂ 2022 ਵਿਚ ਪੁਲਸ ਨੇ ਦੋਸ਼ੀ ਖ਼ਿਲਾਫ਼ ਕੇਸ ਦਰਜ ਕੀਤਾ ਸੀ। ਜਨਵਰੀ 2022 'ਚ ਪੀੜਤਾ ਉਸ ਦੇ ਸੰਪਰਕ ਵਿਚ ਆਈ ਸੀ। ਇਸ ਤੋਂ ਬਾਅਦ ਦੋਹਾਂ 'ਚ ਦੋਸਤੀ ਹੋ ਗਈ। ਅੰਕਿਤ ਨੇ ਪੀੜਤਾ ਨੂੰ ਇਕ ਦੋਸਤ ਦੇ ਕਮਰੇ 'ਚ ਲਿਜਾ ਕੇ ਉਸ ਨਾਲ ਜ਼ਬਰਨ ਸਬੰਧ ਬਣਾਏ। ਇਸ ਕਾਰਨ ਉਹ ਗਰਭਵਤੀ ਹੋ ਗਈ ਤੇ ਬਾਅਦ 'ਚ ਮਾਮਲਾ ਪੁਲਸ ਤੱਕ ਪੁੱਜ ਗਿਆ। ਪੁਲਸ ਨੇ ਸ਼ਿਕਾਇਤ ਦੇ ਆਧਾਰ 'ਤੇ ਜੂਨ 2022 'ਚ ਗ੍ਰਿਫ਼ਤਾਰੀ ਦੀ ਕਾਰਵਾਈ ਕੀਤੀ।

## ਡਰਗ ਸਮਗਲਰ ਸੋਨੀਆ ਨਾਚੀ ਸਾਥੀ ਸਮੇਤ ਗ੍ਰਿਫ਼ਤਾਰ

### ✪ 14 ਗ੍ਰਾਮ ਹੈਰੋਇਨ, 2.90 ਲੱਖ ਡਰੱਗ ਮਨੀ ਅਤੇ ਹੋਰ ਸਾਮਾਨ ਬਰਾਮਦ

ਲੁਧਿਆਣਾ-ਸਲੇਮ ਟਾਬਰੀ ਸਥਿਤ ਪੀਰੂਬੰਦਾ ਇਲਾਕੇ ਤੋਂ ਨਸ਼ੇ ਦਾ ਵੱਡਾ ਨੈੱਟਵਰਕ ਚਲਾ ਰਹੀ ਮਹਿਲਾ ਸਮੱਗਲਰ ਸੋਨੀਆ ਉਰਫ ਨਾਚੀ ਅਤੇ ਉਸ ਦੇ ਸਾਥੀ ਗੌਰਵ ਮੱਕੜ ਉਰਫ ਸੰਨੀ ਭੈਂਦੂ ਨੂੰ ਥਾਣਾ ਡਵੀਜ਼ਨ ਨੰ. 8 ਦੇ ਤਹਿਤ ਚੌਕੀ ਕੈਲਾਸ਼ ਨਗਰ ਦੀ ਪੁਲਸ ਨੇ ਕਾਬੂ ਕੀਤਾ ਹੈ।

ਦੋਵੇਂ ਮੁਲਜ਼ਮਾਂ ਤੋਂ 14 ਗ੍ਰਾਮ ਹੈਰੋਇਨ, 2.90 ਲੱਖ ਡਰੱਗ ਮਨੀ ਅਤੇ ਹੋਰ ਸਾਮਾਨ ਮਿਲਿਆ ਹੈ। ਮੁਲਜ਼ਮਾਂ 'ਤੇ ਐੱਨ. ਡੀ. ਪੀ. ਐੱਸ. ਐਕਟ ਤਹਿਤ ਕੇਸ ਦਰਜ ਕੀਤਾ ਹੈ। ਮੁਲਜ਼ਮਾਂ ਦਾ ਰਿਮਾਂਡ ਹਾਸਲ ਕਰਕੇ ਪੁੱਛਗਿੱਛ ਕੀਤੀ ਜਾ ਰਹੀ ਹੈ।

ਪਤਾ ਲੱਗਾ ਹੈ ਕਿ ਮਹਿਲਾ ਆਦਤਨ ਅਪਰਾਧੀ ਹੈ। ਉਸ ਖ਼ਿਲਾਫ ਲੁੱਟ ਅਤੇ ਨਸ਼ੇ ਦੇ ਕੁੱਲ 10 ਮੁਕੱਦਮੇ ਦਰਜ ਹਨ। ਔਰਤ ਨੇ ਗੌਰਵ ਵਰਗੇ ਸਪਲਾਇਰ ਰੱਖੇ ਹੋਏ ਸਨ, ਜੋ ਕਿ ਉਸ ਤੋਂ ਨਸ਼ਾ ਖਰੀਦ ਕੇ ਅੱਗੇ ਵੇਚਦੇ ਹਨ। ਪੁਲਸ ਦਾ ਮੰਨਣਾ ਹੈ ਕਿ ਮੁਲਜ਼ਮ ਔਰਤ ਤੋਂ ਪੁੱਛਗਿੱਛ 'ਚ ਕਈ ਹੋਰ ਖੁਲਾਸੇ ਹੋਣ ਦੀ ਉਮੀਦ ਹੈ।

ਪੁਲਸ ਦਾ ਕਹਿਣਾ ਹੈ ਕਿ ਮੁਲਜ਼ਮ ਸੋਨੀਆ ਪਿਛਲੇ 7 ਸਾਲਾਂ ਤੋਂ ਨਸ਼ੇ ਦਾ ਕਾਰੋਬਾਰ ਕਰ ਰਹੀ ਹੈ। ਇਸ ਤੋਂ ਪਹਿਲਾਂ ਉਸ ਦਾ ਪਤੀ ਨਸ਼ੇ ਦਾ ਕਾਰੋਬਾਰ ਕਰਦਾ ਸੀ। ਉਸ ਦੀ ਮੌਤ ਤੋਂ ਬਾਅਦ ਸੋਨੀਆ ਨੇ ਖੁਦ ਹੀ ਨਸ਼ੇ



ਦਾ ਕਾਰੋਬਾਰ ਸੰਭਾਲ ਲਿਆ।

ਸਭ ਤੋਂ ਪਹਿਲਾਂ 2018 ਨੂੰ ਮੁਲਜ਼ਮ ਔਰਤ 'ਤੇ ਥਾਣਾ ਸਲੇਮ ਟਾਬਰੀ 'ਚ ਕੇਸ ਦਰਜ ਹੋਇਆ ਸੀ। ਉਸ ਤੋਂ ਬਾਅਦ ਹੁਣ ਤੱਕ ਕੁੱਲ 6 ਕੇਸ ਥਾਣਾ ਸਲੇਮ ਟਾਬਰੀ 'ਚ ਦਰਜ ਹੋਏ ਹਨ, ਜਦੋਂਕਿ ਬਾਕੀ ਕੇਸ ਥਾਣਾ ਡਵੀਜ਼ਨ ਨੰ. 8 ਅਤੇ ਥਾਣਾ ਡਵੀਜ਼ਨ ਨੰ. 1 'ਚ ਦਰਜ ਹਨ।

## ਮੁੰਡੇ ਨੇ ਬਿੱਲੀ ਦੇ ਬੱਚੇ ਦਿਖਾਉਣ ਦੇ ਬਹਾਨੇ "ਮਾਸੂਮ" ਬੱਚੀ ਨਾਲ ਕੀਤਾ ਬਲਾਤਕਾਰ

ਅਬੋਹਰ-ਅਬੋਹਰ ਤੋਂ ਇਕ ਨਾਬਾਲਗ ਮੁੰਡੇ ਨੇ ਗੁਆਂਢ ਵਿਚ ਰਹਿਣ ਵਾਲੀ ਅੱਠ ਸਾਲ ਦੀ ਬੱਚੀ ਨਾਲ ਜਬਰ-ਜ਼ਨਾਹ ਕੀਤਾ ਹੈ। ਮਾਮਲੇ ਦੀ ਰਿਪੋਰਟ ਬਹਾਵਲਵਾਲਾ ਪੁਲਸ ਸਟੇਸ਼ਨ ਨੂੰ ਦੇ ਦਿੱਤੀ ਗਈ ਹੈ। ਜਾਣਕਾਰੀ ਅਨੁਸਾਰ ਬੱਚੀ ਦੀ ਮਾਂ 26 ਜਨਵਰੀ ਨੂੰ ਕੰਮ 'ਤੇ ਗਈ ਹੋਈ ਸੀ, ਜਦੋਂ ਕਿ ਉਸ ਦਾ ਪਿਤਾ, ਜੋ ਪੇਂਟਰ ਦਾ ਕੰਮ ਕਰਦਾ ਹੈ, ਕੰਮ ਲਈ ਸ਼੍ਰੀਗੰਗਾਨਗਰ ਗਿਆ ਹੋਇਆ ਸੀ ਤੇ ਬੱਚੀ ਘਰ ਵਿਚ ਇਕੱਲੀ ਸੀ।

ਕਥਿਤ ਦੋਸ਼ ਅਨੁਸਾਰ ਉਨ੍ਹਾਂ ਦਾ 16 ਸਾਲਾ ਗੁਆਂਢੀ ਮੁੰਡਾ ਘਰ ਆਇਆ ਅਤੇ ਬੱਚੀ ਨੂੰ ਬਿੱਲੀ ਦੇ ਬੱਚੇ ਦਿਖਾਉਣ ਦੇ ਬਹਾਨੇ ਆਪਣੇ ਘਰ ਲੈ ਗਿਆ ਅਤੇ ਉਸ ਨਾਲ ਜਬਰ-ਜ਼ਨਾਹ ਕੀਤਾ। ਇੰਨਾ ਹੀ ਨਹੀਂ ਇਸ ਤੋਂ ਬਾਅਦ ਉਕਤ ਮੁੰਡਾ ਬੱਚੀ ਨੂੰ ਖੇਤ ਵਿਚ ਲੈ ਗਿਆ ਅਤੇ ਉਸ ਨਾਲ ਦੋ ਵਾਰ ਫਿਰ ਜਬਰ-ਜ਼ਨਾਹ ਕੀਤਾ, ਜਿਸ ਕਾਰਨ ਬੱਚੀ ਦੀ ਸਿਹਤ ਵਿਗੜ ਗਈ। ਜਦੋਂ ਸ਼ਾਮ ਨੂੰ ਬੱਚੀ ਦਾ ਪਰਿਵਾਰ ਘਰ ਆਇਆ ਤਾਂ ਬੱਚੀ ਨੇ ਆਪਣੀ ਮਾਂ ਨੂੰ ਸਭ ਕੁਝ ਦੱਸ ਦਿੱਤਾ, ਜਿਸ ਤੋਂ ਬਾਅਦ ਉਸ ਦੇ ਪਰਿਵਾਰ ਵਾਲੇ ਉਸ ਨੂੰ ਤੁਰੰਤ ਹਸਪਤਾਲ ਲੈ ਗਏ ਅਤੇ ਬਹਾਵਲਵਾਲਾ ਪੁਲਸ ਸਟੇਸ਼ਨ ਨੂੰ ਵੀ ਸੂਚਿਤ ਕੀਤਾ। ਐਮਰਜੈਂਸੀ 'ਚ ਤਾਇਨਾਤ ਡਾਕਟਰ ਨੇ ਦੱਸਿਆ ਕਿ ਬੱਚੀ ਨੇ ਦੱਸਿਆ ਹੈ ਕਿ ਉਸ ਨਾਲ ਤਿੰਨ ਵਾਰ ਜਬਰ-ਜ਼ਨਾਹ ਹੋਇਆ ਹੈ ਅਤੇ ਇਸ ਦੇ ਮੱਦੇਨਜ਼ਰ ਉਸ ਦੀ ਡਾਕਟਰੀ ਜਾਂਚ ਕੀਤੀ ਜਾ ਰਹੀ ਹੈ ਅਤੇ ਰਿਪੋਰਟ ਤਿਆਰ ਕਰ ਕੇ ਬਹਾਵਲਵਾਲਾ ਪੁਲਸ ਸਟੇਸ਼ਨ ਨੂੰ ਸੌਂਪੀ ਜਾਵੇਗੀ।

## ਪੁਲਿਸ ਤੇ ਗੈਂਗਸਟਰਾਂ ਵਿਚਾਲੇ ਗੋਲੀ ਚਲੀ, ਦੋ ਗੈਂਗਸਟਰ ਜ਼ਖਮੀ, ਹਥਿਆਰ ਬਰਾਮਦ

ਤਰਨ ਤਾਰਨ-ਤਰਨ ਤਾਰਨ ਵਿਚ ਪੁਲਿਸ ਅਤੇ ਗੈਂਗਸਟਰਾਂ ਵਿਚਕਾਰ ਗੋਲਬਾਰੀ ਹੋਈ ਹੈ। ਇਸ ਗੋਲੀਬਾਰੀ ਵਿਚ ਦੋ ਗੈਂਗਸਟਰ ਜਖਮੀ ਹੋਏ ਹਨ, ਜਿਨ੍ਹਾਂ ਨੂੰ ਹਸਪਤਾਲ ਵਿਚ ਦਾਖਲ ਕਰਵਾਇਆ ਹੈ। ਉਨ੍ਹਾਂ ਪਾਸੋਂ ਪੁਲਿਸ ਨੇ ਦੋ ਹੈਂਡ-ਗਰੇਨੇਡ ਤੇ ਇੱਕ ਪਿਸਤੌਲ ਵੀ ਬਰਾਮਦ ਕੀਤਾ ਹੈ। ਮਿਲੀ ਜਾਣਕਾਰੀ ਮੁਤਾਬਕ ਇਹ ਗਿਰੋਹ ਵਿਦੇਸ਼ ਵਿਚ ਬੈਠੇ ਗੈਂਗਸਟਰ ਲਖਬੀਰ ਸਿੰਘ ਲੰਡਾ ਦੇ ਨਿਰਦੇਸ਼ਾਂ 'ਤੇ ਵੀ ਕੰਮ ਕਰ ਰਿਹਾ ਸੀ। ਗ੍ਰਿਫ਼ਤਾਰ ਕੀਤੇ ਗਏ ਗੈਂਗਸਟਰਾਂ ਦੀ ਪਛਾਣ ਰੌਬਿਨਜੀਤ ਸਿੰਘ ਅਤੇ ਹਰਪ੍ਰੀਤ ਸਿੰਘ ਹੈਪੀ ਵਜੋਂ ਹੋਈ ਹੈ। ਡੀਜੀਪੀ ਪੰਜਾਬ ਗੌਰਵ ਯਾਦਵ ਨੇ ਕਿਹਾ ਕਿ ਜ਼ਖਮੀ ਹਮਲਾਵਰਾਂ ਨੂੰ ਤੁਰੰਤ ਸਿਵਲ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ, ਜਿੱਥੇ ਉਨ੍ਹਾਂ ਦੀ ਹਾਲਤ ਸਥਿਰ ਦੱਸੀ ਜਾ ਰਹੀ ਹੈ। ਪੁਲਿਸ ਨੇ ਉਨ੍ਹਾਂ ਦੇ ਕਬਜ਼ੇ ਵਿੱਚੋਂ 2 ਗ੍ਰਨੇਡ, 1 ਪਿਸਤੌਲ ਅਤੇ ਜ਼ਿੰਦਾ ਕਾਰਤੂਸ ਬਰਾਮਦ ਕੀਤੇ ਹਨ।

# ਅਯੁੱਧਿਆ ਵਿੱਚ ਦਲਿਤ ਕੁੜੀ ਨਾਲ ਦਰਿੰਦਗੀ, ਹਾਥਰਸ ਘਟਨਾ ਦੀ ਯਾਦ ਹੋਈ ਤਾਜ਼ਾ

## ✪ ਅੱਖਾਂ ਕੱਢ ਦਿੱਤੀਆਂ, ਹੱਡੀਆਂ ਤੋੜ ਦਿੱਤੀਆਂ, ਲਾਸ਼ ਅਲਫ ਨੰਗੀ ਮਿਲੀ
## ✪ ਸਮਾਜਵਾਦੀ ਪਾਰਟੀ ਦੇ ਐਮਪੀ ਰੋਇਆ, ਇਨਸਾਫ ਨਾ ਮਿਲਿਆ ਅਸਤੀਫਾ ਦੇਵਾਂਗਾ






### ਕਰਾਈਮ ਰਿਪੋਟ

ਅਯੁੱਧਿਆ ਦੇ ਨੇੜੇ ਇੱਕ ਪਿੰਡ ਦੀ ਇਹ ਘਟਨਾ ਉਸ ਦਲਿਤ ਕੁੜੀ ਨਾਲ ਹੋਈ ਬੇਰਹਿਮੀ ਨੂੰ ਬਿਆਨ ਕਰਦੀ ਹੈ। ਕੁੜੀ ਲਾਪਤਾ ਹੋ ਗਈ ਸੀ। ਲਾਸ਼ ਨੰਗੀ ਮਿਲੀ। ਹੱਥ-ਪੈਰ ਰੱਸੀ ਨਾਲ ਬੰਨ੍ਹੇ ਹੋਏ ਸਨ। ਉਸਦੀਆਂ ਅੱਖਾਂ ਕੱਢ ਦਿੱਤੀਆਂ ਗਈਆਂ ਸਨ। ਸਰੀਰ ਦੀਆਂ ਹੱਡੀਆਂ ਟੁੱਟ ਗਈਆਂ ਸਨ। ਸਰੀਰ 'ਤੇ ਵੱਖ-ਵੱਖ ਥਾਵਾਂ 'ਤੇ ਜ਼ਖ਼ਮਾਂ ਦੇ ਨਿਸ਼ਾਨ ਸਨ। ਪਰਿਵਾਰ ਦਾ ਦੋਸ਼ ਹੈ ਕਿ ਜੇਕਰ ਪੁਲਿਸ ਨੇ ਤਿੰਨ ਦਿਨ ਪਹਿਲਾਂ ਲਾਪਤਾ ਬੇਟੀ ਦੀ ਸ਼ਿਕਾਇਤ 'ਤੇ ਸਮੇਂ ਸਿਰ ਕਾਰਵਾਈ ਕੀਤੀ ਹੁੰਦੀ, ਤਾਂ ਉਨ੍ਹਾਂ ਦੀ ਧੀ ਦੀ ਜਾਨ ਬਚਾਈ ਜਾ ਸਕਦੀ ਸੀ। ਪਰਿਵਾਰ ਨੂੰ ਉਸਦੀ ਲਾਸ਼ ਸ਼ਨੀਵਾਰ ਸਵੇਰੇ ਉਸਦੇ ਪਿੰਡ ਤੋਂ ਲਗਭਗ 500 ਮੀਟਰ ਦੂਰ ਇੱਕ ਛੋਟੀ ਜਿਹੀ ਨਹਿਰ ਵਿੱਚੋਂ ਮਿਲੀ ਸੀ ਪਰਿਵਾਰਕ ਮੈਂਬਰਾਂ ਨੇ ਸ਼ੱਕ ਜਤਾਇਆ ਹੈ ਕਿ ਲੜਕੀ ਨਾਲ ਸਮੂਹਿਕ ਬਲਾਤਕਾਰ ਕੀਤਾ ਗਿਆ ਸੀ ਅਤੇ ਫਿਰ ਉਸਦੀ ਹੱਤਿਆ ਕਰ ਦਿੱਤੀ ਗਈ ਸੀ।

ਇਸ ਬੇਰਹਿਮੀ ਵਾਲੀ ਘਟਨਾ ਨੇ ਹਾਥਰਸ ਘਟਨਾ ਦੀਆਂ ਯਾਦਾਂ ਤਾਜ਼ਾ ਕਰ ਦਿੱਤੀਆਂ ਹਨ। ਅਜਿਹੀਆਂ ਘਟਨਾਵਾਂ ਇੱਕ ਤੋਂ ਬਾਅਦ ਇੱਕ ਲਗਾਤਾਰ ਸਾਹਮਣੇ ਆ ਰਹੀਆਂ ਹਨ। ਸਵਾਲ ਇਹ ਹੈ ਕਿ ਉੱਤਰ ਪ੍ਰਦੇਸ਼ ਵਿੱਚ ਅਜਿਹੀਆਂ ਘਟਨਾਵਾਂ ਕਿਉਂ ਨਹੀਂ ਰੁਕ ਰਹੀਆਂ?

ਇਸ ਘਟਨਾ ਨੇ ਰਾਜਨੀਤਿਕ ਹਲਕਿਆਂ ਵਿੱਚ ਵੀ ਬੇਚੈਨੀ ਪੈਦਾ ਕਰ ਦਿੱਤੀ ਹੈ। ਅਯੁੱਧਿਆ ਦੇ ਸੰਸਦ ਮੈਂਬਰ ਅਵਧੇਸ਼ ਪ੍ਰਸਾਦ ਨੇ ਧਮਕੀ ਦਿੱਤੀ ਹੈ ਕਿ ਜੇਕਰ ਪਰਿਵਾਰ ਨੂੰ ਇਨਸਾਫ਼ ਨਹੀਂ ਮਿਲਿਆ ਤਾਂ ਉਹ ਸੰਸਦ ਮੈਂਬਰ ਅਹੁਦੇ ਤੋਂ ਅਸਤੀਫਾ ਦੇ ਦੇਣਗੇ।

ਅਵਧੇਸ਼ ਪ੍ਰਸਾਦ ਐਤਵਾਰ ਨੂੰ ਮੀਡੀਆ ਸਾਹਮਣੇ ਪੇਸ਼ ਹੋਏ ਅਤੇ ਘਟਨਾ ਬਾਰੇ ਬੋਲਦੇ ਹੋਏ ਰੋਣ ਲੱਗ ਪਏ। ਉਸਨੇ ਕਿਹਾ, 'ਮੈਂ ਉਸਨੂੰ ਬਚਾਉਣ ਵਿੱਚ ਅਸਫਲ ਰਿਹਾ'। ਗੁੱਸੇ ਵਿੱਚ ਆਏ ਸੰਸਦ ਮੈਂਬਰ ਨੇ ਕਿਹਾ, 'ਮੈਨੂੰ ਦਿੱਲੀ, ਲੋਕ ਸਭਾ ਜਾਣ ਦਿਓ।' ਮੈਂ ਇਹ ਮਾਮਲਾ ਮੋਦੀ ਸਾਹਮਣੇ ਰੱਖਾਂਗਾ ਅਤੇ ਜੇਕਰ ਸਾਨੂੰ ਇਨਸਾਫ਼ ਨਹੀਂ ਮਿਲਿਆ ਤਾਂ ਮੈਂ ਲੋਕ ਸਭਾ ਤੋਂ ਅਸਤੀਫਾ ਦੇ ਦਿਆਂਗਾ।

ਪ੍ਰਿਯੰਕਾ ਗਾਂਧੀ ਨੇ ਦੋਸ਼ ਲਗਾਇਆ, 'ਅਯੁੱਧਿਆ ਵਿੱਚ ਭਾਗਵਤ ਕਥਾ ਸੁਣਨ ਗਈ ਇੱਕ ਦਲਿਤ ਕੁੜੀ ਨਾਲ ਜਿਸ ਤਰ੍ਹਾਂ ਦੀ ਬਰਬਰਤਾ ਕੀਤੀ ਗਈ, ਇਸ ਬਾਰੇ ਸੁਣ ਕੇ ਕਿਸੇ ਨੂੰ ਵੀ ਸ਼ਰਮਿੰਦਗੀ ਹੋਵੇਗੀ।' ਅਜਿਹੀਆਂ ਬੇਰਹਿਮ ਘਟਨਾਵਾਂ ਪੂਰੀ ਮਨੁੱਖਤਾ ਨੂੰ ਸ਼ਰਮਸਾਰ ਕਰਦੀਆਂ ਹਨ। ਕੁੜੀ ਤਿੰਨ ਦਿਨਾਂ ਤੋਂ ਲਾਪਤਾ ਸੀ ਪਰ ਪੁਲਿਸ ਨੇ ਕੁਝ ਨਹੀਂ ਕੀਤਾ। ਭਾਜਪਾ ਦੇ ਜੰਗਲ ਰਾਜ ਵਿਚ ਦਲਿਤਾਂ, ਆਦਿਵਾਸੀਆਂ, ਪਛੜੇ ਲੋਕਾਂ ਤੇ ਗਰੀਬ ਲੋਕਾਂ ਦੀਆਂ ਚੀਕਾਂ ਸੁਣਨ ਵਾਲਾ ਕੋਈ ਨਹੀਂ ਹੈ। ਯੂਪੀ ਸਰਕਾਰ ਦਲਿਤਾਂ 'ਤੇ ਅੱਤਿਆਚਾਰਾਂ ਦਾ ਸਮਾਨਾਰਥੀ ਬਣ ਗਈ ਹੈ।

ਰਾਹੁਲ ਨੇ ਦੋਸ਼ ਲਗਾਇਆ, 'ਉੱਤਰ ਪ੍ਰਦੇਸ਼ ਸਰਕਾਰ ਨੂੰ ਇਸ ਅਪਰਾਧ ਦੀ ਤੁਰੰਤ ਜਾਂਚ ਕਰਨੀ ਚਾਹੀਦੀ ਹੈ, ਦੋਸ਼ੀਆਂ ਨੂੰ ਸਖ਼ਤ ਤੋਂ ਸਖ਼ਤ ਸਜ਼ਾ ਦੇਣੀ ਚਾਹੀਦੀ ਹੈ ਅਤੇ ਜ਼ਿੰਮੇਵਾਰ ਪੁਲਿਸ ਮੁਲਾਜ਼ਮਾਂ ਵਿਰੁੱਧ ਸਖ਼ਤ ਕਾਰਵਾਈ ਕਰਨੀ ਚਾਹੀਦੀ ਹੈ।'

ਕਾਂਗਰਸ ਨੇਤਾ ਰਾਹੁਲ ਗਾਂਧੀ ਨੇ ਦੋਸ਼ ਲਗਾਇਆ ਕਿ ਬਹੁਜਨ ਵਿਰੋਧੀ ਭਾਜਪਾ ਸ਼ਾਸਨ ਵਿੱਚ, ਖਾਸ ਕਰਕੇ ਉੱਤਰ ਪ੍ਰਦੇਸ਼ ਵਿੱਚ, ਦਲਿਤਾਂ ਵਿਰੁੱਧ ਘਿਨਾਉਣੇ ਅੱਤਿਆਚਾਰ, ਬੇਇਨਸਾਫ਼ੀ ਅਤੇ ਕਤਲ ਬੇਤਹਾਸ਼ਾ ਵਧ ਰਹੇ ਹਨ।

**ਪੰਜਾਬ ਟਾਈਮਜ ਅਨੁਸਾਰ ਔਰਤਾਂ ਵਿਰੁੱਧ ਅਪਰਾਧਾਂ ਵਿੱਚ ਉੱਤਰ ਪ੍ਰਦੇਸ਼ ਸਭ ਤੋਂ ਉੱਪਰ ਹੈ! ਸੂਬੇ ਵਿੱਚ ਦਲਿਤ ਔਰਤਾਂ ਵਿਰੁੱਧ ਬਲਾਤਕਾਰ, ਸਮੂਹਿਕ ਬਲਾਤਕਾਰ ਅਤੇ ਪਰੇਸ਼ਾਨੀ ਦੇ ਕਈ ਮਾਮਲੇ ਸਾਹਮਣੇ ਆਏ ਹਨ। 2023 ਵਿੱਚ ਜਾਰੀ ਨੈਸ਼ਨਲ ਕ੍ਰਾਈਮ ਰਿਕਾਰਡ ਬਿਊਰੋ ਦੀ ਰਿਪੋਰਟ ਦੇ ਅਨੁਸਾਰ, ਔਰਤਾਂ ਵਿਰੁੱਧ ਅਪਰਾਧਾਂ ਵਿੱਚ ਉੱਤਰ ਪ੍ਰਦੇਸ਼ 28 ਰਾਜਾਂ ਵਿੱਚੋਂ ਪਹਿਲੇ ਨੰਬਰ 'ਤੇ ਸੀ। ਉੱਤਰ ਪ੍ਰਦੇਸ਼ ਵਿੱਚ ਔਰਤਾਂ ਵਿਰੁੱਧ ਅਪਰਾਧ ਦੇ 65,743 ਮਾਮਲੇ ਦਰਜ ਕੀਤੇ ਗਏ ਸਨ। ਪਰ ਯੂਪੀ ਸਰਕਾਰ ਦਲਿਤ ਬੀਬੀਆਂ ਨਾਲ ਇਨਸਾਫ ਨਹੀਂ ਕਰ ਰਹੀ, ਜਿਸ ਕਾਰਣ ਇਹ ਦਰਿੰਦਗੀ ਵਧ ਰਹੀ ਹੈ।**

### ਮੁਜ਼ੱਫਰਨਗਰ ਮਾਮਲਾ

2019 ਵਿੱਚ, ਯੂਪੀ ਦੇ ਮੁਜ਼ੱਫਰਨਗਰ ਜ਼ਿਲ੍ਹੇ ਵਿੱਚ ਇੱਕ ਨਾਬਾਲਗ ਦਲਿਤ ਲੜਕੀ ਨਾਲ ਬਲਾਤਕਾਰ ਅਤੇ ਕਤਲ ਕਰ ਦਿੱਤਾ ਗਿਆ ਸੀ। ਮ੍ਰਿਤਕ ਲੜਕੀ ਇੱਟਾਂ ਦੇ ਭੱਠੇ 'ਤੇ ਕੰਮ ਕਰਦੀ ਸੀ। ਫਿਰ ਇੱਟਾਂ ਦੇ ਭੱਠੇ ਦੇ ਮਾਲਕ ਅਤੇ ਛੇ ਹੋਰ ਲੋਕਾਂ ਵਿਰੁੱਧ ਮਾਮਲਾ ਦਰਜ ਕੀਤਾ ਗਿਆ। ਇਨ੍ਹਾਂ ਸੱਤ ਲੋਕਾਂ 'ਤੇ ਪਹਿਲਾਂ 14 ਸਾਲ ਦੀ ਲੜਕੀ ਨਾਲ ਬਲਾਤਕਾਰ ਕਰਨ ਅਤੇ ਫਿਰ ਉਸਨੂੰ ਸਾੜ ਕੇ ਮਾਰਨ ਦਾ ਦੋਸ਼ ਹੈ।

### ਹਾਥਰਸ ਮਾਮਲਾ

ਅਯੁੱਧਿਆ ਵਾਂਗ ਹੀ, ਹਾਥਰਸ ਵਿੱਚ ਇੱਕ ਦਲਿਤ ਕੁੜੀ ਨਾਲ ਹੋਈ ਬੇਰਹਿਮੀ ਨੇ ਵੀ ਪੂਰੇ ਦੇਸ਼ ਨੂੰ ਹਿਲਾ ਕੇ ਰੱਖ ਦਿੱਤਾ ਸੀ। ਚਾਰ ਸਾਲ ਪਹਿਲਾਂ 2020 ਵਿੱਚ, ਜਦੋਂ ਸਮੂਹਿਕ ਬਲਾਤਕਾਰ ਦੀ ਘਟਨਾ ਵਾਪਰੀ ਸੀ, ਤਾਂ ਸ਼ੁਰੂ ਵਿੱਚ ਕੋਈ ਮਾਮਲਾ ਦਰਜ ਨਹੀਂ ਕੀਤਾ ਗਿਆ ਸੀ। ਪੀੜਤਾ ਦੇ ਇਲਾਜ ਲਈ ਕੋਈ ਢੁਕਵੇਂ ਪ੍ਰਬੰਧ ਨਹੀਂ ਸਨ ਅਤੇ ਰਾਜਨੀਤਿਕ ਦਖਲਅੰਦਾਜ਼ੀ ਤੋਂ ਬਾਅਦ ਦਿੱਲੀ ਦੇ ਸਫਦਰਜੰਗ ਹਸਪਤਾਲ ਲਿਆਂਦਾ ਜਾਣ ਤੋਂ ਬਾਅਦ ਉਸਦੀ ਮੌਤ ਹੋ ਗਈ ਸੀ। ਪੁਲਿਸ ਨੇ ਉਸਦੇ ਪਰਿਵਾਰਕ ਮੈਂਬਰਾਂ ਦੀ ਗੈਰਹਾਜ਼ਰੀ ਵਿੱਚ ਰਾਤੋ-ਰਾਤ ਉਸਦਾ ਸਸਕਾਰ ਕਰ ਦਿੱਤਾ। ਪਰਿਵਾਰ ਦੇ ਮੈਂਬਰ ਤਰਸਦੇ ਰਹੇ ਕਿ ਘੱਟੋ-ਘੱਟ ਉਹ ਉਨ੍ਹਾਂ ਨੂੰ ਆਪਣਾ ਮੂੰਹ ਦਿਖਾ ਸਕੇ, ਪਰ ਅਜਿਹਾ ਨਹੀਂ ਹੋ ਸਕਿਆ। ਇਸ ਪੂਰੇ ਮਾਮਲੇ ਵਿੱਚ ਪਰਿਵਾਰ ਵੱਲੋਂ ਕਈ ਦੋਸ਼ ਲਗਾਏ ਗਏ ਸਨ।

ਹਾਥਰਸ ਵਿੱਚ 19 ਸਾਲਾ ਲੜਕੀ ਨਾਲ ਸਮੂਹਿਕ ਬਲਾਤਕਾਰ ਕੀਤਾ ਗਿਆ ਅਤੇ ਦਰਿੰਦਿਆਂ ਨੇ ਉਸਦੀ ਜੀਭ ਵੀ ਵੱਢ ਦਿੱਤੀ। ਕੁੜੀ ਦੀ ਪਿੱਠ 'ਤੇ ਵੀ ਡੂੰਘੀਆਂ ਸੱਟਾਂ ਸਨ। ਪੁਲਿਸ ਨੇ ਕਿਹਾ ਸੀ ਕਿ ਉਸ ਦੇ ਕਾਲਰਬੋਨ 'ਤੇ ਵੀ ਸੱਟਾਂ ਸਨ ਕਿਉਂਕਿ ਬਲਾਤਕਾਰੀਆਂ ਨੇ ਉਸ ਦੇ ਦੁਪੱਟੇ ਨਾਲ ਉਸਦਾ ਗਲਾ ਘੁੱਟਣ ਦੀ ਕੋਸ਼ਿਸ਼ ਕੀਤੀ ਸੀ।





## ਦਲਿਤ ਭੈਣਾਂ ਨਾਲ ਸਮੂਹਿਕ ਬਲਾਤਕਾਰ ਅਤੇ ਕਤਲ

ਦੋ ਸਾਲ ਪਹਿਲਾਂ, ਯੂਪੀ ਦੇ ਲਖੀਮਪੁਰ ਖੇੜੀ ਵਿੱਚ ਦਲਿਤ ਭੈਣਾਂ ਨਾਲ ਸਮੂਹਿਕ ਬਲਾਤਕਾਰ ਅਤੇ ਕਤਲ ਦਾ ਇੱਕ ਗੰਭੀਰ ਮਾਮਲਾ ਸਾਹਮਣੇ ਆਇਆ ਸੀ। ਇਹ ਘਟਨਾ 14 ਸਤੰਬਰ, 2022 ਨੂੰ ਵਾਪਰੀ ਸੀ। ਨਿਘਾਸਨ ਇਲਾਕੇ ਦੇ ਇੱਕ ਪਿੰਡ ਦੀਆਂ ਦੋ ਨਾਬਾਲਗ ਦਲਿਤ ਭੈਣਾਂ ਨੂੰ ਅਗਵਾ ਕੀਤਾ ਗਿਆ, ਸਮੂਹਿਕ ਬਲਾਤਕਾਰ ਕੀਤਾ ਗਿਆ ਅਤੇ ਫਿਰ ਬੇਰਹਿਮੀ ਨਾਲ ਕਤਲ ਕਰ ਦਿੱਤਾ ਗਿਆ। ਉਨ੍ਹਾਂ ਦੀਆਂ ਲਾਸ਼ਾਂ ਪਿੰਡ ਦੇ ਨੇੜੇ ਇੱਕ ਗੰਨੇ ਦੇ ਖੇਤ ਵਿੱਚ ਇੱਕ ਦਰੱਖਤ ਨਾਲ ਲਟਕਦੀਆਂ ਮਿਲੀਆਂ। 2023 ਦੇ ਅਖੀਰ ਵਿੱਚ, ਉੱਤਰ ਪ੍ਰਦੇਸ਼ ਦੇ ਬਾਂਦਾ ਦੇ ਇੱਕ ਪਿੰਡ ਵਿੱਚ ਇੱਕ 40 ਸਾਲਾ ਦਲਿਤ ਔਰਤ ਦੀ ਲਾਸ਼ ਆਟਾ ਚੱਕੀ ਦੇ ਫਰਸ਼ 'ਤੇ ਵਿੰਨ੍ਹੀ ਹੋਈ ਮਿਲੀ। ਪਰਿਵਾਰ ਨੇ ਉੱਚ ਜਾਤੀ ਦੇ ਲੋਕਾਂ 'ਤੇ ਸਮੂਹਿਕ ਬਲਾਤਕਾਰ ਅਤੇ ਕਤਲ ਦਾ ਦੋਸ਼ ਲਗਾਇਆ, ਪਰ ਪੁਲਿਸ ਨੇ ਕਿਹਾ ਕਿ ਇਹ ਇੱਕ ਹਾਦਸਾ ਸੀ। ਪੀੜਤਾ ਦੇ ਪਰਿਵਾਰ ਨੇ ਉਸ ਦੇ ਕਥਿਤ ਬਲਾਤਕਾਰ ਅਤੇ ਕਤਲ ਦੀ ਸ਼ਾਮ ਨੂੰ ਬਾਂਦਾ ਪੁਲਿਸ ਸਟੇਸ਼ਨ ਵਿੱਚ ਸ਼ਿਕਾਇਤ ਦਰਜ ਕਰਵਾਈ ਸੀ। ਉਨ੍ਹਾਂ ਨੇ ਸਮੂਹਿਕ ਬਲਾਤਕਾਰ ਅਤੇ ਕਤਲ ਦਾ ਦੋਸ਼ ਲਗਾਇਆ ਸੀ। ਰਿਪੋਰਟ ਦੇ ਅਨੁਸਾਰ, ਇੱਕ ਰਿਸ਼ਤੇਦਾਰ ਨੇ ਕਿਹਾ ਸੀ ਕਿ ਉਸਨੇ ਚੀਕਾਂ ਸੁਣੀਆਂ ਸਨ ਅਤੇ ਤਿੰਨ ਲੋਕਾਂ ਨੂੰ ਮਿੱਲ ਵਿੱਚੋਂ ਬਾਹਰ ਆਉਂਦੇ ਦੇਖਿਆ ਸੀ। ਉਸਨੇ ਤਿੰਨ ਹੋਰ ਲੋਕਾਂ ਨੂੰ ਪਿਛਲੀ ਕੰਧ ਟੱਪਦੇ ਹੋਏ ਵੀ ਦੇਖਿਆ।

# ਹਿੰਦੂ ਰਾਸ਼ਟਰਵਾਦ ਦਾ ਭੂਤ ਬ੍ਰਿਟੇਨ ਵਿੱਚ ਪੈਦਾ ਹੋਇਆ

**✪ ਲੀਕ ਹੋਈ ਸਰਕਾਰੀ ਰਿਪੋਰਟ ਵਿੱਚ ਦਾਅਵਾ, ਇਸਨੂੰ ਯੂਕੇ ਲਈ ਖ਼ਤਰਾ ਦੱਸਿਆ ✪ ਕਿਹਾ ਕਿ ਖਾਲਿਸਤਾਨ ਨਾਲੋਂ ਵੀ ਖਤਰਨਾਕ ਹੈ ਹਿੰਦੂ ਰਾਸ਼ਟਰਵਾਦ**

ਲੰਡਨ-ਇੱਕ ਲੀਕ ਹੋਈ ਬ੍ਰਿਟਿਸ਼ ਸਰਕਾਰ ਦੀ ਰਿਪੋਰਟ ਵਿੱਚ ਖਾਲਿਸਤਾਨ ਅੰਦੋਲਨ ਅਤੇ ਹਿੰਦੂ ਰਾਸ਼ਟਰਵਾਦ ਨੂੰ ਕੱਟੜਤਾ ਦੇ ਨਵੇਂ ਰੂਪ ਦੱਸਿਆ ਗਿਆ ਹੈ। ਪਿਛਲੇ ਸਾਲ, ਬ੍ਰਿਟਿਸ਼ ਗ੍ਰਹਿ ਸਕੱਤਰ ਯਵੇਟ ਕੂਪਰ ਨੇ ਕੱਟੜਵਾਦ 'ਤੇ ਸਰਕਾਰੀ ਨੀਤੀ ਦੀ ਸਮੀਖਿਆ ਦਾ ਐਲਾਨ ਕੀਤਾ ਸੀ। ਉਨ੍ਹਾਂ ਕਿਹਾ ਸੀ ਕਿ 'ਰੈਪਿਡ ਐਨਾਲਿਟੀਕਲ ਸਪ੍ਰਿੰਟ' ਨਾਮਕ ਸਮੀਖਿਆ ਕੱਟੜਪੰਥੀ ਰੁਝਾਨਾਂ ਦੀ ਪੜਚੋਲ ਅਤੇ ਨਿਗਰਾਨੀ ਕਰੇਗੀ ਅਤੇ ਕੱਟੜਪੰਥੀ ਦਾ ਮੁਕਾਬਲਾ ਕਰਨ ਲਈ ਇੱਕ ਨਵੀਂ ਰਣਨੀਤਕ ਪਹੁੰਚ ਦਾ ਪ੍ਰਸਤਾਵ ਦੇਵੇਗੀ।


ਬ੍ਰਿਟਿਸ਼ ਗ੍ਰਹਿ ਸਕੱਤਰ ਯਵੇਟ ਕੂਪਰ

### ਰਿਪੋਰਟ ਵਿੱਚ ਕਿਹੜੇ ਕੱਟੜਪੰਥੀਆਂ ਦਾ ਜ਼ਿਕਰ ਹੈ ?

ਥਿੰਕ ਟੈਂਕ ਪਾਲਿਸੀ ਐਕਸਚੇਂਜ ਨੇ ਲੀਕ ਹੋਈ ਰਿਪੋਰਟ ਦੀ ਸਮੀਖਿਆ ਕਰਨ ਤੋਂ ਬਾਅਦ ਦੱਸਿਆ ਕਿ ਯੂਕੇ ਵਿੱਚ ਨੌਂ ਕਿਸਮਾਂ ਦੇ ਕੱਟੜਵਾਦ ਨੂੰ ਸੂਚੀਬੱਧ ਕੀਤਾ ਗਿਆ ਹੈ। ਇਨ੍ਹਾਂ ਵਿੱਚ ਇਸਲਾਮੀ ਅੱਤਵਾਦ, ਅਤਿ ਸੱਜੇ-ਪੱਖੀ ਕੱਟੜਪੰਥੀ, ਔਰਤਾਂ ਵਿਰੁੱਧ ਹਿੰਸਾ, ਖਾਲਿਸਤਾਨ ਪੱਖੀ ਕੱਟੜਪੰਥੀ, ਹਿੰਦੂ ਰਾਸ਼ਟਰਵਾਦੀ ਕੱਟੜਪੰਥੀ, ਵਾਤਾਵਰਣ ਕੱਟੜਪੰਥੀ, ਖੱਬੇ-ਪੱਖੀ ਕੱਟੜਪੰਥੀ, ਅਰਾਜਕਤਾਵਾਦੀ ਅਤੇ ਇੱਕ-ਮੁੱਦੇ ਵਾਲਾ ਕੱਟੜਪੰਥੀ, ਹਿੰਸਕ ਪ੍ਰਵਿਰਤੀਆਂ ਪ੍ਰਤੀ ਆਕਰਸ਼ਣ ਸ਼ਾਮਲ ਹਨ। ਖਾਸ ਤੌਰ 'ਤੇ, ਔਰਤਾਂ ਜਾਂ ਔਰਤ ਲਿੰਗ ਵਿਰੁੱਧ ਕੱਟੜਤਾ, ਖਾਲਿਸਤਾਨ ਲਹਿਰ ਤੇ ਹਿੰਦੂ ਰਾਸ਼ਟਰਵਾਦ ਨੂੰ ਨਵੇਂ ਖਤਰਿਆਂ ਵਜੋਂ ਉਜਾਗਰ ਕੀਤਾ ਗਿਆ ਹੈ।

### ਹਿੰਦੂ ਰਾਸ਼ਟਰਵਾਦ 'ਤੇ ਥਿੰਕ ਟੈਂਕ ਨੇ ਕੀ ਕਿਹਾ ?

ਥਿੰਕ ਟੈਂਕ ਨੇ ਕਿਹਾ ਕਿ ਯੂਕੇ ਦੇ ਗ੍ਰਹਿ ਦਫ਼ਤਰ ਦੀ ਸਮੀਖਿਆ ਨੇ ਹਿੰਦੂ ਰਾਸ਼ਟਰਵਾਦ ਦੀ ਸਹੀ ਪਛਾਣ ਕੀਤੀ ਹੈ। ਪਰ ਥਿੰਕ ਟੈਂਕ ਨੇ ਇਹ ਵੀ ਕਿਹਾ ਕਿ ਸਮੀਖਿਆ ਨੇ ਇਸਲਾਮੀ ਕੱਟੜਪੰਥ ਨੂੰ ਘੱਟ ਸਮਝਿਆ ਹੈ, ਜੋ ਕਿ ਬ੍ਰਿਟੇਨ ਵਿੱਚ ਜ਼ਿਆਦਾਤਰ ਅੱਤਵਾਦੀ ਹਮਲਿਆਂ ਜਾਂ ਹਿੰਸਕ ਘਟਨਾਵਾਂ ਵਿੱਚ ਸ਼ਾਮਲ ਰਿਹਾ ਹੈ।

### ਬ੍ਰਿਟੇਨ ਵਿੱਚ ਹਿੰਦੂ ਰਾਸ਼ਟਰਵਾਦ ਚਰਚਾ ਦਾ ਵਿਸ਼ਾ ਕਿਉਂ ਬਣਿਆ ?

ਪਾਲਿਸੀ ਐਕਸਚੇਂਜ ਦੇ ਅਨੁਸਾਰ, 2022 ਵਿੱਚ ਇੰਗਲੈਂਡ ਦੇ ਲੈਸਟਰ ਵਿੱਚ ਹਿੰਦੂ ਅਤੇ ਮੁਸਲਿਮ ਭਾਈਚਾਰਿਆਂ ਵਿਚਕਾਰ ਹੋਈ ਫਿਰਕੂ ਹਿੰਸਾ ਗ੍ਰਹਿ ਦਫ਼ਤਰ ਦੀ ਸਮੀਖਿਆ ਵਿੱਚ ਹਿੰਦੂ ਰਾਸ਼ਟਰਵਾਦ ਨੂੰ ਸ਼ਾਮਲ ਕਰਨ ਦਾ ਕਾਰਨ ਹੈ। ਗ੍ਰਹਿ ਦਫ਼ਤਰ ਦੀ ਦੀ ਲੀਕ ਹੋਈ ਸਮੀਖਿਆ 'ਤੇ ਥਿੰਕ ਟੈਂਕ ਦੀ 30 ਪੰਨਿਆਂ ਦੀ ਰਿਪੋਰਟ ਵਿੱਚ ਹਿੰਦੂ ਰਾਸ਼ਟਰਵਾਦ ਨੂੰ "ਘੱਟ ਮਹਤਵ ਦਿਤੇ ਜਾਣ ਵਾਲਾ ਵਿਸ਼ਾ" ਦੱਸਿਆ ਗਿਆ ਹੈ। ਸ਼ਾਇਦ ਪਹਿਲੀ ਵਾਰ ਜਦੋਂ ਗ੍ਰਹਿ ਦਫ਼ਤਰ ਨੇ ਇਸ 'ਤੇ ਵਿਸਥਾਰ ਨਾਲ ਚਰਚਾ ਕੀਤੀ ਹੈ। ਇਸ ਵਿੱਚ ਕਿਹਾ ਗਿਆ ਹੈ ਕਿ 2023 ਵਿੱਚ ਕੱਟੜਵਾਦ ਨਾਲ ਨਜਿੱਠਣ ਲਈ ਸਰਕਾਰੀ ਪ੍ਰੋਗਰਾਮ ਦੀ ਇੱਕ ਵੱਖਰੀ ਸਮੀਖਿਆ ਵਿੱਚ ਇਸਨੂੰ ਸ਼ਾਮਲ ਨਾ ਕਰਨਾ ਇੱਕ ਗਲਤੀ ਸੀ।

### ਰਿਪੋਰਟ ਵਿੱਚ ਹਿੰਦੂ ਰਾਸ਼ਟਰਵਾਦ ਬਾਰੇ ਕੀ ਕਿਹਾ ਗਿਆ ਹੈ

ਰਿਪੋਰਟ ਵਿੱਚ ਕਿਹਾ ਗਿਆ ਹੈ, "ਸਤੰਬਰ 2022 ਵਿੱਚ ਲੈਸਟਰ ਵਿੱਚ ਹਿੰਦੂਆਂ ਅਤੇ ਮੁਸਲਮਾਨਾਂ ਵਿਚਕਾਰ ਹੋਈ ਹਿੰਸਾ ਨੂੰ ਦੇਖਦੇ ਹੋਏ, ਸਰਕਾਰ ਨੇ ਅਖੌਤੀ ਹਿੰਦੂ ਰਾਸ਼ਟਰਵਾਦੀ 'ਅੱਤਵਾਦ' 'ਤੇ ਧਿਆਨ ਕੇਂਦਰਿਤ ਕਰਨਾ ਸਹੀ ਰਿਹਾ ਹੈ - ਖਾਸ ਕਰਕੇ ਇਸਲਈ ਕਿਉਂਕਿ ਲੋਕ ਇਸ ਬਾਰੇ ਘੱਟ ਜਾਣੂ ਹਨ।" ਸਮੀਖਿਆ ਵਿੱਚ ਲੈਸਟਰ ਹਿੰਸਾ ਵਿੱਚ ਹਿੰਦੂ ਰਾਸ਼ਟਰਵਾਦ ਨੂੰ ਇੱਕ ਕਾਰਕ ਵਜੋਂ ਪਛਾਣਿਆ ਗਿਆ, ਪਰ ਮੁਸਲਿਮ ਕੱਟੜਪੰਥੀ ਦੀ ਭੂਮਿਕਾ ਨੂੰ ਵੀ ਨੋਟ ਕੀਤਾ ਗਿਆ।

### ਖਾਲਿਸਤਾਨ ਬਾਰੇ ਬ੍ਰਿਟੇਨ ਦਾ ਕੀ ਸਟੈਂਡ ਹੈ ?

ਥਿੰਕ ਟੈਂਕ ਨੇ ਕਿਹਾ ਕਿ ਗ੍ਰਹਿ ਮੰਤਰਾਲੇ ਦੀ ਸਮੀਖਿਆ ਵਿੱਚ ਪਾਇਆ ਗਿਆ ਕਿ "ਮੁਸਲਿਮ ਅਤੇ ਹਿੰਦੂ ਦੋਵਾਂ ਭਾਈਚਾਰਿਆਂ ਦੀਆਂ ਪ੍ਰਮੁੱਖ ਆਵਾਜ਼ਾਂ ਨੇ ਸਥਾਨਕ ਭਾਈਚਾਰਿਆਂ ਵਿਚਕਾਰ ਤਣਾਅ ਦਾ ਮੌਕਾਪ੍ਰਸਤੀ ਨਾਲ ਫਾਇਦਾ ਉਠਾਉਣ ਅਤੇ ਨਫ਼ਰਤ ਭੜਕਾਉਣ ਵਿੱਚ ਮੁੱਖ ਭੂਮਿਕਾ ਨਿਭਾਈ।" ਖਾਲਿਸਤਾਨੀ ਕਟੜਵਾਦ ਦੇ ਸੰਬੰਧੀ ਸਮੀਖਿਆ ਵਿੱਚ ਕਿਹਾ ਗਿਆ ਹੈ ਕਿ ਖਾਲਿਸਤਾਨ ਲਹਿਰ ਖੁਦ ਅਤਿਵਾਦੀ ਨਹੀਂ ਹੈ, ਪਰ ਥਿੰਕ ਟੈਂਕ ਦੇ ਅਨੁਸਾਰ "ਸਮੱਸਿਆ ਉਦੋਂ ਹੁੰਦੀ ਹੈ ਜਦੋਂ ਇਹ ਆਪਣੇ ਉਦੇਸ਼ ਦੇ ਸਮਰਥਨ ਵਿੱਚ ਹਿੰਸਾ ਦੀ ਵਕਾਲਤ ਕਰਦੀ ਹੈ।"

ਕਹਿਣ ਤੋਂ ਭਾਵ ਯੂਕੇ ਖਾਲਿਸਤਾਨੀ ਲਹਿਰ ਨੂੰ ਅੱਤਵਾਦੀ ਲਹਿਰ ਨਹੀਂ ਮੰਨਦਾ, ਪਰ ਹਿੰਦੂ ਰਾਸ਼ਟਰਵਾਦ ਨੂੰ ਆਪਣੇ ਦੇਸ਼ ਲਈ ਖਤਰਾ ਮੰਨਦਾ ਹੈ।

## ਜਿੰਮ ਕੋਚ ਦਾ ਬੇਰਹਮੀ ਨਾਲ ਕਤਲ



ਖਰੜ-ਖਰੜ ਦੇ ਸਿਵਜੋਤ ਇਨਕਲੇਵ ਵਿੱਚ 31 ਸਾਲਾ ਨੌਜਵਾਨ ਗੁਰਪ੍ਰੀਤ ਸਿੰਘ ਦਾ ਬੇਰਹਿਮੀ ਨਾਲ ਕਤਲ ਕਰ ਦਿੱਤਾ ਗਿਆ ਹੈ। ਪਹਿਲਾਂ ਮੁਲਜ਼ਮਾਂ ਨੇ ਨੌਜਵਾਨ 'ਤੇ ਗੋਲੀਆਂ ਚਲਾਈਆਂ ਫਿਰ ਤਲਵਾਰ ਨਾਲ ਨੌਜਵਾਨ ਦਾ ਬੇਰਹਮੀ ਨਾਲ ਕਤਲ ਕਰ ਦਿੱਤਾ। ਗੁਰਪ੍ਰੀਤ ਕਬੱਡੀ ਖਿਡਾਰੀ ਵੀ ਸੀ ਅਤੇ ਇਸ ਵੇਲੇ ਉਹ ਖਰੜ ਦੇ ਜਿੰਮ ਟਰੇਨਰ ਸੀ। ਮ੍ਰਿਤਕ ਦੇ ਪਿਤਾ ਨੇ ਪੁਲਿਸ ਨੂੰ ਇਨਸਾਫ ਦੀ ਅਪੀਲ ਕੀਤੀ ਹੈ। ਪੁਲਿਸ ਨੂੰ ਕਤਲ ਵੇਲੇ ਦੀ ਸੀਸੀਟੀਵੀ ਫੁਟੇਜ ਮਿਲ ਚੁੱਕੀ ਹੈ ਅਤੇ ਪੁਲਿਸ ਦੀਆਂ ਟੀਮਾਂ ਮੁਲਜ਼ਮ ਨੂੰ ਫੜਨ ਲਈ ਰਵਾਨਾ ਹੋ ਗਈਆਂ ਹਨ।

# ਲੁਧਿਆਣਾ ਸੈਂਟਰਲ ਜੇਲ੍ਹ 'ਚ ਕੈਦੀਆਂ ਨੇ ਇਕ ਕੈਦੀ ਨੂੰ ਕੁਟਿਆ

**✪ ਰਾਡਾਂ ਅਤੇ ਗਿਲਾਸਾਂ ਨਾਲ ਵਾਰ ਕੀਤੇ**

ਲੁਧਿਆਣਾ-ਲੁਧਿਆਣਾ ਦੀ ਕੇਂਦਰੀ ਜੇਲ੍ਹ ਵਿੱਚ ਹੰਗਾਮਾ ਹੋ ਗਿਆ। ਜੇਲ੍ਹ ਵਿੱਚ ਕੈਦੀਆਂ ਨੇ ਇੱਕ ਅੰਡਰਟਰਾਇਲ ਕੈਦੀ ਨੂੰ ਬੇਰਹਿਮੀ ਨਾਲ ਕੁੱਟਿਆ। ਹਮਲਾਵਰਾਂ ਨੇ ਉਸ ਦੇ ਸਿਰ 'ਤੇ ਰਾਡਾਂ ਅਤੇ ਗਿਲਾਸਾਂ ਨਾਲ ਵਾਰ ਕੀਤੇ। ਜੇਲ੍ਹ ਸਟਾਫ਼ ਖੂਨ ਨਾਲ ਲੱਥਪੱਥ ਕੈਦੀ ਨੂੰ ਸਿਵਲ ਹਸਪਤਾਲ ਲੈ ਗਿਆ ਜਿੱਥੇ ਡਾਕਟਰਾਂ ਨੇ ਉਸਦੇ ਸਿਰ 'ਤੇ 8 ਟਾਂਕੇ ਲਗਾਏ। ਜ਼ਖਮੀ ਵਿਚਾਰ ਅਧੀਨ ਕੈਦੀ ਦਾ ਨਾਮ ਹਰਦੀਪ ਸਿੰਘ ਹੈ, ਜੋ ਗੁਰੂ ਅਰਜੁਨ ਦੇਵ ਨਗਰ ਦਾ ਰਹਿਣ ਵਾਲਾ ਹੈ। ਥਾਣਾ ਡਿਵੀਜ਼ਨ ਨੰਬਰ 7 ਦੀ ਪੁਲਿਸ ਮਾਮਲੇ ਦੀ ਜਾਂਚ ਕਰ ਰਹੀ ਹੈ।

### 8 ਤੋਂ 10 ਹਵਾਲਾਤੀਆਂ 'ਤੇ ਹਮਲਾ

ਜਾਣਕਾਰੀ ਅਨੁਸਾਰ ਤਾਜਪੁਰ ਰੋਡ 'ਤੇ ਸਥਿਤ ਕੇਂਦਰੀ ਜੇਲ੍ਹ ਵਿੱਚ 8 ਤੋਂ 10 ਵਿਚਾਰ ਅਧੀਨ ਕੈਦੀਆਂ ਨੇ ਹਰਦੀਪ 'ਤੇ ਹਮਲਾ ਕੀਤਾ। ਜ਼ਖਮੀ ਹਰਦੀਪ ਸਿੰਘ ਨੇ ਦੱਸਿਆ ਕਿ ਉਹ ਸਮਰਾਲਾ ਚੌਕ ਨੇੜੇ ਗੁਰੂ ਅਰਜੁਨ ਦੇਵ ਨਗਰ ਰਹਿੰਦਾ ਹੈ।

### 2 ਸਾਲ ਪਹਿਲਾਂ ਇੱਕ ਗਿਰੋਹ ਬਣਾਉਂਦੇ ਫੜਿਆ ਗਿਆ

ਥਾਣਾ ਡਿਵੀਜ਼ਨ 7 ਦੀ ਪੁਲਿਸ ਨੇ ਉਸਨੂੰ ਦੋ ਸਾਲ ਪਹਿਲਾਂ ਲੁੱਟ ਦੇ ਇਰਾਦੇ ਨਾਲ ਇੱਕ ਗਿਰੋਹ ਬਣਾਉਣ ਦੇ ਦੋਸ਼ ਵਿੱਚ ਗ੍ਰਿਫ਼ਤਾਰ ਕੀਤਾ ਸੀ। ਜਿਸ ਕਾਰਨ ਉਹ 2 ਸਾਲਾਂ ਤੋਂ ਜੇਲ੍ਹ ਵਿੱਚ ਹੈ। ਉਹ ਰਾਤ ਨੂੰ ਆਪਣੀ ਬੈਰਕ ਵਿੱਚ ਮੌਜੂਦ ਸੀ ਜਦੋਂ 8 ਤੋਂ 10 ਅੰਡਰਟਰਾਇਲ ਕੈਦੀਆਂ ਨੇ ਉਸਨੂੰ ਘੇਰ ਲਿਆ ਅਤੇ ਸਟੀਲ ਦੇ ਸ਼ੀਸ਼ਿਆਂ ਅਤੇ ਰਾਡਾਂ



ਨਾਲ ਉਸ 'ਤੇ ਹਮਲਾ ਕਰ ਦਿੱਤਾ।

ਹਮਲੇ ਦੌਰਾਨ ਉਸਦੇ ਸਿਰ ਵਿੱਚ ਗੰਭੀਰ ਸੱਟਾਂ ਲੱਗੀਆਂ। ਜਿਸਨੂੰ ਜੇਲ੍ਹ ਪ੍ਰਸ਼ਾਸਨ ਨੇ ਰਾਤ ਨੂੰ ਸਿਵਲ ਹਸਪਤਾਲ ਲਿਜਾਇਆ ਗਿਆ। ਜਿੱਥੋਂ ਉਸਨੂੰ ਡਾਕਟਰੀ ਜਾਂਚ ਤੋਂ ਬਾਅਦ ਵਾਪਸ ਜੇਲ੍ਹ ਭੇਜ ਦਿੱਤਾ ਗਿਆ।

## ਕੈਲਗਰੀ ਵਿਖੇ 2 ਭਾਰਤੀਆਂ ਤੋਂ "ਖਤਰਨਾਕ" ਡਰੱਗ ਫੈਂਟਾਨਿਲ ਦੀ ਵੱਡੀ ਖੇਪ ਫੜੀ

ਕੈਲਗਰੀ-ਹਾਲ ਹੀ ਵਿੱਚ ਕੈਲਗਰੀ ਕੈਨੇਡਾ ਵਿੱਚ ਭਾਰਤੀ ਮੂਲ ਦੇ 2 ਲੋਕਾਂ ਸਵਾਤੀ ਨਰੂਲਾ ਅਤੇ ਕੁੰਵਰਦੀਪ ਸਿੰਘ ਨੂੰ ਨਸ਼ੀਲੇ ਪਦਾਰਥ ਫੈਂਟਾਨਿਲ ਦੀ ਵੱਡੀ ਮਾਤਰਾ ਨਾਲ ਗ੍ਰਿਫਤਾਰ ਕੀਤਾ ਗਿਆ ਹੈ। ਰਾਇਲ ਕੈਨੇਡੀਅਨ ਮਾਊਂਟੇਡ ਪੁਲਸ ਅਨੁਸਾਰ, ਅਧਿਕਾਰੀਆਂ ਨੂੰ ਸਵਾਤੀ ਨਰੂਲਾ ਅਤੇ ਕੁੰਵਰਦੀਪ ਸਿੰਘ ਦੀ ਗੱਡੀ ਦੇ ਸਪੇਅਰ ਟਾਇਰ ਹੇਠਾਂ ਲੁਕਾਇਆ ਗਿਆ 8 ਕਿਲੋਗ੍ਰਾਮ ਫੈਂਟਾਨਿਲ ਮਿਲਿਆ, ਜਿਸ ਤੋਂ ਬਾਅਦ ਦੋਵਾਂ ਨੂੰ ਗ੍ਰਿਫਤਾਰ ਕਰ ਲਿਆ ਗਿਆ। ਮੁਲਜ਼ਮਾਂ ਨੇ ਜਾਂਚਕਰਤਾਵਾਂ ਨੂੰ ਦੱਸਿਆ ਕਿ ਉਹ ਰੇਜੀਨਾ ਜਾ ਰਹੇ ਸਨ। ਉਨ੍ਹਾਂ 'ਤੇ ਕੈਨੇਡਾ ਦੇ ਨਿਯੰਤਰਿਤ ਡਰੱਗਜ਼ ਅਤੇ ਪਦਾਰਥ ਐਕਟ ਦੇ ਤਹਿਤ ਤਸਕਰੀ ਦੇ ਉਦੇਸ਼ ਲਈ ਨਸ਼ੀਲੇ ਪਦਾਰਥ ਰੱਖਣ ਦਾ ਦੋਸ਼ ਲਗਾਇਆ ਗਿਆ ਹੈ।

# ਮਹੀਨਾਵਾਰ ਕਿਸਮਤ ਦੇ ਸਿਤਾਰੇ

## ਫਰਵਰੀ ਮਹੀਨਾ 2025

ਰਾਸ਼ੀਫਲ ਜਾਂ 'ਕਿਸਮਤ ਦੇ ਸਿਤਾਰੇ' ਬਹੁਤ ਸਾਰੇ ਲੋਕ ਵੱਖ ਵੱਖ ਮੀਡੀਆ ਰਾਹੀਂ ਲੰਮੇ ਸਮੇਂ ਤੋਂ ਪੜ੍ਹਦੇ ਸੁਣਦੇ ਆ ਰਹੇ ਹਨ। ਅਸੀਂ ਇਹਨਾਂ ਚੀਜ਼ਾਂ ਵਿੱਚ ਵਿਸ਼ਵਾਸ ਨਹੀਂ ਰੱਖਦੇ, ਪਰ ਪਾਠਕਾਂ ਦੀ ਦਿਲਚਸਪੀ ਦੇਖ ਕੇ ਇਹ ਕਾਲਮ ਉਹਨਾਂ ਨੂੰ ਠੱਗਾਂ ਦੇ ਚੁੰਗਲ ਵਿੱਚ ਫਸਣ ਤੋਂ ਬਚਾਉਣ ਲਈ ਛਾਪਿਆ ਜਾ ਰਿਹਾ ਹੈ, ਤਾਂ ਜੋ ਉਹਨਾਂ ਨੂੰ ਕੋਈ ਸੇਧ ਵੀ ਮਿਲ ਸਕੇ ਅਤੇ ਗਲਤ ਪਾਸੇ ਜਾਣ ਤੋਂ ਬਚ ਵੀ ਸਕਣ। -ਸੰਪਾਦਕ

**ਮੇਖ – (ਜਨਮ 14 ਮਾਰਚ ਤੋਂ 13 ਅਪ੍ਰੈਲ)**
ਇਸ ਮਹੀਨੇ ਦਿਮਾਗੀ ਤਣਾਅ ਅਤੇ ਘਰੇਲੂ ਮੁਸ਼ਕਿਲਾਂ ਵੱਧਣਗੀਆਂ। ਵਧੇਰੇ ਸੰਘਰਸ਼ ਤੋਂ ਬਾਅਦ ਧਨ ਲਾਭ ਥੋੜ੍ਹਾ ਹੋਵੇਗਾ ਅਤੇ ਖਰਚੇ ਜ਼ਿਆਦਾ ਹੋਣਗੇ। ਇਸ ਮਹੀਨੇ ਦੇ ਪਿਛਲੇ ਦਿਨਾਂ ਵਿੱਚ ਰੁਕੇ ਹੋਏ ਕੰਮਾਂ ਵਿੱਚ ਸੁਧਾਰ ਅਤੇ ਗੁਜ਼ਾਰੇ ਯੋਗ ਆਮਦਨ ਦੇ ਵਸੀਲੇ ਬਣਦੇ ਰਹਿਣਗੇ। ਨਵੇਂ ਲੋਕਾਂ ਨਾਲ ਮੇਲ-ਜੋਲ ਵਧੇਗਾ। ਸਵਾਰੀ ਸੁੱਖ ਮਿਲਣ ਦੇ ਯੋਗ ਹਨ। ਤੁਸੀਂ ਆਪਣੇ ਦੋਸਤਾਂ ਜਾਂ ਰਿਸ਼ਤੇਦਾਰਾਂ ਨੂੰ ਜੋਤਸ਼ੀਆਂ, ਤਾਂਤਰਿਕਾਂ, ਚਿਲਮਾਂ ਪੀਣ ਵਾਲੇ ਅਖੌਤੀ ਬਾਬਿਆਂ ਤੋਂ ਸੁਚੇਤ ਰਹਿਣ ਬਾਰੇ ਦੱਸੋ, ਇਹ ਬਹੁਤੇ ਠੱਗ ਤੇ ਸ਼ੈਤਾਨ ਹੁੰਦੇ ਹਨ।

**ਬ੍ਰਿਖ – (ਜਨਮ 14 ਅਪ੍ਰੈਲ ਤੋਂ 14 ਮਈ)**
ਆਰਥਿਕ ਹਾਲਾਤ ਪਹਿਲਾਂ ਨਾਲੋਂ ਬਿਹਤਰ ਹੋਣਗੇ। ਕਾਰਜ ਖੇਤਰ ਵਿੱਚ ਜ਼ਿਆਦਾ ਰੁੱਝੇ ਰਹੋਗੇ। ਸਮਾਜ ਵਿੱਚ ਮਾਣ-ਇੱਜ਼ਤ ਵਧੇਗਾ। ਤੁਹਾਡੇ ਕੰਮਕਾਰ ਵਿੱਚ ਸਫਲਤਾ ਪ੍ਰਾਪਤੀ ਦੀ ਪੂਰੀ ਸੰਭਾਵਨਾ ਹੈ। ਕੋਈ ਸ਼ੁੱਭ ਸਮਾਚਾਰ ਅਤੇ ਵਧੇਰੇ ਲਾਭ ਦੀ ਪ੍ਰਾਪਤੀ ਹੋਵੇਗੀ। ਘਰ-ਪਰਿਵਾਰ ਵਿੱਚ ਸੁਖਦ ਮਾਹੌਲ ਹੁੰਦੇ ਹੋਏ ਵੀ ਕੋਈ ਗੁਪਤ ਚਿੰਤਾ ਰਹੇਗੀ। ਧਾਰਮਿਕ ਕੰਮਾਂ ਵਿੱਚ ਰੁਝਾਨ ਬਣੇਗਾ। ਸਿਹਤ ਕੁਝ ਢਿੱਲੀ ਰਹੇਗੀ। ਅਜਿਹਾ ਕੁਝ ਕਰ ਜਾਵੋ, ਜੋ ਕਿ ਦੁਨੀਆਂ ਵਿੱਚ ਇਕ ਮਿਸਾਲ ਬਣ ਜਾਵੇ।

**ਮਿਥੁਨ – (ਜਨਮ 15 ਮਈ ਤੋਂ 14 ਜੂਨ)**
ਨੌਕਰੀ/ਵਪਾਰ ਵਿੱਚ ਮੁਸ਼ਕਿਲਾਂ ਰਹਿਣਗੀਆਂ। ਆਰਥਿਕ ਹਾਲਾਤ ਅਨਿਸ਼ਚਤ ਰਹਿਣਗੇ। ਗੁਜ਼ਾਰੇ ਲਾਇਕ ਧਨ ਦੀ ਪ੍ਰਾਪਤੀ ਹੋਵੇਗੀ। ਕਿਸੇ ਦੋਸਤ ਜਾਂ ਰਿਸ਼ਤੇਦਾਰ ਨਾਲ ਅਨਬਨ ਹੋ ਸਕਦੀ ਹੈ, ਕੁਝ ਕੰਮਾਂ ਵਿੱਚ ਰੁਕਾਵਟਾਂ ਵੀ ਆ ਸਕਦੀਆਂ ਹਨ। ਸਿਹਤ ਦਾ ਧਿਆਨ ਰੱਖਣ ਦੀ ਲੋੜ ਹੈ। ਕਿਸੇ ਨਾਲ ਵੀ ਤਕਰਾਰ ਤੋਂ ਬਚੋ, ਨਹੀਂ ਤਾਂ ਬਣਿਆ ਕੰਮ ਵਿਗੜ ਸਕਦਾ ਹੈ। ਗੁਰੂ ਘਰ ਜਾ ਕੇ ਗੁਰਬਾਣੀ ਦਾ ਕੀਰਤਨ ਸਰਵਣ ਕਰੋ, ਮੁਸ਼ਕਿਲਾਂ ਆਪਣੇ ਆਪ ਹੱਲ ਹੋ ਜਾਣਗੀਆਂ।

**ਕਰਕ – (ਜਨਮ 15 ਜੂਨ ਤੋਂ 15 ਜੁਲਾਈ)**
ਇਹ ਮਹੀਨਾ ਸ਼ੁੱਭ ਰਹੇਗਾ। ਕਿਸੇ ਸਾਥੀ ਦੀ ਮਦਦ ਨਾਲ ਰੁਕਿਆ ਹੋਇਆ ਕੰਮ ਬਣੇਗਾ, ਪਰਿਵਾਰਕ ਸੁੱਖ ਵਿੱਚ ਵਾਧਾ ਹੋਵੇਗਾ। ਸੰਘਰਸ਼ ਕਰਨ 'ਤੇ ਵੀ ਵਧੇਰੇ ਧਨ ਲਾਭ ਨਹੀਂ ਹੋ ਸਕੇਗਾ। ਗੈਰ ਜਰੂਰੀ ਕੰਮਾਂ 'ਤੇ ਖਰਚ ਜ਼ਿਆਦਾ ਹੋਵੇਗਾ। ਨਜ਼ਦੀਕੀ ਭਾਈ-ਬੰਧੂਆਂ ਨਾਲ ਮਨ-ਮੁਟਾਵ ਅਤੇ ਕਲਹ ਕਲੇਸ਼ ਰਹੇਗਾ। ਆਪਣੀ ਸਿਹਤ ਦਾ ਖਾਸ ਧਿਆਨ ਰੱਖਣ ਦੀ ਲੋੜ ਹੈ। ਬਿਨਾਂ ਜਰੂਰੀ ਕੰਮ ਤੋਂ ਕਿਸੇ ਨਾਲ ਨਾ ਬੋਲੋ, ਮਨ ਅੰਦਰ ਪ੍ਰਮਾਤਮਾ ਨੂੰ ਯਾਦ ਕਰੋ।

**ਸਿੰਘ – (ਜਨਮ 16 ਜੁਲਾਈ ਤੋਂ 15 ਅਗਸਤ)**
ਆਰਾਮ ਘੱਟ ਅਤੇ ਦੌੜ-ਭੱਜ ਜ਼ਿਆਦਾ ਰਹੇਗੀ। ਪਰਿਵਾਰ ਵਿੱਚ ਤਣਾਅ ਅਤੇ ਖਰਚ ਜ਼ਿਆਦਾ ਹੋਣਗੇ। ਕਿਸੇ ਖਾਸ ਦੋਸਤ ਦੀ ਮਦਦ ਨਾਲ ਵਿਗੜਿਆ ਕੰਮ ਬਣੇਗਾ। ਨਵੇਂ ਲੋਕਾਂ ਦੀ ਮਦਦ ਨਾਲ ਨਵੇਂ ਕੰਮ ਵਿੱਚ ਸਫਲਤਾ ਮਿਲੇਗੀ। ਕਿਸੇ ਨਵੇਂ ਕੰਮ ਦੀ ਯੋਜਨਾ ਵੀ ਬਣੇਗੀ, ਜਿਸ ਵਿੱਚ ਪੂਰੀ ਤਰ੍ਹਾਂ ਸਫਲਤਾ ਮਿਲਣ ਦੇ ਆਸਾਰ ਬਣਨਗੇ। ਬੇਲੋੜੇ ਲੜਾਈ ਝਗੜੇ ਤੋਂ ਬਚੋ। ਆਪਣੇ ਵਿਰੋਧੀ ਜਾਂ ਦੁਸ਼ਮਣ ਨਾਲ ਵੀ ਪਿਆਰ ਨਾਲ ਪੇਸ਼ ਆਉ। ਅਜਿਹਾ ਕੁਝ ਨਾ ਕਰੋ, ਜਿਸ ਨਾਲ ਕਿਸੇ ਦਾ ਦਿਲ ਦੁਖੇ।

**ਕੰਨਿਆ – (ਜਨਮ 16 ਅਗਸਤ ਤੋਂ 14 ਸਤੰਬਰ)**
ਪਹਿਲੇ ਕੁਝ ਦਿਨਾਂ ਵਿੱਚ ਰੁਕਾਵਟਾਂ ਦੇ ਬਾਵਜੂਦ ਗੁਜ਼ਾਰੇ ਯੋਗ ਆਮਦਨ ਦੇ ਵਸੀਲੇ ਬਣਦੇ ਰਹਿਣਗੇ। ਘਰੇਲੂ ਉਲਝਣਾਂ ਤੇ ਤਣਾਅ ਵਧੇਗਾ। ਘਰ ਵਿੱਚ ਕਲਹ-ਕਲੇਸ਼ ਕਰਕੇ ਅਸ਼ਾਂਤੀ ਹੋਵੇਗੀ, ਭਾਈ-ਬੰਧੂਆਂ ਦਾ ਸਹਿਯੋਗ ਘੱਟ ਹੀ ਮਿਲੇਗਾ। ਸਮੇਂ ਮੁਤਾਬਕ ਸੁਭਾਅ ਵਿੱਚ ਕੁਝ ਤਬਦੀਲੀ ਕਰਨ ਦੀ ਲੋੜ ਹੈ, ਨਹੀਂ ਤਾਂ ਨੁਕਸਾਨ ਹੋ ਸਕਦਾ ਹੈ। ਸ੍ਰੀ ਜਪੁਜੀ ਸਾਹਿਬ ਦਾ ਪਾਠ ਕਰਨਾ ਸ਼ੁੱਭ ਰਹੇਗਾ। ਗੁਰੂ ਘਰ ਜਾ ਕੇ ਬਰਤਨ, ਜੋੜਿਆਂ ਆਦਿ ਦੀ ਸੇਵਾ ਕਰਨ ਨਾਲ ਮਨ ਸ਼ਾਂਤ ਰਹੇਗਾ।

**ਤੁਲਾ – (ਜਨਮ 15 ਸਤੰਬਰ ਤੋਂ 14 ਅਕਤੂਬਰ)**
ਧਨ ਲਾਭ ਅਤੇ ਭਵਿੱਖ ਵਿੱਚ ਤਰੱਕੀ ਦੇ ਯੋਗ ਹਨ। ਸ਼ੁੱਭ ਕੰਮਾਂ 'ਤੇ ਖਰਚ ਹੋਵੇਗਾ। ਮਾਤਾ-ਪਿਤਾ ਅਤੇ ਦੋਸਤਾਂ ਦੀ ਮਦਦ ਨਾਲ ਕੋਈ ਰੁੱਕਿਆ ਕੰਮ ਬਣਨ ਦੇ ਯੋਗ ਹਨ। ਵਪਾਰਕ ਯਾਤਰਾ ਵੀ ਹੋਵੇਗੀ। ਕਿਸੇ ਨਾਲ ਵੀ ਵਰਤਾਉ ਕਰਦੇ ਹੋਏ ਆਪਣੀ ਅਕਲ ਅਤੇ ਵਿਵੇਕ ਦੀ ਪਹਿਚਾਨ ਦੇਵੋ। ਨੌਕਰੀ ਵਿੱਚ ਉੱਚ ਅਧਿਕਾਰੀਆਂ ਨਾਲ ਤਣਾਅ ਦੇ ਹਾਲਾਤ ਬਣਨਗੇ। ਜ਼ਿਆਦਾ ਗੁੱਸੇ ਕਾਰਨ ਨੁਕਸਾਨ ਹੋ ਸਕਦਾ ਹੈ, ਸੁਚੇਤ ਰਹਿਣ ਦੀ ਲੋੜ ਹੈ।

**ਬ੍ਰਿਸ਼ਚਕ – (ਜਨਮ 15 ਅਕਤੂਬਰ ਤੋਂ 13 ਨਵੰਬਰ)**
ਕਿਸੇ ਨਵੇਂ ਕੰਮ ਦੀ ਯੋਜਨਾ ਬਣੇਗੀ, ਪਰ ਕਾਮਯਾਬੀ ਵਿੱਚ ਅੜਚਨਾਂ ਰਹਿਣਗੀਆਂ। ਵਿੱਦਿਆਰਥੀ ਵਰਗ ਲਈ ਇਹ ਸਮਾਂ ਚੁਣੌਤੀ ਭਰਿਆ ਹੋਵੇਗਾ। ਮਿਹਨਤ ਕਰਨ 'ਤੇ ਵੀ ਲਾਭ ਵਿੱਚ ਕੁਝ ਕਮੀ ਰਹੇਗੀ। ਸਰਕਾਰੀ ਅਫਸਰਾਂ ਨਾਲ ਨਰਮ ਵਿਹਾਰ ਰੱਖਣਾ ਹੀ ਠੀਕ ਹੋਵੇਗਾ, ਜ਼ਿਆਦਾ ਗੁੱਸੇ ਕਾਰਨ ਨੁਕਸਾਨ ਹੋ ਸਕਦਾ ਹੈ। ਪਰਿਵਾਰ ਵਿੱਚ ਮਨ-ਮੁਟਾਵ ਅਤੇ ਮਤਭੇਦ ਉਭਰਨਗੇ ਅਤੇ ਫਜ਼ੂਲ ਖਰਚੀ ਹੋਵੇਗੀ। ਗੁਰੂ ਘਰ ਜਾ ਕੇ ਗੁਰਬਾਣੀ ਸਰਵਣ ਕਰੋ,

**ਧਨੁ – (ਜਨਮ 14 ਨਵੰਬਰ ਤੋਂ 13 ਦਸੰਬਰ)**
ਪਹਿਲੇ ਕੁਝ ਦਿਨ ਤਾਂ ਧਨ ਦਾ ਨੁਕਸਾਨ ਅਤੇ ਕਿਸੇ ਉੱਚ ਅਧਿਕਾਰੀ ਨਾਲ ਵਿਰੋਧ ਵੀ ਹੋ ਸਕਦਾ ਹੈ, ਸਰੀਰਕ ਕਸ਼ਟ ਅਤੇ ਮਾਨਸਿਕ ਤਣਾਅ ਜ਼ਿਆਦਾ ਰਹੇਗਾ। ਬਣਦੇ ਕੰਮਾਂ ਵਿੱਚ ਰੁਕਾਵਟਾਂ ਆਉਣਗੀਆਂ। ਮਹੀਨੇ ਦੇ ਅੱਧ ਵਿੱਚ ਹਾਲਾਤਾਂ ਵਿੱਚ ਸੁਧਾਰ ਹੋਵੇਗਾ ਅਤੇ ਗੁਜ਼ਾਰੇ ਲਈ ਧਨ ਦੇ ਵਸੀਲੇ ਬਣਨਗੇ। ਕਿਸੇ ਪਿਆਰੇ ਦੋਸਤ ਨਾਲ ਮੁਲਾਕਾਤ ਹੋਵੇਗੀ। ਸਿਹਤ ਸਬੰਧੀ ਖਾਸ ਧਿਆਨ ਰੱਖਣ ਦੀ ਲੋੜ ਹੈ। ਹਮੇਸ਼ਾ ਚੰਗਾ ਸੋਚੋ,

**ਮਕਰ – (ਜਨਮ 14 ਦਸੰਬਰ ਤੋਂ 12 ਜਨਵਰੀ)**
ਬੇਕਾਰ ਦਾ ਸੈਰ-ਸਪਾਟਾ ਅਤੇ ਫਜ਼ੂਲਖਰਚੀ ਹੋਵੇਗੀ। ਕਿਸੇ ਨਜ਼ਦੀਕੀ ਰਿਸ਼ਤੇਦਾਰ ਤੋਂ ਧੋਖਾ ਮਿਲ ਸਕਦਾ ਹੈ। ਬਹੁਤ ਮੁਸ਼ਕਿਲ ਹਾਲਾਤਾਂ ਵਿੱਚ ਧਨ ਲਾਭ ਮੱਧਮ ਰਹੇਗਾ, ਖਰਚ ਵੀ ਵੱਧ-ਚੜ੍ਹ ਕੇ ਹੋਣਗੇ। ਆਰਾਮ ਘੱਟ ਅਤੇ ਭੱਜ-ਦੌੜ ਜ਼ਿਆਦਾ ਰਹੇਗੀ। ਘਰ ਵਿੱਚ ਕੋਈ ਸ਼ੁੱਭ ਕੰਮ ਵੀ ਹੋ ਸਕਦਾ ਹੈ। ਕਿਸੇ ਧਾਰਮਿਕ ਜਗ੍ਹਾ 'ਤੇ ਜਾਣ ਦਾ ਪ੍ਰੋਗਰਾਮ ਵੀ ਬਣ ਸਕਦਾ ਹੈ। ਮਨ ਦੇ ਮੁਤਾਬਕ ਕੋਈ ਕੰਮ ਹੋਣ ਨਾਲ ਖੁਸ਼ੀ ਮਿਲੇਗੀ। ਹਰ ਰੋਜ਼ ਹਰ ਪਲ ਪ੍ਰਮਾਤਮਾ ਦਾ ਸ਼ੁਕਰੀਆ ਕਰੋ।

**ਕੁੰਭ – (ਜਨਮ 13 ਜਨਵਰੀ ਤੋਂ 11 ਫਰਵਰੀ)**
ਆਮਦਨ ਘੱਟ ਅਤੇ ਖਰਚੇ ਵਧੇਰੇ ਹੋਣਗੇ। ਜ਼ਿਆਦਾ ਸਮਾਂ ਫਜ਼ੂਲ ਦੇ ਕੰਮਾਂ ਵਿੱਚ ਬੀਤੇਗਾ। ਧਨ ਪ੍ਰਾਪਤੀ ਦੇ ਵਸੀਲੇ ਬਣਦੇ ਰਹਿਣਗੇ। ਰਿਸ਼ਤੇਦਾਰਾਂ ਨਾਲ ਮੇਲ-ਜੋਲ ਵਧੇਗਾ। ਵਿਲਾਸ ਆਦਿ ਕੰਮਾਂ 'ਤੇ ਧਨ ਦਾ ਖਰਚ ਹੋਵੇਗਾ, ਯਾਤਰਾ ਕਰਕੇ ਕੁਝ ਪ੍ਰੇਸ਼ਾਨੀ ਹੋ ਸਕਦੀ ਹੈ। ਭਾਈ-ਬੰਧੂ ਨਾਲ ਤਣਾਅ ਅਤੇ ਪਰਿਵਾਰਕ ਮਾਹੌਲ ਕੁਝ ਠੀਕ ਨਹੀਂ ਰਹੇਗਾ। ਸੰਘਰਸ਼ ਕਰਨ 'ਤੇ ਹੀ ਗੁਜ਼ਾਰੇਯੋਗ ਧਨ ਮਿਲੇਗਾ। ਵਕਤ ਦਾ ਕੰਮ ਗੁਜ਼ਰਨਾ ਹੈ, ਬੁਰਾ ਹੋਵੇ ਤਾਂ ਸਬਰ ਕਰੋ ਅਤੇ ਚੰਗਾ ਹੋਵੇ ਤਾਂ ਉਸ ਦਾ ਸ਼ੁਕਰੀਆ ਕਰੋ।

**ਮੀਨ – (ਜਨਮ 12 ਫਰਵਰੀ ਤੋਂ 13 ਮਾਰਚ)**
ਇਸ ਮਹੀਨੇ ਹਾਲਾਤ ਸੰਘਰਸ਼ ਵਾਲੇ ਰਹਿਣਗੇ, ਇਸ ਕਰਕੇ ਆਰਾਮ ਘੱਟ ਅਤੇ ਦੌੜ-ਭੱਜ ਜ਼ਿਆਦਾ ਰਹੇਗੀ। ਸਾਂਝੇਦਾਰੀ ਦੇ ਕੰਮਾਂ ਵਿੱਚ ਨੁਕਸਾਨ ਹੋਣ ਦੇ ਯੋਗ ਹਨ। ਜ਼ਮੀਨ ਅਤੇ ਵਾਹਨ ਦੇ ਖਰੀਦਣ-ਵੇਚਣ ਦਾ ਕੋਈ ਕੰਮ ਨਾ ਕਰੋ, ਨੁਕਸਾਨ ਹੋ ਸਕਦਾ ਹੈ। ਸਵਾਰੀ ਚਲਾਉਂਦੇ ਹੋਏ ਸਾਵਧਾਨੀ ਵਰਤੋ। ਬਣਦੇ ਕੰਮ ਵਿੱਚ ਰੁਕਾਵਟਾਂ ਅਤੇ ਖਰਚ ਜ਼ਿਆਦਾ ਰਹਿਣਗੇ। ਘਰ ਹੋਵੇ ਜਾਂ ਬਾਹਰ ਕਿਸੇ ਨਾਲ ਵੀ ਤਕਰਾਰ ਤੋਂ ਗੁਰੇਜ਼ ਕਰੋ। ਜ਼ਿੰਦਗੀ ਵਿੱਚ ਅਜਿਹਾ ਕੁਝ ਕਰੋ ਜੋ ਦੂਜਿਆਂ ਲਈ ਉਦਾਹਰਣ ਸਾਬਤ ਹੋਵੇ।

* * * * * *

ਪੰਜਾਬ ਟਾਈਮਜ਼
PANJAB TIMES (EST 1965)

ਪੰਜਾਬ ਟਾਈਮਜ਼ ਵਿਚ ਇਸ਼ਤਿਹਾਰ ਦੇਣ ਲਈ ਹੇਠਾਂ ਦਿੱਤੇ ਫ਼ੋਨ ਨੰਬਰ 'ਤੇ ਸੰਪਰਕ ਕਰੋ :

FOR SUBSCRIPTION
(PLEASE TICK ONE RELEVANT BOX)
6 MONTHS ---- £95 ☐
1 YEAR ---- £180 ☐

ਪਰਚੇ ਦਾ ਚੰਦਾ ਕਰੈਡਿਟ ਕਾਰਡ ਜਾਂ ਵੀਜ਼ਾ ਕਾਰਡ ਰਾਹੀਂ ਦੇਣ ਵਾਸਤੇ ਅਤੇ ਬਿੱਲਾਂ ਦਾ ਭੁਗਤਾਨ ਕਰਨ ਲਈ ਹੇਠਾਂ ਦਿੱਤੇ ਨੰਬਰ 'ਤੇ ਫ਼ੋਨ ਕਰੋ। ਚੰਦਾ ਬੈਂਕ ਅਕਾਊਂਟ ਵਿੱਚ ਵੀ ਪਾ ਸਕਦੇ ਹੋ। ਜਾਂ ਪਰਚਾ ਡਾਕ ਰਾਹੀਂ ਘਰ ਮੰਗਵਾਉਣ ਲਈ ਹੇਠਾਂ ਦਿੱਤਾ ਕੂਪਨ ਭਰ ਕੇ ਚੈੱਕ ਨਾਲ ਭੇਜੋ।

NAME.................................................................
ADDRESS.............................................................
..................................POST CODE.................................
TEL.....................................................................

Barclays Bank details: ACCOUNT: Punjab Times Trust
ACCOUNT NO: 20853011 SORT CODE: 20-25-85

*Post with payments to:* ***SUBSCRIPTION***
PANJAB TIMES Bridle Gate Lane, Alvaston, Derby, DE24 0QW, U.K.
TEL: 01332 372851 FAX: 01332 374819
or please ring on Mo: 07966 388 388
*www.panjabtimes.uk Email: Panjabtimes@aol.com*

## ਹਾਸੇ ਦੀ ਪਟਾਰੀ

**ਰਮੇਸ਼,** ਤੇਰਾ ਗਧਾ ਗੁਆਚ ਗਿਆ ਅਤੇ ਤੂੰ ਖੁਸ਼ ਏਂ ?

ਪ੍ਰਵੇਸ਼, ਚੰਗਾ ਹੋਇਆ ਜਦੋਂ ਉਹ ਗੁਆਚਿਆ ਤਾਂ ਮੈਂ ਉਸ ਦੇ ਨਾਲ ਨਹੀਂ ਸੀ, ਨਹੀਂ ਤਾਂ ਮੈਂ ਵੀ ਗੁਆਚ ਜਾਂਦਾ।

*---*---*

**ਪ੍ਰੇਮਿਕਾ,** ਕੀ ਕਰ ਰਿਹਾ ਏਂ ?

ਪ੍ਰੇਮੀ, ਨੋਟ ਜੋੜ ਰਿਹਾ ਹਾਂ।

ਪ੍ਰੇਮਿਕਾ, ਵਾਹ! ਮੇਰੇ ਨਵੇਂ ਫੋਨ ਲਈ ਨੋਟ ਜੋੜ ਰਿਹਾ ਏਂ ਨਾ। ਸੱਚਮੁੱਚ ਤੂੰ ਕਿੰਨਾ ਚੰਗਾ ਏਂ।

ਪ੍ਰੇਮੀ, ਤੇਰੀ ਐਸੀ ਕੀ ਤੈਸੀ। 50 ਰੁਪਏ ਦਾ ਨੋਟ ਫੱਟ ਗਿਆ ਹੈ, ਉਸ ਨੂੰ ਟੇਪ ਲਾ ਕੇ ਜੋੜ ਰਿਹਾ ਹਾਂ।

*---*---*

**ਮੁੰਡਾ** (ਕੁੜੀ ਨੂੰ), ਸੁਣ, ਚਿੱਟੀ ਸਲਵਾਰ ਤੇ ਪੀਲਾ ਕੁੜਤਾ ਨਾ ਪਾਇਆ ਕਰ।

ਕੁੜੀ, ਉਹ ਕਿਉਂ ?

ਮੁੰਡਾ, ਕੱਲ੍ਹ ਮੇਰੀ ਭੈਣ ਕਹਿ ਰਹੀ ਸੀ ਕਿ ਦੇਖ ਤੇਰੀ ਕੜ੍ਹੀ-ਚੌਲ ਆ ਰਹੀ ਹੈ।

*---*---*

ਨਾਮੁ ਤੇਰੋ ਆਰਤੀ ਮਜਨੁ ਮੁਰਾਰੇ॥ ਹਰਿ ਕੇ ਨਾਮ ਬਿਨੁ ਝੂਠੇ ਸਗਲ ਪਸਾਰੇ॥

## ਸ੍ਰੀ ਗੁਰੂ ਰਵਿਦਾਸ ਸਭਾ ਡਰਬੀ ਦੀ ਪ੍ਰਬੰਧਕ ਕਮੇਟੀ ਅਤੇ ਸਮੂਹ ਸਾਧ ਸੰਗਤ ਵੱਲੋਂ

# ਧੰਨ ਧੰਨ ਸ੍ਰੀ ਗੁਰੂ ਰਵਿਦਾਸ ਜੀ ਦੇ 648ਵੇਂ ਪ੍ਰਕਾਸ਼ ਉਤਸਵ ਦੀਆਂ

# ਸਮੂਹ ਜਗਤ ਨੂੰ ਲੱਖ ਲੱਖ ਵਧਾਈਆਂ

ਸਤਿਕਾਰਯੋਗ ਸਾਧ ਸੰਗਤ ਜੀ,

ਆਪ ਜੀ ਨੂੰ ਨਿਮਰਤਾ ਸਹਿਤ ਬੇਨਤੀ ਕੀਤੀ ਜਾਂਦੀ ਹੈ ਕਿ ਸ੍ਰੀ ਗੁਰੂ ਰਵਿਦਾਸ ਜੀ ਦਾ ਪ੍ਰਕਾਸ਼ ਦਿਹਾੜਾ 12 ਫਰਵਰੀ 2025 ਨੂੰ ਆ ਰਿਹਾ ਹੈ। ਜੋ ਕਿ ਸ੍ਰੀ ਗੁਰੂ ਰਵਿਦਾਸ ਸਭਾ, ਡੰਨਕਨ ਰੋਡ, ਡਰਬੀ ਵਿਖੇ 16 ਫਰਵਰੀ 2025 ਦਿਨ ਐਤਵਾਰ ਨੂੰ ਬੜੀ ਧੂਮ-ਧਾਮ ਅਤੇ ਸ਼ਰਧਾ ਸਤਿਕਾਰ ਸਹਿਤ ਮਨਾਇਆ ਜਾ ਰਿਹਾ ਹੈ। ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਨੇ ਲੋਕਾਂ ਨੂੰ ਸੱਚ ਦਾ ਉਪਦੇਸ਼ ਦਿੱਤਾ ਅਤੇ ਭੁੱਲੇ ਭਟਕੇ ਲੋਕਾਂ ਨੂੰ ਸਿੱਧੇ ਰਸਤੇ ਪਾਇਆ। ਸਮੂਹ ਸੰਗਤਾਂ ਦੇ ਚਰਨਾਂ ਵਿੱਚ ਬੇਨਤੀ ਕੀਤੀ ਜਾਂਦੀ ਹੈ ਕਿ ਹੇਠਾਂ ਦਿੱਤੇ ਗਏ ਪ੍ਰੋਗਰਾਮਾਂ ਵਿੱਚ ਆਓ ਅਤੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ!

## ਨਿਸ਼ਾਨ ਸਾਹਿਬ ਦੇ ਚੋਲੇ ਦੀ ਸੇਵਾ 15 ਫਰਵਰੀ ਨੂੰ ਹੋਵੇਗੀ

ਨਿਸ਼ਾਨ ਸਾਹਿਬ ਦੇ ਚੋਲੇ ਦੀ ਸੇਵਾ ਸ਼ਨਿੱਚਰਵਾਰ 15 ਫਰਵਰੀ 2025 ਨੂੰ 11:00 ਵਜੇ ਭਾਈ ਰਾਮ ਦਾਸ ਟੂਰਾ ਜੀ ਅਤੇ ਬੀਬੀ ਕਿਰਨ ਪ੍ਰੀਤ ਟੂਰਾ ਜੀ ਦੇ ਪਰਿਵਾਰ ਵੱਲੋਂ ਕੀਤੀ ਜਾਵੇਗੀ

## ਸਤਿਗੁਰੂ ਰਵਿਦਾਸ ਜੀ




**CONGRATULATIONS to All on the Birthday Anniversary of SHRI GURU RAVIDASS JI is on 12th February 2025**

Please join us on the auspicious ocassion of Celebrations.

## PROGRAM

Siri Akhand Path Sahib Ji, will commence on the 14th Feb 2025 for the birth celebration of GurU Ravidass Ji and the bhog will be on the 16th Feb 2025, followed by Kirtan diwan. The actual day of the Guru Ravidass Ji is on the Wednesday 12th Feb 2025 and the gurdwara sahib will remain open all the day followed by Kirtan in the evening at 5:30pm.

PLEASE JOIN US FOR THIS AUSPICIOUS CELEBRATION

## ਸ੍ਰੀ ਗੁਰੂ ਰਵਿਦਾਸ ਜੀ ਦੇ ਪ੍ਰਕਾਸ਼ ਪੁਰਬ ਮੌਕੇ ਸ੍ਰੀ ਅਖੰਡ ਪਾਠ ਦਾ ਪ੍ਰੋਗਰਾਮ

ਸ੍ਰੀ ਅਖੰਡ ਪਾਠ ਸਾਹਿਬ ਦੀ ਸੇਵਾ ਭਾਈ ਸੁੱਚਾ ਰਾਮ ਚੁੰਬਰ ਅਤੇ ਬੀਬੀ ਮੁਹਿੰਦਰ ਕੌਰ ਚੁੰਬਰ ਜੀ ਦੇ ਪਰਿਵਾਰ ਵੱਲੋਂ ਅਤੇ ਭਾਈ ਰਿਖੀ ਰਾਮ ਸਿੱਧੂ ਜੀ ਤੇ ਬੀਬੀ ਰੇਸ਼ਮ ਕੌਰ ਸਿੱਧੂ ਜੀ ਦੇ ਪਰਿਵਾਰ ਵੱਲੋਂ ਕੀਤੀ ਜਾਵੇਗੀ।

**ਅਰੰਭ ਸ੍ਰੀ ਅਖੰਡ ਪਾਠ ਸਾਹਿਬ 14 ਫਰਵਰੀ 2025 ਸ਼ੁੱਕਰਵਾਰ ਸਵੇਰੇ 10:30 ਵਜੇ**

**ਭੋਗ ਸ੍ਰੀ ਅਖੰਡ ਪਾਠ ਸਾਹਿਬ 16 ਫਰਵਰੀ 2025 ਐਤਵਾਰ ਸਵੇਰੇ 10:30 ਵਜੇ**

ਭੋਗ ਉਪਰੰਤ ਦੀਵਾਨ ਸਜਾਏ ਜਾਣਗੇ, ਜਿਸ ਦੌਰਾਨ ਗੁਰੂ ਘਰ ਦਾ ਰਾਗੀ ਜਥਾ ਸੰਗਤਾਂ ਨੂੰ ਸ੍ਰੀ ਗੁਰੂ ਰਵਿਦਾਸ ਜੀ ਦੇ ਜੀਵਨ ਬਾਰੇ ਪ੍ਰਸੰਗ ਸੁਣਾ ਕੇ ਨਿਹਾਲ ਕਰੇਗਾ

ਬੇਨਤੀ ਹੈ ਕਿ ਤਿੰਨੇ ਦਿਨ ਦਰਸ਼ਨ ਦੇਣ ਦੀ ਕਿਰਪਾਲਤਾ ਕਰਨੀ ਜੀ। ਸੰਗਤ ਵੱਲੋਂ ਗੁਰੂ ਕੇ ਲੰਗਰਾਂ ਦੀ ਸੇਵਾ ਅਤੁੱਟ ਵਰਤੇਗੀ

ਗੁਰੂ ਘਰ ਦੇ ਪ੍ਰੋਗਰਾਮਾਂ ਸਬੰਧੀ ਵਧੇਰੇ ਜਾਣਕਾਰੀ ਲਈ ਕਲਿਕ ਕਰੋ : www.gururavidassderby.co.uk

## ਸੰਗਤਾਂ ਦੇ ਦਾਸ – ਕਮੇਟੀ ਮੈਂਬਰ, ਗੁਰਦੁਆਰਾ ਸਾਹਿਬ ਸ੍ਰੀ ਗੁਰੂ ਰਵਿਦਾਸ ਸਭਾ ਡਰਬੀ

| ਪ੍ਰਧਾਨ : ਸੁਰਿੰਦਰ ਕੁਮਾਰ | ਸਕੱਤਰ : ਮੂਲ ਰਾਜ ਚੁੰਬਰ | ਖਜ਼ਾਨਚੀ : ਬਲਬੀਰ ਸਿੰਘ ਸੈਂਪਲਾ |
|---|---|---|
| 07882 157 963 | 07400 616 176 | 07907 454 687 |

**GURDWARA SAHIB SHRI GURU RAVIDASS SABHA DERBY**

Charity Number 1159187

DUNCAN ROAD, DERBY, DE23 8TS (U.K.) TEL: 01332 766077

Email: enquiries@gururavidassderby.co.uk - www.gururavidassderby.co.uk

## -ਮਾਮਲਾ ਪੁਲਿਸ ਨਾਲ ਝੜਪ ਤੇ ਸਰਕਾਰੀ ਮੁਲਾਜ਼ਮਾਂ ਦੇ ਕੰਮ ਵਿਚ ਅੜਿੱਕਾ ਪਹੁੰਚਾਉਣ ਦਾ-

# ਵਿਧਾਇਕ ਅਨਮੋਲ ਗਗਨ ਮਾਨ ਸਣੇ ਚਾਰ ਆਗੂਆਂ 'ਤੇ ਚੱਲੇਗਾ ਪੁਲਿਸ ਨਾਲ ਝੜਪ ਦਾ ਮੁਕੱਦਮਾ, ਦੋਸ਼ ਤੈਅ

ਚੰਡੀਗੜ੍ਹ-ਪੁਲਿਸ ਨਾਲ ਝੜਪ ਅਤੇ ਸਰਕਾਰੀ ਮੁਲਾਜ਼ਮਾਂ ਦੇ ਕੰਮ ਵਿਚ ਅੜਿੱਕਾ ਪਹੁੰਚਾਉਣ ਦੇ ਦੋਸ਼ ਵਿਚ ਆਮ ਆਦਮੀ ਪਾਰਟੀ ਦੇ ਚਾਰ ਆਗੂਆਂ ਖ਼ਿਲਾਫ਼ ਜ਼ਿਲ੍ਹਾ ਅਦਾਲਤ ਨੇ ਦੋਸ਼ ਤੈਅ ਕਰ ਦਿੱਤੇ ਹਨ। ਇਨ੍ਹਾਂ ਨੇਤਾਵਾਂ ਵਿਚ ਖਰੜ ਵਿਧਾਨ ਸਭਾ ਖੇਤਰ ਤੋਂ ਵਿਧਾਇਕ ਅਨਮੋਲ ਗਗਨ ਮਾਨ, ਆਪ ਦੇ ਸਹਿ-ਇੰਚਾਰਜ ਡਾ. ਸੰਨੀ ਆਹਲੂਵਾਲੀਆ, ਰਾਜਵਿੰਦਰ ਕੌਰ ਗਿੱਲ ਅਤੇ ਅਰਸ਼ਦੀਪ ਸਿੰਘ ਸ਼ਾਮਲ ਹਨ। ਇਨ੍ਹਾਂ ਖ਼ਿਲਾਫ਼ ਪੰਜ ਫਰਵਰੀ ਤੋਂ ਆਈਪੀਸੀ ਦੀ ਧਾਰਾ 188, 323, 332, 353 ਤਹਿਤ ਕੇਸ ਚੱਲੇਗਾ।

ਇਨ੍ਹਾਂ ਖ਼ਿਲਾਫ਼ ਤਿੰਨ ਸਾਲ ਪਹਿਲਾਂ ਸੈਕਟਰ-39 ਥਾਣੇ ਦੀ ਪੁਲਿਸ ਨੇ ਐੱਫਆਈਆਰ ਦਰਜ ਕੀਤੀ ਸੀ। ਇਹ ਨੇਤਾ ਪੰਜਾਬ ਭਾਜਪਾ ਦੇ ਦਫ਼ਤਰ ਦੇ ਬਾਹਰ ਸੈਂਕੜੇ ਕਾਰਕੁੰਨਾਂ ਨਾਲ ਵਿਰੋਧ ਪ੍ਰਦਰਸ਼ਨ ਕਰ ਰਹੇ ਸਨ।

ਇਸ ਦੌਰਾਨ ਇਨ੍ਹਾਂ ਦੀ ਪੁਲਿਸ ਨਾਲ ਝੜਪ ਹੋ ਗਈ ਸੀ। ਇਸ ਮਾਮਲੇ ਵਿਚ ਇਨ੍ਹਾਂ ਚਾਰਾਂ ਆਗੂਆਂ ਖ਼ਿਲਾਫ਼ ਪੁਲਿਸ ਨੇ ਪਿਛਲੇ ਸਾਲ ਚਾਰਜਸ਼ੀਟ ਫਾਈਲ ਕੀਤੀ ਸੀ। ਇਸੇ ਕੇਸ ਵਿਚ ਪਿਛਲੇ ਮਹੀਨੇ ਅਦਾਲਤ ਵਿਚ ਅਨਮੋਲ ਗਗਨ ਦੀ ਜ਼ਮਾਨਤ ਰੱਦ ਕਰਦੇ ਹੋਏ ਉਨ੍ਹਾਂ ਖ਼ਿਲਾਫ਼ ਗ਼ੈਰ-ਜ਼ਮਾਨਤੀ ਵਾਰੰਟ ਵੀ



ਜਾਰੀ ਕੀਤੇ ਸਨ। ਉਹ ਇਕ ਪੇਸ਼ੀ 'ਤੇ ਨਹੀਂ ਪੁੱਜੀ ਸੀ, ਇਸ ਵਜ੍ਹਾ ਨਾਲ ਉਨ੍ਹਾਂ ਖ਼ਿਲਾਫ਼ ਕਾਰਵਾਈ ਕੀਤੀ ਸੀ, ਹਾਲਾਂਕਿ ਅਗਲੀ ਤਰੀਕ 'ਤੇ ਉਹ ਕੋਰਟ ਵਿਚ ਪੇਸ਼ ਹੋ ਗਈ ਸੀ।

ਜ਼ਿਕਰਯੋਗ ਹੈ ਕਿ 29 ਅਗਸਤ 2021 ਨੂੰ ਆਮ ਆਦਮੀ ਪਾਰਟੀ ਦੇ ਕਈ ਕਾਰਕੁੰਨ ਭਾਜਪਾ ਪੰਜਾਬ ਦੇ ਸੈਕਟਰ-37 ਸਥਿਤ ਦਫ਼ਤਰ ਦੇ ਬਾਹਰ ਜਮ੍ਹਾਂ ਹੋਏ ਸਨ। ਇਨ੍ਹਾਂ ਭਾਜਪਾ ਦਫ਼ਤਰ ਦੇ ਘਿਰਾਓ ਦੀ ਕੋਸ਼ਿਸ਼ ਕੀਤੀ ਪਰ ਉਨ੍ਹਾਂ ਨੂੰ ਚੰਡੀਗੜ੍ਹ ਪੁਲਿਸ ਨੇ ਬੈਰੀਕੇਡਿੰਗ ਲਗਾ ਕੇ ਰੋਕ ਦਿੱਤਾ। ਪੁਲਿਸ ਨੇ ਇਨ੍ਹਾਂ ਨੂੰ ਸਮਝਾਉਣ ਦੀ ਕੋਸ਼ਿਸ਼ ਕੀਤੀ ਅਤੇ ਇਨ੍ਹਾਂ ਨੂੰ ਅੱਗੇ ਜਾਣ ਤੋਂ ਰੋਕਿਆ, ਪਰ ਨੇਤਾਵਾਂ ਤੇ ਕਾਰਕੁੰਨਾਂ ਨੇ ਪੁਲਿਸ ਦੀ ਇਕ ਨਹੀਂ ਸੁਣੀ। ਉਨ੍ਹਾਂ ਬੈਰੀਕੇਡਿੰਗ ਤੋੜਦੇ ਹੋਏ ਅੱਗੇ ਵਧਣ ਦੀ ਕੋਸ਼ਿਸ਼ ਕੀਤੀ ਅਤੇ ਇਸ ਦੌਰਾਨ ਉਨ੍ਹਾਂ ਦੀ ਪੁਲਿਸ ਨਾਲ ਝੜਪ ਹੋ ਗਈ। ਇਸ ਝੜਪ ਵਿਚ ਕਈ ਪੁਲਿਸ ਮੁਲਾਜ਼ਮ ਜ਼ਖ਼ਮੀ ਹੋ ਗਏ ਸਨ। ਅਜਿਹੇ ਵਿਚ ਸੈਕਟਰ-39 ਥਾਣਾ ਪੁਲਿਸ ਨੇ ਆਮ ਆਦਮੀ ਪਾਰਟੀ ਦੇ ਚਾਰ ਆਗੂਆਂ ਅਨਮੋਲ ਗਗਨ ਮਾਨ, ਸੰਨੀ ਆਹਲੂਵਾਲੀਆ, ਅਰਸ਼ਦੀਪ ਸਿੰਘ ਅਤੇ ਰਾਜਵਿੰਦਰ ਕੌਰ ਗਿੱਲ ਖ਼ਿਲਾਫ਼ ਐੱਫਆਈਆਰ ਦਰਜ ਕਰ ਲਈ ਸੀ।

## ਸਾਬਕਾ ਵਿਧਾਇਕ ਕੁਲਬੀਰ ਸਿੰਘ ਜ਼ੀਰਾ 'ਤੇ ਫਾਇਰਿੰਗ

### ✪ ਕਾਰ ਸਵਾਰਾਂ ਨੇ ਚਲਾਈਆਂ ਗੋਲੀਆਂ



ਜ਼ੀਰਾ-ਸਾਬਕਾ ਵਿਧਾਇਕ ਅਤੇ ਫ਼ਿਰੋਜ਼ਪੁਰ ਕਾਂਗਰਸ ਦੇ ਜ਼ਿਲ੍ਹਾ ਪ੍ਰਧਾਨ ਕੁਲਬੀਰ ਸਿੰਘ ਜ਼ੀਰਾ 'ਤੇ ਦੇਰ ਰਾਤ ਫਾਇਰਿੰਗ ਹੋਈ ਹੈ। ਫ਼ਿਰੋਜ਼ਪੁਰ ਜ਼ੀਰਾ ਰੋਡ 'ਤੇ ਪਿੰਡ ਸ਼ੇਰਖਾ ਨੇੜੇ ਗੋਲੀਬਾਰੀ ਹੋਈ ਹੈ। ਪੁਲਿਸ ਮਾਮਲੇ ਦੀ ਜਾਂਚ ਕਰ ਰਹੀ ਹੈ। ਕੁਲਬੀਰ ਸਿੰਘ ਜ਼ੀਰਾ ਆਪਣੀ ਕਾਰ 'ਚ ਜ਼ੀਰਾ ਜਾ ਰਹੇ ਸਨ। ਇਸ ਦੌਰਾਨ ਕ੍ਰੇਟਾ ਕਾਰ ਚਾਲਕਾਂ ਨੇ ਪਿੱਛਾ ਕੀਤਾ। ਇੱਕ ਸੀਸੀਟੀਵੀ ਵੀਡੀਓ ਵੀ ਸਾਹਮਣੇ ਆਇਆ ਹੈ ਜਿਸ ਵਿੱਚ ਕੁਲਬੀਰ ਜੀਰਾ ਦੀ ਕਾਰ ਜਾ ਰਹੀ ਹੈ ਅਤੇ ਇੱਕ ਕ੍ਰੇਟਾ ਕਾਰ ਪਿੱਛੇ ਤੋਂ ਲੰਘ ਰਹੀ ਹੈ। ਇਸ ਘਟਨਾ ਦੀ ਜਾਣਕਾਰੀ ਕੁਲਬੀਰ ਸਿੰਘ ਜ਼ੀਰਾ ਨੇ ਦਿੱਤੀ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਉਨ੍ਹਾਂ ਨੇ ਇਸ ਸਬੰਧੀ ਪੁਲਿਸ ਨੂੰ ਸ਼ਿਕਾਇਤ ਵੀ ਕੀਤੀ ਹੈ ਪਰ ਅਜੇ ਤੱਕ ਕੋਈ ਕਾਰਵਾਈ ਨਹੀਂ ਹੋਈ।

# ਪੰਜਾਬ ਵਿਚ ਖੇਤੀ ਹੇਠਲਾ ਰਕਬਾ ਘੱਟਿਆ, ਹੋਇਆ ਸ਼ਹਿਰੀਕਰਨ

### ✪ 53,611 ਏਕੜ ਰਕਬਾ ਖੇਤਾਂ ਵਿਚੋਂ ਨਿਕਲਣ ਦੇ ਤੱਥ ਸਾਹਮਣੇ ਆਏ ✪ ਇਨ੍ਹਾਂ ਖੇਤਾਂ ਦਾ ਰਕਬਾ ਲੋਨੀਆਂ ਅਤੇ ਸੜਕਾਂ ਹੇਠ ਆ ਗਿਆ

**ਖਾਸ ਖਬਰ**

ਪੰਜਾਬ ਦੇ ਖੇਤਾਂ ਵਿਚ ਹੁਣ 'ਸ਼ਹਿਰ' ਵਸਣ ਲੱਗੇ ਹਨ। ਖੇਤੀ ਹੇਠਲਾ ਰਕਬਾ ਘੱਟ ਰਿਹਾ ਹੈ ਅਤੇ ਸ਼ਹਿਰੀ ਰਕਬਾ ਵੱਧ ਰਿਹਾ ਹੈ ਜੋ ਪੰਜਾਬ ਲਈ ਅੰਨ ਸੰਕਟ ਦਾ ਕਾਰਣ ਬਣੇਗਾ। ਜਲ ਸਰੋਤ ਵਿਭਾਗ ਵੱਲੋਂ ਜਦੋਂ ਵਿਸ਼ੇਸ਼ ਮੁਹਿੰਮ ਤਹਿਤ ਅਜਿਹੇ ਰਕਬੇ ਦੀ ਸ਼ਨਾਖ਼ਤ ਕੀਤੀ ਗਈ ਤਾਂ ਕਰੀਬ 53,611 ਏਕੜ ਰਕਬਾ ਖੇਤਾਂ ਵਿਚੋਂ ਨਿਕਲਣ ਦੇ ਤੱਥ ਸਾਹਮਣੇ ਆਏ ਹਨ ਅਤੇ ਇਨ੍ਹਾਂ ਖੇਤਾਂ ਦਾ ਰਕਬਾ ਕਲੋਨੀਆਂ ਅਤੇ ਸੜਕਾਂ ਹੇਠ ਆ ਗਿਆ ਹੈ। ਮਤਲਬ ਸ਼ਹਿਰੀਕਰਨ ਨੇ ਖੇਤੀਯੋਗ ਜ਼ਮੀਨ ਨਿਗਲ ਲਈ ਹੈ।

ਨਿਯਮਾਂ ਅਨੁਸਾਰ ਜਦੋਂ ਖੇਤੀ ਹੇਠਲੇ ਰਕਬੇ ਦੀ ਗੈਰ-ਖੇਤੀ ਕੰਮਾਂ ਲਈ ਵਰਤੋਂ ਹੋਣ ਲੱਗਦੀ ਹੈ ਤਾਂ ਜਲ ਸਰੋਤ ਵਿਭਾਗ ਵੱਲੋਂ ਇਸ ਗੈਰ-ਖੇਤੀ ਵਾਲੇ ਰਕਬੇ ਦਾ ਨਹਿਰੀ ਪਾਣੀ ਕੱਟ ਦਿੱਤਾ ਜਾਂਦਾ ਹੈ ਅਤੇ ਕਟੌਤੀ ਵਾਲੇ ਰਕਬੇ ਦਾ ਨਹਿਰੀ ਪਾਣੀ ਦੂਜੇ ਕਿਸਾਨਾਂ ਵਿਚ ਵੰਡ ਦਿੱਤਾ ਜਾਂਦਾ ਹੈ। ਕਈ ਦਹਾਕਿਆਂ ਤੋਂ ਖੇਤੀ ਵਾਲੀ ਜ਼ਮੀਨ ਗੈਰ -ਖੇਤੀ ਕੰਮਾਂ ਹੇਠ ਆ ਰਹੀ ਹੈ ਪਰ ਉਸ ਦੇ ਹਿੱਸੇ ਵਾਲੇ ਨਹਿਰੀ ਪਾਣੀ ਵਿਚ ਕਟੌਤੀ ਨਹੀਂ ਕੀਤੀ ਜਾਂਦੀ ਸੀ।

ਪੰਜਾਬ ਸਰਕਾਰ ਨੇ ਹੁਣ ਇੱਕ ਸਾਲ ਦੌਰਾਨ ਅਜਿਹੇ ਰਕਬੇ ਦੀ ਸ਼ਨਾਖ਼ਤ ਕੀਤੀ ਹੈ ਜਿਸ ਅਨੁਸਾਰ ਹੁਣ 53,611 ਏਕੜ ਰਕਬੇ ਨੂੰ ਗ਼ੈਰ-ਖੇਤੀ ਕੰਮਾਂ ਲਈ ਵਰਤਿਆ ਜਾ ਰਿਹਾ ਹੈ। ਕਰੀਬ 1,707 ਏਕੜ ਅਜਿਹੇ ਰਕਬੇ ਬਾਰੇ ਫ਼ੈਸਲਾ ਹਾਲੇ ਵਿਚਾਰ ਅਧੀਨ ਹੈ। ਇਸ ਤੋਂ ਪਹਿਲਾਂ ਅਜਿਹੇ ਤੱਥ ਕਦੇ ਸਾਹਮਣੇ ਨਹੀਂ ਆਏ ਸਨ ਕਿ ਕਿੰਨਾ ਰਕਬਾ ਖੇਤੀ ਹੇਠੋਂ ਹਰ ਸਾਲ ਨਿਕਲ ਰਿਹਾ ਹੈ।

ਪੰਜਾਬ ਵਿਚ ਸਭ ਤੋਂ ਵੱਧ ਗੁਰਦਾਸਪੁਰ ਡਿਵੀਜ਼ਨ ਵਿਚ 14,770 ਏਕੜ ਰਕਬਾ ਖੇਤੀ ਹੇਠੋਂ ਨਿਕਲ ਚੁਕਾ ਹੈ। ਦੂਜੇ ਨੰਬਰ 'ਤੇ ਜਲੰਧਰ ਡਿਵੀਜ਼ਨ ਵਿਚੋਂ 13,773 ਏਕੜ ਰਕਬਾ ਖੇਤੀ ਹੇਠੋਂ ਨਿਕਲ ਚੁਕਾ ਹੈ। ਇਸੇ ਤਰ੍ਹਾਂ ਸੰਗਰੂਰ ਡਿਵੀਜ਼ਨ ਵਿਚੋਂ 1,130 ਏਕੜ ਰਕਬਾ, ਦੇਵੀਗੜ੍ਹ ਡਿਵੀਜ਼ਨ ਵਿਚੋਂ 6,614 ਏਕੜ, ਬਠਿੰਡਾ ਕੈਨਾਲ ਡਿਵੀਜ਼ਨ ਵਿਚੋਂ 2,389 ਏਕੜ, ਰੋਪੜ ਕੈਨਾਲ ਡਿਵੀਜ਼ਨ 'ਚੋਂ 1,564 ਏਕੜ, ਮਜੀਠਾ ਡਿਵੀਜ਼ਨ ਵਿਚੋਂ 704 ਏਕੜ ਅਤੇ ਬਰਨਾਲਾ ਡਿਵੀਜ਼ਨ 'ਚੋਂ 987 ਏਕੜ ਰਕਬਾ ਖੇਤੀ ਹੇਠੋਂ ਨਿਕਲ ਚੁੱਕਾ ਹੈ।

ਪੰਜਾਬ ਵਿਚ ਨਵੇਂ ਕੌਮੀ ਹਾਈਵੇਅ ਵੀ ਬਣ ਰਹੇ ਹਨ ਜਿਨ੍ਹਾਂ ਵਾਸਤੇ ਹਜ਼ਾਰਾਂ ਏਕੜ ਜ਼ਮੀਨ ਐਕੁਆਇਰ ਕੀਤੀ ਗਈ ਹੈ। ਇੱਕ ਸਟੱਡੀ ਅਨੁਸਾਰ ਸਾਲ 1991 ਤੋਂ 2011 ਤੱਕ ਕਰੀਬ ਦੋ ਲੱਖ ਛੋਟੇ ਕਿਸਾਨ ਵੀ ਖੇਤੀ 'ਚੋਂ ਬਾਹਰ ਹੋਏ ਹਨ ਜਿਨ੍ਹਾਂ ਦੀ ਗਿਣਤੀ ਪੰਜ ਲੱਖ ਤੋਂ ਘੱਟ ਕੇ 3 ਲੱਖ ਰਹਿ ਗਈ ਹੈ। ਪੰਜਾਬ ਕਿਸਾਨ ਤੇ ਖੇਤੀ ਕਾਮੇ ਕਮਿਸ਼ਨ ਦੇ ਚੇਅਰਮੈਨ ਡਾ. ਸੁਖਪਾਲ ਸਿੰਘ ਦਾ ਕਹਿਣਾ ਸੀ ਕਿ ਸ਼ਹਿਰੀਕਰਨ ਕਰਕੇ ਅਜਿਹਾ ਹੋ ਰਿਹਾ ਹੈ ਅਤੇ ਵਿਕਾਸ ਪ੍ਰੋਜੈਕਟਾਂ ਤੋਂ ਇਲਾਵਾ ਕਾਲੋਨੀਆਂ ਦੇ ਪਸਾਰ ਕਾਰਨ ਖੇਤੀ ਹੇਠਲਾ ਰਕਬਾ ਸ਼ਹਿਰਾਂ ਹੇਠ ਆ ਰਿਹਾ ਹੈ।

ਸੂਤਰ ਆਖਦੇ ਹਨ ਕਿ ਖੇਤੀ ਹੇਠੋਂ ਨਿਕਲੇ ਰਕਬੇ ਦਾ ਪਿਛਲੇ 20 ਸਾਲਾਂ ਵਿਚ ਨਹਿਰੀ ਪਾਣੀ 1.78 ਐੱਮਏਐੱਫ ਕਿਸ ਨੇ ਵਰਤਿਆ, ਇਸ ਦਾ ਕੋਈ ਥਹੁ ਪਤਾ ਨਹੀਂ ਹੈ। ਹੁਣ ਇਹ ਪਾਣੀ ਬਾਕੀ ਕਿਸਾਨਾਂ ਵਿਚ ਵੰਡਣ ਦੀ ਪ੍ਰਕਿਰਿਆ ਸ਼ੁਰੂ ਕੀਤੀ ਗਈ ਹੈ।


ਪੰਜਾਬ ਵਿਚ ਖੇਤੀ ਹੇਠਲਾ ਰਕਬਾ ਲਗਾਤਾਰ ਘਟਣਾ ਕੋਈ ਚੰਗਾ ਸੰਕੇਤ ਨਹੀਂ ਹੈ। ਕਈ ਅਰਥ-ਸ਼ਾਸਤਰੀ ਮੌਜੂਦਾ ਆਰਥਿਕ ਮੰਦੀ ਬਾਰੇ ਪੇਸ਼ੀਨਗੋਈ ਕਰ ਰਹੇ ਹਨ ਕਿ ਇਹ ਆਰਥਿਕ ਮੰਦੀ ਪਹਿਲੀਆਂ ਦੋ ਸੰਸਾਰ ਜੰਗਾਂ ਨਾਲੋਂ ਵੀ ਲੰਮੀ ਅਤੇ ਬਦਤਰ ਹੋਵੇਗੀ। ਇਹ ਲੋਕਾਂ ਨੂੰ ਭਿਆਨਕ ਬੇਰੁਜ਼ਗਾਰੀ, ਮਹਿੰਗਾਈ ਅਤੇ ਭੁੱਖਮਰੀ ਦੀ ਹਾਲਤ ਵਿਚ ਸੁੱਟੇਗੀ। ਹੁਣ ਸਾਮਰਾਜੀ ਕੰਪਨੀਆਂ ਦੇ ਦੁਨੀਆ ਭਰ ਦੀ ਜ਼ਮੀਨ 'ਤੇ ਕਬਜ਼ੇ ਹੋਣ ਨਾਲ ਖੇਤੀਬਾੜੀ ਕਾਰੋਬਾਰ ਉਪਰ ਹੋਰ ਏਕਾਧਿਕਾਰ ਕਾਇਮ ਹੋ ਜਾਵੇਗਾ। ਇਸ ਨਾਲ ਦੁਨੀਆ ਅੰਦਰ ਖਾਧ ਪਦਾਰਥ ਹੋਰ ਮਹਿੰਗੇ ਹੋ ਜਾਣਗੇ ਅਤੇ ਤੀਜੀ ਦੁਨੀਆ ਦੇ ਗਰੀਬ ਲੋਕਾਂ ਦਾ ਹੋਰ ਘਾਣ ਹੋਵੇਗਾ। ਦੁਨੀਆ ਅੰਦਰ ਆਰਥਿਕ ਸੰਕਟ ਨਾਲ ਕਈ ਦੇਸ਼ਾਂ ਵਿਚ ਸ੍ਰੀਲੰਕਾ ਵਰਗੇ ਹਾਲਾਤ ਬਣ ਰਹੇ ਹਨ। ਜੇਕਰ ਖੇਤੀ ਜ਼ਮੀਨ ਉਪਰ ਸ਼ਹਿਰ ਪੈਦਾ ਹੁੰਦੇ ਰਹੇ ਤਾਂ ਪੰਜਾਬ ਨੂੰ ਵੀ ਅੰਨ ਸੰਕਟ ਦਾ ਸਾਹਮਣਾ ਕਰਨਾ ਪਵੇਗਾ। ਸਰਕਾਰਾਂ ਨੂੰ ਸਮੇਂ ਰਹਿੰਦੇ ਇਸ ਪਾਸੇ ਗੰਭੀਰਤਾ ਨਾਲ ਧਿਆਨ ਦੇਣ ਦੀ ਲੋੜ ਹੈ। ਪਿੰਡ ਨੂੰ ਸਮਰੱਥਾਵਾਨ ਬਣਾਉਣ ਦੀ ਲੋੜ ਹੈ। ਇਸ ਲਈ ਸਭ ਤੋਂ ਵੱਧ ਜ਼ਰੂਰੀ ਕੁਦਰਤੀ ਖੇਤੀ, ਪਸ਼ੂ ਪਾਲਣ, ਸਵੈ-ਰੁਜ਼ਗਾਰ, ਛੋਟੇ ਉਦਯੋਗਾਂ ਅਤੇ ਸੇਵਾ ਖੇਤਰ ਨੂੰ ਉਤਸ਼ਾਹਤ ਕਰਨਾ ਹੈ। ਪੇਂਡੂ ਅਰਥਚਾਰੇ ਨੂੰ ਹੱਥ ਸ਼ਿਲਪ ਕਾਰੀਗਰੀ ਨਾਲ ਜੁੜੇ ਛੋਟੇ ਕੰਮਾਂਕਾਰਾਂ ਨੂੰ ਮੁੜ ਸੁਰਜੀਤ ਕਰਨ ਦੀ ਲੋੜ ਹੈ।

ਖੇਤੀ ਅਧਾਰਤ ਉਦਯੋਗਾਂ ਨੂੰ ਪਿੰਡਾਂ ਵਿੱਚ ਲਾਉਣਾ ਪਵੇਗਾ ਤਾਂ ਕਿ ਪਿੰਡਾਂ ਵਿੱਚ ਰੁਜ਼ਗਾਰ ਸਿਰਜਣ ਹੋ ਸਕੇ। ਪਿੰਡਾਂ ਵਿੱਚ ਰੁਜ਼ਗਾਰ ਸਿਰਜਿਆ ਜਾਏਗਾ ਤਾਂ ਪਿੰਡਾਂ ਤੋਂ ਪਲਾਇਣ ਰੁਕੇਗਾ। ਪਿੰਡਾਂ ਵਿੱਚ ਸਿੱਖਿਆ, ਸਿਹਤ ਸਹੂਲਤਾਂ ਦਿੱਤੀਆਂ ਜਾਣ, ਚੰਗੇ ਘਰ ਉਸਾਰੇ ਜਾਣ, ਬੁਨਿਆਦੀ ਢਾਂਚਾ ਉਸਾਰਿਆ ਜਾਵੇ ਅਤੇ ਰੁਜ਼ਗਾਰ ਦੇ ਸਾਧਨ ਪਿੰਡਾਂ ਵਿੱਚ ਹੀ ਪੈਦਾ ਕੀਤੇ ਜਾਣ ਤੇ ਪਿੰਡ ਨੂੰ ਆਤਮ ਨਿਰਭਰ ਬਣਾਇਆ ਜਾਏ, ਤਦੇ ਪਿੰਡ ਸਮਰੱਥਾਵਾਨ ਬਣੇਗਾ। ਇਹ ਇਸ ਸਮੇਂ ਦੀ ਲੋੜ ਹੈ।

# ਨਿਊਜ਼ੀਲੈਂਡ ਵਿੱਚ ਖਾਲਸਾ ਪੰਥ ਦਾ ਬੋਲਬਾਲਾ

## ✪ ਤੇਜ਼ੀ ਨਾਲ ਵਧ ਰਿਹਾ ਏ ਸਿੱਖ ਆਬਾਦੀ ਦਾ ਇਤਿਹਾਸਕ ਅਤੇ ਸੱਭਿਆਚਾਰਕ ਸਫਰ ✪ ਡੇਅਰੀ ਫਾਰਮਿੰਗ ਅਤੇ ਖੇਤੀਬਾੜੀ ਵਿੱਚ ਸਰਗਰਮ ਹਨ ਸਿੱਖ



### ਕਵਰ ਸਟੋਰੀ

ਨਿਊਜ਼ੀਲੈਂਡ ਵਿੱਚ ਸਿੱਖ ਪੰਥ ਸਭ ਤੋਂ ਤੇਜ਼ੀ ਨਾਲ ਵਧ ਰਹੀ ਧਾਰਮਿਕ ਆਬਾਦੀ ਵਜੋਂ ਉਭਰਿਆ ਹੈ। ਹਾਲ ਹੀ ਵਿੱਚ ਜਾਰੀ ਕੀਤੇ ਗਏ 2023 ਦੀ ਮਰਦਮਸ਼ੁਮਾਰੀ ਦੇ ਅੰਕੜਿਆਂ ਅਨੁਸਾਰ, ਨਿਊਜ਼ੀਲੈਂਡ ਵਿੱਚ ਸਿੱਖਾਂ ਦੀ ਗਿਣਤੀ 53,406 ਹੈ, ਜੋ ਕਿ ਦੇਸ਼ ਦੀ ਕੁੱਲ ਆਬਾਦੀ 49,93,923 ਦਾ 1% ਹੈ। ਪਿਛਲੇ ਦਹਾਕੇ ਦੌਰਾਨ, ਇਹ ਗਿਣਤੀ ਲਗਭਗ ਤਿੰਨ ਗੁਣਾ ਹੋ ਗਈ ਹੈ। ਹਾਲਾਂਕਿ, 2018 ਤੋਂ ਬਾਅਦ ਸਿੱਖ ਆਬਾਦੀ ਦੀ ਵਿਕਾਸ ਦਰ ਵਿੱਚ ਗਿਰਾਵਟ ਆਈ ਸੀ।

ਟਾਈਮਜ਼ ਆਫ਼ ਇੰਡੀਆ ਦੀ ਇੱਕ ਰਿਪੋਰਟ ਅਨੁਸਾਰ, 2013 ਵਿੱਚ ਸਿੱਖ ਧਰਮ ਦੇ ਪੈਰੋਕਾਰਾਂ ਦੀ ਗਿਣਤੀ 19,191 ਸੀ, ਜੋ 2018 ਵਿੱਚ ਵੱਧ ਕੇ 40,908 ਹੋ ਗਈ। ਇਹ ਵਿਕਾਸ ਦਰ 113% ਸੀ। ਹਾਲਾਂਕਿ, 2018 ਅਤੇ 2023 ਦੇ ਵਿਚਕਾਰ, ਇਹ ਵਾਧਾ 31% ਸੀ। ਇਸ ਦੇ ਪਿੱਛੇ ਕਾਰਨ 2017 ਵਿੱਚ ਲਾਗੂ ਕੀਤੇ ਗਏ ਵਿਦਿਆਰਥੀ ਵੀਜ਼ਾ ਅਤੇ ਘੱਟ ਹੁਨਰਮੰਦ ਕਾਮਿਆਂ 'ਤੇ ਪਾਬੰਦੀਆਂ ਦੱਸਿਆ ਜਾ ਰਿਹਾ ਹੈ। ਇਸ ਦੇ ਬਾਵਜੂਦ, ਸਿੱਖ ਧਰਮ ਨਿਊਜ਼ੀਲੈਂਡ ਵਿੱਚ ਸਭ ਤੋਂ ਤੇਜ਼ੀ ਨਾਲ ਵਧ ਰਿਹਾ ਧਰਮ ਬਣਿਆ ਹੋਇਆ ਹੈ।

ਹੋਰ ਧਾਰਮਿਕ ਕੌਮਾਂ ਦੀ ਸਥਿਤੀ ਮਰਦਮਸ਼ੁਮਾਰੀ ਦੇ ਅਨੁਸਾਰ, ਨਿਊਜ਼ੀਲੈਂਡ ਵਿੱਚ ਹਿੰਦੂਆਂ ਦੀ ਗਿਣਤੀ 1,42,008 ਹੋ ਗਈ ਹੈ, ਜੋ ਕਿ 2013 ਵਿੱਚ 89,085 ਅਤੇ 2018 ਵਿੱਚ 1,21,644 ਸੀ। ਹਾਲਾਂਕਿ, ਇਹਨਾਂ ਵਿੱਚੋਂ ਬਹੁਤ ਸਾਰੇ ਹਿੰਦੂ ਭਾਰਤੀ ਮੂਲ ਦੇ ਨਹੀਂ ਹਨ, ਕਿਉਂਕਿ ਉਹ ਫਿਜੀ ਤੋਂ ਆਏ ਪ੍ਰਵਾਸੀ ਹਨ। ਇਸ ਦੇ ਨਾਲ ਹੀ, ਨਿਊਜ਼ੀਲੈਂਡ ਦੀ ਈਸਾਈ ਆਬਾਦੀ ਵਿੱਚ ਗਿਰਾਵਟ ਦਰਜ ਕੀਤੀ ਗਈ ਹੈ। ਐਂਗਲੀਕਨ, ਕੈਥੋਲਿਕ ਅਤੇ ਮੈਥੋਡਿਸਟ ਵਰਗੇ ਈਸਾਈ ਸੰਪਰਦਾਵਾਂ ਵਿੱਚ ਗਿਰਾਵਟ ਆਈ ਹੈ। ਇਸ ਤੋਂ ਇਲਾਵਾ, 50% ਤੋਂ ਵੱਧ ਨਿਊਜ਼ੀਲੈਂਡ ਵਾਸੀ ਹੁਣ ਆਪਣੇ ਆਪ ਨੂੰ ਧਰਮਹੀਣ ਦੱਸਦੇ ਹਨ।

### ਸਿੱਖ ਭਾਈਚਾਰੇ ਦਾ ਇਤਿਹਾਸ ਅਤੇ ਯੋਗਦਾਨ

ਨਿਊਜ਼ੀਲੈਂਡ ਵਿੱਚ ਸਿੱਖਾਂ ਦੀ ਪਛਾਣ ਪਹਿਲੀ ਵਾਰ 1890 ਦੇ ਦਹਾਕੇ ਵਿੱਚ ਹੋਈ ਜਦੋਂ ਦੋ ਭਰਾ, ਫੁੰਮਣ ਸਿੰਘ ਅਤੇ ਬੀਰ ਸਿੰਘ ਗਿੱਲ, ਪੰਜਾਬ ਤੋਂ ਆਏ। ਸ਼ੁਰੂਆਤੀ ਦੌਰ ਦੌਰਾਨ ਸਿੱਖ ਪ੍ਰਵਾਸੀਆਂ ਨੇ ਵਾਈਕਾਟੋ, ਆਕਲੈਂਡ, ਵੈਲਿੰਗਟਨ ਅਤੇ ਕ੍ਰਾਈਸਟਚਰਚ ਵਰਗੇ ਖੇਤਰਾਂ ਵਿੱਚ ਆਪਣੀਆਂ ਜੜ੍ਹਾਂ ਸਥਾਪਿਤ ਕੀਤੀਆਂ। ਉਹ ਮੁੱਖ ਤੌਰ 'ਤੇ ਡੇਅਰੀ ਫਾਰਮਿੰਗ ਅਤੇ ਖੇਤੀਬਾੜੀ ਵਿੱਚ ਸਰਗਰਮ ਸਨ ਅਤੇ ਮਾਓਰੀ ਸੱਭਿਆਚਾਰ ਨੂੰ ਵੀ ਅਪਣਾਇਆ। 1980 ਦੇ ਦਹਾਕੇ ਵਿੱਚ ਨਿਊਜ਼ੀਲੈਂਡ ਦੀ ਇਮੀਗ੍ਰੇਸ਼ਨ ਨੀਤੀ ਬਦਲ ਗਈ, ਨਸਲੀ ਵਿਤਕਰੇ ਨੂੰ ਖਤਮ ਕਰਕੇ ਇਸਦੀ ਥਾਂ ਅੰਕ-ਆਧਾਰਿਤ ਪ੍ਰਣਾਲੀ ਲਾਗੂ ਕੀਤੀ ਗਈ। ਇਸ ਤੋਂ ਬਾਅਦ, ਸਿੱਖ ਭਾਈਚਾਰੇ ਦਾ ਵੱਡੇ ਪੱਧਰ 'ਤੇ ਪਰਵਾਸ ਸ਼ੁਰੂ ਹੋ ਗਿਆ। 1991 ਤੱਕ, ਨਿਊਜ਼ੀਲੈਂਡ ਵਿੱਚ ਸਿੱਖਾਂ ਦੀ ਗਿਣਤੀ 2,061 ਸੀ। ਸਿੱਖ ਗੁਰਦੁਆਰੇ ਅਤੇ ਸੱਭਿਆਚਾਰਕ ਵਿਰਾਸਤ ਨਿਊਜ਼ੀਲੈਂਡ ਵਿੱਚ ਪਹਿਲਾ ਸਿੱਖ ਗੁਰਦੁਆਰਾ 1977 ਵਿੱਚ ਤੇ ਰਾਪਾ (ਹੈਮਿਲਟਨ) ਵਿਖੇ ਬਣਾਇਆ ਗਿਆ ਸੀ। ਇਸ ਤੋਂ ਬਾਅਦ, 1986 ਵਿੱਚ, ਓਟਾਹੂਹ ਵਿੱਚ ਦੂਜਾ ਗੁਰਦੁਆਰਾ ਸਥਾਪਿਤ ਕੀਤਾ ਗਿਆ।

ਨਿਊਜ਼ੀਲੈਂਡ ਵਿੱਚ ਸਿੱਖ ਗੁਰਦੁਆਰਿਆਂ ਦੀ ਗਿਣਤੀ ਲਗਾਤਾਰ ਵਧ ਰਹੀ ਹੈ। 18 ਸਤੰਬਰ, 2022 ਦੌਰਾਨ ਨਿਊਜ਼ੀਲੈਂਡ ਸੈਂਟਰਲ ਸਿੱਖ ਐਸੋਸੀਏਸ਼ਨ ਦੀ ਸਥਾਪਨਾ ਕੀਤੀ ਗਈ ਸੀ, ਜੋ ਕਿ 25 ਗੁਰਦੁਆਰਿਆਂ ਅਤੇ ਵੱਖ-ਵੱਖ ਸੰਗਠਨਾਂ ਦੀ ਨੁਮਾਇੰਦਗੀ ਕਰਦੀ ਸੀ। ਇਹ 25 ਗੁਰੂ ਘਰਾਂ, ਸਮਾਜਿਕ ਭਲਾਈ ਦੇ ਖੇਤਰ ਕੰਮ ਕਰਦੀਆਂ ਸੰਸਥਾਵਾਂ ਤੇ ਖੇਡਾਂ ਵਿੱਚ ਗਤੀਸ਼ੀਲ ਕਲੱਬਾਂ ਵੱਲੋਂ ਰਲਕੇ ' ਗਠਨ ਕੀਤੀ ਗਈ ਸੀ। ਨਿਊਜ਼ੀਲੈਂਡ ਸੈਂਟਰਲ ਸਿੱਖ ਐਸੋਸੀਏਸ਼ਨ (ਇਨਕਾਰਪੋਰੇਟਿਡ) ਦਾ ਪਹਿਲਾ ਪ੍ਰਧਾਨ ਸ. ਦਲਜੀਤ ਸਿੰਘ ਨੂੰ ਚੁਣਿਆ ਗਿਆ ਸੀ। ਬਜੁਰਗ ਆਗੂ ਸ. ਪ੍ਰਿਥੀਪਾਲ ਸਿੰਘ ਬਸਰਾ ਸੰਸਥਾ ਦੇ ਚੇਅਰਮੈਨ, ਸੈਕਟਰੀ ਜਰਨਲ ਕਰਮਜੀਤ ਸਿੰਘ ਤਲਵਾਰ, ਮੀਤ ਪ੍ਰਧਾਨ ਇਸਤਰੀ ਵਿੰਗ ਦੇ ਚੇਅਰਪਰਸਨ ਬੀਬੀ ਜੀਤ ਕੌਰ, ਨੌਜਵਾਨ ਮਾਮਲਿਆਂ ਦੇ ਚੇਅਰਪਰਸਨ ਅੰਮ੍ਰਿਤਪਾਲ ਸਿੰਘ ਮਾਨ ਬਣਾਏ ਗਏ ਸਨ। ਇਨ੍ਹਾਂ ਦਾ ਮਨੋਰਥ ਮੁਲਕ ਭਰ ਤੋਂ ਸਿੱਖ ਭਾਈਚਾਰੇ ਦੀਆਂ ਸਮੱਸਿਆਵਾਂ ਤੇ ਮਸਲਿਆਂ 'ਤੇ ਨੀਤੀਗਤ ਤਰੀਕੇ ਨਾਲ ਕੰਮ ਕਰਨਾ ਹੈ। ਸੰਸਥਾ ਦੇ ਸਾਰੇ ਚੁਣੇ ਮੁਢਲੇ ਮੈਂਬਰਾਂ ਦੀ ਪਿਛਲੇ ਦੋ ਸਾਲ ਦੀ ਕਾਰਗੁਜਾਰੀ ਨੂੰ ਦੇਖ ਕਿ ਚੋਣ ਕੀਤੀ ਗਈ ਸੀ।

ਇੱਥੇ ਜ਼ਿਕਰਯੋਗ ਹੈ ਕਿ ਨਿਊਜ਼ੀਲੈਂਡ ਦੀ ਅਗਲੀ ਜਣਗਣਨਾ ਤੱਕ ਸਿੱਖ ਭਾਈਚਾਰਾ ਜਿੱਥੇ ਇੱਕ ਲੱਖ ਦੀ ਗਿਣਤੀ ਤੋਂ ਪਾਰ ਹੋ ਕੇ ਮੁਲਕ ਦੀ 2% ਅਬਾਦੀ ਹੋ ਜਾਵੇਗਾ। ਅਜਿਹੇ ਸਮੇ ਵਿਚ ਅਜਿਹੀ ਸੈਂਟਰਲ ਤੇ ਲੋਕਤੰਤਰਿਕ ਕੌਮੀ ਸੰਸਥਾ ਦੀ ਸਥਾਨਿਕ ਭਾਈਚਾਰੇ ਨੂੰ ਲੰਬੇ ਸਮੇਂ ਤੋਂ ਜ਼ਰੂਰਤ ਸੀ। ਜੋ ਹੁਣ ਨਿਊਜ਼ੀਲੈਂਡ ਸੈਂਟਰਲ ਸਿੱਖ ਐਸੋਸੀਏਸ਼ਨ ਦੇ ਮਾਧਿਅਮ ਰਾਹੀਂ ਪੂਰੇ ਸਿੱਖ ਭਾਈਚਾਰੇ ਲਈ ਸਰਬ ਸਾਂਝਾ ਮੰਚ ਸਾਬਿਤ ਹੋਵੇਗੀ। ਨਿਊਜ਼ੀਲੈਂਡ ਦੇ ਸਿੱਖਾਂ ਨੇ ਗੋਲਕਾਂ ਤੇ ਪ੍ਰਧਾਨਗੀਆਂ ਪਿੱਛੇ ਹੁੰਦੀਆਂ ਲੜਾਈਆਂ ਨੂੰ ਝੁਠਲਾਉਂਦੇ ਨਵੀ ਮਿਸਾਲ ਪੇਸ਼ ਕੀਤੀ ਹੈ।

ਆਕਲੈਂਡ ਦੇ ਪਾਪਾਟੋਏ ਇਲਾਕੇ ਨੂੰ ਸਿੱਖ ਭਾਈਚਾਰੇ ਦਾ ਕੇਂਦਰ ਮੰਨਿਆ ਜਾਂਦਾ ਹੈ, ਜਿੱਥੇ ਤਿੰਨ ਗੁਰਦੁਆਰੇ ਸਥਿਤ ਹਨ।

### ਆਰਥਿਕ ਅਤੇ ਸਮਾਜਿਕ ਯੋਗਦਾਨ

ਸਿੱਖ ਭਾਈਚਾਰੇ ਨੇ ਨਿਊਜ਼ੀਲੈਂਡ ਦੀ ਆਰਥਿਕਤਾ ਵਿੱਚ ਮਹੱਤਵਪੂਰਨ ਯੋਗਦਾਨ ਪਾਇਆ ਹੈ। ਸਿੱਖ ਪ੍ਰਵਾਸੀਆਂ ਨੇ ਸਖ਼ਤ ਮਿਹਨਤ ਕਰਕੇ, ਖਾਸ ਕਰਕੇ ਡੇਅਰੀ ਫਾਰਮਿੰਗ ਅਤੇ ਹੋਰ ਖੇਤੀਬਾੜੀ ਧੰਦਿਆਂ ਵਿੱਚ ਆਪਣੀ ਪਛਾਣ ਬਣਾਈ। ਉਨ੍ਹਾਂ ਦੇ ਯਤਨਾਂ ਨੇ ਨਾ ਸਿਰਫ਼ ਸਿੱਖ ਭਾਈਚਾਰੇ ਨੂੰ ਮਜਬੂਤ ਬਣਾਇਆ, ਸਗੋਂ ਉਸਨੂੰ ਸਥਾਨਕ ਮਾਓਰੀ ਅਤੇ ਹੋਰ ਭਾਈਚਾਰਿਆਂ ਵਿੱਚ ਵੀ ਸਤਿਕਾਰ ਮਿਲਿਆ ਹੈ। ਨਿਊਜ਼ੀਲੈਂਡ ਦੇ ਸਿੱਖ ਪੁਲਿਸ ਤੇ ਫੌਜ ਵਿਚ ਭਰਤੀ ਹੋ ਰਹੇ ਹਨ। 2024 ਦੌਰਾਨ 26 ਸਾਲਾ ਨਵਦੀਪ ਸਿੰਘ ਨਿਊਜ਼ੀਲੈਂਡ ਫੌਜ ਵਿੱਚ ਸ਼ਾਮਲ ਕੀਤਾ ਗਿਆ ਸੀ। ਨਵਦੀਪ ਇਸ ਸਮੇਂ ਫੌਜ ਵਿੱਚ ਇੱਕ ਲੌਜਿਸਟਿਕਸ ਮਾਹਿਰ ਵਜੋਂ ਸੇਵਾ ਨਿਭਾ ਰਿਹਾ ਹੈ।

ਲੂਈਸ ਸਿੰਘ ਖਾਲਸਾ, ਜੋ ਕਿ ਇੱਕ ਅੰਮ੍ਰਿਤਧਾਰੀ ਗੋਰਾ ਸਿੱਖ ਹੈ। ਉਸਦਾ ਅੰਗਰੇਜ਼ੀ ਨਾਮ ਲੂਈਸ ਟੈਲਬੋਟ ਸੀ , ਨੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਅੰਮ੍ਰਿਤ ਛਕਿਆ ਸੀ ਅਤੇ ਫਿਰ ਨਿਊਜ਼ੀਲੈਂਡ ਫੌਜ ਵਿੱਚ ਭਰਤੀ ਹੋ ਗਿਆ ਸੀ।

ਪ੍ਰਮੁੱਖ ਸਿੱਖਾਂ ਵਿੱਚ ਸੁੱਖੀ ਟਰਨਰ ਸ਼ਾਮਲ ਹਨ, ਜੋ 1995 ਤੋਂ 2004 ਤੱਕ ਡੁਨੇਡਿਨ ਦੇ ਮੇਅਰ ਰਹੇ ਸਨ, ਅਤੇ ਕੰਵਲਜੀਤ ਸਿੰਘ ਬਖ਼ਸ਼ੀ, ਜੋ 2008 ਵਿੱਚ ਨੈਸ਼ਨਲ ਪਾਰਟੀ ਦੀ ਸੂਚੀ ਵਿੱਚ ਚੁਣੇ ਜਾਣ 'ਤੇ ਨਿਊਜ਼ੀਲੈਂਡ ਦੇ ਪਹਿਲੇ ਸਿੱਖ ਸੰਸਦ ਮੈਂਬਰ ਬਣੇ ਸਨ।

### ਚੁਣੌਤੀਆਂ ਅਤੇ ਭਵਿੱਖ ਦੀਆਂ ਸੰਭਾਵਨਾਵਾਂ

ਭਾਵੇਂ ਸਿੱਖ ਭਾਈਚਾਰਾ ਨਿਊਜ਼ੀਲੈਂਡ ਵਿੱਚ ਤੇਜ਼ੀ ਨਾਲ ਵਧ ਰਿਹਾ ਹੈ, ਪਰ 2018 ਤੋਂ ਬਾਅਦ ਉਨ੍ਹਾਂ ਦੀ ਵਿਕਾਸ ਦਰ ਵਿੱਚ ਗਿਰਾਵਟ ਆਈ ਹੈ। ਇਹ ਮੁੱਖ ਤੌਰ 'ਤੇ ਵੀਜ਼ਾ ਨੀਤੀਆਂ ਵਿੱਚ ਬਦਲਾਅ ਅਤੇ ਘੱਟ ਹੁਨਰਮੰਦ ਕਾਮਿਆਂ ਲਈ ਸੀਮਤ ਪਹੁੰਚ ਕਾਰਨ ਸੀ। ਇਸ ਦੇ ਬਾਵਜੂਦ, ਨਿਊਜ਼ੀਲੈਂਡ ਵਿੱਚ ਸਿੱਖ ਭਾਈਚਾਰਾ ਇਸਲਾਮ ਅਤੇ ਬੁੱਧ ਧਰਮ ਤੋਂ ਵੱਧ ਗਿਣਤੀ ਵਿੱਚ ਹੈ। ਨਿਊਜ਼ੀਲੈਂਡ ਵਿੱਚ ਸਿੱਖ ਭਾਈਚਾਰੇ ਦੀ ਵੱਧ ਰਹੀ ਗਿਣਤੀ ਅਤੇ ਉਨ੍ਹਾਂ ਦਾ ਸੱਭਿਆਚਾਰਕ ਯੋਗਦਾਨ ਸਪੱਸ਼ਟ ਤੌਰ 'ਤੇ ਦਰਸਾਉਂਦਾ ਹੈ ਕਿ ਉਨ੍ਹਾਂ ਨੇ ਦੇਸ਼ ਦੀ ਵਿਭਿੰਨਤਾ ਵਿੱਚ ਇੱਕ ਪਹਿਲੂ ਜੋੜਿਆ ਹੈ।

ਭਾਵੇਂ ਸਿੱਖਾਂ ਦੇ ਰਵਾਇਤੀ ਕੱਪੜੇ ਅਤੇ ਕਲਾਕ੍ਰਿਤੀਆਂ ਸਭਿਆਚਾਰ ਸਿੱਖ ਸਮਾਜਿਕ ਏਕਤਾ ਅਤੇ ਪਛਾਣ ਨੂੰ ਉਤਸ਼ਾਹਿਤ ਕਰਦੀਆਂ ਹਨ, ਪਰ ਉਨ੍ਹਾਂ ਨੂੰ ਦੂਜੇ ਨਿਊਜ਼ੀਲੈਂਡ ਵਾਸੀਆਂ ਤੋਂ ਵੱਖਰਾ ਵੀ ਕਰਦੀਆਂ ਹਨ ਅਤੇ ਕਈ ਵਾਰ ਚਿੰਤਾ ਦਾ ਕਾਰਨ ਬਣਦੀਆਂ ਹਨ। ਉਦਾਹਰਣ ਵਜੋਂ, ਸਕੂਲਾਂ ਅਤੇ ਘਰੇਲੂ ਉਡਾਣਾਂ ਵਿੱਚ ਕਿਰਪਾਨ ਪਹਿਨਣਾ ਇੱਕ ਮੁੱਦਾ ਰਿਹਾ ਹੈ। 2008 ਵਿੱਚ ਨੈਲਸਨ ਵਿੱਚ ਇੱਕ ਸਿੱਖ ਪੁਲਿਸ ਕਰਮਚਾਰੀ ਆਪਣੀ ਵਰਦੀ ਵਿੱਚ ਪੱਗ ਨੂੰ ਸ਼ਾਮਲ ਕਰਨ ਵਾਲਾ ਪਹਿਲਾ ਵਿਅਕਤੀ ਬਣਿਆ ਸੀ। 2009 ਵਿੱਚ ਮੈਨੂਰੇਵਾ ਕੌਸਮੋਪੋਲਿਟਨ ਕਲੱਬ ਨੇ ਇੱਕ ਸਿੱਖ ਨੂੰ ਆਪਣੀ ਪੱਗ ਪਹਿਨਣ ਵਾਲੇ ਨੂੰ ਦਾਖਲ ਕਰਨ ਤੋਂ ਇਨਕਾਰ ਕਰ ਦਿੱਤਾ ਸੀ, ਜਿਸ ਕਾਰਨ ਮਨੁੱਖੀ ਅਧਿਕਾਰ ਕਮਿਸ਼ਨ ਨੂੰ ਅਧਿਕਾਰਤ ਸ਼ਿਕਾਇਤ ਕੀਤੀ ਗਈ ਸੀ। ਭਾਵੇਂ ਇਹ ਧਾਰਮਿਕ ਸਹਿਨਸ਼ੀਲਤਾ ਹੋਵੇ, ਆਰਥਿਕ ਯੋਗਦਾਨ ਹੋਵੇ, ਜਾਂ ਸੱਭਿਆਚਾਰਕ ਆਦਾਨ-ਪ੍ਰਦਾਨ ਹੋਵੇ, ਸਿੱਖ ਭਾਈਚਾਰੇ ਨੇ ਹਰ ਖੇਤਰ ਵਿੱਚ ਆਪਣੀ ਪਛਾਣ ਬਣਾਈ ਹੈ। ਮਨੁੱਖੀ ਸੇਵਾ ਖੇਤਰ ਵਿਚ ਅਗਵਾਈ ਕਾਰਣ ਸਿੱਖਾਂ ਦੀ ਨਿਊਜ਼ੀਲੈਂਡ ਦੀ ਸਰਕਾਰ ਵਿਚ ਮਹਾਨਤਾ ਬਣੀ ਹੋਈ ਹੈ।

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

# ਗੁਰਬਾਣੀ ਮੁਤਾਬਿਕ ਸਵਾਲ ਜਵਾਬ

## ਡਾ. ਤਰਲੋਕ ਸਿੰਘ ਸਹੋਤਾ, ਥੰਡਰ ਬੇ, ਕੈਨੇਡਾ

**591. ਗੁਰੂ ਤੋਂ ਕੀ ਪ੍ਰਾਪਤੀ ਹੁੰਦੀ ਹੈ?**

ਹਰੀ ਨਾਮ ਮਨ ਵਿਚ ਵਸਦਾ ਹੈ! ਪ੍ਰਭੂ ਦੇ ਮਹਿਲ ਦੀ ਪ੍ਰਾਪਤੀ ਹੁੰਦੀ ਹੈ! ਹੇ ਭਾਈ ! ਜਿਸ ਚੀਜ਼ (ਹਰੀ ਨਾਮ) ਵਾਸਤੇ (ਦੁਨੀਆਂ ਤੇ) ਆਏ ਹੋ, ਉਸ ਦਾ ਵਣਜ ਕਰੋ; ਉਹ ਹਰਿ-ਨਾਮ ਗੁਰੂ ਦੀ ਕਿਰਪਾ ਨਾਲ਼ ਮਨ ਵਿਚ ਵਸਦਾ ਹੈ । ਜਿਸ ਸਦਕਾ ਆਤਮਕ ਆਨੰਦ ਅਤੇ ਅਡੋਲਤਾ ਵਿਚ ਟਿਕ ਕੇ ਆਪਣੇ ਅੰਦਰ ਹੀ ਆਪਣਾ ਘਰ (ਪਰਮਾਤਮਾ ਦਾ ਟਿਕਾਣਾ) ਪਾ ਲਵੋਗੇ ਅਤੇ ਫਿਰ ਜਨਮ ਮਰਨ ਦਾ ਫੇਰ ਨਹੀਂ ਪਵੇਗਾ। "ਜਾ ਕਉ ਆਏ ਸੋਈ ਬਿਹਾਝਹੁ ਹਰਿ ਗੁਰ ਤੇ ਮਨਹਿ ਬਸੇਰਾ ॥ ਨਿਜ ਘਰਿ ਮਹਲੁ ਪਾਵਹੁ ਸੁਖ ਸਹਜੇ ਬਹੁਰਿ ਨ ਹੋਇਗੋ ਫੇਰਾ॥3॥ ਅੰਗ 13 ਅਤੇ 205" । ਗੁਰੂ ਤੋਂ ਬਿਨਾ ਨਾ ਹੀ ਨਾਮ ਦੀ ਪ੍ਰਾਪਤੀ ਹੁੰਦੀ ਹੈ ਤੇ ਨਾ ਹੀ ਪ੍ਰਭੂ ਦੇ ਮਹਿਲ ਦੀ! "ਬਿਨੁ ਗੁਰ ਮਹਲੁ ਨ ਪਾਈਐ ਨਾਮੁ ਨ ਪਰਾਪਤਿ ਹੋਇ ॥ ਅੰਗ 30" । ਅਤੇ "ਗੁਰ ਤੇ ਮਹਲੁ ਪਰਾਪਤੇ ਜਿਸੁ ਲਿਖਿਆ ਹੋਵੈ ਮਥਿ॥1॥ ਅੰਗ 44" । ਗੁਰੂ ਪਾਸੋਂ ਪਰਮਾਰਥ ਦਾ ਰਸਤਾ ਪਰਾਪਤ ਹੁੰਦਾ ਹੈ ਤੇ ਮਾਇਆ ਮੋਹ ਦਾ ਘੁੱਪ ਹਨੇਰਾ ਦੂਰ ਹੁੰਦਾ ਹੈ । "ਗੁਰ ਤੇ ਮਾਰਗੁ ਪਾਈਐ ਚੂਕੈ ਮੋਹੁ ਗੁਬਾਰੁ ॥ ਅੰਗ 33" । ਗੁਰੂ ਤੋਂ ਪ੍ਰਭੂ ਦੇ ਮਹਿਲ ਦਾ ਰਸਤਾ ਤੇ ਪ੍ਰਭੂ ਦੇ ਘਰ ਦੀ ਪ੍ਰਾਪਤੀ ਹੋ ਜਾਂਦੀ ਹੈ । "ਗੁਰ ਤੇ ਵਾਟ ਮਹਲੁ ਘਰੁ ਪਾਏ ॥3॥ ਅੰਗ 410" । ਹੇ ਭਾਈ! ਸਤਿਗੁਰੂ ਰਾਹੀਂ ਪ੍ਰਭੂ ਪ੍ਰਾਪਤੀ ਹੁੰਦੀ ਹੈ । "ਸਤਿਗੁਰੁ ਤੇ ਹਰਿ ਪਾਈਐ ਭਾਈ ॥ ਅੰਗ 425" ।

ਜੇਹੜਾ ਮਨੁੱਖ ਪਰਮਾਤਮਾ ਦਾ ਨਾਮ ਸਿਮਰਦਾ ਹੈ, ਉਹ ਸੁਖੀ ਰਹਿੰਦਾ ਹੈ, ਉਸ ਦਾ ਮੂੰਹ (ਲੋਕ ਪਰਲੋਕ ਵਿਚ) ਉੱਜਲਾ ਹੁੰਦਾ ਹੈ । ਅਜਿਹਾ ਮਨੁੱਖ ਸਾਰੇ ਲੋਕਾਂ ਵਿਚ ਪ੍ਰਗਟ ਹੋ ਜਾਂਦਾ ਹੈ; ਭਾਵ ਜਾਣਿਆ ਜਾਂਦਾ ਹੈ, ਪਰ ਨਾਮ ਪੂਰੇ ਗੁਰੂ ਤੋਂ ਹੀ ਮਿਲਦਾ ਹੈ। "ਨਾਮੁ ਧਿਆਏ ਸੋ ਸੁਖੀ ਜਿਸੁ ਮੁਖੁ ਊਜਲੁ ਹੋਇ ॥ ਪੂਰੇ ਗੁਰ ਤੇ ਪਾਈਐ ਪਰਗਟੁ ਸਭਨੀ ਲੋਇ ॥ ਅੰਗ 44" । ਸਤਿਗੁਰੂ ਜੀ ਬਖਸ਼ਿਸ਼ ਕਰਦੇ ਹਨ ਕਿ, ਜਿਸ ਮਨੁੱਖ ਨੇ ਗੁਰੂ ਪਾਸੋਂ ਆਤਮਿਕ ਜੀਵਨ ਦੇਣ ਵਾਲ਼ਾ ਨਾਮ-ਫਲ ਪ੍ਰਾਪਤ ਕਰ ਲਿਆ ਉਹ ਮਾਇਆ ਤੋਂ ਪਾਰ ਚਲੇ ਗਿਆ, ਭਾਵ ਮਾਇਆ ਦੇ ਤਿੰਨ ਗੁਣਾਂ ਤੋਂ ਉੱਪਰ ਉਠ ਗਿਆ । "ਅੰਮ੍ਰਿਤ ਫਲੁ ਨਾਮੁ ਜਿਨਿ ਗੁਰ ਤੇ ਪਾਇਆ ॥ ਨਾਨਕ ਦਾਸ ਤਰੀ ਤਿਨਿ ਮਾਇਆ ॥4॥5॥56॥ ਅੰਗ 385" ।

ਪੂਰੇ ਗੁਰੂ ਤੋਂ ਮੁਕਤੀ ਦੀ ਅਵਸਥਾ ਪ੍ਰਾਪਤ ਹੁੰਦੀ ਹੈ! ਨਾਮ ਦੇਵ ਜੀ ਤੇ ਕਬੀਰ ਜੀ ਨੇ (ਨੀਚੀਆਂ ਜਾਤਾਂ ਛੀਂਬਾ ਤੇ ਜੁਲਾਹਾ ਹੋਣ ਦੇ ਬਾਵਜੂਦ) ਪੂਰੇ ਗੁਰੂ ਤੋਂ ਉੱਚੀ ਆਤਮਿਕ ਅਵਸਥਾ ਹਾਸਲ ਕੀਤੀ । "ਨਾਮਾ ਛੀਬਾ ਕਬੀਰੁ ਜੋੁਲਾਹਾ ਪੂਰੇ ਗੁਰ ਤੇ ਗਤਿ ਪਾਈ॥ ਅੰਗ 67" । ਮਾਇਆ ਦੇ ਤਿੰਨ ਗੁਣਾਂ ਤੋਂ ਉੱਪਰ ਦੀ ਅਵਸਥਾ ਤੇ ਪ੍ਰਭੂ ਨਾਲ਼ ਜਾਣ ਪਛਾਣ ਸਤਿਗੁਰੂ ਤੋਂ ਮਿਲਦੀ ਹੈ । "ਤੁਰੀਆਵਸਥਾ ਸਤਿਗੁਰ ਤੇ ਹਰਿ ਜਾਨੁ॥1॥ ਅੰਗ 154" । ਸਤਿਗੁਰੂ ਤੋਂ ਮੈਨੂੰ ਮੁਕਤੀ ਤੇ ਇਜ਼ਤ ਮਿਲੀ ਹੈ । "ਸਤਿਗੁਰ ਤੇ ਹਮ ਗਤਿ ਪਤਿ ਪਾਈ ॥ ਅੰਗ 223" ।

ਪ੍ਰਭੂ ਦਾ ਸਦਾ ਥਿਰ ਨਾਮ, ਸੰਤੋਖ, ਆਤਮਿਕ ਅਡੋਲਤਾ ਤੇ ਸਦੀਵੀ ਸੁਖ ਦੇਣ ਵਾਲ਼ੀ ਬਾਣੀ ਪੂਰੇ ਗੁਰੂ ਤੋਂ ਪ੍ਰਾਪਤ ਹੁੰਦੀ ਹੈ। "ਸਚੁ ਸੰਤੋਖੁ ਸਹਜ ਸੁਖੁ ਬਾਣੀ ਪੂਰੇ ਗੁਰ ਤੇ ਪਾਵਣਿਆ ॥3॥ ਅੰਗ 115" । ਜੇ ਪ੍ਰਭੂ ਸਤਿਗੁਰੂ ਨੂੰ ਮਿਲਾ ਦੇਵੇ ਤਾਂ ਸਤਿਗੁਰੂ ਰਾਹੀਂ ਬੰਦੇ ਦੇ ਅੰਦਰੋਂ ਦੈਵੀ ਗੁਣ (ਦਯਾ, ਧਰਮ, ਸਤਿ, ਸੰਤੋਖ ਤੇ ਧੀਰਜ) ਉਪਜਦੇ ਹਨ । ਜੇ ਆਤਮਿਕ ਅਡੋਲਤਾ 'ਚ ਟਿਕ ਕੇ ਪ੍ਰਭੂ ਦੇ ਨਾਮ ਨੂੰ ਧਿਆਈਏ ਤਾਂ ਅੰਦਰੋਂ ਪਰਮੇਸ਼ਰ ਦਾ ਗਿਆਨ ਪ੍ਰਗਟ ਹੋ ਜਾਂਦਾ ਹੈ। "ਸਤਿਗੁਰ ਤੇ ਗੁਣ ਊਪਜੈ ਜਾ ਪ੍ਰਭੁ ਮੇਲੈ ਸੋਇ ॥ ਸਹਜੇ ਨਾਮੁ ਧਿਆਈਐ ਗਿਆਨੁ ਪਰਗਟੁ ਹੋਇ ॥1॥ ਅੰਗ 428" । ਸਤਿਗੁਰੂ ਤੋਂ ਮਨ ਨੂੰ ਨਿਰਮਲ ਕਰਨ ਵਾਲ਼ੀ ਨਿਰਮਲ ਮਤਿ ਮਿਲਦੀ ਹੈ । "ਸਤਿਗੁਰ ਤੇ ਨਿਰਮਲ ਮਤਿ ਲਈ ॥ ਅੰਗ 289" । ਉਹ ਨਿਰਮਲ ਮਤਿ ਕਿਹੜੀ ਹੈ? ਪੂਰੇ ਗੁਰੂ ਤੋਂ ਪਾਰਬ੍ਰਹਮ ਪਰਮੇਸ਼ਰ ਨੂੰ ਧਿਆਉਣ ਦੀ (ਨਿਰਮਲ) ਮਤਿ ਮਿਲਦੀ ਹੈ । "ਪਾਰਬ੍ਰਹਮੁ ਪਰਮੇਸੁਰੁ ਧਿਆਈਐ ॥ ਗੁਰ ਪੂਰੇ ਤੇ ਇਹ ਮਤਿ ਪਾਈਐ ॥1॥ ਰਹਾਉ॥ ਅੰਗ 184" । ਉਸਤੇ ਪ੍ਰਭੂ ਸਦਾ ਦਇਆਲ ਹੁੰਦਾ ਹੈ, ਜਿਸਨੇ ਗੁਰੂ ਤੋਂ ਮਤਿ ਲੈ ਲਈ । "ਤਿਸ ਨੋ ਸਦਾ ਦਇਆਲੁ ਜਿਨਿ ਗੁਰ ਤੇ ਮਤਿ ਲਈ ॥7॥ ਅੰਗ 961" । ਸਤਿਗੁਰੂ ਜੀ ਸਾਨੂੰ ਸਮਝਾਉਂਦੇ ਹਨ ਕਿ (ਤੱਤ) ਬੁੱਧੀ ਦੀ ਪ੍ਰਾਪਤੀ ਵੀ ਗੁਰੂ ਤੋਂ ਹੁੰਦੀ ਹੈ । "ਨਾਨਕ ਗੁਰ ਤੇ ਪਾਈ ਬੁਧਿ ॥4॥14॥65॥ ਅੰਗ 387" । ਅਤੇ "ਬਿਬੇਕ ਬੁਧਿ ਸਤਿਗੁਰ ਤੇ ਪਾਈ ਗੁਰ ਗਿਆਨੁ ਗੁਰੂ ਪ੍ਰਭ ਕੇਰਾ ॥ ਅੰਗ 711" । ਸਤਿਗੁਰੂ ਤੋਂ ਪ੍ਰਭੂ ਦੇ ਹੁਕਮ ਦੀ ਪਛਾਣ (ਸੂਝ-ਬੂਝ) ਹੋ ਜਾਂਦੀ ਹੈ । "ਸਾਚੇ ਗੁਰ ਤੇ ਹੁਕਮੁ ਪਛਾਨੁ ॥2॥ ਅੰਗ 414"। ਗੁਰੂ ਤੋਂ ਪ੍ਰਭੂ ਦੀ ਗੁੱਝੀ ਕਥਾ ਜਾਣ ਲਈਦੀ ਹੈ ॥ "ਗੁਹਜ ਕਥਾ ਇਹ ਗੁਰ ਤੇ ਜਾਣੀ ॥ ਅੰਗ 739" ।

ਗੁਰੂ ਤੋਂ ਸ਼ਾਂਤੀ ਮਿਲਦੀ ਹੈ, ਜਿਸ ਕਰਕੇ ਬੰਦਾ ਪ੍ਰਭੂ ਦੀ ਦਿਨ ਰਾਤ ਭਗਤੀ ਕਰਦਾ ਹੈ ਤੇ ਪਰਮਾਤਮਾ ਦੇ ਗੁਣ ਉਚਾਰਨ ਕਰਕੇ ਗੁਣਾਂ ਦੇ ਮਾਲਿਕ ਪ੍ਰਭੂ 'ਚ ਲੀਨ ਹੋ ਜਾਂਦਾ ਹੈ । "ਗੁਰ ਤੇ ਸਾਤਿ ਭਗਤਿ ਕਰੇ ਦਿਨੁ ਰਾਤੀ ਗੁਣ ਕਹਿ ਗੁਣੀ ਸਮਾਵਣਿਆ ॥1॥ ਰਹਾਉ ॥ ਅੰਗ 117" । ਸਦਾ-ਥਿਰ ਪ੍ਰਭੂ ਦੀ ਸੇਵਾ-ਭਗਤੀ ਗੁਰੂ ਪਾਸੋਂ ਹੀ ਮਿਲਦੀ ਹੈ। "ਗੁਰ ਤੇ ਸਾਚੀ ਸੇਵਾ ਹੋਇ ॥ ਅੰਗ 158" । ਅਤੇ "ਸਚੀ ਭਗਤਿ ਸਤਿਗੁਰ ਤੇ ਹੋਵੈ ਸਚੀ ਹਿਰਦੈ ਬਾਣੀ ॥ ਅੰਗ 602"।

ਗੁਰੂ ਤੋਂ ਸਰਬ ਵਿਆਪਕ ਪ੍ਰਭੂ ਦਾ ਚਾਨਣ ਹੋ ਜਾਂਦਾ ਹੈ । ਹਉਮੈ ਰੂਪੀ ਮਨ ਨੂੰ ਲੱਗੀ ਮੈਲ ਗੁਰੂ ਦੇ ਸ਼ਬਦ ਨਾਲ਼ ਧੋਤੀ ਜਾਂਦੀ ਹੈ । ਰਾਤ ਦਿਨ ਪ੍ਰਭੂ ਭਗਤੀ 'ਚ ਰੰਗਿਆਂ ਮਨ ਨਿਰਮਲ ਹੋ ਜਾਂਦਾ ਹੈ ਤੇ ਭਗਤੀ ਕਰਨ ਨਾਲ਼ ਪ੍ਰਭੂ ਦੀ ਪ੍ਰਾਪਤੀ ਹੋ ਜਾਂਦੀ ਹੈ । "ਆਤਮ ਰਾਮ ਪਰਗਾਸੁ ਗੁਰ ਤੇ ਹੋਵੈ ॥ ਹਉਮੈ ਮੈਲੁ ਲਾਗੀ ਗੁਰ ਸਬਦੀ ਖੋਵੈ ॥ ਮਨੁ ਨਿਰਮਲੁ ਅਨਦਿਨੁ ਭਗਤੀ ਰਾਤਾ ਭਗਤਿ ਕਰੇ ਹਰਿ ਪਾਵਣਿਆ ॥1॥ ਅੰਗ 123"

ਕਿਸੇ ਵਿਰਲੇ ਨੂੰ ਗੁਰੂ ਤੋਂ ਪ੍ਰਭੂ ਦਾ ਗਿਆਨ ਮਿਲਦਾ ਹੈ । ਉਹੀ ਗੁਰੂ ਤੋਂ ਗਿਆਨ ਨੂੰ ਬੁੱਝ ਕੇ ਕਾਮਯਾਬ ਹੁੰਦਾ ਹੈ । ਗੁਰੂ ਪਾਸੋਂ ਆਤਮਿਕ ਅਡੋਲਤਾ, ਸਦਾ-ਥਿਰ ਪ੍ਰਭੂ (ਦੇ ਗੁਣਾਂ) ਦੀ ਵਿਚਾਰ ਤੇ ਮਾਇਆ ਦੇ ਬੰਧਨਾਂ ਤੋਂ ਮੁਕਤੀ ਪ੍ਰਾਪਤ ਹੁੰਦੀ ਹੈ । "ਗੁਰ ਤੇ ਗਿਆਨੁ ਪਾਏ ਜਨੁ ਕੋਇ ॥ ਗੁਰ ਤੇ ਬੂਝੈ ਸੀਝੈ ਸੋਇ ॥ ਗੁਰ ਤੇ ਸਹਜੁ ਸਾਚੁ ਬੀਚਾਰੁ ॥ ਗੁਰ ਤੇ ਪਾਏ ਮੁਕਤਿ ਦੁਆਰੁ ॥1॥ ਅੰਗ 158" । ਪੂਰੇ ਗੁਰੂ ਤੋਂ ਇਹ ਸਮਝ ਪੈਂਦੀ ਹੈ ਕਿ ਗੁਰੂ ਦਾ ਸ਼ਬਦ (ਮਾਇਆ) ਮੋਹ ਤੇ ਹੰਕਾਰ ਨੂੰ ਸਾੜ ਸੁੱਟਦਾ ਹੈ । "ਮੋਹੁ ਗੁਮਾਨੁ ਗੁਰ ਸਬਦਿ ਜਲਾਏ ॥ ਪੂਰੇ ਗੁਰ ਤੇ ਸੋਝੀ ਪਾਏ ॥

ਬਾਕੀ ਅਗਲੇ ਹਫ਼ਤੇ


# ਗੁਰੂ ਤੇਗ ਬਹਾਦਰ ਗੁਰਦੁਆਰਾ ਡਡਲੀ ਵਿਖੇ ਇਕ ਮੁੱਖ ਗ੍ਰੰਥੀ ਸਿੰਘ ਦੀ ਤੁਰੰਤ ਲੋੜ ਹੈ

## *1 VACANCY FOR MINISTER OF RELIGION (TIER-2)*

***Job Title : MINISTER OF RELIGION - Full Time***

**Duration:-** Two Year – with the prospect to become a permanent position

**Duties & Responsibilities:-** Officiating marriages, birth and funerals

- Duties include reading of the Sri Guru Granth Shib Ji, conducting Daily/weekly Diwans, preach Sikh Religion to congregation.
- The Sikh Holy Parkash Guru Granth Sahib ie Morning Prayer and Evening Prayer,
- To be responsible to ensure the daily religious activities are in line with the Sikh religion. - Require leading daily worship
- Must pay the highest respect to the Guru Maharaj ji as well as public (Guru Ki Sadh Sangat) is essential.
- Undertake any other reasonable duties/activities in pursuing the Organization's religious programs.
- On occasions the candidate maybe required to carry out prayers for family functions at the homes of the devotees
- Benefits include full board and lodges

**Salary: National Minimum Wage for 30 hours a week.**

**Personnel Specification:** The post holder will need to display the following:

I. Previous experience holding a similar role is essential.
2. Knowledge and understanding of the Sikh Religion and Guru Granth Sahib.
4. Strong motivation and empathy towards the aims and objectives of the organisation.
5. Strong organisational skills.
6. Good command of the English and Punjabi language is desirable
7. Good communication and interpersonal skills.
8. Ability to work off own initiative as well as within a team.
9. Willingness to work unsocial hours.

**Other details:**

Applicants must be able to demonstrate that they are legally entitled to work in the U.K and where applicable must provide original proof of their work rights and legal status in the United Kingdom. The Temple committee reserve the rights to make official enquiries to make checks against any documents provided.

**Closing date: 28/02/2025**

**Apply/ Contact: via Phone 01384 238936 or email:sdevsingh56@googlemail.com**


**GURDWARA GURU TEG BAHADHUR SAHIB JI**
**7 Vicar Street, Dudley, West Midlands, DY2 8RQ**


# ਹੱਤਿਆ ਦੇ ਮਾਮਲੇ ਵਿਚ ਦੋਸ਼ੀ ਨੂੰ ਜ਼ਹਿਰ ਦਾ ਟੀਕਾ ਲਾ ਕੇ ਸਦਾ ਦੀ ਨੀਂਦ ਸਵਾਇਆ



ਸੈਕਰਾਮੈਂਟੋ,ਕੈਲੀਫੋਰਨੀਆ (ਹੁਸਨ ਲੜੋਆ ਬੰਗਾ)- ਦੱਖਣੀ ਕੈਰੋਲੀਨਾ ਵਿਚ ਮੈਰੀਅਨ ਬੋਮੈਨ ਜੂਨੀਅਰ ਨਾਮੀ ਵਿਅਕਤੀ ਨੂੰ ਹੱਤਿਆ ਦੇ ਇਕ ਮਾਮਲੇ ਵਿਚ ਅਦਾਲਤ ਵੱਲੋਂ ਸੁਣਾਈ ਸਜ਼ਾ ਅਨੁਸਾਰ ਜ਼ਹਿਰ ਦਾ ਟੀਕਾ ਲਾ ਕੇ ਮੌਤ ਦੇਣ ਦੀ ਖਬਰ ਹੈ। ਬੋਮੈਨ ਨੂੰ 6.27 ਵਜੇ ਸ਼ਾਮ ਨੂੰ ਮ੍ਰਿਤਕ ਐਲਾਨ ਦਿੱਤਾ ਗਿਆ। ਉਸ ਨੂੰ 2001 ਵਿਚ 21 ਸਾਲਾ ਕੈਂਡੀ ਮਾਰਟਿਨ ਨਾਮੀ ਨੌਜਵਾਨ ਮਾਂ ਦੀ ਹੱਤਿਆ ਦੇ ਮਾਮਲੇ ਵਿਚ ਮੌਤ ਦੀ ਸਜ਼ਾ ਸੁਣਾਈ ਗਈ ਸੀ। ਪੁਲਿਸ ਨੇ ਮਾਰਟਿਨ ਦੀ ਗੋਲੀਆਂ ਵਿੰਨੀ ਲਾਸ਼ ਉਸ ਦੀ ਆਪਣੀ ਕਾਰ ਵਿਚੋਂ ਬਰਾਮਦ ਕੀਤੀ ਸੀ ਜਿਸ ਕਾਰ ਨੂੰ ਅੱਗ ਲਾ ਦਿੱਤੀ ਗਈ ਸੀ। ਅਦਾਲਤੀ ਦਸਤਾਵੇਜਾਂ ਅਨੁਸਾਰ ਬੋਮੈਨ ਲੰਬੇ ਸਮੇ ਤੋਂ ਮਾਰਟਿਨ ਦਾ ਦੋਸਤ ਸੀ ਤੇ ਉਹ ਉਸ ਨਾਲ ਸਰੀਰਕ ਸਬੰਧ ਵੀ ਬਣਾਉਂਦਾ ਰਿਹਾ ਸੀ। ਬੋਮੈਨ ਨੇ ਮੰਨਿਆ ਕਿ ਉਹ ਮਾਰਟਿਨ ਨੂੰ ਕੁਕੀਨ ਦਿੰਦਾ ਸੀ ਪਰੰਤੂ ਬੋਮੈਨ ਹਮੇਸ਼ਾਂ ਆਪਣੇ ਆਪ ਨੂੰ ਨਿਰਦੋਸ਼ ਕਹਿੰਦਾ ਰਿਹਾ ਹੈ। ਆਪਣੀ ਲੀਗਲ ਟੀਮ ਰਾਹੀਂ ਜਾਰੀ ਆਪਣੇ ਆਖਰੀ ਸ਼ਬਦਾਂ ਵਿਚ ਬੋਮੈਨ ਨੇ ਕਿਹਾ "ਮੈ ਮਾਰਟਿਨ ਦੀ ਹੱਤਿਆ ਨਹੀਂ ਕੀਤੀ, ਮੈ ਨਿਰਦੋਸ਼ ਹਾਂ ਤੇ ਮੈ ਉਸ ਗੁਨਾਹ ਲਈ ਮਰਨ ਜਾ ਰਿਹਾ ਹਾਂ ਜੋ ਮੈ ਕੀਤਾ ਹੀ ਨਹੀਂ ਹੈ।"

ਲੜੀਵਾਰ ਨਾਵਲ



ਕਮਲ ਗਿੱਲ
Mob : +44 07454 394684

ਕਿਸ਼ਤ-10

# ਗੰਧਲੇ ਰਿਸ਼ਤੇ

**''ਸਤਾਰਾਂ ਸਾਲਾਂ ਦੀ ਹੋਈ ਤਾਂ ਭੂਆ ਨੇ ਆਪਣੇ ਸੋਹਰਿਆਂ ਦੇ ਰਿਸ਼ਤਿਆਂ 'ਚ ਹੀ ਰਿਸ਼ਤਾ ਕਰਾ ਦਿੱਤਾ। ਅਖੇ ਮੁੰਡਾ ਵਲੈਤੋਂ ਆਇਆ ਹੈ। ਕਹਿੰਦੀ ਦੋ ਚਾਰ ਸਾਲ ਕੁੜੀ ਤੋਂ ਵੱਡਾ ਹੈ ਪਹਿਲਾਂ ਇੱਕ ਵਾਰ ਗੋਰੀ ਨਾਲ ਵਿਆਹ ਕਰਾ ਕੇ ਪੱਕਾ ਵੀ ਹੋਇਆ ਹੈ। ਬੀਜੀ ਕਹਿੰਦੀ ਇਹ ਕਹਿੜੀ ਗੱਲ ਹੈ ਨਾਲੇ ਪ੍ਰੋਹਣਾ ਕੁੜੀ ਤੋਂ ਵੱਡਾ ਹੀ ਚਾਹੀਦਾ ਹੈ। ਫਿਰ ਕੀ ਸੀ ਵਲੈਤੀ ਬਾਬੂ ਨਾਲ ਦੋ ਸਾਲ ਫੋਟੋ ਦੇਖ ਕੇ ਹੀ ਮੰਗੀ ਰਹੀ ਤੇ ਉਨੀਆਂ ਦੀ ਹੋਣ 'ਤੇ ਵਿਆਹ ਦਿੱਤੀ। ਵਲੈਤੀਏ ਨੇ ਫੋਟੋ ਜਵਾਨੀ ਵਾਰੇ ਦੀ ਭੇਜੀ ਸੀ ਤੇ ਆਪ ਉਹ ਉਸ ਸਮੇਂ ਚਾਲੀਆਂ ਸਾਲਾ ਦਾ ਸੀ । ਜਦ ਮਾਂ ਨੂੰ ਪਤਾ ਲੱਗਾ ਤਾਂ ਬੜਾ ਵਿਲਕੀ.... ਭੂਆ ਨੂੰ ਵੀ ਗਾਲਾਂ ਕੱਢੀਆਂ ਪਰ ਕੀ ਹੋ ਸਕਦਾ ਸੀ ਸੰਜੋਗ ਸੀ..... ਵਲੈਤੀਆ ਤਿੰਨ ਕੁ ਮਹੀਨਿਆਂ 'ਚ ਹੀ ਮੈਨੂੰ ਇੱਥੇ ਇੰਗਲੈਂਡ ਲੈ ਆਇਆ।**



ਉਹ ਮਾਮਾ ਜਿਸ ਨੂੰ ਥੋੜ੍ਹੀ ਦੇਰ ਪਹਿਲਾਂ ਆਪਣੀ ਧੀ ਬੀਜੀ ਨੇ ਇਹ ਕਹਿ ਕੇ ਸੌਂਪੀ ਸੀ ਕਿ ਅੱਜ ਤੋਂ ਇਹ ਤੇਰੀ ਧੀ ਹੈ ਇਹਦਾ ਜਿੱਥੇ ਜੀਅ ਕਰੇ ਵਿਆਹ ਕਰ ਦੇਈਂ। ਹੁਣ ਇਹ ਤੇਰੀ ਜ਼ਿੰਮੇਵਾਰੀ ਹੈ। ਮਾਮੇ ਨੂੰ ਸਾਹ-ਮਣੇ ਖੜ੍ਹਾ ਦੇਖ ਕੇ ਮੇਰੇ ਪੈਰਾਂ ਹੇਠੋਂ ਜ਼ਮੀਨ ਨਿਕਲ ਗਈ।''

ਇੰਨਾਂ ਆਖਦਿਆ ਉਸ ਨੇ ਲੰਬਾ ਹੌਕਾ ਲਿਆ ਤੇ ਧਾਹਾਂ ਮਾਰ ਕੇ ਉੱਚੀ-ਉੱਚੀ ਰੋ ਪਈ। ਉਸ ਦੀਆਂ ਗੱਲਾਂ ਸੁਣ ਕੇ ਮੈਂ ਧੁਰ ਅੰਦਰ ਤੱਕ ਕੰਬ ਗਈ ਮੇਰਾ ਖੁਦ ਰੋਣਾ ਨਹੀਂ ਰੁੱਕ ਰਿਹਾ ਸੀ।

ਮੈਂ ਭੱਜ ਕੇ ਦੂਸਰੇ ਸੋਫੇ 'ਤੇ ਬੈਠੀ ਕੈਲਾਸ਼ ਨੂੰ ਬਾਂਹਾ 'ਚ ਸਮੇਟ ਲਿਆ। ਉਹ ਮੇਰੇ ਗਲ ਨਾਲ ਲੱਗ ਬਹੁਤ ਦੇਰ ਹੌਕੇ ਲੈ-ਲੈ ਰੌਂਦੀ ਰਹੀ। ਸ਼ਾਇਦ ਵ੍ਹਰਿਆਂ ਦਾ ਦਰਦ ਅੱਜ ਅੱਥਰੂਆਂ ਦੇ ਵਹਾਅ ਰਾਹੀ ਬਹਿ ਰਹਾ ਸੀ। ਮੇਰੀਆਂ ਅੱਖਾਂ ਸਾਹਮਣੇ ਉਹ ਸੋਲਾਂ ਸਾਲਾਂ ਦੀ ਮਸੂਮ ਬੱਚੀ ਦਾ ਚਿਹਰਾ ਆ ਰਿਹਾ ਸੀ।

ਕੁੱਝ ਸਮ੍ਹਾਂ ਅਸੀਂ ਦੋਵੇਂ ਕੁਝ ਨਾ ਬੋਲੀਆਂ ।

ਬੜਾ ਹੌਂਸਲਾ ਕਰਕੇ ਮੈਂ ਮਨ 'ਚ ਉੱਠ ਰਿਹਾ ਸਵਾਲ ਪੁੱਛਿਆ,

''ਤੇ ਉਹ ਅੰਦਰ ਆ ਕੇ ਬੱਤੀ ਜਗਾਉਣ ਵਾਲਾ ਕੌਣ ਸੀ ਕੈਲਾਸ਼ ਜੀ?''

''ਉਹ ਉਸ ਮਾਮੇ ਦਾ ਛੋਟਾ ਭਰਾ ਕਰਤਾਰ ਸੀ ਉਹ ਇੰਡੀਆਂ ਹੀ ਰਹਿੰਦਾ ਸੀ ਤੇ ਹਾਲੇ ਪੜ੍ਹਦਾ ਸੀ। ਉਸ ਨੇ ਮੈਨੂੰ ਫਟਾਫਟ ਆਪਣੇ ਪਿੱਛੇ ਧੂਹ ਕੇ ਕਰ ਲਿਆ ਤੇ ਆਪਣੇ ਵੱਡੇ ਭਰਾ ਦੇ ਮੂੰਹ ਤੇ ਚਪੇੜਾਂ ਮਾਰਨੀਆਂ ਸ਼ੁਰੂ ਕਰ ਦਿੱਤੀਆਂ। ਤੇ ਬਹੁਤ ਗਲਾਂ ਵੀ ਕੱਢੀਆਂ ।

ਕਰਤਾਰ ਮਾਮੇ ਨੂੰ ਦੇਖ ਉਹ ਬਿਨਾਂ ਕੁਝ ਕਹੇ ਸੁਣੇ ਉੱਥੋ ਪਲਾਂ ਵਿੱਚ ਹੀ ਥੱਪੜ ਖਾਹ ਕੇ ਦੌੜ ਗਿਆ। ਮੈਂ ਬੇਤਿਹਾਸ਼ਾ ਰੋਈ ਜਾ ਰਹੀ ਸੀ। ਕਰਤਾਰ ਮਾਮੇ ਨੇ ਮੇਰੇ ਤੋਂ ਸਾਰੀ ਗੱਲ ਪੁੱਛੀ। ਮੈਂ ਉਸ ਨੂੰ ਸਭ ਦੱਸਿਆ ਕਿ ਇਸ ਤਰ੍ਹਾ ਹੋਇਆ। ਮਾਮੇ ਨੇ ਮੇਰਾ ਮੂੰਹ ਧੁਵਾਇਆ ਅਤੇ ਮੈਨੂੰ ਪਾਣੀ ਪਿਲਾਇਆ। ਉਸ ਸਮੇਂ ਮੈਂ ਪੂਰਾ ਮਨ ਬਣਾ ਲਿਆ ਸੀ ਕਿ ਮਾਮੇ ਦਾ ਭਾਂਡਾ ਜਾਂਦਿਆਂ ਹੀ ਭੰਨ ਦੇਣਾ ਹੈ। ਪਰ ਕਰਤਾਰ ਮਾਮੇ ਨੇ ਮੇਰੀਆਂ ਮਿੰਨਤਾਂ ਕੀਤੀਆਂ ਕਿ ਮੈਂ ਕਿਸੇ ਨਾਲ ਗੱਲ ਨਾ ਕਰਾਂ। ਬੀਜੀ ਦੇ ਵਾਸਤੇ ਦਿੱਤੇ ਕੀ ਬੀਜੀ ਬਿਖਰ ਜਾਵੇਗੀ। ਮਾਮੀ ਦੇ ਵਾਸਤੇ ਦਿੱਤੇ ਕਿ ਮਾਮੀ ਟੁੱਟ ਜਾਵੇਗੀ। ਉਹ ਮਾਮੇ ਦੀ ਇਹ ਹਰਕਤ ਬਰਦਾਸ਼ਤ ਨਹੀਂ ਕਰੇਗੀ ਤੇ ਉਸ ਦਾ ਘਰ ਟੁੱਟ ਜਾਵੇਗਾ। ਮਾਮੀ ਨਿਆਣਿਆਂ ਨੂੰ ਮਾਮੇ ਤੋਂ ਵੱਖ ਕਰ ਦੇਵੇਗੀ। ਸਾਰਾ ਘਰ ਤਬਾਹ ਹੋ ਜਾਵੇਗਾ ਉਨ੍ਹਾਂ ਦਾ। ਬਹੁਤ ਕੁਝ ਸਮਝਾ ਬੁਝਾ ਕੇ ਮਾਮਾ ਮੈਨੂੰ ਨਾਲ ਘਰ ਲੈ ਆਇਆ। ਘਰ ਵੜਦਿਆਂ ਹੀ ਮਾਮੀ ਦਰਵਾਜ਼ੇ ਤੇ ਮੈਨੂੰ ਉਡੀਕ ਰਹੀ ਸੀ ।

''ਤੂੰ ਗਈ ਵੱਡੇ ਮਾਮੇ ਨਾਲ ਸੀ ਤੇ ਆਈ ਛੋਟੇ ਮਾਮੇ ਨਾਲ ਆ। ਇੰਨੀ ਦੇਰ ਲਾ ਦਿੱਤੀ ਗਲਾਸ ਇੱਕਠੇ ਕਰਦਿਆ? ਅਸੀਂ ਸੋਚਿਆ ਮਾਮਾ ਖਰੇ ਭਾਣਜੀ ਨੂੰ ਨਾਲ ਲੈ ਕੇ ਹੁਣੇ ਵਰ ਲੱਭਣ ਚੱਲੇ ਗਿਆ ਆ। ਮਾਮੇ ਦੇ ਸਿਰ ਪਿਓ ਵਾਲੀ ਜ਼ਿੰਮੇਵਾਰੀ ਪਾ ਦਿੱਤੀ ਹੈ ਉਸ ਦੀ ਭੈਣ ਨੇ ਤੇ ਦੇਖਿਓ ਹੁਣ ਅਸੀਂ ਦੋਵੇਂ ਤੀਵੀਂ ਅਦਾਮੀ ਆਪਣਾ ਫਰਜ਼ ਕਿੱਦਾਂ ਪੂਰਾ ਕਰਦੇ ਹਾਂ। ਹੁਣ ਇਹ ਭੈਣ ਜੀ ਦੀ ਧੀ ਨਹੀਂ ਸਾਡੀ ਦੋਹਾਂ ਦੀ ਧੀ ਆ।''

ਮਾਮੀ ਇੱਕੋ ਸਾਹੇ ਬੋਲੀ ਜਾ ਰਹੀ ਸੀ । ਮੈਂ ਕਰਤਾਰ ਮਾਮੇ ਵੱਲ ਵੇਖਿਆ ਉਸ ਦੀਆਂ ਨਜ਼ਰਾਂ 'ਚ ਤਰਲਾ ਛੁਪਿਆ ਹੋਇਆ ਸੀ । ਤੇ ਨਾਲ-ਨਾਲ ਮਾਮੇ ਦੀ ਹਰਕਤ ਨੇ ਉਸ ਨੂੰ ਵੀ ਸ਼ਰਮਿੰਦਾ ਕੀਤਾ ਹੋਇਆ ਸੀ। ਸਾਰੀ ਰਾਤ ਮੈਂ ਸੋ ਨਾ ਸਕੀ। ਜਦ ਅੱਖਾਂ ਮੀਟਦੀ ਮੈਨੂੰ ਕੋਈ ਮੇਰਾ ਰੇਪ ਕਰਦਾ ਹੀ ਨਜ਼ਰ ਆਉਂਦਾ। ਅਸਲੀਅਤ 'ਚ ਸਰੀਰਕ ਤੌਰ 'ਤੇ ਮੈਂ ਰੇਪ ਹੋਣ ਤੋਂ ਬਚ ਗਈ ਸੀ ਪਰ ਮਾਨਸਿਕ ਤੌਰ 'ਤੇ ਮੇਰਾ ਰੇਪ ਹੋ ਚੁੱਕਿਆ ਸੀ। ਉਹ ਵੀ ਲੋਕਾਂ ਹੱਥੋ ਨਹੀਂ.... ਮੇਰੇ ਆਪਣਿਆਂ ਹੱਥੋਂ। ਇੰਨਾਂ ਆਖ ਉਹ ਫਿਰ ਢੂੰਗੀਆਂ ਸੋਚਾਂ 'ਚ ਡੁੱਬ ਗਈ।

''ਇਸ ਵਾਰ ਵੀ ਤੁਸੀਂ ਫਿਰ ਕਿਸੇ ਨੂੰ ਨਹੀਂ ਦੱਸਿਆ ਇਸ ਘਟਨਾਂ ਬਾਰੇ?''

''ਨਹੀਂ, ਮੈਂ ਨਹੀਂ ਦੱਸ ਸਕੀ। ਕਿਉਂਕਿ ਜਿਸ ਸਮਾਜ 'ਚ ਮੈ ਪਲੀ ਵੜੀ ਸੀ ਉਹ ਸਮਾਜ ਇਸ ਤਰ੍ਹਾਂ ਦਾ ਸੀ ਕਿ ਚਾਹੇ ਜੋ ਮਰਜ਼ੀ ਹੋ ਜਾਏ ਆਖਿਰ ਗਲਤੀ ਔਰਤ ਦੀ ਹੀ ਕੱਢੀ ਜਾਂਦੀ ਸੀ । ਉਦੋਂ ਵੀ ਤੇ ਅੱਜ ਵੀ ।''

''ਹਾਂ ਤੁਸੀਂ ਸਹੀ ਕਹਿ ਰਹੇ ਹੋ, ਮੈਂ ਸਹਿਮਤ ਹਾਂ ਇਸ ਗੱਲ ਨਾਲ ਬਹੁਤ ਸਾਰੇ ਲੋਕ ਆਪਣੇ ਪੁੱਤਰ ਦੀਆਂ ਗਲਤੀਆਂ ਕੱਢਣ ਦੀ ਬਜਾਏ ਦੂਸਰੇ ਦੀ ਧੀ ਨੂੰ ਅੰਦਰ ਡੱਕ ਕੇ ਰੱਖਣ ਦੀ ਸਲਾਹ ਦਿੰਦੇ ਹਨ ।'' ਕੈਲਾਸ਼ ਨੇ ਲੰਬਾ ਹੌਕਾ ਲਿਆ ਤੇ ਮੇਰੇ ਵੱਲ ਵੇਖਣ ਲੱਗ ਗਈ।

''ਕੀ ਗੱਲ ਕੈਲਾਸ਼ ਜੀ ਕੀ ਵੇਖ ਰਹੇ ਹੋ?''

''ਕੁੱਝ ਨਹੀ, ਬੱਸ ਸੋਚਦੀ ਹਾਂ ਕਿ ਤੂੰ ਮੇਰੇ ਲਈ ਅਣਜਾਣ ਕੁੜੀ ਏ ਇੱਕਦਮ ਅਜ਼ਨਬੀ ਤੇ ਮੈਂ ਆਪਣੇ ਸਾਰੇ ਦੁੱਖ ਇੱਕ-ਇੱਕ ਕਰਕੇ ਮੈਲੇ ਕੱਪੜਿਆਂ ਵਾਂਗ ਤੇਰੇ ਅੱਗੇ ਫੋਲ ਰਹੀ ਹਾਂ।''

''ਮੇਰੇ 'ਤੇ ਭਰੋਸਾ ਰੱਖੋ ਮੈਂ ਕਿਸੇ ਨਾਲ ਕੋਈ ਗੱਲ ਨਹੀਂ ਕਰਾਂਗੀ। ਤੁਸੀਂ ਅੱਜ ਇਹ ਤਨ ਦੇ ਸਾਰੇ ਮੈਲੇ ਕੱਪੜੇ ਲਾਹ ਕੇ ਪਰ੍ਹਾਂ ਵਗਾਹ ਮਾਰੋ ਤੇ ਆਪਣੇ ਇਨ੍ਹਾਂ ਪਵਿੱਤਰ ਹੰਝੂਆਂ 'ਚ ਨਹਾ ਕੇ ਇੱਕ ਦਮ ਤਰੋ-ਤਾਜਾ ਹੋ ਜਾਓ। ਮੈਂ ਤੁਹਾਨੂੰ ਇਸੇ ਲਈ ਰੋਣ ਤੋਂ ਨਹੀਂ ਰੋਕਦੀ । ਇਹ ਹੰਝੂ ਨਹੀਂ ਤੁਹਾਡਾ ਗ਼ਮ ਹੈ ਜੋ ਬਹੁਤ ਸਾਲਾਂ ਤੋਂ ਤੁਸੀਂ ਆਪਣੀ ਬੁੱਕਲ 'ਚ ਲੁੱਕੋ ਕੇ ਬੈਠੇ ਹੋ।

ਅਗਾਂਹ ਫਿਰ ਤੁਸੀਂ ਇੱਥੇ ਕਿਸ ਤਰ੍ਹਾਂ ਆਏ ਇੰਗਲੈਂਡ ਵਿੱਚ ਕੈਲਾਸ਼ ਜੀ ?

''ਸਤਾਰਾਂ ਸਾਲਾਂ ਦੀ ਹੋਈ ਤਾਂ ਭੂਆ ਨੇ ਆਪਣੇ ਸੋਹਰਿਆਂ ਦੇ ਰਿਸ਼ਤਿਆਂ 'ਚ ਹੀ ਰਿਸ਼ਤਾ ਕਰਾ ਦਿੱਤਾ। ਅਖੇ ਮੁੰਡਾ ਵਲੈਤੋਂ ਆਇਆ ਹੈ। ਕਹਿੰਦੀ ਦੋ ਚਾਰ ਸਾਲ ਕੁੜੀ ਤੋਂ ਵੱਡਾ ਹੈ ਪਹਿਲਾਂ ਇੱਕ ਵਾਰ ਗੋਰੀ ਨਾਲ ਵਿਆਹ ਕਰਾ ਕੇ ਪੱਕਾ ਵੀ ਹੋਇਆ ਹੈ। ਬੀਜੀ ਕਹਿੰਦੀ ਇਹ ਕਹਿੜੀ ਗੱਲ ਹੈ ਨਾਲੇ ਪ੍ਰੋਹਣਾ ਕੁੜੀ ਤੋਂ ਵੱਡਾ ਹੀ ਚਾਹੀਦਾ ਹੈ। ਫਿਰ ਕੀ ਸੀ ਵਲੈਤੀ ਬਾਬੂ ਨਾਲ ਦੋ ਸਾਲ ਫੋਟੋ ਦੇਖ ਕੇ ਹੀ ਮੰਗੀ ਰਹੀ ਤੇ ਉਨੀਆਂ ਦੀ ਹੋਣ 'ਤੇ ਵਿਆਹ ਦਿੱਤੀ। ਵਲੈਤੀਏ ਨੇ ਫੋਟੋ ਜਵਾਨੀ ਵਾਰੇ ਦੀ ਭੇਜੀ ਸੀ ਤੇ ਆਪ ਉਹ ਉਸ ਸਮੇਂ ਚਾਲੀਆਂ ਸਾਲਾ ਦਾ ਸੀ । ਜਦ ਮਾਂ ਨੂੰ ਪਤਾ ਲੱਗਾ ਤਾਂ ਬੜਾ ਵਿਲਕੀ.... ਭੂਆ ਨੂੰ ਵੀ ਗਾਲਾਂ ਕੱਢੀਆਂ ਪਰ ਕੀ ਹੋ ਸਕਦਾ ਸੀ ਸੰਜੋਗ ਸੀ..... ਵਲੈਤੀਆ ਤਿੰਨ ਕੁ ਮਹੀਨਿਆਂ 'ਚ ਹੀ ਮੈਨੂੰ ਇੱਥੇ ਇੰਗਲੈਂਡ ਲੈ ਆਇਆ।

''ਤੁਹਾਡੇ ਹਸਬੈਂਡ ਦਾ ਸੁਭਾਅ ਚੰਗਾ ਹੈ?'' ਹੁਣ ਕਿੱਥੇ ਹਨ ਉਹ? ਤੁਹਾਡੇ ਨਾਲ ਨਹੀਂ ਰਹਿੰਦੇ?''

''ਹਾਂ ਸਭਾਅ ਚੰਗਾ ਸੀ । ਹਫਤੇ 'ਚ ਇੱਕ-ਦੋ ਦਿਨ ਕੰਮ ਕਰਦਾ ਬਾਕੀ ਦਿਨ ਸ਼ਰਾਬ ਪੀ ਕੇ ਘਰੇ ਪਿਆ ਰਹਿੰਦਾ।''

''ਤੇ ਤੁਹਾਡੀਆਂ ਜ਼ਰੂਰਤਾਂ?''

''ਕਿਹੜੀਆਂ ਜ਼ਰੂਰਤਾਂ ਦੀ ਗੱਲ ਕਰ ਰਹੀ ਹੈ? ਤਨ ਦੀਆਂ ਧਨ ਦੀਆਂ ਜਾਂ ਮਨ ਦੀਆਂ?''

ਉਸ ਨੇ ਮੁਸਕਰਾਉਂਦੇ ਹੋਏ ਮੇਰੇ ਸਵਾਲ 'ਤੇ ਇੱਕ ਹੋਰ ਸਵਾਲ ਖੜ੍ਹਾ ਕਰ ਦਿੱਤਾ।

''ਸਾਰੀਆਂ ਜ਼ਰੂਰਤਾਂ।''

''ਮੈ ਪਾਰਟ ਟਾਈਮ ਨਰਸਿੰਗ ਹੋਮ 'ਚ ਹੈਲਥ ਕੇਅਰ ਅਸਿਸਟੈਂਟ ਦਾ ਕੰਮ ਸ਼ੁਰੂ ਕਰ ਦਿੱਤਾ ਸੀ ਉਸ ਨਾਲ ਗੁਜ਼ਾਰਾ ਹੋਈ ਜਾਂਦਾ ਸੀ ।'' ਸਾਲ ਆਈ ਨੂੰ ਹੋ ਗਿਆ ਸੀ ਹੁਣ ਮਨ ਤਾਂ ਮਰ ਹੀ ਗਿਆ ਸੀ ਤੇ ਰਹੀ ਗੱਲ ਤਨ ਦੀ ਜ਼ਰੂਰਤ ਦੀ ਉਹ ਮਹਿਸੂਸ ਹੀ ਨਹੀਂ ਹੁੰਦੀ ਸੀ। ਉਹ ਲੋਕ ਬੇਵਕੂਫ ਹਨ ਜੋ ਇਹ ਸੋਚਦੇ ਹਨ ਕਿ ਔਰਤ ਸੈਕਸ ਤੋਂ ਬਿਨ੍ਹਾਂ ਨਹੀਂ ਜੀਅ ਸਕਦੀ ਰੋਟੀ ਬਿਨ੍ਹਾਂ ਜੀਅ ਸਕਦੀ ਹੈ। ਤੂੰ ਵੀ ਉਹ ਕਹਾਵਤ ਸੁਣੀ ਹੋਵੇਗੀ । ਉਹ ਬਿਲਕੁੱਲ ਗਲਤ ਹੈ । ਇਹੋ ਜਿਹੇ ਲੋਕ ਔਰਤ ਦਾ ਕਰੈਕਟਰ ਖਰਾਬ ਕਰ ਦਿੰਦੇ ਹਨ। ਔਰਤ ਜਿੰਨਾਂ ਕੋਈ ਵਿਸ਼ਾਲ ਨਹੀਂ ਹੈ, ਔਰਤ ਬਹੁਤ ਕੁਝ ਸਹਿ ਸਕਦੀ ਹੈ। ਔਰਤ ਨੂੰ ਤਨ ਦੀ ਭੁੱਖ ਨਾਲੋਂ ਮਨ ਦੀ ਭੁੱਖ ਜ਼ਿਆਦਾ ਹੁੰਦੀ ਹੈ। ਜੇ ਉਸ ਦੇ ਮਨ ਦੀ ਪੀੜ੍ਹ ਸਮਝਣ ਵਾਲਾ ਕੋਈ ਮਿਲ ਜਾਏ ਤਾਂ ਔਰਤ ਤਨ ਦੀ ਭੁੱਖ ਦਾ ਸੋਚਦੀ ਹੀ ਨਹੀਂ।''

''ਹਾਂ ਸੱਚ ਕਹਿ ਰਹੇ ਹੋ ਤੁਸੀਂ, ਇਹ ਸਭ ਮੈਂ ਤੁਹਾਡੀਆਂ ਕਹਾਣੀਆਂ 'ਚ ਵੀ ਪੜ੍ਹਿਆ ਹੈ ਤੁਸੀਂ ਜਿੰਨਾਂ ਵਧੀਆ ਔਰਤ ਬਾਰੇ ਲਿਖਿਆ ਹੈ ਸ਼ਾਇਦ ਹੀ ਹੋਰ ਕੋਈ ਇੰਨਾਂ ਵਧੀਆ ਲਿੱਖ ਸਕਦਾ।'' ''ਤੁਹਾ-ਡੇ ਹਸਬੈਂਡ ਹੁਣ ਕਿੱਥੇ ਨੇ?''

''ਸੋਰੀ ਮੈਂ ਇਸ ਸਵਾਲ ਦਾ ਜਵਾਬ ਦੇਣਾ ਭੁੱਲ ਗਈ ਸੀ ।''

''ਤਕਰੀਬਨ 10 ਸਾਲ ਹੋ ਗਏ ਹੋਣੇ ਸਾਨੂੰ ਅਲੱਗ ਹੋਇਆਂ ਨੂੰ, ਉਹ ਆਪਣੇ ਵੱਖਰੇ ਘਰ ਵਿੱਚ ਆਪਣੇ ਮਾਂ-ਪਿਓ ਨਾਲ ਰਹਿੰਦਾ ਹੈ ਹੋਰ ਟਾਉਨ ਵਿੱਚ। ਮੈਂ ਤੇ ਦੱਸ ਸਾਲਾਂ ਤੋ ਉੱਪਰ ਹੋ ਗਿਆ ਮੁੜ ਉਸ ਨੂੰ ਕਦੇ ਦੇਖਿਆ ਨਹੀਂ। ਮੈਂ ਤੇ ਮੇਰਾ ਬੇਟਾ ਹੀ ਇੱਥੇ ਰਹਿੰਦੇ ਹਾਂ। ਮੈਂ ਆਪਣੀ ਇਸ ਲਿਖਤ-ਪੜ੍ਹਤ ਦੀ ਨੌਕਰੀ ਤੋਂ ਬਿਨ੍ਹਾਂ ਸ਼ੋਸ਼ਲ ਐਂਡ ਹੈਲਥ ਕੇਅਰ ਅਸਿਸਟੈਂਟ ਦੀ ਵੀ ਪਾਰਟ ਟਾਈਮ ਜੌਬ ਕਰਦੀ ਹਾਂ । ਮੇਰਾ ਬੇਟਾ ਮੇਰੇ ਲਈ ਸਭ ਕੁਝ ਹੈ.... ਮੇਰੀ ਦੁਨੀਆਂ ਉਸ ਤੋਂ ਸ਼ੁਰੂ ਹੁੰਦੀ, ਉਸ 'ਤੇ ਹੀ ਮੁੱਕ ਜਾਂਦੀ ਹੈ। ਬਸ ਆਹ ਸਾਲ ਉਹ ਆਪਣੀ ਡਿਗਰੀ ਕੰਪਲੀਟ ਕਰ ਕੇ ਵਾਪਸ ਘਰ ਆ ਜਾਵੇਗਾ ਤੇ ਦਾਰ ਜੀ ਦੀ ਮੌਤ ਤੋਂ ਬਾਅਦ ਤਕਰੀਬਨ ਮੇਰੀ ਮਾਂ ਵੀ ਹਰ ਸਾਲ ਆ ਜਾਂਦੀ ਹੈ ਇੱਥੇ ਮੇਰੇ ਕੋਲ।

ਆਪਣੇ ਡਿਵੋਰਸ ਦੀ ਗੱਲ ਦੱਸਦਿਆਂ ਉਸ ਨੂੰ ਕੋਈ ਦੁੱਖ ਨਹੀਂ ਸੀ ਸਗੋਂ ਇੱਕ ਸਕੂਨ ਜਿਹਾ ਸੀ ਜਿਸ ਤਰ੍ਹਾਂ ਕੋਈ ਮਾੜੀ ਚੀਜ਼ ਗਲੋ ਲਿੱਥਣ ਬਾਅਦ ਬੰਦਾ ਹਲਕਾ-ਹਲਕਾ ਮਹਿਸੂਸ ਕਰਦਾ ਹੈ।

ਚਲਦਾ....

– ਲੇਖਕ –
ਗਿ: ਗੁਰਬਖਸ਼ ਸਿੰਘ ਗੁਲਸ਼ਨ
ਸੰਪਰਕ ਲਈ:
+44 7956 302743

# ਗੁਰੂ ਅੰਗਦ ਗੁਰ ਅੰਗੁ ਤੇ



ਗੁਰਦੁਆਰਾ ਤਪ ਅਸਥਾਨ ਗੁਰੂ ਅੰਗਦ ਦੇਵ ਸਾਹਿਬ ਜੀ, ਖਡੂਰ ਸਾਹਿਬ

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

**ਕਿਸ਼ਤ 20**

## ਸੱਚੀ ਪਾਤਿਸ਼ਾਹੀ

ਗੁਰੂ ਅੰਗਦ ਸਾਹਿਬ ਕਰਤਾਰਪੁਰ ਵਿਖੇ ਜਦੋਂ ਆਪ ਨੇ ਹਜ਼ੂਰ ਦੇ ਦੀਦਾਰ ਕਰਦਿਆਂ ਆਪਣਾ ਜੀਵਨ ਸਮਰਪਿਤ ਕਰ ਦਿੱਤਾ ਅਰ ਗੁਰਮਤ ਦੀ ਸੋਝੀ ਅਨੁਸਾਰ ਇਕ ਅਜਿਹਾ ਸਿੱਖ ਬਣਨ ਦੀ ਭਾਵਨਾ ਲੈ ਕੇ ਚੱਲੇ ਜੋ ਸਤਿਗੁਰਾਂ ਨੂੰ ਪ੍ਰਵਾਨ ਹੋ ਜਾਵੇ। ਉਨ੍ਹਾਂ ਜੋ ਸੇਵਾ ਵੀ ਲਾਈ ਬਿਨਾਂ ਕਿਸੇ ਹੀਲ-ਹੁੱਜਤ ਦੇ ਫ਼ੌਰਨ ਨਿਭਾਈ; ਚੰਗੇ ਮੰਦੇ ਦੀ ਕੋਈ ਵਿਚਾਰ ਨਹੀਂ ਸੀ ਅਰ ਇਸ ਤਰਹ ਚਲਦਿਆਂ ਬਾਕੀ ਕੀਹ ਸੋਚਦੇ ਹਨ ਇਸ ਦੀ ਕੋਈ ਪ੍ਰਵਾਹ ਨਹੀਂ ਸੀ। ਜਿਵੇਂ ਆਪ ਜੀ ਨੇ ਅਜਿਹੇ ਆਸ਼ਕ ਬਾਰੇ ਫਿਰ ਦੱਸਿਆ:

**ਮਹਲਾ 2॥ ਏਹ ਕਿਨੇਹੀ ਆਸਕੀ**
**ਦੂਜੈ ਲਗੈ ਜਾਇ॥**
**ਨਾਨਕ ਆਸਕੁ ਕਾਂਢੀਐ**
**ਸਦ ਹੀ ਰਹੈ ਸਮਾਇ॥**
**ਚੰਗੈ ਚੰਗਾ ਕਰਿ ਮੰਨੇ ਮੰਦੈ ਮੰਦਾ ਹੋਇ॥**
**ਆਸਕੁ ਏਹੁ ਨ ਆਖੀਐ**
**ਜੇ ਲੇਖੈ ਵਰਤੈ ਸੋਇ॥1॥**

ਗ.ਗ੍ਰ.ਸਾ. ਪੰਨਾ 474

ਲੇਕਿਨ ਕਰਤਾਰ ਨੂੰ ਤਾਂ ਕੁਝ ਹੋਰ ਹੀ ਮਨਜ਼ੂਰ ਸੀ। ਇਹ ਅਹਿਸਾਸ ਹੁੰਦਿਆਂ ਤਾਂ ਗੁਰੂ ਨਾਨਕ ਸਾਹਿਬ ਵੀ ਕਰਤਾਰ ਤੋਂ ਬਲਿ-ਹਾਰ ਗਏ।ਸਾਹਿਬਜ਼ਾਦਿਆਂ ਦੇ ਇਨਕਾਰ ਕਰਨ 'ਤੇ ਗੁਰੂ-ਹੁਕਮ ਦੀ ਪਾਲਨਾ ਕਰਦਿਆਂ ਰੇਸ਼ਮੀ ਕਪੜਿਆਂ ਸਮੇਤ ਗੰਦੇ ਪਾਣੀ ਦੇ ਚਲ੍ਹੇ ਵਿਚ ਉੱਤਰ ਕੇ ਜਦੋਂ ਸ੍ਰੀ ਲਹਿਣਾ ਜੀ ਕਟੋਰਾ ਕੱਢ ਕੇ ਧੋ ਕੇ ਲਿਆ ਰਹੇ ਸਨ ਤਾਂ ਗੁਰੂ-ਬਾਬਾ ਜੀ ਕਰਤਾਰ ਨੂੰ ਹੱਥ ਜੋੜ ਕੇ ਬਲਿਹਾਰ ਗਏ ਅਰ ਫਿਰ ਇਨ੍ਹਾਂ ਨੂੰ ਲਿੱਬੜੇ ਕਪੜਿਆਂ ਨਾਲ ਹੀ ਸੀਨੇ ਲਾ ਲਿਆ। ਮਹਾਂਕਵੀ ਜੀ ਅਨੁਸਾਰ:

ਗੁਰਸਿਖੀ ਤਿਖੀ ਅਸਿ ਹੂੰ ਤੇ।
(ਤਲਵਾਰ ਤੋਂ ਤਿੱਖੀ ਗੁਰਸਿੱਖੀ ਤੇ)
ਧੰਨ ਸੇ ਨਰ ਜਿ ਜਾਇ ਪਹੂੰਚੇ।
(ਚਲ ਕੇ ਜੋ ਸਫ਼ਲ ਹੋਏ ,ਧੰਨ ਹਨ)
ਅਧਿਕ ਪ੍ਰਸੀਦੇ ਕ੍ਰਿਪਾ ਨਿਧਾਨਾ।
(ਕ੍ਰਿਪਾਲੂ ਸਤਿਗੁਰੂ ਬਹੁਤ ਖ਼ੁਸ਼ ਹੋਏ)
ਮ੍ਰਿਦੁਲ ਸੁਮਤਿ ਸੋਂ ਬਚਨ ਬਖਾਨਾ।48॥
(ਮਿੱਠੇ ਬਚਨ ਕਰਦਿਆਂ)
ਦੋਹਰਾ॥ ਕਰ ਜੋਰੇ ਕਰਤਾਰ ਕੋ,
(ਕਰਤਾਰ ਨੂੰ ਹੱਥ ਜੋੜ ਕੇ)
ਬੰਦਨ ਕਰਿ ਸਿਰ ਨਿਆਇ।
(ਸਿਰ ਨਿਵਾਇਆ ਅਰ ਲਹਿਣਾ ਜੀ ਨੂੰ ਕਿਹਾ)
'ਤਵ ਸਮਤਾ ਨਹਿੰ ਅਪਰ ਮਹਿੰ'
('ਤੇਰੀ ਬਰਾਬਰੀ ਕਿਸੇ ਕੋਲ ਨਹੀਂ')
ਅਤਿ ਉਤੰਗ ਪਦ ਪਾਇੰ'।49॥53॥
(ਤੂੰ ਬਹੁਤ ਉੱਚਾ ਪਦ/ਸਥਾਨ ਪਾਵੇਂਗਾ)
ਨਾਨਕ ਪ੍ਰਕਾਸ਼ ਉਤਰਾਰਧ

ਮਹਾਂਕਵੀ ਜੀ ਦੇ ਲਫ਼ਜ਼ਾਂ ਵਿਚ 'ਤਵ ਸਮਤਾ ਨਹਿੰ ਅਵਰ ਮਹਿੰ ਅਤਿ ਉਤੰਗ ਪਦ ਪਾਇੰ' ਕਹਿੰਦਿਆਂ ਪਾਵਨ ਸ੍ਰੀ ਲਹਿਣਾ ਜੀ ਨੂੰ ਆਪਣੇ ਸੀਨੇ ਨਾਲ ਲਾ ਲਿਆ ਅਰ 'ਉਤੰਗ ਪਦ' ਲਈ ਲੋੜੀਂਦੀ ਤਿਆਰੀ ਕਰਵਾਉਣ ਲੱਗ ਪਏ। ਇਸ ਗੁਹਜ ਰਮਜ਼ ਦੇ ਜਾਣੂੰ ਕੇਵਲ ਆਪ ਹੀ ਸਨ ਨਾ ਕਿਸੇ ਸਿੱਖ ਅਰ ਨਾ ਹੀ ਕਿਸੇ ਸਾਹਿਬਜ਼ਾਦੇ ਨੂੰ ਇਸ ਦੀ ਭਿਣਕ ਸੀ, ਉਨ੍ਹਾਂ ਦੀਆਂ ਕੇਵਲ ਉਹ ਹੀ ਜਾਣਦੇ ਸਨ।ਫਿਰ ਅਖ਼ੀਰਲੇ ਕੌਤਕ -ਸਿੱਖਾਂ ਪੁਤ੍ਰਾਂ ਦੇ ਘੋਖਣ ਦੇ ਅੰਤਮ ਯਤਨ ਸਮੇਂ- ਜਦੋਂ ਕੇਵਲ ਸ੍ਰੀ ਲਹਿਣਾ ਜੀ ਹੀ ਪੁੱਗੇ ਤਾਂ ਆਪ ਜੀ ਨੇ ਭਾਈ ਬੁੱਢੇ ਦੀ ਮੌਜੂਦਗੀ ਵਿਚ ਫਿਰ ਸੀਨੇ ਨਾਲ ਲਾ ਕੇ ਆਖਿਆ, 'ਪੁਰਖਾ ਜੀ, ਬੱਸ! ਅੱਜ ਤੁਸੀਂ ਲਹਿਣਾ ਤੋਂ ਅੰਗਦ ਹੋ ਗਏ ਹੋ, ਸੇਵਕ ਤੋਂ ਸਾਹਿਬ ਹੋ ਗਏ ਹੋ' ਪਰ, ਪਾਵਨ ਸ੍ਰੀ ਲਹਿਣਾ ਜੀ ਇਨ੍ਹਾਂ ਸਾਰੀਆਂ ਘਟਨਾਵਾਂ 'ਤੇ ਹੈਰਾਨ ਸਨ। ਆਪ ਜੀ ਨੂੰ ਕੁਝ ਵੀ ਸੁਝ ਨਹੀਂ ਸੀ ਰਿਹਾ ਕਿ ਗੁਰਦੇਵ ਜੀ ਏਵੇਂ ਕਿਉਂ ਕਰ ਰਹੇ ਹਨ। ਧਰਮਸਾਲ ਆ ਕੇ ਜਦੋਂ ਸਾਰੀ ਸੰਗਤ ਦੀ ਹਾਜ਼ਰੀ ਵਿਚ ਪਾਵਨ ਸ੍ਰੀ ਅੰਗਦ ਜੀ ਨੂੰ ਆਪਣੀ ਥਾਂ 'ਤੇ ਬੈਠਾ ਗੁਰਿਆਈ ਸੌਂਪਦਿਆਂ 'ਧੰਨ ਗੁਰੂ ਅੰਗਦ ਦੇਵ ਸਾਹਿਬ' ਕਹਿ ਕੇ ਪ੍ਰਕਰਮਾ ਕਰ ਕੇ ਦੀਨ-ਦੁਨੀ ਦੇ ਵਾਲੀ ਨੇ ਮੱਥਾ ਟੇਕਿਆ ਤਾਂ ਉਸ ਸਮੇਂ ਹੱਦ ਹੋ ਗਈ। ਭਾਈ ਨੰਦ ਲਾਲ ਗੋਯਾ ਦੀ ਦ੍ਰਿਸ਼ਟੀ ਵਿਚ ਅੱਜ ਸਾਜਦ (ਮੱਥਾ ਟੇਕਣ ਵਾਲਾ) ਮਸਜੂਦ (ਜਿਸ ਨੂੰ ਮੱਥਾ ਟੇਕਿਆ ਜਾਏ) ਹੋ ਗਿਆ:

ਸਲਤਨਤੇ ਦੋਇਮਸ਼ ਅੱਵਲ ਮੁਰੀਦੇ ਸਾਜਦ ਵ ਆਖ਼ਿਰ ਮੁਰਸ਼ਿਦੇ ਮਸਜੂਦਸ਼। {(ਗੁਰੂ ਨਾਨਕ ਦੇਵ ਜੀ ਦੀ ਦੂਜੀ ਪਾਤਸ਼ਾਹੀ ਗੁਰੂ ਅੰਗਦ ਦੇਵ ਜੀ) ਪਹਿਲਾਂ ਬੰਦਨਾ ਕਰਨ ਵਾਲਾ ਸੇਵਕ ਅੰਤ ਨੂੰ ਬੰਦਨਾ ਕਰਨ ਯੋਗ (ਗੁਰੂ) ਹੋਇਆ।}

...ਦਰ ਮਅਨੀ ਯਕੇ ਵ ਦਰ ਸੂਰਤ ਦੋ ਮਸ਼ਅਲ-ਇ ਜਾਂ ਅਫ਼ਰੋਜ਼।{ਦਰ ਅਸਲ (ਗੁਰੂ ਨਾਨਕ ਜੋਤਿ) ਇਕ ਹੀ ਹੈ ਭਾਵੇਂ ਬਾਹਰੀ ਸੂਰਤਾਂ ਦੋ, ਜਾਨ ਤੇ ਆਤਮਾ ਨੂੰ ਨੂਰੋ-ਨੂਰ ਕਰਨ ਵਾਲੀਆਂ ਮਸ਼ਾਲਾਂ।}

ਵ ਦਰ ਹਕੀਕਤ ਅਹਦ ਵ ਬਜ਼ਾਹਰ ਦੋ ਸ਼ੁਅਲਾ-ਇ ਮਾ ਸਿਵਾ ਅਲਹੱਕ ਸੋਜ਼।..54॥ {ਅਸਲ ਵਿਚ ਇਕੋ ਅਤੇ ਪਰਗਟ ਤੌਰ 'ਤੇ ਇਹ ਦੋਵੇਂ ਨੂਰੀ-ਚੰਗਿਆੜੇ ਸੱਚ ਤੋਂ ਬਿਨਾਂ ਹੋਰ ਸਭ ਕਾਸੇ (ਭਰਮ ਅਤੇ ਦੁਈ ਆਦਿ) ਨੂੰ ਸਾੜ ਦੇਂਦੇ ਹਨ।} ਗੰਜਨਾਮਹ, ਸਲਤਨਤ ਦੋਇਮ

ਬਾਬਾ ਲਹਿਣਾ ਜੀ ਸਾਜਦ ਬਣਨ ਆਏ ਸਨ, ਮਸਜੂਦ ਨਹੀਂ; ਸੇਵਕ ਬਣਨ ਆਏ ਸਨ ਸਾਹਿਬ ਨਹੀਂ; ਸਿੱਖ ਬਣਨ ਆਏ ਸਨ ਸਤਿਗੁਰੂ ਨਹੀਂ ਪਰ, ਸਾਜਦ/ ਸੇਵਕ/ ਸਿੱਖ ਗੁਰੂ ਨਾਨਕ ਸਾਹਿਬ ਦੀ ਕਿਰਪਾ ਸਦਕਾ ਇਕ ਦਿਨ ਮਸਜੂਦ/ ਸਾਹਿਬ/ ਸਤਿਗੁਰੂ ਹੋ ਗਏ, ਉਨ੍ਹਾਂ ਦੇ ਰਾਜ ਦੇ ਛਤ੍ਰਧਾਰੀ ਬਣ ਗਏ। ਰਾਇ ਬਲਵੰਡ ਜੀ:

**ਨਾਨਕਿ ਰਾਜੁ ਚਲਾਇਆ**
**ਸਚੁ ਕੋਟੁ ਸਤਾਣੀ ਨੀਵ ਦੈ॥**
**ਲਹਣੇ ਧਰਿਓਨੁ ਛਤੁ ਸਿਰਿ**
**ਕਰਿ ਸਿਫਤੀ ਅੰਮ੍ਰਿਤੁ ਪੀਵਦੈ॥**
**ਮਤਿ ਗੁਰ ਆਤਮਦੇਵ ਦੀ**
**ਖੜਗਿ ਜੋਰਿ ਪਰਾਕੁਇ ਜੀਅਦੈ॥**
**ਗੁਰਿ ਚੇਲੇ ਰਹਰਾਸਿ ਕੀਈ**
**ਨਾਨਕ ਸਲਾਮਤਿ ਥੀਵਦੈ॥**
**ਸਹਿ ਟਿਕਾ ਦਿਤੋਸੁ ਜੀਵਦੈ॥1॥**

ਗ.ਗ੍ਰ.ਸਾ. ਪੰਨਾ 966

ਗੁਰੂ ਦੀ ਪਾਰਸੀ ਛੁਹ ਨਾਲ ਲਹਿਣਾ ਤੋਂ ਅੰਗਦ; ਲਹਿਰ ਤੋਂ ਸਮੁੰਦਰ; ਚੇਲੇ ਤੋਂ ਗੁਰੂ; ਫ਼ਲ ਤੋਂ ਬਿਰਖ ਅਰ ਪੁਤ ਪਿਤਾ ਨਾਲ ਅਭੇਦ ਹੋ ਗਏ।ਭਾਈ ਗੁਰਦਾਸ ਜੀ:

**ਅੰਗਹੁ ਅੰਗੁ ਉਪਾਇਓਨ**
**ਗੰਗਹੁ ਜਾਣੁ ਤਰੰਗ ਉਠਾਇਆ॥**
**ਗਹਿਰ ਗੰਭੀਰ ਗਹੀਰੁ ਗੁਣੁ**
**ਗੁਰਮੁਖਿ ਗੁਰੁ ਗੋਬਿੰਦੁ ਸਦਾਇਆ॥**
**ਦੁਖ ਸੁਖ ਦਾਤਾ ਦੇਣਿਹਾਰੁ**
**ਦੁਖ ਸੁਖ ਸਮਸਰਿ ਲੇਪੁ ਨ ਲਾਇਆ॥**
**ਗੁਰ ਚੇਲਾ ਚੇਲਾ ਗੁਰੂ**
**ਗੁਰੁ ਚੇਲੇ ਪਰਚਾ ਪਰਚਾਇਆ॥**
**ਬਿਰਖਹੁ ਫਲੁ ਫਲ ਤ ਬਿਰਖੁ**
**ਪਿਉ ਪੁਤਹੁ ਪੁਤੁ ਪਿਉ ਪਤੀਆਇਆ॥**
**ਪਾਰਬ੍ਰਹਮੁ ਪੂਰਨੁ ਬ੍ਰਹਮੁ**
**ਸਬਦੁ ਸੁਰਤਿ ਲਿਵ ਅਲਖ ਲਖਾਇਆ॥**
**ਬਾਬਾਣੇ ਗੁਰ ਅੰਗਦੁ ਆਇਆ॥5॥24॥**
**ਨਿਹਚਲੁ ਸਚਾ ਤਖਤੁ ਹੈ**
**ਅਬਿਚਲ ਰਾਜ ਨ ਹਲੈ ਹਲਿਆ॥**
**ਸਚੁ ਸਬਦੁ ਗੁਰਿ ਸਉਪਿਆ**
**ਸਚੁ ਟਕਸਾਲਹੁ**
**ਸਿਕਾ ਚਲਿਆ।8॥24॥**

## ਸੱਚੀ ਪਾਤਸ਼ਾਹੀ ਦੀ ਵਿਲੱਖਣ ਕਮਾਲ

ਸੱਚੀ ਪਾਤਸ਼ਾਹੀ ਦੀ ਇਕ ਕਮਾਲ ਹੋਰ ਹੋਈ, ਉਹ ਸੀ ਸੱਚੀ ਪਾਤਸ਼ਾਹੀ ਦਾ ਵਰਤਾਰਾ ਜੋ ਦੁਨਿਆਵੀ ਪਾਤਸ਼ਾਹੀ ਦੇ ਵਰਤਾਰੇ ਨਾਲੋਂ ਅੱਜ ਭਿੰਨ ਸੀ ਅਰ ਸਦਾ ਭਿੰਨ ਰਿਹਾ। ਦੁਨਿਆਵੀ ਪਾਤਸ਼ਾਹ ਅੱਵਲ ਤਾਂ ਆਪਣੇ ਜਿਉਂਦਿਆਂ ਵਾਰਸ ਨੂੰ ਗੱਦੀ ਦੇਂਦੇ ਨਹੀਂ ਸਨ ਜੇ ਦੇਂਦੇ ਸਨ ਤਾਂ ਕੇਵਲ ਪੁੱਤ੍ਰ ਨੂੰ; ਪੁੱਤ੍ਰ ਗੱਦੀ ਬੈਠ ਕੇ ਮਸੀਤ ਵਿਚ ਜਾ ਕੇ ਖ਼ਤੀਬ/ਕਾਜ਼ੀ ਕੋਲੋਂ ਆਪਣੇ ਨਾਂ ਦਾ ਖ਼ੁਤਬਾ ਪੜ੍ਹਵਾਉਂਦਾ; ਆਪਣੇ ਨਾਂ ਦੀ ਮੋਹਰ ਜਾਰੀ ਕਰਦਾ; ਆਪਣੇ ਨਾਂ 'ਤੇ ਸਿੱਕਾ ਜਾਰੀ ਕਰਦਾ ਪਰ, ਸੱਚੀ ਪਾਤਸ਼ਾਹੀ ਦੀ ਨਿਰਾਲੀ ਚਾਲ ਜੋ ਸਥਾਪਤ ਹੋਈ ਉਸ ਵਿਚ ਗੁਰੂ-ਬਾਬਾ ਜੀ ਨੇ ਜਿਉਂਦੇ ਜੀਅ ਆਪਣੇ ਵਾਰਿਸ ਨੂੰ ਟਿੱਕਿਆ ਜੋ ਪੁੱਤਰ ਨਹੀਂ ਕੇਵਲ ਸਿੱਖ ਸੀ; ਕਾਇਆਂ ਹੀ ਪਲਟੀ ਜੋਤ ਓਹਾ ਰਹੀ; ਸਿੱਕਾ/ਸਿਧਾਂਤ ਗੁਰੂ ਨਾਨਕ ਦਾ ਹੀ ਚਲਦਾ ਰਿਹਾ ਅਰ ਇਹ ਕੇਵਲ ਹੁਣ ਲਈ ਨਹੀਂ ਸਗੋਂ ਦਸਵੇਂ ਜਾਮੇ ਤੱਕ ਇਹੋ ਵਰਤਾਰਾ ਹੀ ਰਿਹਾ। ਭਾਈ ਗੁਰਦਾਸ ਜੀ:

**ਦੁਨਿਆਵੀ ਪਾਤਿਸਾਹੁ ਹੋਇ**
**ਦੇਇ ਮਰੈ ਪੁਤੈ ਪਾਤਿਸਾਹੀ।**
**ਦੋਹੀ ਫੇਰੈ ਆਪਣੀ ਹੁਕਮੀ**
**ਬੰਦੇ ਸਭ ਸਿਪਾਹੀ।**
**ਕੁਤਬਾ ਜਾਇ ਪੜਾਇਦਾ**
**ਕਾਜੀ ਮੁਲਾਂ ਕਰੇ ਉਗਾਹੀ।**
**ਟਕਸਾਲੈ ਸਿਕਾ ਪਵੈ**
**ਹੁਕਮੈ ਵਿਚਿ ਸੁਪੇਦੀ ਸਿਆਹੀ।**
**ਮਾਲੁ ਮੁਲਕੁ ਅਪਣਾਇਦਾ**
**ਤਖਤ ਬਖਤ ਚੜਹਿ ਬੇਪਰਵਾਹੀ।**
**ਬਾਬਾਣੈ ਘਰਿ ਚਾਲ ਹੈ**
**ਗੁਰਮੁਖਿ ਗਾਡੀ ਰਾਹੁ ਨਿਬਾਹੀ।**
**ਇਕ ਦੋਹੀ ਟਕਸਾਲ ਇਕ**
**ਕੁਤਬਾ ਤਖਤ ਸਚਾ ਦਰਗਾਹੀ।**
**ਗੁਰਮੁਖਿ ਸੁਖ ਫਲੁ**
**ਦਾਦਿ ਇਲਾਹੀ।31॥26॥**
**ਸੋ ਟਿਕਾ ਸੋ ਛਤ੍ਰ ਸਿਰਿ ਸੋਈ ਸਚਾ ਤਖਤ ਟਿਕਾਈ।ਗੁਰ ਨਾਨਕ ਹੰਦੀ ਮੁਹਰਿ ਹਥਿ ਗੁਰ ਅੰਗਦ ਦੀ ਦੋਹੀ ਫਿਰਾਈ।...46॥**

## ਸੇਲੀ-ਟੋਪੀ


ਇਥੇ ਇਹ ਨੁਕਤਾ ਵਿਚਾਰਨਾ ਵੀ ਯੋਗ ਹੈ ਕਿ ਗੁਰੂ ਅੰਗਦ ਸਾਹਿਬ ਜੀ ਨੂੰ ਗੁਰਿਆਈ ਸੌਂਪਣ ਸਮੇਂ ਜਗਤ-ਗੁਰੂ ਸਾਹਿਬ ਜੀ ਨੇ ਬਾਣੀ ਦੀ ਪੋਥੀ ਅਰ ਆਪਣੀ ਅਜ਼ਮਤ ਤੋਂ ਛੁੱਟ ਸੇਲੀ ਟੋਪੀ ਆਦਿ ਅਜੇਹੀ ਕੋਈ ਵਸਤੂ ਗੁਰੂ ਅੰਗਦ ਸਾਹਿਬ ਜੀ ਨੂੰ ਨਹੀਂ ਸੌਂਪੀ, ਨਾ ਹੀ ਅਜੇਹੀ ਕੋਈ ਰੀਤ ਬਾਦ ਵਿਚ ਗੁਰੂ-ਘਰ ਵਿਚ ਅਪਣਾਈ ਗਈ। ਇਹ ਸਾਨੂੰ ਕੇਵਲ ਉਦਾਸੀ ਸਾਧੂਆਂ ਦੀ ਤੋਰੀ ਰੀਤ ਹੀ ਜਾਪਦੀ ਹੈ ਜਿਸ ਨੂੰ ਇਨ੍ਹਾਂ ਨੇ ਗੁਰੂ ਸਾਹਿਬ-ਾਨ ਨਾਲ ਜੋੜਨ ਦਾ ਯਤਨ ਕੀਤਾ ਹੈ। ਪ੍ਰਿੰਸੀਪਲ ਸਤਿਬੀਰ ਸਿੰਘ ਜੀ ਅਨੁਸਾਰ ਵੀ:

ਗੁਰਗੱਦੀ ਸੌਂਪਣ ਦੀ ਜੋ ਮਰਯਾਦਾ ਗੁਰੂ ਨਾਨਕ ਜੀ ਨੇ ਬੰਨੀ, ਉਸ ਵਿਚ ਸੇਲੀ ਜਾਂ ਟੋਪੀ ਨੂੰ ਕੋਈ ਥਾਂ ਨਹੀਂ ਸੀ। ਇਹ ਉਦਾਸੀ ਮੱਤ ਦੀਆਂ ਆਰੰਭ ਦੀਆਂ ਰੀਤਾਂ ਸਨ ਜਿਨ੍ਹਾਂ ਨੂੰ ਕਾਹਲੀ ਨਾਲ ਕਿਸੇ ਗੁਰੂ-ਘਰ ਨਾਲ ਜੋੜ ਦਿੱਤਾ। ਸਪਸ਼ਟ ਗਵਾਹੀਆਂ ਹਨ ਕਿ ਪ੍ਰਸੰਨ ਹੋ ਕਰ ਬਾਣੀ ਦਾ ਖ਼ਜ਼ਾਨਾ ਗੁਰੂ ਅੰਗਦ ਦੇ ਹਵਾਲੇ ਕੀਤਾ।

ਚਲਦਾ.....

# ਪਾਕਿਸਤਾਨ ਚ ਹੁਣੇ ਜਿਹੇ ਆਯੋਜਿਤ ਹੋਈਆਂ ਦੋ ਅੰਤਰ ਰਾਸ਼ਟਰੀ ਪੰਜਾਬੀ ਕਾਨਫਰੰਸਾਂ ਵਿਚ ਵਾਪਰੀਆਂ ਕੁੱਝ ਘਟਨਾਵਾਂ ਦੀ ਝਲਕ

ਪ੍ਰੋ: ਸ਼ਿੰਗਾਰਾ ਸਿੰਘ ਢਿੱਲੋਂ
(M.A, M.PHIL, BJMC, B.ED)
ਮੋਬਾਈਲ:
07806945964



**ਕੁਫ਼ੜ ਕੁੜੀ ਤੇ ਜੱਗ ਢੰਡੋਰਾ**

ਇਹ ਘਟਨਾ 24/01/2025 ਸਵੇਰ ਵੇਲੇ ਦੀ ਹੈ 18/01/2025 ਲਾਹੌਰ ਦੇ ਪਾਕ ਹੈਰੀਟੇਜ ਹੋਟਲ ਚ ਠਹਿਰਨ ਤੋਂ ਤੁਰੰਤ ਬਾਅਦ ਮੈਂ ਆਪਣੇ ਕਮਰੇ ਚਇਸ਼ਨਾਨ ਕੀਤਾ, ਨਾਈਟ ਸੂਟ ਪਹਿਨਿਆ ਤੇ ਥੱਕਿਆ ਹੋਣ ਕਾਰਨ ਜਲਦੀ ਸੌਂ ਗਿਆ ਤਾਂ ਕਿ ਸਵੇਰੇ ਵੇਲੇ ਸਿਰ ਉਠਕੇ ਕਾਨਫਰੰਸ ਵਿੱਚ ਹਿੱਸਾ ਲੈ ਸਕਾਂ ।ਸਵੇਰੇ ਉਠਣ ਸਾਰ ਫਰੈਸ਼ ਹੋਇਆ ਤੇ ਸਵੇਰ ਦਾ ਨਾਸ਼ਤਾ ਕਰਨ ਉਪਰੰਤ ਕਾਨਫਰੰਸ਼ ਵਿਚ ਹਾਜਰ ਹੋਣ ਵਾਸਤੇ ਤਿਆਰ ਹੋ ਗਿਆ । ਇਸ ਤੋਂ ਪਹਿਲਾਂ ਕਿਕਾਨਫਰੰਸ ਵਿਚ ਹਾਜਰੀ ਲਗਾਵਾਂ, ਮੈਂ ਆਪਣੇ ਟਰੈਵਲ ਡਾਕੂਮੈਂਟ ਸਾਂਭਣੇ ਜਰੂਰੀ ਸਮਝੇ । ਆਪਣੇ ਪਹਿਲਾਂ ਪਹਿਨੇ ਕੱਪੜਿਆਂ ਦੀਆਂ ਜੇਬਾਂ ਫੋਲੀਆਂ, ਜਿਹਨਾਂ ਵਿਚੋਂ ਬਾਕੀ ਸਭ ਕਾਗਜਾਤ ਤਾਂ ਪਰਾਪਤ ਹੋ ਗਏ ਪਰ ਪਾਸਪੋਰਟ ਨਹੀਂ ਮਿਲਿਆ । ਪਾਸਪੋਰਟ ਲੱਭਣ ਵਾਸਤੇ ਪਹਿਲਾਂ ਪਹਿਨੇ ਕੱਪੜਿਆਂ ਦੀਆਂਜੇਬਾਂ ਦੀ ਵਾਰ ਵਾਰ ਫੋਲਾ ਫਾਲੀ ਕੀਤੀ ਤੇ ਬਾਦ ਵਿਚ ਦੋਵੇਂ ਸੂਟਕੇਸਾਂ ਦਾ ਪਤ ਪਤ ਛਾਣ ਮਾਰਿਆ, ਪਰ ਪਾਸਪੋਰਟ ਨਾ ਮਿਲਿਆ । ਹੋਟਲ ਮਾਲਕਾਂ ਨੂੰਰਿਪੋਰਟ ਕੀਤੀ ਤਾਂ ਉਹਨਾਂ ਨੇ ਵਾਘਾ ਸਰਹੱਦ ਤੋਂ ਲਾਹੌਰ ਹੋਟਲ ਤੱਕ ਲੈ ਕੇ ਆਈ ਕੋਚ ਦੇ ਡਰਾਈਵਰ ਨੂੰ ਫੋਨ ਕਰਕੇ ਕੋਚ ਚੈੱਕ ਕਰਨ ਲਈ ਕਿਹਾ, ਪਰਥੋਹੜੀ ਦੇਰ ਬਾਦ ਡਰਾਇਵਰ ਨੇ

ਫੋਨ ਕਰਕੇ ਕੋਚ ਵਿਚੋਂ ਕੁੱਝ ਵੀ ਪਰਾਪਤ ਨਾ ਹੋਣ ਬਾਰੇ ਦੱਸ ਦਿੱਤਾ, ਪਰੇਸ਼ਾਨੀ ਵਧੀ ਇਕ ਵਾਰ ਫਿਰ ਕਮਰੇ ਵਿਚ ਗਿਆਸੂਟ ਕੇਸ ਤੇ ਕੱਪੜੇ ਦੁਬਾਰਾ ਝਾੜਕੇ ਚੈੱਕ ਕੀਤੇ, ਪਰ ਗੱਲ ਨਾ ਬਣੀ, ਪੁਲਿਸ ਰਿਪੋਰਟ ਕਰਕੇ ਇਸਲਾਮਾਬਾਦ ਬ੍ਰਿਟਿਸ ਮਿਸ਼ਨ ਜਾਣ ਦਾ ਮਨ ਬਣਾਇਆ, ਇਸ ਬਾਰੇ ਹੋਟਲ ਮਾਲਿਕਾਂ ਨਾਲ ਗੱਲ ਕੀਤੀ ਤੇ ਉਹਨਾਂ ਕਿਹਾ ਕਿ ਥੋਹੜਾ ਸਮਾਂ ਇੰਤਜਾਰ ਕਰੋ, ਸਭ ਠੀਕ ਹੋ ਜਾਵੇਗਾ, ਤੁਹਾਡਾ ਪਾਸਪੋਰਟ ਮਿਲ ਜਾਵੇਗਾ, ਪਰ ਕਿੱਥੇ, ਪਰੇਸ਼ਾਨੀ ਵਧਦੀ ਹੀ ਜਾ ਰਹੀ ਸੀ । ਇਸ ਪਰੇਸ਼ਾਨੀ ਚ ਮੈਂ ਕਦੇ ਆਪਣੇ ਕਮਰੇ ਵਿਚ ਜਾਵਾਂ ਤੇ ਕਦੇ ਹੋਟਲ ਦੀ ਲਾਬੀ ਵਿਚ ਚਹਿਲ ਕਦਮੀ ਕਰਾਂ। ਮੇਰਾ ਪਾਸਪੋਰਟ ਗੁੰਮ ਹੋ ਜਾਣ ਦੀ ਖਬਰ ਹੋਟਲ ਵਿਚ ਠਹਿਰੇ ਮਹਿਮਾਨਾਂ ਵਿਚ ਕੰਨੇ ਕੰਨੀ ਤੁਰਦੀ ਹੋਈ ਪੂਰੀ ਤਰਾਂ ਵਾਇਰਲ ਹੋ ਚੁੱਕੀ ਸੀ ।ਮੈਂ ਹੋਟਲਮਾਲਿਕ ਦੇ ਆਉਣ ਦੀ ਉਡੀਕ ਕਰ ਰਿਹਾ ਸਾਂ ਤਾਂ ਕਿ ਪੁਲਿਸ ਸਟੇਸ਼ਨ ਜਾ ਕੇ ਐਫ ਆਈ ਆਰ ਦਰਜ ਕਰਾਵਾਂ ਕਿ ਅਚਾਨਕ ਮੇਰੀ ਛਾਤੀ ਦੇ ਖੱਬੇ ਪਾਸੇਤਿੱਖੀ ਦਰਦ ਹੋਈ ਤੇ ਮੈਂ ਆਪਣੇ ਸੱਜੇ ਹੱਥ ਨਾਲ ਉਥੇ ਮਾਲਸ ਕਰਨੀ ਆਰੰਭ ਕਰ ਦਿੱਤੀ ਕਿ ਮੇਰੇ ਹੱਥ ਨੂੰ ਮੇਰੀ ਕਮੀਜ ਦੀ ਜੇਬ ਵਿਚ ਕਿਸੇ ਦਸਤਾਵੇਜ ਦੀਟੋਹ ਹੋਈ, ਜਦੋਂ ਕਮੀਜ ਦੀ ਜੇਬ ਵਿਚ ਹੱਥ ਪਾਇਆ ਤਾਂ ਉਸ ਅੰਦਰੋਂ ਮੇਰਾ ਗੁਆਚਾ ਹੋਇਆ ਪਾਸਪੋਰਟ ਨਿਕਲ ਆਇਆ, ਮਨ ਖੁਸ਼ ਹੋਇਆ ਤੇ ਪਾਰਟੀਵਜੋਂ ਸ਼ਪੈਸ਼ਲ ਰਸਗੁੱਲੇ ਮੰਗਵਾ ਕੇ ਪਾਰਟੀ ਕੀਤੀ ਗਈ । ਇਹ ਉਕਤ ਘਟਨਾ ਕ੍ਰਮ ਕੋਈ ਤਿੰਨ ਕੁ ਘੰਟੇ ਚੱਲਿਆ ਤੇ ਇਹ ਸਮਾਂ ਮੇਰੇ ਵਾਸਤੇ ਬਹੁਤ ਹੀਪਰੇਸ਼ਾਨੀ ਵਾਲਾ ਰਿਹਾ ਬੇਸ਼ੱਕ ਗੱਲ ਭਾਵੇਂ ਕੁੱਛੜ ਕੁੜੀ ਤੇ ਜੱਗ ਢੰਡੋਰਾ ਵਾਲੀ ਹੀ ਸੀ। ਅੱਜ ਇਸੇ ਤਰਾਂ ਦੀ ਇਕ ਹੋਰ ਖਬਰ ਮਿਲੀ ਹੈ ਕਿ ਪਾਕਿਸਤਾਨ ਗਏ ਇਕ ਸਾਹਿਤਕਾਰ ਦਾ ਪਾਸਪੋਰਟ ਗੁਆਚ ਗਿਆ ਹੈ ਤੇ ਉਹ ਅਜੇ ਤੱਕ ਲਾਹੌਰ ਹੀ ਕਿਸੇ ਹੋਟਲ ਠਹਿਰਿਆ ਹੋਇਆ ਹੈ ।

**ਫੋਟੂਆਂ ਖਿਚਾਉਣ ਦੀ ਹੋੜ**

ਆਯੋਜਿਤ ਕਾਨਫਰੰਸਾਂ ਵਿਚ ਬਹੁਤ ਸਾਰੇ ਫੋਟੋ/ਵੀਡੀਓ ਸ਼ੈਸ਼ਨ ਹੋਏ ਤੇ ਹੋਣੇ ਵੀ ਚਾਹੀਦੇ ਹਨ, ਪਰ ਇਹਨਾਂ ਉਕਤ ਸ਼ੈਸਨਾਂ ਵਿਚ ਇਹ ਵੀ ਨਜ਼ਾਰਾ ਦੇਖਿਆਗਿਆ ਕਿ ਕੁੱਝ ਵਿਅਕਤੀ ਬਾਕੀਆਂ ਤੋਂ ਬੇਪਰਵਾਹ ਹੋ ਕੇ ਸਿਰਫ ਆਪਣੀਆ ਹੀ ਫੋਟੋਆਂ ਖਿਚਵਾਉਣ ਦੀ ਹੋੜ ਵਿਚ ਧਕਮ ਧੱਕਾ ਹੋ ਰਹੇ ਸਨ, ਖਾਸ ਗੱਲਇਹ ਰਹੀ ਕਿ ਚੜ੍ਹਦੇ ਪੰਜਾਬੋਂ ਗਏ ਮਹਿਮਾਨਾਂ ਨਾਲ ਲਹਿੰਦੇ ਵਾਲਿਆਂ ਨੇ ਤਾਂ ਚਾਅ ਮਲ੍ਹਾਰ ਨਾਲ ਯਾਦਗਾਰੀ ਫੋਟੋਆਂ ਕਰਵਾਉਣੀਆਂ ਹੀ ਸਨ ਬਲਕਿਚੜ੍ਹਦੇ ਤੋਂ ਗਏ ਮਹਿਮਾਨ ਵੀ ਫੋਟੋ ਸ਼ੈਸ਼ਨਾ ਵਿਚ ਧਕਮ ਧੱਕਾ ਹੁੰਦੇ ਦੇਖੇ ਗਏ।

**ਪੁਸਤਕਾਂ ਰਿਲੀਜ ਕਿ ਮੱਛੀ ਬਜਾਰ ਦਾ ਸ਼ੋਰ!**

ਪਾਕਿਸਤਾਨ ਵਿਚ ਆਯੋਜਿਤ ਹੋਈਆਂ ਦੋਵੇਂ ਕਾਨਫਰੰਸਾਂ ਵਿਚ ਪੁਸਤਕਾਂ ਵੀ ਰਿਲੀਜ ਕੀਤੀਆਂ ਗਈਆ, ਪਰ ਦੋਵੇ ਜਗਾ ਲੋਕ ਅਰਪਣ ਕਰਨ ਦਾ ਢੰਗਵੱਖਰਾ ਵੱਖਰਾ ਨਜਰ ਆਇਆ । ਲਾਹੌਰ ਵਿਖੇ ਆਯੋਜਿਤ 34ਵੀਂ ਅੰਤਰ ਰਾਸ਼ਟਰੀ ਪੰਜਾਬੀ ਕਾਂਗਰਸ ਵਿਚ ਪ੍ਰਬੰਧਕਾਂ ਵਲੋਂ ਜੋ ਢੰਗ ਤਰੀਕਾ ਅਪਣਾਇਆਗਿਆ ਉਸ ਨੂੰ ਦੇਖ ਕੇ ਇੰਜ ਲਿਗ ਰਿਹਾ ਸੀ ਕਿ ਜਿਵੇਂ ਪੁਸਤਕਾਂ ਰਿਲੀਜ ਨਾ ਕੀਤੀਆਂ ਜਾ ਰਹੀਆਂ ਹੋਣ ਬਲਕਿ ਮੱਛੀ ਬਜਾਰ ਦਾ ਸ਼ੋਰ ਹੋਵੇ । ਇਸ ਰਿਲੀਜ ਸਮਾਰੋਹ ਤੋਂ ਇਸ ਤਰਾਂ ਦਾ ਅਹਿਸਾਸ ਵੀ ਹੋ ਰਿਹਾ ਸੀ ਕਿ ਜਿਵੇਂ ਪੁਸਤਕਾਂ ਰਿਲੀਜ ਕਰਨ ਦੇ ਨਾ 'ਤੇ ਪੁਸਤਕ ਲੇਖਕਾਂ ਅਤੇ ਪੁਸਤਕਾਂ ਦੀ ਬੇਇੱਜਤੀ ਕੀਤੀ ਜਾਰਹੀ ਹੋਵੇ। ਇਸ ਉਕਤ ਸਮਾਰੋਹ ਦੀ ਸਮਾਪਤੀ ਤੋਂ ਬਾਅਦ ਕਾਫੀ ਸਾਰੀਆਂ ਪੁਸਤਕਾਂ ਟੇਬਲਾਂ ਉੱਤੇ ਇਧਰ ਉਧਰ ਰੁਲਦੀਆ ਵੀ ਦੇਖੀਆ ਗਈਆਂ । ਇਹ ਸਭ ਕੁੱਝ ਦੇਖ ਕੇ ਮਨ ਨੂੰ ਦੁੱਖ ਵੀ ਹੋਇਆ ਕਿਉਂਕਿ ਪੁਸਤਕ ਲੇਖਣ ਕਾਰਜ ਕੋਈ ਸੌਖਾ ਕਾਰਜ ਨਹੀਂ ਹੁੰਦਾ । ਦੂਜੇ ਪਾਸ ਯਾਰ ਕਰੀਮ ਖਾਨ ਵਿਖੇ ਆਯੋਜਿਤ ਪਹਿਲੀ ਪੰਜਾਬੀ ਅੰਤਰ ਰਾਸ਼ਟਰੀ ਰੋਹੀ ਕਾਨਫਰੰਸ ਵਿਚ ਇਹ ਕਾਰਜ ਵਧੀਆ ਢੰਗ ਨਾਲ ਨੇਪਰੇ ਚਾੜ੍ਹਿਆ ਗਿਆ ਤੇ ਨਾਲ ਹੀ ਪੁਸਤਕ ਲੇਖਕਾਂ ਨੂੰ ਆਪਣੀ ਪੁਸਤਕ ਦੇ ਬਾਰੇ ਵਿਚਾਰਾਂ ਦੀ ਸਾਂਝ ਪਾਉਣ ਦਾ ਉਚਿਤ ਮੌਕਾ ਵੀ ਦਿੱਤਾ ਗਿਆ।

**ਆਮਰ ਬੁੱਕ ਕਲੱਬ**

ਲਾਹੌਰ ਦੇ ਰੋਇਲ ਪਾਮ ਕਲੱਬ ਦੀ ਦੂਸਰੀ ਮੰਜਿਲ ਉਤੇ ਸਥਿੱਤ ਆਮਰ ਬੁੱਕ ਕਲੱਬ ਸਾਹਿਤਕ ਹਲਕਿਆਂ ਵਿਚ ਬਹੁਤ ਵਧੀਆ ਰੋਲ ਅਦਾ ਕਰ ਰਹੀ ਹੈ ।ਇਸ ਕਲੱਬ ਵਲੋਂ ਨਵੇਂ ਪੁਰਾਣੇ ਲੇਖਕਾਂ ਦੀਆਂ ਸੱਜਰੀਆਂ ਪੁਸਤਕਾਂ ਸਬੰਧੀ ਹਰ ਹਫਤੇ "ਲੇਖਕਾਂ ਨੂੰ ਮਿਲੋ" ਬੈਨਰ ਹੇਠ ਇਕ ਸਮਾਗਮ ਰਚਾਇਆ ਜਾਂਦਾ ਹੈ, ਜਿਸ ਵਿਚ ਸਾਹਿਤਕਾਰ ਤੇ ਸਾਹਿਤ ਵਿਚ ਰੁਚੀ ਰੱਖਣ ਵਾਲੇ ਸਰੋਤੇ ਵੱਡੀ ਗਿਣਤੀ ਵਿਚ ਹਿੱਸਾ ਲੈਂਦੇ ਹਨ । ਹਰ ਸਮਾਗਮ ਵਿਚ ਪੰਜ ਸਾਹਿਤਕਾਰਾਂ ਦਾ ਪੈਨਲ ਬਣਾ ਕੇ ਉਹਨਾਂ ਦੀਆਂ ਪੁਸਤਕਾ ਰਿਲੀਜ ਕੀਤੀਆਂ ਜਾਂਦੀਆਂ ਹਨ ਤੇ ਫਿਰ ਇਕ ਇਕ ਕਰਕੇ ਸਬੰਧਿਤ ਲੇਖਕਾਂ ਨੂੰ ਮੌਕਾ ਦਿੱਤਾ ਜਾਂਦਾ ਹੈ ਕਿ ਆਪੋ ਆਪਣੀ ਪੁਸਤਕ ਬਾਰੇ ਇਹ ਦੱਸਣ ਕਿ ਪੁਸਤਕ ਰਚਨਾ ਦਾ ਮਨੋਰਥ ਕੀ ਰਿਹਾ । ਇਸ ਤੋਂ ਬਾਅਦ ਹਾਜਰ ਸਰੋਤੇ ਵੀ ਰਿਲੀਜ ਹੋਈਆਂ ਪੁਸਤਕਾਂ ਦੇ ਲੇਖਕਾਂ ਤੋਂ ਸਵਾਲ ਪੁਛਦੇ ਹਨ । ਇਸ ਸਮਾਗਮ ਵਿਚ ਚਾਹ ਪਾਣੀ ਅਤੇ ਹਲਕੇ ਰੈਫਰੈਸ਼ਮੈਂਟ ਦਾ ਵੀ ਢੁੱਕਵਾਂ ਪ੍ਰਬੰਧ ਕੀਤਾ ਗਿਆ ਹੁੰਦਾ ਹੈ । ਮੇਰੀ ਜਾਚੇ ਪੁਸਤਕਾਂ ਲੋਕਅਰਪਿਤ ਕਰਨ ਦਾ ਇਹ ਇਕ ਵਧੀਆ ਢੰਗ ਹੈ ਜਿਸ ਦਾ ਮੁੱਖ ਫਾਇਦਾ ਇਹ ਹੈ ਕਿ ਪੁਸਤਕਾਂ ਪਾਠਕਾਂ ਦੀ ਰੁਚੀ ਮੁਤਾਬਿਕ ਉਹਨਾਂ ਤੱਕ ਪਹੁੰਚਣੀਆਂ ਅਸਾਨ ਹੋ ਜਾਂਦੀਆਂ ਹਨ।

**ਪੰਜਾਬੀ ਥੀਏਟਰ**

ਪਾਕਿਸਤਾਨ ਵਿਚ ਪੰਜਾਬੀ ਥੀਏਟਰ ਬਹੁਤ ਮਕਬੂਲ ਹੈ । ਵਾਪਸੀ ਤੋਂ ਇਕ ਦਿਨ ਪਹਿਲਾਂ ਅਸੀਂ ਪੰਜਾਬੀ ਥੀਏਟਰ ਦੇਖਣ ਦਾ ਮਨ ਬਣਾਇਆ । ਲਾਹੌਰ ਦੇਇਕ ਥੀਏਟਰ ਵਿਚ ਸ਼ਾਮ ਦੇ ਸੱਤ ਵਜੇ ਸ਼ੋਅ ਦੇਖਣ ਗਏ ਤਾਂ ਉਥੇ ਜਾ ਕੇ ਦੇਖਿਆ ਕਿ ਟਿਕਟ ਲੈਣ ਵਾਸਤੇ ਖਿੜਕੀ 'ਤੇ ਏਨੀ ਭੀੜ ਸੀ, ਜੋ ਕਿਸੇ ਚੰਗੀ ਫਿਲਮਦੇ ਰਿਲੀਜ ਵੇਲੇ ਹੁੰਦੀ ਹੈ। ਹਾਲ ਵਿਚ ਗਏ ਤਾਂ ਦੇਖਿਆ ਕਿ ਥੀਏਟਰ ਹਾਲ ਖਚਾ ਖਚ ਭਰਿਆ ਹੋਇਆ ਸੀ । ਲਾਇਵ ਡਰਾਮਾ ਦੇਖਣ ਤੋਂ ਬਾਦ ਫਿਲਮਅਤੇ ਲਾਇਵ ਡਰਾਮੇ ਵਿਚਲਾ ਫਰਕ ਸਾਫ ਨਜਰ ਆ ਗਿਆ । ਡਰਾਮੇ ਵਿਚਲੇ ਪਾਤਰਾਂ ਦੀ ਪੰਜਾਬੀ ਬੋਲੀ ਤੇ ਡਾਇਲਾਗ ਡਿਲਵਰੀ ਬਹੁਤ ਹੀ ਠੁੱਕਦਾਰ ਸੀ, ਪੇਸ਼ਕਾਰੀ ਤਾਂ ਹੈ ਹੀ ਬਾਕਮਾਲ ਸੀ । ਮਨ ਨੂੰ ਬਹੁਤ ਖੁਸ਼ੀ ਹੋਈ ਕਿ ਇਥੇ ਬੋਲੀ ਦੀ ਸਾਂਭ ਸੰਭਾਲ ਵਿਚ ਥੀਏਟਰ ਵੀ ਵੱਡਾ ਯੋਗਦਾਨ ਪਾ ਰਿਹਾ ਹੈ । ਜੇਕਰਇਹ ਸਿਲਸਿਲਾ ਚੜ੍ਹਦੇ ਪੰਜਾਬ ਵਿਚ ਵੀ ਸ਼ੁਰੂ ਹੋ ਜਾਵੇ ਤਾਂ ਇਹ ਬੋਲੀ ਤੇ ਸੱਭਿਆਚਾਰ ਦੀ ਬੇਹਤਰੀ ਵਿਚ ਵੱਡਾ ਰੋਲ ਅਦਾ ਕਰ ਸਕਦਾ ਹੈ । ਚੜ੍ਹਦੇ ਪੰਜਾਬ ਵਿਚ ਬੇਸ਼ੱਕ ਅਨੀਤਾ ਸ਼ਬਦੀਸ਼ ਤੇ ਹੋਰ ਇਸ ਪੱਖੋਂ ਵਧੀਆ ਕੰਮ ਕਰ ਰਹੇ ਹਨ ਪਰ ਸੱਚ ਇਹ ਵੀ ਹੈ ਕਿ ਅਜੇ ਇਸ ਪੱਖੋਂ ਬਹੁਤ ਕੁੱਝ ਕਰਨਾ ਬਾਕੀ ਹੈ ।

**ਵੱਖ ਵੱਖ ਮੁੱਦਿਆਂ ਉੱਤੇ ਚਰਚਾ ਤਾਂ ਹੋਈ ਪਰ —— !!**

ਮੁਆਸ਼ਰੇ ਦੀ ਬੇਹਤਰੀ ਵਾਸਤੇ ਚਿੰਤਕ, ਚਿੰਤਾ ਨਹੀਂ ਕਰਨਗੇ ਤਾਂ ਹੋਰ ਕੌਣ ਕਰੇਗਾ? ਇਸ ਵਾਸਤੇ ਕਾਨਫਰੰਸਾਂ ਦਾ ਸਿਲਸਿਲਾ ਮੁਸੱਲਸਲ ਚਲਦਾ ਰਹਿਣਾਚਾਹੀਦਾ ਹੈ । ਸਿਰ ਜੋੜ ਕੇ ਬੈਠਣ ਤੇ ਵਿਚਾਰ ਵਟਾਂਦਰਾ ਕਰਨ ਦੀ ਇਹ ਵਿਧੀ ਹੀ ਜਿਥੇ ਅਗਲੀਆਂ ਪੀੜ੍ਹੀਆਂ ਨੂੰ ਵਧੀਆ ਰਾਹਨੁਮਾਈ ਦੇ ਸਕਦੀ ਹੈ, ਉਥੇ ਬੋਲੀ ਦਾ ਪਰਚਾਰ ਤੇ ਪਰਸਾਰ ਵੀ ਵਧੀਆ ਢੰਗ ਨਾਲ ਕਰ ਸਕਦੀ ਹੈ, ਪਰੰਤੂ ਦੇਖਣ ਵਿਚ ਆਇਆ ਹੈ ਕਿ ਹੋ ਰਹੀਆਂ ਕਾਨਫਰੰਸਾਂ ਵਿਚ, ਇਹ ਗੱਲ ਨੋਟ ਕੀਤੀ ਗਈ ਕਿ ਨੌਜਵਾਨ ਪੀੜ੍ਹੀ ਦੀ ਨਫਰੀ ਆਟੇ ਵਿਚ ਲੂਣ ਬਰਾਬਰ ਵੀ ਨਹੀਂ ਸੀ । ਇਹ ਠੀਕ ਹੈ ਕਿ ਕਾਨਫਰੰਸਾਂ ਰਾਹੀਂ ਅਸੀਂ ਸਰਕਾਰਾਂ ਉਤੇ ਦਬਾਅਬਣਾ ਸਕਦੇ ਹਾਂ ਕਿ ਬੋਲੀ ਅਤੇ ਸੱਭਿਆਚਾਰ ਦੀ ਬੇਹਤਰੀ ਵਾਸਤੇ ਨਵੀਆਂ ਪਾਲਿਸੀਆਂ ਬਣਾਉਣ ਅਤੇ ਲਾਗੂ ਕਰਨ, ਪਰ ਜੇਕਰ ਨੌਜਵਾਨ ਤਬਕੇ ਨੂੰ ਨਾਲਨਾ ਲਿਆ ਗਿਆ ਤਾਂ ਇਹ ਗੱਲ ਸਮਝ ਲੈਣੀ ਵੀ ਬਹੁਤ ਜਰੂਰੀ ਹੈ ਕਿ ਦਬਾਅ ਪਾ ਕੇ ਬਣਵਾਈਆਂ ਗਈਆਂ ਪਾਲਿਸੀਆਂ ਵੀ ਨਿਰਅਸਰ ਅਤੇ ਬੇਫਲ ਹੀ ਰਹਿਣਗੀਆਂ । ਦੂਸਰੀ ਗੱਲ, ਇਹਨਾਂ ਕਾਨਫਰੰਸਾਂ ਵਿਚ ਔਰਤਾਂ ਦੀ ਵੱਧ ਤੋਂ ਵੱਧ ਨਫਰੀ ਨੂੰ ਯਕੀਨੀ ਬਣਾਉਣਾ ਕਿਉਂਕਿ ਸਾਡੇ ਵਲੋਂ ਹੋਕਾ ਦੇਣਾ ਆਪਣੀ ਜਗਾ ਹੈ ਪਰ ਇਸ ਪੱਖੋਂ ਜਗਤ ਜਣਨੀ ਸਭ ਤੋਂ ਵੱਡੀ ਭੂਮਿਕਾ ਨਿਭਾਅ ਸਕਦੀ ਹੈ । ਜੋ ਬੋਲੀ ਕਿਸੇ ਬੱਚੇ ਨੂੰ ਗੁੜਤੀ ਵਿਚ ਮਿਲੇਗੀ, ਉਸ ਦਾ ਅਸਰ ਬੱਚੇ ਉਤੇਵਧੇਰੇ ਰਹੇਗਾ । ਘਰੇਲੂ ਵਾਤਾਵਰਨ ਤੇ ਆਲੇ ਦੁਆਲੇ ਦਾ ਸਮਾਜਕ ਵਾਤਾਵਰਨ ਕਿਹੋ ਜਿਹਾ ਹੈ, ਉਸ ਦਾ ਪਰਭਾਵ ਜਾਂ ਦੁਰ ਪਰਭਾਵ ਵੀ ਬੋਲੀ ਅਤੇ ਸੱਭਿਆਚਾਰ ਨੂੰ ਅਸਰ ਅੰਦਾਜ ਕਰਦਾ ਹੈ ।


ਰਹੀਮ ਯਾਰ ਖਾਨ ਵਿਖੇ ਹੋਈ ਕਾਨਫਰੰਸ ਵਿਚ ਇਸ ਨੁਕਤੇ ਨੂੰ ਸਮਝਦਿਆਂ, ਇਸ ਨੁਕਤੇ ਉਤੇ ਮੁੱਖ ਤੌਰ 'ਤੇ ਫੋਕਸ ਕੀਤਾ ਗਿਆ । ਪ੍ਰੋਗਰਾਮ ਆਰਗੇਨਾਈਜ ਕਰਨ ਪਿੱਛੇ ਬੇਸ਼ੱਕ ਜੁਲਫਕਾਰ ਅਲੀ ਗਿੱਲ, ਜਨਾਬ ਕੁਕਰੇਜਾ, ਚੌਧਰੀ ਗਲਜਾਰ ਢਿੱਲੋਂ ਆਦਿ ਹਸਤੀਆਂ ਦੀ ਸੋਚ ਕੰਮ ਕਰ ਰਹੀ ਸੀ ਪਰਸਾਰੇ ਪਰੋਗਰਾਮ ਦੀ ਵਾਗਡੋਰ ਅਸਲੋਂ ਮੀਆਂ ਆਸਿਫ ਅਲੀ, ਆਸਿਫ ਚੀਮਾ, ਅਲੀ ਉਸਮਾਨ ਬਾਜਵਾ ਵਰਗੇ ਨੌਜਵਾਨਾ ਦੇ ਹੱਥਾਂ ਚ ਹੀ ਸੀ । ਲਾਹੌਰ-ਗਰਾਮਰ ਸਕੂਲ ਦੇ ਬੱਚਿਆਂ ਨੂੰ ਇਸ ਕਾਨਫਰੰਸ ਦਾ ਹਿੱਸਾ ਬਣਾਉਣਾ, ਮੇਰੀ ਜਾਚੇ . ਰਹੀਮ ਯਾਰ ਖਾਨ ਅੰਤਰ ਰਾਸ਼ਟਰੀ ਪੰਜਾਬੀ ਕਾਨਫਰੰਸ ਦੀ ਵੱਡੀ ਪਰਾਪਤੀ ਰਹੀ ਜੋ ਇਹਨਾ ਬੱਚਿਆਂ ਦੇ ਮਨਾਂ ਵਿਚ ਪੰਜਾਬੀ ਬੋਲੀ ਅਤੇ ਸੱਭਿਆਚਾਰ ਦੀ ਜਾਗ ਲਗਾਉਣ ਚ ਸਫਲ ਰਹੀ । ਲਾਹੌਰ ਵਿਖੇ ਆਯੋਜਿਤ 34ਵੀਂ ਅੰਤਰ ਰਾਸ਼ਟਰੀ ਕਾਂਗਰਸ ਵੀ ਬੋਲੀ ਤੇ ਸੱਭਿਆਚਾਰ ਦੀ ਹੋਂਦ ਬਹਾਲੀ ਦਾ ਬੁਲੰਦ ਹੋਕਾ ਦੇਣ ਵਿਚ ਸਫਲ ਰਹੀ । ਕੁੱਲ ਮਿਲਾ ਕੇ ਦੋਵੇ ਕਾਨਫਰੰਸਾਂਬੇਸ਼ੱਕ ਵੱਖੋ ਵੱਖਰੇ ਥੀਮ ਲੈ ਕੇ ਹੋਈਆਂ, ਪਰ ਕਹਿ ਸਕਦੇ ਹਾਂ ਕਿ ਆਪੋ ਆਪਣੇ ਮਕਸਦ ਵਿਚ ਕਾਮਯਾਬ ਰਹੀਆਂ।

**ਚਲਦਾ'''**

## 5 ਫ਼ਰਵਰੀ 1762 ਨੂੰ ਹੋਏ ਵੱਡੇ ਘੱਲੂਘਾਰੇ ਨੂੰ ਸਮਰਪਿਤ ਲੇਖ

# ਬਹਾਦਰ ਕੌਮਾਂ ਘੱਲੂਘਾਰਿਆਂ ਵਿੱਚ ਨਹੀਂ ਮਰਦੀਆਂ, ਸਗੋਂ ਸੁਲ੍ਹਾ ਵਿੱਚ ਖ਼ਤਮ ਹੁੰਦੀਆਂ ਹਨ

– ਲੇਖਕ – ਜਥੇਦਾਰ
ਮਹਿੰਦਰ ਸਿੰਘ ਖਹਿਰਾ
ਕਵੈਂਟਰੀ
ਮੋ: 07989 927477





**ਅਹਿਮਦ ਸ਼ਾਹ ਅਬਦਾਲੀ ਦੇ ਸੂਹੀਆਂ ਨੇ ਜਦੋਂ ਅਬਦਾਲੀ ਨੂੰ ਇਹ ਖ਼ਬਰ ਦਿੱਤੀ ਕਿ ਮੈਦਾਨੇ ਜੰਗ ਵਿੱਚ ਲੜਨ ਵਾਲੇ ਖ਼ਾਲਸੇ ਦੀ ਗਿਣਤੀ 60000 ਹੈ ਤਾਂ ਸੁਣ ਕੇ ਅਬਦਾਲੀ ਹੱਕਾ ਬੱਕਾ ਰਹਿ ਗਿਆ ਤੇ ਆਪਣੇ ਅਹਿਲਕਾਰਾਂ ਨੂੰ ਪੁੱਛਿਆ ਕਿ ਤੁਸੀਂ ਤਾਂ ਕਹਿੰਦੇ ਸੀ ਕਿ ਲੜਨ ਵਾਲੇ ਸਾਰੇ ਸਿੰਘ ਮਾਰੇ ਗਏ, ਫਿਰ 60000 ਸਿੰਘ ਅੱਠ ਮਹੀਨਿਆਂ ਵਿੱਚ ਜੰਮ ਕੇ ਜੁਆਨ ਕਿਵੇਂ ਹੋ ਗਏ? ਤਾਂ ਅਹਿਲਕਾਰਾਂ ਨੇ ਉੱਤਰ ਦਿੱਤਾ ਕਿ ਸਿੱਖਾਂ ਦੇ ਗੁਰੂ ਨੇ ਅਜਿਹੀ ਕੌਮ ਦੀ ਸਾਜਨਾ ਕੀਤੀ ਹੈ ਜਿਸ ਨੂੰ ਸਿੰਘ ਖ਼ਾਲਸਾ ਕੌਮ ਕਹਿੰਦੇ ਹਨ**

ਕੌਮਾਂ ਲੜਾਈ ਵਿੱਚ ਨਹੀਂ ਮਰਦੀਆਂ, ਸਗੋਂ ਸੁਲ੍ਹਾ ਵਿੱਚ ਖ਼ਤਮ ਹੁੰਦੀਆਂ ਹਨ...।

ਉਕਤ ਇਹ ਸ਼ਬਦ ਖ਼ਾਲਸਾ ਪੰਥ ਦੇ ਸਿੰਘ ਸਰਦਾਰਾਂ ਨੇ ਅਹਿਮਦ ਸ਼ਾਹ ਅਬਦਾਲੀ ਦੇ ਭੇਜੇ ਹੋਏ ਦੂਤ ਨੂੰ ਉਸ ਸਮੇਂ ਆਖੇ ਸਨ, ਜਦੋਂ ਉਹ ਵੱਡੇ ਘੱਲੂਘਾਰਿਆਂ ਤੋਂ ਬਾਅਦ ਸਿੱਖਾਂ ਨਾਲ ਸੁਲ੍ਹਾ ਕਰਨ ਦਾ ਪੈਗਾਮ ਲੈ ਕੇ ਅੰਮ੍ਰਿਤਸਰ ਆਇਆ ਸੀ।

ਉਸ ਵੇਲੇ ਹਿੰਦੁਸਤਾਨ ਦੀ ਸਭ ਤੋਂ ਮੰਨੀ ਜਾਂਦੀ ਤਾਕਤ ਮਰਹੱਟੇ, ਜਨਵਰੀ 1761 ਨੂੰ ਪਾਣੀਪਤ ਦੇ ਮੈਦਾਨ ਵਿੱਚ ਅਹਿਮਦ ਸ਼ਾਹ ਅਬਦਾਲੀ ਦੇ ਹੱਥੋਂ ਹਾਰ ਗਏ ਸਨ। ਇਸ ਹਾਰ ਤੋਂ ਬਾਅਦ ਮਰਹੱਟਿਆਂ ਵਿੱਚ ਤਾਣ ਨਹੀਂ ਸੀ ਰਿਹਾ ਕਿ ਉਹ ਅਬਦਾਲੀ ਦਾ ਦੁਬਾਰਾ ਮੁਕਾਬਲਾ ਕਰ ਸਕਦੇ। ਮਰਹੱਟਿਆਂ 'ਤੇ ਪੂਰਨ ਜਿੱਤ ਪ੍ਰਾਪਤ ਕਰਨ ਤੋਂ ਇਕ ਸਾਲ ਬਾਅਦ ਅਬਦਾਲੀ ਫ਼ਰਵਰੀ 1762 ਨੂੰ ਸਿੱਖਾਂ ਦਾ ਵੀ ਖ਼ਾਤਮਾ ਕਰਨ ਦੀ ਧਾਰ ਕੇ ਫਿਰ ਪੰਜਾਬ ਆਇਆ ਤਾਂ ਮਰਹੱਟੇ, ਅਬਦਾਲੀ ਦੇ ਬੂਹੇ ਅੱਗੇ ਅਭੈਦਾਨ ਲੈਣ ਵਾਸਤੇ ਅੱਗੇ ਆਣ ਡਿੱਗੇ ਸਨ।

ਅਬਦਾਲੀ ਨੇ ਸਿੱਖਾਂ ਨੂੰ ਖ਼ਤਮ ਕਰਨ ਲਈ ਕੁੱਪ ਰੁਹੀੜੇ ਦੇ ਅਸਥਾਨ 'ਤੇ (ਫ਼ਰਵਰੀ 1762) ਸਿੱਖਾਂ ਦੇ ਵਹੀਰ ਉੱਤੇ ਆਪਣੀ ਸਿੱਖਿਅਤ ਫ਼ੌਜ ਨਾਲ ਵਹੀਰ ਨੂੰ ਘੇਰੇ ਵਿੱਚ ਲੈ ਕੇ ਕਹਿਰੀ ਹੱਲਾ ਕੀਤਾ। ਜਿਸ ਨੂੰ ਸਿੱਖ ਇਤਿਹਾਸ ਵਿੱਚ ਵੱਡਾ ਘੱਲੂਘਾਰਾ ਕਿਹਾ ਜਾਂਦਾ ਹੈ। ਵੱਡੇ ਘੱਲੂਘਾਰੇ ਵਿੱਚ ਹਜ਼ਾਰਾਂ ਸਿੱਖ ਬੱਚੇ ਇਸਤਰੀਆਂ ਤਲਵਾਰ ਦੀ ਭੇਂਟ ਕਰਕੇ ਅਬਦਾਲੀ ਸਮਝ ਬੈਠਾ ਸੀ ਕਿ ਸਿੱਖ ਹੁਣ ਕਦੇ ਵੀ ਨਹੀਂ ਉੱਠ ਸਕਣਗੇ। ਇਹ ਵੇਖਣ ਵਾਸਤੇ ਉਹ ਲਾਹੌਰ ਡੇਰੇ ਲਾ ਬੈਠਾ ਸੀ ਪਰ ਅਹਿਮਦ ਸ਼ਾਹ ਅਬਦਾਲੀ ਸ਼ਾਇਦ ਏਸ ਗੱਲੋਂ ਅਨਜਾਣ ਸੀ ਕਿ ਜਿਸ ਖ਼ਾਲਸੇ (ਸਿੱਖ ਕੌਮ) ਨਾਲ ਉਸ ਦਾ ਵਾਹ ਪਿਆ ਹੈ ਉਹ ਗੁਰੂ ਨਾਨਕ ਪਾਤਿਸ਼ਾਹ ਦਾ ਦੱਸਵੇਂ ਜਾਮੇ ਵਿੱਚ ਆ ਕੇ ਸਾਜਿਆ ਖ਼ਾਲਸਾ ਪੰਥ ਗੁਰੂ ਨਾਨਕ ਦੀ ਨਾਦੀ ਸੰਤਾਨ ਹਨ। ਖ਼ਾਲਸਾ ਅਕਾਲ ਪੁਰਖ ਕੀ ਫ਼ੌਜ। ਪ੍ਰਗਟਿਓ ਖ਼ਾਲਸਾ ਪ੍ਰਮਾਤਮ ਕੀ ਮੌਜ।

ਅਕਾਲ ਪੁਰਖ ਕੀ ਫ਼ੌਜ ਖ਼ਾਲਸਾ, ਨਾ ਜੰਮਦਾ ਹੈ ਨਾ ਮਰਦਾ ਹੈ, ਇਹ ਤਾਂ ਦੱਸਵੇਂ ਨਾਨਕ ਗੁਰੂ ਗੋਬਿੰਦ ਸਿੰਘ ਜੀ ਦੀ ਨਿਰਧਾਰਤ ਕੀਤੀ ਮਰਿਯਾਦਾ ਅਨੁਸਾਰ ਖੰਡੇ ਬਾਟੇ ਦੀ ਪਾਹੁਲ ਛੱਕ ਕੇ ਪ੍ਰਗਟ ਹੀ ਹੁੰਦਾ ਹੈ।

ਖ਼ਾਲਸਾ ਡਿੱਗ ਕੇ ਉੱਠਣਾ ਅਤੇ ਹਾਰ ਨੂੰ ਜਿੱਤ ਵਿੱਚ ਬਦਲਣ ਲਈ ਸਿਰ ਧੜ ਦੀ ਬਾਜ਼ੀ ਲਾਉਣੀ ਜਾਣਦਾ ਹੈ। ਇਹੀ ਕਾਰਨ ਸੀ ਕਿ ਵੱਡੇ ਘੱਲੂਘਾਰੇ ਦੀ ਹਾਰ ਵੀ ਸਿੰਘਾਂ ਵਾਸਤੇ ਜਿੱਤ ਨਾਲੋਂ ਵੀ ਮਾਣ ਵਾਲੀ ਸਾਬਤ ਹੋਈ, ਕਿਉਂਕਿ ਭਾਵੇਂ ਇਸ ਬੇ-ਜੋੜ ਘਮਸਾਣ ਦੇ ਯੁੱਧ ਵਿੱਚ ਹਜ਼ਾਰਾਂ ਸਿੱਖ ਬੱਚੇ ਬਿਰਧ ਇਸਤਰੀਆਂ ਸ਼ਹੀਦ ਹੋ ਗਏ ਸਨ। ਏਨਾ ਜਾਨੀ ਨੁਕਸਾਨ ਕਰਾ ਕੇ ਵੀ ਜ਼ਖ਼ਮੀ ਹੋਏ ਸਿੰਘ ਅਬਦਾਲੀ ਦੀਆਂ ਫ਼ੌਜਾਂ ਨੂੰ ਲੜਨ ਲਈ ਵੰਗਾਰਦੇ ਰਹੇ ਤੇ ਅੰਤ ਵਿੱਚ ਸ਼ਾਮ ਪੈਣ ਤੱਕ ਸਿੰਘਾਂ ਨੇ ਅਬਦਾਲੀ ਦੀਆਂ ਫ਼ੌਜਾਂ ਦਾ ਏਨਾ ਬੁਰਾ ਹਾਲ ਕਰ ਦਿੱਤਾ ਸੀ ਕਿ ਅਬਦਾਲੀ ਦੇ ਸਿਪਾਹੀਆਂ ਨੇ ਹੁਣ ਦੁਬਾਰਾ ਸਿੰਘਾਂ ਨਾਲ ਲੜਨ ਤੋਂ ਇਨਕਾਰ ਕਰ ਦਿੱਤਾ ਸੀ।

ਰਤਨ ਸਿੰਘ ਭੰਗੂ ਅਨੁਸਾਰ :

**ਸਰਦਾਰ ਸਭੈ ਜਖ਼ਮੀ ਭਏ,**
**ਸਾਬਤ ਰਹਿਓ ਨਾ ਕੋਈ,**
**ਜੱਸਾ ਸਿੰਘ ਖਾਏ ਬਾਈ ਘਾਏ,**
**ਤੌ ਭੀ ਸਿੰਘ ਜੀ ਲੜਤੌ ਜਾਏ।**
**ਸ਼ਸ਼ਤਰ ਚੜ੍ਹਤ ਸਿੰਘ ਬਹੁਤੇ ਖਾਏ,**
**ਦੇਖ ਨਾ ਉਧਰੇ ਫੇਰ ਲੜਾਏ।**

ਲੜਾਈ ਖ਼ਤਮ ਹੋਣ ਤੋਂ ਬਾਅਦ ਜ਼ਖ਼ਮੀ ਸਿੰਘਾਂ ਨੇ ਰਹਿਰਾਸ ਦੇ ਪਾਠ ਉਪਰੰਤ ਮਿੱਠੇ ਮੇਹਣੇ ਦੇ ਤੌਰ 'ਤੇ ਗੁਰਪ੍ਰਮੇਸ਼ਰ ਅੱਗੇ ਅਰਦਾਸ ਕੀਤੀ ਸੀ ਕਿ ਨਿਰੰਤਰ ਗੁਰਬਾਣੀ ਪਰਵਾਹ ਰਾਹੀਂ ਤੇਰਾ ਸਰਬ ਕਲਿਆਣਕਾਰੀ ਉਪਦੇਸ਼ (ਸ਼ਬਦ ਗੁਰੂ, ਗੁਰੂ ਗ੍ਰੰਥ ਸਾਹਿਬ ਜੀ ਦਾ ਉਪਦੇਸ਼) ਜੀਉਂਦਾ ਰੱਖਣ ਲਈ ਤੇਰਾ ਖ਼ਾਲਸਾ ਜਨਮ ਤੋਂ ਹੀ ਬਚਨਬੱਧ ਅਤੇ ਯਤਨਸ਼ੀਲ ਰਿਹਾ ਹੈ। ਆਪ ਦੇ ਗੁਰੂ ਗ੍ਰੰਥ ਸਾਹਿਬ ਜੀ ਰਾਹੀਂ ਕੀਤੇ ਫੁਰਮਾਣ ਨੂੰ ਜੁਗੋ ਜੁਗ ਅਟੱਲ ਰੱਖਣ ਹਿੱਤ ਖ਼ਾਲਸੇ ਨੇ ਵਰ੍ਹਿਆਂ ਤੋਂ ਸਿਰ 'ਤੇ ਖੱਫਣ ਬੰਨ੍ਹਿਆ ਹੋਇਆ ਹੈ। ਅਰਦਾਸ ਦੇ ਬੋਲ ਸਨ ਪੰਥ ਜੋ ਰਹਾ ਤੋ ਤੇਰਾ ਗ੍ਰੰਥ ਭੀ ਰਹੇਗਾ ਨਾਥ, ਪੰਥ ਨ ਰਹਾ ਤੋ ਤੇਰਾ ਗ੍ਰੰਥ ਕੌਣ ਮਾਨੈਗੋ।

ਏਡਾ ਘੱਲੂਘਾਰਾ ਵਰਤਾਉਣ ਤੋਂ ਬਾਅਦ ਵੀ ਅਬਦਾਲੀ ਦਾ ਸਿੱਖਾਂ ਉੱਤੇ ਪੂਰਨ ਜਿੱਤ ਪ੍ਰਾਪਤ ਕਰਨ ਦਾ ਸੁਪਨਾ ਪੂਰਾ ਨਹੀਂ ਸੀ ਹੋਇਆ। ਗੁੱਸੇ ਵਿੱਚ ਭਰਿਆ-ਪੀਤਾ ਅਹਿਮਦ ਸ਼ਾਹ ਅਬਦਾਲੀ ਸਿੱਖਾਂ ਦੇ ਸਿਰਾਂ ਦੇ ਮਿਨਾਰ ਬਣਾ ਕੇ ਗੱਡਿਆਂ ਉੱਤੇ ਲੱਦ ਕੇ ਵਾਪਸ ਲਾਹੌਰ ਨੂੰ ਮੁੜਿਆ ਅਤੇ ਰਸਤੇ ਵਿੱਚ ਪਿੰਡ ਸ਼ਹਿਰਾਂ ਨੂੰ ਉਜਾੜਦਾ ਤੇ ਲੁੱਟਮਾਰ ਕਰਦਾ ਅੰਮ੍ਰਿਤਸਰ ਪੁੱਜਾ ਅਤੇ ਗੁੱਸੇ ਵਿੱਚ ਭਰੇ ਪੀਤੇ ਨੇ ਬਾਰੂਦ ਦੇ ਕੁੱਪੇ ਦੱਬ ਕੇ ਹਰਿਮੰਦਰ ਸਾਹਿਬ ਉਡਾ ਦਿੱਤਾ। ਜਦੋਂ ਇੱਟਾਂ ਉੱਡ ਕੇ ਚੁਫੇਰੇ ਪਈਆਂ ਤਾਂ ਇਕ ਇੱਟ ਅਬਦਾਲੀ ਦੇ ਨੱਕ 'ਤੇ ਵੱਜੀ, ਜਿਸ ਨਾਲ ਜ਼ਖ਼ਮ ਇੰਨਾ ਗਹਿਰਾ ਹੋਇਆ ਕਿ ਹੌਲੀ-ਹੌਲੀ ਇਹ ਜ਼ਖ਼ਮ ਵਿਗੜ ਕੇ ਨਾਸੂਰ ਬਣ ਗਿਆ ਅਤੇ ਅਬਦਾਲੀ ਮਰਦੇ-ਦਮ ਤੱਕ (ਅਬਦਾਲੀ ਦੀ ਮੌਤ 10 ਸਾਲ ਬਾਅਦ 1772 ਨੂੰ ਹੋਈ ਸੀ) ਇਸ ਜ਼ਖ਼ਮ ਨਾਲ ਪੀੜਿਤ ਰਿਹਾ।

ਸਰਦਾਰ ਆਲਾ ਸਿੰਘ ਪਟਿਆਲਾ ਨੇ ਇਸ ਵੱਡੇ ਘੱਲੂਘਾਰੇ ਵਿੱਚ ਸਿੱਖਾਂ ਦਾ ਸਾਥ ਨਹੀਂ ਸੀ ਦਿੱਤਾ ਤੇ ਨਾ ਹੀ ਉਹ ਅਬਦਾਲੀ ਦੇ ਪੇਸ਼ ਹੋਇਆ। ਅਬਦਾਲੀ ਏਸ ਗੱਲੋਂ ਗੁੱਸੇ ਹੋ ਕੇ ਅਗਲੇ ਦਿਨ ਬਰਨਾਲੇ ਦਾ ਕਿਲ੍ਹਾ ਸਾੜ ਦਿੱਤਾ ਤੇ ਇਲਾਕਾ ਲੁੱਟ-ਪੁੱਟ ਲਿਆ ਅਤੇ ਅਬਦਾਲੀ ਦੇ ਅੱਗੇ ਪੇਸ਼ ਹੋਣ ਦਾ ਹੁਕਮ ਦਿੱਤਾ। ਆਲਾ ਸਿੰਘ ਜਦੋਂ ਅਬਦਾਲੀ ਦੇ ਪੇਸ਼ ਹੋਇਆ ਤਾਂ ਬਾਦਸ਼ਾਹ ਨੇ ਆਲਾ ਸਿੰਘ ਨੂੰ ਕੈਦ ਕਰ ਲਿਆ ਤੇ ਕੇਸ ਕਟਾਉਣ ਦਾ ਹੁਕਮ ਦਿੱਤਾ। ਸਰਦਾਰ ਆਲਾ ਸਿੰਘ ਵਾਸਤੇ ਸਮਾਂ ਬੜਾ ਔਖਾ ਬਣਿਆ, ਉਸ ਨੇ ਬਾਦਸ਼ਾਹ ਅੱਗੇ ਬੇਨਤੀ ਕੀਤੀ ਕਿ ਜੇ ਉਸ ਦੇ ਵਾਲ ਕੱਟੇ ਨਾ ਜਾਣ ਤਾਂ ਉਹ ਇਕ ਲੱਖ ਰੁਪਿਆ ਆਪਣੇ ਕੇਸਾਂ ਦਾ ਮੁੱਲ ਦੇਣ ਨੂੰ ਤਿਆਰ ਹੈ ਪਰ ਬਾਦਸ਼ਾਹ ਨੇ ਲੱਖ ਦੀ ਥਾਂ ਸਵਾ ਲੱਖ ਮੰਗਿਆ, ਜੋ ਆਲਾ ਸਿੰਘ ਨੇ ਤਾਰ ਕੇ ਆਪਣੇ ਕੇਸ ਕਤਲ ਹੋਣ ਤੋਂ ਬਚਾ ਲਏ। ਆਲਾ ਸਿੰਘ ਭਾਵੇਂ ਖ਼ਾਲਸੇ ਦਾ ਨਗਾਰਾ ਛੱਡ ਕੇ ਅਬਦਾਲੀ ਦਾ ਦਿੱਤਾ ਹੋਇਆ ਲੀਰਾਂ ਵਾਲਾ ਢੋਲ ਵਜਾਉਂਦਾ ਸੀ ਪਰ ਉਸ ਨੇ ਰੋਮਾਂ ਦੀ ਬੇਅਦਬੀ ਬਰਦਾਸ਼ਤ ਨਹੀਂ ਸੀ ਕੀਤੀ। ਦੁੱਖੀ ਹਿਰਦੇ ਨਾਲ ਲਿਖਣਾ ਪੈ ਰਿਹਾ ਹੈ ਕਿ ਸ਼੍ਰੋਮਣੀ ਅਕਾਲੀ ਦਲ ਜੋ ਪੰਥ ਦੇ ਹੱਕਾਂ ਹਿੱਤਾਂ ਅਤੇ ਸਿੱਖੀ ਸਰੂਪ ਦੀ ਸਾਂਭ ਸੰਭਾਲ ਲਈ ਸਿਰਜਿਆ ਗਿਆ ਸੀ, ਅਸੀਂ ਵੇਖਦੇ ਹਾਂ ਕਿ ਅਜੋਕੇ ਅਕਾਲੀ ਦਲ ਵਿੱਚ ਰੋਮਾਂ ਦੀ ਬੇਅਦਬੀ ਕਰਨ ਵਾਲੇ ਸ਼ਰੇਆਮ ਭਰਤੀ ਕੀਤੇ ਜਾ ਰਹੇ ਹਨ ਅਤੇ ਅਜੋਕਾ ਅਕਾਲੀ ਦਲ ਇਹ ਭੀ ਭਲੀ ਭਾਂਤੀ ਜਾਣਦਾ ਹੈ ਕਿ ਸਿੱਖ ਧਰਮ ਵਿੱਚ ਰੋਮਾਂ ਦੀ ਬੇਅਦਬੀ ਨੂੰ ਬੱਜਰ ਕੁਰਹਿਤ ਮੰਨਿਆ ਜਾਂਦਾ ਹੈ।

ਅਬਦਾਲੀ ਇਹ ਸੋਚ ਵੀ ਨਹੀਂ ਸੀ ਸਕਦਾ ਕਿ ਏਡੇ ਵੱਡੇ ਘੱਲੂਘਾਰੇ ਤੋਂ ਅੱਠ ਮਹੀਨੇ ਬਾਅਦ ਹੀ ਖ਼ਾਲਸਾ ਅਹਿਮਦ ਸ਼ਾਹ ਅਬਦਾਲੀ ਨੂੰ ਦੁਬਾਰਾ ਮੈਦਾਨੇ ਜੰਗ ਵਿੱਚ ਲੜਨ ਲਈ ਮਜਬੂਰ ਕਰ ਦੇਵੇਗਾ। ਅਫ਼ਗਾਨਾਂ ਵੱਲੋਂ ਪਿੰਡਾਂ ਅਤੇ ਸ਼ਹਿਰਾਂ ਦੀ ਕੀਤੀ ਭਿਆਨਕ ਤਬਾਹੀ ਅਤੇ ਲੁੱਟਮਾਰ ਨੇ ਪੰਜਾਬੀਆਂ ਨੂੰ ਇਹ ਅਹਿਸਾਸ ਕਰਵਾ ਦਿੱਤਾ ਸੀ ਕਿ ਅਬਦਾਲੀ ਬਾਦਸ਼ਾਹ ਨਹੀਂ ਸਗੋਂ ਲੁਟੇਰਾ ਹੈ ਅਤੇ ਨਿਰਦੋਸ਼ ਪੰਜਾਬੀਆਂ ਨੂੰ ਲੁੱਟਣ ਹੀ ਆਉਂਦਾ ਹੈ ਅਤੇ ਸਿੱਖ ਤਾਂ ਪੰਜਾਬ ਦੀ ਧੰਨ ਦੌਲਤ ਇੱਜ਼ਤ-ਆਬਰੂ ਬਚਾਉਣ ਲਈ ਅਹਿਮਦ ਸ਼ਾਹ ਅਬਦਾਲੀ ਨਾਲ ਸੀਸ ਤਲੀ 'ਤੇ ਰੱਖ ਕੇ ਪੰਜਾਬ ਦੀ ਰਾਖੀ ਲਈ ਜੰਗ ਯੁੱਧ ਕਰਦੇ ਹਨ। ਨਤੀਜਾ ਇਹ ਨਿਕਲਿਆ ਕਿ ਪੰਜਾਬ ਦੀ ਹਰ ਜਾਤ ਦੀ ਸ਼੍ਰੇਣੀ ਵਿੱਚੋਂ ਅਣਖ਼ੀਲੇ ਨੌਜਵਾਨ ਖੰਡੇ ਦੀ ਪਾਹੁਲ ਛੱਕ ਕੇ ਖ਼ਾਲਸਾ ਪੰਥ ਵਿੱਚ ਰਲਦੇ ਗਏ ਅਤੇ ਅਕਤੂਬਰ 1762 ਨੂੰ (ਲਗਪਗ ਵੱਡੇ ਘੱਲੂਘਾਰੇ ਤੋਂ ਅੱਠ ਮਹੀਨੇ ਬਾਅਦ) 60000 ਖ਼ਾਲਸਾ ਪ੍ਰਗਟ ਹੋ ਕੇ ਅਬਦਾਲੀ ਨਾਲ ਟੱਕਰ ਲੈਣ ਲਈ ਤਿਆਰ ਹੋ ਗਿਆ ਸੀ।

ਅਹਿਮਦ ਸ਼ਾਹ ਅਬਦਾਲੀ ਦੇ ਸੂਹੀਆਂ ਨੇ ਜਦੋਂ ਅਬਦਾਲੀ ਨੂੰ ਇਹ ਖ਼ਬਰ ਦਿੱਤੀ ਕਿ ਮੈਦਾਨੇ ਜੰਗ ਵਿੱਚ ਲੜਨ ਵਾਲੇ ਖ਼ਾਲਸੇ ਦੀ ਗਿਣਤੀ 60000 ਹੈ ਤਾਂ ਸੁਣ ਕੇ ਅਬਦਾਲੀ ਹੱਕਾ ਬੱਕਾ ਰਹਿ ਗਿਆ ਤੇ ਆਪਣੇ ਅਹਿਲਕਾਰਾਂ ਨੂੰ ਪੁੱਛਿਆ ਕਿ ਤੁਸੀਂ ਤਾਂ ਕਹਿੰਦੇ ਸੀ ਕਿ ਲੜਨ ਵਾਲੇ ਸਾਰੇ ਸਿੰਘ ਮਾਰੇ ਗਏ, ਫਿਰ 60000 ਸਿੰਘ ਅੱਠ ਮਹੀਨਿਆਂ ਵਿੱਚ ਜੰਮ ਕੇ ਜੁਆਨ ਕਿਵੇਂ ਹੋ ਗਏ? ਤਾਂ ਅਹਿਲਕਾਰਾਂ ਨੇ ਉੱਤਰ ਦਿੱਤਾ ਕਿ ਸਿੱਖਾਂ ਦੇ ਗੁਰੂ ਨੇ ਅਜਿਹੀ ਕੌਮ ਦੀ ਸਾਜਨਾ ਕੀਤੀ ਹੈ ਜਿਸ ਨੂੰ ਸਿੰਘ ਖ਼ਾਲਸਾ ਕੌਮ ਕਹਿੰਦੇ ਹਨ

**ਬਾਕੀ ਹਿਸਾ ਸਫ਼ਾ 32 ਤੇ ਪੜ੍ਹੋ** →

31 ਸਫ਼ੇ ਦੀ ਬਾਕੀ

ਅਤੇ ਇਨ੍ਹਾਂ ਦਾ ਵਿਸ਼ਵਾਸ ਹੈ ਕਿ ਖ਼ਾਲਸਾ ਨਾ ਜੰਮਦਾ ਹੈ ਨਾ ਮਰਦਾ ਹੈ ਸਗੋਂ ਪ੍ਰਗਟ ਹੁੰਦਾ ਹੈ ਅਤੇ ਏਥੇ ਹੀ ਬੱਸ ਨਹੀਂ ਸਿੱਖਾਂ ਦੇ ਗੁਰੂ ਨੇ ਖ਼ਾਲਸਾ ਪ੍ਰਗਟ ਕਰਨ ਦੀ ਵਿਧੀ ਵਿਧਾਨ ਵੀ ਨਿਰਧਾਰਤ ਕੀਤਾ ਹੋਇਆ ਹੈ, ਅਤੇ ਉਸੇ ਵਿਧੀ ਵਿਧਾਨ ਅਨੁਸਾਰ ਇਹ ਖ਼ਾਲਸਾ ਪ੍ਰਗਟ ਹੋ ਕੇ ਸਾਡੇ ਸਾਹਮਣੇ ਖੜ੍ਹਾ ਹੈ।

ਸਿੰਘਾਂ ਦੀ ਇਹ ਅਜਿੱਤ ਦਲੇਰੀ ਦ੍ਰਿੜ੍ਹ ਵਿਸ਼ਵਾਸ ਤੇ ਅਟੱਲ ਜੋਸ਼ ਦੇਖ ਕੇ ਅਬਦਾਲੀ ਘਬਰਾ ਗਿਆ ਸੀ ਤੇ ਉਸ ਨੂੰ ਇਹ ਭਾਸ ਰਿਹਾ ਸੀ ਕਿ ਉਹ ਆਪਣੀ ਇਕ ਲੱਖ ਫ਼ੌਜ ਦੇ ਹੁੰਦਿਆਂ ਹੋਇਆਂ ਵੀ ਇਸ ਵਾਰੀ ਸਿੱਖਾਂ ਨੂੰ ਜਿੱਤ ਨਹੀਂ ਸਕੇਗਾ।

ਉਸ ਨੇ ਨੀਤਕ ਚਾਲ ਨਾਲ ਕੰਮ ਕੱਢਣਾ ਚਾਹਿਆ। ਅਬਦਾਲੀ ਨੇ ਖ਼ਾਲਸਾ ਪੰਥ ਨਾਲ ਸੁਲ੍ਹਾ ਕਰਨ ਵਾਸਤੇ ਆਪਣੇ ਰਾਜਦੂਤ ਅੰਮ੍ਰਿਤਸਰ ਭੇਜੇ। ਰਾਜਦੂਤਾਂ ਨੇ ਪਹਿਲਾਂ ਸਿੱਖਾਂ ਨੂੰ ਹਾਕਮਾਨਾ ਢੰਗ ਨਾਲ ਕਹਿਣਾ ਸ਼ੁਰੂ ਕੀਤਾ ਕਿ ਜਿਸ ਦੇ ਸਾਹਮਣੇ ਦਿੱਲੀ ਦਾ ਮੁਗ਼ਲ ਦਰਬਾਰ ਝੁੱਕ ਗਿਆ ਹੈ ਅਤੇ ਜਿਸ ਅੱਗੇ ਸ਼ਕਤੀਸ਼ਾਲੀ ਮਰਹੱਟੇ ਝੁੱਕ ਗਏ ਹਨ, ਤੁਸੀਂ ਮੁੱਠੀ ਭਰ ਸਿੱਖ ਉਸ ਦਾ ਟਾਕਰਾ ਕਿੰਨਾ ਕੁ ਚਿਰ ਕਰ ਸਕਦੇ ਹੋ? ਅਬਦਾਲੀ ਕੋਈ ਪੰਜਾਬ ਦਾ ਚੌਧਰੀ ਤੇ ਫ਼ੌਜਦਾਰ ਨਹੀਂ ਹੈ ਜਿਨ੍ਹਾਂ ਤੋਂ ਤੁਸੀਂ ਆਕੀ ਰਹਿ ਸਕੋਗੇ, ਸਿੱਖੋ ਤੁਹਾਡਾ ਟਾਕਰਾ ਸ਼ਹਿਨਸ਼ਾਹ ਅਫ਼ਗਾਨਿਸਤਾਨ ਤੇ ਦੁਨੀਆਂ ਦੇ ਸਭ ਤੋਂ ਵੱਡੇ ਜਰਨੈਲ ਨਾਲ ਹੈ, ਤੁਸੀਂ ਸਾਡੀ ਸੁਲ੍ਹਾ ਵਾਲੀ ਨੀਤੀ 'ਤੇ ਵਿਚਾਰ ਕਰਕੇ ਤਾਂ ਵੇਖੋ, ਬਾਦਸ਼ਾਹ ਸਲਾਮਤ ਤੁਹਾਡੀ ਬਹਾਦਰੀ ਉੱਤੇ ਮੋਹਿਤ ਹੈ। ਉਹ ਅਜਿਹੀ ਦਲੇਰ ਸਿੱਖ ਕੌਮ ਨੂੰ ਆਪਣੀ ਮਿੱਤਰ ਬਣਾਉਣੀ ਚਾਹੁੰਦਾ ਹੈ, ਆਉ ਸੁਲ੍ਹਾ ਕਰ ਲਵੋ, ਬਾਦਸ਼ਾਹ ਸਲਾਮਤ ਅੱਗੇ ਨਜ਼ਰਾਨਾ ਧਰੋ (ਭਾਵ ਹਾਰ ਮੰਨ ਲਉ) ਤੇ ਬਾਦਸ਼ਾਹ ਸਲਾਮਤ ਵੱਲੋਂ ਬਖ਼ਸ਼ੀ ਹੋਈ ਪੰਜਾਬ ਦੀ ਹਕੂਮਤ ਸੰਭਾਲ ਲਉ ਅਤੇ ਇਸ ਤਰ੍ਹਾਂ ਕਰਨ ਨਾਲ ਤੁਹਾਨੂੰ ਸ਼ਹਿਨਸ਼ਾਹ ਅਹਿਮਦ ਸ਼ਾਹ ਦੀ ਸ਼ਰਨ ਹੁੰਦਿਆਂ ਦਿੱਲੀ ਸਰਕਾਰ ਦਾ ਵੀ ਕੋਈ ਡਰ ਨਹੀ ਰਹੇਗਾ।

ਖ਼ਾਲਸਾ ਪੰਥ ਨੂੰ ਇਸ ਸੁਲ੍ਹਾ ਵਿੱਚ ਸਿੱਖ ਕੌਮ ਦੀ ਮੌਤ ਲੁਕੀ ਹੋਈ ਦਿੱਸ ਪਈ ਸੀ। ਇਸ ਕਰਕੇ ਖ਼ਾਲਸੇ ਨੇ ਅਬਦਾਲੀ ਦੀ ਇਹ ਸੁਲ੍ਹਾ ਵਾਲੀ ਪੇਸ਼ਕਸ਼ ਠੁਕਰਾ ਕੇ ਅਬਦਾਲੀ ਦੇ ਰਾਜਦੂਤ ਨੂੰ ਦੋ ਟੁੱਕ ਜਵਾਬ ਦਿੱਤਾ ਕਿ ਅਬਦਾਲੀ ਨਾਲ ਸੁਲ੍ਹਾ ਨਹੀਂ ਹੋ ਸਕਦੀ। ਅਬਦਾਲੀ ਕੌਣ ਹੁੰਦਾ ਹੈ, ਪੰਜਾਬ ਦਾ ਰਾਜ ਸਾਨੂੰ ਦੇਣ ਵਾਲਾ? ਪੰਜਾਬ ਸਾਡਾ ਹੈ ਇਸ ਦੇ ਬਾਦਸ਼ਾਹ ਅਸੀਂ ਹਾਂ, ਕਿਸੇ ਕੋਲੋਂ ਭਿੱਖਿਆ ਵਜੋਂ ਰਾਜ ਲੈਣ ਨਾਲੋਂ ਗੋਲੀ ਦਾ ਨਿਸ਼ਾਨਾ ਬਣ ਕੇ ਅਣਖ਼ ਦੀ ਮੌਤ ਕਿਤੇ ਚੰਗੀ ਹੈ, ਜਾ ਕੇ ਅਬਦਾਲੀ ਨੂੰ ਆਖੋ ਕਿ ਕੱਲ੍ਹ ਸਵੇਰ ਨੂੰ ਮੈਦਾਨੇ ਜੰਗ ਵਿੱਚ ਸਿੱਧਾ ਹੋ ਕੇ ਖ਼ਾਲਸੇ ਨਾਲ ਯੁੱਧ ਕਰੇ।

ਦੂਸਰੇ ਦਿਨ ਖ਼ਾਲਸੇ ਦਾ ਅਬਦਾਲੀ ਨਾਲ ਘਮਸਾਣ ਦਾ ਯੁੱਧ ਹੋਇਆ, ਅਹਿਮਦ ਸ਼ਾਹ ਨੂੰ ਪੂਰੀ ਤਰ੍ਹਾਂ ਹਾਰ ਹੋਈ ਅਤੇ ਉਸੇ ਰਾਤ ਹੀ ਰਾਤ ਦੇ ਹਨੇਰੇ ਵਿੱਚ ਅਬਦਾਲੀ ਆਪਣੀ ਜਾਨ ਬਚਾ ਕੇ ਕਾਬਲ ਨੂੰ ਨੱਸ ਗਿਆ ਸੀ। ਹਾਰੇ ਹੋਏ ਦੁਰਾਨੀਆਂ ਨੇ ਹਥਿਆਰ ਸੁੱਟ ਦਿੱਤੇ ਅਤੇ ਸਿੱਖਾਂ ਕੋਲੋਂ ਆਪਣੇ ਪ੍ਰਾਣਾਂ ਦੀ ਭੀਖ ਮੰਗੀ। ਸਿੰਘਾਂ ਨੇ ਕਿਸੇ ਨਿਹੱਥੇ ਨੂੰ ਕਤਲ ਨਹੀਂ ਕੀਤਾ ਪਰ ਕੁਝ ਸਮੇਂ ਲਈ ਕੈਦੀ ਬਣਾ ਕੇ ਅੰਮ੍ਰਿਤਸਰ ਲਿਆਂਦਾ ਗਿਆ। ਜੱਸਾ ਸਿੰਘ ਆਹਲੂਵਾਲੀਏ ਨੇ ਪਠਾਣਾਂ ਨੂੰ ਕਿਹਾ ਕਿ ਜਿਨ੍ਹਾਂ ਹੱਥਾਂ ਨਾਲ ਇਹ ਸਰੋਵਰ ਪੂਰਿਆ ਹੈ, ਉਨ੍ਹਾਂ ਹੱਥਾਂ ਨਾਲ ਇਸ ਸਰੋਵਰ ਦੀ ਸਫਾਈ ਕਰੋ। ਸਾਰਾ ਦਿਨ ਪਠਾਣਾਂ ਕੋਲੋਂ ਸਰੋਵਰ ਵਿੱਚੋਂ ਮਲਬਾ ਕਢਾਉਂਦੇ ਤੇ ਸ਼ਾਮ ਨੂੰ ਗੁਰੂ ਕੇ ਲੰਗਰ ਵਿੱਚ ਸਾਂਝੀ ਪੰਗਤ ਵਿੱਚ ਬਿਠਾਲ ਕੇ ਪ੍ਰਸ਼ਾਦਾ ਛਕਾਉਂਦੇ। ਸਰੋਵਰ ਦੀ ਸਫਾਈ ਤੋਂ ਬਾਅਦ ਕੈਦੀਆਂ ਨੂੰ ਛੱਡ ਦਿੱਤਾ ਗਿਆ। ਅਕਤੂਬਰ 1762 ਦੀ ਇਸ ਲੜਾਈ ਦੀ ਜਿੱਤ ਮਗਰੋਂ ਸਿੱਖ ਪੰਜਾਬ ਦੀ ਸਭ ਤੋਂ ਵੱਡੀ ਤਾਕਤ ਬਣ ਗਏ ਅਤੇ 1765 ਤੱਕ ਮਿਸਲਾਂ ਨੇ ਸਿੱਖ ਰਾਜ ਸਥਾਪਿਤ ਕਰ ਲਿਆ ਸੀ।

ਪੱਛਮ ਦੇ ਉੱਘੇ ਫ਼ਿਲਾਸਫਰ ਜੋਰਜ ਆਰਵੈੱਲ ਨੇ ਲਿਖਿਆ ਹੈ ਕਿ ਜੇ ਤੁਸੀਂ ਆਪਣੇ ਭਵਿੱਖ ਨੂੰ ਕਾਬੂ ਵਿੱਚ ਰੱਖਣਾ ਚਾਹੁੰਦੇ ਹੋ ਤਾਂ ਆਪਣੇ ਪਿਛਲੇ ਇਤਿਹਾਸ 'ਤੇ ਪਕੜ ਤਕੜੀ ਰੱਖੋ। ਇਸ ਕਰਕੇ ਸਾਨੂੰ ਆਪਣੇ ਪਿਛਲੇ ਇਤਿਹਾਸ ਦਾ ਵਿਸ਼ਲੇਸ਼ਣ ਵੀ ਜਰੂਰ ਕਰਨਾ ਚਾਹੀਦਾ ਹੈ ਜਿਵੇਂ ਕਿ ਮਹਾਰਾਜਾ ਰਣਜੀਤ ਸਿੰਘ ਦੇ ਵਕਤ ਜਦੋਂ ਸਾਰਾ ਖ਼ਾਲਸਾ ਪੰਥ ਐਸ਼ੋ ਇਸ਼ਰਤ ਵੱਟੇ ਮਨਮੁਖ ਹੋਏ ਬੰਦੇ ਦਾ ਬੰਦਾ ਬਣ ਚੁੱਕਾ ਸੀ, ਉਦੋਂ ਸ਼ੁੱਧ ਸਿੱਖੀ ਜਜ਼ਬੇ ਤੇ ਅਣਖ਼ ਦੇ ਗੁਣਾਂ ਨੂੰ ਕਾਇਮ ਰੱਖਣ ਵਾਲੇ ਹੋਏ ਹਨ: ਭਾਈ ਬੀਰ ਸਿੰਘ ਨੌਰੰਗਾਬਾਦੀ, ਸਰਦਾਰ ਹਰੀ ਸਿੰਘ ਨਲੂਆ, ਅਕਾਲੀ ਫੂਲਾ ਸਿੰਘ ਅਤੇ ਸ਼ਾਮ ਸਿੰਘ ਅਟਾਰੀਵਾਲਾ।

ਅੱਜ ਪੰਥ ਨੂੰ ਲੋੜ ਹੈ ਅਜਿਹਾ ਖ਼ਾਲਸਾ ਪ੍ਰਗਟ ਕਰਨ ਦੀ, ਜੋ ਜੰਮਦਾ ਮਰਦਾ ਨਹੀਂ ਸਗੋਂ ਪ੍ਰਗਟ ਹੁੰਦਾ ਹੈ।

**ਗੁਰੂ ਪੰਥ ਦਾ ਦਾਸ**
**ਜਥੇਦਾਰ ਮਹਿੰਦਰ ਸਿੰਘ ਯੂ.ਕੇ.**

* * * * * *

## ਗੈਰ-ਕਾਨੂੰਨੀ ਭਾਰਤੀ ਪ੍ਰਵਾਸੀ ਅਮਰੀਕਾ ਵਿਚੋਂ ਕੱਢੇ

### ✪ ਭਰਕੇ ਤੋਰਿਆ ਫੌਜੀ ਜਹਾਜ਼, ਅੰਮ੍ਰਿਤਸਰ ਕਰੇਗਾ ਲੈਂਡ

ਦਿੱਲੀ-ਰਾਸ਼ਟਰਪਤੀ ਵਜੋਂ ਸਹੁੰ ਚੁੱਕਣ ਤੋਂ ਬਾਅਦ ਡੋਨਾਲਡ ਟਰੰਪ ਅਮਰੀਕਾ ਵਿੱਚ ਗੈਰ-ਕਾਨੂੰਨੀ ਤੌਰ 'ਤੇ ਰਹਿ ਰਹੇ ਪ੍ਰਵਾਸੀਆਂ ਪ੍ਰਤੀ ਸਖ਼ਤ ਰਹੇ ਹਨ। ਹੁਣ ਅਮਰੀਕਾ ਵਿੱਚ ਗੈਰ-ਕਾਨੂੰਨੀ ਤੌਰ 'ਤੇ ਰਹਿ ਰਹੇ 205 ਪ੍ਰਵਾਸੀਆਂ ਦੇ ਇੱਕ ਸਮੂਹ ਨੂੰ ਇੱਕ ਅਮਰੀਕੀ ਫੌਜੀ ਜਹਾਜ਼ ਵਿੱਚ ਭਾਰਤ ਲਿਆਂਦਾ ਜਾ ਰਿਹਾ ਹੈ। ਸੂਤਰਾਂ ਅਨੁਸਾਰ, ਗੈਰ-ਕਾਨੂੰਨੀ ਭਾਰਤੀ ਪ੍ਰਵਾਸੀਆਂ ਦਾ ਪਹਿਲਾ ਜੱਥਾ ਅਮਰੀਕੀ ਸੀ-147 ਜਹਾਜ਼ ਰਾਹੀਂ ਭਾਰਤ ਆ ਰਿਹਾ ਹੈ। ਪਿਛਲੇ ਹਫ਼ਤੇ, ਬਲੂਮਬਰਗ ਨੇ ਆਪਣੀ ਰਿਪੋਰਟ ਵਿੱਚ ਦੱਸਿਆ ਸੀ ਕਿ ਭਾਰਤ ਅਤੇ ਅਮਰੀਕਾ ਨੇ ਲਗਭਗ 18000 ਭਾਰਤੀਆਂ ਦੀ ਪਛਾਣ ਕੀਤੀ ਹੈ ਜੋ ਅਮਰੀਕਾ ਵਿੱਚ ਗੈਰ-ਕਾਨੂੰਨੀ ਤੌਰ 'ਤੇ ਰਹਿ ਰਹੇ ਹਨ।


# ਆਓ ਘਰੇ ਬੈਠੇ ਆਪਣੀ ਮਾਂ ਬੋਲੀ ਪੰਜਾਬੀ ਸਿੱਖੀਏ

ਪੰਜਾਬ ਟਾਈਮਜ਼ ਨੂੰ ਲਗਾਤਾਰ ਸਹਿਯੋਗ ਦੇਣ ਵਾਲੇ ਸਾਡੇ ਬਹੁਤ ਹੀ ਸੁਹਿਰਦ ਸੱਜਣਾਂ ਦੇ ਸੁਝਾਅ 'ਤੇ ਇਹ ਨਵਾਂ ਕਾਲਮ ਪੰਜਾਬੀ ਸਿੱਖਣ ਦੇ ਚਾਹਵਾਨਾਂ ਲਈ ਸ਼ੁਰੂ ਕੀਤਾ ਗਿਆ ਹੈ। ਇਸ ਵਿੱਚ ਹਰ ਹਫ਼ਤੇ ਅਗਲਾ ਨਵਾਂ ਪਾਠ ਲਈ ਦਿੱਤਾ ਜਾਂਦਾ ਹੈ ....


**ਜਿਸ ਕਿਤਾਬ ਤੋਂ ਇਹ ਸਬਕ ਸ਼ੁਰੂ ਕੀਤਾ ਗਿਆ ਹੈ, ਇਸ ਦੇ ਚਾਰ ਭਾਗ (ਲੈਵਲ) ਹਨ। ਇਥੇ ਇਹ ਸਬਕ ਪਹਿਲੇ ਭਾਗ ਵਿੱਚੋਂ ਹੈ .....**

**ਹੁਣ ਤੁਸੀਂ ਕੀ ਕਰਨਾ ਹੈ?**

**ਆਪਣੇ ਬੱਚੇ ਨੂੰ ਗੁਰਮੁਖੀ ਅੱਖਰਾਂ ਦੀ ਪਛਾਣ ਕਰਵਾਓ ਤੇ ਅੱਖਰ ਬੋਲਣੇ ਦੱਸੋ। ਪੂਰਾ ਹਫਤਾ ਹਰ ਰੋਜ਼ ਇੱਕ ਵਾਰ ਬੱਚੇ ਨਾਲ ਕੁੱਝ ਮਿੰਟ ਸਮਾਂ ਜ਼ਰੂਰ ਬਿਤਾਓ, ਉਹ ਜਲਦੀ ਹੀ ਸਿੱਖਣਾ ਸ਼ੁਰੂ ਕਰ ਦੇਵੇਗਾ। ਇੰਝ ਆਪਾਂ ਆਪਣੇ ਬੱਚਿਆਂ ਨੂੰ ਆਪਣੀ ਮਾਂ ਬੋਲੀ ਅਤੇ ਵਿਰਸੇ ਨਾਲ ਜੋੜ ਸਕਾਂਗੇ।**

**ਜਿਹਨਾਂ ਨੇ ਬੱਚਿਆਂ ਨੂੰ ਪੰਜਾਬੀ ਸਿਖਾਉਣੀ ਸ਼ੁਰੂ ਕੀਤੀ ਹੈ, ਸਾਨੂੰ ਇਸ ਬਾਰੇ ਲਿਖ ਕੇ ਸੁਝਾਅ ਜ਼ਰੂਰ ਭੇਜੋ ...**


**ਘਰ ਬੈਠੇ ਆਪ ਵੀ ਗੁਰਮੁਖੀ (ਪੰਜਾਬੀ) ਸਿੱਖ ਸਕਦੇ ਹੋ ਤੇ ਆਪਣੇ ਬੱਚਿਆਂ ਨੂੰ ਵੀ ਇਹਨਾਂ ਕਿਤਾਬਾਂ ਦੀ ਮਦਦ ਨਾਲ ਸਿਖਾ ਸਕਦੇ ਹੋ। 4 ਕਿਤਾਬਾਂ ਦੇ ਸੈੱਟ ਦੀ ਕੀਮਤ ਕੇਵਲ £15.00 ਪੌਂਡ (ਡਾਕ ਖਰਚ ਸਮੇਤ) ਹੈ ਕਿਤਾਬਾਂ ਦੇ 10 ਸੈਟਾਂ ਤੋਂ ਉੱਪਰ ਆਰਡਰ 'ਤੇ ਡਿਸਕਾਊਂਟ ਦਿੰਦੇ ਹਾਂ।**




**ਕਿਤਾਬਾਂ ਮੰਗਵਾਉਣ ਲਈ ਤੁਸੀਂ ਹੇਠਾਂ ਦਿੱਤੇ ਨੰਬਰਾਂ 'ਤੇ ਸੰਪਰਕ ਕਰ ਸਕਦੇ ਹੋ**

**PANJAB TIMES**, BRIDLE GATE LANE, ALVASTON, DERBY, DE24 0QW, U.K.
Email:panjabtimes@gmail.com, www.panjabtimes.uk
Tel: 01332 372 851 - WhatsApp No. 07966 388 388

## ਆਓ ਪਹਿਲੀ ਪੰਗਤੀ ਦੇ ਅੱਖਰ ਲਿਖਣੇ ਸਿੱਖੀਏ...

ਪਾਠ 2

ੳ ਅ ੲ ਸ ਹ

Exercise 1 : Draw the above letters on paper and cut & paste in your notebook.
(Material needed: Card stock, Scissors, glue)

Exercise 2 : Write the Gurmukhi Akhars 3 times for English sounds given below.

| | | | |
|---|---|---|---|
| Sassa | ........ | ........ | ........ |
| Airaa | ........ | ........ | ........ |
| Eeree | ........ | ........ | ........ |
| Ooraa | ........ | ........ | ........ |
| Hahha | ........ | ........ | ........ |

ਸਿੱਖਿਆ - ਗੁਰਮੁਖੀ Page 3 Level I

# ਗੁਰ ਰਵਿਦਾਸ ਜੀ ਨੇ ਇਤਿਹਾਸਕ ਪਰਿਪੇਖ ਅੰਦਰ ਸਮਾਜਕ ਚੇਤਨਾ ਵਜੋਂ ਮਾਨਵ ਜੀਵਨ ਜੁਗਤ ਦਾ ਦਰਸ਼ਨ ਪੇਸ਼ ਕੀਤਾ

## ਜਨਮ ਦਿਨ 'ਤੇ ਵਿਸ਼ੇਸ਼

**ਜਗਦੀਸ਼ ਸਿੰਘ ਚੋਹਕਾ**



ਗੁਰੂ ਰਵਿਦਾਸ ਜੀ ਦੇ ਫ਼ਲਸਫ਼ੇ ਨੂੰ ਸਮਝਣ ਲਈ ਉਨ੍ਹਾਂ ਦੇ ਇਕ ਪਦ ਪ੍ਰਤੀ ਸਮਝ ਬਣਾ ਕੇ ਉਨ੍ਹਾਂ ਦੇ ਸਿਧਾਂਤਕ ਵਿਚਾਰਾਂ ਰਾਹੀਂ ਮਨੁੱਖਤਾ ਨੂੰ ਵੀ ਸਮਝ ਸਕਦੇ ਹਾਂ। ਜੋ ਅੱਗੇ ਸਮਾਜ ਅੰਦਰ ਦਲਿਤ ਚੇਤਨਾ ਲਈ ਹਲੂਣਾ ਦਿੰਦਾ ਹੈ।

ਰੇ ਚਿਤ ਚੇਤਿ ਅਚੇਤ ॥
ਕਾਹੇ ਨ ਬਾਲਮੀਕਹਿ ਦੇਖ ॥
ਕਿਸੁ ਜਾਤਿ ਤੇ ਕਿਹ ਪਦਹਿ ਅਮਰਿਓ
ਰਾਮ ਭਗਤਿ ਬਿਸੇਖ ॥

ਇਸ ਲਈ ਸਾਨੂੰ ਸੰਤ ਗੁਰੂ ਰਵਿਦਾਸ ਜੀ ਨੇ 13ਵੀਂ ਸਦੀ ਦੇ 7ਵੇਂ ਦਹਾਕੇ ਦੇ ਅੰਤ ਵਿਚ ਹੀ ਮਨੁੱਖੀ ਰਿਸ਼ਤਿਆਂ ਸਬੰਧੀ ਜਾਣੂ ਕਰਵਾ ਦਿਤਾ ਸੀ। ਇਸ ਲਈ ਅੱਜ ਸਾਨੂੰ ਦਲਿਤ ਚੇਤਨਾ ਨੂੰ ਸਮਾਜਕ ਚੇਤਨਾ ਦੇ ਸੰਦਰਭ ਅੰਦਰ ਦੇਖਣਾ ਪਏਗਾ ਤਾਕਿ ਇਸ ਲੋਟੂ ਸਮਾਜ ਅੰਦਰ ਅਖੌਤੀ ਸ਼ੂਦਰ ਸਮਾਜ ਅਪਣੇ ਮਨੁੱਖੀ ਹੱਕ ਦੀ ਪ੍ਰਾਪਤੀ ਲਈ ਕਿਰਤੀ ਸੰਘਰਸ਼ ਵਜੋਂ ਜਾਗਰੂਕ ਹੋ ਕੇ ਉਸ ਨੂੰ ਮੁਕਤੀ ਕਿਵੇਂ ਮਿਲ ਸਕਦੀ ਹੈ ?

ਮੱਧਕਾਲ ਅੰਦਰ ਸ਼ੁਰੂ ਹੋਈ ਭਗਤੀ ਲਹਿਰ ਦੇ ਭਾਰਤੀ ਫ਼ਲਸਫ਼ੇ ਦੇ ਪ੍ਰਭਾਵਾਂ ਅੰਦਰ ਭਗਤ ਰਵਿਦਾਸ ਜੀ ਪਹਿਲੇ ਅਜਿਹੇ ਸਮਾਜਕ ਚਿੰਤਕ ਸਨ ਜਿਨ੍ਹਾਂ ਨੇ ਸਮਾਜ ਅੰਦਰ ਪਸਰੀਆਂ ਸਮਾਜਕ, ਆਰਥਕ ਅਤੇ ਸਭਿਆਚਾਰਕ ਖੇਤਰ ਅੰਦਰ ਬੇਨੇਮੀਆਂ, ਜਾਤ-ਪਾਤ, ਛੂਆ-ਛਾਤ, ਅਨਿਆਏ ਅਤੇ ਲੁੱਟ-ਖਸੁੱਟ ਵਿਰੁਧ ਅਪਣੀ ਬਹਿਸ, ਦਲੀਲਬਾਜ਼ੀ ਤੇ ਵਿਚਾਰ-ਚਰਚਾ ਰਾਹੀਂ ਭਾਰਤੀ ਦਰਸ਼ਨ ਅੰਦਰ ਅਪਣੀ ਵਿਚਾਰਧਾਰਾ ਨੂੰ ਪੇਸ਼ ਕੀਤਾ।

ਭਾਵੇਂ ਭਾਰਤ ਅੰਦਰ ਪਛਮੀ ਤਰਜ਼ ਦੀ ਗ਼ੁਲਾਮਦਾਰੀ ਪ੍ਰਥਾ ਤਾਂ ਨਹੀਂ ਸੀ, ਪਰ ਇਸ ਦਾ ਰੂਪ ਦਾਸ-ਪ੍ਰਥਾ ਜੋ ਜਾਤ-ਪਾਤ ਅਤੇ ਛੂਆ-ਛਾਤ ਦੇ ਰੂਪ 'ਚ ਸੀ, 'ਜਿਸ ਅੰਦਰ ਕਿਰਤ ਨੂੰ ਅਪਣੇ ਹੱਥੀ ਕਰਨ ਦੀ ਥਾਂ ਦਾਸਾਂ ਰਾਹੀਂ (ਦੂਜਿਆਂ ਤੋਂ) ਕਰਵਾਇਆ ਜਾਂਦਾ ਸੀ। ਇਸ ਪਰਜੀਵੀਪੁਣੇ ਦੇ ਤਰਕ ਦੀ ਸਥਾਪਤੀ ਵਿਰੁਧ ਭਗਤ ਰਵਿਦਾਸ ਜੀ ਨੇ ਸਮਾਜਕ ਬਰਾਬਰੀ ਲਈ ਵਿਲੱਖਣ ਜੋਤ ਅਪਣੇ ਹੱਥਾਂ 'ਚ ਫੜ ਕੇ ਉਚੇਰੇ ਸਮਾਜ ਵਲੋਂ ਜੋ ਅਖੌਤੀ ਨੀਵੇਂ ਸਮਾਜ ਪ੍ਰਤੀ ਜੁਗਾਂ-ਜੁਗਾਂਤਰਾਂ ਤੋਂ ਫੈਲਾਏ ਘਿਰਣਾ, ਸ਼ੋਸ਼ਣ, ਲੁੱਟ-ਖਸੁੱਟ ਅਤੇ ਮਨੂੰਵਾਦੀ ਵਰਣ ਸੀ, ਵਿਰੁਧ ਅਲਖ ਜਗਾਈ।

ਬ੍ਰਹਮਨ ਬੈਸ ਸੂਦ ਅਰੁ ਖਤ੍ਰੀ,
ਡੋਮ ਚੰਡਾਰ, ਮਲੇਛ ਮਨ ਸੋਇ ॥
ਹੋਇ ਪੁਨੀਤ ਭਗਵੰਤ ਭਜਨ ਤੇ,
ਆਪ ਤਾਰਿ ਤਾਰੇ ਕੁਲ ਦੋਇ ॥
(ਗੁਰੂ ਗ੍ਰੰਥ ਸਾਹਿਬ ਪੰਨਾ 585)

ਸੰਤ ਗੁਰੂ ਰਵਿਦਾਸ ਜੀ ਨੇ ਉਸ ਵੇਲੇ ਦੇ ਭਾਰਤੀ ਸਮਾਜ ਨੂੰ ਜੋ ਹਿੱਸਿਆਂ ਵਿਚ ਵੰਡਿਆ ਹੋਇਆ ਸੀ, ਨੂੰ ਬੜੀ ਬਰੀਕੀ ਨਾਲ ਦੇਖਿਆ ਤੇ ਪਛਾਣਿਆ। ਇਹ ਸਮਾਜ ਜੋ ਹਾਕਮਾਂ ਵਲੋਂ ਦੋ ਧੜਿਆਂ 'ਚ ਇਕ ਉੱਚੇ-ਸਵਰਨ, ਕੁਲੀਨ ਤੇ ਸ਼ੋਸ਼ਨ-ਵਰਗ ਦਾ ਅਤੇ ਦੂਜਾ ਨੀਵਾਂ-ਤ੍ਰਿਸਕਾਰਿਆ, ਲਤਾੜਿਆ ਤੇ ਸ਼ੋਸ਼ਿਤ ਵਰਗ ਦਾ ਸੀ ਜੋ ਇਹ ਕੋਈ ਰੱਬੀ ਜਾਂ ਖ਼ੁਦਾਈ ਫ਼ੁਰਮਾਨ ਕਰ ਕੇ ਵੀ ਨਹੀਂ ਸੀ ਸਗੋਂ ਇਸ ਨੂੰ ਕਾਣੀ ਵੰਡ ਦਾ ਕਾਰਨ ਦਸਿਆ। ਇਸ ਸਮਾਜਕ ਤੇ ਆਰਥਕ ਅਨਿਆਏ ਵਿਰੁਧ ਗੁਰੂ ਜੀ ਨੇ ਹਾਅ ਦਾ ਨਾਹਰਾ ਲਾਇਆ।

ਬੇਗਮਪੁਰਾ ਸਹਰ ਕੋ ਨਾਉ ॥
ਦੁਖ ਅੰਦੋਹ ਨਹੀਂ ਤਿਹਿ ਠਾਉ ॥

ਸੰਤ ਗੁਰੂ ਰਵਿਦਾਸ ਜੀ ਭਗਤੀ ਲਹਿਰ ਵੇਲੇ ਪਹਿਲੇ ਸਮਾਜਕ ਚਿੰਤਕ ਸਨ ਜਿਨ੍ਹਾਂ ਨੇ ਗਿਆਰਵੀਂ ਸਦੀ ਸਮੇਂ ਭਾਰਤ ਅੰਦਰ ਜੋ ਇਸਲਾਮ ਦੇ ਪ੍ਰਵੇਸ਼ ਕਾਰਨ ਹਿੰਦੂ ਧਰਮ ਨੂੰ ਪੈਦਾ ਹੋਏ ਖ਼ਤਰੇ ਨੇ ਹਿੰਦੂ-ਮੁਸਲਮਾਨਾਂ ਦੋਹਾਂ ਧਰਮਾਂ ਅੰਦਰ ਆਪਸੀ ਵਿਸ਼ਵਾਸ਼ ਅੰਦਰ ਕੁੜੱਤਣ ਪੈਦਾ ਹੋ ਗਈ ਸੀ, ਨੂੰ ਬਹਾਲ ਕਰਨ ਲਈ ਪਹਿਲ ਕਦਮੀ ਕੀਤੀ। ਪਰ ਭਗਤੀ ਲਹਿਰ ਜਿੱਥੇ ਇਸਲਾਮ ਦੇ ਖ਼ਤਰੇ ਨੂੰ ਘਟਾਅ ਰਹੀ ਸੀ ਉਥੇ ਬ੍ਰਾਹਮਣਾਂ ਦੇ ਜ਼ੁਲਮ ਤੇ ਜਾਤ-ਪਾਤ ਵਿਰੁੱਧ ਵੀ ਲੋਕਾਂ ਅੰਦਰ ਸਮਾਨਤਾ ਦੇ ਅਸੂਲਾਂ ਦਾ ਉਪਦੇਸ਼ ਦਿਤਾ ਜਾ ਰਿਹਾ ਸੀ ਤਾਕਿ ਹਿੰਦੂ ਧਰਮ ਨੂੰ ਉਸ ਦੇ ਔਗੁਣਾਂ ਤੋਂ ਪਾਕਿ ਕੀਤਾ ਜਾਵੇ ਕਿ ਉਸ ਨੂੰ ਇਸਲਾਮਕ ਅਤਿਆਚਾਰ ਸਹਿਣ ਦੇ ਯੋਗ ਬਣਾਇਆ ਜਾ ਸਕੇ।

ਸੰਤ ਗੁਰੂ ਰਵਿਦਾਸ ਜੀ ਅਤੇ ਉਨ੍ਹਾਂ ਦੇ ਸਮਕਾਲੀ ਸਾਥੀ ਭਗਤ ਨਾਮਦੇਵ ਜੀ, ਭਗਤ ਕਬੀਰ ਜੀ, ਭਗਤ ਸੈਨ ਜੀ, ਭਗਤ ਸਧਨਾ ਜੀ, ਭਗਤ ਧੰਨਾ ਭਗਤ, ਭਗਤ ਦਾਦੂ ਦਿਆਲ ਤੇ ਗੁਰੂ ਨਾਨਕ ਸਾਹਿਬ ਜੀ ਆਦਿ ਵਲੋਂ ਮਿਲ ਕੇ ਪਹਿਲੀ ਵਾਰੀ ਭਾਰਤੀ ਸਮਾਜ ਅੰਦਰ ਲਿਤਾੜੇ ਗਏ ਸ਼ੋਸ਼ਿਤ ਤੇ ਦਲਿਤ ਜਨ-ਸਮੂਹ ਜਿਸ ਨੂੰ ਮਨੂੰਵਾਦੀ ਸਮਾਜ ਮਨੁੱਖ ਵਜੋਂ ਵੀ ਅਧਿਕਾਰ ਨਹੀਂ ਸੀ ਦਿੰਦਾ, ਉਸ ਵਰਗ ਨੂੰ ਸਵੈ-ਸਤਿਕਾਰ, ਸਵੈ-ਭਰੋਸਾ, ਆਤਮ ਵਿਸ਼ਵਾਸ਼ ਤੇ ਇਕ ਮਨੁੱਖ ਵਜੋਂ ਆਤਮ-ਨਿਰਭਰਤਾ ਤੇ ਬਰਾਬਰਤਾ ਦਾ ਸਬਕ ਪੜ੍ਹਾਇਆ। ਦੁਨੀਆਂ ਅੰਦਰ ਭਾਰਤ ਹੀ ਇਕ ਅਜਿਹਾ ਦੇਸ਼ ਹੈ, ਜਿੱਥੇ ਵਰਣ-ਵੰਡ ਹੈ। ਅੱਜ ਵੀ ਸਮਾਜ ਅੰਦਰ ਜਾਤ-ਪਾਤ, ਛੂਆ-ਛਾਤ ਕਾਇਮ ਹੀ ਨਹੀਂ ਸਗੋਂ ਰਾਜ ਕਰਦੀਆਂ ਹਾਕਮ ਜਮਾਤਾਂ ਇਸ ਵਰਣ-ਵੰਡ ਨੂੰ ਕਾਇਮ ਹੀ ਨਹੀਂ ਰੱਖ ਰਹੀਆਂ ਸਗੋਂ ਇਸ ਨੂੰ ਪੱਠੇ ਪਾ ਰਹੀਆਂ ਹਨ। ਅਜਿਹੇ ਸਮਾਜ ਅੰਦਰ ਜਿੱਥੇ ਵਰਣ-ਵੰਡ ਦਾ ਸ਼ਿਕਾਰ ਦਲਿਤ-ਵਰਗ ਹੋਵੇ, ਉਸ ਨੂੰ ਕਿਵੇਂ ਇਨਸਾਫ਼ ਮਿਲ ਸਕੇਗਾ ?

ਜਾਤਾਂ ਦੇ ਭਾਈਚਾਰਿਆਂ ਦੇ ਇਨ੍ਹਾਂ ਵਰਗਾਂ ਦਾ ਸੰਦਰਭ ਸਮਾਜਕ ਸੰਸਥਾ ਦੇ ਉਸ ਅਮਲ ਨਾਲ ਜੁੜਦਾ ਹੈ, ਜੋ ਭਾਰਤੀ ਸਮਾਜ ਬਾਰੇ ਸਮਝ ਦੀ ਬੁਨਿਆਦ ਹਨ। ਜਾਤ ਜਾਂ ਵਰਣ-ਵੰਡ ਅੱਜ-ਕੱਲ ਇਕ ਅਜਿਹੇ ਕਰਮ-ਕਾਂਡੀ ਰੁਤਬੇ ਵਜੋਂ ਅਨੁਵਾਦਿਆ ਗਿਆ ਸ਼ਬਦ ਹੈ, ਜਿਸ ਰਾਹੀਂ ਭਾਰਤੀ ਸਮਾਜ 'ਚ ਸਭ ਤੋਂ ਉੱਤਮ ਤੇ ਸ਼ੁੱਧ ਐਲਾਨਿਆ ਜਾਂਦਾ ਬ੍ਰਾਹਮਣ-ਸਮਾਜ ਹੈ। ਇਨ੍ਹਾਂ ਵਰਣਾਂ ਸਬੰਧੀ ਯੂਨਾਨੀ




ਮੇਗਸਨੀਜ਼ ਨੇ ਚੌਥੀ ਸਦੀ ਬੀ.ਸੀ. ਦੌਰਾਨ ਵੀ ਜ਼ਿਕਰ ਕੀਤਾ ਹੈ।

ਵੈਦਿਕ ਲਿਖਤਾਂ ਇਸ ਦੀ ਗਵਾਹੀ ਭਰਦੀਆਂ ਹਨ ਕਿ ਵਰਣ ਸੂਤਰਬੱਧ ਜੋ ਕਰਜ਼ਾ ਬੱਧ ਹੈ, ਸਮਾਜ ਨੂੰ ਪ੍ਰਕਰਮ 'ਚ ਮਿੱਥੇ ਚਾਰ ਸਮੂਹਾਂ- ਬ੍ਰਾਹਮਣ, ਪੁਜਾਰੀ, ਕੁਸ਼ੱਤਰੀ, ਵੈਸ਼ਯ (ਕਾਸ਼ਤਕਾਰ) ਵਪਾਰੀ ਤੇ ਸ਼ੂਦਰ (ਪੰਜਵਾਂ ਅਛੂਤ ਜੋ ਉਪ੍ਰੋਕਤ ਦਾਇਰੇ 'ਚ ਬਾਹਰ ਸੀ) ਦੀ ਵੰਡ ਕਰਦਾ ਹੈ।

ਜੋ ਅੰਤ 'ਚ ਸਮਾਜ ਅੰਦਰ ਇਕ ਕਨੂੰਨ ਬਣ ਗਿਆ। ਇਸ ਸਰਵ-ਉੱਚ ਬ੍ਰਾਹਮਣੀ ਸਮਾਜ ਨੇ ਹੀ ਭਾਰਤ ਨੂੰ ਸਮਾਜਕ, ਆਰਥਕ ਤੇ ਸਭਿਆਚਾਰ ਵਜੋਂ ਵਿਗਿਆਨਕ ਪੱਖ ਤੋਂ ਵਧਣ-ਫੁਲਣ ਹੀ ਨਹੀਂ ਦਿਤਾ, ਸਗੋਂ ਮਨੂੰਵਾਦੀ ਵਿਚਾਰਧਾਰਾ ਨੇ ਦੇਸ਼ ਦੀ 80 ਫ਼ੀ ਸਦੀ ਆਬਾਦੀ ਜੋ ਸ਼ੂਦਰ, ਅਛੂਤ ਤੇ ਵੈਸ਼ ਸੀ, ਜਿਹੜੀ ਪਹਿਲਾਂ ਤੇ ਅੱਜ ਵੀ ਦੇਸ਼ ਦੀ ਕਿਰਤੀ ਸ਼ਕਤੀ ਦਾ ਵੱਡਾ ਰੂਪ ਹੈ, ਉਨ੍ਹਾਂ ਨੂੰ ਹਰ ਤਰ੍ਹਾਂ ਦੇ ਅਧਿਕਾਰਾਂ ਤੋਂ ਵਾਂਝੇ ਰਖਿਆ ਗਿਆ।

ਇਸੇ ਤਰ੍ਹਾਂ ਇਸਤਰੀ ਜਾਤੀ ਤੇ ਸ਼ੂਦਰ ਭਾਈਚਾਰੇ ਨੂੰ ਧਾਰਮਕ ਤੇ ਸਮਾਜਕ ਅਧਿਕਾਰਾਂ ਤੋਂ ਵੀ ਵਾਂਝੇ ਰਖਿਆ। ਬ੍ਰਾਹਮਣੀ-ਸਮਾਜ ਨੇ ਹੀ ਦੇਸ਼ ਦੀ ਕਿਰਤ ਸ਼ਕਤੀ ਨੂੰ ਨਿਰਬਲ ਤੇ ਗ਼ੁਲਾਮ ਰੱਖਣ ਕਾਰਨ ਹੀ ਭਾਰਤ ਨੂੰ ਕਈ ਸਦੀਆਂ ਵਿਦੇਸ਼ੀ ਹਾਕਮਾਂ ਦਾ ਗ਼ੁਲਾਮ ਰਹਿਣਾ ਪਿਆ। ਵਿਗਿਆਨਕ ਧਾਰਨਾਵਾਂ ਪਿੱਛੇ ਪੈ ਗਈਆਂ। ਇਤਿਹਾਸਕ ਤੌਰ ਤੇ ਭਗਤ ਰਵਿਦਾਸ ਜੀ ਨੇ 'ਨਵਧਾ ਭਗਤੀ' 'ਹਥਕਾਰ ਵਲ' ਅਤੇ 'ਦਿਲ ਯਾਰ ਵਲ' ਦੀ ਪ੍ਰਪੱਕਤਾ ਰਾਹੀਂ ਅਧਿਆਤਮਕ-ਮੌਲਿਕ ਵਿਚਾਰਧਾਰਾ ਨੂੰ ਧਾਰਮਕ ਤੇ ਸਮਾਜਕ ਕ੍ਰਾਂਤੀ ਨੂੰ ਇਕ ਉਦੇਸ਼ ਵਜੋਂ ਅਪਣਾਇਆ। ਉਨ੍ਹਾਂ ਨੇ ਮਨੂੰ-ਸਿਮਰਤੀ, ਜਿਸ ਅਨੁਸਾਰ ਕੋਈ ਅਛੂਤ ਵੇਦ-ਪਾਠ ਸੁਣਨ ਦਾ ਹੀਆ ਨਹੀਂ ਕਰ ਸਕਦਾ ਸੀ।

ਵੇਦ ਜੋ ਸੰਸਕ੍ਰਿਤੀ ਭਾਸ਼ਾ ਵਿਚ ਸਨ ਜਿਸ ਨੂੰ ਦੇਵ ਭਾਸ਼ਾ ਮੰਨਿਆ ਜਾਂਦਾ ਸੀ, ਜਿਥੇ ਮੰਦਰ ਅੰਦਰ ਮਨਾਹੀ ਸੀ ਤਾਂ ਸੰਤ ਗੁਰੂ ਰਵਿਦਾਸ ਜੀ ਨੇ ਪੂਰਵ ਪ੍ਰਚਲਤ ਧਰਮ ਵਿਚਾਰਧਾਰਾ ਨੂੰ ਅਪਣੀ ਵਿਚਾਰਧਾਰਾ ਦਾ ਅਧਾਰ ਬਣਾਉਣ ਦੀ ਥਾਂ ਸਿੱਧਾ ਰੱਬ ਨਾਲ ਪਿਆਰ ਪਾਉਣ ਦਾ ਉਪਦੇਸ਼ ਦਿਤਾ। ਉਨ੍ਹਾਂ ਨੇ ਅਪਣੀ ਕਿਰਤ ਕਰਨ ਦੇ ਨਾਲ-ਨਾਲ ਲੋਕਾਂ ਨੂੰ ਪ੍ਰਭੂ ਭਗਤੀ ਦਾ ਲੋਕ ਭਾਸ਼ਾ 'ਚ ਉਪਦੇਸ਼ ਦਿਤਾ। ਭਾਵ ਭਾਰਤੀ ਫ਼ਲਸਫ਼ੇ ਅੰਦਰ ਪ੍ਰਚਲਤ ਧਾਰਮਕ ਵਿਸ਼ਵਾਸਾਂ ਨੂੰ ਰੱਦ ਕੀਤਾ ਜੋ ਮੰਨੂਵਾਦ ਵਿਰੁਧ ਇਕ ਰਾਹ ਸੀ :

ਸਾਚੀ ਪ੍ਰੀਤਿ ਹਮ ਤੁਮ ਸਿਉ ਜੋਰੀ ॥
ਤੁਮ ਸਿਉ ਜੋਰਿ ਅਵਰ ਸੰਗਿ ਤੋਰੀ ॥
(ਗੁਰੂ ਗ੍ਰੰਥ ਸਾਹਿਬ ਪੰਨਾ 658)

ਉਨ੍ਹਾਂ ਦੇ ਮਨ ਵਿਚ ਅਪਣੀ ਜੁੱਤੀਆਂ ਗੰਢਣ ਦੀ ਕਿਰਤ ਨੇ ਕੋਈ ਹੀਣਤਾ ਭਾਵ ਨਹੀਂ ਲਿਆਂਦੀ ਤੇ ਨਾ ਹੀ ਉਚ-ਨੀਚ ਜਾਂ ਘ੍ਰਿਣਿਤ ਜਾਤ ਵਜੋਂ ਗੁਰਬਾਣੀ ਅੰਦਰ ਚਮਾਰ ਲਿਖਣ ਤੋਂ ਅਪਣੀ ਕਿਰਤ ਅੰਦਰ ਕੋਈ ਸੰਕੋਚ ਹੀ ਕੀਤਾ।

'ਪ੍ਰੇਮ ਭਗਤਿ ਕੈ ਕਾਰਣੈ
ਕਹੁ ਰਵਿਦਾਸ ਚਮਾਰ ॥
(ਗੁਰੂ ਗ੍ਰੰਥ ਸਾਹਿਬ, ਪੰਨਾ 346)

ਭਾਰਤ ਦੇ ਇਤਿਹਾਸ ਅੰਦਰ ਰਵਾਇਤੀ ਚਿੰਤਨ ਵਿਚ ਜੋ ਕੁਝ ਵੀ ਉਸਾਰੂ ਹੈ, ਉਸ ਨੂੰ ਮੁਲਕ ਦੀ ਕਿਰਤੀ-ਜਮਾਤ ਵਲੋਂ ਬਹੁਤ ਹੀ ਜੋਸ਼-ਖਰੋਸ਼ ਨਾਲ ਅਪਨਾਉਂਦੇ ਹੋਏ ਇਸ ਚਿੰਤਨ ਦੇ ਭਟਕਾਊ ਅੰਸ਼ਾਂ ਨੂੰ ਰੱਦ ਕਰ ਦੇਣਾ ਚਾਹੀਦਾ ਹੈ। ਇਹ ਅਸਲ 'ਚ ਮੁਲਕ ਦੀ ਹੋਣੀ ਅੰਦਰ ਤਬਦੀਲੀ ਲਿਆਉਣ ਨਾਲ ਸਬੰਧਤ ਉਨ੍ਹਾਂ ਦੇ ਮਹਾਨ ਇਤਿਹਾਸਕ ਮਿਸ਼ਨ ਦਾ ਹੀ ਹਿੱਸਾ ਹੋਵੇਗਾ।

ਇਸ ਮਕਸਦ ਦੀ ਪੂਰਤੀ ਲਈ ਸੱਚ ਖ਼ਾਤਰ ਲੜਨਾ ਪੈਨਾ ਹੈ ਜਿਸ ਲਈ ਬਹੁਤ ਜੋਸ਼ ਅਤੇ ਨਿਡਰਤਾ ਦੀ ਲੋੜ ਹੈ। ਅਜਿਹੀ ਨਿਡਰਤਾ ਅਤੇ ਜੋਸ਼ ਕਿਰਤੀ-ਜਮਾਤ ਦੀ ਲਹਿਰ ਤੋਂ ਇਲਾਵਾ ਕਿਤੇ ਹੋਰ ਨਹੀਂ ਮਿਲ ਸਕਦੀ ਹੈ। ਗੁਰੂ ਰਵਿਦਾਸ ਜੀ ਨੇ ਅਧਿਆਤਮਕ-ਮੌਲਿਕ ਵਿਚਾਰਧਾਰਾ ਰਾਹੀਂ ਧਾਰਮਕ ਤੇ ਸਮਾਜਕ ਤਬਦੀਲੀ ਦਾ ਅਰੰਭ ਕੀਤਾ। ਉਨ੍ਹਾਂ ਸਪੱਸ਼ਟ ਕੀਤਾ ਕਿ ਮਨੁੱਖ ਜਨਮ ਤੋਂ ਹੀ ਦੁਰਲਭ ਹੈ ਤੇ ਪ੍ਰਭੂ ਪ੍ਰਾਪਤੀ ਲਈ ਹੀ ਇਹ ਜਨਮ ਮਿਲਿਆ ਹੈ। ਇਸੇ ਮਨੋਰਥ ਦੀ ਪ੍ਰਾਪਤੀ ਲਈ ਸਮਰਪਤ ਹੋ ਜਾਣਾ ਚਾਹੀਦਾ ਹੈ।

ਬਹੁਤ ਜਨਮ ਬਿਛੁਰੇ ਥੇ ਮਾਧਉ
ਇਹੁ ਜਨਮੁ ਤੁਮਾਰੇ ਲੇਖੇ ॥
ਗੁਰੂ ਗ੍ਰੰਥ ਸਾਹਿਬ ਪੰਨਾ 694)।

ਕਰਮ ਕਾਂਡਾ 'ਚ ਜੀਵਨ ਵਿਅਰਥ ਨਹੀਂ ਗਵਾਣਾ ਚਾਹੀਦਾ ਹੈ। ਫਿਰ ਪ੍ਰਭੂ ਨੂੰ ਲੱਭਣ ਦੀ ਲੋੜ ਨਹੀਂ। ਉਹ ਹਰ ਜਗ੍ਹਾ ਘਟ-ਘਟ ਵਿਚ ਮੌਜੂਦ ਹੈ। ਕੀ ਬ੍ਰਾਹਮਣ ਤੇ ਕੀ ਅਛੂਤ

'ਸਰਬੇ ਏਕ ਅਨੇਕੈ ਸੁਆਮੀ
ਸਭ ਘਟ ਭੁੋਗਵੇ ਸੋਈ ॥''
(ਗੁਰੂ ਗ੍ਰੰਥ ਸਾਹਿਬ, ਪੰਨਾ 657)

ਗੁਰੂ ਰਵਿਦਾਸ ਜੀ ਨੇ ਨਿਰਭੈ ਹੋ ਕੇ ਭਾਰਤੀ ਧਰਮ ਦਰਸ਼ਨ ਦੇ ਅੰਦਰਲੇ ਸੱਚ ਨੂੰ ਸਮਾਜ ਦੇ ਸਨਮੁੱਖ ਪੇਸ਼ ਕੀਤਾ। ਪ੍ਰੋਹਿਤ ਵਰਗ ਵਲੋਂ ਸਵੈ-ਸੁਆਰਥ ਹਿਤ ਹਨੇਰੇ 'ਚ ਰੱਖੀ ਜਨਤਾ ਦੇ ਮਨਾਂ ਦੇ ਕਪਾਟ ਖੋਲ੍ਹ ਦਿਤੇ। ਉਨ੍ਹਾਂ ਨੇ ਇਕ ਆਦਰਸ਼ ਸਮਾਜ ਦੀ ਸਰਜਣਾ ਕਰਨ ਲਈ ਇਕ ਦ੍ਰਿੜ ਸੰਕਲਪ ਵੀ ਪੇਸ਼ ਕੀਤਾ।

ਮਾਧੋ ਅਬਿਧਿਆ ਹਿਤ ਕੀਨ ॥
ਬਿਬੇਕ ਦੀਪ ਮਲੀਨ ॥ ਰਹਾਉ ॥

ਬਾਕੀ ਹਿਸਾ ਸਫ਼ਾ 34 ਤੇ ਪੜ੍ਹੋ

33 ਸਫ਼ੇ ਦੀ ਬਾਕੀ

ਮਨੁੱਖੀ ਜੀਵਨ ਅੰਦਰ ਸੱਚ-ਅਧਾਰਤ ਤੱਥ ਵੀ ਇਹੋ ਹੈ ਕਿ 'ਸਗਲੀ ਚਿੰਤ ਮਿਟਾਉਣ ਵਾਲਾ ਭਗਤ ਰਵਿਦਾਸ ਦਾ ਜੀਵਨ ਫ਼ਲਸਫ਼ਾ ਹੀ ਮਨੁੱਖੀ ਜੀਵਨ ਦੀ ਕਿਰਤ ਹੈ। ਉਨ੍ਹਾਂ ਦਾ ਇਕ ਸ਼ਬਦ ਮਨੁੱਖ ਨੂੰ ਇਸ ਸੰਸਾਰ ਅੰਦਰ ਬਦੀ ਨਾਲੋਂ ਤੋੜ ਕੇ ਨੇਕੀ ਨਾਲ ਜੋੜਨਾ ਸੀ। ਪਰ ਇਸ ਦਰਸ਼ਨ ਨੂੰ ਸਮਾਜ ਅੰਦਰ ਸਮਝਣਾ ਮੁਸ਼ਕਲ ਸੀ। ਮਨੁੱਖ ਕਈ ਵਰਗਾਂ 'ਚ ਵੰਡਿਆ ਹੋਣ ਕਰ ਕੇ ਉਸ ਨੂੰ ਸਮਝਣ ਅਤੇ ਸਮਝਾਉਣ 'ਚ ਮਾਨਸਕ ਤੌਰ 'ਤੇ ਬਹੁਤ ਮੁਸ਼ਕਲਾਂ ਦੂਰਪੇਸ਼ ਸਨ। ਸਮਾਜ ਚੇਤਨਾ ਦਾ ਵਜੂਦ ਜਥੇਬੰਦਕ ਨਹੀਂ ਸੀ। ਫਿਰ ਵੀ ਅਧਿਆਤਮਵਾਦ ਅੰਦਰ ਅਸੀਂ ਮਨੁੱਖ ਨੂੰ ਵਸਤੂ-ਸੰਸਾਰ (ਪਦਾਰਥਕ ਸੰਸਾਰ) ਦੇ ਨਾਲ-ਨਾਲ ਪ੍ਰਸੰਗਿਕਤਾਵਾਦੀ ਬਣਨ ਲਈ ਚੰਗੇ ਕਰਮ ਕਰਨ ਲਈ ਇਕ ਵਧੀਆ ਇਨਸਾਨ ਬਣਨਾ ਲੋਚਦੇ ਹਾਂ। ਜੀਵਨ ਭੌਤਿਕ ਜਾਂ ਅਧਿਆਤਮਕ ਉਲਾਰ ਦੀ ਜੀਵਨ ਨੂੰ ਹਰ ਖੇਤਰ ਵਿਚ ਸਹਿਜ ਤੇ ਸੰਤੁਲਨ ਵਾਲਾ ਉਸਾਰੂ ਬਣਾਉਣਾ ਚਾਹੀਦਾ ਹੈ। ਮਨ ਦਾ ਵਿਕਾਸ ਤਾਂ ਹੀ ਸੰਭਵ ਹੋ ਸਕਦਾ ਹੈ ਜੇਕਰ ਅਸੀਂ ਇਸ ਕਾਰਜ ਲਈ ਨਿਰਧਾਰਤ ਕੁਦਰਤੀ ਨਿਯਮਾਂ ਦੀ ਪਾਲਣਾ ਕਰੀਏ।

ਉਪਜਿਓ ਗਿਆਨ ਹੁਆ ਪਰਗਾਸ ॥

ਗੁਰੂ ਰਵਿਦਾਸ ਜੀ ਖੁਦ ਉਸ ਸਮੇਂ ਬ੍ਰਾਹਮਣਵਾਦ ਦੇ ਕ੍ਰੋਪ ਦਾ ਸ਼ਿਕਾਰ ਬਣੇ। ਪਰ ਉਹ ਬਰਾਬਰਤਾ ਦੇ ਹਾਮੀ ਸਨ। ਦਲਿਤ ਵਰਗ ਨਾਲੋਂ ਵੀ ਵੱਧ ਨਰਕ ਭੋਗ ਰਹੀ ਸੀ ਇਸਤਰੀ ਜਾਤੀ। ਭਗਤ ਰਵਿਦਾਸ ਜੀ ਨੇ ਰਾਣੀ ਝਾਲੀ ਅਤੇ ਮੀਰਾਂ ਨੂੰ ਨਾਮਦਾਨ ਦੇ ਕੇ ਭਗਤੀ ਸਾਧਨਾ ਵਿਚ ਲਿਆਂਦਾ।ਉਨ੍ਹਾਂ ਦੀ ਬਾਣੀ ਵਿਚ ਨਾਰੀ ਦੇ ਸੁਹਾਗਣ ਪਤਨੀ ਦੇ ਰੂਪ ਵਿਚ ਬਹੁਤ ਹੀ ਸੁੰਦਰ ਢੰਗ ਨਾਲ ਨਾਰੀ ਪ੍ਰਤੀ ਆਦਰ ਪ੍ਰਗਟਾਇਆ ਗਿਆ ਹੈ। ਨਿਰਸੰਦੇਹ ਗੁਰੂ ਰਵਿਦਾਸ ਜੀ ਧਰਮ ਨਿਰਲੇਪਤਾ ਅਤੇ ਸਾਂਝੀਵਾਲਤਾ ਦੇ ਪ੍ਰਤੀਕ ਸਨ। ਉਨ੍ਹਾਂ ਨੇ ਭਾਰਤੀ ਸਮਾਜ ਅੰਦਰ ਫੈਲੀ ਸਮਾਜਕ-ਅਸਮਾਨਤਾ 'ਤੇ ਅਨਿਆਂਏ ਨੂੰ ਦੇਖਿਆ ਹੀ ਨਹੀਂ ਸਗੋਂ ਖ਼ੁਦ ਹੰਡਾਇਆ। ਇਸ ਦੇ ਕਾਰਨ ਲੋਕ ਗ਼ਰੀਬੀ-ਗ਼ੁਰਬਤ ਭੋਗ ਰਹੇ ਹਨ, ਇਸ ਵਿਰੁਧ ਬਰਾਬਰੀ, ਸਮਾਨਤਾ ਅਤੇ ਮਾਨਵੀ ਏਕਤਾ ਲਈ ਅਪਣੇ ਉਪਦੇਸ਼ਾਂ ਰਾਹੀਂ ਲੋਕਾਈ ਨੂੰ ਅਪਣਾ ਸੰਦੇਸ਼ ਦਿਤਾ। ਲੋਕਾਂ ਅੰਦਰ ਬਰਾਬਰਤਾ ਪੱਖੀ ਵਿਚਾਰਾਂ ਨੂੰ ਸਮਾਜਵਾਦੀ, ਕ੍ਰਾਂਤੀਕਾਰੀ ਅਤੇ ਨਿਵੇਕਲੇ ਅਧਿਆਤਮਕਵਾਦੀ ਸਿਧਾਂਤ ਰਾਹੀਂ ਇਕ ਅਨੂਠੇ ਸਮਾਜ ਦੀ ਕਲਪਨਾ ਵੀ ਕੀਤੀ। ਇਕ ਸੰਪੂਰਨ ਤੇ ਮਨੁੱਖਤਾਵਾਦੀ ਸਮਾਜ ਦੀ ਮੰਗ ਵੀ ਉਠਾਈ।

ਬੇਗਮਪੁਰੇ ਸਹਰ ਕੋ ਨਾਉਂ ॥ ਦੂਖੁ ਅੰਦਹੁ ਨਹੀਂ ਤਿਹਿ ਠਾਉ ॥

ਕਹਿ ਰਵਿਦਾਸ ਖਲਾਸ ਚਮਾਰਾ ॥
ਹੋ ਹਮ ਸਹਰੀ ਸੁ ਮੀਤ ਹਮਾਰਾ ॥
(ਗੁਰੂ ਗ੍ਰੰਥ ਸਾਹਿਬ-ਪੰਨਾ 345)

ਗੁਰੂ ਰਵਿਦਾਸ ਜੀ ਨੇ ਮੱਧ-ਕਾਲ ਵੇਲੇ ਜਦੋਂ ਭਗਤੀ ਲਹਿਰ ਦੇਸ਼ ਅੰਦਰ ਪਸਰ ਰਹੀ ਸੀ, ਦੂੱਖਾਂ ਨਾਲ ਪੀੜਤ ਨਿਮਨ-ਵਰਗ ਦੇ ਦੁੱਖ ਦੇਖ ਕੇ ਦੱਬੇ ਕੁਚਲੇ ਲੋਕਾਂ ਅੰਦਰ ਇਕ ਸਮਾਨਤਾ ਦੀ ਲਹਿਰ ਚਲਾਉਣ ਲਈ ਅਗਾਜ਼ ਕੀਤਾ। "ਦਾਰਦੁ ਦੇਖਿ ਸਭ ਕੋ ਹਸੈ ਐਸੀ ਦਸਾ ਹਮਾਰੀ ॥" (ਗੁਰੂ ਗ੍ਰੰਥ ਸਾਹਿਬ ਪੰਨਾ 858) ਉਹ ਇਕ ਮੌਲਿਕ ਚਿੰਤਕ ਸਨ। ਇਹੀ ਕਾਰਨ ਹੈ ਕਿ ਸਿੱਖ ਧਰਮ ਦੇ ਪਵਿਤਰ ਗੁਰੂ ਗ੍ਰੰਥ ਸਾਹਿਬ ਅੰਦਰ ਉਨ੍ਹਾਂ ਦੀ ਰਚਨਾ ਅੰਕਿਤ ਹੈ। ਉਨ੍ਹਾਂ ਦੀ ਬਾਣੀ ਦੇ 40 ਪਦ (ਸ਼ਬਦ) ਅਤੇ ਇਕ ਦੋਹਾ (ਸਾਖੀ) ਜਾਂ ਸਲੋਕ ਆਦਿ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹਨ। ਇਹ ਸਾਰੇ ਸ਼ਬਦ ਸੋਲਾਂ ਰਾਗਾਂ ਵਿਚ ਅੰਕਿਤ ਹਨ।

ਜੋ ਸਿਰੀ, ਗਾਉੜੀ, ਆਸਾ, ਗੁਜਰੀ, ਸੋਰਠਿ, ਧਨਾਸਰੀ, ਜੈਤਸਰੀ, ਸੂਹੀ, ਬਿਲਾਵਲ, ਗੌਂਡ, ਰਾਮਕਲੀ, ਮਾਰੂ, ਕੇਦਾਰਾ, ਭੈਰਓ, ਬਸੰਤ ਅਤੇ ਮਲਾਰ ਅੰਦਰ ਕਾਵਿ ਗੁਣਾਂ ਨਾਲ ਭਰਪੂਰ ਅਤੇ ਅਧਿਆਤਮ-ਪੱਖੀ ਰਚਨਾਵਾਂ ਹਨ। ਉਹ ਰੱਬ ਨੂੰ ਸਰਬ-ਉੱਚ ਮੰਨਦੇ ਸਨ ਤੇ ਮਨੁੱਖੀ ਦੇਹ ਨੂੰ ਇਕ ਕੀਮਤੀ ਦਾਤ ਦਾ ਦਰਜਾ ਦਿੰਦੇ ਸਨ। ਗੁਰੂ ਰਵਿਦਾਸ ਜੀ ਦਾ ਜਨਮ 1376 ਈ: ਵਿਚ ਮਾਤਾ ਕਰਮਾ ਦੇਵੀ ਅਤੇ ਪਿਤਾ ਰਘੁਰਾਇ ਦੇ ਘਰ ਬਨਾਰਸ ਦੇ ਆਸ-ਪਾਸ ਹੋਇਆ (ਇਤਿਹਾਸਕ ਤੇ ਸ਼ੋਧ ਪੂਰਨ ਹਵਾਲਿਆਂ ਅਨੁਸਾਰ ਜਨਮ ਮਿਤੀ: 25-ਜਨਵਰੀ), 1376-77 ਈ: ਦਿਨ ਐਤਵਾਰ ਡਾ: ਹਰਨੇਕ ਸਿਘ ਕਲੇਰ ਸ਼ੋਧ ਪ੍ਰਬੰਧ)। ਭਗਤ ਰਵਿਦਾਸ ਜੀ ਨੂੰ ਭਗਤ ਰਾਮਾਨੰਦ ਜੀ ਦਾ ਪ੍ਰਮੁੱਖ ਚੇਲਾ ਮੰਨਿਆ ਦੱਸਿਆ ਗਿਆ ਹੈ। ਭਗਤ ਜੀ ਨੇ ਮੌਲਿਕ ਅਧਿਆਤਮਕ ਪ੍ਰਾਪਤੀਆਂ ਕਰ ਕੇ ਅਦੁਤੀ ਵਡਿਆਈ ਪ੍ਰਾਪਤ ਕੀਤੀ। ਬ੍ਰਾਹਮਣਵਾਦੀ ਜੋ ਵਰਣ-ਵੰਡ ਦੇ ਹਾਮੀ ਸਨ, ਸੰਤ ਗੁਰੂ ਰਵਿਦਾਸ ਜੀ ਦੇ ਕੱਟੜ ਵਿਰੋਧੀ ਸਨ।

ਭਗਤ ਰਵਿਦਾਸ ਜੀ ਨੇ ਇਤਿਹਾਸਕ ਪਰਿਪੇਖ ਅੰਦਰ ਸਮਾਜਕ ਚੇਤਨਾ ਵਜੋਂ ਮਾਨਵ ਜੀਵਨ ਜੁਗਤ ਦਾ ਦਰਸ਼ਨ ਪੇਸ਼ ਕੀਤਾ। ਉਹ ਇਕ ਮੌਲਿਕ ਚਿੰਤਕ ਸਨ ਜਿਨ੍ਹਾਂ ਨੇ ਭਗਤੀ ਲਹਿਰ ਵੇਲੇ ਦੇਸ਼ ਦੇ ਦੱਬੇ-ਕੁਚਲੇ ਅਤੇ ਜਾਤ-ਪਾਤ ਅੰਦਰ ਲਤਾੜੇ ਇਕ ਬਹੁਤ ਵੱਡੇ ਸੋਸ਼ਤ ਸਮਾਜ ਨੂੰ ਵੀ ਬਰਾਬਰਤਾ ਦਾ ਹੱਕ ਦੇਣ ਲਈ ਅਵਾਜ਼ ਬੁਲੰਦ ਕੀਤੀ।

"ਨੀਚਹੁ ਊਚ ਕਰੇ ਮੇਰਾ ਗੋਬਿੰਦ ਕਾਹੂ ਤੇ ਨ ਡਰੇ।" (ਗੁਰੂ ਗ੍ਰੰਥ ਸਾਹਿਬ ਪੰਨਾ 1106) ਪਰ ਭਾਰਤ ਦੀ ਰਾਜਸੱਤਾ ਅੰਦਰ ਸਦੀਆਂ ਤੋਂ ਦੱਬੇ-ਕੁਚਲੇ ਦਲਿਤ, ਘੱਟ ਗਿਣਤੀਆਂ ਅਤੇ ਇਸਤਰੀ ਵਰਗ ਦੀ ਦਾਸਤਾਨ, ਅੱਜ ਦੇ ਭਾਰਤੀ ਸਮਾਜ ਦੀ ਮਾਨਸਿਕਤਾ ਕਾਲ ਦੇ "ਵਰਗੀ-ਸੰਘਰਸ਼ਾਂ ਅੰਦਰ ਅਤੀਤ, ਵਰਤਮਾਨ ਅਤੇ ਭਵਿੱਖ ਵਲ ਢਲਦੇ ਪਰਛਾਵਿਆਂ ਕਾਰਨ ਹਾਕਮਾਂ ਦੇ ਕਹਿਰਾਂ ਤੋਂ ਬਚ ਨਹੀਂ ਸਕੀ। ਉਨ੍ਹਾਂ ਦੀ ਹੋਣੀ ਸਦੀਆਂ ਤੋਂ ਜੰਮਣ ਅਤੇ ਮਰਨ ਤੱਕ ਹਰ ਤਰ੍ਹਾਂ ਦੇ ਸ਼ੋਸ਼ਣ ਅਤੇ ਅਸਮਾਨਤਾ ਕਾਰਨ ਬੇ-ਪਛਾਣ ਹੋ ਗਈ ਜੋ ਅੱਜ ਅਪਣੇ ਯਥਾਰਥ ਨੂੰ ਵੀ ਭੁੱਲ ਗਈ ਲਗਦੀ ਹੈ। ਫਿਰ ਉਸ ਨੂੰ ਕਿਸੇ ਜਥੇਬੰਦਕ ਢਾਂਚੇ ਦੀ ਹੋਂਦ ਤੋਂ ਬਿਨਾਂ ਇਸ ਵਰਗੀ-ਸੰਸਾਰ ਅੰਦਰ ਇਨਸਾਫ਼ ਕਿਥੋਂ ਮਿਲੇਗਾ ?

ਸਮੁੱਚੇ ਸ਼ੋਸ਼ਿਤ ਵਰਗ ਦੀ ਮੁਕਤੀ ਲਈ ਅੱਜ ਇਕੋ ਇਕ ਰਾਹ ਇਹ ਹੈ ਕਿ ਉਹ ਅਪਣੇ ਹੱਕਾਂ ਦੀ ਪ੍ਰਾਪਤੀ ਲਈ ਇਕਮੁੱਠ ਹੋਣ। ਇਸ ਲਈ ਸੋਸ਼ਿਤ ਸਮਾਜ ਦੀ ਸ਼ਕਤੀ ਭਾਰਤ ਅੰਦਰ ਕਿਰਤੀ-ਜਮਾਤ ਦੇ ਸੰਘਰਸ਼ਾਂ ਦੀ ਭਾਈਵਾਲੀ ਵਾਲੀ ਰਾਜਨੀਤੀ ਅੰਦਰ ਹੀ ਅੱਗੇ ਵੱਧ ਸਕਦੀ ਹੈ। ਸਮਾਜਕ-ਪ੍ਰੀਵਰਤਨ ਲਈ ਸਮੁੱਚੀ ਕਿਰਤੀ-ਜਮਾਤ ਹੀ ਸਰਬ-ਸਮਰੱਥ ਹੋ ਸਕਦੀ ਹੈ ਜੋ ਮਨੁੱਖ ਨੂੰ ਸਮਾਜਕ ਤੇ ਆਰਥਕ ਦੁੱਖਾਂ ਤੋਂ ਨਿਜਾਤ ਦਿਵਾ ਸਕਦੀ ਹੈ।

ਕਿਰਤੀ ਸਮਾਜ ਵਿਚ ਇਨਕਲਾਬ ਲਿਆਉਣ ਵਾਲੇ ਯੁੱਗ ਪੁਰਸ਼ ਧੰਨ ਧੰਨ
ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ
ਪ੍ਰਕਾਸ਼ ਦਿਵਸ ਦੇ ਸ਼ੁਭ ਮੌਕੇ ਸਮੂਹ ਜਗਤ ਨੂੰ
ਲੱਖ ਲੱਖ ਵਧਾਈ





ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਨੇ ਕਿਰਤੀਆਂ ਅਤੇ ਕਾਮਿਆਂ ਨੂੰ ਉੱਚੇ ਚੁੱਕਣ ਲਈ ਉਪਦੇਸ਼ ਦਿੱਤਾ ਕਿ ਆਪਣਾ ਕਾਰ-ਵਿਹਾਰ ਕਰਦੇ ਹੋਇਆਂ ਮਨੁੱਖ ਨੂੰ ਪ੍ਰਭੂ ਭਗਤੀ ਵਿਚ ਲੀਨ ਰਹਿਣਾ ਚਾਹੀਦਾ ਹੈ । ਗੁਰੂ ਜੀ ਦਾ ਪ੍ਰਕਾਸ਼ ਦਿਹਾੜਾ ਮਨਾਉਂਦੇ ਹੋਏ, ਆਓ ਗੁਰੂ ਜੀ ਦੇ ਬਚਨਾਂ ਦੀ ਪਾਲਣਾ ਕਰੀਏ ।


ਦਰਸ਼ਨ ਸਿੰਘ ਨਾਗੀ


ਸਾਊਥਾਲ ਤੇ ਆਸ ਪਾਸ ਦੇ ਇਲਾਕੇ ਵਿੱਚ ਕਾਰਾਂ, ਗੱਡੀਆਂ ਮੋਟਰਾਂ ਸਬੰਧੀ ਸਾਡੀਆਂ ਸੇਵਾਵਾਂ ਲਈ ਹਮੇਸ਼ਾ ਯਾਦ ਰੱਖੋ


D S MOTORS
314 A WESTREN ROAD SOUTHALL, UB2 5JU
TEL. 020 8574 0375 MOBILE. 07956 344400

# 100 ਵਰਿਆਂ ਉਪਰੰਤ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ : ਵਰਤਮਾਨ ਚਿੰਤਾਵਣੀਆਂ ਅਤੇ ਅਗਾਂਹ ਵੱਡੀਆਂ ਸੰਭਾਵਨਾਵਾਂ






**ਪ੍ਰਿੰ. ਡਾ. ਸੁਜਿੰਦਰ ਸਿੰਘ ਸੰਘਾ ਓ.ਬੀ.ਈ; ਐਫ.ਆਰ.ਐਸ.ਏ**


ਸੰਨ 2025, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸਬੰਧੀ ਬਣੇਂ 1925 ਦੇ ਮੁੱਢਲੇ ਕਾਨੂੰਨ ਦੀ ਪਹਿਲੀ ਸ਼ਤਾਬਦੀ ਦਾ ਵਰਾ ਹੈ। ਇਹ ਪ੍ਰਮੁੱਖ ਸੰਸਥਾ, ਜਿਸਨੂੰ ਸਿਖ ਪਾਰਲੀਮੈਂਟ ਸਮਝਿਆ ਜਾਂਦਾ ਹੈ, ਸਮੂਹ ਇਤਿਹਾਸਕ ਗੁਰਦੁਆਰਿਆਂ ਅਤੇ ਸਬੰਧਿਤ ਅਦਾਰਿਆਂ ਦੇ ਮੁਕੰਮਲ ਪ੍ਰਬੰਧ ਲਈ ਜਿੰਮੇਵਾਰ ਹੈ। ਇਸਦਾ ਸੰਚਾਲਨ, ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਫਲਸਫੇ ਅਤੇ ਸ੍ਰੀ ਅਕਾਲ ਤਖਤ ਸਾਹਿਬ ਦੇ ਮੀਰੀ-ਪੀਰੀ ਦੇ ਸਿਧਾਂਤ ਅਨੁਸਾਰ ਹੁੰਦਾ ਮੰਨਿਆ ਜਾਂਦਾ ਹੈ। ਇਥੇ ਹੀ 1920 ਵਿੱਚ ਸ਼੍ਰੋਮਣੀ ਅਕਾਲੀ ਦਲ ਦੀ ਸਥਾਪਨਾਂ, ਸਿੱਖ-ਪੰਥ ਦੇ ਰਾਜਨੀਤਕ ਮਸਲਿਆਂ ਬਾਰੇ ਹੋਈ ਸੀ। ਇਹ ਦੋਵੇਂ ਸੰਸਥਾਵਾਂ ਦੀ ਹੀ ਪ੍ਰਮੁੱਖ ਤੋਰ ਤੇ ਸਿੱਖ ਕੌਮ ਦੀ ਸਵੈ-ਪਹਿਚਾਣ, ਵਿਰਸੇ, ਸੋਮਿਆਂ, ਸੁਰੱਖਿਆ, ਭਲਾਈ ਅਤੇ ਵਿਕਾਸ ਲਈ ਜਿੰਮੇਵਾਰ ਰਹੀਆਂ ਹਨ। ਪਰ ਇਹਨਾਂ ਦੋਵੇਂ ਸੰਸਥਾਵਾਂ ਮੋਹਰੇ ਹੀ ਸਮੇਂ ਸਮੇਂ, ਵਖ ਵਖ ਤਰਜ਼ ਦੀਆਂ ਵੱਡੀਆਂ ਚਿਣੌਤੀਆਂ ਰਹੀਆਂ ਹਨ। ਫਿਰ ਵੀ ਭਵਿੱਖ ਵਲ ਵੇਖਦਿਆਂ, ਅਗਲੇ 100 ਵਰਿਆਂ ਦਾ ਸਫਰ, ਸ਼ਾਨਦਾਰ ਸੰਭਵਨਾਵਾਂ ਵਾਲਾ ਹੋ ਸਕਦਾ ਹੈ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਪਿਛੋਕੜ ਅਤੇ ਵਿਕਾਸ-ਵਿਸਥਾਰ ਦੀਆਂ ਜੜਾਂ,1920ਵੇਂ ਅਤੇ ਇਸਤੋਂ ਪਹਿਲੇ ਪੰਜਾਂ ਦਹਾਕਿਆਂ ਦੁਰਾਂਨ ਪ੍ਰਚੰਡ ਹੋਈਆਂ ਲਹਿਰਾਂ ਅਤੇ ਮੋਰਚਿਆਂ ਵਿਚ ਹਨ। ਮਹਾਰਾਜਾ ਰਣਜੀਤ ਸਿੰਘ ਦੇ ਰਾਜ-ਕਾਲ ਮਗਰੋਂ, ਵਲੈਤੀ ਸਾਮਰਾਜ ਦੇ ਵਿਭਿੰਨ ਕਬਜਿਆਂ ਅਤੇ ਪ੍ਰਭਾਵਾਂ ਤੋਂ ਅਜ਼ਾਦੀ ਲਈ - ਵਿਦਿਅਕ, ਪ੍ਰਚਾਰਕ, ਸਾਹਿਤਕ, ਸੁਧਾਰਕ, ਜਾਗਰੂਕਕ, ਜਥੇਬੰਦਕ, ਵਿਦ੍ਰੋਹ ਸੰਘਰਸ਼ਾਂ, ਕੁਰਬਾਨੀਆਂ...ਦਾ ਦੌਰ ਰਿਹੈ। 1920ਵੇਂ ਤੋਂ ਗੁਰਦੁਆਰਿਆਂ ਦੀ ਅਜ਼ਾਦ ਸਾਂਭ-ਸੰਭਾਲ, ਮੋਰਚਿਆਂ ਦੀ ਸਫਲਤਾ ਅਤੇ ਅਕਾਲੀ ਲਹਿਰ ਦੇ ਉਭਾਰ ਨੇ, ਭਾਰਤ ਦੇ ਸਵਤੰਤਰਤਾ ਸੰਗਰਾਮ ਨੂੰ ਵੀ ਬਲਵਾਂਨ ਕੀਤਾ। ਸਿਖ ਕੌਮ ਦੀਆਂ ਦੇਸ਼ ਹਿੱਤ ਦੇਂਣਾਂ ਦੀ ਵੱਡੀ ਤਵਾਰੀਖ ਹੈ, ਜਿਹਨਾਂ ਦਾ ਵੇਰਵਾ ਇਕ ਵੱਖਰਾ ਵਿਸ਼ਾ ਹੈ। ਸੰਖੇਪ ਵਿੱਚ ਏਨਾਂ ਅੰਕਿਤ ਕਰ ਲੈਂਣਾ ਜਰੂਰੀ ਹੈ ਕਿ ਅਜ਼ਾਦ ਭਾਰਤ ਦੀ ਸੁਰੱਖਿਅਤਾ, ਦੇਸ਼ ਵਿੱਚ ਫੈਡਰਲ ਜਮਹੂਰੀਅਤ ਲਈ ਘੋਲ, ਅੰਨ-ਖੁਰਾਕ ਪਖੋਂ ਆਤਮ ਨਿਰਭਰਤਾ, ਵਿਦੇਸ਼ੀ ਮੁਦਰਿਆਂ ਦੀ ਆਮਦ...ਆਦਿ ਲੰਬੀ ਸੂਚੀ ਬਣ ਸਕਦੀ ਹੈ। ਪਰ ਵੱਡਾ ਸਮਕਾਲੀਨ ਸਵਾਲ ਇਹੋ ਰਿਹਾ ਹੈ ਕਿ 1947 ਉਪਰੰਤ, ਪੰਜਾਬ, ਪੰਜਾਬੀਆਂ ਅਤੇ ਸਿਖ-ਪੰਥ ਪਲੇ ਕੀ ਪਿਆ? ਇਸ ਸੰਦਰਭ ਵਿੱਚ ਸਾਡੀਆਂ ਦੋਵੇਂ ਸਿਰਮੌਰ ਸੰਸਥਾਵਾਂ ਦਾ ਰੋਲ ਕੀ ਰਿਹੈ ?

1947 ਦੇ ਠੋਸੇ ਗਏ ਵੰਡ ਤੇ ਬਟਵਾਰੇ ਵਿੱਚ ਜਾਨ-ਮਾਲ, ਵਿਰਾਸਤੀ ਅਤੇ ਭੂਗੋਲਿਕ ਨੁਕਸਾਨ ਪੰਜਾਬ, ਪੰਜਾਬੀਆਂ ਅਤੇ ਖਾਸਕਰ ਸਿਖ ਕੌਮ ਦਾ ਹੋਇਆ ਸੀ। ਪਰ 1950 ਵਿੱਚ ਬਣੇਂ ਨਵੇਂ ਭਾਰਤ ਦੀ ਸੰਵਿਧਾਨਿਕ ਵਿਵਸਥਾ ਵਿਚੋਂ, ਉਮੀਦਾਂ ਤੋਂ ਉਲਟ, ਕੀਤੇ ਹੋਏ ਰਾਜਨੀਤਕ ਵਾਅਦਿਆਂ ਉਪਰ ਅਮਲ ਅਲੋਪ ਸਨ। ਸਿੱਖ-ਪੰਥਕ ਸਵੈ-ਪਹਿਚਾਣ, ਪੰਜਾਬੀ ਭਾਸ਼ਾ ਤੇ ਸਭਿਆਚਾਰ ਅਧਾਰਿਤ ਪੰਜਾਬ...ਅਤੇ ਹੋਰਨਾਂ ਹੱਕਾਂ ਵਾਸਤੇ ਸ਼੍ਰੋਮਣੀ ਅਕਾਲੀ ਦਲ ਨੂੰ, ਸ੍ਰੀ ਅਕਾਲ ਤਖਤ ਸਾਹਿਬ ਦੀ ਰਹਿਨੁਮਾਈ ਤੇ ਸ਼੍ਰੋਮਣੀ ਗੁਰਦੁਆਰਾ ਕਮੇਟੀ ਦੇ ਸਹਿਯੋਗ ਨਾਲ, ਮੁੜ ਨਿਰੰਤਰ ਸੰਘਰਸ਼ੀਲ ਮੋਰਚਿਆਂ ਦਾ ਰਾਹ ਅਪਨਾਉਣਾਂ ਪਿਆ। 1966 ਵਿੱਚ ਪੰਜਾਬੀ ਸੂਬੇ ਦੀ ਪ੍ਰਾਪਤੀ ਦੇ ਬਾਵਜੂਦ ਵੀ ਅਧੂਰੇ ਰਹਿ ਗਏ ਨਿਸ਼ਾਨਿਆਂ ਦੀ ਪੂਰਤੀ ਹਿਤ ਜਮਹੂਰੀ ਲਹਿਰ, 'ਧਰਮ ਯੁੱਧ ਮੋਰਚਿਆਂ ਤਕ ਚਲਦੀ ਰਹੀ। 'ਅਨੰਦਪੁਰ ਸਾਹਿਬ ਦੇ ਮਤੇ' ਤਹਿਤ ਦਰਪੇਸ਼ ਮਸਲਿਆਂ ਨੂੰ ਯੋਗ ਵਿਉਂਤਬੰਦਕ ਤਰੀਕੇ ਹਲ ਕਰਨ ਵਜਾਏ, 1984 ਵਿੱਚ ਸਮੇਂ ਦੀ ਸਰਕਾਰ ਨੇ ਫੌਜ ਵਰਤਕੇ, ਲਹਿਰ ਨੂੰ ਹੀ ਦਬਾਉਂਣ ਲਈ ਸ੍ਰੀ ਹਰਿਮੰਦਰ ਸਾਹਿਬ ਸਨਮੁੱਖ ਸ੍ਰੀ ਅਕਾਲ ਤਖਤ ਸਾਹਿਬ ਸਮੇਤ ਦਰਜਨਾਂ ਗੁਰਦੁਆਰਿਆਂ ਤੇ ਹਮਲੇ ਕੀਤੇ। ਹਜ਼ਾਰਾਂ ਨਿਰਦੋਸ਼ ਜਾਨਾਂ ਕੁਰਬਾਨ ਹੋਈਆਂ, ਸੰਪਤੀ ਤਬਾਹ ਹੋਈ, ਜਿੰਮੇਵਾਰ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦਾ ਕਤਲ ਹੋਇਆ, ਸਿੱਖਾਂ ਦੀ ਨਸਲਕੁਸ਼ੀ ਅਧਾਰਤ ਕਤਲੋ-ਗਾਰਤ ਹੋਈ, ਸਿਖ ਬੰਦੀ ਬਣਾਏ ਗਏ, ਖਾਲਿਸਤਾਨ ਪਖੀ ਖਾੜਕੂਵਾਦ ਫੈਲਿਆ, ਪੁਲਸ ਤਸ਼ੱਦਦ ਵਧਿਆ, ਅਸਥਿਰਤਾ ਵਧੀ, ਕੁਝ ਪੀੜਤ ਪੀੜੀਆਂ ਨੇ ਵਿਦੇਸ਼ੀਂ ਜਾ ਵਾਸੇ ਕੀਤੇ...।

1985 ਵਿਚ ਨਰਮ, ਤੇ 1989 ਵਿਚ ਗਰਮ ਪੰਥਕ ਦਲਾਂ ਨੇ ਚੋਂਣਾਂ ਜਿਤੀਆਂ, ਪਰ ਇਹ ਕੋਈ ਠੋਸ ਰਾਜਨੀਤਕ ਪ੍ਰਭਾਵ ਨਹੀਂ ਛਡ ਸਕੀਆਂ। ਦੇਸ਼ ਦਾ ਸਿਆਸੀ ਪ੍ਰਸੰਗ ਪ੍ਰੀਭਾਸ਼ਤ ਕਰਦੀ ਰਾਜ-ਸ਼ਕਤੀ, ਬਹੁਵਾਦ ਅਧਾਰਤ ਬਣਦੀ ਗਈ। ਯੂਨੀਅਨ ਸਰਕਾਰਾਂ ਵੋਟ-ਸਿਆਸਤ ਅਧੀਨ, ਘੱਟ ਗਿਣਤੀ ਕੌਮਾਂ ਦੇ ਮਸਲਿਆਂ ਨੂੰ ਜਿੰਮੇਵਾਰੀ ਨਾਲ ਨਿਭਾਉਂਣ ਤੋਂ ਅਸਮਰਥ ਰਹੀਆਂ। ਪੰਜਾਬ ਵਿੱਚ 1990ਵੇਂ ਦਾ ਉਲੇਖ ਮਨੁੱਖੀ ਅਧਿਕਾਰਾਂ ਦੇ ਘਾਂਣ, ਜਰਾਇਮਤਾ, ਡਾਵਾਂਡੋਲ ਸਿਆਸਤ ਅਤੇ ਡਿਗਦੀ ਆਰਥਿਕਤਾ ਦੇ ਰੂਪ ਵਿੱਚ ਹੁੰਦਾ ਰਿਹੈ। ਇਸ ਦਹਾਕੇ ਦੇ ਦੂਜੇ ਅੱਧ ਬਾਅਦ ਕੁਝ ਜਮਹੂਰੀਅਤ ਪਰਤੀ। ਬੀਤੇ ਵਿੱਚ ਤੋੜੀਆਂ ਜਾਂਦੀਆਂ ਰਹੀਆਂ ਦੀਆਂ ਸਾਂਝੀਆਂ ਅਕਾਲੀ ਵਜਾਰਤਾਂ ਮਗਰੋਂ, 1997-2017 ਵਿਚਾਲੇ 15 ਵਰੇ ਪੰਜਾਬ ਵਿਚ ਤਿੰਨ ਵਾਰ ਅਕਾਲੀ ਸਰਕਾਰਾਂ ਬਣੀਆਂ। ਪਰ ਪੰਜਾਬ ਦੇ ਵੱਡੇ ਮਸਲਿਆਂ ਬਾਰੇ ਖੜੋਤ ਬਣੀਂ ਰਹੀ, ਯੂਨੀਅਨ ਸਰਕਾਰਾਂ ਦਾ ਰਵੱਈਆ ਨਹੀਂ ਬਦਲਿਆ।

ਵਖ ਵਖ ਨਾਜਕ ਦੌਰਾਂ ਦੌਰਾਂਨ ਦੇਸ਼ ਤੇ ਵਿਦੇਸ਼ ਦੀਆਂ ਸੰਗਤਾਂ ਦੇ ਸਹਿਯੋਗ ਅਤੇ ਦਸਵੰਧਾਂ ਨਾਲ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸਬੰਧਿਤ ਅਦਾਰੇ, ਰਹਿਤ-ਮਰਿਆਦਾ ਨਾਲ ਸਬੰਧਤ ਸੇਵਾਵਾਂ, ਗੁਰਬਾਣੀ ਵਿਚਾਰ-ਪ੍ਰਚਾਰ ਤੇ ਵਿਸ਼ਵ-ਵਿਆਪੀ ਪ੍ਰਸਾਰਨ, ਵੱਡੇ ਤਵਾਰੀਖੀ ਸਮਾਗਮਾਂ ਦੇ ਪ੍ਰਬੰਧ, ਸੰਸਥਾਤਮਕ ਉਸਾਰੀਆਂ, ਸੇਹਤ-ਵਿਦਿਆ-ਪ੍ਰਕਾਸ਼ਨ ਤੇ ਵਿਰਾਸਤੀ ਕੰਮਾਂ ਦੀਆਂ ਕਾਰ-ਸੇਵਾਵਾਂ ਅਤੇ ਉਚ-ਪੱਧਰੀ ਤਾਲ-ਮੇਲ ਲਈ ਯਤਨਸ਼ੀਲ ਰਹੇ ਹਨ। ਸ਼੍ਰੋਮਣੀ ਅਕਾਲੀ ਦਲ ਦੇ ਰਾਜ-ਕਾਲ ਦੁਰਾਂਨ ਦਿਹਾਤੀ ਤੇ ਜਰਾਇਤੀ ਉਨੱਤੀ, ਮੰਡੀਕਰਣ, ਢਾਂਚਾਗਤ ਉਸਾਰੀਆਂ, ਸੜਕਾਂ ਤੋਂ ਲੈ ਕੇ ਹਵਾਈ ਅੱਡਿਆਂ ਤਕ ਦਾ ਵਿਕਾਸ, ਬਿਜਲੀ ਪੈਦਾਵਾਰ ਤੇ ਸਨਅਤੀ ਪ੍ਰੋਜੈਕਟਾਂ ਵਿੱਚ ਵਾਧਾ, ਅਰਥਿਕ ਵਿਦਿਅਕ, ਲੋਕ ਭਲਾਈ, ਸਮਾਜਿਕ ਸੇਵਾਵਾਂ ਅਦਿ ਦਾ ਵਿਸਥਾਰ... ਸਿੱਖਾਂ ਅਤੇ ਹੋਰਨਾਂ ਪੰਜਾਬੀਆਂ ਨਾਲ ਸਬੰਧਿਤ ਵਿਰਾਸਤੀ ਯਾਦਗਾਰਾਂ ਦੀ ਉਸਾਰੀ-ਵਿਕਾਸ ਦੀ ਲੰਬੀ ਸੂਚੀ ਬਣਦੀ ਹੈ।

ਅਕਾਲੀ-ਬੀਜੇਪੀ ਸਰਕਾਰਾਂ ਦੀਆਂ ਕਮੀਆਂ-ਕਮਜ਼ੋਰੀਆਂ ਵੀ ਘੱਟ ਨਹੀਂ ਸਨ। ਪਰ ਇਹਨਾਂ ਨੂੰ, 2017 ਤੋਂ ਬਾਅਦਲੀਆਂ ਸਰਕਾਰਾਂ ਵੀ ਸੁਧਾਰਨ ਵਿੱਚ ਅਸਮਰੱਥ ਰਹੀਆਂ ਹਨ। ਬਲਕੇ ਆਰਥਕ ਨਿਘਾਰ ਤੇ ਘਪਲੇਬਾਜ਼ੀਆਂ, ਨਸ਼ਿਆਂ ਦੇ ਫੈਲਾਅ, ਬੇਕਾਰਤਾ, ਨੌਜਵਾਨੀ ਦਾ ਵਿਦੇਸ਼ਾਂ ਨੂੰ ਨਿਕਾਸ, ਕਿਰਸਾਨੀ ਵਿੱਚ ਬੇਚੈਨੀ, ਕਰਜ਼ਾਈ ਬਣ ਰਹੀ ਪੰਜਾਬ ਸਰਕਾਰ, ਅਮਨ-ਕਾਨੂੰਨ ਪੱਖੋਂ ਮੰਦਹਾਲੀ, ਲੋਕਾਂ ਵਿੱਚ ਅਸੁਰੱਖਿਅਤਾ... ਆਦਿ ਪਹਿਲੂ ਹੋਰ ਵੀ ਵੱਡੇ ਹੋ ਗਏ ਹਨ। ਅੰਦਰੂੰਨੀ-ਬਹਿਰੂੰਨੀ ਹਿੰਸਕ ਜੁਰਮਾਂ, ਜਰਾਇਮ-ਪੇਸ਼ਾ ਲੁਟਾਂ, ਨਸ਼ਿਆਂ ਦੇ ਵਪਾਰ, ਖੌਫ ਫੈਲਾਉ ਅੱਤਵਾਦ ਦੇਸ਼ ਤੋਂ ਵਿਦੇਸ਼ਾਂ ਤਕ ਪੁੱਜ ਗਿਆ ਹੈ। ਸਫਲ ਕਿਰਸਾਨ ਅੰਦੋਲਨਾਂ ਉਪਰੰਤ, ਵਾਅਦਾ ਖਿਲਾਫੀਆਂ, ਫਸਲਾਂ ਦਾ ਮੰਡੀਆਂ ਵਿਚ ਰੁਲਣਾਂ, 2023-24 ਵਿੱਚ ਕੁਝ ਇਕ ਖਾਲਿਸਤਾਨੀਂ-ਸਿੱਖਾਂ ਤੇ ਕੌਮੀ-ਕੌਮਾਂਤਰੀ ਹਿੰਸਾਤਮਕ ਹਮਲੇ, ਬੰਦੀ ਸਿਖਾਂ ਪ੍ਰਤੀ ਬੇਇਨਸਾਫ਼ੀ ਵਾਲਾ ਰਵੱਈਆ, ਪੰਜਾਬ ਤੇ ਸਿੱਖ-ਪੰਥ ਪ੍ਰਤੀ ਗਲਤ ਅਤੇ ਨਫਰਤ ਫੈਲਾਉ ਪ੍ਰਾਪੇਗੰਡਾ ਆਦਿ 1980ਵੇਂ-90ਵੇਂ ਦੇ ਸੰਤਾਪ ਨੂੰ ਯਾਦ ਕਰਵਾ ਰਹੇ ਹਨ। ਸਿੱਖ-ਪੰਥਕ ਸੰਸਥਾਵਾਂ ਅਤੇ ਅਗਵਾਈ ਨੂੰ ਅਜੇਹੇ ਪ੍ਰਸੰਗ ਵਿੱਚ ਸਮੁੱਚੇ ਬਿਰਤਾਂਤ ਨੂੰ ਸੋਚ-ਸਮਝ ਕੇ, ਡੂੰਘਿਆਈ ਵਾਲੇ ਸਰਬਪੱਖੀ ਵਿਸ਼ਲੇਸ਼ਣ ਅਧੀਨ ਬਿਆਨਣਾਂ ਪਵੇਗਾ ੀ ਜਿਸਦਾ ਅਰੰਭ, ਕੁਝ ਹਦ ਤਕ ਦੀਵਾਲੀ 2024 ਮੌਕੇ, ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਸਾਹਿਬਾਨਾਂ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਹਾਜ਼ਰੀ ਵਿੱਚ ਕੀਤਾ ਹੈ। ਇਸ ਸਬੰਧੀ ਵੱਡੀ ਜਿੰਮੇਵਾਰ, ਨੀਤੀਗਤ ਤਰੀਕੇ ਸ਼੍ਰੋਮਣੀ ਅਕਾਲੀ ਦਲ ਦੀ ਬਣਦੀ ਹੈ।

ਪੰਜਾਬ ਅਤੇ ਦੇਸ਼-ਦੁਨੀਆਂ ਪੱਧਰ ਤੇ 'ਸਮੂਹਿਕ ਸਿੱਖ-ਪੰਥਕ' ਰਾਜਨੀਤਕ ਮਸਲਿਆਂ, ਵਿਵਾਦ-ਸੰਵਾਦ ਅਤੇ ਪ੍ਰਸੰਗਿਕ ਅਗਵਾਈ ਬਾਰੇ ਜਿੰਮੇਵਾਰੀ ਸ਼੍ਰੋਮਣੀ ਅਕਾਲੀ ਦਲ ਦੀ ਰਹੀ ਹੈ। ਪਰ 1978 ਦੇ ਸਾਕੇ ਸਬੰਧੀ ਸਰਕਾਰ ਵਿਚ ਹੁੰਦਿਆਂ ਸਮਝੀ ਗਈ ਕਮਜ਼ੋਰੀ, 1980ਵੇਂ-90ਵੇਂ ਦੀਆਂ ਰਣਜੀਤਕ ਰਾਜਸੀ ਕਮੀਆਂ-ਪੇਸ਼ੀਆਂ, ਵੋਟ-ਨੀਤੀਗਤ 2007-2017 ਦੀਆਂ ਮਰਿਯਾਦਾਵਾਂ ਤੋਂ ਨਿਖੜਕੇ ਡੇਰਾਵਾਦਕ ਭੁਲਾਂ-ਗਲਤੀਆਂ ਨਾਲ ਸਬੰਧਿਤ 2017-2022-24 ਦੀਆਂ ਚੋਣਾਂ ਵਿਚ ਵੋਟਰਾਂ ਵਲੋਂ ਤਿੰਨ ਵਾਰ ਵੱਡੀਆਂ ਰਾਜਸੀ ਸਜਾਵਾਂ ਦਿਤੀਆਂ। 2024 ਵਿੱਚ ਜਿੰਮੇਵਾਰ ਅਕਾਲੀ ਅਗਵਾਈ ਨੂੰ, ਸ੍ਰੀ ਅਕਾਲ ਤਖਤ ਸਾਹਿਬ ਤੋਂ ਤਨਖਾਹੀਏ ਐਲਾਨਿਆ ਗਿਆ। ਇਹਨਾਂ ਸਥਿਤੀਆਂ ਦਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਉਪਰ ਵੀ ਅਸਰ ਪੈਂਦਾ ਰਿਹਾ। ਕਝ ਪ੍ਰਬੰਧਕੀ ਕਮਜ਼ੋਰੀਆਂ, ਇਤਰਾਜ਼ਯੋਗ ਪ੍ਰਕਾਸ਼ਨਾਵਾਂ ਬਾਰੇ ਬੇਧਿਆਨੀ, ਬੇਅਦਬੀਆਂ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਬੀੜਾਂ ਸਬੰਧੀ ਘਟਨਾਂਕ੍ਰਮ ਨੇ ਵੀ ਸਵਾਲ ਪੈਦਾ ਕੀਤੇ।

**ਬਾਕੀ ਹਿਸਾ ਸਫਾ 36 ਤੇ ਪੜ੍ਹੋ**

**35 ਸਫ਼ੇ ਦੀ ਬਾਕੀ**

ਇਸ ਇਤਿਹਾਸਕ ਸਮੇਂ, ਸਬਕ-ਨੁਮਾਂ ਦਿਸ਼ਾ-ਦ੍ਰਸ਼ਟੀ ਨਾਲ ਸੁਧਾਰ, ਸ਼੍ਰੋਮਣੀ ਅਕਾਲੀ ਦਲ ਦੀ ਮੁੜ ਪੁੰਨਰਗਠਤ ਤਰੀਕੇ ਲਹਿਰਬੰਦੀ, ਵੱਡੀ ਇਤਿਹਾਸਕ ਲੋੜ ਬਣ ਗਈ ਹੈ। ਕਿਉਂਕਿ ਪੰਜਾਬ, ਪੰਜਾਬੀਆਂ ਅਤੇ ਸਿੱਖ-ਪੰਥ ਨੂੰ ਮੌਲਿਕ, ਸਿਧਾਂਤਕ ਅਤੇ ਜਮਹੂਰੀਅਤ ਅਧਾਰਤ, ਵਿਕੇਂਦਰਤ ਰਾਜ-ਸ਼ਕਤੀ ਦੀ ਅਤਿਅੰਤ ਲੋੜ ਹੈ। ਦੂਜੇ ਪਾਸੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਆ ਰਹੀਆਂ ਚੋਣਾਂ, 100 ਵਰਿਆਂ ਬਾਅਦ ਅਰੰਭ ਹੋ ਰਹੀ ਨਵੀਂ ਸਦੀ ਵਾਸਤੇ ਤਿਆਰੀਆਂ, ਇਕ ਵੱਡਾ ਸੰਭਾਵਨਾਵਾਂ ਭਰਿਆ ਮੌਕਾ ਹੈ। ਇਸ ਪ੍ਰਕਿਰਿਆ ਵਿੱਚ, ਰਜਿਸਟਰ ਹੋਇਓ ਸਿੱਖ ਵੋਟਰਾਂ ਨੂੰ ਆਪਣੀ ਜਿੰਮੇਵਾਰੀ ਨਿਭਾਉਣੀ ਪਵੇਗੀ। ਤਾਂ ਕਿ ਨਵੀਂ ਸੰਵਿਧਾਨਿਕ ਸਿਖ ਪਾਰਲੀਮੈਂਟ, ਨਵੀਂਆਂ ਲੀਹਾਂ ਤੇ ਪੈ ਕੇ ਵੱਡੀਆਂ ਭਵਿੱਖਤ ਪ੍ਰਾਪਤੀਆਂ ਲਈ ਬੁਨਿਆਦਾਂ ਪੱਕੀਆਂ ਕਰ ਸਕੇ, ਇਸ ਕਰਕੇ ਅਗਾਂਹ ਵੋਟ ਉਸ ਉਮੀਦਵਾਰ ਨੂੰ ਪਾਓ ਜਿਸ ਕੋਲ :

- ਵਾਰਤਾਲਾਪ, ਵਿਖਿਆਨ ਤੇ ਸੰਪਰਕ ਬਣਾਉਂਣ ਦੀ ਯੋਗਤਾ ਹੋਵੇ
- ਗੁਰਮਤਿ ਵਾਲਾ ਸਲੀਕਾ, ਇਖਲਾਕ ਤੇ ਕਿਰਦਾਰ-ਵਿਵਹਾਰ ਹੋਵੇ
- ਪ੍ਰਬੰਧਕੀ ਅਗਵਾਈ ਤੇ ਜਿੰਮੇਵਾਰੀਆਂ ਨਿਭਾਉਣ ਦੇ ਗੁਣ ਹੋਣ
- ਸਿੱਖ ਧਰਮ, ਮਰਿਆਦਾ, ਤੇ ਇਤਿਹਾਸ ਦੀ ਕੁਝ ਵਾਕਫੀ ਹੋਵੇ
- ਸ਼੍ਰੋ.ਗੁ.ਪ੍ਰ.ਕਮੇਟੀ ਮੈਂਬਰ ਹੁੰਦਿਆ ਰਾਜਨੀਤਕ ਲਾਲਸਾ ਨਾ ਹੋਵੇ
- ਬੀਬੀਆਂ, ਜਾਤਾਂ, ਸਰੀਰਿਕ ਤੇ ਮਾਨਸਿਕ ਬਰਾਬਰੀ ਲਈ ਵਚਨਬੰਧਤਾ ਹੋਵੇ
- ਕਮੇਟੀ ਨੂੰ ਸਰਬਹਿੰਦ ਅਤੇ ਵਿਸ਼ਵ-ਵਿਆਪਕ ਬਣਾਉਂਣ ਲਈ ਵਚਨਬੱਧਤਾ ਹੋਵੇ
- ਸਿੱਖ ਕੌਮ ਵਿੱਚ ਸ੍ਰੀ ਗੁਰੂ ਗ੍ਰੰਥ ਸਹਿਬ ਨਾਲ ਜੁੜਿਓ ਵਿਭਿੰਨ ਸੰਪ੍ਰਦਾਇਕ ਭਾਈਚਾਰਿਆਂ ਨੂੰ ਵੀ, ਸਿੱਖ-ਪੰਥਕ ਧਾਰਾ ਨਾਲ ਜੋੜਨ ਲਈ ਵਚਨਬੱਧਤਾ ਹੋਵੇ
- ਸਿੱਖ ਧਰਮ ਦੇ ਸਰਬ-ਧਰਮ ਸਤਿਕਾਰ ਫਲਸਫੇ ਅਧਾਰਤ ਸੰਪਰਕ ਅਤੇ ਸਹਿਯੋਗ ਵਧਾਉਂਣ ਲਈ ਵਚਨਬੱਧਤਾ ਹੋਵੇ
- ਸਮਾਜ ਵਿਚੋਂ ਨਸ਼ਿਆਂ, ਸ਼ਰਾਬਖੋਰੀ, ਹਿੰਸਾ, ਜੁਰਮਾਂ, ਸਦਾਚਾਰਕ ਹੀਣਤਾ... ਅਦਿ ਅਲਾਮਤਾਂ ਤੋਂ ਮੁਕਤੀ ਦਿਵਾਊ ਲਹਿਰ ਲਈ ਵਚਨਬੱਧਤਾ ਹੋਵੇ
- ਕੋਈ ਵਿਸ਼ੇਸ਼ਕ ਤਜਰਬੇਕਾਰੀ, ਮੁਹਾਰਤ, ਕਲਾ, ਵਿਦਿਆ ਜਾਂ ਤਕਨੀਕੀ ਜਾਣਕਾਰੀ ਹੋਵੇ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਚੁਣਿਆ ਜਾਂਣ ਵਾਲਾ ਅਗਲਾ ਨਵਾਂ ਹਾਊਸ, ਸਿੱਖ-ਪੰਥ ਦੀ ਇਸ ਸਰਬਉੱਚ ਸੰਸਥਾਂ ਦੇ ਅਗਲੇਰੇ ਵਿਕਾਸ ਲਈ, ਹੇਠਾਂ ਅੰਕਿਤ ਪੰਜ ਪ੍ਰੋਗਰਾਮ ਲਈ ਫੈਸਲੇ ਕਰਕੇ, ਵਿਉਂਤਬੰਧਕ ਢੰਗ ਨਾਲ ਅਗਾਂਹ ਵਧਣ ਲਈ ਵਚਨਬੱਧ ਹੋਵੇ:


1. ਵਿਕੇਂਦਰਤ ਤੇ ਜਮਹੂਰੀ ਸਰਬਹਿੰਦ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਥਾਪਨਾਂ ਕਰਨ ਵਾਸਤੇ, ਸੰਵਿਧਾਨਿਕ ਪਾਰਲੀਮੈਂਟਰੀ ਜਾਂ ਫਿਰ ਖੁਦ-ਮੁਖਤਿਆਰ ਕਾਨੂੰਨੀ ਟਰੱਸਟ ਰਾਹੀਂ ਅਗਾਂਹ ਵਧਣਾਂ। ਜਿਸ ਵਿੱਚ ਵਿਸ਼ਵ ਵਿਆਪੀ ਗੁਰਦੁਆਰਿਆਂ ਦੀ ਪ੍ਰਤੀਨਿਧਤਾ ਦੀ ਵਿਵਸਥਾ ਵੀ ਹੋਵੇ। ਇਸੇ ਪ੍ਰਸੰਗ ਵਿੱਚ ਸਮਰੱਥ ਅਤੇ ਯੋਗਤਾ ਵਾਲਾ ਪੰਜਾਬ, ਸਰਬਹਿੰਦ ਅਤੇ ਕੌਮਾਂਤਰੀ ਪੱਧਰਾਂ ਦਾ ਸਥਾਈ ਸਕੱਤਰੇਤ ਸਥਾਪਤ ਹੋਵੇ।
2. ਸ੍ਰੀ ਅਕਾਲ ਤਖਤ ਸਾਹਿਬ ਦੀ ਸਰਬ-ਉਚ ਸੰਸਥਾ ਦੇ ਜਥੇਦਾਰ ਸਾਹਿਬ ਅਤੇ ਪੰਜ ਸਿੰਘ ਸਾਹਿਬਾਨਾਂ ਦੀ ਸਥਾਪਤੀ ਸਮਰੱਥ ਬਣਾਉਂਣ ਲਈ ਨਿਯੁਕਤੀਆਂ, ਜਿੰਮੇਵਾਰੀਆਂ, ਵੇਤਨਾਂ, ਸਕੱਤਰੇਤ ਅਤੇ ਸੇਵਾਮੁਕਤੀ ਸਬੰਧਿਤ ਵਿਧੀ-ਵਿਧਾਂਤ ਸਥਾਪਤ ਹੋਵੇ।
3. ਬਹੁਪੱਖੀ ਵਿਦਵਤਾ ਵਾਲੇ, ਇਕ ਸਮਰੱਥ ਸਟੈਂਡਿੰਗ ਕਮਿਸ਼ਨ ਦੀ ਸਥਾਪਨਾਂ ਹੋਵੇ। ਜਿਹੜਾ ਦਰਪੇਸ਼ ਅਤੇ ਸੰਭਾਵਿਤ ਮਸਲਿਆਂ ਦਾ ਵਿਸ਼ਲੇਸ਼ਣ ਅਤੇ ਇਹਨਾਂ ਬਾਰੇ ਨਿਰੰਤਰ ਸਿਫਾਰਿਸ਼ਾਂ ਪੇਸ਼ ਕਰੇ। ਇਹਨਾਂ ਨੂੰ ਨੀਤੀਗਤ ਤਰੀਕੇ ਸ਼੍ਰੋ.ਗ.ਪ.ਕਮੇਟੀ ਵਿਚਾਰ-ਸੰਵਾਦ ਅਧੀਨ ਲਿਆ ਕੇ ਲੋੜੀਂਦੇ ਅਮਲ ਕਰੇ।
4. ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸਮਰੱਥ ਬੈਂਕ ਸਥਾਪਤ ਕਰਨ ਦੇ ਯੋਗ ਹੈ। ਦੇਸ਼-ਵਿਦੇਸ਼ ਦੇ ਗੁਰਦੁਆਰੇ ਸਕਿਓਰਟੀ ਅਤੇ ਸਰਮਾਏ ਪੱਖੋਂ, ਦੇਸ਼ ਜਾਂ ਵਿਦੇਸ਼ ਵਿਚ ਬੈਂਕ ਰਜਿਸਟ੍ਰੇਸ਼ਨ ਕਰਕੇ, ਇਸਦੀ ਸਥਾਪਨਾਂ ਬਾਰੇ ਕਾਰਜਸ਼ੀਲ ਹੋਵੇ।
5. ਸ੍ਰੀ ਦਰਬਾਰ ਸਾਹਿਬ / ਸ੍ਰੀ ਹਰਿਮੰਦਰ ਸਾਹਿਬ ਕੰਪਲੈਕਸ ਦੁਆਲੇ ਦੇ ਅੰਦਰੂੰਨੀ ਅਮ੍ਰਿਤਸਰ ਨੂੰ, 'ਵੇਟੀਕਨ ਸਿਟੀ' ਸਟੇਟਸ ਵਿਵਸਥਾ ਵਾਸਤੇ ਵਿਉਂਤਬੰਦਕ ਤਜਵੀਜ਼ ਅਧੀਨ, ਪੰਜਾਬ ਅਤੇ ਭਾਰਤ ਦੀ ਯੂਨੀਅਨ ਸਰਕਾਰ ਨਾਲ ਵਾਰਤਾਲਾਪ ਅਰੰਭੇ।


## ਵਿਆਹ ਸ਼ਾਦੀ ਦੇ ਇਸ਼ਤਿਹਾਰ ਪੰਜਾਬ ਟਾਈਮਜ਼ ਵਿੱਚ

ਯੂ ਕੇ ਵਿਚ 1965 ਤੋਂ ਛਪ ਰਿਹਾ ਹਫ਼ਤਾਵਾਰ ਪੰਜਾਬ ਟਾਈਮਜ ਸਭ ਤੋਂ ਪੁਰਾਣਾ ਪੇਪਰ ਹੈ। ਇਹ ਪੇਪਰ ਨਿਊਜ਼ ਏਜੰਟਾਂ ਅਤੇ ਗਰੋਸਰੀ ਦੀਆਂ ਦੁਕਾਨਾਂ ਤੋਂ ਦੋ ਪੌਂਡ ਦਾ ਮਿਲਦਾ ਹੈ। ਇਸ ਵਿਚ ਵਿਆਹ ਸ਼ਾਦੀ ਸਬੰਧੀ ਇਸ਼ਤਿਹਾਰਾਂ ਵਾਲਾ ਵਿਸ਼ੇਸ਼ ਪੰਨਾ ਹੁੰਦਾ ਹੈ। ਰਿਸ਼ਤੇ ਨਾਤੇ ਵਾਲੇ ਕਾਲਮ ਵਿੱਚ ਇਸ਼ਤਿਹਾਰ ਦੇਣ ਨਾਲ ਬੱਚਿਆਂ ਲਈ ਯੋਗ ਜੀਵਨ ਸਾਥੀ ਮਿਲ ਸਕਦਾ ਹੈ।

**ਪੰਜਾਬ ਟਾਈਮਜ਼ ਵਿੱਚ ਇਸ਼ਤਿਹਾਰ ਦੇਣ ਵਾਸਤੇ ਅੱਜ ਹੀ ਸੰਪਰਕ ਕਰੋ:**
**ਜਾਣਕਾਰੀ ਲਈ ਸੰਪਰਕ: 01332 372 851 M: 07966 388 388**


# ਪੰਜਾਬ ਨੂੰ ਮੁੜ ਨਹੀਂ ਲੱਭਿਆ ਸ੍ਰ. ਪਰਤਾਪ ਸਿੰਘ ਕੈਰੋਂ ਵਰਗਾ ਮੁੱਖ ਮੰਤਰੀ



## ਬਰਸੀ 'ਤੇ ਵਿਸ਼ੇਸ਼


ਸੁਖਵਿੰਦਰ ਸਿੰਘ ਮੁੱਲਾਂਪੁਰ
ਵ.ਅੱਪ +91 9914184794


ਦੇਸ਼ ਨੂੰ ਮਿਲੀ ਆਜ਼ਾਦੀ ਤੋਂ ਬਾਅਦ ਅਣਵੰਡੇ ਪੰਜਾਬ ਜਿਸ ਦਾ ਇਲਾਕਾ ਹੁਣ ਵਾਲਾ ਸਾਰਾ ਪੰਜਾਬ, ਹਰਿਆਣਾ ਅਤੇ ਹਿਮਾਚਲ ਪ੍ਰਦੇਸ਼ ਦਾ ਕੁਝ ਇਲਾਕਾ ਸੀ ਇਸ ਦੀ ਤਰੱਕੀ ਲਈ ਜੱਦੋ ਜਹਿਦ ਕਰਕੇ ਵਿਕਾਸ ਕਰਵਾਉਣ ਵਾਲਾ ਇੱਕੋ ਇਕ ਮੁਖ ਮੰਤਰੀ ਸੀ ਸ੍ਰ. ਪਰਤਾਪ ਸਿੰਘ ਕੈਰੋ ! ਸ੍ਰ. ਪਰਤਾਪ ਸਿੰਘ ਕੈਰੋਂ ਦਾ ਜਨਮ 1 ਅਕਤੂਬਰ 1901 ਨੂੰ ਸ੍ਰ ਨਿਹਾਲ ਸਿੰਘ ਦੇ ਘਰ ਪਿੰਡ ਕੈਰੋਂ ਜਿਲ੍ਹਾ ਅੰਮ੍ਰਿਤਸਰ ਵਿਖੇ ਹੋਇਆ। ਆਪ ਦੇ ਪਿਤਾ ਨਿਹਾਲ ਸਿੰਘ ਸਿੰਘ ਸਭਾ ਲਹਿਰ ਦੇ ਮੋਢੀਆਂ ਵਿਚੋਂ ਸਨ। ਇਸ ਨੇ ਮੁੱਡਲੀ ਵਿਦਿਆ ਕੋਲੋਨਲ ਬ੍ਰਾਊਨ ਕੈਂਬ੍ਰਿਜ ਸਕੂਲ ਦੇਹਰਾਦਨ ਤੋਂ ਪਾਸ ਕੀਤੀ। ਫਿਰ ਖ਼ਾਲਸਾ ਕਾਲਜ ਤੋਂ ਬੀ.ਏ ਕਰਕੇ ਉਚੇਰੀ ਪੜ੍ਹਾਈ ਲਈ ਅਮਰੀਕਾ ਚਲੇ ਗਏ। ਜਿੱਥੇ ਉਹਨਾਂ ਯੂਨੀਵਰਸਿਟੀ ਕੈਲੀਫੋਰਨੀਆਂ ਐਟ ਬਰਕਲੇ ਤੋਂ ਐਮ.ਏ( ਇਕਨਾਮਿਕਸ) ਤੇ ਯੂਨੀਵਰਸਿਟੀ ਆਫ਼ ਮਿਸ਼ੀਗਨ ਤੋਂ ਐਮ. ਏ ( ਪੋਲੀਟੀਕਲ ਸਾਇੰਸ ਦੀ ਡਿਗਰੀ) ਪ੍ਰਾਪਤ ਕਰਕੇ 1929 ਵਿੱਚ ਵਾਪਸ ਮੁੜ ਆਏ। ਇੱਥੇ ਆਕੇ ਉਹ ਸ਼੍ਰੋਮਣੀ ਅਕਾਲੀ ਦਲ ਵਿੱਚ ਸ਼ਾਮਲ ਹੋ ਗਏ। 1930 ਵਿੱਚ ਅਕਾਲੀ ਦਲ ਤੋਂ ਅਸਤੀਫ਼ਾ ਦੇਕੇ ਕਾਂਗਰਸ ਵਿੱਚ ਚਲੇ ਗਏ। ਇਸ ਦਾ ਵਿਆਹ ਬੀਬੀ ਰਾਮ ਕੌਰ ਨਾਲ ਹੋਇਆ। ਇਸ ਘਰ ਤਿੰਨ ਬੱਚਿਆਂ ਸੁਰਿੰਦਰ ਸਿੰਘ ਕੈਰੋਂ, ਗੁਰਿੰਦਰ ਸਿੰਘ ਕੈਰੋਂ ਅਤੇ ਧੀ ਸਰਬਰਿੰਦਰ ਕੌਰ ਕੈਰੋਂ ਨੇ ਜਨਮ ਲਿਆ। 13 ਅਪਰੈਲ 1932 ਵਿੱਚ ਉਸ ਨੇ ਅੰਮ੍ਰਿਤਸਰ ਵਿੱਚ ਇੱਕ ਅੰਗਰੇਜ਼ੀ ਹਫ਼ਤਾਵਰੀ ਅਖ਼ਬਾਰ ਦ ਨਿਊ ਏਰਾ ਸ਼ੁਰੂ ਕੀਤਾ। ਪਰਤਾਪ ਸਿੰਘ ਕੈਰੋਂ ਰਾਜਨੀਤੀ ਵਿਚ ਸਰਗਰਮ ਹੋਣ ਕਰਕੇ ਅਖ਼ਬਾਰ ਬੰਦ ਕਰਨਾ ਪਿਆ। 1932 ਵਿੱਚ ਜਦ ਸਿਵਲ ਨਾ ਫੁਰਮਾਨੀ ਲਹਿਰ ਸ਼ੁਰੂ ਹੋਈ ਤਾਂ ਆਪ ਨੇ ਮੋਹਰੀ ਹੋਕੇ ਇਸ ਵਿੱਚ ਹਿੱਸਾ ਲੈ ਲਿਆ ਜਿਸ ਦੇ ਸਿੱਟੇ ਵਜੋਂ ਆਪ ਨੂੰ ਗ੍ਰਿਫ਼ਤਾਰ ਕਰ ਲਿਆ ਅਤੇ ਪੰਜ ਸਾਲ ਦੀ ਸਜਾ ਹੋਈ।



1937 ਵਿੱਚ ਫਿਰ ਅਕਾਲੀ ਦਲ ਵਿੱਚ ਸ਼ਾਮਲ ਹੋ ਗਏ। 1941 ਵਿੱਚ ਫਿਰ ਕਾਂਗਰਸੀ ਬਣ ਗਏ। 1942 ਵਿੱਚ ਭਾਰਤ ਛੱਡੋ ਅੰਦੋਲਨ ਵਿੱਚ ਫਿਰ ਪੰਜ ਸਾਲ ਦੀ ਸਜਾ ਹੋਈ। 1946 ਵਿੱਚ ਆਪ ਸੰਵਿਧਾਨਿਕ ਅਸੈਂਬਲੀ ਪੱਟੀ ਹਲਕੇ ਤੋਂ ਚੁਣੇ ਗਏ। 1947 ਤੋਂ 49 ਤੱਕ ਪੰਜਾਬ ਦੇ ਵਿਕਾਸ ਅਤੇ ਮੁੜ ਵਸੇਵਾ ਮੰਤਰੀ ਰਹੇ। ਪੱਛਮੀ ਪੰਜਾਬ ਤੋਂ ਆਏ ਤੀਹ ਲੱਖ ਲੋਕਾਂ ਨੂੰ ਮੁੜ ਵਸਾਇਆ ਅਤੇ ਉਹਨਾਂ ਨੂੰ ਜਮੀਨਾਂ ਅਤੇ ਘਰ ਅਲਾਟ ਕੀਤੇ। ਆਪ 1952 ਤੋਂ 57 ਅਤੇ 1957 ਤੋਂ 62 ਤੱਕ ਸਰਹਾਲੀ ਹਲਕੇ ਤੋਂ ਐਮ ਐਲ ਏ ਰਹੇ। 1962 ਵਿੱਚ ਫਿਰ ਸਰਹਾਲੀ ਹਲਕੇ ਤੋਂ ਐਮ ਐਲ ਏ ਚੁਣੇ ਗਏ।

ਸ੍ਰ.ਪਰਤਾਪ ਸਿੰਘ ਕੈਰੋਂ 23 ਜਨਵਰੀ 1956 ਤੋਂ 21 ਜੂਨ 1964 ਤੱਕ ਲਗਾਤਾਰ ਅੱਠ ਸਾਲ ਤੋਂ ਵੱਧ ਸਮਾਂ ਪੰਜਾਬੀ ਸੂਬਾ ਬਣਨ ਤੋਂ ਪਹਿਲਾਂ ਜਦੋਂ ਪੰਜਾਬ ਵਿੱਚ ਹਰਿਆਣਾ ਅਤੇ ਕੁਝ ਇਲਾਕਾ ਹਿਮਾਚਲ ਦਾ ਪੰਜਾਬ ਵਿੱਚ ਸੀ ਉਸ ਟਾਇਮ ਪੰਜਾਬ ਦੇ ਮੁੱਖ ਮੰਤਰੀ ਰਹੇ। ਇਹਨਾਂ ਮੁੱਖ ਮੰਤਰੀ ਹੁੰਦਿਆਂ ਪੰਜਾਬ ਦਾ ਬਹੁਤ ਵਿਕਾਸ ਕਰਵਾਇਆ। ਪੰਜਾਬ ਦੀ ਹਰ ਵੱਡੀ ਸੰਸਥਾ ਬਣਾਉਣ ਦਾ ਸਿਹਰਾ ਪਰਤਾਪ ਸਿੰਘ ਕੈਰੋਂ ਮੁੱਖ ਮੰਤਰੀ ਦੇ ਹਿੱਸੇ ਆਉਂਦਾ ਹੈ ਜਿਵੇਂ ਚੰਡੀਗੜ੍ਹ ਸ਼ਹਿਰ, ਭਾਖੜਾ ਡੈਮ (ਨੰਗਲ), ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ, ਪੰਜਾਬੀ ਯੂਨੀਵਰਸਿਟੀ ਪਟਿਆਲਾ, ਕੁਰੂਕਸ਼ੇਤਰ ਯੂਨੀਵਰਸਿਟੀ (ਕੁਰੂਕਸ਼ੇਤਰ), ਪੀ, ਜੀ ਆਈ ਚੰਡੀਗੜ੍ਹ, ਵੇਰਕਾ ਮਿਲਕ ਪਲਾਂਟ ਵੇਰਕਾ, ਮੈਡੀਕਲ ਕਾਲਜ ਰੋਹਤਕ ਆਦਿ ਬਹੁਤ ਸਾਰੀਆਂ ਸੰਸਥਾਵਾਂ ਦਾ ਨਿਰਮਾਣ ਕੀਤਾ।

ਮੁਖ ਮੰਤਰੀ ਕੈਰੋਂ ਨੇ ਪੰਜਾਬ ਵਿੱਚ ਜ਼ਮੀਨਾਂ ਦੀ ਮੁਰੱਬੇਬੰਦੀ ਕਰਵਾ ਕੇ ਹਰ ਕਿਸਾਨ ਦੀ ਜ਼ਮੀਨ ਇੱਕ ਥਾਂ ਇਕੱਠੀ ਕੀਤੀ। ਆਪਦੇ ਉੱਪਰ ਭ੍ਰਿਸ਼ਟਾਚਾਰ ਦੇ ਦੋਸ਼ ਲੱਗੇ ਜਿਸ ਕਰਕੇ ਪੜਤਾਲੀਆ ਕਮਿਸ਼ਨ ਬਣਾਇਆ ਗਿਆ। ਪੜਤਾਲੀਆ ਕਮਿਸ਼ਨ ਕੋਈ ਦੋਸ਼ ਸਾਬਤ ਨਾ ਕਰ ਸਕਿਆ। ਆਖ਼ਰ ਦਾਸ ਕਮਿਸ਼ਨ ਬੈਠਾ ਉਹ ਇਹ ਸਾਬਤ ਕਰ ਸਕਿਆ ਕਿ ਮੁੱਖ ਮੰਤਰੀ ਕੈਰੋਂ ਸ਼ੂਗਰ ਦਾ ਮਰੀਜ਼ ਹੋਣ ਕਰਕੇ 1956 ਦੀਆਂ ਚੋਣਾਂ ਦੌਰਾਨ ਦੌਰਿਆਂ ਸਮੇਂ ਅਸਿਸਟੈਂਟ ਸਰਜਨ ਡਾ ਢਿੱਲੋਂ ਨੂੰ ਆਪਣੇ ਨਾਲ ਰੱਖਦਾ ਸੀ। ਡਾ. ਢਿੱਲੋਂ ਨੇ ਆਪਣੇ ਦਫ਼ਤਰੋਂ ਛੁੱਟੀ ਨਹੀਂ ਲਈ ਸੀ।

ਮੁੱਖ ਮੰਤਰੀ ਕੈਰੋਂ ਪ੍ਰਧਾਨ ਮੰਤਰੀ ਪੰਡਤ ਜਵਾਹਰ ਲਾਲ ਨਹਿਰੂ ਦਾ ਬਹੁਤ ਨਜ਼ਦੀਕੀ ਬੰਦਾ ਸੀ। ਪੰਡਤ ਨਹਿਰੂ ਦੀ 27 ਮਈ 1964 ਨੂੰ ਮੌਤ ਹੋ ਗਈ। ਆਪਣੀ ਜ਼ਿੰਮੇਵਾਰੀ ਸਮਝਦਿਆਂ ਕੈਰੋਂ ਨੇ 21 ਜੂਨ 1964 ਨੂੰ ਮੁੱਖ ਮੰਤਰੀ ਦੇ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ। ਮੁੱਖ ਮੰਤਰੀ ਕੈਰੋਂ ਦੇ ਨਾਓਂ ਦੀ 2005 ਵਿੱਚ ਡਾਕ ਟਿਕਟ ਜਾਰੀ ਕੀਤੀ ਗਈ।

6 ਫ਼ਰਵਰੀ 1965 ਨੂੰ ਪੰਡਤ ਨਹਿਰੂ ਦੀ ਮੌਤ ਤੋਂ ਬਾਅਦ ਦੇਸ਼ ਦੇ ਨਵੇਂ ਬਣੇ ਪ੍ਰਧਾਨ ਮੰਤਰੀ ਲਾਲ ਬਹਾਦਰ ਸ਼ਾਸਤਰੀ ਨੂੰ ਮਿਲ ਕੇ ਜਦ ਪਰਤਾਪ ਸਿੰਘ ਕੈਰੋਂ ਵਾਪਸ ਦਿੱਲੀ ਤੋਂ ਚੰਡੀਗੜ੍ਹ ਨੂੰ ਆ ਰਹੇ ਸਨ ਤਾਂ ਜੀ ਟੀ ਰੋਡ ਤੇ ਸੋਨੀਪਤ ਜਿਲ੍ਹੇ ਦੇ ਪਿੰਡ ਰਸੋਈ ਨੇੜੇ ਉਸ ਦੀ ਉਡੀਕ ਕਰ ਰਹੇ ਚਾਰ ਕਾਤਲਾਂ ਨੇ ਗੋਲੀਆਂ ਮਾਰ ਕੇ ਮਾਰ ਦਿੱਤਾ। ਚਾਰੇ ਕਾਤਲ ਫੜੇ ਗਏ ਤਿੰਨ ਕਾਤਲਾਂ ਨੂੰ ਫਾਂਸੀ ਲਾ ਦਿੱਤਾ ਗਿਆ ਅਤੇ ਚੌਥੇ ਕਾਤਲ ਦਯਾ ਸਿੰਘ ਨੂੰ ਬਰੀ ਕਰ ਦਿੱਤਾ ਗਿਆ। ਪੰਜਾਬ ਨੂੰ ਮੁੜ ਅਜਿਹਾ ਤਰੱਕੀ ਦੇ ਰਾਹ ਲਿਜਾਣ ਵਾਲਾ ਪੜ੍ਹਿਆ ਲਿਖਿਆ ਸੂਝਬਾਨ ਮੁੱਖ ਮੰਤਰੀ ਨਹੀਂ ਮਿਲਿਆ। ਹਜੇ ਵੀ ਪਰਤਾਪ ਸਿੰਘ ਕੈਰੋਂ ਦਾ ਨਾਮ ਰਾਜਨੀਤਕ ਤੌਰ ਤੇ ਬੜੇ ਪਿਆਰ ਨਾਲ ਲਿਆ ਜਾਂਦਾ ਹੈ।

# ਸਿਮਰੌ ਸ੍ਰੀ ਹਰਿ ਰਾਇ

10 ਫ਼ਰਵਰੀ ਸੱਤਵੇਂ ਪਾਤਸ਼ਾਹ ਦੇ ਆਗਮਨ ਗੁਰਪੁਰਬ 'ਤੇ ਵਿਸ਼ੇਸ਼



– ਲੇਖਕ –
ਭਗਵਾਨ ਸਿੰਘ ਜੌਹਲ
Email:bhagwansinghjohal@gmail.com

ਸਿੱਖ ਇਤਿਹਾਸ ਵਿੱਚ ਧੰਨ ਗੁਰੂ ਨਾਨਕ ਦੇਵ ਜੀ ਦੇ ਸੱਤਵੇਂ ਸਰੂਪ ਸ੍ਰੀ ਗੁਰੂ ਹਰਿ ਰਾਇ ਸਾਹਿਬ ਬਾਰੇ ਇਕ ਸਾਖੀ ਆਮ ਪ੍ਰਚੱਲਿਤ ਹੈ ਕਿ ਆਪ ਆਪਣੇ ਸੁਭਾਅ ਮੁਤਾਬਕ ਹਰ ਰੋਜ਼ ਬਾਗ ਵਿੱਚ ਸੈਰ ਕਰਨ ਜਾਇਆ ਕਰਦੇ ਸਨ। ਸੈਰ ਕਰਨ ਸਮੇਂ ਆਪ ਆਮ ਤੌਰ 'ਤੇ ਖੁੱਲ੍ਹਾ ਤੇ ਲੰਮਾ ਚੋਲਾ ਪਹਿਨਦੇ ਸਨ, ਜਿਸ ਨੂੰ ਫ਼ਕੀਰ ਲੋਕ ਚੋਗਾ ਆਖਦੇ ਹਨ। ਆਪ ਜੀ ਇਕ ਦਿਨ ਪ੍ਰਭੂ ਦੀ ਸਿਫ਼ਤ ਸਲਾਹ ਤੇ ਬੰਦਗੀ ਵਿੱਚ ਜੁੜੇ ਚਹਿਲਕਦਮੀ ਕਰ ਰਹੇ ਸਨ ਕਿ ਅਚਾਨਕ ਇਨ੍ਹਾਂ ਦੇ ਚੋਗੇ ਨਾਲ ਛੂਹ ਕੇ ਫੁੱਲਾਂ ਫਲਾਂ ਨਾਲ ਭਰੇ ਬਾਗ ਵਿੱਚੋਂ ਕੁਝ ਫੁੱਲ ਆਪਣੇ ਅਸਲ ਨਾਲੋਂ ਟੁੱਟ ਕੇ ਪੱਤੀ-ਪੱਤੀ ਹੋ ਗਏ। ਸੱਤਵੇਂ ਪਾਤਸ਼ਾਹ ਸ੍ਰੀ ਗੁਰੂ ਹਰਿ ਰਾਇ ਸਾਹਿਬ ਦਾ ਕੋਮਲ ਹਿਰਦਾ, ਉਨ੍ਹਾਂ ਫੁੱਲਾਂ ਨੂੰ ਆਪਣੇ ਅਸਲ ਨਾਲੋਂ ਟੁੱਟਾ ਦੇਖ ਕੇ ਇਕ ਦਮ ਉਦਾਸੀ ਤੇ ਗ਼ਮ ਵਿੱਚ ਗ਼ਮਗੀਨ ਹੋ ਗਿਆ। ਛੇਵੇਂ ਪਾਤਸ਼ਾਹ ਮੀਰੀ ਪੀਰੀ ਦੇ ਮਾਲਕ ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਵੀ ਸੈਰ ਕਰਦਿਆਂ ਅਚਾਨਕ ਮੌਕੇ 'ਤੇ ਪਹੁੰਚ ਗਏ। ਗੁਰੂ ਹਰਿ ਰਾਇ ਸਾਹਿਬ ਨੂੰ ਡੂੰਘੀ ਸੋਚ ਵਿੱਚ ਡੁੱਬਿਆਂ ਦੇਖ ਕੇ ਪੁੱਛਣ ਲੱਗੇ ਕਿ ਇਨ੍ਹਾਂ ਫੁੱਲਾਂ ਨੂੰ ਆਪਣੇ ਅਸਲ ਨਾਲੋਂ ਕਿਸ ਨੇ ਵੱਖ ਕੀਤਾ ਹੈ? ਸੱਤਵੇਂ ਪਾਤਸ਼ਾਹ ਗੁਰੂ ਹਰਿ ਰਾਇ ਸਾਹਿਬ ਦਾ ਜਵਾਬ ਸੀ ਕਿ ਇਹ ਫੁੱਲ ਮੇਰੇ ਚੋਗੇ ਨਾਲ ਖਹਿ ਕੇ ਪੱਤੀ-ਪੱਤੀ ਹੋਏ ਹਨ। ਮੀਰੀ ਪੀਰੀ ਦੇ ਮਾਲਕ ਛੇਵੇਂ ਪਾਤਸ਼ਾਹ ਨੇ ਬਚਨ ਕੀਤਾ, ਜਦੋਂ ਵੀ ਸੰਸਾਰ ਰੂਪੀ ਬਾਗ ਵਿੱਚ ਵਿਚਰਨਾ ਹੈ ਤਾਂ ਆਪਾ ਸੰਭਾਲ ਕੇ ਰੱਖਣਾ ਹੈ। ਵੇਖਣਾ ਇਹ ਹੈ ਕਿ ਤੁਹਾਡੇ ਬਚਨਾਂ ਤੇ ਕਰਮਾਂ ਕਰਕੇ ਕਿਸੇ ਵੀ ਦੁਨਿਆਵੀਂ ਜੀਵ ਦੇ ਕੋਮਲ ਹਿਰਦੇ ਨੂੰ ਠੇਸ ਨਹੀਂ ਲੱਗਣੀ ਚਾਹੀਦੀ। ਛੇਵੇਂ ਪਾਤਸ਼ਾਹ ਗੁਰੂ ਹਰਗੋਬਿੰਦ ਸਾਹਿਬ ਦੇ ਇਨ੍ਹਾਂ ਸਿੱਖਿਆ ਰੂਪੀ ਬਚਨਾਂ ਨੇ ਉਨ੍ਹਾਂ ਦੇ ਕੋਮਲ ਮਨ ਤੇ ਜੀਵਨ ਨੂੰ ਹਮੇਸ਼ਾ ਲਈ ਬਦਲ ਕੇ ਰੱਖ ਦਿੱਤਾ।

ਗੁਰੂ ਨਾਨਕ ਸਾਹਿਬ ਜੀ ਦੇ ਸੱਤਵੇਂ ਸਰੂਪ ਸ੍ਰੀ ਗੁਰੂ ਹਰਿ ਰਾਇ ਸਾਹਿਬ ਜੀ ਦਾ ਪ੍ਰਕਾਸ਼ 1630 ਈ: ਵਿੱਚ ਪਿਤਾ ਬਾਬਾ ਗੁਰਦਿੱਤਾ ਜੀ ਮਾਤਾ ਨਿਹਾਲ ਕੌਰ ਜੀ ਦੇ ਗ੍ਰਹਿ ਵਿਖੇ ਸ੍ਰੀ ਕੀਰਤਪੁਰ ਸਾਹਿਬ ਦੀ ਪਾਵਨ ਧਰਤੀ 'ਤੇ ਹੋਇਆ। ਬਾਬਾ ਗੁਰਦਿੱਤਾ ਜੀ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦੇ ਸਭ ਤੋਂ ਵੱਡੇ ਸਾਹਿਬਜ਼ਾਦੇ ਸਨ, ਜਿਨ੍ਹਾਂ ਦੀ ਉੱਚ ਅਵਸਥਾ ਨੂੰ ਵੇਖਦਿਆਂ ਸ੍ਰੀ ਗੁਰੂ ਨਾਨਕ ਜੀ ਦੇ ਵੱਡੇ ਸਪੁੱਤਰ ਬਾਬਾ ਸ੍ਰੀ ਚੰਦ ਜੀ ਨੇ ਉਦਾਸੀ ਸੰਪਰਦਾ ਦੀ ਜ਼ਿੰਮੇਵਾਰੀ ਵੀ ਸੰਭਾਲ ਦਿੱਤੀ ਸੀ। ਗੁਰੂ ਹਰਿ ਰਾਇ ਸਾਹਿਬ ਆਪਣੇ ਭਰਾਵਾਂ ਵਿੱਚੋਂ ਸਭ ਤੋਂ ਛੋਟੇ ਸਨ। ਗੁਰੂ ਹਰਿ ਗੋਬਿੰਦ ਸਾਹਿਬ ਜੀ ਨੇ ਗੁਰਗੱਦੀ ਦੀ ਜ਼ਿੰਮੇਵਾਰੀ ਸੰਭਾਲਣ ਸਮੇਂ, ਸਿੱਖਾਂ ਅਤੇ ਪੁੱਤਰਾਂ ਤੇ ਪੋਤਰਿਆਂ ਵਿੱਚੋਂ ਗੁਰੂ ਹਰਿ ਰਾਇ ਸਾਹਿਬ ਨੂੰ ਹੀ ਯੋਗ ਸਮਝਿਆ। ਮਾਰਚ, 1644 ਈ: ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਨੇ ਆਪਣੇ ਜੋਤੀ ਜੋਤ ਸਮਾਉਣ ਤੋਂ ਕੁਝ ਦਿਨ ਪਹਿਲਾਂ ਆਪਣੇ ਪੋਤਰੇ ਸ੍ਰੀ ਗੁਰੂ ਹਰਿ ਰਾਇ ਸਾਹਿਬ ਉੱਤੇ ਭਰੇ ਦੀਵਾਨ ਵਿੱਚ ਗੁਰਗੱਦੀ ਦਾ ਛਤਰ ਝੁਲਾ ਕੇ ਸਾਰੀਆਂ ਗੁਰੂ ਨਾਨਕ ਨਾਮ ਲੇਵਾ ਸੰਗਤਾਂ ਨੂੰ ਉਨ੍ਹਾਂ ਤਾਬਿਆ ਵਿੱਚ ਰਹਿਣ ਦਾ ਹੁਕਮ ਕੀਤਾ। ਨਾਲ ਹੀ ਗੁਰੂ ਨਾਨਕ ਸਾਹਿਬ ਦੇ ਸੱਤਵੇਂ ਸਰੂਪ ਹੋਣ ਦੇ ਬਚਨ ਦ੍ਰਿੜ ਕਰਵਾਏ। 14 ਸਾਲ ਦੀ ਉਮਰ ਵਿੱਚ ਸ੍ਰੀ ਗੁਰੂ ਹਰਿ ਰਾਇ ਸਾਹਿਬ ਗੁਰਗੱਦੀ 'ਤੇ ਬਿਰਾਜਮਾਨ ਹੋਏ। ਗੁਰੂ ਹਰਿ ਰਾਇ ਸਾਹਿਬ ਨੇ ਪੂਰੇ ਹਿੰਦੁਸਤਾਨ ਵਿੱਚ 360 ਗੱਦੀਆਂ ਕਾਇਮ ਕਰਕੇ ਸਿੱਖੀ ਦਾ ਪ੍ਰਚਾਰ ਕੀਤਾ। ਇਕ ਵੈਰਾਗੀ ਸਾਧੂ ਭਗਤ ਭਗਵਾਨ ਨੂੰ ਗੁਰੂ ਨਾਨਕ ਦੇ ਮਿਸ਼ਨ ਨੂੰ ਪ੍ਰਚਾਰਨ ਲਈ ਪ੍ਰੇਰਨਾ ਦਿੱਤੀ। ਜੋ ਆਪਣੇ ਸਮੇਂ ਦਾ ਵੱਡਾ ਪ੍ਰਚਾਰਕ ਹੋ ਨਿਬੜਿਆ। ਕੀਰਤਪੁਰ ਸਾਹਿਬ ਵਿਖੇ ਹੀ ਭਾਈ ਸੰਗਤੀਆ ਗੁਰੂ ਸਾਹਿਬ ਦੇ ਦਰਸ਼ਨਾਂ ਨੂੰ ਆਇਆ, ਇਸ ਦਾ ਨਵਾਂ ਨਾਂਅ ਭਾਈ ਫੇਰੂ ਰੱਖ ਕੇ ਦੁਆਬੇ ਵਿੱਚ ਪ੍ਰਚਾਰ ਲਈ ਭੇਜਿਆ। ਭਾਈ ਗੋਂਦੇ ਨੂੰ ਕਾਬਲ ਵਿੱਚ ਪ੍ਰਚਾਰ ਲਈ ਭੇਜਿਆ।

ਨਗਾਰੇ ਦੀ ਨਵੀਂ ਪ੍ਰਥਾ ਵੀ ਗੁਰੂ ਹਰਿ ਰਾਇ ਸਾਹਿਬ ਨੇ ਹੀ ਆਰੰਭ ਕੀਤੀ। ਨਗਾਰਾ ਹੁਣ ਗੁਰੂ ਕੇ ਲੰਗਰ ਦੇ ਆਰੰਭ ਸਮੇਂ ਵੀ ਵੱਜਣ ਲੱਗਾ। ਪਹਿਲਾਂ ਨਗਾਰਾ ਕੇਵਲ ਜੰਗ ਦੇ ਆਰੰਭ ਦਾ ਪ੍ਰਤੀਕ ਸੀ। ਗੁਰੂ ਸਾਹਿਬ ਨੇ ਸਿੱਖੀ ਨੂੰ ਵਿਰਸੇ ਵਿੱਚ ਮਿਲੀ ਸੰਗਤ ਤੇ ਪੰਗਤ ਦੀ ਰੀਤ ਨੂੰ ਨਵਾਂ ਰੂਪ ਦਿੱਤਾ। ਜਦੋਂ ਸ਼ਾਹ ਜਹਾਨ ਦੇ ਪੁੱਤਰਾਂ ਵਿੱਚ ਰਾਜ ਗੱਦੀ ਲਈ ਆਪਸੀ ਜੰਗ ਛਿੜੀ ਤਾਂ ਦਾਰ ਸ਼ਿਕੋਹ ਗੁਰੂ ਸਾਹਿਬ ਦੀ ਸ਼ਰਨ ਵਿੱਚ ਆਇਆ। ਗੁਰੂ ਸਾਹਿਬ ਨੇ ਮਾਨਵੀ ਰਿਸ਼ਤੇ ਦੇ ਨਾਤੇ ਦਾਰਾ ਦੀ ਜਿੰਨੀ ਵੀ ਹੋ ਸਕੀ ਮਦਦ ਕੀਤੀ। ਗੁਰੂ ਸਾਹਿਬ ਨਾਲ ਹਰ ਸਮੇਂ 2200 ਘੋੜ ਸਵਾਰ ਤਿਆਰ-ਬਰ-ਤਿਆਰ ਰਹਿੰਦੇ ਸਨ। ਵਾਹਿਗੁਰੂ ਅੱਗੇ ਅਰਦਾਸ ਨੂੰ ਖਲੋ ਕੇ ਕਰਨ ਦੀ ਮਰਿਯਾਦਾ ਨੂੰ ਵੀ ਕਾਇਮ ਕੀਤਾ। ਅੱਜ ਵੀ ਗੁਰੂ ਨਾਨਕ ਸਾਹਿਬ ਦੇ ਸੱਤਵੇਂ ਸਰੂਪ ਗੁਰੂ ਹਰਿ ਰਾਇ ਸਾਹਿਬ ਦਾ



ਸਮੁੱਚਾ ਜੀਵਨ ਮਨੁੱਖਤਾ ਲਈ ਪੱਥ-ਪ੍ਰਦਰਸ਼ਨ ਹੈ। ਇਤਿਹਾਸ ਇਸ ਗੱਲ ਦੀ ਗਵਾਹੀ ਦਿੰਦਾ ਹੈ ਕਿ ਸੱਤਵੇਂ ਪਾਤਸ਼ਾਹ ਦੇ ਸੰਪਰਕ ਵਿੱਚ ਆਉਣ ਵਾਲਾ ਹਰ ਰਾਜਾ ਤੇ ਰੰਕ ਗੁਰੂ ਨਾਨਕ ਦੇਵ ਜੀ ਦੀ ਗੱਦੀ ਦੇ ਇਸ ਵਾਰਸ ਤੋਂ ਇਨਸਾਨੀਅਤ ਦੇ ਭਲੇ ਦਾ ਅਜਿਹਾ ਸੁਨੇਹਾ ਲੈ ਕੇ ਗਿਆ ਜਿਸ ਸਦਕਾ ਗੁਰੂ-ਘਰ ਦੀ ਆਭਾ ਤੇ ਸ਼ੋਭਾ ਵਿੱਚ ਸਲਾਹੁਣ ਯੋਗ ਵਾਧਾ ਹੋਇਆ। ਕੋਮਲਤਾ, ਸੁਹਜ, ਸਹਿਜ ਤੇ ਦ੍ਰਿੜ੍ਹਤਾ ਵਰਗੇ ਗੁਣ ਗੁਰੂ ਹਰਿ ਰਾਇ ਸਾਹਿਬ ਦੇ ਜੀਵਨ ਦਾ ਸ਼ਿੰਗਾਰ ਸਨ। ਪੁੱਤਰ ਮੋਹ ਛੱਡ ਕੇ ਗੁਰੂ ਨਾਨਕ ਸਾਹਿਬ ਦੀ ਗੱਦੀ ਦੇ ਅੱਠਵੇਂ ਵਾਰਿਸ ਦੀ ਚੋਣ ਕਰਨੀ ਸੰਸਾਰੀ ਲੋਕਾਂ ਲਈ ਇਕ ਵਿਲੱਖਣ ਘਟਨਾ ਹੈ। ਗੁਰੂ ਹਰਿ ਰਾਇ ਸਾਹਿਬ ਦਾ ਜੀਵਨ ਸਮੁੱਚੇ ਸੰਸਾਰ ਲਈ ਪ੍ਰੇਰਨਾ ਦਾ ਸਰੋਤ ਹੈ।

bhagwansinghjohal@gmail.com

## ਹਿਊਸਟਨ ਹਵਾਈ ਅੱਡੇ 'ਤੇ ਉਡਾਣ ਭਰਨ ਸਮੇ ਜਹਾਜ਼ ਦੇ ਇੰਜਣ ਵਿਚ ਆਈ ਅਚਾਨਕ ਖਰਾਬੀ , ਯਾਤਰੀ ਸੁਰੱਖਿਅਤ

ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-ਹਿਊਸਟਨ (ਟੈਕਸਾਸ) ਤੋਂ ਨਿਊਯਾਰਕ ਨੂੰ ਉਡਾਣ ਭਰਨ ਸਮੇ ਜਹਾਜ਼ ਦੇ ਇੰਜਣ ਵਿਚ ਨੁਕਸ ਪੈ ਜਾਣ ਦੀ ਖਬਰ ਹੈ। ਪਾਇਲਟ ਨੇ ਹੁਸ਼ਿਆਰੀ ਵਰਤਦਿਆਂ ਉਡਾਣ ਨੂੰ ਤੁਰੰਤ ਰੋਕ ਲਿਆ ਤੇ ਕੋਈ ਵੱਡਾ ਹਾਦਸਾ ਹੋਣ ਤੋਂ ਬਚਾ ਹੋ ਗਿਆ। ਸੰਘੀ ਹਵਾਬਾਜ਼ੀ ਪ੍ਰਸ਼ਾਸਨ ਅਨੁਸਾਰ ਜਹਾਜ਼ ਵਿਚ ਸਵਾਰ ਸਾਰੇ 104 ਯਾਤਰੀ ਤੇ ਅਮਲੇ ਦੇ 5 ਮੈਂਬਰ ਸੁਰੱਖਿਅਤ ਹਨ। ਜਹਾਜ਼ ਨੂੰ ਤੁਰੰਤ ਪਟੜੀ ਉਪਰ ਹੀ ਪੌੜੀਆਂ ਲਾ ਕੇ ਖਾਲੀ ਕਰਵਾ ਲਿਆ ਗਿਆ।

ਯੁਨਾਈਟਿਡ ਏਅਰਲਾਈਨਜ ਦੇ ਜਹਾਜ਼ ਨੇ ਜਾਰਜ ਬੁਸ਼ ਕੌਮਾਂਤਰੀ ਹਵਾਈ ਅੱਡੇ ਤੋਂ ਸਥਾਨਕ ਸਮੇ ਅਨੁਸਾਰ ਸਵੇਰੇ 8.35 ਵਜੇ ਉਡਾਣ ਭਰੀ ਸੀ। ਯੁਨਾਈਟਿਡ ਏਅਰਲਾਈਨਜ ਦੇ ਇਕ ਬੁਲਾਰੇ ਨੇ ਜਾਰੀ ਇਕ ਬਿਆਨ ਵਿਚ ਕਿਹਾ ਹੈ ਕਿ ਉਡਾਣ ਭਰਨ ਸਮੇ ਜਹਾਜ਼ ਦੇ ਇਕ ਇੰਜਣ ਵਿਚ ਨੁਕਸ ਹੋਣ ਦਾ ਸੰਕੇਤ ਮਿਲਿਆ। ਉਸ ਸਮੇ ਜਹਾਜ਼ ਪੱਟੜੀ ਉਪਰ ਹੀ ਦੌੜ ਰਿਹਾ ਸੀ ਤੇ ਉਡਾਣ ਭਰਨ ਦੀ ਤਿਆਰੀ ਵਿਚ ਸੀ। ਇਕ ਯਾਤਰੀ ਵੱਲੋਂ ਸ਼ੋਸਲ ਮੀਡੀਆ ਉਪਰ ਪਾਈ ਇਕ ਵੀਡੀਓ ਵਿਚ ਜਹਾਜ਼ ਦੇ ਇਕ ਪਰ ਵਿਚੋਂ ਧੂੰਆਂ ਤੇ ਅੱਗ ਦੇ ਚੰਗਿਆੜੇ ਨਿਕਲਦੇ ਹੋਏ ਵਿਖਾਈ ਦੇ ਰਹੇ ਹਨ। ਹਿਊਸਟਨ ਫਾਇਰ ਵਿਭਾਗ ਨੇ ਕਿਹਾ ਹੈ ਕਿ ਉਹ ਸ਼ੋਸਲ ਮੀਡੀਆ ਉਪਰ ਪਾਈ ਵੀਡੀਓ ਬਾਰੇ ਜਾਣਦੇ ਹਨ ਪਰੰਤੂ ਜਦੋਂ ਅੱਗ ਬੁਝਾਊ ਅਮਲਾ ਮੌਕੇ ਉਪਰ ਪੁੱਜਾ ਸੀ ਤਾਂ ਉਸ ਸਮੇ ਅੱਗ ਨਹੀਂ ਲੱਗੀ ਹੋਈ ਸੀ। ਯੁਨਾਈਟਿਡ ਏਅਰਲਾਈਨਜ ਅਨੁਸਾਰ ਘਟਨਾ ਦੀ ਸੰਘੀ ਹਵਾਬਾਜੀ ਪ੍ਰਸ਼ਾਸਨ ਜਾਂਚ ਕਰੇਗਾ।

## ਨਾਨਕਸਰ ਗੁਰਦੁਆਰਾ ਪਲੈਕ, ਵਾਲਸਾਲ ਵਿਖੇ ਦੋ ਧਾਰਮਿਕ ਸੇਵਾਦਾਰਾਂ ਦੀ ਤੁਰੰਤ ਲੋੜ ਹੈ

ਨਾਨਕਸਰ ਗੁਰਦੁਆਰਾ ਸਾਹਿਬ ਪਲੈਕ, ਵਾਲਸਾਲ ਵਿਖੇ 2 ਕੀਰਤਨੀ ਸਿੰਘਾਂ ਦੀ ਲੋੜ ਹੈ, ਜੋ ਹਰਮੋਨੀਅਮ ਦੇ ਨਾਲ-ਨਾਲ ਤਬਲਾ ਵੀ ਚੰਗੀ ਤਰ੍ਹਾਂ ਜਾਣਦੇ ਹੋਣ । ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼, ਸੁਖਆਸਣ, ਨਿੱਤਨੇਮ, ਸੁਖਮਨੀ ਸਾਹਿਬ, ਰਹਿਰਾਸ, ਸੰਗਤ ਵਿਚ ਕੀਰਤਨ ਕਰਨ ਦੇ ਨਾਲ ਗੁਰੂ ਘਰ ਦੀਆਂ ਹੋਰ ਸੇਵਾਵਾਂ ਵੀ ਨਿਭਾਅ ਸਕਣ ਦੇ ਯੋਗ ਹੋਣ। ਸਿੱਖੀ ਸਿਧਾਂਤਾਂ ਅਨੁਸਾਰ ਜੀਵਨ ਵਾਲੇ ਸੇਵਾਦਾਰਾਂ ਕੋਲ ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਸਿੱਖ ਧਰਮ ਦਾ ਵਧੀਆ ਗਿਆਨ ਹੋਣਾ ਵੀ ਲਾਜ਼ਮੀ ਹੈ। ਸੇਵਾਦਾਰ ਦੀ ਜਿੰਮੇਵਾਰੀ ਸਾਰੀਆਂ ਧਾਰਮਿਕ ਸੇਵਾਵਾਂ ਕਰਨ ਅਤੇ ਮੁੱਖ ਗ੍ਰੰਥੀ ਦੀਆਂ ਸੇਵਾਵਾਂ ਵਿੱਚ ਸਹਿਯੋਗ ਦੇਣ ਦੀ ਹੋਵੇਗੀ। ਯੂ ਕੇ ਦੇ ਇੰਪਲਾਇਮੈਂਟ ਕਾਨੂੰਨ ਅਤੇ ਕੰਮ ਮੁਤਾਬਕ ਵਧੀਆ ਤਨਖਾਹ ਅਤੇ ਰਿਹਾਇਸ਼ ਮੁਫ਼ਤ ਗੁਰਦੁਆਰਾ ਸਾਹਿਬ ਵਿਖੇ ਹੋਵੇਗੀ।

**ਆਪਣੀ ਅਰਜ਼ੀ ਪੂਰੇ ਵੇਰਵੇ ਸਮੇਤ ਹੇਠਾਂ ਦਿੱਤੇ ਪਤੇ 'ਤੇ ਡਾਕ ਰਾਹੀਂ ਜਾਂ ਈਮੇਲ ਰਾਹੀਂ**
**10 ਮਾਰਚ 2025 ਤੱਕ ਭੇਜੋ ਜਾਂ ਹੋਰ ਜਾਣਕਾਰੀ ਲਈ ਗੁਰੂ ਘਰ ਦੇ ਸੇਵਾਦਾਰਾਂ ਨਾਲ ਸੰਪਰਕ ਕਰੋ ਜੀ**

## 2 VACANCIES for Temporary Religious Workers (Tier 5)

THE DUTIES OF THE RELIGIOUS WORKERS SHALL CONSIST OF THOSE NON PASTORAL RELIGIOUS AND OTHER DUTIES CUSTOMARILY PERFORMED BY A RELIGIOUS WORKER OF THE SIKH RELIGION. RECITAL OF GURU GRANTH SAHIB DURING AKHAND PATHS AND SAHIJ PATHS. PERFORM KIRTAN AFTER EACH RECITAL AS AND WHEN REQUIRED. PERFORM AT SIKH WEDDINGS, BLESSINGS AND FUNERAL SERVICES. PREPARE PRASHAD (BLESSED FOOD) AND SERVE TO THE CONGREGATION. ENSURE GURDWARA REMAINS CLEAN AND TIDY WITH SPECIAL ATTENTION TO THE MAIN PRAYER HALL. TO OPEN THE GURDWARA PREMISES IN THE MORNING AND LOCK UP AT NIGHT. FROM TIME TO TIME TO UNDERTAKE OTHER DUTIES TO MEET THE NEEDS OF THE CHARITY. THE TEMPORARY RELIGIOUS WORKER WILL UNDERTAKE NON-PASTORAL WORK AND SUPPORT THE RELIGIOUS ACTIVITIES OF THE GURDWARA, TO ASSIST THE HEAD GRANTHI(MINISTER OF RELIGION) AS AND WHEN REQUIRED. THIS IS NOT A PASTORAL ROLE AND DUTIES WILL NOT INCLUDE LEADING A CONGREGATION.

**Closing date for Applications : 10th March 2025**


*Please send your application to the president or vice president by post or via email*

## NANAKSAR GURDWARA PLECK

**4 Wellington Street, Pleck, Walsall WS2 9QR**

**President: Mrs Manjit Kaur - 01922 641040**
**Vice President: Ranjit Singh - 07861 432505**
**Email:gurdwara.pleck@gmail.com**

ਲੜੀਵਾਰ ਨਾਵਲ



ਕਮਲ ਗਿੱਲ

Mob : +44 07454 394684

# ਗੰਧਲੇ ਰਿਸ਼ਤੇ

## ਕਿਸ਼ਤ-10

''ਸਤਾਂਰਾਂ ਸਾਲਾਂ ਦੀ ਹੋਈ ਤਾਂ ਭੂਆ ਨੇ ਆਪਣੇ ਸੋਹਰਿਆਂ ਦੇ ਰਿਸ਼ਤਿਆਂ 'ਚ ਹੀ ਰਿਸ਼ਤਾ ਕਰਾ ਦਿੱਤਾ। ਅਖੇ ਮੁੰਡਾ ਵਲੈਤੋਂ ਆਇਆ ਹੈ। ਕਹਿੰਦੀ ਦੋ ਚਾਰ ਸਾਲ ਕੁੜੀ ਤੋਂ ਵੱਡਾ ਹੈ ਪਹਿਲਾਂ ਇੱਕ ਵਾਰ ਗੋਰੀ ਨਾਲ ਵਿਆਹ ਕਰਾ ਕੇ ਪੱਕਾ ਵੀ ਹੋਇਆ ਹੈ। ਬੀਜੀ ਕਹਿੰਦੀ ਇਹ ਕਹਿੜੀ ਗੱਲ ਹੈ ਨਾਲੇ ਪ੍ਰੋਹਣਾ ਕੁੜੀ ਤੋਂ ਵੱਡਾ ਹੀ ਚਾਹੀਦਾ ਹੈ। ਫਿਰ ਕੀ ਸੀ ਵਲੈਤੀ ਬਾਬੂ ਨਾਲ ਦੋ ਸਾਲ ਫੋਟੋ ਦੇਖ ਕੇ ਹੀ ਮੰਗੀ ਰਹੀ ਤੇ ਉਨੀਆਂ ਦੀ ਹੋਣ 'ਤੇ ਵਿਆਹ ਦਿੱਤੀ। ਵਲੈਤੀਏ ਨੇ ਫੋਟੋ ਜਵਾਨੀ ਵਾਰੇ ਦੀ ਭੇਜੀ ਸੀ ਤੇ ਆਪ ਉਹ ਉਸ ਸਮੇਂ ਚਾਲੀਆਂ ਸਾਲਾ ਦਾ ਸੀ । ਜਦ ਮਾਂ ਨੂੰ ਪਤਾ ਲੱਗਾ ਤਾਂ ਬੜਾ ਵਿਲਕੀ.... ਭੂਆ ਨੂੰ ਵੀ ਗਾਲਾਂ ਕੱਢੀਆਂ ਪਰ ਕੀ ਹੋ ਸਕਦਾ ਸੀ ਸੰਜੋਗ ਸੀ..... ਵਲੈਤੀਆ ਤਿੰਨ ਕੁ ਮਹੀਨਿਆਂ 'ਚ ਹੀ ਮੈਨੂੰ ਇੱਥੇ ਇੰਗਲੈਂਡ ਲੈ ਆਇਆ।




ਉਹ ਮਾਮਾ ਜਿਸ ਨੂੰ ਥੋੜ੍ਹੀ ਦੇਰ ਪਹਿਲਾਂ ਆਪਣੀ ਧੀ ਬੀਜੀ ਨੇ ਇਹ ਕਹਿ ਕੇ ਸੌਂਪੀ ਸੀ ਕਿ ਅੱਜ ਤੋਂ ਇਹ ਤੇਰੀ ਧੀ ਹੈ ਇਹਦਾ ਜਿੱਥੇ ਜੀਅ ਕਰੇ ਵਿਆਹ ਕਰ ਦੇਈਂ। ਹੁਣ ਇਹ ਤੇਰੀ ਜ਼ਿੰਮੇਵਾਰੀ ਹੈ। ਮਾਮੇ ਨੂੰ ਸਾਹਮਣੇ ਖੜ੍ਹਾ ਦੇਖ ਕੇ ਮੇਰੇ ਪੈਰਾਂ ਹੇਠੋਂ ਜ਼ਮੀਨ ਨਿਕਲ ਗਈ।''

ਇੰਨਾਂ ਆਖਦਿਆ ਉਸ ਨੇ ਲੰਬਾ ਹੌਕਾ ਲਿਆ ਤੇ ਧਾਹਾਂ ਮਾਰ ਕੇ ਉੱਚੀ-ਉੱਚੀ ਰੋ ਪਈ। ਉਸ ਦੀਆਂ ਗੱਲਾਂ ਸੁਣ ਕੇ ਮੈਂ ਧੁਰ ਅੰਦਰ ਤੱਕ ਕੰਬ ਗਈ ਮੇਰਾ ਖੁਦ ਰੋਣਾ ਨਹੀਂ ਰੁੱਕ ਰਿਹਾ ਸੀ।

ਮੈਂ ਭੱਜ ਕੇ ਦੁਸਰੇ ਸੋਫੇ 'ਤੇ ਬੈਠੀ ਕੈਲਾਸ਼ ਨੂੰ ਬਾਂਹਾ 'ਚ ਸਮੇਟ ਲਿਆ। ਉਹ ਮੇਰੇ ਗਲ ਨਾਲ ਲੱਗ ਬਹੁਤ ਦੇਰ ਹੌਕੇ ਲੈ-ਲੈ ਰੌਂਦੀ ਰਹੀ। ਸ਼ਾਇਦ ਵ੍ਹਰਿਆਂ ਦਾ ਦਰਦ ਅੱਜ ਅੱਥਰੂਆਂ ਦੇ ਵਹਾਅ ਰਾਹੀ ਬਹਿ ਰਹਾ ਸੀ। ਮੇਰੀਆਂ ਅੱਖਾਂ ਸਾਹਮਣੇ ਉਹ ਸੋਲਾਂ ਸਾਲਾਂ ਦੀ ਮਸੂਮ ਬੱਚੀ ਦਾ ਚਿਹਰਾ ਆ ਰਿਹਾ ਸੀ।

ਕੁੱਝ ਸਮ੍ਹਾਂ ਅਸੀਂ ਦੋਵੇਂ ਕੁਝ ਨਾ ਬੋਲੀਆਂ ।

ਬੜਾ ਹੌਂਸਲਾ ਕਰਕੇ ਮੈਂ ਮਨ 'ਚ ਉੱਠ ਰਿਹਾ ਸਵਾਲ ਪੁੱਛਿਆ,

''ਤੇ ਉਹ ਅੰਦਰ ਆ ਕੇ ਬੱਤੀ ਜਗਾਉਣ ਵਾਲਾ ਕੌਣ ਸੀ ਕੈਲਾਸ਼ ਜੀ?''

''ਉਹ ਉਸ ਮਾਮੇ ਦਾ ਛੋਟਾ ਭਰਾ ਕਰਤਾਰ ਸੀ ਉਹ ਇੰਡੀਆਂ ਹੀ ਰਹਿੰਦਾ ਸੀ ਤੇ ਹਾਲੇ ਪੜ੍ਹਦਾ ਸੀ। ਉਸ ਨੇ ਮੈਨੂੰ ਫਟਾਫਟ ਆਪਣੇ ਪਿੱਛੇ ਧੂਹ ਕੇ ਕਰ ਲਿਆ ਤੇ ਆਪਣੇ ਵੱਡੇ ਭਰਾ ਦੇ ਮੂੰਹ ਤੇ ਚਪੇੜਾਂ ਮਾਰਨੀਆਂ ਸ਼ੁਰੂ ਕਰ ਦਿੱਤੀਆਂ। ਤੇ ਬਹੁਤ ਗਲਾਂ ਵੀ ਕੱਢੀਆਂ ।

ਕਰਤਾਰ ਮਾਮੇ ਨੂੰ ਦੇਖ ਉਹ ਬਿਨਾਂ ਕੁਝ ਕਹੇ ਸੁਣੇ ਉੱਥੋ ਪਲਾਂ ਵਿੱਚ ਹੀ ਥੱਪੜ ਖਾਹ ਕੇ ਦੌੜ ਗਿਆ। ਮੈਂ ਬੇਤਿਹਾਸ਼ਾ ਰੋਈ ਜਾ ਰਹੀ ਸੀ। ਕਰਤਾਰ ਮਾਮੇ ਨੇ ਮੇਰੇ ਤੋਂ ਸਾਰੀ ਗੱਲ ਪੁੱਛੀ। ਮੈਂ ਉਸ ਨੂੰ ਸਭ ਦੱਸਿਆ ਕਿ ਇਸ ਤਰ੍ਹਾ ਹੋਇਆ। ਮਾਮੇ ਨੇ ਮੇਰਾ ਮੂੰਹ ਧੁਵਾਇਆ ਅਤੇ ਮੈਨੂੰ ਪਾਣੀ ਪਿਲਾਇਆ। ਉਸ ਸਮੇਂ ਮੈਂ ਪੂਰਾ ਮਨ ਬਣਾ ਲਿਆ ਸੀ ਕਿ ਮਾਮੇ ਦਾ ਭਾਂਡਾ ਜਾਂਦਿਆਂ ਹੀ ਭੰਨ ਦੇਣਾ ਹੈ। ਪਰ ਕਰਤਾਰ ਮਾਮੇ ਨੇ ਮੇਰੀਆਂ ਮਿੰਨਤਾਂ ਕੀਤੀਆਂ ਕਿ ਮੈਂ ਕਿਸੇ ਨਾਲ ਗੱਲ ਨਾ ਕਰਾਂ। ਬੀਜੀ ਦੇ ਵਾਸਤੇ ਦਿੱਤੇ ਕੀ ਬੀਜੀ ਬਿਖਰ ਜਾਵੇਗੀ। ਮਾਮੀ ਦੇ ਵਾਸਤੇ ਦਿੱਤੇ ਕਿ ਮਾਮੀ ਟੁੱਟ ਜਾਵੇਗੀ। ਉਹ ਮਾਮੇ ਦੀ ਇਹ ਹਰਕਤ ਬਰਦਾਸ਼ਤ ਨਹੀਂ ਕਰੇਗੀ ਤੇ ਉਸ ਦਾ ਘਰ ਟੁੱਟ ਜਾਵੇਗਾ। ਮਾਮੀ ਨਿਆਣਿਆਂ ਨੂੰ ਮਾਮੇ ਤੋਂ ਵੱਖ ਕਰ ਦੇਵੇਗੀ। ਸਾਰਾ ਘਰ ਤਬਾਹ ਹੋ ਜਾਵੇਗਾ ਉਨ੍ਹਾਂ ਦਾ। ਬਹੁਤ ਕੁਝ ਸਮਝਾ ਬੁਝਾ ਕੇ ਮਾਮਾ ਮੈਨੂੰ ਨਾਲ ਘਰ ਲੈ ਆਇਆ। ਘਰ ਵੜਦਿਆਂ ਹੀ ਮਾਮੀ ਦਰਵਾਜ਼ੇ ਤੇ ਮੈਨੂੰ ਉਡੀਕ ਰਹੀ ਸੀ ।

''ਤੂੰ ਗਈ ਵੱਡੇ ਮਾਮੇ ਨਾਲ ਸੀ ਤੇ ਆਈ ਛੋਟੇ ਮਾਮੇ ਨਾਲ ਆ। ਇੰਨੀ ਦੇਰ ਲਾ ਦਿੱਤੀ ਗਲਾਸ ਇੱਕਠੇ ਕਰਦਿਆ? ਅਸੀਂ ਸੋਚਿਆ ਮਾਮਾ ਖਰੇ ਭਾਣਜੀ ਨੂੰ ਨਾਲ ਲੈ ਕੇ ਹੁਣੇ ਵਰ ਲੱਭਣ ਚੱਲੇ ਗਿਆ ਆ। ਮਾਮੇ ਦੇ ਸਿਰ ਪਿਓ ਵਾਲੀ ਜ਼ਿੰਮੇਵਾਰੀ ਪਾ ਦਿੱਤੀ ਹੈ ਉਸ ਦੀ ਭੈਣ ਨੇ ਤੇ ਦੇਖਿਓ ਹੁਣ ਅਸੀਂ ਦੋਵੇਂ ਤੀਵੀਂ ਅਦਾਮੀ ਆਪਣਾ ਫਰਜ਼ ਕਿੱਦਾਂ ਪੂਰਾ ਕਰਦੇ ਹਾਂ। ਹੁਣ ਇਹ ਭੈਣ ਜੀ ਦੀ ਧੀ ਨਹੀਂ ਸਾਡੀ ਦੋਹਾਂ ਦੀ ਧੀ ਆ।''

ਮਾਮੀ ਇੱਕੋ ਸਾਹੇ ਬੋਲੀ ਜਾ ਰਹੀ ਸੀ । ਮੈਂ ਕਰਤਾਰ ਮਾਮੇ ਵੱਲ ਵੇਖਿਆ ਉਸ ਦੀਆਂ ਨਜ਼ਰਾਂ 'ਚ ਤਰਲਾ ਛੁਪਿਆ ਹੋਇਆ ਸੀ । ਤੇ ਨਾਲ-ਨਾਲ ਮਾਮੇ ਦੀ ਹਰਕਤ ਨੇ ਉਸ ਨੂੰ ਵੀ ਸ਼ਰਮਿੰਦਾ ਕੀਤਾ ਹੋਇਆ ਸੀ। ਸਾਰੀ ਰਾਤ ਮੈਂ ਸੋ ਨਾ ਸਕੀ। ਜਦ ਅੱਖਾਂ ਮੀਟਦੀ ਮੈਨੂੰ ਕੋਈ ਮੇਰਾ ਰੇਪ ਕਰਦਾ ਹੀ ਨਜ਼ਰ ਆਉਂਦਾ। ਅਸਲੀਅਤ 'ਚ ਸਰੀਰਕ ਤੌਰ 'ਤੇ ਮੈਂ ਰੇਪ ਹੋਣ ਤੋਂ ਬਚ ਗਈ ਸੀ ਪਰ ਮਾਨਸਿਕ ਤੌਰ 'ਤੇ ਮੇਰਾ ਰੇਪ ਹੋ ਚੁੱਕਿਆ ਸੀ। ਉਹ ਵੀ ਲੋਕਾਂ ਹੱਥੋ ਨਹੀਂ.... ਮੇਰੇ ਆਪਣਿਆਂ ਹੱਥੋਂ। ਇੰਨਾਂ ਆਖ ਉਹ ਫਿਰ ਢੂੰਗੀਆਂ ਸੋਚਾਂ 'ਚ ਡੁੱਬ ਗਈ।

''ਇਸ ਵਾਰ ਵੀ ਤੁਸੀਂ ਫਿਰ ਕਿਸੇ ਨੂੰ ਨਹੀਂ ਦੱਸਿਆ ਇਸ ਘਟਨਾਂ ਬਾਰੇ?''

''ਨਹੀਂ, ਮੈਂ ਨਹੀਂ ਦੱਸ ਸਕੀ। ਕਿਉਂਕਿ ਜਿਸ ਸਮਾਜ 'ਚ ਮੈ ਪਲੀ ਵੜੀ ਸੀ ਉਹ ਸਮਾਜ ਇਸ ਤਰ੍ਹਾਂ ਦਾ ਸੀ ਕਿ ਚਾਹੇ ਜੋ ਮਰਜ਼ੀ ਹੋ ਜਾਏ ਆਖਿਰ ਗਲਤੀ ਔਰਤ ਦੀ ਹੀ ਕੱਢੀ ਜਾਂਦੀ ਸੀ । ਉਦੋਂ ਵੀ ਤੇ ਅੱਜ ਵੀ ।''

''ਹਾਂ ਤੁਸੀਂ ਸਹੀ ਕਹਿ ਰਹੇ ਹੋ, ਮੈਂ ਸਹਿਮਤ ਹਾਂ ਇਸ ਗੱਲ ਨਾਲ ਬਹੁਤ ਸਾਰੇ ਲੋਕ ਆਪਣੇ ਪੁੱਤਰ ਦੀਆਂ ਗਲਤੀਆਂ ਕੱਢਣ ਦੀ ਬਜਾਏ ਦੂਸਰੇ ਦੀ ਧੀ ਨੂੰ ਅੰਦਰ ਡੱਕ ਕੇ ਰੱਖਣ ਦੀ ਸਲਾਹ ਦਿੰਦੇ ਹਨ ।'' ਕੈਲਾਸ਼ ਨੇ ਲੰਬਾ ਹੌਕਾ ਲਿਆ ਤੇ ਮੇਰੇ ਵੱਲ ਵੇਖਣ ਲੱਗ ਗਈ।

''ਕੀ ਗੱਲ ਕੈਲਾਸ਼ ਜੀ ਕੀ ਵੇਖ ਰਹੇ ਹੋ?''

''ਕੁੱਝ ਨਹੀ, ਬੱਸ ਸੋਚਦੀ ਹਾਂ ਕਿ ਤੂੰ ਮੇਰੇ ਲਈ ਅਣਜਾਣ ਕੁੜੀ ਏ ਇੱਕਦਮ ਅਜ਼ਨਬੀ ਤੇ ਮੈਂ ਆਪਣੇ ਸਾਰੇ ਦੁੱਖ ਇੱਕ-ਇੱਕ ਕਰਕੇ ਮੈਲੇ ਕੱਪੜਿਆਂ ਵਾਂਗ ਤੇਰੇ ਅੱਗੇ ਫੋਲ ਰਹੀ ਹਾਂ।''

''ਮੇਰੇ 'ਤੇ ਭਰੋਸਾ ਰੱਖੋ ਮੈਂ ਕਿਸੇ ਨਾਲ ਕੋਈ ਗੱਲ ਨਹੀਂ ਕਰਾਂਗੀ। ਤੁਸੀਂ ਅੱਜ ਇਹ ਤਨ ਦੇ ਸਾਰੇ ਮੈਲੇ ਕੱਪੜੇ ਲਾਹ ਕੇ ਪਰ੍ਹਾਂ ਵਗਾਹ ਮਾਰੋ ਤੇ ਆਪਣੇ ਇਨ੍ਹਾਂ ਪਵਿੱਤਰ ਹੰਝੂਆਂ 'ਚ ਨਹਾ ਕੇ ਇੱਕ ਦਮ ਤਰੋ-ਤਾਜਾ ਹੋ ਜਾਓ। ਮੈਂ ਤੁਹਾਨੂੰ ਇਸੇ ਲਈ ਰੋਣ ਤੋਂ ਨਹੀਂ ਰੋਕਦੀ । ਇਹ ਹੰਝੂ ਨਹੀਂ ਤੁਹਾਡਾ ਗ਼ਮ ਹੈ ਜੋ ਬਹੁਤ ਸਾਲਾਂ ਤੋਂ ਤੁਸੀਂ ਆਪਣੀ ਬੁੱਕਲ 'ਚ ਲੁੱਕੋ ਕੇ ਬੈਠੇ ਹੋ।

ਅਗਾਂਹ ਫਿਰ ਤੁਸੀਂ ਇੱਥੇ ਕਿਸ ਤਰ੍ਹਾ ਆਏ ਇੰਗਲੈਂਡ ਵਿੱਚ ਕੈਲਾਸ਼ ਜੀ ?

''ਸਤਾਂਰਾਂ ਸਾਲਾਂ ਦੀ ਹੋਈ ਤਾਂ ਭੂਆ ਨੇ ਆਪਣੇ ਸੋਹਰਿਆਂ ਦੇ ਰਿਸ਼ਤਿਆਂ 'ਚ ਹੀ ਰਿਸ਼ਤਾ ਕਰਾ ਦਿੱਤਾ। ਅਖੇ ਮੁੰਡਾ ਵਲੈਤੋਂ ਆਇਆ ਹੈ। ਕਹਿੰਦੀ ਦੋ ਚਾਰ ਸਾਲ ਕੁੜੀ ਤੋਂ ਵੱਡਾ ਹੈ ਪਹਿਲਾਂ ਇੱਕ ਵਾਰ ਗੋਰੀ ਨਾਲ ਵਿਆਹ ਕਰਾ ਕੇ ਪੱਕਾ ਵੀ ਹੋਇਆ ਹੈ। ਬੀਜੀ ਕਹਿੰਦੀ ਇਹ ਕਹਿੜੀ ਗੱਲ ਹੈ ਨਾਲੇ ਪ੍ਰੋਹਣਾ ਕੁੜੀ ਤੋਂ ਵੱਡਾ ਹੀ ਚਾਹੀਦਾ ਹੈ। ਫਿਰ ਕੀ ਸੀ ਵਲੈਤੀ ਬਾਬੂ ਨਾਲ ਦੋ ਸਾਲ ਫੋਟੋ ਦੇਖ ਕੇ ਹੀ ਮੰਗੀ ਰਹੀ ਤੇ ਉਨੀਆਂ ਦੀ ਹੋਣ 'ਤੇ ਵਿਆਹ ਦਿੱਤੀ। ਵਲੈਤੀਏ ਨੇ ਫੋਟੋ ਜਵਾਨੀ ਵਾਰੇ ਦੀ ਭੇਜੀ ਸੀ ਤੇ ਆਪ ਉਹ ਉਸ ਸਮੇਂ ਚਾਲੀਆਂ ਸਾਲਾ ਦਾ ਸੀ । ਜਦ ਮਾਂ ਨੂੰ ਪਤਾ ਲੱਗਾ ਤਾਂ ਬੜਾ ਵਿਲਕੀ.... ਭੂਆ ਨੂੰ ਵੀ ਗਾਲਾਂ ਕੱਢੀਆਂ ਪਰ ਕੀ ਹੋ ਸਕਦਾ ਸੀ ਸੰਜੋਗ ਸੀ..... ਵਲੈਤੀਆ ਤਿੰਨ ਕੁ ਮਹੀਨਿਆਂ 'ਚ ਹੀ ਮੈਨੂੰ ਇੱਥੇ ਇੰਗਲੈਂਡ ਲੈ ਆਇਆ।

''ਤੁਹਾਡੇ ਹਸਬੈਂਡ ਦਾ ਸੁਭਾਅ ਚੰਗਾ ਹੈ?'' ਹੁਣ ਕਿੱਥੇ ਹਨ ਉਹ? ਤੁਹਾਡੇ ਨਾਲ ਨਹੀਂ ਰਹਿੰਦੇ?''

''ਹਾਂ ਸਭਾਅ ਚੰਗਾ ਸੀ । ਹਫਤੇ 'ਚ ਇੱਕ-ਦੋ ਦਿਨ ਕੰਮ ਕਰਦਾ ਬਾਕੀ ਦਿਨ ਸ਼ਰਾਬ ਪੀ ਕੇ ਘਰੇ ਪਿਆ ਰਹਿੰਦਾ।''

''ਤੇ ਤੁਹਾਡੀਆਂ ਜ਼ਰੂਰਤਾਂ?''

''ਕਿਹੜੀਆਂ ਜ਼ਰੂਰਤਾਂ ਦੀ ਗੱਲ ਕਰ ਰਹੀ ਹੈ? ਤਨ ਦੀਆਂ ਧਨ ਦੀਆਂ ਜਾਂ ਮਨ ਦੀਆਂ?''

ਉਸ ਨੇ ਮੁਸਕਰਾਉਂਦੇ ਹੋਏ ਮੇਰੇ ਸਵਾਲ 'ਤੇ ਇੱਕ ਹੋਰ ਸਵਾਲ ਖੜ੍ਹਾ ਕਰ ਦਿੱਤਾ।

''ਸਾਰੀਆਂ ਜ਼ਰੂਰਤਾਂ।''

''ਮੈ ਪਾਰਟ ਟਾਈਮ ਨਰਸਿੰਗ ਹੋਮ 'ਚ ਹੈਲਥ ਕੇਅਰ ਅਸਿਸਟੈਂਟ ਦਾ ਕੰਮ ਸ਼ੁਰੂ ਕਰ ਦਿੱਤਾ ਸੀ ਉਸ ਨਾਲ ਗੁਜ਼ਾਰਾ ਹੋਈ ਜਾਂਦਾ ਸੀ ।'' ਸਾਲ ਆਈ ਨੂੰ ਹੋ ਗਿਆ ਸੀ ਹੁਣ ਮਨ ਤਾਂ ਮਰ ਹੀ ਗਿਆ ਸੀ ਤੇ ਰਹੀ ਗੱਲ ਤਨ ਦੀ ਜ਼ਰੂਰਤ ਦੀ ਉਹ ਮਹਿਸੂਸ ਹੀ ਨਹੀਂ ਹੁੰਦੀ ਸੀ। ਉਹ ਲੋਕ ਬੇਵਕੂਫ ਹਨ ਜੋ ਇਹ ਸੋਚਦੇ ਹਨ ਕਿ ਔਰਤ ਸੈਕਸ ਤੋਂ ਬਿਨ੍ਹਾਂ ਨਹੀਂ ਜੀਅ ਸਕਦੀ ਰੋਟੀ ਬਿਨ੍ਹਾਂ ਜੀਅ ਸਕਦੀ ਹੈ। ਤੂੰ ਵੀ ਉਹ ਕਹਾਵਤ ਸੁਣੀ ਹੋਵੇਗੀ । ਉਹ ਬਿਲਕੁੱਲ ਗਲਤ ਹੈ । ਇਹੋ ਜਿਹੇ ਲੋਕ ਔਰਤ ਦਾ ਕਰੈਕਟਰ ਖਰਾਬ ਕਰ ਦਿੰਦੇ ਹਨ। ਔਰਤ ਜਿੰਨਾਂ ਕੋਈ ਵਿਸ਼ਾਲ ਨਹੀਂ ਹੈ, ਔਰਤ ਬਹੁਤ ਕੁਝ ਸਹਿ ਸਕਦੀ ਹੈ। ਔਰਤ ਨੂੰ ਤਨ ਦੀ ਭੁੱਖ ਨਾਲੋਂ ਮਨ ਦੀ ਭੁੱਖ ਜ਼ਿਆਦਾ ਹੁੰਦੀ ਹੈ। ਜੇ ਉਸ ਦੇ ਮਨ ਦੀ ਪੀੜ੍ਹ ਸਮਝਣ ਵਾਲਾ ਕੋਈ ਮਿਲ ਜਾਏ ਤਾਂ ਔਰਤ ਤਨ ਦੀ ਭੁੱਖ ਦਾ ਸੋਚਦੀ ਹੀ ਨਹੀਂ।''

''ਹਾਂ ਸੱਚ ਕਹਿ ਰਹੇ ਹੋ ਤੁਸੀਂ, ਇਹ ਸਭ ਮੈਂ ਤੁਹਾਡੀਆਂ ਕਹਾਣੀਆਂ 'ਚ ਵੀ ਪੜ੍ਹਿਆ ਹੈ ਤੁਸੀਂ ਜਿੰਨਾਂ ਵਧੀਆ ਔਰਤ ਬਾਰੇ ਲਿਖਿਆ ਹੈ ਸ਼ਾਇਦ ਹੀ ਹੋਰ ਕੋਈ ਇੰਨਾਂ ਵਧੀਆ ਲਿੱਖ ਸਕਦਾ।'' ''ਤੁਹਾਡੇ ਹਸਬੈਂਡ ਹੁਣ ਕਿੱਥੇ ਨੇ?''

''ਸੋਰੀ ਮੈਂ ਇਸ ਸਵਾਲ ਦਾ ਜਵਾਬ ਦੇਣਾ ਭੁੱਲ ਗਈ ਸੀ ।''

''ਤਕਰੀਬਨ 10 ਸਾਲ ਹੋ ਗਏ ਹੋਣੇ ਸਾਨੂੰ ਅਲੱਗ ਹੋਇਆਂ ਨੂੰ, ਉਹ ਆਪਣੇ ਵੱਖਰੇ ਘਰ ਵਿੱਚ ਆਪਣੇ ਮਾਂ-ਪਿਓ ਨਾਲ ਰਹਿੰਦਾ ਹੈ ਹੋਰ ਟਾਊਨ ਵਿੱਚ। ਮੈਂ ਤੇ ਦੱਸ ਸਾਲਾਂ ਤੇ ਉੱਪਰ ਹੋ ਗਿਆ ਮੁੜ ਉਸ ਨੂੰ ਕਦੇ ਦੇਖਿਆ ਨਹੀਂ। ਮੈਂ ਤੇ ਮੇਰਾ ਬੇਟਾ ਹੀ ਇੱਥੇ ਰਹਿੰਦੇ ਹਾਂ। ਮੈਂ ਆਪਣੀ ਇਸ ਲਿਖਤ-ਪੜ੍ਹਤ ਦੀ ਨੌਕਰੀ ਤੋਂ ਬਿਨ੍ਹਾਂ ਸ਼ੋਸ਼ਲ ਐਂਡ ਹੈਲਥ ਕੇਅਰ ਅਸਿਸਟੈਂਟ ਦੀ ਵੀ ਪਾਰਟ ਟਾਈਮ ਜੌਬ ਕਰਦੀ ਹਾਂ । ਮੇਰਾ ਬੇਟਾ ਮੇਰੇ ਲਈ ਸਭ ਕੁਝ ਹੈ.... ਮੇਰੀ ਦੁਨੀਆਂ ਉਸ ਤੋਂ ਸ਼ੁਰੂ ਹੁੰਦੀ, ਉਸ 'ਤੇ ਹੀ ਮੁੱਕ ਜਾਂਦੀ ਹੈ। ਬਸ ਆਹ ਸਾਲ ਉਹ ਆਪਣੀ ਡਿਗਰੀ ਕੰਪਲੀਟ ਕਰ ਕੇ ਵਾਪਸ ਘਰ ਆ ਜਾਵੇਗਾ ਤੇ ਦਾਰ ਜੀ ਦੀ ਮੌਤ ਤੋਂ ਬਾਅਦ ਤਕਰੀਬਨ ਮੇਰੀ ਮਾਂ ਵੀ ਹਰ ਸਾਲ ਆ ਜਾਂਦੀ ਹੈ ਇੱਥੇ ਮੇਰੇ ਕੋਲ।

ਆਪਣੇ ਡਿਵੋਰਸ ਦੀ ਗੱਲ ਦੱਸਦਿਆਂ ਉਸ ਨੂੰ ਕੋਈ ਦੁੱਖ ਨਹੀਂ ਸੀ ਸਗੋਂ ਇੱਕ ਸਕੂਨ ਜਿਹਾ ਸੀ ਜਿਸ ਤਰ੍ਹਾਂ ਕੋਈ ਮਾੜੀ ਚੀਜ਼ ਗਲੋ ਲਿੱਥਣ ਬਾਅਦ ਬੰਦਾ ਹਲਕਾ-ਹਲਕਾ ਮਹਿਸੂਸ ਕਰਦਾ ਹੈ।

ਚਲਦਾ....

# A Dip in Gurbani vs in Maha Kumbh

**Kirpal Singh**
Wellington, New Zealand

..Continued from last week

ਦਇਆ ਦੇਵਤਾ ਖਿਮਾ ਜਪਮਾਲੀ ਤੇ ਮਾਣਸ ਪਰਧਾਨ ॥
Dhaeiaa Dhaevathaa Khimaa Japamaalee Thae Maanas Paradhhaan ||
Kindness as their deity, and forgiveness as their chanting beads - they are the most excellent people.

ਜੁਗਤਿ ਧੋਤੀ ਸੁਰਤਿ ਚਉਕਾ ਤਿਲਕੁ ਕਰਣੀ ਹੋਇ ॥
Jugath Dhhothee Surath Choukaa Thilak Karanee Hoe ||
Those who take the Way as their loincloth, and intuitive awareness their ritualistically purified enclosure, with good deeds their ceremonial forehead mark,

ਭਾਉ ਭੋਜਨ ਨਾਨਕਾ ਵਿਰਲਾ ਤ ਕੋਈ ਕੋਇ॥1॥
Bhaao Bhojan Naanakaa Viralaa Th Koee Koe ||1||
And love their food - O Nanak, they are very rare. ||1||

ਗੁਰਾ ਏਕ ਦੇਹਿ ਬੁਝਾਈ ॥ (Jap, Guru Nanak, GGS. 2-10).
Guraa Eik Dhaehi Bujhaaee ||
The Guru has given me this one understanding:

ਸਭਨਾ ਜੀਆ ਕਾ ਇਕੁ ਦਾਤਾ ਸੋ ਮੈਂ ਵਿਸਰਿ ਨ ਜਾਈ ॥5॥
Sabhanaa Jeeaa Kaa Eik Dhaathaa So Mai Visar N Jaaee ||5||
There is only the One, the Giver of all souls. May I never forget Him! ||5||

ਤੀਰਥਿ ਨਾਵਾ ਜੇ ਤਿਸੁ ਭਾਵਾ ਵਿਣੁ ਭਾਣੇ ਕਿ ਨਾਇ ਕਰੀ ॥
Theerathh Naavaa Jae This Bhaavaa Vin Bhaanae K Naae Karee ||
If I am pleasing to Him, then that is my pilgrimage and cleansing bath. Without pleasing Him, what good are ritual cleansings?

Guru Amar Das Ji and Guru Arjan Dev Ji and Bhagat Kabir Ji further endorse as follows:-
(Sri Raag M. 3, GGS. 86-7).

ਪੰਡਿਤ ਪੜਿ ਪੜਿ ਉਚਾ ਕੂਕਦਾ ਮਾਇਆ ਮੋਹਿ ਪਿਆਰੁ ॥
Panddith Parr Parr Ouchaa Kookadhaa Maaeiaa Mohi Piaar||
The Pandits, the religious scholars, read and read, and shout out loud, but they are attached to the love of Maya.

ਅੰਤਰਿ ਬ੍ਰਹਮੁ ਨ ਚੀਨਈ ਮਨਿ ਮੂਰਖੁ ਗਾਵਾਰੁ॥
Anthar Breham N Cheenee Man Moorakh Gaavaar ||
They do not recognize God within themselves-they are so foolish and ignorant!

ਦੂਜੈ ਭਾਇ ਜਗਤੁ ਪਰਬੋਧਦਾ ਨਾ ਬੂਝੈ ਬੀਚਾਰੁ॥
Dhoojai Bhaae Jagath Parabodhhadhaa Naa Boojhai Beechaar ||
In the love of duality, they try to teach the world, but they do not understand meditative contemplation.

ਬਿਰਥਾ ਜਨਮੁ ਗਵਾਇਆ ਮਰਿ ਜੰਮੈ ਵਾਰੋ ਵਾਰ ॥
Birathhaa Janam Gavaaeiaa Mar Janmai Vaaro Vaar ||1||
They lose their lives uselessly; they die, only to be re-born, over and over again. ||1||
(Salok Vaaraan and Vadheek M. 3, GGS. 1414-3).

ਸਤਿਗੁਰ ਨ ਸੇਵਿਓ ਸਬਦੁ ਨ ਰਖਿਓ ਉਰ ਧਾਰਿ ॥
Sathiguroo N Saeviou Sabadh N Rakhiou Our Dhhaar ||
Those who do not serve the True Guru, and do not keep the Shabad enshrined in their hearts

ਧਿਗੁ ਤਿਨਾ ਕਾ ਜੀਵਿਆ ਕਿਤੁ ਆਏ ਸੰਸਾਰਿ॥
Dhhig Thinaa Kaa Jeeviaa Kith Aaeae Sansaar ||
Cursed are their lives. Why did they even come into the world?
(Raag Suhi Bhagat Kabir , GGS. 793-2).

ਬਾਵਰੇ ਤੈ ਗਿਆਨ ਬੀਚਾਰੁ ਨ ਪਾਇਆ ॥
Baavarae Thai Giaan Beechaar N Paaeiaa ||
O mad man, you have not obtained spiritual wisdom and meditation.

ਬਿਰਥਾ ਜਨਮੁ ਗਵਾਇਆ ॥1॥ ਰਹਾਉ॥
Birathhaa Janam Gavaaeiaa ||1|| Rehaao ||
You have wasted this human life, and lost. ||1||Pause||

Guru Gobind Singh guides us against such pilgrimages and rituals:-
(Dasam Granth)

ਕਹਾ ਭਯੋ ਦੋਊ ਲੋਚਨ ਮੂੰਦ ਕੈ ਬੈਠਿ ਰਹਿਓ ਬਕ ਧਯਾਨ ਲਗਾਇਓ ॥ (ਦਸਮ ਗ੍ਰੰਥ)
Kahaa Bhayo Doaoo Lochan Mooaanda Kai Baitthi Rahiao Baka Dhaiaan Lagaaeiao A
Of what use it is if one sits and meditates like a crane with his eyes closed.

ਨ੍ਹਾਤ ਫਿਰਿਓ ਲੀਏ ਸਾਤ ਸਮੁੰਦ੍ਰਨ ਲੋਕ ਗਇਓ ਪਰਲੋਕ ਗਵਾਇਓ ॥
Nahaata Phiriao Leeee Saata Samuaandarn Loka Gaeiao Parloka Gavaaeiao A
If he takes bath at holy places upto the seventh sea, he loses this world and also the next world.

- ਬਾਸੁ ਕੀਓ ਬਿਖਿਆਨ ਸੋ ਬੈਠ ਕੇ ਐਸੇ ਹੀ ਐਸ ਸੁ ਬੈਸ ਬਿਤਾਇਓ ॥
Baasu Keeao Bikhiaan So Baittha Ke Aaise Hee Aaisa Su Baisa Bitaaeiao A
He spends his life in such performing evil actions and wastes his life in such pursuits.

ਸਾਚੁ ਕਹੌ ਸੁਨ ਲੇਹੁ ਸਭੈ ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭੁ ਪਾਇਓ ॥
Saachu Kahou Suna Lehu Sabhai Jin Parema Keeao Tin Hee Parbhu Paaeiao A9A29A
I speak Truth, all should turn their ears towards it: he, who is absorbed in True Love, he would realize the Lord. 9.29.

ਕਹੂੰ ਲੈ ਪਾਹਨ ਪੂਜ ਧਰਿਓ ਸਿਰਿ ਕਾਹੂੰ ਲੈ ਲਿੰਗੁ ਗਰੇ ਲਟਕਾਇਓ ॥
Kaahooaan Lai Paahan Pooja Dhariao Siri Kaahooaan Lai Liaangu Gare Lattakaaeiao A
Someone worshipped stone and placed it on his head. Someone hung the phallus (lingam) from his neck.

ਕਾਹੂੰ ਲਖਿਓ ਹਰਿ ਅਵਾਚੀ ਦਿਸਾ ਮਹਿ ਕਾਹੂੰ ਪਛਾਹ ਕੋ ਸੀਸ ਨਿਵਾਇਓ ॥
Kaahooaan Lakhiao Hari Avaachee Disaa Mahi Kaahooaan Pachhaaha Ko Seesa Nivaaeiao A
Someone visualized God in the South and someone bowed his head towards the West.

ਕੋਉ ਬੁਤਾਨ ਕੋ ਪੂਜਤ ਹੈ ਪਸੁ ਕੋਊ ਮ੍ਰਿਤਾਨ ਕੌ ਪੂਜਨ ਧਾਇਓ ॥
Koaoo Butaan Kou Poojata Hai Pasu Koaoo Mritaan Kou Poojan Dhaaeiao A
Some fool worships the idols and someone goes to worship the dead.

ਕੂਰ ਕ੍ਰਿਆ ਉਰਝਿਓ ਸਭ ਹੀ ਜਗੁ ਸ੍ਰੀ ਭਗਵਾਨ ਕੌ ਭੇਦੁ ਨ ਪਾਇਓ ॥ Koora Kriaa Aurjhiao Sabha Hee Jagu Sree Bhagavaan Kou Bhedu Na Paaeiao A10A30A
The whole world is entangled in false rituals and has not known the secret of Lord-God 10.30.

**Conclusion:-**

I do wish that appropriate steps are taken to provide guidance to such well built Sadhus to take up some KIRATS (Vocations) to better serve themselves and the Nation and their fellow country beings as per the Gurmat Advice: - NAAM JAPO, VAND CHACKO and KIRAT KARO, rather than staying/hiding in caves and living on receiving meger donations from their blind chelas or bhagats etc. Gurmat advice is handy:-

ਪ੍ਰਾਣੀ ਤੂੰ ਆਇਆ ਲਾਹਾ ਲੈਣਿ ॥ (Sri Raag M. 5, GGS. 43-3).
Praanee Thoon Aaeiaa Laahaa Lain ||
O mortal, you came here to earn a profit.

ਲਗਾ ਕਿਤੁ ਕੁਫਕੜੇ ਸਭ ਮੁਕਦੀ ਚਲੀ ਰੈਣਿ॥ ਰਹਾਉ ॥
Lagaa Kith Kufakarrae Sabh Mukadhee Chalee Rain ||1|| Rehaao ||
What useless activities are you attached to? Your life-night is coming to its end. ||1||Pause||

## ਚਰਚਿਤ ਪੁਲਿਸ ਅਫਸਰ ਡੈਰਕ ਚੌਵਿਨ ਦੀ ਧੱਕੇਸ਼ਾਹੀ ਦਾ ਸ਼ਿਕਾਰ ਹੋਈ ਔਰਤ ਨੂੰ ਸਿਟੀ ਕੌਂਸਲ ਦੇਵੇਗੀ 6 ਲੱਖ ਡਾਲਰ



ਸੈਕਰਾਮੈਂਟੋ,ਕੈਲੀਫੋਰਨੀਆ (ਹੁਸਨ ਲੜੋਆ ਬੰਗਾ) - ਮਿਨੇਅਪੋਲਿਸ ਸਿਟੀ ਕੌਂਸਲ ਇਕ ਪਟੀਸ਼ਨ ਦੇ ਨਿਪਟਾਰੇ ਲਈ ਇਕ ਔਰਤ ਨੂੰ 6 ਲੱਖ ਡਾਲਰ ਦੇਣ ਲਈ ਸਹਿਮਤ ਹੋਈ ਹੈ ਜਿਸ ਔਰਤ ਨੇ ਦਾਇਰ ਪਟੀਸ਼ਨ ਵਿਚ ਦੋਸ਼ ਲਾਇਆ ਸੀ ਕਿ ਸਾਬਕਾ ਪੁਲਿਸ ਅਧਿਕਾਰੀ ਡੈਰਕ ਚੌਵਿਨ ਨੇ ਉਸ ਨੂੰ ਮਿੰਨੀ ਵੈਨ ਵਿਚੋਂ ਧੂਹ ਕੇ ਬਾਹਰ ਕੱਢਿਆ ਤੇ ਆਪਣੇ ਗੋਡੇ ਨਾਲ ਜਮੀਨ ਉਪਰ ਲਿਟਾ ਕੇ ਉਸ ਉਪਰ ਤਸ਼ੱਦਦ ਕੀਤਾ। ਇਹ ਘਟਨਾ ਜਨਵਰੀ 2020 ਦੀ ਹੈ। ਇਹ ਉਹ ਹੀ ਪੁਲਿਸ ਅਧਿਕਾਰੀ ਹੈ ਜਿਸ ਨੇ ਇਸ ਘਟਨਾ ਤੋਂ 4 ਮਹੀਨੇ ਬਾਅਦ ਕਾਲੇ ਵਿਅਕਤੀ ਜਾਰਜ ਫਲਾਇਡ ਦੀ ਧੌਣ 'ਤੇ ਗੋਡੇ ਨਾਲ ਏਨਾ ਦਬਾਅ ਪਾਇਆ ਸੀ ਕਿ ਸਾਹ ਬੰਦ ਹੋਣ ਕਾਰਨ ਉਸ ਦੀ ਮੌਤ ਹੋ ਗਈ ਸੀ। ਲੋਕ ਨਿਰਮਾਣ ਵਿਭਾਗ ਵਿਚ ਨੌਕਰੀ ਕਰਦੀ ਪੈਟੀ ਡੇ ਨਾਮੀ ਔਰਤ ਨੇ ਪਿਛਲੇ ਸਾਲ ਮਈ ਵਿਚ ਦਾਇਰ ਪਟੀਸ਼ਨ ਵਿਚ ਦਾਅਵਾ ਕੀਤਾ ਸੀ ਕਿ ਉਹ ਪੁਲਿਸ ਦੇ ਧੱਕੇ ਦਾ ਸ਼ਿਕਾਰ ਹੋਈ ਹੈ ਤੇ ਉਸ ਨੂੰ ਗਲਤ ਗ੍ਰਿਫਤਾਰ ਕੀਤਾ ਗਿਆ ਸੀ। ਉਸ ਨੇ ਮੰਨਿਆ ਕਿ 17 ਜਨਵਰੀ 2020 ਨੂੰ ਉਸ ਨੇ ਸ਼ਰਾਬ ਪੀਤੀ ਸੀ ਕਿਉਂਕਿ ਤਲਾਕ ਦੀ ਕਾਰਵਾਈ ਤੇ ਹੋਰ ਮੁਸ਼ਕਿਲਾਂ ਕਾਰਨ ਉਹ ਪ੍ਰੇਸ਼ਾਨ ਸੀ ਤੇ ਉਹ ਕਈ ਘੰਟਿਆਂ ਤੋਂ ਬਰਫਬਾਰੀ ਵਿਚ ਫਸੀ ਹੋਈ ਸੀ। ਪਟੀਸ਼ਨਰ ਅਨੁਸਾਰ ਚੌਵਿਨ ਤੇ ਉਸ ਦਾ ਇਕ ਸਾਥੀ ਪੁਲਿਸ ਅਫਸਰ ਐਲਨ ਜੈਨਸਨ ਅਚਾਨਕ ਮੌਕੇ ਉਪਰ ਪੁੱਜੇ। ਉਨਾਂ ਨੇ ਮੈਨੂੰ ਗੱਡੀ ਵਿਚੋਂ ਕੱਢ ਕੇ ਹੇਠਾਂ ਸੁੱਟ ਦਿੱਤਾ ਜਿਸ ਕਾਰਨ ਉਹ ਜਖਮੀ ਹੋ ਗਈ। ਵਿਸ਼ੇਸ਼ ਤੌਰ 'ਤੇ ਚੌਵਿਨ ਨੇ ਉਸ ਨਾਲ ਧੱਕਾ ਕੀਤਾ ਤੇ ਉਸ ਦੇ ਹੱਥ ਪਿੱਠ ਪਿੱਛੇ ਬੰਨ ਦਿੱਤੇ। ਇਕ ਜੱਜ ਵੱਲੋਂ ਪੈਟੀ ਵਿਰੁੱਧ ਸ਼ਰਾਬ ਪੀਤੀ ਹੋਣ ਦੇ ਲਾਏ ਦੋਸ਼ ਰੱਦ ਕਰ ਦਿੱਤੇ ਗਏ ਸਨ। ਇਥੇ ਜਿਕਰਯੋਗ ਹੈ ਕਿ ਸਿਟੀ ਕੌਂਸਲ ਚੌਵਿਨ ਦੀ ਸ਼ਮੂਲੀਅਤ ਵਾਲੇ ਪੁਲਿਸ ਧੱਕੇਸ਼ਾਹੀ ਦੇ ਮਾਮਲਿਆਂ ਵਿਚ 3.6 ਕਰੋੜ ਡਾਲਰ ਮੁਆਵਜੇ ਵਜੋਂ ਦੇ ਚੁੱਕੀ ਹੈ। ਇਨਾਂ ਵਿਚ ਜਾਰਜ ਫਲਾਇਡ ਦੇ ਪਰਿਵਾਰ ਨੂੰ ਕੀਤੀ 2.7 ਕਰੋੜ ਡਾਲਰ ਦੀ ਅਦਾਇਗੀ ਵੀ ਸ਼ਾਮਿਲ ਹੈ।

## ਹਾਸ ਵਿਅੰਗ

**ਸੁੰਦਰਪਾਲ 'ਪ੍ਰੇਮੀ'**



# ਆਤਮ ਬੋਲ ਕੁਰਸੀ ਦੇ

ਮੇਰੇ ਮੱਕਾਰ ਦੀਵਾਨੇ ਮੇਰੇ 'ਤੇ ਮਰਨੀ ਮਰਦੇ ਹਨ। ਮੇਰੇ 'ਤੇ ਕਾਬਜ਼ ਹੋਣ ਲਈ ਸੌ-ਸੌ ਟਿਟਵੈਰ ਖੜ੍ਹੇ ਕਰਦੇ ਹੋਏ ਆਪਣੀ ਹੋਛੀ ਰਾਜਨੀਤੀ ਤੋਂ ਸੁਪਨੇ ਵਿਚ ਵੀ ਕਿਨਾਰਾ ਨਹੀਂ ਕਰਦੇ ਹਨ। ਮੇਰੇ ਪਿੱਛੇ ਪਾਗਲ ਹੋਏ ਨੇਤਾ ਕਦਰਾਂ-ਕੀਮਤਾਂ ਦੀ ਸੰਘੀ ਘੁੱਟਣ ਤੋਂ ਪਾਸਾ ਨਹੀਂ ਵੱਟਦੇ। ਮੇਰੇ ਫਸਲੀ ਬਟੇਰੇ ਆਸ਼ਕ ਦੀਨ-ਇਮਾਨ ਨਾਲ ਤੋੜ-ਵਿਛੋੜਾ ਕਰਨ ਵਿਚ ਅੰਦਰੋਂ ਸ਼ਾਨ ਸਮਝਦੇ ਹਨ।

ਚੋਣਾਂ ਦਾ ਘੜਿਆਲ ਵੱਜਣ ਤੋਂ ਕੁਛ ਅਰਸਾ ਪਹਿਲਾਂ ਜੋੜ-ਤੋੜ ਦੀ ਕਮੀਨੀ ਰਾਜਨੀਤੀ ਦੇ ਬਲਬੂਤੇ ਨੇਤਾ ਮੇਰੇ 'ਤੇ ਬੁਰੀ ਨਜ਼ਰ ਰੱਖਣ 'ਚ ਪੂਰੇ ਸਰਗਰਮ ਹੋ ਜਾਂਦੇ ਹਨ। ਆਪਣੀ ਜਿੱਤ ਨੂੰ ਮੁੜ ਯਕੀਨੀ ਬਣਾਉਣ ਖਾਤਰ ਨੀਂਹ-ਪੱਥਰ ਰੱਖਣ, ਗਰਾਂਟਾਂ ਦੇ ਬੇਤੁਕੇ ਗੱਫੇ ਵੰਡਣ ਲਈ ਹੁਕਮਰਾਨਾਂ ਵੱਲੋਂ ਵੱਡੀ ਪੱਧਰ 'ਤੇ ਸਮਾਗਮ ਕੀਤੇ ਜਾਂਦੇ ਹਨ। ਵਿਰੋਧੀ ਪਾਰਟੀਆਂ ਦੇ ਨੇਤਾ ਵੀ ਕੁਰਸੀ ਦੀ ਤਮੰਨਾ ਨੂੰ ਸਿਰੇ ਚੜ੍ਹਾਉਣ ਲਈ ਮੁਫਤ ਦੇ ਲਾਲੀਪੋਪ ਦੇਣ ਦੇ ਵਾਅਦੇ ਭਾਸ਼ਨਾਂ ਰਾਹੀਂ ਸਿਖਰਾਂ 'ਤੇ ਪਹੁੰਚਾਉਂਦੇ ਹਨ।

ਟਿਕਟਾਂ ਦੀ ਵੰਡ ਸਮੇਂ ਭਾਈ-ਭਤੀਜਾਵਾਦ, ਪਰਿਵਾਰਵਾਦ ਦੀ ਘਟੀਆ ਸੋਚ ਨੂੰ ਕੋਈ ਵੀ ਪਾਰਟੀ ਤਿਲਾਂਜਲੀ ਦੇਣ ਨੂੰ ਦਿਲੋਂ ਤਿਆਰ ਨਹੀਂ ਹੁੰਦੀ। ਮਾਇਆ-ਨਾਗਣੀ ਦੇ ਸਿਰ 'ਤੇ ਟਿਕਟ ਲੈਣ ਲਈ ਅੱਡ ਲੰਗੋਟੇ ਕੱਸੇ ਜਾਂਦੇ ਹਨ। ਚੋਣਾਂ ਦੇ ਦੰਗਲ ਦੌਰਾਨ ਆਪਣੇ ਕੀਤੇ ਕੰਮਾਂ ਦੀਆਂ ਪਾਡੀਆਂ ਮਾਰਨ ਵਿਚ ਸਰਕਾਰ ਕਸਰ ਨਹੀਂ ਰਹਿਣ ਦਿੰਦੀ।

ਸਬੰਧਤ ਸਰਕਾਰ ਦੀਆਂ ਬਦਨੀਤੀਆਂ, ਨਾਕਸ ਕਾਰਗੁਜ਼ਾਰੀ ਘਪਲਿਆਂ ਦਾ ਪਰਦਾਫ਼ਾਸ਼ ਵਿਰੋਧੀ ਪਾਰਟੀਆਂ ਵੱਲੋਂ ਸਟੇਜਾਂ 'ਤੇ ਜ਼ੋਰ-ਸ਼ੋਰ ਨਾਲ ਕੀਤਾ ਜਾਂਦਾ ਹੈ। ਆਪਣੀ ਪਾਰਟੀ ਵਲੋਂ ਟਿਕਟ ਦੀ ਦਾਤ ਨਸੀਬ ਨਾ ਹੋਣ ਕਰਕੇ ਕੁਛ ਬੇਸ਼ਰਮ ਨੇਤਾ ਦੂਸਰੀ ਪਾਰਟੀ ਦੀ ਝੋਲੀ ਵਿਚ ਪੈ ਕੇ ਟਿਕਟ ਲੈਣ ਵਿਚ ਮੋਰਚਾ ਵੀ ਮਾਰ ਜਾਂਦੇ ਹਨ। ਟਿਕਟਾਂ ਤੋਂ ਵਾਂਝੇ ਕੀਤੇ ਨਲਾਇਕ ਤੇ ਨਿਰਾਸ਼ ਲੀਡਰ ਆਪਣੀ ਪਾਰਟੀ ਨੂੰ ਨੀਵਾਂ ਦਿਖਾਉਣ ਦੀ ਮੰਦਭਾਵਨਾ ਕਰਕੇ ਉਮੀਦਵਾਰਾਂ ਦੀਆਂ ਲੱਤਾਂ ਖਿੱਚਣ ਵਿਚ ( ਅੰਦਰੋ-ਅੰਦਰੀ) ਪੂਰੀ ਵਾਹ ਲਾਉਂਦੇ ਹਨ।

ਮੇਰੇ ਉੱਤੇ ਹਾਵੀ ਹੋਣ ਦੀ ਅੰਨ੍ਹੀ ਲਾਲਸਾ, ਚੋਣ ਜ਼ਾਬਤੇ ਦੀਆਂ ਧੱਜੀਆਂ ਉਡਾਉਂਦੀ ਹੈ। ਸ਼ਰਮ-ਹਯਾ ਦੀ ਚਿੱਟੀ ਚਾਦਰ ਲੀਰੋ-ਲੀਰ ਕਰਵਾਉਂਦੀ ਹੈ। ਚੋਣ ਕਮਿਸ਼ਨਰ ਵੱਲੋਂ ਨਿਯੁਕਤ ਕੀਤੇ ਅਬਜ਼ਰਵਰਾਂ ਦੀ ਪਰਵਾਹ ਕੀਤੇ ਬਿਨਾਂ ਉਮੀਦਵਾਰ ਮਿਥੀ ਸੀਮਾ ਪਾਰ ਕਰਕੇ ਕਿਤੇ ਵੱਧ ਖਰਚਾ ਕਰਨ ਵਿਚ ਆਪਣੀ ਦਾਦਾਗਿਰੀ (ਨੇਤਾ) ਜ਼ਾਹਰ ਕਰਦੇ ਹਨ। ਮੁੱਖ ਚੋਣ ਕਮਿਸ਼ਨ ਕੋਲ ਚੋਣ ਜ਼ਾਬਤੇ ਦੀ ਲਛਮਣ ਰੇਖਾ ਪਾਰ ਕਰਨ ਦੀਆਂ ਸ਼ਿਕਾਇਤਾਂ ਦੇ ਤੀਰ ਸਿਆਸੀ ਪਾਰਟੀਆਂ, (ਇਕ ਦੂਜੀ ਪਾਰਟੀ 'ਤੇ) ਛੱਡਦੀਆਂ ਰਹਿੰਦੀਆਂ ਹਨ। ਮੀਡੀਆ ਰਾਹੀਂ ਵੀ ਚੋਣ-ਜ਼ਾਬਤੇ ਨੂੰ ਨਜ਼ਰ-ਅੰਦਾਜ਼ ਕਰਨ ਦਾ ਗੰਭੀਰ ਮਸਲਾ ਚਰਚਾ ਦਾ ਵਿਸ਼ਾ ਬਣ ਕੇ ਸੰਬੰਧਿਤ ਧਿਰਾਂ ਦੀ ਖੁੰਬ ਠੱਪੀ ਜਾਂਦੀ ਹੈ। ਬੋਲਬਾਣੀ ਦੇ ਸੂਲਾਂ ਵਰਗੇ ਤਿੱਖੇ ਸ਼ਬਦਾਂ ਰਾਹੀਂ ਵੀ ਲੀਡਰ ਨੈਤਿਕਤਾ ਪੱਖੋਂ ਦਿਵਾਲਾ ਕੱਢਣ ਤੋਂ ਜ਼ਰਾ ਵੀ ਢਿੱਲ ਨਹੀਂ ਕਰਦੇ ਹਨ।

ਸੰਸਦ/ਵਿਧਾਨ ਸਭਾ ਦੇ ਸ਼ੈਸ਼ਨ ਦੌਰਾਨ ਸਰਕਾਰ ਦੀਆਂ ਮਾਰੂ ਨੀਤੀਆਂ ਕਿਤੇ ਨਾਦਰਸ਼ਾਹੀ ਰਵਈਏ ਦਾ ਵਿਰੋਧੀ ਪਾਰਟੀਆਂ ਵੱਲੋਂ ਦਿਲ ਲਾ ਕੇ ਕਾਂਵਾਂ ਰੌਲੀ ਪਾਈ ਜਾਂਦੀ ਹੈ। ਸੈਸ਼ਨ ਦਾ ਬਾਈਕਾਟ ਕਰਕੇ, ਸਰਕਾਰ ਖਿਲਾਫ਼ ਰੋਸ ਜ਼ਾਹਰ ਕਰਨ ਵਿਚ ਵਿਰੋਧੀ ਪਾਰਟੀਆਂ ਖੁਦ ਨੂੰ ਦੁੱਧ ਧੋਤੀਆਂ ਸਿੱਧ ਕਰਨ ਦੀਆਂ ਬੇਤੁਕੀਆਂ ਕੋਸ਼ਿਸ਼ਾਂ ਕਰਦੀਆਂ ਰਹਿੰਦੀਆਂ ਹਨ। ਸਰਕਾਰ ਵੀ ਵਿਰੋਧੀ ਪਾਰਟੀਆਂ ਦੇ ਦੋਸ਼ਾਂ ਨੂੰ ਨਕਾਰਨ ਲਈ ਖੁਦ ਨੂੰ ਖਰਾ ਸੋਨਾ ਸਿੱਧ ਕਰਨ ਵਿਚ ਦੇਰ ਨ੍ਹੀ ਲਾਉਂਦੀ।

ਆਪਣੀ ਹੋਂਦ ਨੂੰ ਪੱਕੇ ਪੈਰੀਂ ਕਰਨ ਲਈ, ਆਪਣੀ ਗੱਦੀ ਬਚਾਉਣ ਖ਼ਾਤਰ ਸਰਕਾਰ ਵਲੋਂ ਵਿਰੋਧੀ ਪਾਰਟੀ ਦੇ ਲਾਲਚੀ ਲੀਡਰਾਂ ਨੂੰ ਮੰਤਰੀ ਜਾਂ ਹੋਰ ਅਹਿਮ ਅਹੁਦੇ ਦਾ ਲਾਲਚ ਦੀ ਚਾਟ ਦੇ ਕੇ ਆਪਣੇ ਪਾਲੇ ਵਿਚ ਕੀਤਾ ਜਾਂਦਾ ਹੈ। ਸੰਸਦ ਜਾਂ ਵਿਧਾਨ ਸਭਾਵਾਂ ਵਿਚ ਸੱਟੇ ਬਜ਼ਾਰ ਵਾਂਗੂ ਰੌਲਾ ਪਾਉਣ, ਤੂੰ-ਤੂੰ, ਮੈਂ-ਮੈਂ ਕਰਦੇ ਹੋਏ ਬਾਈਕਾਟ ਕਰਨ ਦਾ ਮਕਸਦ, ਵਿਰੋਧੀ ਪਾਰਟੀਆਂ ਵੱਲੋਂ ਸਰਕਾਰ ਨੂੰ ਅਸਥਿਰ ਕਰਨਾ ਹੁੰਦਾ ਹੈ।

ਹਕੂਮਤਾਂ ਦੇ ਵਿਧਾਨਕਾਰ, ਸੰਸਦ ਮੈਂਬਰ, ਮੰਤਰੀ ਸੁੱਖ-ਸਹੂਲਤਾਂ ਦਾ ਆਨੰਦ ਲੈਂਦੇ ਹੋਏ ਸ਼ਾਹੀ-ਜ਼ਿੰਦਗੀ ਜਿਊਂਦੇ ਹਨ। ਦੇਸੋਂ-ਵਿਦੇਸ਼ੋਂ ਆਪਣਾ, ਆਪਣੇ ਪਰਿਵਾਰ ਦਾ ਇਲਾਜ ਕਰਾਉਣ ਤੋਂ ਬਾਅਦ ਪੱਲਿਉਂ ਲੱਗੀ ਮਾਇਆ ਦੇ ਬਿਲ ਬਣਾ ਕੇ, ਬੇਲੋੜੇ ਖਰਚੇ ਕਰਕੇ ਸਰਕਾਰੀ ਖਜ਼ਾਨੇ ਵਿਚੋਂ ਲੈ ਕੇ ਮੁੜ ਜੇਬਾਂ ਭਰਦੇ ਹਨ। ਮੁਲਾਜ਼ਮਾਂ ਦੇ ਮੈਡੀਕਲ ਬਿਲਾਂ 'ਤੇ ਕੱਟ ਲਾ ਕੇ ਕਿੰਨੇ ਚਿਰ ਮਗਰੋਂ ਅਦਾਇਗੀ ਕੀਤੀ ਜਾਂਦੀ ਹੈ।

ਤਾਕਤ ਦੇ ਨਸ਼ੇ ਵਿਚ ਰਾਜ ਕਰਨ ਵਾਲੀ ਪਾਰਟੀ ਦੇ ਸਮੁੱਚੇ ਨੇਤਾ ਚੰਮ ਦੀਆਂ ਚਲਾਉਣ ਵਿਚ ਪਿਛਾਂਹ ਨਹੀਂ ਹਟਦੇ। ਵਿਰੋਧੀਆਂ ਨਾਲ ਵੈਰ ਕਮਾਉਣ ਤੋਂ ਉਨ੍ਹਾਂ 'ਤੇ ਉਨ੍ਹਾਂ ਦੇ ਚਹੇਤਿਆਂ ਦੇ ਘਰੀਂ ਵਪਾਰਕ ਅਦਾਰਿਆਂ 'ਤੇ ਛਾਪੇ ਮਰਵਾਏ ਜਾਂਦੇ ਹਨ। ਮਹਿਕਮੇ ਵਿਚ ਸਿਆਸੀ ਦਖਲਅੰਦਾਜ਼ੀ ਤੋਂ ਹੁਕਮਰਾਨ, ਇਨ੍ਹਾਂ ਦੇ ਵਰਕਰਜ਼ ਬਾਜ਼ ਨਹੀਂ ਆਉਂਦੇ।

ਕਾਇਦੇ-ਕਾਨੂੰਨਾਂ ਨੂੰ ਛਿੱਕੇ ਟੰਗ ਕੇ ਰਾਜ ਕਰਦੇ ਹਨ, ਮੇਰੇ ਸਿੰਘਾਸਨ 'ਤੇ ਬੈਠੇ ਬੇਇਤਬਾਰੇ, ਪੱਥਰ-ਦਿਲ, ਨਾਦਰਸ਼ਾਹੀ ਵਾਲਾ ਰੋਲ ਕਰਨ ਵਾਲੇ ਨੇਤਾ ਮੇਰੀ ਆਤਮਾ ਨੂੰ ਤੜਫਾਉਣ ਤੋਂ ਹਰਗਿਜ਼ ਗੁਰੇਜ਼ ਨਹੀਂ ਕਰਦੇ। ਆਪਣਾ ਫਰਜ਼ ਨਾ ਨਿਭਾਉਣ ਕਰਕੇ, ਲੋਕਾਂ ਪ੍ਰਤੀ ਸੁਹਿਰਦਤਾ ਦਾ ਸਬੂਤ ਪੇਸ਼ ਨਾ ਕਰਨ ਕਰਕੇ ਚੋਣਾਂ ਵੇਲੇ ਫੁਕਰੇਪਣ ਵਾਲੇ ਵਾਅਦਿਆਂ ਨੂੰ ਸਿਰੇ ਨਾ ਚੜ੍ਹਾਉਣ ਦੀ ਕੁਤਾਹੀ ਕਰਦੇ ਹਨ। ਇਨ੍ਹਾਂ ਦੀ ਵਾਅਦਾ ਖਿਲਾਫ਼ੀ ਕਰਕੇ ਲਾਰਿਆਂ ਵਿਚ ਡੰਗ ਟਪਾਉਣ ਕਰਕੇ, ਹਰ ਵਰਗ ਵਲੋਂ ਸਰਕਾਰ ਦੀ ਨਾਕਾਮੀ ਦਾ, ਬੇਵਫ਼ਾਈ ਦਾ ਚੁਰਾਹੇ ਵਿਚ ਘੜਾ (ਸਮੇਂ-ਸਮੇਂ) ਭੰਨਿਆ ਜਾਂਦਾ ਹੈ।

ਫਿਰਕੂ-ਪੱਤਾ ਖੇਡਣ, ਨਫ਼ਰਤ ਦੀ ਚੁਆਤੀ ਲਾਉਣ ਆਦਿ ਮਿਆਰੋਂ ਗਿਰੇ ਕਰਮ ਕਮਾਏ ਜਾਂਦੇ ਹਨ। ਮੇਰੇ ਨਾਲ, ਦੇਸ਼ ਨਾਲ ਗਦਾਰੀ ਕਰਨ ਵਾਲੀਆਂ ਲੋਕਾਈ ਦੀ ਪਿੱਠ ਵਿਚ ਛੁਰੀ ਮਾਰਨ ਵਾਲੀਆਂ, ਸ਼ਹੀਦਾਂ ਦੇ ਸੁਪਨੇ ਤਾਰ-ਤਾਰ ਕਰਨ ਵਾਲੀਆਂ ਭ੍ਰਿਸ਼ਟ ਸਰਕਾਰਾਂ ਤੋਂ ਮੈਂ ਅੱਕ ਚੁੱਕੀ ਹਾਂ ਤੇ ਦੇਸ਼ ਭਗਤਾਂ, ਸਾਊ, ਇਮਾਨਦਾਰ ਲੀਡਰਾਂ ਨੂੰ ਤਰਸ ਰਹੀਂ ਹਾਂ।

* * * * * * *

# ★ ਖਿੜ ਖਿੜ ਹੱਸੋ ★

ਹੜ੍ਹ ਪ੍ਰਭਾਵਿਤ ਇਲਾਕੇ 'ਚ ਮਲੇਰੀਆ ਅਤੇ ਡਾਇਰੀਆ ਫੈਲਿਆ ਹੋਇਆ ਸੀ।

ਇਕ ਪੱਤਰਕਾਰ ਨੇ ਉਥੋਂ ਦੇ ਮੈਡੀਕਲ ਅਧਿਕਾਰੀ ਨੂੰ ਪੁੱਛਿਆ, "ਕੀ ਇਸ ਖੇਤਰ 'ਚ ਮੌਤ ਦੀ ਦਰ 'ਚ ਗਿਰਾਵਟ ਆਈ ਹੈ ?"

"ਜੀ ਹਾਂ।" ਮੈਡੀਕਲ ਅਧਿਕਾਰੀ ਨੇ ਕਿਹਾ, "ਕੁਝ ਦਿਨ ਪਹਿਲਾਂ ਤਕ ਇਹ ਦਰ 16 ਸੀ ਹੁਣ 12.7 ਰਹਿ ਗਈ ਹੈ।"

"12 ਅਤੇ 13 ਜਾਂ 14 ਦੀ ਗੱਲ ਤਾਂ ਸਮਝ 'ਚ ਆਉਂਦੀ ਹੈ ਪਰ ਇਹ 12.7 ਤੋਂ ਤੁਹਾਡਾ ਕੀ ਮਤਲਬ ਹੈ ?"

"ਮਤਲਬ ਬਿਲਕੁਲ ਸਾਫ ਹੈ" ਅਧਿਕਾਰੀ ਨੇ ਕਿਹਾ, "12 ਵਿਅਕਤੀ ਮਰ ਚੁੱਕੇ ਹਨ ਅਤੇ 7 ਵਿਅਕਤੀਆਂ ਦੀ ਹਾਲਤ ਨਾਜ਼ੁਕ ਹੈ।

ੰ ੰ ੰ

ਚਿੰਟੂ (ਗੋਲੂ ਨੂੰ), "ਮੇਰੇ ਪਾਪਾ ਬਹੁਤ ਡਰਪੋਕ ਹਨ।"

ਗੋਲੂ (ਚਿੱਟੀ ਨੂੰ), "ਕਿਵੇਂ ?"

ਚਿੰਟੂ, "ਜਦੋਂ ਵੀ ਸੜਕ ਪਾਰ ਕਰਦੇ ਹਨ, ਮੇਰੀ ਉਂਗਲੀ ਫੜ ਲੈਂਦੇ ਹਨ।"

ੰ ੰ ੰ

ਗਰਮੀ ਦੇ ਦਿਨਾਂ 'ਚ ਇਕ ਅੰਗਰੇਜ਼ ਹਿੰਦੀ ਸਿੱਖਣ ਲਈ ਦਿੱਲੀ ਆਇਆ।

ਪਰਤ ਕੇ ਜਦੋਂ ਉਹ ਲੰਡਨ ਪਹੁੰਚਿਆ ਤਾਂ ਉਸਦੇ ਦੋਸਤਾਂ ਨੇ ਪੁੱਛਿਆ, "ਕੀ ਸਿੱਖਿਆ ?"

ਅੰਗਰੇਜ਼ ਬੋਲਿਆ, "ਬਿਜਲੀ ਚਲੀ ਗਈ, ਬਿਜਲੀ ਆ ਗਈ।"

ੰ ੰ ੰ

ਇਕ ਡਾਕਟਰ ਬੱਚੇ ਦੇ ਪੈਰ ਦਾ ਟਾਂਕਾ ਕੱਟਣ ਆਇਆ। ਉਸਨੇ ਕਿਹਾ, "ਬੇਟਾ, ਉਹ ਦੇਖੋ ਉਪਰ, ਸੋਨੇ ਦੀ ਚਿੜੀ।"

ਬੱਚਾ, "ਹੇਠਾਂ ਦੇਖ, ਕਿਤੇ ਪੈਰ ਨਾ ਕੱਟ ਜਾਵੇ, ਵੱਡਾ ਆਇਆ ਚਿੜੀ ਦਾ ਮਾਮਾ।"

ੰ ੰ ੰ

ਕੰਜੂਸ (ਆਪਣੇ ਦੋਸਤ ਨੂੰ), "ਯਾਰ, ਮੇਰੇ ਲੜਕੇ ਨੇ ਤਾਂ ਕਮਾਲ ਕਰ ਦਿੱਤਾ। ਮੈਂ ਉਸਨੂੰ ਦੋ-ਦੋ ਪੌੜੀਆਂ ਚੜ੍ਹ ਕੇ ਉਤਰਨ ਨੂੰ ਕਿਹਾ ਸੀ ਤਾਂ ਕਿ ਜੁੱਤੀਆਂ ਘੱਟ ਘਿਸਣ ਪਰ ਨਾਲਾਇਕ ਨੇ ਛੇ-ਛੇ ਪੌੜੀਆਂ ਪਾਰ ਕੀਤੀਆਂ।"

ਦੋਸਤ, "ਇਹ ਤਾਂ ਚੰਗਾ ਹੋਇਆ। ਜੁੱਤੀਆਂ ਹੋਰ ਵੀ ਘੱਟ ਘਿਸੀਆਂ ਹੋਣਗੀਆਂ।"

ਕੰਜੂਸ, "ਜੁੱਤੀਆਂ ਤਾਂ ਘੱਟ ਘਿਸੀਆਂ ਪਰ ਨਾਲਾਇਕ ਨੇ ਨਵੀਂ ਪੈਂਟ ਪਾੜ ਲਈ।"

ੰ ੰ ੰ

ਮਹਿਮਾਨ, "ਪੱਪੂ, ਤੂੰ ਕਿੰਨੇ ਸਾਲਾਂ ਦਾ ਹੋ ਗਿਆ ਹੈਂ ?"

ਪੱਪੂ, "ਜੀ, ਸੱਤ ਸਾਲਾਂ ਦਾ।"

ਮਹਿਮਾਨ, "ਪਰ ਤੂੰ ਤਾਂ ਮੇਰੀ ਛੱਤਰੀ ਤੋਂ ਵੀ ਨਿੱਕਾ ਹੈਂ ?"

ਪੱਪੂ, "ਤੁਹਾਡੀ ਛੱਤਰੀ ਕਿੰਨੇ ਸਾਲਾਂ ਦੀ ਹੈ ?"

# ਅਮਰੀਕਾ ਦੇ ਵੀਜ਼ਾ ਨਿਯਮਾਂ ਦੀ ਉਲੰਘਣਾ ਕਰਨ ਦੇ ਮਾਮਲੇ ਵਿਚ ਭਾਰਤੀ ਵਿਦਿਆਰਥੀ ਪਹਿਲੇ ਸਥਾਨ 'ਤੇ

## * ਪਿਛਲੇ ਸਾਲ 7000 ਵਿਦਿਆਰਥੀਆਂ ਨੇ ਵੀਜ਼ਾ ਖਤਮ ਹੋਣ ਦੇ ਬਾਵਜੂਦ ਨਹੀਂ ਕੀਤੀ ਵਤਨ ਵਾਪਿਸੀ * ਸਦਨ ਦੀ ਕਮੇਟੀ ਨੂੰ ਸਖਤ ਨਿਯਮ ਲਾਗੂ ਕਰਨ ਦਾ ਦਿੱਤਾ ਸੁਝਾਅ

**ਸੈਕਰਾਮੈਂਟੋ,ਕੈਲੀਫੋਰਨੀਆ (ਹੁਸਨ ਲੜੋਆ ਬੰਗਾ)- ਅਮਰੀਕਾ ਵਿਚ ਪਿਛਲੇ ਸਾਲ ਭਾਰਤ ਦੇ ਸਭ ਤੋਂ ਵਧ ਵਿਦਿਆਰਥੀਆਂ ਨੇ ਵੀਜ਼ਾ ਨਿਯਮਾਂ ਨੂੰ ਤੋੜਿਆ ਤੇ 7000 ਭਾਰਤੀ ਵਿਦਿਆਰਥੀ ਵੀਜ਼ਾ ਖਤਮ ਹੋਣ ਦੇ ਬਾਵਜੂਦ ਅਮਰੀਕਾ ਵਿਚ ਟਿਕੇ ਰਹੇ। ਯੂ ਐਸ ਇਮੀਗ੍ਰੇਸ਼ਨ ਮਾਹਿਰ ਜੈਸਿਕਾ ਐਮ ਵਾਘਨ ਨੇ ਇਹ ਜਾਣਕਾਰੀ ਦਿੰਦਿਆਂ ਕਿਹਾ ਹੈ ਕਿ ਭਾਰਤ ਤੋਂ ਬਾਅਦ ਬਰਾਜ਼ੀਲ ਤੇ ਚੀਨ ਦਾ ਸਥਾਨ ਆਉਂਦਾ ਹੈ। ਇਸ ਤੋਂ ਬਾਅਦ ਹਰੇਕ ਦੇਸ਼ ਦੇ 2000 ਦੇ ਆਸ ਪਾਸ ਵਿਦਿਆਰਥੀਆਂ ਨੇ ਵੀਜ਼ਾ ਖਤਮ ਹੋਣ ਦੀ ਪਰਵਾਹ ਨਹੀਂ ਕੀਤੀ ਤੇ ਉਹ ਨਿਰਧਾਰਤ ਸਮਾਂ ਸੀਮਾ ਤੋਂ ਬਾਅਦ ਵੀ ਅਮਰੀਕਾ ਵਿਚ ਰਹਿ ਰਹਿ ਹਨ।**

ਨਿਆਂਪਾਲਿਕਾ ਸਬੰਧੀ ਯੂ ਐਸ ਹਾਊਸ ਕਮੇਟੀ ਦੇ ਸਾਹਮਣੇ ਬੋਲਦਿਆਂ ਵਾਘਨ ਨੇ ਚਿਤਾਵਨੀ ਦਿੰਦਿਆਂ ਕਿਹਾ ਕਿ ਸਾਰੇ ਆਰਜੀ ਵੀਜ਼ਾ ਸ਼੍ਰੇਣੀਆਂ ਵਿਚੋਂ ਨਿਰਧਾਰਤ ਸਮਾਂ ਸੀਮਾ ਦੀ ਉਲੰਘਣਾ ਕਰਨ ਵਲਿਆਂ ਦੀ ਸਭ ਤੋਂ ਵਧ ਗਿਣਤੀ ਐਫ-1 (ਅਕਾਦਮਿਕ ਵਿਦਿਆਰਥੀ) ਤੇ ਐਮ-1 (ਵੋਕੇਸ਼ਨਲ ਵਿਦਿਆਰਥੀ) ਵੀਜ਼ਾ ਸ਼੍ਰੇਣੀ ਵਾਲਿਆਂ ਦੀ ਹੈ। ਇਮੀਗ੍ਰੇਸ਼ਨ ਅਧਿਐਨ ਬਾਰੇ ਕੇਂਦਰ ਵਿਖੇ ਨੀਤੀ ਵਿਸ਼ਲੇਸ਼ਕ ਵਾਘਨ ਨੇ ਕਿਹਾ ਕਿ ਮੌਜੂਦਾ ਪ੍ਰਣਾਲੀ ਬਹੁਤ ਨਰਮ ਹੈ ਜੋ ਵਿਦਿਆਰਥੀਆਂ ਨੂੰ ਵੀਜ਼ਾ ਸਥਿੱਤੀ ਦੀ ਦੁਰਵਰਤੋਂ ਕਰਨ ਦੀ ਇਜ਼ਾਜਤ ਦਿੰਦੀ ਹੈ। ਉਨਾਂ ਨੇ ਸਖਤ ਨਿਯਮ ਲਾਗੂ ਕਰਨ ਦਾ ਸੁਝਾਅ ਦਿੱਤਾ ਜਿਸ ਤਹਿਤ ਵਿਦਿਆਰਥੀਆਂ ਦੀ ਪੜਾਈ ਉਪਰੰਤ ਘਰ ਵਾਪਿਸੀ ਯਕੀਨੀ ਬਣਾਈ ਜਾ ਸਕੇ। ਉਨਾਂ ਨੇ ਦੋ ਮੂਹੀ ਨੀਤੀ ਦੀ ਅਲੋਚਨਾ ਕੀਤੀ ਜੋ ਵਿਦਿਆਰਥੀਆਂ ਵਿਚ ਗਰੈਜੂਏਸ਼ਨ ਉਪਰੰਤ ਅਮਰੀਕਾ ਵਿਚ ਟਿਕੇ ਰਹਿਣ ਦੀ ਰੁਚੀ ਪੈਦਾ ਕਰਦੀ ਹੈ। ਵਾਘਨ ਨੇ ਸਕੂਲਾਂ ਉਪਰ ਸਖਤ ਨਿਯੰਤਰਣ ਤੇ ਸਖਤ ਮਾਪ ਦੰਡ ਲਾਗੂ ਕਰਨ ਦਾ ਸੁਝਾਅ ਦਿੱਤਾ ਹੈ। ਉਨਾਂ ਕਿਹਾ ਕਿ ਵੀਜ਼ਾ ਸਮਾਂ ਸੀਮਾ ਉਲੰਘਣਾ ਕਰਨ ਦੇ ਮਾਮਲੇ ਵਿਚ ਜਿਨਾਂ ਸਕੂਲਾਂ ਦੇ ਵਿਦਿਆਰਥੀਆਂ ਦੀ ਗਿਣਤੀ ਜਿਆਦਾ ਹੈ, ਉਨਾਂ ਦਾ ਵਿਦੇਸ਼ੀ ਵਿਦਿਆਰਥੀਆਂ ਨੂੰ ਸੱਦਣ ਦਾ ਅਧਿਕਾਰ ਖਤਮ ਹੋਣਾ ਚਾਹੀਦਾ ਹੈ। ਉਨਾਂ ਨੇ ਵਿਦਿਆਰਥੀ ਵੀਜ਼ਾ ਤੋਂ ਇਲਾਵਾ ਐਚ-1 ਬੀ ਵੀਜ਼ਾ ਸਮੇਤ ਵਰਕ ਵੀਜ਼ਾ ਪ੍ਰੋਗਰਾਮ ਵਿਚ ਵੀ ਵੱਡੇ ਪੱਧਰ 'ਤੇ ਸੁਧਾਰਾਂ ਦੀ ਲੋੜ ਉਪਰ ਜੋਰ ਦਿੱਤਾ। ਉਨਾਂ ਤਜਵੀਜ ਰਖੀ ਕਿ ਐਚ-ਬੀ ਵੀਜ਼ਾ ਸ਼੍ਰੇਣੀ ਵਿਚ ਸਲਾਨਾ 75000 ਕਟੌਤੀ ਕੀਤੀ ਜਾਵੇ ਤੇ ਉੱਚ ਮਜ਼ਦੂਰੀ ਦੇਣ ਵਾਲੇ ਮਾਲਕਾਂ ਨੂੰ ਤਰਜੀਹ ਦਿੱਤੀ ਜਾਵੇ।

ਵਾਘਨ ਨੇ ਕਿਰਤੀਆਂ ਦੀ ਘਾਟ ਦੇ ਦਾਅਵਿਆਂ ਨੂੰ ਰੱਦ ਕਰਦਿਆਂ ਕਿਹਾ ਕਿ ਅਮਰੀਕਾ ਨੂੰ ਵਿਦੇਸ਼ੀ ਵਰਕ ਪ੍ਰੋਗਰਾਮ ਲਾਗੂ ਕਰਨ ਤੋਂ ਪਹਿਲਾਂ ਅਮਰੀਕੀ ਵਰਕਰਾਂ ਨੂੰ ਭਰਤੀ ਕਰਨ ਵੱਲ ਤਵਜੋਂ ਦੇਣੀ ਚਾਹੀਦੀ ਹੈ।

# ਟਰੰਪ ਨੇ ਕੈਨੇਡਾ ਤੇ ਮੈਕਸੀਕੋ ਉਪਰ ਪ੍ਰਸਤਾਵਿਤ ਟੈਕਸ ਲਾਉਣ ਦਾ ਅਮਲ ਅੱਗੇ ਪਾਇਆ

## * ਕੈਨੇਡਾ ਦੇ ਕਈ ਰਾਜਾਂ ਨੇ ਅਮਰੀਕਾ ਦੀ ਸ਼ਰਾਬ ਵੇਚਣੀ ਕੀਤੀ ਬੰਦ



ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)- ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕੈਨੇਡਾ ਤੇ ਮੈਕਸੀਕੋ ਦੇ ਸਮਾਨ ਉਪਰ ਪ੍ਰਸਤਾਵਿਤ ਟੈਕਸ ਲਾਉਣ ਦਾ ਅਮਲ ਅੱਗੇ ਪਾ ਦਿੱਤਾ ਹੈ। ਰਾਸ਼ਟਰਪਤੀ ਨੇ ਕੈਨੇਡਾ ਦੀਆਂ ਵਸਤਾਂ ਉਪਰ ਪ੍ਰਸਤਾਵਿਤ 25% ਟੈਕਸ 30 ਦਿਨਾਂ ਲਈ ਰੋਕ ਦੇਣ ਦਾ ਐਲਾਨ ਕਰਦਿਆਂ ਕਿਹਾ ਹੈ ਕਿ ਕੈਨੇਡੀਅਨ ਆਗੂ ਸਰਹੱਦਾਂ ਨੂੰ ਸੁਰੱਖਿਅਤ ਕਰਨ ਦੀਆਂ ਕੋਸ਼ਿਸ਼ਾਂ ਕਰ ਰਹੇ ਹਨ। ਟਰੰਪ ਨੇ ਇਹ ਐਲਾਨ ਉਨਾਂ ਤੇ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵਿਚਾਲੇ ਫੋਨ ਉਪਰ ਹੋਈ ਗੱਲਬਾਤ ਉਪਰੰਤ ਕੀਤਾ। ਟਰੰਪ ਨੇ ਚਿਤਾਵਨੀ ਦਿੱਤੀ ਸੀ ਕਿ ਜੇਕਰ ਕੈਨੇਡਾ ਗੈਰ ਕਾਨੂੰਨੀ ਪ੍ਰਵਾਸੀਆਂ ਤੇ ਨਸ਼ੀਲੇ ਪਦਾਰਥ ਫੈਂਟਾਨਾਇਲ ਨੂੰ ਅਮਰੀਕਾ ਵਿਚ ਆਉਣ ਤੋਂ ਰੋਕਣ ਲਈ ਹੋਰ ਯਤਨ ਨਹੀਂ ਕਰਦਾ ਤਾਂ ਕੈਨੇਡਾ ਤੋਂ ਆਉਂਦੇ ਸਮਾਨ ਉਪਰ ਫੌਰੀ 25% ਟੈਕਸ ਲਾ ਦੇਣਗੇ। ਇਸ ਦੇ ਵਿਰੋਧ ਵਿਚ ਜਸਟਿਨ ਟਰੂਡੋ ਨੇ ਵੀ ਅਮਰੀਕੀ ਵਸਤਾਂ ਉਪਰ 25% ਟੈਕਸ ਲਾਉਣ ਦੇ ਨਾਲ ਨਾਲ ਕੈਨੇਡੀਅਨ ਨਾਗਰਿਕਾਂ ਨੂੰ ਸੱਦਾ ਦਿੱਤਾ ਸੀ ਕਿ ਉਹ ਅਮਰੀਕੀ ਸਮਾਨ ਦਾ ਬਾਈਕਾਟ ਕਰਨ ਤੇ ਕੇਵਲ ਕੈਨਡਾ ਦਾ ਸਮਾਨ ਹੀ ਖਰੀਦਣ। ਟਰੂਡੋ ਨੇ ਜਾਰੀ ਇਕ ਬਿਆਨ ਵਿਚ ਕਿਹਾ ਹੈ ਕਿ ਕੈਨੇਡਾ ਸਰਹੱਦ ਉਪਰ ਸਖਤੀ ਕਰਨ ਲਈ 1.3 ਅਰਬ ਡਾਲਰ ਖਰਚ ਰਿਹਾ ਹੈ ਤੇ 10 ਹਜਾਰ ਸੁਰੱਖਿਆ ਜਵਾਨ ਸਰਹੱਦ ਉਪਰ ਤਾਇਨਾਤ ਹਨ। ਉਨਾਂ ਇਹ ਵੀ ਕਿਹਾ ਹੈ ਕਿ ਨਸ਼ੀਲੇ ਪਦਾਰਥਾਂ ਦੀ ਤਸਕਰੀ ਨੂੰ ਅੱਤਵਾਦੀ ਗਤੀਵਿਧੀ ਸਮਝਿਆ ਜਾਵੇਗਾ। ਇਸ ਤੋਂ ਇਲਾਵਾ ਕੈਨੇਡਾ ਸੰਗਠਿਤ ਅਪਰਾਧ ਤੇ ਫੈਂਟਾਨਾਇਲ ਤਸਕਰੀ ਨਾਲ ਨਜਿੱਠਣ ਲਈ 20 ਲੱਖ ਡਾਲਰ ਨਵੇਂ ਖੁਫੀਆ ਪ੍ਰੋਗਰਾਮ ਉਪਰ ਖਰਚ ਕਰੇਗਾ। ਆਪਣੇ ਸ਼ੋਸਲ ਮੀਡੀਆ ਟਰੁੱਥ ਉਪਰ ਟਰੰਪ ਨੇ ਕਿਹਾ ਹੈ ਕਿ ਉਹ ਕੈਨੇਡਾ ਦੁਆਰਾ ਹੋ ਰਹੀਆਂ ਕੋਸ਼ਿਸ਼ਾਂ ਤੋਂ ਖੁਸ਼ ਹਨ ਤੇ ਇਕ ਰਾਸ਼ਟਰਪਤੀ ਵਜੋਂ ਮੇਰੀ ਜਿੰਮੇਵਾਰੀ ਸਾਰੇ ਅਮਰੀਕੀਆਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣਾ ਹੈ ਤੇ ਮੈ ਇਹ ਹੀ ਕਰ ਰਿਹਾ ਹਾਂ। ਮੈਕਸੀਕੋ ਦੀ ਰਾਸ਼ਟਰਪਤੀ ਕਲੌਡੀਆ ਸ਼ੀਨਬੌਮ ਪਰਡੋ ਨਾਲ ਸਰਹੱਦ ਉਪਰ ਹੋਰ ਸਖਤੀ ਕਰਨ ਸਬੰਧੀ ਸਹਿਮਤੀ ਹੋਣ ਉਪਰੰਤ ਟਰੰਪ ਨੇ ਮੈਕਸੀਕੋ ਉਪਰ ਵੀ 25% ਟੈਕਸ ਲਾਉਣ ਦਾ ਅਮਲ ਰੋਕ ਦਿੱਤਾ ਹੈ। ਜਿਕਰਯੋਗ ਹੈ ਕਿ ਟਰੰਪ ਵੱਲੋਂ ਕੈਨੇਡਾ ਤੇ ਮੈਕਸੀਕੋ ਉਪਰ ਟੈਕਸ ਲਾਉਣ ਦੇ ਐਲਾਨ ਉਪਰੰਤ ਅਮਰੀਕੀ ਅਰਥ ਵਿਵਸਥਾ ਉਪਰ ਮੰਦੇ ਦੇ ਸੰਕੇਤ ਮਿਲਣੇ ਸ਼ੁਰੂ ਹੋ ਗਏ ਸਨ ਤੇ ਨਿਵੇਸ਼ਕਾ ਵਿਚ ਪੈਦਾ ਹੋਏ ਡਰ ਕਾਰਨ ਸ਼ੇਅਰ ਬਜਾਰ ਵਿਚ ਗਿਰਾਵਟ ਆਉਣੀ ਸ਼ੁਰੂ ਹੋ ਗਈ ਸੀ।

**ਕੈਨੇਡਾ ਵਿਚ ਅਮਰੀਕੀ ਸ਼ਰਾਬ ਦੀ ਵਿਕਰੀ ਬੰਦ-** ਕੈਨੇਡਾ ਦੇ ਰਾਜਾਂ ਨੇ ਐਲਾਨ ਕੀਤਾ ਹੈ ਕਿ ਉਹ ਰਾਸ਼ਟਰਪਤੀ ਟਰੰਪ ਵੱਲੋਂ ਟੈਕਸ ਲਾਉਣ ਦੇ ਜਵਾਬ ਵਿਚ ਅਮਰੀਕੀ ਸ਼ਰਾਬ ਦੀ ਵਿਕਰੀ ਕਰਨੀ ਬੰਦ ਕਰ ਰਹੇ ਹਨ। ਓਨਟਾਰੀਓ, ਮੈਨੀਟੋਬਾ ਤੇ ਨੋਵਾ ਸਕੋਟੀਆ ਵਿਚ ਆਗੂਆਂ ਨੇ ਵਿਤਰਕਾਂ ਨੂੰ ਅਮਰੀਕੀ ਸ਼ਰਾਬ ਵੇਚਣੀ ਬੰਦ ਕਰਨ ਦਾ ਆਦੇਸ਼ ਦਿੱਤਾ ਹੈ। ਮੈਨੀਟੋਬਾ ਦੇ ਪ੍ਰੀਮੀਅਰ ਵੈਬ ਕੀਨਿਊ ਨੇ ਐਲਾਨ ਕੀਤਾ ਹੈ ਕਿ ਉਹ 4 ਫਰਵਰੀ ਤੋਂ ਅਮਰੀਕੀ ਸ਼ਰਾਬ ਵੇਚਣੀ ਬੰਦ ਕਰ ਰਹੇ ਹਨ। ਪ੍ਰੀਮੀਅਰ ਨੇ ਕਿਹਾ ਹੈ ਕਿ ਟਰੰਪ ਦਾ ਟੈਕਸ ਲਾਉ ਦਾ ਐਲਾਨ ਕੈਨੇਡੀਅਨ ਲੋਕਾਂ ਉਪਰ ਹਮਲਾ ਹੈ, ਅਸੀਂ ਇਸ ਟੈਕਸ ਦੇ ਵਿਰੁੱਧ ਸੰਘੀ ਆਗੂਆਂ ਦੇ ਨਾਲ ਖੜੇ ਹਾਂ।

# ਟਰੰਪ ਪ੍ਰਸ਼ਾਸਨ ਨੇ ਭਾਰਤੀ ਮੂਲ ਦੇ ਖਪਤਕਾਰ ਵਿੱਤੀ ਸੁਰੱਖਿਆ ਬਿਊਰੋ ਦੇ ਮੁੱਖੀ ਨੂੰ ਅਹੁਦੇ ਤੋਂ ਹਟਾਇਆ



ਰੋਹਿਤ ਚੋਪੜਾ

ਸੈਕਰਾਮੈਂਟੋ,ਕੈਲੀਫੋਰਨੀਆ (ਹੁਸਨ ਲੜੋਆ ਬੰਗਾ)- ਟਰੰਪ ਪ੍ਰਸ਼ਾਸਨ ਦੁਆਰਾ ਭਾਰਤੀ ਮੂਲ ਦੇ ਕੰਜ਼ਿਊਮਰ ਫਾਇਨਾਂਸ਼ੀਅਲ ਪ੍ਰੋਟੈਕਸ਼ਨ ਬਿਊਰੋ (ਸੀ ਐਫ ਪੀ ਬੀ) ਦੇ ਡਾਇਰੈਕਟਰ ਰੋਹਿਤ ਚੋਪੜਾ ਨੂੰ ਅਹੁੱਦੇ ਤੋਂ ਫਾਰਗ ਕਰ ਦੇਣ ਦੀ ਖਬਰ ਹੈ। ਚੋਪੜਾ ਨੂੰ ਇਹ ਜਾਣਕਾਰੀ ਵਾਈਟ ਹਾਊਸ ਵੱਲੋਂ ਭੇਜੀ ਇਕ ਈ ਮੇਲ ਰਾਹੀਂ ਦਿੱਤੀ ਗਈ ਹੈ। ਚੋਪੜਾ ਦੇ ਕਾਰਜਕਾਲ ਵਿਚ ਅਜੇ ਤਕਰੀਬਨ 2 ਸਾਲ ਦਾ ਸਮਾਂ ਬਾਕੀ ਸੀ। ਚੋਪੜਾ ਦੀ ਸੀ ਐਫ ਪੀ ਬੀ ਦੇ ਮੁੱਖੀ ਵਜੋਂ ਨਿਯੁਕਤੀ ਸਾਬਕਾ ਰਾਸ਼ਟਰਪਤੀ ਜੋ ਬਾਈਡਨ ਨੇ ਕੀਤੀ ਸੀ। ਸੀ ਐਫ ਪੀ ਬੀ ਦੇ ਮੁੱਖੀ ਵਜੋਂ 2008-09 ਵਿਚ ਆਏ ਵਿੱਤੀ ਸੰਕਟ ਨਾਲ ਨਜਿੱਠਣ ਲਈ ਚੋਪੜਾ ਨੇ ਅਹਿਮ ਭੂਮਿਕਾ ਨਿਭਾਈ ਸੀ। ਇਸ ਤੋਂ ਪਹਿਲਾਂ ਬਿਊਰੋ ਦੇ ਡਿਪਟੀ ਡਾਇਰੈਕਟਰ ਵਜੋਂ ਚੋਪੜਾ ਨੇ ਵਧ ਰਹੇ ਵਿਦਿਆਰਥੀ ਕਰਜੇ ਦਾ ਮੁੱਦਾ ਜੋਰ ਸ਼ੋਰ ਨਾਲ ਉਠਾਇਆ ਸੀ ਤੇ ਖਪਤਕਾਰ ਸੁਰੱਖਿਆ ਸੁਧਾਰਾਂ ਉਪਰ ਜੋਰ ਦਿੱਤਾ ਸੀ। ਮੀਡੀਆ ਰਿਪੋਰਟਾਂ ਅਨੁਸਾਰ ਬੈਂਕ ਆਫ ਅਮੈਰੀਕਾ ਤੇ ਜੇ ਪੀ ਮੋਰਗਨ ਚੇਜ ਸਮੇਤ ਪ੍ਰਮੁੱਖ ਖਪਤਕਾਰ ਬੈਂਕ ਉਨਾਂ ਕੰਪਨੀਆਂ ਵਿਚ ਸ਼ਾਮਿਲ ਹਨ ਜਿਨਾਂ ਨੂੰ ਸੀ ਐਫ ਪੀ ਬੀ ਦੁਆਰਾ ਦਾਇਰ ਪਟੀਸ਼ਨਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਹ ਕੰਪਨੀਆਂ ਤੇ ਟੈਕ ਇਡੰਸਟਰੀ ਦੇ ਆਗੂ ਟਰੰਪ ਪ੍ਰਸ਼ਾਸਨ ਉਪਰ ਚੋਪੜਾ ਨੂੰ ਹਟਾਉਣ ਉਪਰ ਜੋਰ ਦਿੰਦੇ ਆ ਰਹੇ ਸਨ।

# ਬਸੰਤੀ ਫੁੱਲ ਦਾ ਸ਼ਬਦ ਗਾਇਨ !



ਫੁੱਲ ਵੀ ਸ਼ਬਦ ਗਾ ਰਿਹਾ ਸੀ !

ਬਸੰਤ-ਪੰਚਮੀਂ ਦਾ ਦਿਨ ਸੁਬ੍ਹਾ-ਸਵੇਰੇ ਮੈਂ ਸੈਰ ਸਮੇਂ 'ਕੰਨ-ਟੂਟੀ' ਲਾ ਕੇ ਗੁਰਬਾਣੀ ਦਾ ਸ਼ਬਦ ਸੁਣਦਾ ਜਾ ਰਿਹਾ ਸਾਂ-'ਦੇਖ ਫੂਲ ਫੂਲ ਫੂਲੇ'

ਬਸੰਤ ਰਾਗ ਦੇ ਇਸ ਸ਼ਬਦ ਵਿਚ ਗੁਰੂ ਸਾਹਿਬ ਨੇ ਫੁਰਮਾਇਆ-

'ਹੇ ਮਨਾ,ਬਸੰਤ ਰੁੱਤ ਆ ਗਈ ਖਿੜੇ ਹੋਏ ਫੁੱਲਾਂ ਵੱਲ ਦੇਖ,ਤੇਰੇ ਅੰਦਰ ਵੀ ਐਸੇ ਹੀ ਫੁੱਲ ਖਿੜੇ ਹੋਏ ਹਨ।ਬਸੰਤ ਰੁੱਤ ਆਉਣ 'ਤੇ ਦਰਖਤ ਬੂਟੇ ਸੰਘਣੀ ਛਾਂਅ ਵਾਲ਼ੇ ਸੁਗੰਧਤ ਫੁੱਲਾਂ ਵਾਲ਼ੇ ਅਤੇ ਨਰਮ ਹੋ ਜਾਂਦੇ ਹਨ ਪਰ ਕਈ ਰੁੱਖ ਐਸੇ ਵੀ ਹੁੰਦੇ ਹਨ ਜੋ ਖਿੜੀ ਬਸੰਤ ਵਿਚ ਵੀ ਸੁੱਕੇ ਹੀ ਰਹਿੰਦੇ ਹਨ ਅਤੇ ਸੁੱਕੇ ਕਾਠ ਵਰਗੇ ਕਰੜੇ ਹੀ ਰਹਿੰਦੇ ਹਨ.....!'



ਅਨੰਦਿਤ ਹੋਇਆ ਤੁਰਿਆ ਜਾ ਰਿਹਾ ਸਾਂ।ਅਚਾਨਕ ਪੈਰਾਂ ਵੱਲ ਨਿਗਾਹ ਪਈ ਤਾਂ ਘਾਹ-ਫੂਸ ਵਿਚ ਖਿੜਿਆ ਹੋਇਆ ਅਹਿ ਬਸੰਤੀ ਫੁੱਲ ਨਜ਼ਰੀਂ ਪਿਆ !

ਮੈਨੂੰ ਇਉਂ ਮਹਿਸੂਸ ਹੋਇਆ ਜਿਵੇਂ ਇਹ ਫੁੱਲ ਵੀ ਗਾ ਰਿਹਾ ਹੋਵੇ- "ਦੇਖ ਫੂਲ ਫੂਲ ਫੂਲੇ.........॥"

-ਤਰਲੋਚਨ ਸਿੰਘ ਦੁਪਾਲ ਪੁਰ

**ਲੇਖਿਕਾ**
**ਬਲਵਿੰਦਰ ਕੌਰ ਚਾਹਲ (ਸਾਊਥਾਲ)**



# ਨਿਰਣਾ

ਮੇਰੀ ਮਾਤ-ਭੂਮੀ ਫੇਰੀ ਮਜਬੂਰੀ ਤੇ ਜਰੂਰੀ ਠੰਡੇ ਮੌਸਮ ਵਿੱਚ ਕੌਣ ਜਾਂਦਾ ਹੈ, ਵਪਾਰੀ, ਕਾਰੋਬਾਰੀ ਜਾਂ ਕੋਈ ਸਦਮੇ ਮਾਰਿਆ, ਟਿਕਟਾਂ ਮਹਿੰਗੀਆਂ ਫੇਰ ਚੱਕੋ ਜੋ ਮੂਹਰੇ ਪਿਆ ਦੰਮ ਭੀ ਦੂੱਗਣੇ ਪਰ ਤਰੀਕਾਂ ਭੀ ਜੋ ਬਚੀਆਂ ਹੀ ਹੋਣ, ਖ਼ੈਰ ਕੋਈ ਰਾਹ ਨਹੀਂ ਹੁੰਦਾ ਸ਼ੁਕਰ ਹੈ ਜੀ, ਦੇ ਦਿਉ! ਪੰਜਾਬ ਵਾਲੇ ਤਾਂ ਸਮਝਦੇ ਨੇ ਰਿਕਸ਼ਾ ਫੜਨ ਵਾਂਗ ਆਜੋ, ਗੋਲੀ ਕੀ ਤੇ ਨੱਖਰੇ ਕੀ, ਬੰਨ ਲਈਆਂ ਗੱਠੜੀਆਂ ਸੌਗਾਤਾਂ ਬਿਨਾਂ ਆਉ ਭਗਤ ਭੀ ਨਹੀਂ। ਚਲੋ ਜੀ, ਭੱਜੋ ਏਅਰਪੋਰਟ ਨੂੰ, ਹੁਣ ਟੈਕਸੀਆਂ ਭੀ ਮੂੰਹੋ ਮੰਗਦੇ ਦਾਮ, ਉਥੇ ਜੀ ਪੰਜ ਪੌਂਡ ਲੱਗਦਾ ਹੈ ਕਾਰ ਪਾਰਕ ਅੱਗੇ ਟਰਾਲੀਆਂ ਘੜੀਸੋ ਟਰੰਕਾਂ ਵਾਲੀਆਂ, ਲੋੜੀਂਦੇ ਮਾਲ ਵਾਲੀਆਂ ਹੱਥ ਫੜਨ ਲਈ 8, 10 ਕੁ ਕਿੱਲੋ ਵਾਲੀਆਂ ਬੈਗੜੀਆਂ ਤੋਲ ਤਲਾਈ ਵਿੱਚ ਭਾਰ ਵੱਧ ਦਾ ਡਰ, ਪਰ ਚਲੋ ਲੰਘ ਗੇ, ਕਾਗਜ਼ ਪੱਤਰ ਦਿਖਾਉ, ਪਾਸਪੋਰਟ ਦਿਖਾਉ, ਅੱਗੇ ਝੱਗੇ ਸੁੱਥਣਾ ਪਜਾਮੇ ਕੁੜਤੇ, ਪਤਲੂਣਾਂ ਸਭ ਫੁੱਲਵਾਵੋ, ਜੰਤਰ ਨਾਲ ਟੂੰ-ਟੂੰ ਕਰ ਧੱਕੇ ਦੇ ਕੇ ਚਲੋ ਅਗਾਂਹ, ਹੱਥ ਬੰਨ ਸ਼ੁਕਰੀਆ ਕਰਕੇ ਤੁਰ ਪਏ, ਦੇਖਦੇ ਹੀ ਕਿ ਔਹ ਮੀਲ 'ਤੇ ਖੜ੍ਹਾ ਹੈ ਜੀ ਉਡਨ ਖਟੋਲਾ, ਉਡੀਕ ਵਿੱਚ ਪਹਿਲਾਂ ਤਾਂ ਸਾਹ ਤਾਹਾਂ ਕਿ ਹਾਏ ਕਿਵੇਂ ਸਮੇਂ ਸਿਰ ਪਹੁੰਚਣਾ ਹੈ, ਭਾਵੇਂ ਜੁਆਨ ਤਾਂ ਭੱਜੇ ਜਾਣ ਜਿਮੇ ਸੀਟਾਂ ਚੰਗੀਆਂ ਮੱਲ ਲੈਣਗੇ, ਪਰ ਉਹ ਤਾਂ ਪਹਿਲਾਂ ਹੀ ਨੰਬਰਾਂ 'ਤੇ ਹਨ, ਖੈਰ ਅਸੀਂ ਗੋਡੇ ਗਿੱਟੇ ਘੜੀਸਦੇ ਪਹੁੰਚ ਗੇ, ਅੱਗੇ 20-22 ਕੁ ਪੌੜੀਆਂ ਚੜ੍ਹੋ ਜਰੂਰ ਇਹ ਲੱਗਦਾ, ਬੰਦੋਬਸਤ ਚੰਗਾ ਨਹੀਂ ਸਭ ਕੁਝ ਦਾ ਕੋਈ ਨਾ ਕੋਈ ਲਾਭ ਹੁੰਦਾ ਹੀ ਹੈ, ਸਿਹਤ ਲਈ ਕਸਰਤ ਨਾਲੇ ਅੱਗੋਂ 8 ਘੰਟੇ ਤੜ੍ਹੇ ਰਹਿਣਾ ਇਹ ਹਵਾਖੋਰੀ ਗੁਣਕਾਰੀ ਭੀ ਹੈ, ਅੰਦਰ ਭਾਲੋ ਸੀਟਾਂ ਆਪਣੇ ਵੱਲੋਂ ਤਾਂ ਵਧੀਆ ਦਿੱਤੀਆਂ, ਨਿੱਕੇ ਬੱਚਿਆਂ ਵਾਲੇ ਪਰਿਵਾਰ ਸ਼ਾਇਦ ਕੰਪਨੀ ਦੇ ਆਪਣੇ ਮੁਲਾਜ਼ਮਾਂ ਦੇ ਹੀ ਯਾਤਰੀ ਸਨ, ਬੱਚੇ ਤਾਂ ਨਿੱਕੇ ਵੱਡੇ ਚੀਕਣ, ਸਿਰ-ਦਰਦੀ ਹੋਰ ਇਕ ਭਾਈਬੰਦ ਜੋ ਦੋ ਕੁ ਕਤਾਰਾਂ ਛੱਡ ਬੈਠਾ ਸੀ, ਖਾਣਾ ਤਾਂ ਪਤਾ ਨਹੀਂ ਘੰਟੇ ਕੁ ਮਗਰੋਂ ਟਰਾਲੀਆਂ ਲੱਗ ਗਈਆਂ ਗੇੜੇ ਮਾਰਨ ਲਿਖਿਆ ਤਾਂ ਪਹਿਲਾਂ ਹੀ ਹੁੰਦਾ ਕੀ ਖਾਣਾ, ਪਰ ਦੇਖਿਆ ਤਾਂ ਨੀ ਕੀ ਹੋਊ, ਖਾਣਾ ਤਾਂ ਕੀ ਸੀ, ਸ਼ਰਾਬ ਦੀਆਂ ਟਰਾਲੀਆਂ ਨੇ ਭਰਮਾਰ ਲਾ ਤੀ ਜਗ ਲੱਗ ਗਏ ਤਾਂ ਕੀ ਦੇਖੀਏ, ਉਸ ਮੁਸਾਫਰ ਨੇ ਤਾਂ ਡੰਝਾ ਲਾ ਲੀਆਂ ਪੀਣ ਦੀਆਂ ਅਤੇ ਕਰਤਾ ਸਭ ਨੂੰ ਮੂੰਹ ਸਿਰ ਢੱਕ ਕੇ ਨੱਕ ਬੰਦ, ਦੁਖੀ ਰਹੇ ਸਾਰਾ ਸਫ਼ਰ ਸਟਾਫ ਕੋਲ ਸ਼ਾਇਦ ਕੋਈ ਸੀਟ ਖਾਲੀ ਨਹੀਂ ਸੀ ਉਥੇ ਪੂੰਝਾਂ ਪਾਂਝੀ ਕਰੀ ਜਾਣ, ਲਿਜਾ ਕੇ ਫੇਰ ਬਾਸ਼-ਰੂਮ ਵਿੱਚੋਂ ਮੋੜ ਉਥੇ, ਸਾਰੇ ਨਾਲ ਦੇ ਤਾਂ ਪ੍ਰੇਸ਼ਾਨ ਸਨ ਹੀ ਪਰ ਕੀ ਕਰਦੇ ਹੁਣ ਕੀ ਖਾਣਾ ਪੀਣਾ ਸੀ, ਮਸਾਂ ਦਿੱਲੀ ਆਈ ਭੱਜੋ ਭਜਾਈ ਫੇਰ ਸਮਾਨ ਲੱਭੋ, ਟਰਾਲੀਆਂ ਲੱਦੋ ਪਰ ਉਥੇ ਸੇਵਾਦਾਰ ਬਥੇਰੇ ਸਨ, ਵਿਦੇਸ਼ੀਆਂ ਦਾ ਆਉ ਭਗਤ ਟਰਾਲੀਆਂ ਖੋਹਣ, ਪਰ ਲੋੜ ਭੀ ਹੁੰਦੀ ਹੈ ਮੀਲ ਤੋਂ ਵੱਧ ਧੂਹਣ ਦੀ ਸ਼ਾਇਦ ਦਿੱਲੀ ਏਅਰਪੋਰਟ ਬਹੁਤੀ ਪੁਰਾਣੀ ਨਹੀਂ ਨਾਲੇ ਮੰਨਣਾ ਪਵੇਗਾ ਕਿ ਸੁੰਦਰ ਹੈ, ਮਨ ਖੁਸ਼ ਹੋ ਜਾਂਦਾ ਹੈ, ਤੁਰਦੇ ਤੁਰਦੇ ਸੇਵਾਦਾਰਾਂ ਨੂੰ ਝਾਕ ਆਪਾਂ ਨੂੰ ਭੀ ਤਜਰਬੇ ਹਨ, ਟਿੱਪਾਂ ਦੇਣ ਦੇ ਫੇਰ ਸਮਾਨ ਤੋਲੋ, ਕਾਗਜ਼ ਪਾਸਪੋਰਟ ਦਿਖਾਉ ਆਪਣਾ ਭੀ ਸਾਰਾ ਮੁਆਇਨਾ ਕਰਾਵੋ ਤਾਂ ਜਾ ਕੇ ਕਹਿੰਦੇ ਭਾਲੋ ਕਿਥੋਂ ਅੰਮ੍ਰਿਤਸਰ ਨੂੰ ਛਕੜਾ ਮਿਲੂ ਲੇਟ ਹੈ, ਬੈਠੋ ਠੂਰ ਠੂਰ ਕਰੋ, ਫਿਰਨ ਵਾਲੇ ਤਾਂ ਝਾਕੀਆਂ ਮਾਨਣ ਪ੍ਰਸੰਨ ਭੀ ਹੋਣ ਸੁਹਾਵਣਾ ਸੀ ਵਾਤਾਵਰਣ ਸਾਫ ਸੁਥਰੇ ਸਨ ਬਾਥ ਆਦਿ ਅਖੀਰ ਹਾਕਾ ਵੱਜਣ ਲੱਗ ਗਈਆਂ ਚੜ੍ਹੋ ਛੇਤੀ ਬੱਸ ਜਾਣ ਵਾਲਾ ਹੈ ਉਡਨਾ ਪਰ ਘੰਟੇ ਤੱਕ ਹੋਰ ਲੋਕਾਂ ਦੀ ਉਡੀਕ ਕਰਦਾ ਰਿਹਾ, ਸਭ ਬੈਠੇ ਝਾਕਣ, ਹੁਣ ਸੀਟ 'ਤੇ ਤਾਕੀ ਕੋਲ ਪੰਜਾਬਣ ਬੀਬੀ ਬੈਠੀ ਸੀ, ਪਰ ਘੁਮੰਡ ਵਿੱਚ ਨਾ ਹਾਂ ਨਾ ਹੂੰ, ਕੋਈ ਗ਼ਮ ਨਹੀਂ ਘੰਟੇ ਵਿੱਚ ਤਾਂ ਅਸੀਂ ਗੁਰੂ ਦੀ ਨਗਰੀ ਪਹੁੰਚ ਜਾਣਾ ਹੈ, ਉਥੇ ਭੀ ਕਿਹੜਾ ਪ੍ਰਾਹੁਣਚਾਰੀ, ਸਭ ਅਫ਼ਸਰ ਸੀ ਤਾਂ ਸਿੱਖ, ਹਿੰਦੂ ਬਹੁਤੇ ਸਿੱਖ ਨੌਜਵਾਨ, ਪਰ ਵਰਤਾਰਾ ਅਫ਼ਸਰਸ਼ਾਹੀ ਵਾਜ਼ ਮਾਰੀਏ ਤਾਂ ਦੂਜੇ ਨੂੰ ਇਸ਼ਾਰਾ ਕਰਕੇ ਤੁਰਦੇ ਬਨਣ, ਸਮਾਨ ਟੋਲ੍ਹ ਟਰਾਲੀਆਂ ਭਰਨ ਲਈ ਤਾਂ ਸੇਵਾਦਾਰ ਬਹੁਤ ਸਨ ਰੱਬ ਦੀ ਮਿਹਰ, ਸਾਨੂੰ ਹਿੰਦੂ ਭਰਾ ਮਿਲ ਗਿਆ ਬੜਾ ਹੀ ਮਾਣ ਨਾਲ ਸਾਰਾ ਝਮੇਲਾ ਨਿਪਟਾ ਕੇ ਕਾਰ-ਪਾਰਕ ਤੱਕ ਤੇ ਟੈਕਸੀ ਦੇ ਇੰਤਜ਼ਾਰ ਵਾਲੇ ਦੇ ਹਵਾਲੇ ਕਰਕੇ ਸਾਨੂੰ ਸ਼ੁੱਭ ਵਿਦਾ ਆਖੀ, ਅਸੀਂ ਖੁਸ਼ ਸੀ ਉਹਨੂੰ ਸੇਵਾਦਾਰੀ ਕਰਨ ਤੇ ਰਵਾਨਾ, ਤਿੰਨ ਕੁ ਘੰਟੇ ਮਗਰੋਂ ਘਰ ਪਹੁੰਚ ਗਏ, ਚਾਹ ਮਸਾਂ ਲੱਭੀ ਰੋਟੀ ਭੀ ਕਿੰਨੇ ਘੰਟਿਆਂ ਦੇ ਭੁੱਖੇ ਹਬੜ੍ਹੇ ਪਏ ਸੀ, ਨਾਲੇ ਘਰ ਦੀ ਤੇ ਪੰਜਾਬੀ ਥੋੜ੍ਹਾ ਬਹੁਤਾ ਹਾਲ ਚਾਲ ਦੱਸਣ ਪੁੱਛਣ ਪਿੱਛੋਂ ਮੰਜੇ ਮੱਲੇ ਤੇ ਦੂਜੇ ਦਿਨ ਅਸੀਂ ਤਾਂ ਦੁਪੈਹਰਾ ਕਰਤਾ ਉੱਠਣ ਨੂੰ:- ਬਾਕੀ ਕਈ ਭਾਗਾਂ ਵਿੱਚ ਸਾਂਝਾਂ ਪਾਊਂਗੀ, ਕਾਹਲੇ ਨਾ ਪੈਣਾ, ਨਾਲ ਹੋਰ ਭੀ ਭੱਖਦੇ ਮੁੱਦੇ ਲਿਖਣੇ ਹੋਣਗੇ, ਨਾਲੇ ਤੁਸੀਂ ਆਹ ਪੜ੍ਹਕੇ ਅਨੰਦ ਮਾਣੋ, ਕੁਝ ਤਜਰਬੇ ਭੀ ਕੰਮ ਆਉਣ ਵਾਲੇ ਹੁੰਦੇ ਹਨ, ਜੋ ਤਾਂ ਝਬਦੇ ਜਾਣ ਵਾਲੇ ਹਨ, ਬਹੁਤਾ ਲਾਹਾ ਨਹੀਂ ਲੈ ਸਕਦੇ ਪਰ ਕਦੇ ਕਦਾਈਂ ਵਾਲੇ ਆਪਣੇ

---

TAIL PIECE

**Dalip Singh Wasan, Advocate**
Email: dalipsinghwassan@yahoo.co.in

# ELECTIONS-2024
## PEOPLE UPGRADED PARLIAMENT HOUSE OF THEIR EPRESENTATIVES

This time people of India decided their fate themselves and gave no absolute majority to anyone contesting groups. They did not like this absolute majority system because group with absolute majority had-been turning ruler and the other just opposition who had never been-heard. Since absolute majority is not there one party rule is abolished and the only way out is that both must work jointly for the welfare of the people. Mr. Rahul Gandhi had started working on a Farm Bill and the other group has come forward with One Nation One Elections.


One by one process must continue and alol members present in the Parliament must work on the Bills with their own conscience, will, desire, wisdom and even vote as per their own desire so that spirit of working for welfare of the people must work and none should be under pressure or whips.

The old system of working with absolute majority could not allow the opposition to work and because of this undesired functioning we could not utilized our members as public servants and representatives of people.

Contesting groups had been working in Parliament as two groups and they could never become representatives of the people whyich is the basis of democracy. Bills presented may get delitions, changes, amendments or additions as proposed before final voting so that dictatorship like decision could be avoided.

In democracy no party is ruler and no party is opposition and all are representatives of the people and Parliament is supreme and not the ruling party with absoloute majority.

# WE ARE BUSY SOLVING PROLEMS OF THE PEOPLE-NARENDRA MODI PM



During Budget Session of Parliament our Financde Minister made a statement that we are government of the people for the people and continuing this statement our Prime Minister, Mr. Narendra Modi jee declared that we are busy day and night solving problems of the people. Very good statements. In spite of decades of independence and this democracy, most of the people are still suffering problem-swhich had been created and established permanently because of centuries of slavery and this country needs planned methods forsolution of problems of the people. Because of first aid methods needed in emergency only, we had been trying to solve problems and till date beggar is still begging first in charity and had not been taught to catch the fish for himself and his family. And since poverty untouched remained increasing one poor family breeding two three poor families in a generation.

Till proper income comes in a family, problems of people shall remain increasing and therefore, we must see that proper monthly income must come in each family and let the family itself start solving problems of the family and health, education, training, job, income of each member be responsibility of the family itself. Inspite of all developments in our country we are still in list of backward countries. Wth the present lot we shall be ashamed of ourposition in developed countries by 2047 by two-third population poor.We wiwh the governing people shall understand the position and shall do much, beyond the statementys they made.

# ਵੀ. ਕੇ. ਐਮ. ਸੌਲਿਸਟਰਜ਼ ਵੁਲਵਰਹੈਂਪਟਨ

## ਵਿਜੇ ਕੁਮਾਰ ਮੋਮੀ ਅਤੇ ਸਾਰੇ ਸਟਾਫ ਵੱਲੋਂ



## ਸ੍ਰੀ ਗੁਰੂ ਰਵਿਦਾਸ ਜੀ ਦੇ ਪ੍ਰਕਾਸ਼ ਪੁਰਬ ਦੀਆਂ ਸਮੂਹ ਜਗਤ ਨੂੰ ਲੱਖ-ਲੱਖ ਵਧਾਈਆਂ

# VKM SOLICITORS

Regulated by the Solicitors Regulation Authority

ਹੇਠਾਂ ਦਿੱਤੇ ਮਸਲਿਆਂ ਦਾ ਕਾਨੂੰਨੀ ਹੱਲ ਕੱਢਣ ਲਈ ਅੱਜ ਹੀ ਸਾਡੇ ਨਾਲ ਸੰਪਰਕ ਕਰੋ, ਸਾਡੇ ਤਜ਼ਰਬੇਕਾਰ ਵਕੀਲ ਤੁਹਾਨੂੰ ਤੁਹਾਡੇ ਕੇਸ ਮੁਤਾਬਕ ਸਹੀ ਅਤੇ ਢੁੱਕਵੀਂ ਸਲਾਹ ਦੇਣ ਵਿੱਚ ਮਾਹਰ ਹਨ ।



**IMMIGRATION - APPLICATIONS & APPEALS:**

- ਵਰਕ ਪਰਮਿਟ (ਮਾਹਿਰ ਕਾਮੇ) ਟੀਅਰ 2
- ਸਟੂਡੈਂਟ ਵੀਜ਼ਾ ਟੀਅਰ 4 ਜਨਰਲ
- ਮੰਗੇਤਰ ਜਾਂ ਸਾਥੀ ਨੂੰ ਮੰਗਵਾਉਣ ਲਈ ਅਰਜ਼ੀ
- ਕਿਸੇ ਵੀ ਤਰ੍ਹਾਂ ਦੇ ਵੀਜ਼ੇ ਦੀ ਹੋਈ ਨਾਂਹ ਲਈ ਅਪੀਲਾਂ ਤੇ ਇਮੀਗ੍ਰੇਸ਼ਨ ਕੋਟ (FTT-IAC) ਵਿੱਚ ਰੀਪਰਜ਼ੈਨਟੇਸ਼ਨ
- ਯੂਰਪੀਅਨ ਨੈਸ਼ਨਲ ਲਈ ਯੂ. ਕੇ. ਵਿੱਚ ਰਹਿਣ ਲਈ ਅਰਜ਼ੀ
- ਬੱਚਿਆਂ ਦੇ 7 ਸਾਲਾਂ ਦੇ ਕੇਸ / ਸਟੇਟਲੈਸ ਕੇਸ ਲਈ ਅਰਜ਼ੀ
- ਬਿਨ੍ਹਾਂ ਸਟੇਟਸ ਤੋਂ ਯੂ.ਕੇ. ਰਹਿਣ ਵਾਲਿਆਂ ਲਈ ਢੁੱਕਵੀਂ ਅਰਜ਼ੀ

**ਵਿਸ਼ੇਸ਼ ਨੋਟ :**
ਇਨ੍ਹਾਂ ਤੋਂ ਇਲਾਵਾ ਹੋਰ ਬਹੁਤ ਸਾਰੇ ਇਮੀਗ੍ਰੇਸ਼ਨ ਮਾਮਲਿਆਂ ਵਿੱਚ ਸਾਨੂੰ ਚੰਗਾ ਤਜ਼ਰਬਾ ਹਾਸਲ ਹੈ। ਨਵੇਂ ਕਾਨੂੰਨਾਂ ਦੀ ਜਾਣਕਾਰੀ ਲਈ ਅੱਜ ਹੀ ਸੰਪਰਕ ਕਰੋ !

**Please Contact :**
**Vijay Kumar Momi LL.B.**
**Aman Puri LL.B.**
For Quotation/Appointment

**SERVICES :**

* Conveyancing -Residential & Commercial Properties
* Landlord & Tenant- Including Possession Proceedings
* Business Sale & Purchase * Family Law
* Debt Recovery * Wills & Probate.

**PERSONAL INJURY**
ਜੇ ਤੁਹਾਨੂੰ ਐਕਸੀਡੈਂਟ ਦੌਰਾਨ ਕਿਤੇ ਵੀ ਚੋਟ ਲੱਗੀ ਹੈ ਤਾਂ ਅਸੀਂ ਤੁਹਾਨੂੰ 100% ਮੁਆਵਜ਼ਾ ਦੁਆ ਸਕਦੇ ਹਾਂ। ਤੁਹਾਡੇ ਮੁਆਵਜ਼ੇ ਵਿੱਚੋਂ ਕਿਸੇ ਵੀ ਤਰ੍ਹਾਂ ਦੀ ਕੋਈ ਕਟੌਤੀ ਨਹੀਂ ਕੀਤੀ ਜਾਵੇਗੀ ।
**NO WIN - NO FEE**

**ਅਸੀਂ ਫੈਮਿਲੀ ਲਾਅ ਦੇ ਹੇਠ ਦਿੱਤੇ ਮਸਲਿਆਂ ਵਿੱਚ ਮਾਹਰ ਹਾਂ :**
* ਤਲਾਕ / ਵੱਖਰੇ ਹੋਣਾ * ਬੱਚਿਆਂ ਸਬੰਧੀ ਝਗੜੇ * ਵਿਆਹ ਸਬੰਧੀ ਵਿੱਤੀ ਝਗੜੇ * ਵਿਆਹ ਤੋਂ ਪਹਿਲਾਂ ਅਤੇ ਬਾਅਦ ਦੇ ਸਮਝੌਤੇ * ਵੱਖਰੇ ਹੋਣ ਤੋਂ ਬਾਅਦ ਦਹੇਜ ਦੇ ਮਾਮਲੇ * ਘਰੇਲੂ ਹਿੰਸਾ * ਪੈਸਿਆਂ ਦਾ ਲੈਣ-ਦੇਣ ।

ਕਾਰੋਬਾਰ ਜਾਂ ਘਰ ਵੇਚਣਾ / ਖਰੀਦਣਾ, ਇਮੀਗ੍ਰੇਸ਼ਨ, ਫੈਮਿਲੀ ਲਾਅ, ਪਰਸਨਲ ਇੰਜ਼ਰੀ ਕਲੇਮ ਅਤੇ ਹੋਰ ਕਾਨੂੰਨੀ ਕੰਮਾਂ ਦੀ ਸਲਾਹ ਲੈਣੀ ਹੋਵੇ ਤਾਂ
**VKM SOLICITORS**
ਨੂੰ ਹਮੇਸ਼ਾ ਯਾਦ ਰੱਖੋ !!

Weekend & Evening Appointments Available

**48 Queen Street, Wolverhampton, WV1 3BJ.**
**Tel : 01902 311155, Fax : 01902 311159**

VKM SOLICITORS

# ਕੌਤਕੀ ਟਰੰਪ : ਦੂਨੀਆਂ ਲਈ ਖ਼ਤਰਾ

ਗੁਰਮੀਤ ਸਿੰਘ ਪਲਾਹੀ
9815802070



ਅਮਰੀਕਾ ਵਿੱਚ ਟਰੰਪ ਯੁੱਗ ਦੀ ਸ਼ੁਰੂਆਤ ਹੋ ਗਈ ਹੈ। ਅਮਰੀਕਾ ਵਿੱਚ ਰਾਸ਼ਟਰਪਤੀ ਬਣਨ ਦੇ ਨਾਲ ਹੀ ਟਰੰਪ ਨੂੰ ਲੈ ਕੇ ਵਿਵਾਦ ਖੜ੍ਹਾ ਹੋ ਗਿਆ ਹੈ। ਮੀਡੀਆ ਰਿਪੋਰਟਾਂ ਅਨੁਸਾਰ ਇਹ ਦਾਅਵਾ ਕੀਤਾ ਗਿਆ ਹੈ ਕਿ ਟਰੰਪ ਨੇ ਪਹਿਲੇ ਹੀ ਦਿਨ ਵੀਹ ਝੂਠ ਬੋਲੇ ਹਨ ਜਾਂ ਵੀਹ ਝੂਠੇ ਵਾਅਦੇ ਕੀਤੇ ਹਨ।

ਇਥੇ ਇਹ ਦੱਸਣਾ ਬਣਦਾ ਹੈ ਕਿ ਆਪਣੇ ਪਹਿਲੇ ਕਾਰਜ ਕਾਲ ਦੌਰਾਨ ਡੋਨਾਲਡ ਟਰੰਪ ਨੇ 30573 ਝੂਠ ਬੋਲੇ ਸਨ ਅਰਥਾਤ ਉਹਨਾਂ ਵੱਲੋਂ ਰੋਜ਼ਾਨਾ ਔਸਤਨ 21 ਝੂਠ ਬੋਲੇ ਗਏ ਸਨ। ਟਰੰਪ ਨੇ ਦੂਜੇ ਕਾਰਜਕਾਲ ਦੇ ਪਹਿਲੇ ਦਿਨ ਹੀ ਵਾਅਦਿਆਂ, ਦਾਅਵਿਆਂ ਦੀ ਝੜੀ ਲਗਾ ਦਿੱਤੀ। ਉਹਨਾਂ ਕਿਹਾ ਕਿ ਸਾਬਕਾ ਰਾਸ਼ਟਰਪਤੀ ਨੇ 33 ਹਤਿਆਰਿਆਂ ਦੀ ਸਜ਼ਾ ਮੁਆਫ਼ ਕੀਤੀ, ਸਾਲ 2020 ਦੀਆਂ ਚੋਣਾਂ 'ਚ ਧਾਂਦਲੀ ਹੋਈ, ਬਾਇਡਨ ਦੇ ਰਾਜ 'ਚ ਰਿਕਾਰਡ ਤੋੜ ਮਹਿੰਗਾਈ ਹੋਈ, ਚੀਨ ਨੇ ਬਾਇਡਨ ਰਾਜ ਵੇਲੇ ਪਨਾਮਾ ਨਹਿਰ 'ਤੇ ਕਬਜ਼ਾ ਕੀਤਾ, ਬਾਇਡਨ ਨੇ ਖ਼ਤਰਨਾਕ ਅਪਰਾਧੀਆਂ ਨੂੰ ਸ਼ਰਨ ਦਿੱਤੀ ਆਦਿ-ਆਦਿ। ਪਰ ਇਹ ਸਾਰੇ ਦਾਅਵੇ ਮੀਡੀਆ ਨੇ ਝੁਠਲਾ ਦਿੱਤੇ।

ਮੁਢਲੇ ਤੌਰ 'ਤੇ ਦੁਨੀਆ ਭਰ ਵਿੱਚ ਅਮਰੀਕਾ ਨੂੰ ''ਥਾਣੇਦਾਰ'' ਦਾ ਦਰਜਾ ਮਿਲਿਆ ਹੋਇਆ ਹੈ। ਟਰੰਪ ਦੇ ਮੁੜ ਸੱਤਾ 'ਚ ਆਉਣ ਨਾਲ਼ ਇੱਕ ਸਖ਼ਤ ਠਾਣੇਦਾਰ ਅਮਰੀਕਾ ਨੂੰ ਮਿਲਿਆ ਹੈ, ਜੋ ਡੰਡੇ ਦੇ ਜ਼ੋਰ ਨਾਲ ਸਾਰੀ ਦੁਨੀਆ ਨੂੰ ਡਰਾ ਕੇ ਰੱਖਣ ਦਾ ਹਾਮੀ ਹੈ। ਉਸ ਦੇ ਪਿੱਛੇ ਸੈਲੀਕੋਨ ਵੈਲੀ ਦੇ ਵੱਡੇ ਦਿੱਗਜਾਂ ਦੀ ਟੇਕ ਹੈ। ਅਮਰੀਕੀ ਅਰਬਪਤੀ, ਖਰਬਪਤੀ ਸੁੰਦਰ ਪਿਚਾਈ, ਜ਼ਕਰਬਰ.ਗ, ਜੈ.ਫ ਬੇਜ਼ੋਸ ਅਤੇ ਵੱਡੇ ਅਮੀਰ ਕਾਰਪੋਰੇਟ ਘਰਾਣੇ ਉਸ ਦੀ ਪਿੱਠ 'ਤੇ ਖੜ੍ਹੇ ਹਨ।

ਗੱਦੀ ਸੰਭਾਲਦਿਆਂ ਹੀ ਉਸ ਨੇ ਬ੍ਰਿਕਸ ਦੇਸ਼ਾਂ ਨੂੰ ਧਮਕਾਇਆ । ਕਿਊਬਾ ਨੂੰ ਬਲੈਕ ਲਿਸਟ ਵਿੱਚ ਪਾ ਦਿੱਤਾ। ਵਿਸ਼ਵ ਸਿਹਤ ਸੰਗਠਨ ਤੇ ਪੈਰਿਸ ਜਲਵਾਯੂ ਸਮਝੌਤੇ 'ਚੋਂ ਵੀ ਨਿਕਲਣ ਦਾ ਉਸ ਨੇ ਐਲਾਨ ਕਰ ਦਿੱਤਾ । ਬ੍ਰਿਕਸ ਦੇਸ਼ ਜਿਸ ਵਿੱਚ ਭਾਰਤ ਸਮੇਤ 10 ਦੇਸ਼ਾਂ ਦੀ ਸ਼ਮੂਲੀਅਤ ਹੈ, ਨੂੰ ਉਹਨਾਂ ਨੇ ਚੇਤਾਵਨੀ ਦਿੱਤੀ ਹੈ ਕਿ ਜੇ ਉਹਨਾਂ ਨੇ ਅਮਰੀਕੀ ਡਾਲਰ ਨੂੰ ਬਦਲਣ ਲਈ ਕੋਈ ਚਾਰਾਜੋਈ ਕੀਤੀ ਤਾਂ ਉਹ ਉਹਨਾਂ 'ਤੇ 100 .ਫੀਸਦੀ ਟੈਕਸ ਲਗਾਉਣਗੇ। ਸਹੁੰ ਚੁੱਕਣ ਦੇ ਛੇ ਘੰਟਿਆਂ ਅੰਦਰ ਹੀ ਬਾਇਡਨ ਸਰਕਾਰ ਦੇ 78 .ਫੈਸਲਿਆਂ ਨੂੰ ਉਹਨਾਂ ਪਲਟ ਦਿੱਤਾ। ਜਿਸ ਵਿੱਚ .ਗੈਰ ਕਾਨੂੰਨੀ ਪਰਵਾਸੀਆਂ ਨੂੰ ਬਾਹਰ ਕੱਢਣ, ਬੱਚਿਆਂ ਦੀ ਨਾਗਰਿਕਤਾ ਖ਼ਤਮ ਕਰਨ ਜਿਹੇ ਅਤਿ ਮਹੱਤਵਪੂਰਨ .ਫੈਸਲੇ ਸ਼ਾਮਲ ਹਨ। ਟਰੰਪ ਨੇ ਉਹਨਾਂ ਮਾਪਿਆਂ ਦੇ ਬੱਚਿਆਂ ਨੂੰ ਜਨਮ ਜਾਤ ਨਾਗਰਿਕਤਾ ਦੇਣ ਤੋਂ ਇਨਕਾਰ ਕਰਨ ਦਾ ਤਤਕਾਲੀ ਹੁਕਮ ਦਿੱਤਾ, ਜਿਹੜੇ .ਗੈਰ ਕਾਨੂੰਨੀ ਤੌਰ 'ਤੇ ਅਮਰੀਕਾ ਵਿੱਚ ਰਹਿ ਰਹੇ ਹਨ ਜਾਂ ਆਰਜੀ ਵੀਜ਼ੇ 'ਤੇ ਰਹਿ ਰਹੇ ਹਨ।

ਟਰੰਪ ਦੇਸ਼ ਅਮਰੀਕਾ ਵਿੱਚ ਪੁਰਾਤਨ ਯੁੱਗ ਲਿਆਉਣ ਦਾ ਹਾਮੀ ਹੈ। ਡੋਨਾਲਡ ਟਰੰਪ ਨੇ ਸਹੁੰ ਚੁੱਕ ਸਮਾਰੋਹ ਤੋਂ ਬਾਅਦ ਕਈ ਐਕਸ਼ਨ ਕੀਤੇ, ਪਰ ਸਭ ਤੋਂ ਵੱਧ ਚਰਚਾ ਅਮੀਰਜ਼ਾਦੇ ਐਲਨ ਮਸਕ ਦੇ ਸਲੂਟ ਦੀ ਹੋ ਰਹੀ ਹੈ। ਅਮਰੀਕੀ ਮੀਡੀਏ ਤੇ ਸੋਸ਼ਲ ਮੀਡੀਏ ਵੱਲੋਂ ਇਸ ਸਲੂਟ ਦੀ ਤੁਲਨਾ ਹਿਟਲਰ ਦੇ ਨਾਜੀ ਸਲੂਟ ਨਾਲ ਕੀਤੀ ਜਾ ਰਹੀ ਹੈ। ਹਿਟਲਰ ਨੇ ਇਸ ਸਲੂਟ ਦਾ ਇਸਤੇਮਾਲ 1933 ਤੋਂ 1945 ਤੱਕ ਤੀਜੇ ਰਾਈਖ (ਤੀਜਾ ਜਰਮਨ ਸਾਮਰਾਜ) ਦੌਰਾਨ ਕੀਤਾ ਸੀ। ਜਾਪਦਾ ਹੈ ਟਰੰਪ ਹਿਟਲਰੀ ਸੋਚ ਦਾ ਮੁਦੱਈ ਹੈ।



ਉਸ ਅਨੁਸਾਰ ਅਮਰੀਕਾ ਵਿੱਚ ਸਿਰ.ਫ ਅਮਰੀਕੀਆਂ ਨੂੰ ਹੀ ਵਸਣ ਦਾ ਅਧਿਕਾਰ ਹੈ। ਉਹ ਪਰਵਾਸੀਆਂ ਖ਼ਾਸ ਕਰ ਕੇ ਨਜਾਇਜ਼ ਤੌਰ 'ਤੇ ਅਮਰੀਕਾ ਪੁੱਜੇ ਪਰਵਾਸੀਆਂ ਨੂੰ ਦੇਸ਼ ਵਿੱਚੋਂ ਬਾਹਰ ਕੱਢਣ ਲਈ ਤਤਪਰ ਦਿਸਦਾ ਹੈ। ਟਰੰਪ ਨੇ ਇੱਕ ਹੁਕਮ ਜਾਰੀ ਕਰਕੇ 30,000 .ਗੈਰ-ਕਾਨੂੰਨੀ ਪ੍ਰਵਾਸੀਆਂ ਨੂੰ ਫੜਕੇ ਬਦਨਾਮ ਗਵਾਂਤਾਨਾਮੋ ਬੇ ਜੇਲ੍ਹ (ਕਿਊਬਾ) ਵਿੱਚ ਡੱਕਣ ਲਈ ਤਿਆਰੀਆਂ ਕਰਨ ਦਾ ਹੁਕਮ ਕੀਤਾ ਹੈ। ਇਸ ਜੇਲ੍ਹ ਵਿੱਚ 30,000 ਕੈਦੀਆਂ ਨੂੰ ਡੱਕਣ ਲਈ ਤੁਰੰਤ ਮੰਜੇ-ਬਿਸਤਰੇ ਤਿਆਰ ਕਰ ਦਿੱਤੇ ਗਏ ਹਨ। ਇਸ ਜੇਲ੍ਹ ਵਿੱਚ ਆਮ ਤੌਰ 'ਤੇ ਅਤਿ ਖ਼ਤਰਨਾਕ ਅਤਿਵਾਦੀਆਂ, ਅਪਰਾਧੀਆਂ ਨੂੰ ਅਤਿਅੰਤ ਸੁਰੱਖਿਆ ਪ੍ਰਬੰਧਾਂ ਹੇਠ ਰੱਖਿਆ ਜਾਂਦਾ ਹੈ। ਇਥੇ ਕੈਦੀਆਂ ਨੂੰ ਬਹੁਤ ਤਸੀਹੇ ਦਿੱਤੇ ਜਾਂਦੇ ਹਨ। ਕੈਦੀਆਂ ਨੂੰ ਬਿਨ੍ਹਾਂ ਮੁਕੱਦਮੇ ਅਣਮਿੱਥੇ ਸਮੇਂ ਲਈ ਰੱਖਿਆ ਜਾਂਦਾ ਹੈ। ਪਿਛਲੇ 20 ਸਾਲਾਂ 'ਚ ਇਥੇ ਘੱਟੋ-ਘੱਟ 9 ਕੈਦੀਆਂ ਦੀ ਮੌਤ ਹੋਈ ਅਤੇ 7 ਨੇ ਆਤਮ ਹੱਤਿਆ ਕੀਤੀ। ਕੈਦੀਆਂ ਨੂੰ ਕਠਿਨ ਤਸੀਹੇ ਦੇਣ ਦੀ ਵਜਾਹ ਕਾਰਨ ਮਨੁੱਖੀ ਅਧਿਕਾਰ ਸੰਗਠਨਾਂ ਵੱਲੋਂ ਇਸ ਜੇਲ੍ਹ ਨੂੰ ਵਿਰੋਧ ਝੱਲਣਾ ਪਿਆ। ਇਸ ਸਮੇਂ ਇਸ ਜੇਲ੍ਹ 'ਚ ਸਿਰ.ਫ 15 ਕੈਦੀ ਹਨ। ਸਾਲ 2020 ਤੋਂ 2023 ਤੱਕ ਇਥੇ ਸਿਰ.ਫ 37 .ਗੈਰ-ਕਾਨੂੰਨੀ ਪ੍ਰਵਾਸੀਆਂ ਨੂੰ ਰੱਖਿਆ ਗਿਆ। ਰਾਸ਼ਟਰਪਤੀ ਬਰਾਕ ਓਬਾਮਾ ਅਤੇ ਜੋਅ ਬਾਇਡਨ ਇਸ ਜੇਲ੍ਹ ਨੂੰ ਬੰਦ ਕਰਨ ਲਈ ਯਤਨ ਕਰ ਚੁੱਕੇ ਹਨ, ਪਰ ਅਮਰੀਕੀ ਕਾਂਗਰਸ ਦੇ ਵਿਰੋਧ ਕਾਰਨ ਬੰਦ ਨਹੀਂ ਕੀਤੀ ਜਾ ਸਕੀ।

ਅਮਰੀਕਾ 'ਚ ਇੱਕ ਸੂਚਨਾ ਅਨੁਸਾਰ ਦੁਨੀਆਂ ਭਰ ਦੇ 1 ਕਰੋੜ ਦੇ ਕਰੀਬ ਨਜਾਇਜ਼ ਤੌਰ 'ਤੇ ਅਮਰੀਕਾ ਵਸੇ ਪਰਵਾਸੀ( ਟਰੰਪ ਅਨੁਸਾਰ 2 ਕਰੋੜ )ਜਿਹਨਾਂ ਵਿੱਚ 6 ਲੱਖ ਪਰਵਾਸੀ ਭਾਰਤੀ ਵੀ ਸ਼ਾਮਲ ਹਨ, ਜੋ ਮੋਟੀਆਂ ਰਕਮਾਂ ਦੇ ਕੇ ਕੈਨੇਡਾ ਤੋਂ ਜਾਂ ਮੈਕਸੀਕੋ ਰਾਹੀਂ ਅਮਰੀਕਾ ਪੁੱਜੇ ਹਨ। ਜੋ ਟਰੰਪ ਦੇ ਡਰ ਤੋਂ ਸੁਰੱਖਿਅਤ ਟਿਕਾਣਿਆਂ ਤੇ ਕੈਲੀਫੋਰਨੀਆ ਬੋਸਟਨ ਆਦਿ ਰਾਜਾਂ 'ਚ ਜਾ ਦੁਬਕੇ ਹਨ,ਜਿੱਥੇ ਬਾਇਡਨ ਤੇ ਕਮਲਾ ਹੈਰਿਸ ਦੀ ਪਾਰਟੀ ਡੈਮੋਕਰੇਟਿਕ ਦਾ ਰਾਜ ਹੈ।ਟਰੰਪ ਨੇ ਮੈਕਸੀਕੋ ਬਾਰਡਰ ਬੰਦ ਕਰ ਦਿੱਤਾ ਹੈ ਅਤੇ ਨਜਾਇਜ਼ ਪਰਵਾਸੀਆਂ ਦੇ ਲਾਂਘੇ ਨੂੰ ਸਖ਼ਤੀ ਨਾਲ ਰੋਕ ਦਿੱਤਾ ਹੈ। ਅਮਰੀਕੀ ਬਾਰਡਰ ਇਮੀਗ੍ਰੇਸ਼ਨ ਅਨੁਸਾਰ ਕੈਨੇਡਾ ਬਾਰਡਰ ਤੋਂ 2.75 ਲੱਖ,ਮੈਕਸੀਕੋ ਬਾਰਡਰ ਤੋਂ 2.25 ਲੱਖ ਅਤੇ ਹੋਰ ਬਾਰਡਰਾਂ ਰਾਹੀਂ ਦੋ 2.25 ਲੱਖ ਭਾਰਤੀ ਅਮਰੀਕਾ ਪੁੱਜੇ ਹੋਏ ਹਨ। ਟਰੰਪ ਪ੍ਰਸ਼ਾਸਨ ਨੇ ਤੁਰੰਤ 18000 .ਗੈਰ ਕਾਨੂੰਨੀ ਪਰਵਾਸੀਆਂ ਨੂੰ ਭਾਰਤ ਭੇਜਣ ਦਾ .ਫੈਸਲਾ ਲੈ ਲਿਆ ਹੈ। ਰਾਸ਼ਟਰਪਤੀ ਟਰੰਪ ਨੇ ਲੇਕਨ ਰਿਲੇਅ ਐਕਟ ਉੱਪਰ ਦਸਤਖ਼ਤ ਕੀਤੇ ਹਨ, ਜਿਹੜਾ .ਗੈਰ-ਕਾਨੂੰਨੀ ਪਰਵਾਸੀਆਂ ਵਿਰੁੱਧ ਕਾਰਵਾਈ ਲਈ ਇਮੀਗ੍ਰੇਸ਼ਨ ਅ.ਫਸਰਾਂ ਨੂੰ ਬਹੁਤ ਜ਼ਿਆਦਾ ਅਧਿਕਾਰ ਦਿੰਦਾ ਹੈ। ਹੁਣ ਇਸ ਕਾਨੂੰਨ ਤਹਿਤ ਇਮੀਗ੍ਰੇਸ਼ਨ ਅ.ਫਸਰ .ਗੈਰ-ਕਾਨੂੰਨੀ ਪਰਵਾਸੀ ਨੂੰ ਉਸੇ ਵੇਲੇ ਆਪਣੀ ਹਿਰਾਸਤ ਵਿੱਚ ਲੈ ਸਕਣਗੇ, ਜਦੋਂ ਕਿਸੇ ਅਪਰਾਧ ਤਹਿਤ ਪੁਲਿਸ ਅ.ਫਸਰਾਂ ਵੱਲੋਂ ਉਸ ਨੂੰ ਗ੍ਰਿ.ਫਤਾਰ ਕੀਤਾ ਜਾਵੇਗਾ। ਉਸ ਵਿਰੁੱਧ ਮੁਕੱਦਮੇ ਦੀ ਬਜਾਏ ਉਸ ਨੂੰ ਸਿੱਧਾ ਦੇਸ਼-ਨਿਕਾਲਾ ਦੇ ਦਿੱਤਾ ਜਾਵੇਗਾ।

ਟਰੰਪ ਤਾਕਤ ਦੇ .ਗਰੂਰ ਵਿੱਚ ਇਤਨਾ ਨਸ਼ਿਆ ਚੁੱਕਾ ਹੈ ਕਿ ਨਿੱਤ - ਦਿਹਾੜੇ ਉਸ ਵੱਲੋਂ .ਗੈਰ ਕਾਨੂੰਨੀ ਆਦੇਸ਼ ਜਾਰੀ ਹੋ ਰਹੇ ਹਨ, ਜਿਹਨਾਂ ਨੂੰ ਅਮਰੀਕੀ ਅਦਾਲਤਾਂ ਵਿੱਚ ਚੁਣੌਤੀ ਦਿੱਤੀ ਗਈ ਹੈ। ਸੀਐਟਲ (ਕੈਲੇਫੋਰਨੀਆਂ) ਦੀ ਅਮਰੀਕੀ ਸੰਘੀ ਅਦਾਲਤ ਵੱਲੋਂ ਜਨਮ ਦੇ ਆਧਾਰ 'ਤੇ ਨਾਗਰਿਕਤਾ ਖ਼ਤਮ ਕਰਨ ਦੇ ਟਰੰਪ ਦੇ ਹੁਕਮਾਂ 'ਤੇ ਰੋਕ ਲਗਾ ਦਿੱਤੀ ਗਈ ਹੈ।ਅਦਾਲਤ ਨੇ ਕਿਹਾ ਹੈ ਕਿ ਜਨਮ ਦੇ ਆਧਾਰ 'ਤੇ ਨਾਗਰਿਕਤਾ ਦੇਣ ਤੋਂ ਇਨਕਾਰ ਕਰਨਾ .ਗੈਰ ਕਾਨੂੰਨੀ ਤੇ ਜ਼ਾਲਮਾਨਾ ਹੈ ਤੇ ਅਮਰੀਕੀ ਕਦਰਾਂ-ਕੀਮਤਾਂ ਦੇ ਉਲਟ ਹੈ। ਇਥੇ ਇਹ ਵਰਣਨ ਕਰਨਾ ਜ਼ਰੂਰੀ ਹੈ ਕਿ ਅਮਰੀਕੀ ਸੰਵਿਧਾਨ ਦੀ ਚੌਦਵੀਂ ਸੋਧ ਜਨਮ ਨਾਗਰਿਕਤਾ ਗਰੰਟੀ ਨੂੰ 1868 'ਚ ਸਿਵਲ ਯੁੱਧ ਦੇ ਮੱਦੇ ਨਜ਼ਰ ਪ੍ਰਵਾਨਗੀ ਦਿੱਤੀ ਗਈ ਸੀ, ਤਾਂ ਜੋ ਗੁਲਾਮ ਕਾਲੇ ਲੋਕ ਵੀ ਨਾਗਰਿਕ ਬਣ ਸਕਣ। ਅਮਰੀਕੀ ਸੈਨਟ 'ਚ ਇੱਕ ਬਿੱਲ ਪੇਸ਼ ਕਰਦੇ ਹੋਏ ਅਮਰੀਕਾ 'ਚ ਜਨਮ ਤੋਂ ਹੀ ਨਾਗਰਿਕਤਾ ਦੇ ਅਧਿਕਾਰ ਨੂੰ ਖ਼ਤਮ ਕਰਨ ਦੀ ਮੰਗ ਕੀਤੀ ਗਈ ਹੈ। ਇਹ ਬਿੱਲ ਸੱਤਾਧਾਰੀ ਰੀਪਬਲਿਕਨ ਪਾਰਟੀ ਦੇ ਤਿੰਨ ਮੈਂਬਰਾਂ ਵੱਲੋਂ ਲਿਆਂਦਾ ਹੈ। ਇਥੇ ਇਹ ਵਰਨਣ ਯੋਗ ਹੈ ਕਿ ਸਾਲ 2023 'ਚ 2-2.5 ਲੱਖ ਬੱਚਿਆਂ ਨੂੰ ਜਨਮ ਅਧਿਕਾਰ ਨਾਗਰਿਕਤਾ ਮਿਲੀ ਸੀ। ਟਰੰਪ ਦਾ ਬਿਆਨ ਵੀ ਚਰਚਾ 'ਚ ਹੈ ਕਿ ਜਨਮ ਜਾਤ ਨਾਗਰਿਕਤਾ ਮੁੱਖ ਤੌਰ 'ਤੇ ਗੁਲਾਮਾਂ ਦੇ ਬੱਚਿਆਂ ਲਈ ਸੀ। ਇਹ ਪੂਰੀ ਦੁਨੀਆਂ ਦੇ ਲੋਕਾਂ ਦੇ ਅਮਰੀਕਾ ਆਉਣ ਤੇ ਭੀੜ ਲਗਾਉਣ ਲਈ ਨਹੀਂ ਹੈ।

ਡੋਨਾਲਡ ਟਰੰਪ ਅਤੇ ਉਸਦੇ ਪ੍ਰਸ਼ਾਸਨਿਕ ਅਧਿਕਾਰੀ ਆਪਣੇ ਵੱਲੋਂ ਕੀਤੇ ਸੱਚੇ ਝੂਠੇ ਵਾਅਦਿਆਂ ਦੀ ਪੂਰਤੀ ਲਈ ਇੰਨੇ ਕਾਹਲੇ ਹਨ ਕਿ ਉਹਨਾਂ ਵੱਲੋਂ ਇਮੀਗਰੇਸ਼ਨ ਕਸਟਮ ਫੋਰਸਮੈਂਟ ਅਤੇ ਸਰਹੱਦੀ ਸੁਰੱਖਿਆ ਲਾਗੂ ਕਰਨ ਲਈ ਬਾਇਡਨ ਪ੍ਰਸ਼ਾਸਨ ਦੇ ਵੱਲੋਂ ਦਿੱਤੇ ਦਿਸ਼ਾ-ਨਿਰਦੇਸ਼ਾਂ ਨੂੰ ਰੱਦ ਕਰ ਦਿੱਤਾ, ਜੋ ਅਖੌਤੀ ਸੰਵੇਦਨਸ਼ੀਲ ਖੇਤਰਾਂ ਜਾਂ ਉਹਨਾਂ ਨੇੜੇ ਕਾਨੂੰਨ ਲਾਗੂ ਕਰਨ ਸੰਬੰਧੀ ਕਾਰਵਾਈਆਂ ਨੂੰ ਰੋਕਦੀਆਂ ਹਨ। ਇਹਨਾਂ ਸੰਵੇਦਨਸ਼ੀਲ ਖੇਤਰਾਂ 'ਚ ਗੁਰਦੁਆਰਾ ਅਤੇ ਚਰਚ ਵਰਗੇ ਪੂਜਾ ਸਥਾਨ ਵੀ ਸ਼ਾਮਲ ਹਨ। ਇਹਨਾਂ ਕਾਰਵਾਈਆਂ ਦੇ ਚਲਦਿਆਂ ਅਮਰੀਕੀ ਏਜੰਸੀਆਂ ਵੱਲੋਂ ਗੁਰਦੁਆਰਿਆਂ ਦੇ ਗੇੜੇ ਮਾਰਨੇ ਸ਼ੁਰੂ ਕਰ ਦਿੱਤੇ ਗਏ ਹਨ।

ਇੱਥੇ ਹੀ ਬੱਸ ਨਹੀਂ ਤਾਕਤ ਦਾ .ਗੁਬਾਰ ਟਰੰਪ ਦੇ ਸਿਰ ਵਿੱਚੋਂ ਇਥੋਂ ਤੱਕ ਚੜ੍ਹ ਕੇ ਬੋਲ ਰਿਹਾ ਹੈ ਕਿ ਟਰੰਪ ਦੇ ਇੱਕ .ਫਰਮਾਨ ਨਾਲ਼ 180 ਦੇਸ਼ਾਂ ਨੂੰ 5 ਲੱਖ ਡਾਲਰ ਦੀ ਮਦਦ ਬੰਦ ਕਰ ਦਿੱਤੀ ਗਈ ਹੈ,ਜਿਸ ਵਿੱਚ ਭਾਰਤ ਦੀ 1300 ਕਰੋੜ ਦੀ ਮਦਦ ਥੰਮ੍ਹ ਗਈ ਹੈ। ਇਸ ਨਾਲ਼ ਐੱਚ.ਆਈ.ਵੀ./ਏਡਜ਼ ਦੇ ਖਿਲਾ.ਫ ਜਾਰੀ ਲੜਾਈ ਲਈ ਅ.ਫਰੀਕੀ ਦੇਸ਼ਾਂ ਨੂੰ ਮਦਦ ਵੀ ਪ੍ਰਭਾਵਿਤ ਹੋਵੇਗੀ। ਇਸ ਯੋਜਨਾ ਤਹਿਤ ਹੁਣ ਤੱਕ 2.6 ਕਰੋੜ ਲੋਕਾਂ ਦੀ ਜਾਨ ਬਚਾਈ ਗਈ।

ਟਰੰਪ ਵੱਲੋਂ ਨਿੱਤ - ਦਿਹਾੜੇ ਕੀਤੇ ਜਾ ਰਹੇ ਐਲਾਨ ਅਤੇ ਵਾਅਦੇ ਦੇਸ਼ ਨੂੰ ਅਰਾਜਕਤਾ ਵੱਲ ਧੱਕਣ ਦਾ ਕਾਰਨ ਬਣਨਗੇ। ਅਮਰੀਕਾ ਵੱਲੋਂ ਵੱਖੋ-ਵੱਖਰੇ ਦੇਸ਼ਾਂ ਨੂੰ ਉਹਨਾਂ ਵੱਲੋਂ ਦਿੱਤੇ ਆਦੇਸ਼ਾਂ ਨੂੰ ਨਾ ਮੰਨਣ 'ਤੇ ਦਿੱਤੀਆਂ ਵੱਡੀਆਂ ਧਮਕੀਆਂ, ਅਮਰੀਕਾ ਦੇ ਦੋਸਤ ਦੇਸ਼ਾਂ ਨਾਲ਼ ਸੰਬੰਧ ਵਿਗਾੜਨਗੀਆਂ ਅਤੇ ਇਹ ਦੇਸ਼ ਕਿਸੇ ਹੋਰ ਦੇਸ਼ ਨਾਲ਼ ਆਪਣੀ ਸਾਂਝ ਵਧਾਉਣ ਲਈ ਅੱਗੇ ਆਉਣਗੇ। ਭਾਰਤ ਤੇ ਅਮਰੀਕਾ ਦੇ ਸੰਬੰਧ ਸੁਖਾਵੇਂ ਹਨ, ਪਰ ਟਰੰਪ ਵੱਲੋਂ ਮੌਜੂਦਾ ਸਮੇਂ ਭਾਰਤ ਨਾਲ਼ ਭੈੜਾ ਵਿਵਹਾਰ ਦੋਹਾਂ ਦੇਸ਼ਾਂ ਦੇ ਆਪਸੀ ਵਪਾਰ ਅਤੇ ਸੰਬੰਧਾਂ 'ਤੇ ਅਸਰ ਪਾਏਗਾ। ਭਾਰਤ, ਚੀਨ ਅਤੇ ਬ੍ਰਾਜ਼ੀਲ ਉੱਤੇ 100 .ਫੀਸਦੀ ਟੈਕਸ ਲਗਾਉਣ ਦੀਆਂ ਖ਼ਬਰਾਂ ਵੀ ਹਨ। ਟਰੰਪ ਦੇ ਨਿਸ਼ਾਨੇ ਉਤੇ ਚੀਨ ਅਤੇ ਰੂਸ ਤੋਂ ਵੀ ਪਹਿਲਾਂ ਗੁਆਂਢੀ ਮੁਲਕ ਕੈਨੇਡਾ ਅਤੇ ਮੈਕਸੀਕੋ ਹਨ। ਇਹਨਾਂ ਦੋਨਾਂ ਦੇਸ਼ਾਂ ਨਾਲ ਅਮਰੀਕਾ ਦਾ ਵਪਾਰ ਇੱਕ ਟ੍ਰਿਲੀਅਨ ਡਾਲਰ ਹੈ। ਟਰੰਪ ਦਾ ਕਹਿਣਾ ਹੈ ਕਿ ਇਹ ਦੋਵੇਂ ਮੁਲਕ ਉਸਦੀ ਉਦਾਰਤਾ ਦਾ ਲਾਭ ਲੈ ਰਹੇ ਹਨ। ਉਸਨੇ ਇਹਨਾਂ ਮੁਲਕਾਂ ਨੂੰ ਧਮਕੀ ਦਿੱਤੀ ਹੈ ਕਿ ਜੇਕਰ ਉਹ ਬਾਜ ਨਾ ਆਏ ਤਾਂ ਅਮਰੀਕਾ ਟੈਕਸ ਟੈਰਿਫ ਵਧਾ ਦੇਵੇਗਾ।

ਡੋਨਾਲਡ ਟਰੰਪ ਸਹੁੰ ਚੁੱਕਣ ਤੋਂ ਬਾਅਦ ਸੈਨਾ ਦੇ ਕਮਾਂਡਰ-ਇਨ-ਚੀ.ਫ ਸਵਾਗਤ ਸਮਾਰੋਹ 'ਚ ਤਲਵਾਰ ਲੈ ਕੇ ਨੱਚਦੇ ਨਜ਼ਰ ਆਏ। ਉਹਨਾਂ ਤਲਵਾਰ ਨਾਲ ਕੇਕ ਕੱਟਿਆ।ਉਹਨਾਂ ਦਾ ਇਹ ਰੂਪ-ਸਰੂਪ ਨਾਜ਼ੀ ਸਰੂਪ ਦਾ ਪ੍ਰਤੀਕ ਜਾਪ ਰਿਹਾ ਹੈ। ਇਹ ਉਹਨਾਂ ਦਾ ਸਵਾਰਥੀ ਸਰੂਪ ਵੀ ਹੈ। ਟਰੰਪ ਅਮਰੀਕਾ ਨੂੰ ਗ੍ਰੇਟ ਬਣਾਉਣ ਦੇ ਚੱਕਰ 'ਚ ਆਪਣਾ ਅਕਸ ਵੱਡਾ ਕਰਨ ਦੀ ਤਾਕ 'ਚ ਹੈ।

ਜਿਵੇਂ ਭਾਰਤੀ ਲੋਕਤੰਤਰ 'ਚ ਨਰੇਂਦਰ ਮੋਦੀ ਭਾਜਪਾ ਆਰ.ਐੱਸ.ਐੱਸ.ਦੀ ਛਤਰ-ਛਾਇਆ 'ਚ ਦੇਸ਼ ਵਿੱਚ ਰਾਜਾਸ਼ਾਹੀ ਲਿਆਉਣ ਦੀ ਤਾਕ ਵਿੱਚ ਹੈ ਅਤੇ ਜਿਵੇਂ ਲੋਕਤੰਤਰ ਦੇ ਪਰਦੇ ਹੇਠ ਵਲਾਦੀਮੀਰ ਪੁਤਿਨ ਨੇ ਰੂਸ 'ਚ ਤਾਨਾਸ਼ਾਹੀ ਹਕੂਮਤ ਕਾਇਮ ਕਰ ਦਿੱਤੀ ਹੈ, ਉਵੇਂ ਹੀ ਰਾਸ਼ਟਰਪਤੀ ਡੋਨਾਲਡ ਟਰੰਪ ਜੋ ਰਾਸ਼ਟਰਵਾਦ ਦਾ ਅਮਰੀਕਾ ਵਿੱਚ ਨਵਾਂ ਅਧਿਆਏ ਲਿਖ ਰਿਹਾ ਹੈ, ਆਪਣੇ ਕੌਤਕੀ ਸੁਭਾਅ ਨਾਲ਼ ਆਪਣਾ ਸਖਸ਼ੀ ਉਭਾਰ ਕਰਕੇ ਦੁਨੀਆ 'ਚ ਇੱਕ ਡਿਕਟੇਟਰ ਵਜੋਂ ਆਪਣਾ ਨਾਂ ਪੈਦਾ ਕਰਨ ਦੇ ਯਤਨ 'ਚ ਹੈ। ਇਹ ਲੋਕਤੰਤਰ ਅਮਰੀਕਾ ਲਈ ਹੀ ਘਾਤਕ ਨਹੀਂ ਹੈ, ਸਗੋਂ ਸਮੁੱਚੀ ਦੁਨੀਆਂ ਲਈ ਖ਼ਤਰੇ ਦੀ ਘੰਟੀ ਹੈ।

# ਗੁਰਦੁਆਰਾ ਬਾਬਾ ਦੀਪ ਸਿੰਘ ਜੀ ਸ਼ਹੀਦ ਵਿਖੇ ਸ਼ਹੀਦ ਬਾਬਾ ਦੀਪ ਸਿੰਘ ਜੀ ਦਾ ਜਨਮ ਦਿਹਾੜਾ ਖ਼ਾਲਸਾਈ ਜਾਹੋ-ਜਲਾਲ ਨਾਲ ਮਨਾਇਆ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਇੰਗਲੈਂਡ ਦੇ ਸ਼ਹਿਰ ਬਰਮਿੰਘਮ ਵਿਖੇ ਗੁਰਦੁਆਰਾ ਬਾਬਾ ਦੀਪ ਸਿੰਘ ਜੀ ਸ਼ਹੀਦ ਵਿਖੇ ਬਾਬਾ ਜੀ ਦਾ ਜਨਮ ਦਿਹਾੜਾ ਖ਼ਾਲਸਾਈ ਜਾਹੋ-ਜਲਾਲ ਨਾਲ ਮਨਾਇਆ ਗਿਆ। ਜਾਣਕਾਰੀ ਦਿੰਦਿਆਂ ਗੁਰਦੁਆਰਾ ਸਾਹਿਬ ਦੇ ਮੈਨੇਜਰ ਭਾਈ ਗੁਰਪ੍ਰੀਤ ਸਿੰਘ ਮੱਤਾ ਨੇ ਦੱਸਿਆ ਕਿ ਇਨ੍ਹਾਂ ਸਮਾਗਮਾਂ ਵਿਚ ਰਾਗੀ ਭਾਈ ਸਰਬਜੀਤ ਸਿੰਘ ਲਾਡੀ ਸ੍ਰੀ ਦਰਬਾਰ ਸਾਹਿਬ, ਗਿਆਨੀ ਗੁਰਜੀਤ ਸਿੰਘ ਪਟਿਆਲਾ, ਉਸਤਾਦ ਭਾਈ ਸ਼ਮਿੰਦਰਪਾਲ ਸਿੰਘ ਤੇ ਭਾਈ ਸਤਵਿੰਦਰਪਾਲ ਸਿੰਘ, ਸੰਤ ਸੁਰਿੰਦਰ ਸਿੰਘ ਸ੍ਰੀ ਅੰਮ੍ਰਿਤਸਰ, ਭਾਈ ਜਸਬੀਰ ਸਿੰਘ ਨਕੋਦਰ, ਭਾਈ ਮਨਿੰਦਰ ਸਿੰਘ ਦਮਦਮੀ ਟਕਸਾਲ, ਭਾਈ ਸੁਲੱਖਣ ਸਿੰਘ ਸ੍ਰੀ ਤਰਨ ਤਾਰਨ, ਭਾਈ ਸੁਖਨਿੰਦਰ ਸਿੰਘ ਅਰਫ, ਭਾਈ ਤੇਜਿੰਦਰ ਸਿੰਘ ਖੰਨਾ, ਗਿਆਨੀ ਨਿਰਮਲ ਸਿੰਘ ਧੂਲਕੋਟ ਸਮੇਤ ਪੰਥ ਪ੍ਰਸਿੱਧ ਰਾਗੀ, ਢਾਡੀ ਤੇ ਕਵੀਸ਼ਰੀ ਜਥਿਆਂ ਨੇ ਸੰਗਤ ਨੂੰ ਗੁਰਬਾਣੀ ਤੇ ਸਿੱਖ ਇਤਿਹਾਸ ਸਰਵਣ ਕਰਵਾ ਕੇ ਨਿਹਾਲ ਕੀਤਾ ਅਤੇ ਅਖੰਡ ਕੀਰਤਨ ਦਰਬਾਰ ਵੀ ਕਰਵਾਇਆ ਗਿਆ। ਇਸ ਮੌਕੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ ਅਤੇ ਸ੍ਰੀ ਦਰਬਾਰ ਸਾਹਿਬ ਦੇ ਅਰਦਾਸੀਏ ਭਾਈ ਕੁਲਵਿੰਦਰ ਸਿੰਘ ਵੱਲੋਂ ਅਰਦਾਸ ਕੀਤੀ ਗਈ।


ਕੀਰਤਨ ਕਰਦੇ ਹੋਏ ਕੀਰਤਨੀਏ ਸਿੰਘ

ਇਸ ਮੌਕੇ ਨਿਹੰਗ ਸਿੰਘਾਂ ਦੀ ਪ੍ਰਮੁੱਖ ਜਥੇਬੰਦੀ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਵੱਲੋਂ ਪੁਰਾਤਨ ਮਰਯਾਦਾ ਅਨੁਸਾਰ ਮਹੱਲਾ ਕੱਢਿਆ ਗਿਆ, ਗਤਕੇ ਦੇ ਜ਼ੌਹਰ ਦਿਖਾਏ ਗਏ ਅਤੇ ਸ਼ਹੀਦ ਬਾਬਾ ਦੀਪ ਸਿੰਘ ਜੀ ਦੀ ਖ਼ਾਲਸਾਈ ਜੀਵਨ-ਜਾਚ ਤੇ ਨਹਿੰਗ ਰਹਿਣੀ-ਬਹਿਣੀ ਦੀ ਤਸਵੀਰ ਪੇਸ਼ ਕੀਤੀ ਗਈ। ਇਸ ਤੋਂ ਇਲਾਵਾ ਇੰਟਰਨੈਸ਼ਨਲ ਸਟੂਡੈਂਟਸ ਦੀ ਚੜ੍ਹਦੀ ਕਲਾ ਲਈ ਸ੍ਰੀ ਸਹਿਜ ਪਾਠ ਸਾਹਿਬ ਦੇ ਭੋਗ ਵੀ ਪਾਏ ਗਏ ਜਿਸ ਦੌਰਾਨ ਸਟੂਡੈਂਟਸ ਵੱਲੋਂ ਵੱਧ ਚੜ੍ਹ ਕੇ ਸੇਵਾ ਕੀਤੀ ਗਈ। ਇਸਦੇ ਨਾਲ ਹੀ ਵਾਲੀਬਾਲ ਮੁਕਾਬਲਾ ਵੀ ਕਰਵਾਇਆ ਗਿਆ ਜਿਸ ਵਿਚ ਸ਼ਹੀਦ ਬਾਬਾ ਦੀਪ ਸਿੰਘ ਜੀ ਸਪੋਰਟਸ ਕਲੱਬ ਦੀ ਟੀਮ ਜੇਤੂ ਰਹੀ। ਗੁਰਦੁਆਰਾ ਸਾਹਿਬ ਦੇ ਟਰੱਸਟੀ ਭਾਈ ਮਨਜਿੰਦਰ ਸਿੰਘ ਤੇ ਭਾਈ ਹਰਦੀਪ ਸਿੰਘ ਵੱਲੋਂ ਸਮੂਹ ਪ੍ਰਮੁੱਖ ਸ਼ਖ਼ਸੀਅਤਾਂ ਅਤੇ ਸੰਗਤਾਂ ਨੂੰ ਜੀ ਆਇਆਂ ਆਖਦਿਆਂ ਧੰਨਵਾਦ ਕੀਤਾ ਗਿਆ।

## 'ਗਲੋਬਲ ਟੀਚਰ ਪ੍ਰਾਈਜ਼ 2025' ਲਈ ਚੁਣੇ ਗਏ ਚੋਟੀ ਦੇ 10 ਲੋਕਾਂ ਵਿੱਚ ਰਾਜਸਥਾਨ ਦਾ ਇੱਕ ਅਧਿਆਪਕ ਵੀ ਸ਼ਾਮਲ ਹੈ

**ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਰਾਜਸਥਾਨ ਦਾ ਇੱਕ ਅਧਿਆਪਕ 'ਐਜੂਕੇਸ਼ਨ ਗਲੋਬਲ ਟੀਚਰ ਪ੍ਰਾਈਜ਼' 2025 ਲਈ ਚੁਣੇ ਗਏ ਚੋਟੀ ਦੇ 10 ਲੋਕਾਂ ਦੀ ਸੂਚੀ ਵਿੱਚ ਜਗ੍ਹਾ ਬਣਾਈ ਹੈ। ਇਸ ਪੁਰਸਕਾਰ ਦੀ ਇਨਾਮੀ ਰਾਸ਼ੀ 1 ਮਿਲੀਅਨ ਅਮਰੀਕੀ ਡਾਲਰ ਹੈ।**



ਉਨ੍ਹਾਂ ਨੂੰ ਇਸ ਪੁਰਸਕਾਰ ਲਈ ਤਕਨਾਲੋਜੀ ਦੇ ਨਵੀਨਤਾਕਾਰੀ ਉਪਯੋਗ ਰਾਹੀਂ ਪੇਂਡੂ ਸਿੱਖਿਆ ਨੂੰ ਮਜ਼ਬੂਤ ਕਰਨ ਲਈ ਚੁਣਿਆ ਗਿਆ ਹੈ। ਇਸ ਪੁਰਸਕਾਰ ਲਈ ਦੁਨੀਆ ਦੇ 89 ਦੇਸ਼ਾਂ ਤੋਂ 5,000 ਤੋਂ ਵੱਧ ਨਾਮਜ਼ਦਗੀਆਂ ਅਤੇ ਅਰਜ਼ੀਆਂ ਪ੍ਰਾਪਤ ਹੋਈਆਂ ਸਨ, ਜਿਨ੍ਹਾਂ ਵਿੱਚੋਂ ਚੋਟੀ ਦੇ 10 ਲੋਕਾਂ ਨੂੰ ਫਾਈਨਲ ਲਈ ਚੁਣਿਆ ਗਿਆ ਹੈ, ਜਿਸ ਵਿੱਚ ਸਰਕਾਰੀ ਸੰਸਕ੍ਰਿਤ ਸੈਕੰਡਰੀ ਸਕੂਲ ਅਲਵਰ, ਰਾਜਸਥਾਨ ਦੇ ਅਧਿਆਪਕ ਮੁਹੰਮਦ ਇਮਰਾਨ ਖਾਨ ਮੇਵਾਤੀ ਦਾ ਨਾਮ ਵੀ ਸ਼ਾਮਲ ਹੈ। ਇਨ੍ਹਾਂ 10 ਲੋਕਾਂ ਵਿੱਚੋਂ ਅੰਤਿਮ ਜੇਤੂ ਦੀ ਚੋਣ ਕੀਤੀ ਜਾਵੇਗੀ। ਇਸ ਪੁਰਸਕਾਰ ਦੇ ਜੇਤੂ ਦਾ ਐਲਾਨ 11 ਤੋਂ 13 ਫਰਵਰੀ ਦੇ ਵਿਚਕਾਰ ਦੁਬਈ ਵਿੱਚ ਕੀਤਾ ਜਾਵੇਗਾ।

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਵੀ ਮੇਵਾਤੀ ਦੀ ਪ੍ਰਸ਼ੰਸਾ ਕੀਤੀ ਹੈ, ਜੋ ਕਿ ਇੱਕ ਅਧਿਆਪਕ ਹੈ ਜਿਸਨੇ ਅੰਤਰਰਾਸ਼ਟਰੀ ਪ੍ਰਸਿੱਧੀ ਪ੍ਰਾਪਤ ਕੀਤੀ ਹੈ। ਮੇਵਾਤੀ ਨੂੰ ਸਕੂਲ ਦੀਆਂ ਜਮਾਤਾਂ ਤੋਂ ਪਰੇ ਜਾ ਕੇ ਬੁਨਿਆਦੀ ਢਾਂਚੇ ਦੀਆਂ ਚੁਣੌਤੀਆਂ ਨੂੰ ਹੱਲ ਕਰਨ, ਹਜ਼ਾਰਾਂ ਅਧਿਆਪਕਾਂ ਨੂੰ ਸਿਖਲਾਈ ਦੇਣ ਅਤੇ ਵਾਤਾਵਰਣ ਸੰਭਾਲ ਨੂੰ ਉਤਸ਼ਾਹਿਤ ਕਰਨ ਲਈ ਚੁਣਿਆ ਗਿਆ ਹੈ।


## ਦੱਖਣੀ ਆਇਰਲੈਂਡ 'ਚ ਸੜਕ ਹਾਦਸੇ ਵਿੱਚ ਦੋ ਭਾਰਤੀ ਵਿਦਿਆਰਥੀਆਂ ਦੀ ਮੌਤ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਦੱਖਣੀ ਆਇਰਲੈਂਡ ਦੇ ਕਾਉਂਟੀ ਕਾਰਲੋ ਵਿੱਚ ਇੱਕ ਦਰੱਖਤ ਨਾਲ ਟਕਰਾਉਣ ਕਾਰਨ 2 ਭਾਰਤੀ ਵਿਦਿਆਰਥੀਆਂ ਚੇਰੇਕੁਰੀ ਸੁਰੇਸ਼ ਚੌਧਰੀ ਅਤੇ ਚਿਥੁਰੀ ਭਾਰਗਵ ਦੀ ਮੌਤ ਹੋ ਗਈ ਅਤੇ 2 ਹੋਰ ਗੰਭੀਰ ਰੂਪ ਵਿੱਚ ਜ਼ਖਮੀ ਹੋ ਗਏ। ਆਇਰਿਸ਼ ਪੁਲਸ ਮੁਤਾਬਿਕ ਚੇਰੇਕੁਰੀ ਸੁਰੇਸ਼ ਚੌਧਰੀ ਅਤੇ ਚਿਥੁਰੀ ਭਾਰਗਵ ਨੂੰ ਸਥਾਨਕ ਪੁਲਸ ਅਤੇ ਐਮਰਜੈਂਸੀ ਸੇਵਾਵਾਂ ਨੇ ਮੌਕੇ 'ਤੇ ਹੀ ਮ੍ਰਿਤਕ ਐਲਾਨ ਦਿੱਤਾ ਸੀ। ਆਇਰਲੈਂਡ ਦੀ ਰਾਜਧਾਨੀ ਡਬਲਿਨ ਵਿੱਚ ਭਾਰਤੀ ਦੂਤਘਰ ਨੇ ਇੱਕ ਸ਼ੋਕ ਸੰਦੇਸ਼ ਜਾਰੀ ਕਰਦਿਆਂ ਕਿਹਾ ਕਿ ਡਬਲਿਨ ਕਾਉਂਟੀ ਕਾਰਲੋ ਵਿੱਚ ਇੱਕ ਕਾਰ ਹਾਦਸੇ ਵਿੱਚ 2 ਭਾਰਤੀ ਨਾਗਰਿਕਾਂ ਚੇਰੇਕੁਰੀ ਸੁਰੇਸ਼ ਚੌਧਰੀ ਅਤੇ ਚਿਥੁਰੀ ਭਾਰਗਵ ਦੀ ਦੁਖਦਾਈ ਮੌਤ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕਰਦੇ ਹਾਂ ਅਤੇ ਦੂਤਘਰ ਦੀ ਟੀਮ ਮ੍ਰਿਤਕਾਂ ਦੇ ਪਰਿਵਾਰ ਅਤੇ ਮਿੱਤਰਾਂ ਦੇ ਸੰਪਰਕ ਵਿਚ ਹੈ ਅਤੇ ਹਾਦਸੇ ਵਿਚ ਜ਼ਖਮੀ ਹੋਏ 2 ਭਾਰਤੀ ਨਾਗਰਿਕਾਂ ਨੂੰ ਵੀ ਹਰ ਸੰਭਵ ਸਹਾਇਤਾ ਪ੍ਰਦਾਨ ਕੀਤੀ ਜਾ ਰਹੀ ਹੈ।


ਚੇਰੇਕੁਰੀ ਸੁਰੇਸ਼ ਚੌਧਰੀ ਅਤੇ ਚਿਥੁਰੀ ਭਾਰਗਵ


ਕਾਰਲੋ ਗਾਰਡਾ ਸਟੇਸ਼ਨ ਦੇ ਸੁਪਰਡੈਂਟ ਐਂਥਨੀ ਫਰੇਲ ਨੇ ਕਿਹਾ, "ਇੱਕ ਕਾਲੇ ਰੰਗ ਦੀ ਔਡੀ ਏ6 ਕਾਰ ਕਾਰਲੋ ਸ਼ਹਿਰ ਵੱਲ ਜਾ ਰਹੀ ਸੀ, ਜੋ ਇੱਕ ਦਰੱਖਤ ਨਾਲ ਟਕਰਾ ਗਈ। ਕਾਰ ਵਿੱਚ ਸਵਾਰ ਦੋ ਹੋਰ ਯਾਤਰੀਆਂ ਇੱਕ ਆਦਮੀ ਅਤੇ ਇੱਕ ਔਰਤ, ਜਿਨ੍ਹਾਂ ਦੀ ਉਮਰ 20 ਸਾਲ ਦੇ ਕਰੀਬ ਹੈ, ਨੂੰ ਗੰਭੀਰ ਹਾਲਤ ਵਿੱਚ ਕਿਲਕੇਨੀ ਦੇ ਸੇਂਟ ਲਿਊਕ ਦੇ ਜਨਰਲ ਹਸਪਤਾਲ ਵਿੱਚ ਲਿਜਾਇਆ ਗਿਆ ਪਰ ਦੋਵਾਂ ਦੀ ਹਾਲਤ ਖਤਰੇ ਤੋਂ ਬਾਹਰ ਹੈ।

## ਪ੍ਰੇਮਿਕਾ ਨਾਲ ਅਣਬਣ ਕਾਰਣ ਨੌਜਵਾਨ ਨੇ ਕੀਤੀ ਖ਼ੁਦਕੁਸ਼ੀ



ਡੇਰਾਬੱਸੀ-ਇੱਥੋਂ ਦੀ ਗੁਲਾਬਗੜ੍ਹ ਰੋਡ 'ਤੇ ਲੜਕੀ ਨਾਲ ਦੋਸਤੀ ਟੁੱਟਣ ਮਗਰੋਂ ਨੌਜਵਾਨ ਹਰਪ੍ਰੀਤ ਸਿੰਘ (25) ਵਾਸੀ ਪਿੰਡ ਜਵਾਹਰਪੁਰ ਨੇ ਫਾਹਾ ਲੈ ਕੇ ਖ਼ੁਦਕੁਸ਼ੀ ਕਰ ਲਈ। ਉਸ ਨੇ ਆਪਣੇ ਇੰਸਟਾਗ੍ਰਾਮ ਆਈਡੀ 'ਤੇ ਲੜਕੀ ਨਾਲ ਦੋਸਤੀ ਟੁੱਟਣ ਦੀ ਪੋਸਟ ਸਾਂਝੀ ਕੀਤੀ ਸੀ, ਜਿਸ ਮਗਰੋਂ ਸਵੇਰ ਵੇਲੇ ਉਸ ਦੀ ਦੁਕਾਨ ਦੀ ਤੀਜੀ ਮੰਜ਼ਿਲ 'ਤੇ ਲਾਸ਼ ਲਟਕਦੀ ਮਿਲੀ। ਇਸ ਤੋਂ ਬਾਅਦ ਲੋਕਾਂ ਨੇ ਇਸ ਮਾਮਲੇ ਦੀ ਜਾਣਕਾਰੀ ਪੁਲੀਸ ਨੂੰ ਦਿੱਤੀ। ਉਸ ਤੋਂ ਮਿਲੇ ਖ਼ੁਦਕੁਸ਼ੀ ਨੋਟ ਵਿੱਚ ਉਸ ਨੇ ਕੁੜੀ ਨਾਲ ਪਿਆਰ ਦਾ ਇਜ਼ਹਾਰ ਕਰਦਿਆਂ ਉਸ ਦੇ ਨਾ ਮਿਲਣ 'ਤੇ ਜ਼ਿੰਦਾ ਨਾ ਰਹਿਣ ਦੀ ਗੱਲ ਆਖੀ ਅਤੇ ਕੁੜੀ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਹੁਣ ਉਹ ਤਾਂ ਆਪਣਾ ਵਾਅਦਾ ਪੂਰਾ ਕਰ ਰਿਹਾ ਹੈ ਤੇ ਹੁਣ ਉਸ ਤੋਂ ਬਾਅਦ ਉਹ ਵੀ ਖ਼ੁਦਕੁਸ਼ੀ ਕਰ ਕੇ ਦਿਖਾਏ ਅਤੇ ਉਹ ਉਸ ਦੀ ਉੱਪਰ ਉਡੀਕ ਕਰੇਗਾ।

ਵਿਆਹ, ਪਾਰਟੀਆਂ ਤੇ ਹਰ ਤਰ੍ਹਾਂ ਦੇ ਸਮਾਗਮਾਂ ਲਈ ਹੰਸਲੋ ਵਿਖੇ ਸ਼ਾਨਦਾਰ ਟਿਕਾਣਾ
ਕਿੰਗਜ਼ਵੇਅ ਬੈਂਕਿਊਟਿੰਗ ਸੂਈਟ
ਸਾਡੇ ਤਾਜ਼ਾ ਤੇ ਵੰਨ-ਸੁਵੰਨੇ ਖਾਣਿਆਂ ਦੀ ਚੋਣ ਤੁਹਾਡੀ ਤੇ ਸੇਵਾ ਸਾਡੀ
ਹਰ ਤਰ੍ਹਾਂ ਦੀਆਂ ਪਾਰਟੀਆਂ ਲਈ ਹਾਲ ਮੁਫ਼ਤ!
ਕਿਸੇ ਵੀ ਤਰ੍ਹਾਂ ਦੀ ਪਾਰਟੀ ਦਾ ਆਯੋਜਨ ਕਰਨ ਤੋਂ ਪਹਿਲਾਂ ਇਕ ਵਾਰ ਸਾਡੇ ਨਾਲ ਗੱਲ ਜ਼ਰੂਰ ਕਰੋ।
ਸਾਡੀ ਵਧੀਆ ਅਤੇ ਸ਼ਾਨਦਾਰ ਸਰਿਵਸ ਦੇਖ ਕੇ ਤੁਹਾਡੇ ਮਹਿਮਾਨ ਅਸ਼-ਅਸ਼ ਕਰ ਉਠਣਗੇ ।
ਵਿਆਹ ਮੌਕੇ ਗੁਰਦੁਆਰਾ ਸਾਹਿਬ ਵਿਖੇ ਸਵੇਰ ਦੀ ਚਾਹ ਨਾਲ ਤਾਜ਼ਾ ਸਮੋਸੇ, ਪਕੌੜੇ, ਸਪਰਿੰਗ ਰੋਲ ਤੇ ਤੁਹਾਡੀ ਮਨਪਸੰਦ ਮਿਠਿਆਈ ਬਹੁਤ ਰਿਆਇਤੀ ਭਾਅ ਤੇ ਉਪਲਬਧ ਕਰਦੇ ਹਾਂ !
ਅੱਜ ਹੀ ਸੰਪਰਕ ਕਰੋ ਤੇ ਖਾਣਿਆਂ ਦੇ ਬਾਦਸ਼ਾਹ
ਸਵ: ਉਮਰਾਓ ਅਟਵਾਲ ਦੇ 40 ਸਾਲਾ ਤਜ਼ਰਬੇ ਦਾ ਲਾਭ ਉਠਾਓ
ਯੂ.ਕੇ. 'ਚ ਲੱਡੂਆਂ ਦੇ ਸਭ ਤੋਂ ਮਾਹਿਰ


ਸਵ: ਸ੍ਰ. ਉਮਰਾਓ ਅਟਵਾਲ

KINGSWAY BANQUETING SUITE
270-272 BATH ROAD, HOUNSLOW, MIDDLESEX, TW4 7DF.
(OPP. HOUNSLOW WEST TUBE STATION)
TEL: 020 8570 8351
Email: Kingswaylondon@icloud.com, www.kingswaybanqueting.com

# TIME TO PLAN, ACT, PARTICIPATE AND SUPPORT THE REVIVAL OF SIKHISM

**IQBAL SINGH LALPURA**



It is humanly impossible to accept the threat of extinction to Sikhism. Without delving into the glorious history and angelic principles of the Sikh religion, the present position is that after leaving Nankana Sahib, Punja Sahib, and most religious places, including the capital of Khalsa Raj Lahore, Sikh leaders decided to join India without a written agreement from the then Congress leadership. This decision was made despite being part of the Congress leadership, which suffered millions of deaths and loss of property. The Sikhs believed Congress leaders only to be betrayed even after amalgamation of Shiromani Akali Dal twice in 1948 and 1956 respectively.

The majority of Sikh leadership was power-hungry and remained with Congress. The remaining Sikh leaders started political agitations, from language to statehood, seeking more power for states under the Anandpur Sahib resolution, and even advocating for an independent state of Khalistan, using Gurdwara funds and premises under various leaders. To gain within the Sikh community, they did not hesitate to blame and marginalize others. These agitations resulted in the deaths of thousands of innocent people, loss of property, and kept Punjab in a state of turmoil.

The Sikh leadership, known as Akali, eventually gained political power in Punjab from 1967 onwards many times and also became partners in the central government on multiple occasions. However, the loser in these agitations was peace and prosperity in Punjab, coupled with the loss of the image of Sikhs as angels of Guru Nanak, who were perceived as extremists, anti-national, or atankwadi or terrorist or extremist not only in India but abroad also. Every Sikh living in India suffers from this stigma without any fault of their own.

Sikh Guru Sahiban organized preaching and propagation through Manjis, Masands, Nirmale, and Udasis. This took Sikhism to every part of the country and abroad. However, after the demise of Maharaja Runjeet Singh, Britishers took over the control of Gurdwaras. What to talk of propagation, they started converting Sikhs to Christianity starting with Maharaja Duleep Singh. The 1920 to 1925 Gurdwara Sudhar lehar after sacrificing a number of Sikh and loss of property gave chance to Sikh to manage their own religious places and use donations for community cause.

The research, education, and propagation of Sikhism should have been the agenda, but leaders decided differently and joined Congress for politics and freedom struggle. The preaching of the Sikh tenets to even Sikhs was totally ignored. Gurdwaras, concept of community meeting, service, and preaching centers were converted into mere places of ritual (banned by Guru Sahib) or platforms for leadership within the community or politics. Instead of being places of learning, equality, meditation, and service.

In the absence of any guidance or unity, the Gurdwaras at the village level also failed to promote the values of making villagers as one family as preached by Guru. The Gurdwara Parbandhak committees lacked plans to take the Sikh religion to every part of their respective states, other parts of the country, and the universe. They even divided Sikhs on political lines instead of uniting them being Sikh brotherhood.

While comparing one religion to another is impossible, one can learn from others. It is possible to criticize other religions, but one should also acknowledge the dedication of their preachers, their lifestyle, knowledge, discipline, and humility. In Sikhism, every religious service, from Pathi to Akhand Path, kirtan, Ardas, Dhadi, katha, and even marriage and cremation ceremonies, has become a means of earning money. Having lost the golden principles of Nirmal Path, Sikhs are now respected only for their free kitchen and service to society, which is actually ingrained in their blood and DNA by Gurus.

Sikh educational institutions are not among the best and are not widespread in Punjab and other places. Without standard education, Sikhs are excluded from bureaucracy and the judiciary, the two essential pillars of democracy, even in Punjab, but to talk of other parts of the country. Due to mismanagement and loss of reputation, even the Sikh community has lost interest in these educational institutions.

A review of voting patterns from 1951-52 to 1972, and even 1977, reveals that the Sikh Akali party was unable to form a government in Punjab state or establish itself as a recognized power in the Lok Sabha and Rajya Sabha. However, after Operation Blue Star, Wood Rose, Black Thunder, and the killing of thousands of Sikhs, as well as the insult and discrimination they faced, Sikhs joined hands to defeat the Congress in Punjab decisively and bring the Akalis to power .Nevertheless, after giving them a chance under different leaders, the majority of Sikhs have distanced themselves from the Akalis, as they failed to heal the wounds inflicted by being part of politically motivated agitations or simply being Sikh. Due to their failure in resolving community issues and allegedly joining anti-Sikh forces since 2017, the Akalis are no longer the leading opposition party in Punjab.

The latest Haryana Sikh Gurdwara Parbandak committee elections have made it clear that, in a state with over 15 lakh Sikhs, only about 3.50 lakh voters registered, and about 2.46 lakh voted. The leadership, who were in charge under various governments, were wiped out due to disenchantment. Cases of misuse of Gurdwara funds for personal gain have been reported in social media and papers.

In Punjab, the situation is no better, with a state having 1.60 crore Sikh population, but only less than 30 lakh voters registered. The leadership of the Shiromani Gurdwara Parbandak committee must explain what happened to the remaining 1.30 crore plus Sikhs. Have they converted to other religions, or are they not interested in Gurdwaras? They have been in control of Gurdwara funds for over 100 years and now owe an explanation to the new generation.

The state of affairs in Delhi, with regards to the Sikh Gurdwara Parbandhak Committee, is concerning. A significant majority of Sikhs show little interest in becoming voters, which is alarming. These committees, which oversee historical Gurdwaras numbering around 500 in India, don't represent the thousands of other Gurdwaras across the country [1].

Interestingly, the proposal for an All India Gurdwara Act, which was first introduced in 1956, was put on hold in 1998-99 by the Atal Bihari Vajpayee government. The reason behind this decision was the potential influence of Sikhs from outside Punjab on Gurdwara management, which could have threatened the control of Punjab's Sikh leadership.

Moreover, those who left Punjab between 1982 onwards for greener pastures abroad, using political asylum as a pretext, have not contributed to spreading the Sikh religion. Instead, their primary objective has been to blame the Indian government and promote hatred. No person would be attracted to this kind of projection of a religion of Angels. Their contribution to Punjab's development is also not visible.

The failure of Sikh religious and political leadership after 1839 AD, when Shere Punjab breathed his last, is clearly responsible for the present situation. The intelligentsia and capable Sikhs have lost interest and are not even contacted or consulted. The situation demands that Sikh achievers come forward to save the religion from further damage.

In this situation, the first effort should be to save the Sikh religion. This can be achieved by promoting education, distancing oneself from avoidable agitations, and improving relations with the government of India and the majority community to seek their help in reviving the Sikh religion before it is too late.

Furthermore, to achieve this, it is essential to establish a unified platform for Sikh organizations and institutions to collaborate and work towards a common goal. This platform should have Sikh brotherhood much away from politics. They can facilitate dialogue, coordination, and collective action among Sikh groups, enabling them to pool their resources, expertise, and influence to promote the Sikh religion and address the challenges facing the community.

Additionally, there is a need to revitalize Sikh educational institutions, promote standard education, and encourage Sikhs to participate in bureaucracy and the judiciary. This can help restore the community's reputation and rebuild trust in its institutions. Ultimately, the revival of Sikhism requires a collective effort from the Sikh community, its leaders, and organizations. It demands a willingness to adapt, evolve, and work together towards this holy mission.

**Chairman - National Commission for Minorities Government of India**

# ਕਾਵਿ-ਕਿਆਰੀ

## ਕਲਮ ਤਾਂਈਂ ਫ਼ਰਿਆਦ

ਆਪਣੀ ਕਲਮ ਤਾਈਂ ਫਰਿਆਦ ਕਰਾਂ
ਲਿਖ ਮਹਿਮਾ ਸੱਚੇ ਕਰਤਾਰ ਦੀ ਲਿਖ,
ਦੁਨੀਆ ਦੇ ਸਿਰਜਣ ਹਾਰੇ ਦੀ
ਕੋਈ ਸਿਫ਼ਤ-ਸਲਾਹ ਨਿਰੰਕਾਰ ਦੀ ਲਿਖ।

ਲਿਖ ਜਗਤ ਗੁਰੂ, ਗੁਰੂ ਨਾਨਕ ਦੀ
ਉਹਦੇ ਦਸਾਂ ਜਾਮਿਆਂ ਦੀ ਉਸਤਤ,
ਏਕ ਉਂਕਾਰ ਦੀ ਲਿਖ, ਅਵਤਾਰ ਦੀ ਲਿਖ
ਗੁਰੂ ਗ੍ਰੰਥ ਦੀ ਸੋਭਾ, ਸਤਿਕਾਰ ਦੀ ਲਿਖ।

ਤੱਤੀ ਤਵੀ 'ਤੇ ਚੌਂਕੜਾ ਮਾਰ ਬੈਠੇ
ਉਪਦੇਸ਼ ਦਏ ਭਾਣਾ ਮੰਨਣ ਦਾ,
ਭਗਤੀ ਦਾ ਸੰਗਮ ਸ਼ਕਤੀ ਨਾਲ
ਮੀਰੀ-ਪੀਰੀ ਦੀ ਪਹਿਨੀ ਤਲਵਾਰ ਦੀ ਲਿਖ।

ਲਿਖ ਪੰਥ ਦੇ ਉੱਚ ਸਿਧਾਂਤਾਂ ਨੂੰ
ਜਾਤਾਂ-ਪਾਤਾਂ ਦਾ ਵਿਤਕਰਾ ਖ਼ਤਮ ਕਰਦੇ
ਆਪੇ ਗੁਰੂ ਬਣੇ, ਆਪੇ ਬਣੇ ਚੇਲਾ
ਪੰਜ ਪਿਆਰਿਆਂ 'ਚੋਂ ਦਰਸ-ਦਿਦਾਰ ਦੀ ਲਿਖ।

ਭਾਈ ਮਤੀ ਦਾਸ, ਭਾਈ ਸਤੀ ਦਾਸ
ਬਲਦੇ ਰੂੰ ਤੇ ਦੇਗਾਂ ਵਿੱਚ ਉਬਲਦੇ ਜੋ,
ਤੇਗ਼ ਬਹਾਦਰ ਦੇ ਸੀਸ 'ਤੇ ਜੋ ਚੱਲੀ
ਕਹਿਰੀ ਜ਼ਾਲਮ ਖੂਨੀ ਤਲਵਾਰ ਦੀ ਲਿਖ।

ਕੰਧ ਸਰਹੰਦ ਦੀ ਚਿਣੇ ਗਏ ਸਾਹਿਬਜ਼ਾਦੇ
ਕੱਚੀ ਹਵੇਲੀ, ਉਸ ਗੜ੍ਹੀ ਚਮਕੌਰ ਦੀ ਲਿਖ,
ਜ਼ੋਰਾਵਰ ਸਿੰਘ ਜੀ, ਫਤਹਿ ਸਿੰਘ ਸੂਰੇ
ਅਜੀਤ ਸਿੰਘ ਤੇ 'ਸਿੰਘ' ਜੁਝਾਰ ਦੀ ਲਿਖ।

ਹੋ ਕੇ ਪੁੱਤਰ ਸੀ ਪਿਤਾ ਜੀ ਵਾਰ ਦਿੱਤਾ
ਪਿਤਾ ਬਣੇ ਤਾਂ ਚਾਰੇ ਹੀ ਲਾਲ ਵਾਰੇ,
ਮਿਸਾਲ ਅਨੋਖੀ ਸਰਬੰਸ ਵਾਰਨੇ ਦੀ
ਕੁਰਬਾਨੀ ਨੀਲੇ ਦੇ ਸ਼ਾਹ ਅਸਵਾਰ ਦੀ ਲਿਖ।

ਗੱਦਾਰੀ 'ਗੰਗੂ' ਦੀ, 'ਸੁੱਚੇ' ਦੀ ਦਗਾਬਾਜ਼ੀ
ਨਾਅਰਾ ਹਾਅ ਦਾ ਸ਼ੇਰ ਖਾਂ ਮਾਰਦਾ ਲਿਖ,
ਸਰਸਾ ਸ਼ਰਮ 'ਚ ਡੁੱਬ ਕੇ ਮਰਨ ਕੰਢੇ
ਉਹਦੇ ਕੰਢਿਆ ਦੇ ਆਰ ਪਾਰ ਦੀ ਲਿਖ।

ਮੋਤੀ ਰਾਮ ਜੀ ਗੁਰੂ ਦੇ ਸਿੱਖ ਸੱਚੇ,
ਠੰਡੇ ਬੁਰਜ 'ਚ ਦੁੱਧ ਦੀ ਕਰਨ ਸੇਵਾ,
ਟੱਬਰ ਬੇਲਣਾਂ ਵਿੱਚ ਸੀ ਪੀੜ ਦਿੱਤਾ,
ਕੁਰਬਾਨੀ ਗੁਰੂ ਦੇ ਮਹਿਰੇ ਪਰਿਵਾਰ ਦੀ ਲਿਖ।

ਬੰਦ-ਬੰਦ ਕਟਵਾਉਣੇ ਨੇ ਖੇਡ ਸਿੰਘ ਲਈ
ਚਰਖੜੀਆਂ ਉੱਤੇ ਚੜ੍ਹ ਗੁਰੂ ਦੇ ਸਿੰਘ ਹੱਸੇ,
ਦੰਦੇ ਆਰੇ ਦੇ ਸੀਸਾਂ ਨਾਲ ਕਰਨ ਖੁੰਢੇ
ਸਮਰਪਿਤ ਸ਼ਹੀਦਾਂ ਨੂੰ ਕਿਸੇ ਸ਼ਾਹਕਾਰ ਦੀ ਲਿਖ।

ਭਾਈ ਜੈਤੇ ਦੀ ਹਿੰਮਤ ਦਲੇਰੀ ਨੂੰ ਲਿਖ
ਸੀਸ ਗੁਰੂ ਦਾ ਅਨੰਦਪੁਰ ਲੈ ਪੁੱਜਾ,
ਲੱਖੀ ਸ਼ਾਹ ਵਣਜਾਰੇ ਦੀ ਕੁੱਲੀ ਦੀ ਅੱਗ,
ਹਿੰਦ ਦੀ ਚਾਦਰ ਦੇ ਕੀਤੇ ਸਸਕਾਰ ਦੀ ਲਿਖ।

ਧੰਨੇ ਭਗਤ ਦਾ ਸਿਦਕ ਜੋ ਰੱਬ ਵੱਲੀਂ
ਬਾਬੇ ਫਰੀਦ ਦੀ, ਭਗਤ ਕਬੀਰ ਦੀ ਲਿਖ,
ਨਾਮਦੇਵ ਤੇ ਸਦਨੇ ਕਸਾਈ ਦੀ ਲਿਖ
ਰਵੀਦਾਸ ਗੁਰੂ ਦੇ ਕ੍ਰਾਂਤੀ-ਵਿਚਾਰ ਦੀ ਲਿਖ।

ਸਤਿਕਾਰ ਦੀ ਲਿਖ, ਇਤਬਾਰ ਦੀ ਲਿਖ
ਅਮੀਰੀ-ਗਰੀਬੀ, ਨਾ ਜਾਤ ਰਹੀ ਚਿੱਤ ਚੇਤੇ,
ਜੂਠੇ ਭੀਲਨੀ ਦੇ ਬੇਰਾਂ ਦੀ ਲਿਖ ਗਾਥਾ
ਕ੍ਰਿਸ਼ਨ-ਸੁਦਾਮੇ ਜਿਹੇ ਯਾਰਾਂ ਦੇ ਯਾਰ ਦੀ ਲਿਖ।

ਸਿੱਖ ਰਾਜ ਸਥਾਪਤ ਕਰ ਗਿਆ ਸੀ।
ਰਣਜੀਤ ਸਿੰਘ ਜੀ ਸਿੱਖਾਂ ਦਾ ਮਹਾਰਾਜਾ,
ਹਊਆ ਬਣੇ ਅਫ਼ਗਾਨਾਂ ਦੇ ਬੱਚਿਆਂ ਲਈ,
ਹਰੀ ਸਿੰਘ ਜਿਹੇ ਨਲੂਏ ਸਰਦਾਰ ਦੀ ਲਿਖ।

ਸਾਡੀਆਂ ਕੁਰਬਾਨੀਆਂ ਦਾ ਕਿਸੇ ਨਾ ਮੁੱਲ ਪਾਇਆ
ਸਾਡੇ ਹੱਕ ਦਾ ਹੱਕ, ਨਹੀਂ ਅਦਾ ਹੋਇਆ,
ਘੱਲੂਘਾਰਾ ਚੁਰਾਸੀ ਦਾ ਯਾਦ ਕਰਕੇ
ਚੀਕਾਂ ਅਬਲਾਵਾਂ ਦੀਆਂ, ਹਾਹਾ-ਕਾਰ ਦੀ ਲਿਖ।



ਦਾਜ ਦਹੇਜ, ਗਰੀਬੀ ਤੇ ਸ਼ਾਹੂਕਾਰੀ
ਭਰੂਣ-ਹੱਤਿਆ ਜਿਹੀਆਂ ਅਲਾਮਤਾਂ ਲਿਖ,
ਸਮਾਜਿਕ ਕੁਰੀਤੀਆਂ ਦਾ ਕੋਈ ਹੱਲ ਲਿਖਦੇ
ਲਿਖਤ ਇਨ੍ਹਾਂ ਦੇ ਕੋਈ ਸੁਧਾਰ ਦੀ ਲਿਖ।

ਇਨਸਾਨ ਕਰੇ ਪਿਆਰ ਇਨਸਾਨ ਤਾਈਂ
ਹੋ ਕੇ ਉੱਚਾ, ਭੇਦ ਭਾਵ ਦੇ ਵਿਤਕਰੇ ਤੋਂ,
'ਨਛੱਤਰ ਭੋਗਲ' ਤੇਰੇ ਲਿਖਣ ਦਾ ਤਦ ਫਾਇਦਾ
ਗੱਲ ਸੱਚੀਂ ਨੂੰ ਸੋਧ ਸਵਾਰ ਕੇ ਲਿਖ।

ਲੇਖਕ:- ਨਛੱਤਰ ਸਿੰਘ ਭੋਗਲ
"ਭਾਖੜੀਆਣਾ" (U.K)

## ਚੱਲੋ ਗੁਰੂ ਕੇ ਲਾਹੌਰ



ਗੀਤਕਾਰ-ਤਰਲੋਚਨ ਸਿੰਘ
ਚੰਨ ਜੰਡਿਆਲਵੀਯੂ.ਕੇ.

ਉੱਠੋ ਕਰੋ ਜਰਾ ਗੌਰ,
ਚੱਲੋ ਗੁਰੂ ਕੇ ਲਾਹੌਰ !

ਜਿਥੇ ਮਾਤਾ ਜੀਤੋ ਦਾ ਵਿਆਹ ਹੋਇਆ ਦਸ਼ਮੇਸ਼ ਜੀ ਦੇ ਨਾਲ !
ਅਨੰਦਪੁਰੋਂ ਤੁਰੇ ਸੀ-ਮਾਤਾ ਗੁਜਰੀ ਦੇ ਲਾਲ !!
ਬਰਾਤ ਸਿੰਘਾਂ ਸੀ ਸਜਾਈ
ਲਾੜੇ ਗੋਬਿੰਦ ਰਾਏ ਦੀ ।
ਨੀਲੇ ਦੇ ਸ਼ਾਹ ਅਸਵਾਰ ਦੀ
ਮਾਂ ਗੁਜਰੀ ਦੇ ਜਾਏ ਦੀ ।
ਅਨੰਦ ਵਿੱਚ ਸੀ ਅਨੰਦਪੁਰੋਂ ਬੱਚਾ ਬੁੱਢਾ ਬਾਲ !
ਅਨੰਦਪੁਰੋਂ ਤੁਰੇ ਸੀ-ਮਾਤਾ ਗੁਜਰੀ ਦੇ ਲਾਲ !!


ਹਰਿਜਸ ਸੁਭਿਖੀਏ ਦੀ ਜਾਈ
ਵਾਹਵਾ ਲਾਡਾਂ ਨਾਲ ਪਾਲੀ ।
ਸੋਚੇ ਹੋ ਨਾ ਜਾਏ ਬਰਾਤ
ਹਾਏ ਲੇਟ ਕਿਤੇ ਬਾਹਲੀ ।
ਉੱਡ ਪਤੀ ਮੇਰਾ ਸੁਣਿਆ ਮੈਂ ਸਤਿਗੁਰੂ ਕਮਾਲ !
ਅਨੰਦਪੁਰੋਂ ਤੁਰੇ ਸੀ-ਮਾਤਾ ਗੁਜਰੀ ਦੇ ਲਾਲ !!

ਨੌਵੇਂ ਪਾਤਸ਼ਾਹ ਦਾ ਪੁੱਤਰ
ਜਦੋਂ ਜੂਹ ਉੱਤੇ ਆਇਆ ।
ਬਰਛਾ ਮਾਰ ਧਰਤੀ 'ਤੇ
ਚਸ਼ਮਾਂ ਪਾਣੀ ਦਾ ਵਗਾਇਆ ।
ਜੈਕਾਰਾ ਛੱਡਿਆ ਗੁਰੂ ਜੀ ਬੋਲੇ ਸੋ ਨਿਹਾਲ !
ਅਨੰਦਪੁਰੋਂ ਤੁਰੇ ਸੀ-ਮਾਤਾ ਗੁਜਰੀ ਦੇ ਲਾਲ !!

ਗੁਰੂ ਕੇ ਲਾਹੌਰ ਨਿੱਤ
ਸੰਗਤਾਂ ਨੇ ਆਉਂਦੀਆਂ ।
ਸ਼ਰਧਾ ਭਾਵਨਾ ਦੇ ਨਾਲ
ਝੁਕ ਝੁਕ ਸੀਸ ਨਿਵਾਉਂਦੀਆਂ ।
ਚੰਨ ਜੰਡਿਆਲਵੀ ! ਤੂੰ ਵੀ ਜਾਂਈਂ ਸ਼ਰਧਾ ਦੇ ਨਾਲ !
ਅਨੰਦਪੁਰੋਂ ਤੁਰੇ ਸੀ-ਮਾਤਾ ਗੁਜਰੀ ਦੇ ਲਾਲ !!
ਮਾਤਾ ਗੁਜਰੀ ਦੇ ਲਾਲ !!

ਕਾਵਿ-ਵਿਅੰਗ

## ਧੌਂਸ ਡਾਲਰ ਦੀ ?



ਤਰਲੋਚਨ ਸਿੰਘ 'ਦੁਪਾਲ ਪੁਰ'
001-408-915-1268

ਸੁਣਦੇ ਆਏ ਸਾਂ 'ਧੌਂਸ' ਅਮਰੀਕਣਾ ਦੀ
ਦੁਨੀਆਂ ਭਰ ਦੇ ਵਿਚ ਹੀ 'ਚੱਲਦੀ' ਏ।
ਜਿਸ ਦਿਨ ਦਾ ਸਾਹਿਬ ਟਰੰਪ ਆਇਆ
ਹਾਲਤ ਸਾਰੇ ਥਾਂਹ ਬਣੀ ਤਰਥੱਲ੍ਹ ਦੀ ਏ।
'ਦਬਕਾ' ਕਿਸੇ ਨੂੰ ਵੱਜਿਆ 'ਟੈਰਿਫਾਂ' ਦਾ
ਦੇਖੋ ਕਿਹੜੀ ਸਰਕਾਰ ਇਹ 'ਝੱਲਦੀ' ਏ।
ਪਾਵਰ ਫੁੱਲ 'ਕਰੰਸੀ' ਹਾਂ ਵਿਸ਼ਵ ਭਰ ਦੀ
ਟੋਨ ਡਾਲਰ ਦੀ ਮੈਸਿਜ਼ ਇਹ ਘੱਲਦੀ ਏ।
ਆ ਗਏ 'ਗ਼ੈਰ-ਕਾਨੂੰਨੀ' ਪ੍ਰਵਾਸੀਆਂ ਦੀ
ਕਿਸਮਤ ਜਾਪਦੀ ਉਨ੍ਹਾਂ ਦੀ 'ਰੋਣ' ਲੱਗੀ।
ਹਾਕਮ ਵਿਚ ਅਮਰੀਕਾ ਕੀ ਬਦਲਿਆ ਏ
ਉਸਦੀ 'ਚਰਚਾ' ਸੰਸਾਰ ਵਿਚ ਹੋਣ ਲੱਗੀ !

* * * * * * *

## ਕਵਿਤਾ

ਰੋਈਏ ਕਰ ਕਰ ਯਾਦ, ਅਸੀਂ ਲੰਘ ਚੁੱਕੇ ਕੱਲ ਨੂੰ
ਵਿੱਚ ਉਲਜਣਾ ਉਲਜੇ, ਨਾ ਅਸੀਂ ਲੱਭੀਏ ਅੱਜ ਦੇ ਹੱਲ ਨੂੰ
ਸਾਹਾਂ ਵਾਲਾ ਗੇੜ ਵੀ ਹੁਣ ਤਾਂ ਹੰਭ ਦਾ ਜਾਂਦਾ ਏ,
ਜੋ ਕੋਲ ਨਹੀਂ ਓਹਨਾਂ ਫ਼ਿਕਰਾਂ ਵਿੱਚ,
ਸਾਡਾ ਅੱਜ ਵੀ ਲੰਘ ਦਾ ਜਾਂਦਾ ਏ

ਆਉਣ ਵਾਲੇ ਦਾ ਪਤਾ ਨਹੀਂ, ਸਾਹ ਆਵੇਗਾ ਕੇ ਨਾ,
ਲਿੱਖ ਕੇ ਮਿਲੀ ਜੇ ਹੋਵੇ ਜ਼ਿੰਦਗੀ, ਫਿਕਰ ਤੇ ਕਰੀਏ ਤਾਂ
ਝੂਠੇ ਮੋਹ ਵਿੱਚ ਮਨ ਏ ਸਾਡਾ, ਹਰ ਦਿਨ ਰੰਗ ਦਾ ਜਾਂਦਾ ਏ
ਜੋ ਕੋਲ ਨਹੀਂ ਓਹਨਾਂ ਫ਼ਿਕਰਾਂ ਵਿੱਚ ,
ਸਾਡਾ ਅੱਜ ਵੀ ਲੰਘ ਦਾ ਜਾਂਦਾ ਏ

ਜੀਣ ਵਾਲੇ ਤੇ ਅੱਧਾ ਸਾਹ ਵੀ, ਰੱਜ ਕੇ ਜੀਣਾ ਜਾਣ ਦੇ ਨੇ
ਜ਼ਿੰਦਗੀ ਦਾ ਹਰ ਔਖਾ ਸੌਖਾ,ਰੰਗ ਓ ਹੱਸ ਕੇ ਮਾਣ ਦੇ ਨੇ
ਪਈਆਂ ਮੁਸੀਬਤਾਂ ਨੂੰ ਹੌਂਸਲੇ ਨਾਲ, ਉਹ ਸੂਲੀ ਟੰਗ ਦਾ ਜਾਂਦਾ ਏ
ਜੋ ਕੋਲ ਨਹੀਂ ਓਹਨਾਂ ਫ਼ਿਕਰਾਂ ਵਿੱਚ,
ਸਾਡਾ ਅੱਜ ਵੀ ਲੰਘ ਦਾ ਜਾਂਦਾ ਏ

ਮੌਤ ਦਾ ਡਰ ਜੇ ਨਿਕਲੇ ਮਨ ਤੋਂ, ਜ਼ਿੰਦਗੀ ਬੜੀ ਕਮਾਲ ਹੋਵੇ
ਕਦੀ ਨਹੀਂ ਔਖੇ ਵੇਲੇ ਹਰ ਦਾ, ਜੋ ਬੰਦਾ ਖੁਦ ਦੇ ਨਾਲ ਹੋਵੇ
ਨਾਲ ਮੁਸੀਬਤਾਂ ਲੜਨ ਦਾ ਹੌਂਸਲਾ,ਓ ਤੇ ਮੰਗ ਦਾ ਜਾਂਦਾ ਏ
ਜੋ ਕੋਲ ਨਹੀਂ ਓਹਨਾਂ ਫ਼ਿਕਰਾਂ ਵਿੱਚ ,
ਸਾਡਾ ਅੱਜ ਵੀ ਲੰਘ ਦਾ ਜਾਂਦਾ ਏ



ਲੇਖਕ - ਸੁਖਬੀਰ ਸਿੰਘ (JSR)

**ਜਨਮ ਦਿਨ 'ਤੇ ਵਿਸ਼ੇਸ਼**

# ਨਿਰਗੁਣ ਬ੍ਰਹਮ ਦੇ ਉਪਾਸ਼ਕ : ਭਗਤ ਰਵਿਦਾਸ ਜੀ

**ਡਾ. ਚਰਨਜੀਤ ਸਿੰਘ ਗੁਮਟਾਲਾ**
0019375739812 (ਅਮਰੀਕਾ),
ਵਟਸਐਪ 919417533060



ਭਗਤ ਰਵਿਦਾਸ ਜੀ ਭਗਤੀ ਲਹਿਰ ਦੇ ਪ੍ਰਮੁੱਖ ਸੰਤਾਂ ਵਿੱਚੋਂ ਇੱਕ ਸਨ। ਉਹ ਭਾਵੇਂ ਅਖੌਤੀ ਸ਼ੂਦਰ ਵਰਗ ਵਿੱਚੋਂ ਸਨ, ਪਰ ਉਹ ਉੱਚ ਕੋਟੀ ਦੇ ਸੰਤ ਸਨ, ਜਿਨ੍ਹਾਂ ਨੇ ਸਮੁੱਚੀ ਮਾਨਵਤਾ ਲਈ ਬਾਣੀ ਰਚੀ। ਰਾਮਾਨੰਦ ਜੀ ਤੇ ਵਲਭਾਚਾਰੀਆ ਨੇ ਜਿਸ ਭਗਤੀ ਲਹਿਰ ਦਾ ਮੁੱਢ ਬੰਨ੍ਹਿਆ, ਉਸ ਨੂੰ ਭਗਤ ਰਵਿਦਾਸ ਜੀ, ਭਗਤ ਕਬੀਰ ਜੀ, ਭਗਤ ਨਾਮਦੇਵ ਜੀ ਆਦਿ ਭਗਤਾਂ ਨੇ ਅੱਗੋਂ ਤੋਰਿਆ ਤੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਿਖਰ 'ਤੇ ਪਹੁੰਚਾਇਆ।

ਆਪ ਜੀ ਨੇ ਮਾਘ ਸੁਦੀ 15 ਬਿਕ੍ਰਮੀ ਸੰਮਤ 1433 ( 2 ਜਨਵਰੀ 1377 ਈ.) ਨੂੰ ਅਵਤਾਰ ਧਾਰਿਆ। ਆਪ ਜੀ ਦੇ ਪਿਤਾ ਦਾ ਨਾਂ ਸ੍ਰੀ ਸੰਤੋਖ ਦਾਸ ਮਾਤਾ ਜੀ ਦਾ ਨਾਂ ਬੀਬੀ ਕਲਸੀ ਦੇਵੀ ਸੀ, ਜੋ ਬਨਾਰਸ ਦੇ ਨਜ਼ਦੀਕ ਪਿੰਡ ਸੀਰ ਗੋਵਰਧਨ ਵਿਖੇ ਰਹਿੰਦੇ ਸਨ। ਆਪ ਜੀ ਦਾ ਵਿਆਹ 12-13 ਸਾਲ ਦੀ ਉਮਰ ਵਿੱਚ ਬੀਬੀ ਲੋਨਾ ਨਾਲ ਹੋਇਆ। ਆਪ ਜੀ ਨੇ ਕੋਈ ਗੁਰੂ ਧਾਰਨ ਨਹੀਂ ਕੀਤਾ। ਇਸ ਲਈ ਆਪ ਜੀ ਨੂੰ ਪ੍ਰਮਾਤਮਾ ਦਾ ਭਗਤ ਮੰਨਿਆ ਜਾਂਦਾ ਹੈ। ਆਪ ਜੀ ਦੇ ਸਮੇਂ ਸਮਾਜ ਜਾਤ-ਪਾਤ ਵਿੱਚ ਵੰਡਿਆ ਹੋਇਆ ਸੀ ਤੇ ਪੜ੍ਹਨ-ਪੜ੍ਹਾਉਣ ਤੇ ਪੂਜਾ ਪਾਠ ਦਾ ਹੱਕ ਕੇਵਲ ਉੱਚੀ ਜਾਤਾਂ ਵਾਲਿਆਂ ਨੂੰ ਸੀ, ਇਸ ਲਈ ਆਪ ਜੀ ਨੇ ਕਿਸੇ ਆਸ਼ਰਮ ਵਿੱਚ ਵਿੱਦਿਆ ਪ੍ਰਾਪਤ ਨਹੀਂ ਸੀ ਕੀਤੀ। ਪਰ ਉਨ੍ਹਾਂ ਦੀ ਬਾਣੀ ਵਿੱਚੋਂ ਵੇਦਾਂ, ਪੁਰਾਣਾਂ, ਸਿਮ੍ਰਤੀਆਂ, ਪੌਰਾਣਿਕ ਅਤੇ ਇਤਿਹਾਸਿਕ ਅਤੇ ਮਿਥਿਆਸਕ ਘਟਨਾਵਾਂ ਦੇ ਹਵਾਲੇ ਮਿਲਦੇ ਹਨ, ਜਿਸ ਤੋਂ ਪਤਾ ਲੱਗਦਾ ਹੈ ਕਿ ਆਪ ਬਹੁਤ ਹੀ ਗਿਆਨਵਾਨ ਅਤੇ ਅਨੁਭਵੀ ਸ਼ਖਸੀਅਤ ਦੇ ਮਾਲਕ ਸਨ। ਆਪ ਜੀ ਨੇ ਪਿਤਾ-ਪੁਰਖੀ ਕਿੱਤਾ ਢੋਰ ਢੋਣਾ, ਜੁੱਤੀਆਂ ਗੰਢਣਾਂ ਅਪਣਾਇਆ, ਜਿਸ ਦੀ ਗਵਾਹੀ ਆਪ ਜੀ ਦੀ ਬਾਣੀ ਵਿੱਚੋਂ ਮਿਲਦੀ ਹੈ :-

ਚਮਰਟਾ ਗਾਂਠਿ ਨ ਜਨਈ॥
ਲੋਗੁ ਗਠਾਵੈ ਪਨਹੀ॥ ੧॥ ਰਹਾਉ॥
ਮੇਰੀ ਜਾਤਿ ਕੁਟ ਬਾਂਢਲਾ ਢੋਰ
ਢੋਵੰਤਾ ਨਿਤਹਿ ਬਨਾਰਸੀ ਆਸਾ ਪਾਸਾ॥

ਭਾਈ ਗੁਰਦਾਸ ਜੀ ਨੇ ਦਸਵੀਂ ਵਾਰ ਜਿੱਥੇ ਆਪ ਜੀ ਦੀ ਉਸਤਤ ਕੀਤੀ ਹੈ, ਉੱਥੇ ਆਪ ਜੀ ਦੇ ਪੇਸ਼ੇ ਬਾਰੇ ਵੀ ਲਿਖਿਆ :-

ਭਗਤ ਭਗਤ ਜਗਿ ਵਜਿਆ ਚਹੁ ਚਕਾਂ ਦੇ ਵਿੱਚ ਚਮਰੇਟਾ,
ਪਾਣਾ ਗੰਢੇ ਰਾਹ ਵਿਚ ਕੁਲਾ ਧਰਮ ਢੋਇ, ਢੋਰ ਸਮੇਟਾ।

ਹੋਰਨਾਂ ਭਗਤਾਂ ਵਾਂਗ ਆਪ ਜੀ ਨੇ ਅੰਧੇਰੇ ਵਿੱਚ ਭਟਕ ਰਹੀ ਲੋਕਾਈ ਨੂੰ ਗਿਆਨ ਦਾ ਚਾਨਣ ਵੰਡਣ ਲਈ ਬਿਹਾਰ, ਮਹਾਂਰਾਸ਼ਟਰ, ਮੱਧ ਪ੍ਰਦੇਸ਼, ਗੁਜ਼ਰਾਤ, ਰਾਜਸਥਾਨ ਤੇ ਹੋਰ ਸੂਬਿਆਂ ਦੀ ਯਾਤਰਾ ਕੀਤੀ।ਆਪ ਜੀ ਦੇ 40 ਪਦੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਹਨ ਜੋ ਕਿ 16 ਰਾਗਾਂ ਵਿੱਚ ਹਨ। ਇਨ੍ਹਾਂ ਤੋਂ ਇਲਾਵਾ ਆਪ ਜੀ ਦੁਆਰਾ ਰਚੀ ਬਾਣੀ ਦੇ ਹੱਥ ਲਿਖਤ ਖਰੜੇ ਅਤੇ ਪ੍ਰਕਾਸ਼ਿਤ ਪੁਸਤਕਾਂ ਦੀ ਸੂਚੀ ਗੁਰੂ ਨਾਨਕ ਦੇਵ ਯੂਨੀਵਰਸਿਟੀ ਵੱਲੋਂ ਪ੍ਰਕਾਸ਼ਿਤ ਪੁਸਤਕ 'ਭਗਤ ਰਵਿਦਾਸ ਸ੍ਰੋਤ ਪੁਸਤਕ' ਤੋਂ ਵੇਖੀ ਜਾ ਸਕਦੀ ਹੈ।

ਆਪ ਇੱਕ ਤੀਖਣ ਬੁੱਧੀ ਦੇ ਮਾਲਕ ਸਨ। ਆਪ ਜੀ ਨੇ ਸਾਦਗੀ ਭਰੀ ਜ਼ਿੰਦਗੀ ਬਤੀਤ ਕੀਤੀ ਤੇ ਹੱਥੀਂ ਕਿਰਤ ਕਰਕੇ ਨਿਰਬਾਹ ਕੀਤਾ। ਆਪ ਨਿਰਗੁਣ ਬ੍ਰਹਮ ਦੇ ਉਪਾਸ਼ਕ ਸਨ। ਆਪ ਜੀ ਨੇ ਬ੍ਰਹਮ ਨੂੰ ਓਅੰਕਾਰ ਰੂਪ ਵਿੱਚ ਚਿਤਰਿਆ ਹੈ ਜਿਸ ਦਾ ਤਿੰਨ ਲੋਕਾਂ ਵਿੱਚ ਵਾਸਾ ਹੈ :-

ਬਟਕ ਬੀਜ ਜੈਸਾ ਓਅੰਕਾਰ॥
ਪਸਰਿਯੋ ਤੀਨ ਲੋਕ ਵਿਸਤਾਰ॥
ਅਖਰ ਅਨਾਦਿ ਏਕ ਉੰਕਾਰਾ॥
ਤੀਨ ਲੋਕ ਜਿਨ ਕਿਆ ਪਸਾਰਾ॥

ਇਹ ਬ੍ਰਹਮ ਮਾਇਆ ਰਹਿਤ ਹੈ, ਜਿਸ ਦਾ ਕੋਈ ਸਰੂਪ ਨਹੀਂ ਤੇ ਨਾ ਹੀ ਕੋਈ ਜਾਤਿ ਹੈ। ਉਸ ਨੂੰ ਸਿਮਰਨ ਕਰਕੇ ਗੁਰੂ ਦੀ ਕ੍ਰਿਪਾ ਨਾਲ ਹੀ ਪ੍ਰਾਪਤ ਕੀਤਾ ਜਾ ਸਕਦਾ ਹੈ :-

ਤੂੰ ਸਰਗੁਣ ਨਿਗੁਣ ਨਿਰਾਮਈ ਨਿਰਵਿਕਾਰ॥
ਹਰਿ ਅੰਜਨ ਨਿਰੰਜਨ ਬਿਮਲ ਅਪ੍ਰਮੇਵ॥
ਕਹਿ ਰਵਿਦਾਸ ਨਿਰੰਜਨ ਧਯਾਊਂ॥
ਗੁਰ ਪ੍ਰਸਾਦਿ ਨਿਰੰਜਨ ਪਾਵਉ॥

ਭਗਤ ਰਵਿਦਾਸ ਜੀ ਬ੍ਰਹਮ ਨੂੰ ਇਸ ਸੰਸਾਰ ਦਾ ਕਰਤਾ ਮੰਨਦੇ ਹਨ, ਜੋ ਸਾਰਿਆ ਵਿੱਚ ਵੱਸ ਰਿਹਾ ਹੈ :-

ਬਹੁ ਬਿਧ ਨਰਮ ਨਿਰੂਪੀਐ
ਕਰਤਾ ਦੀਸੈ ਸਭ ਲੋਇ॥
ਸਰਬੈ ਏਕੁ ਅਨੇਕੈ ਸੁਆਮੀ
ਸਭ ਘਟ ਭੋਗਵੈ ਸੋਈ॥

ਪ੍ਰਮਾਤਮਾ ਇੱਕ ਹੀ ਹੈ ਜੋ ਅਨੇਕਾਂ ਰੂਪਾਂ ਵਿੱਚ ਇਸ ਸੰਸਾਰ ਵਿੱਚ ਵਿਚਰ ਰਿਹਾ ਹੈ:-

ਏਕ ਹੀ ਏਕ ਅਨੇਕ ਹੋਇ ਬਿਸਥਰਿਓ
ਆਨ ਰੇ ਆਨ ਭਰਪੂਰਿ ਸੋਊ॥

ਇਹ ਜਗਤ ਸਤਿ ਵੀ ਹੈ ਤੇ ਅਸਤਿ ਵੀ।ਪ੍ਰਮਾਤਮਾ ਦੀ ਕਿਰਤ ਹੋਣ ਕਰਕੇ ਜਗਤ ਸਤਿ ਹੈ। ਇਸ ਜਗਤ ਦੀ ਹਰ ਚੀਜ਼ ਨਾਸ਼ਮਾਨ ਹੈ, ਇਸ ਲਈ ਇਹ ਜਗਤ ਅਸਤਿ ਹੈ। ਭਗਤ ਰਵਿਦਾਸ ਜੀ ਜਗਤ ਨੂੰ ਫ਼ਾਨੀ ਦਰਸਾਉਂਦੇ ਹੋਏ ਲਿਖਦੇ ਹਨ :-

ਜੋ ਦਿਨ ਆਵਹਿ ਸੋ ਦਿਨ ਜਾਹੀ॥
ਕਰਨਾ ਕੂਚੁ ਰਹਨੁ ਥਿਰੁ ਨਾਹੀ॥
ਸੰਗੁ ਚਲਤ ਹੈ ਹਮ ਭੀ ਚਲਨਾ॥
ਦੂਰਿ ਗਵਨੁ ਸਿਰ ਊਪਰਿ ਮਰਨਾ ॥1॥
ਕਿਆ ਤੂ ਸੋਇਆ ਜਾਗੁ ਇਆਨਾ॥ ਤੈ ਜੀਵਨੁ ਜਗਿ ਸਚੁ ਕਰਿ ਜਾਨਾ॥1॥ ਰਹਾਉ॥....
ਕਹਿ ਰਵਿਦਾਸ ਨਿਦਾਨਿ ਦਿਵਾਨੇ॥
ਚੇਤਸਿ ਨਾਹੀ ਦੁਨੀਆ ਫਨ ਖਾਨੇ॥

ਇਸ ਜਗਤ ਵਿੱਚ ਜੋ ਦਿਸ ਰਿਹਾ ਹੈ, ਸਭ ਨਾਸ਼ਮਾਨ ਹੈ। ਉਹ ਲਿਖਦੇ ਹਨ :

ਬਿਨ ਦੇਖੈ ਉਪਜੈ ਨਹੀ ਆਸਾ॥
ਜੋ ਦੀਸੈ ਸੋ ਹੋਇ ਬਿਨਾਸਾ॥

ਭਗਤ ਰਵਿਦਾਸ ਜੀ ਅਨੁਸਾਰ ਇਸ ਜਗਤ ਦਾ ਰੰਗ ਕਸੁੰਭੜੇ ਵਾਂਗ ਕੱਚਾ ਭਾਵ ਅਸਥਿਰ ਹੈ ਜਦ ਕਿ ਪ੍ਰਮਾਤਮਾ ਮਜੀਠ ਦੇ ਰੰਗ ਵਾਂਗ ਪੱਕਾ ਜਾਂ ਸਥਿਰ ਹੈ :-

ਜੈਸਾ ਰੰਗੁ ਕਸੁੰਭ ਕਾ ਤੈਸਾ ਇਹੁ ਸੰਸਾਰੁ॥
ਮੇਰੇ ਰਮਈਏ ਰੰਗੁ ਮਜੀਠ ਕਾ ਕਹੁ ਰਵਿਦਾਸ ਚਮਾਰ॥

ਰਵਿਦਾਸ ਜੀ ਨੇ ਇਸ ਜਗਤ ਨੂੰ ਬਾਜ਼ੀ ਤੇ ਪ੍ਰਮਾਤਮਾ ਨੂੰ ਬਾਜ਼ੀਗਰ ਦੀ ਸੰਗਿਆ ਦਿੱਤੀ ਹੈ। ਇਹ ਸੰਸਾਰ ਬਾਜ਼ੀਗਰ ਰੂਪੀ ਪ੍ਰਮਾਤਮਾ ਦੀ ਬਾਜ਼ੀ ਭਾਵ ਖੇਡ ਹੈ :-

ਕਹਿ ਰਵਿਦਾਸ ਬਾਜੀ ਜਗੁ ਭਾਈ॥
ਬਾਜੀਗਰ ਸਉ ਮੋਹਿ ਪ੍ਰੀਤਿ ਬਨਿ ਆਈ॥

ਆਪ ਪ੍ਰਮਾਤਮਾ ਨੂੰ ਸਰਬ-ਵਿਆਪਕ ਮੰਨਦੇ ਹਨ, ਜੋ ਅਨੇਕ ਰੂਪ ਬਣਾ ਕੇ ਸਾਰਿਆ ਵਿੱਚ ਵਸਦਾ ਹੈ। ਜੋ ਕੁਝ ਵੀ ਹੋ ਰਿਹਾ ਹੈ, ਉਸ ਦੀ ਰਜਾ ਵਿੱਚ ਹੋ ਰਿਹਾ ਹੈ :-

ਸਰਬੈ ਏਕ ਅਨੇਕੈ ਸੁਆਮੀ,
ਸਭ ਘਟ ਭੁਗਾਵੈ ਸੋਈ॥
ਕਹਿ ਰਵਿਦਾਸ ਹਾਥ ਪੈ ਨੇਰੈ
ਸਹਜੇ ਹੋਇ ਸੁ ਹੋਈ॥

ਇਸ ਤਰ੍ਹਾਂ ਆਪ ਨਿਰਗੁਣ ਧਾਰਾ ਦੇ ਸੰਤ ਕਵੀ ਸਨ, ਜਿਨ੍ਹਾਂ ਨੇ ਪੂਰਵ ਪ੍ਰਚਲਿਤ ਦਾਰਸ਼ਨਿਕ ਮਾਨਤਾਵਾਂ ਨੂੰ ਆਪਣੇ ਅਨੁਭਵ ਅਨੁਸਾਰ ਮੌਲਿਕ ਰੂਪ ਵਿੱਚ ਪੇਸ਼ ਕੀਤਾ। ਆਪ ਜੀ ਦਾ ਸੰਦੇਸ਼ ਜਨ-ਸਾਧਾਰਨ ਜਨਤਾ ਲਈ ਸੀ, ਜੋ ਅਖੌਤੀ ਭੇਖੀਆਂ, ਅੰਧ-ਵਿਸ਼ਵਾਸੀਆਂ ਤੇ ਧਰਮ ਦੇ ਠੇਕੇਦਾਰਾਂ ਦੀ ਘਿਰਣਾ ਦਾ ਸ਼ਿਕਾਰ ਸੀ।

ਆਪ ਜੀ ਨੇ ਉਸ ਸਮੇਂ ਪ੍ਰਚਲਿਤ ਕਰਮ ਕਾਂਡਾਂ ਦੀ ਥਾਂ 'ਤੇ ਭਗਤੀ ਮਾਰਗ ਨੂੰ ਸਰਵ ਸ੍ਰੇਸ਼ਟ ਦੱਸਿਆ। ਤੀਰਥ ਇਸ਼ਨਾਨ ਨੂੰ ਹਾਥੀ ਦੇ ਇਸ਼ਨਾਨ ਵਾਂਗ ਬਾਹਰਮੁੱਖੀ ਕਰਾਰ ਦਿੱਤਾ। ਆਪ ਜੀ ਦੇ ਅਨੁਸਾਰ ਲੋਕ ਆਪਣੇ ਵੱਲੋਂ ਸੁੱਚਾ ਜਲ, ਦੁੱਧ, ਫ਼ਲ ਆਦਿ ਵਸਤੂਆਂ ਨਾਲ ਦੇਵੀ ਦੇਵਤਿਆਂ ਦੀ ਪੂਜਾ ਕਰਕੇ, ਉਨ੍ਹਾਂ ਨੂੰ ਪ੍ਰਸੰਨ ਕਰਨ ਦਾ ਯਤਨ ਕਰਦੇ ਹਨ ਪਰ ਇਹ ਵਸਤੂਆਂ ਪਹਿਲਾਂ ਹੀ ਜੂਠੀਆਂ ਹੁੰਦੀਆਂ ਹਨ। ਦੁੱਧ ਵੱਛੇ ਦੇ ਥਣਾਂ ਤੋਂ ਜੂਠਾ ਕੀਤਾ ਹੁੰਦਾ ਹੈ, ਫੁੱਲ ਭੌਰੇ ਨੇ ਜੂਠੇ ਕੀਤੇ ਹੁੰਦੇ ਹਨ ਤੇ ਜਲ ਮੱਛਲੀ ਨੇ ਖ਼ਰਾਬ ਕੀਤਾ ਹੁੰਦਾ ਹੈ। ਇਸ ਲਈ ਇਹ ਵਸਤੂਆਂ ਭੇਂਟ ਕਰਨ ਯੋਗ ਨਹੀਂ। ਪੂਜਾ ਦੀਆਂ ਬਾਕੀ ਵਸਤੂਆਂ ਚੰਦਨ, ਧੂਪ, ਦੀਪ, ਨੈਵੇਦਾ ਵੀ ਜੂਠੀਆਂ ਹੁੰਦੀਆਂ ਹਨ। ਚੰਦਨ ਦੇ ਬੂਟੇ ਨੂੰ ਸੱਪ ਚੰਬੜੇ ਹੁੰਦੇ ਹਨ।ਧੂਪ, ਦੀਪ ਤੇ ਨੈਵੇਦਾ ਸੁਗੰਧੀ ਆ ਜਾਣ ਕਰਕੇ ਜੂਠੇ ਹੁੰਦੇ ਹਨ। ਪੂਜਾ ਸਮੇਂ ਦੇਵਤਿਆਂ ਦੀ ਮੂਰਤੀਆਂ ਅੱਗੇ ਆਰਤੀ ਕੀਤੀ ਜਾਂਦੀ ਹੈ। ਇਸ ਕਰਮ-ਕਾਂਡ ਨੂੰ ਆਪ ਜੀ ਨੇ ਅਪ੍ਰਵਾਨ ਕੀਤਾ ਹੈ ਤੇ ਕਿਹਾ ਕਿ ਅਸਲ ਆਰਤੀ ਪ੍ਰਮਾਤਮਾ ਦਾ ਨਾਮ ਹੈ। ਰਾਗ ਧਨਾਸਰੀ ਵਿੱਚ ਉਚਾਰੇ ਸ਼ਬਦ ਤੋਂ ਆਪ ਜੀ ਦੀ ਭਗਤੀ ਸ਼ਪੱਸ਼ਟ ਹੋ ਜਾਂਦੀ ਹੈ। ਆਪ ਜੀ ਅਨੁਸਾਰ ਪ੍ਰਮਾਤਮਾ ਦਾ ਨਾਮ ਹੀ ਆਰਤੀ ਹੈ। ਹਰਿ ਦੇ ਬਿਨਾਂ ਸਾਰੇ ਅਡੰਬਰ ਕੂੜੇ ਹਨ :-




ਨਾਮ ਤੇਰੋ ਆਰਤੀ ਮਜਨੁ ਮੁਰਾਰੇ॥
ਹਰਿ ਕੇ ਨਾਮ ਬਿਨੁ ਝੂਠੇ ਸਗਲ ਪਸਾਰੇ॥

ਇਸ ਸ਼ਬਦ ਦੇ ਅੰਤ ਵਿੱਚ ਕਹਿੰਦੇ ਹਨ ਕਿ ਹੇ ਪ੍ਰਭੂ! ਤੇਰਾ ਨਾਮ ਹੀ ਮੇਰੇ ਲਈ ਤੇਰੀ ਆਰਤੀ ਹੈ ਤੇ ਸਦਾ ਕਾਇਮ ਰਹਿਣ ਵਾਲੇ ਨਾਮ ਦਾ ਹੀ ਭੋਗ ਮੈਂ ਤੈਨੂੰ ਲਵਾਉਂਦਾ ਹਾਂ:-

ਕਹੈ ਰਵਿਦਾਸ ਨਾਮ ਤੇਰੋ ਆਰਤੀ॥
ਸਤਿ ਨਾਮੁ ਹੈ ਹਰਿ ਭੋਗ ਤੁਹਾਰੈ॥4॥3॥

ਆਪ ਮੂਰਤੀ ਪੂਜਾ ਦੇ ਵਿਰੁੱਧ ਸਨ। ਆਪ ਜੀ ਅਨੁਸਾਰ ਸਿਮਰਨ ਕਰਨ ਨਾਲ ਹੀ ਮੁਕਤੀ ਮਿਲਦੀ ਹੈ ਤੇ ਨਰਕ ਤੋਂ ਛੁਟਕਾਰਾ ਮਿਲਦਾ ਹੈ। ਆਪ ਜੀ ਸੰਸਾਰਕ ਝਮੇਲਿਆਂ ਵਿੱਚੋਂ ਨਿਕਲ ਕੇ ਐਸੀ ਦੁਨੀਆਂ ਵਿੱਚ ਜਾਣਾ ਲੋਚਦੇ ਹਨ, ਜਿਸ ਨੂੰ ਆਪ ਜੀ ਬੇਗਮਪੁਰਾ ਕਹਿੰਦੇ ਹਨ, ਜਿਥੇ ਨਾ ਕੋਈ ਦੁੱਖ ਹੈ, ਨਾ ਚਿੰਤਾ ਹੈ ਅਤੇ ਨਾ ਹੀ ਕੋਈ ਘਬਰਾਹਟ ਹੈ। ਉੱਥੇ ਦੁਨੀਆਂ ਵਾਲੀ ਜਾਇਦਾਦ ਨਹੀਂ ਅਤੇ ਨਾ ਹੀ ਉਸ ਜਾਇਦਾਦ ਨੂੰ ਕੋਈ ਮਸੂਲ ਹੈ। ਉਸ ਅਵਸਥਾ ਵਿੱਚ ਪਾਪ ਕਰਨ ਦਾ ਕੋਈ ਖ਼ਤਰਾ ਨਹੀਂ, ਕੋਈ ਡਰ ਨਹੀਂ, ਕੋਈ ਗਿਰਾਵਟ ਨਹੀਂ :-

ਬੇਗਮ ਪੁਰਾ ਸਹਰ ਕੋ ਨਾਉ॥
ਦੁਖੁ ਅੰਦੋਹੁ ਨਹੀ ਤਿਹ ਠਾਉ॥
ਨ ਤਸਵੀਸ ਖਿਰਾਜੁ ਨ ਮਾਲੁ॥
ਖਉਫੁ ਨ ਖਤਾ ਨ ਤਰਸੁ ਜਵਾਲੁ॥

ਆਪ 151 ਸਾਲ ਦੀ ਆਯੂ ਭੋਗ ਕੇ 1528 ਈ. ਅਰਥਾਤ 1583 ਬਿਕਰਮੀ ਵਿੱਚ ਪ੍ਰਲੋਕ ਸੁਧਾਰ ਗਏ।

## ਬੁੱਢੇ ਦਰਿਆ ਨੂੰ ਪ੍ਰਦੂਸ਼ਿਤ ਕਰਨ ਵਾਲੇ 14 ਵਿਅਕਤੀਆਂ ਖ਼ਿਲਾਫ਼ ਮੁਕੱਦਮਾ ਦਰਜ

**ਲੁਧਿਆਣਾ-ਬੁੱਢੇ ਦਰਿਆ ਨੂੰ ਪ੍ਰਦੂਸ਼ਿਤ ਕਰਕੇ ਉਸਨੂੰ ਗੰਦੇ ਨਾਲੇ ਵਿੱਚ ਤਬਦੀਲ ਕਰਨ ਵਾਲਿਆਂ ਦੇ ਖ਼ਿਲਾਫ਼ ਹੁਣ ਸਖ਼ਤੀ ਨਾਲ ਕਾਰਵਾਈ ਕੀਤੀ ਜਾ ਰਹੀ ਹੈ। ਇਸੇ ਦੇ ਚਲਦਿਆਂ ਥਾਣਾ ਡਵੀਜ਼ਨ ਨੰਬਰ 7 ਦੀ ਪੁਲਿਸ ਨੇ ਜ਼ਿਲ੍ਹਾ ਮਾਈਨਿੰਗ ਅਫਸਰ ਫਿਲੌਰ ਬੰਧ ਉਪਮੰਡਲ ਦੀ ਸ਼ਿਕਾਇਤ ਤੇ 14 ਡੇਅਰੀਆਂ ਦੇ ਮਾਲਕਾਂ ਅਤੇ ਪੇਠਾ ਫੈਕਟਰੀਆਂ ਵਾਲਿਆਂ ਦੇ ਖ਼ਿਲਾਫ਼ ਮਕੱਦਮਾ ਦਰਜ ਕੀਤਾ ਹੈ। ਜਾਣਕਾਰੀ ਦਿੰਦਿਆਂ ਏਐਸਆਈ ਦਿਨੇਸ਼ ਕੁਮਾਰ ਨੇ ਦੱਸਿਆ ਜ਼ਿਲ੍ਹਾ ਮਾਈਨਿੰਗ ਅਫਸਰ ਦੀ ਪੜਤਾਲ ਤੋਂ ਬਾਅਦ ਸਾਹਮਣੇ ਆਇਆ ਕਿ ਮੁਲਜਮਾਂ ਨੇ ਬੁੱਢੇ ਦਰਿਆ ਵਿੱਚ ਵੇਸਟ ਸੁੱਟ ਕੇ ਉਸਨੂੰ ਗੰਧਲਾ ਕੀਤਾ ਹੈ। ਇਸ ਮਾਮਲੇ ਵਿੱਚ ਮਾਈਨਿੰਗ ਅਫਸਰ ਦੀ ਸ਼ਿਕਾਇਤ ਤੋਂ ਬਾਅਦ ਪੁਲਿਸ ਨੇ ਮੋਨੂ ਗੁੱਜਰ, ਗਿਆਨ ਬੀਟ, ਦੀਪਕ, ਰੋਮੀ ਮਲਹੋਤਰਾ, ਮੰਗਲ ਸਿੰਘ, ਹਰੀ ਸਿੰਘ (ਪੇਠਾ ਫੈਕਟਰੀ ), ਮਿੱਕੀ, ਮਾਰੂ ਗੁੱਜਰ, ਗੁਲਸ਼ਨ ਚੋਪੜਾ, ਲਲਿਤ ਗਵਾਲਾ, ਇੰਦਰਜੀਤ, ਬਾਬਰ, ਰਾਜੂ ਗਵਾਲਾ ਅਤੇ ਮੰਗਾ ਗਵਾਲਾ ਦੇ ਖਿਲਾਫ ਵੱਖ-ਵੱਖ ਧਰਾਵਾਂ ਤਹਿਤ ਮੁਕਦਮਾ ਦਰਜ ਕਰਕੇ ਉਨ੍ਹਾਂ ਦੀ ਤਲਾਸ਼ ਸ਼ੁਰੂ ਕਰ ਦਿੱਤੀ ਹੈ।**

# ਅਮਰੀਕੀ ਵਿਖੇ ਫੜੇ ਗਏ ਏਸ਼ੀਆਈ ਗੈਰ-ਕਾਨੂੰਨੀ ਪ੍ਰਵਾਸੀਆਂ ਦੀ ਸੂਚੀ ਵਿੱਚ ਭਾਰਤੀ ਸਭ ਤੋਂ ਉੱਪਰ

## ✪ ਫਿਲੀਪੀਨਜ਼ ਨੂੰ ਪਿੱਛੇ ਛਡਿਆ, ਅਮਰੀਕਾ ਵਿੱਚ ਫੜੇ ਗਏ ਕੁੱਲ 2,901,142 ਲੋਕਾਂ ਵਿੱਚੋਂ, ਭਾਰਤੀ ਲੋਕ 3.11 ਪ੍ਰਤੀਸ਼ਤ



ਵਾਸ਼ਿੰਗਟਨ-ਅਮਰੀਕਾ ਤੋਂ ਗੈਰ-ਕਾਨੂੰਨੀ ਪ੍ਰਵਾਸੀਆਂ ਨੂੰ ਬਾਹਰ ਕੱਢਣ ਲਈ ਇੱਕ ਵਿਸ਼ਾਲ ਸਮੂਹਿਕ ਦੇਸ਼ ਨਿਕਾਲਾ ਮੁਹਿੰਮ ਚਲਾਈ ਜਾ ਰਹੀ ਹੈ। ਇਸ ਦੌਰਾਨ, ਜਾਣਕਾਰੀ ਸਾਹਮਣੇ ਆਈ ਹੈ ਕਿ ਪਿਛਲੇ ਦੋ ਸਾਲਾਂ ਵਿੱਚ ਅਮਰੀਕਾ ਵਿੱਚ ਗੈਰ-ਕਾਨੂੰਨੀ ਢੰਗ ਨਾਲ ਦਾਖਲ ਹੋਣ ਵਾਲੇ ਭਾਰਤੀਆਂ ਦੀ ਗਿਣਤੀ ਵਿੱਚ ਤੇਜ਼ੀ ਨਾਲ ਵਾਧਾ ਹੋਇਆ ਹੈ। ਇਹ ਜਾਣਕਾਰੀ ਬਿਜ਼ਨਸ ਸਟੈਂਡਰਡ ਦੀ ਇੱਕ ਰਿਪੋਰਟ ਵਿੱਚ ਅਮਰੀਕੀ ਕਸਟਮ ਅਤੇ ਬਾਰਡਰ ਪ੍ਰੋਟੈਕਸ਼ਨ ਦੇ ਅੰਕੜਿਆਂ ਦੇ ਹਵਾਲੇ ਨਾਲ ਦਿੱਤੀ ਗਈ ਹੈ। ਰਿਪੋਰਟ ਦੇ ਅਨੁਸਾਰ, 2022 ਤੋਂ ਬਾਅਦ ਅਮਰੀਕਾ ਦੇ ਜ਼ਮੀਨੀ, ਸਮੁੰਦਰੀ ਅਤੇ ਹਵਾਈ ਚੌਕੀਆਂ 'ਤੇ ਫੜੇ ਗਏ ਏਸ਼ੀਆਈ ਦੇਸ਼ਾਂ ਦੇ ਗੈਰ-ਕਾਨੂੰਨੀ ਪ੍ਰਵਾਸੀਆਂ ਦੀ ਗਿਣਤੀ ਵਿੱਚ ਭਾਰਤੀ ਸਭ ਤੋਂ ਉੱਪਰ ਹਨ। ਇਸ ਤੋਂ ਪਹਿਲਾਂ, ਫਿਲੀਪੀਨਜ਼ ਦੇ ਲੋਕ ਇਸ ਸੂਚੀ ਵਿੱਚ ਸਭ ਤੋਂ ਉੱਪਰ ਸਨ।

ਵਿੱਤੀ ਸਾਲ 2024 ਦੌਰਾਨ, ਅਮਰੀਕੀ ਅਧਿਕਾਰੀਆਂ ਨੇ 90,415 ਭਾਰਤੀ ਨਾਗਰਿਕਾਂ ਦਾ ਪਤਾ ਲਗਾਇਆ ਜੋ ਦੇਸ਼ ਵਿੱਚ ਗੈਰ-ਕਾਨੂੰਨੀ ਢੰਗ ਨਾਲ ਦਾਖਲ ਹੋਣ ਦੀ ਕੋਸ਼ਿਸ਼ ਕਰ ਰਹੇ ਸਨ। ਇਹ ਸੰਖਿਆ ਵਿੱਤੀ ਸਾਲ 23 ਨਾਲੋਂ ਥੋੜ੍ਹੀ ਘੱਟ ਸੀ। 2023 ਵਿੱਚ, 96,917 ਭਾਰਤੀ ਗੈਰ-ਕਾਨੂੰਨੀ ਢੰਗ ਨਾਲ ਅਮਰੀਕਾ ਵਿੱਚ ਦਾਖਲ ਹੁੰਦੇ ਪਾਏ ਗਏ। ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਭਾਰਤ ਤੋਂ ਆਏ ਪ੍ਰਵਾਸੀ ਸਭ ਤੋਂ ਗਰੀਬ ਜਾਂ ਘੱਟ ਪੜ੍ਹੇ-ਲਿਖੇ ਨਹੀਂ ਹਨ, ਪਰ ਅੰਗਰੇਜ਼ੀ ਵਿੱਚ ਉਨ੍ਹਾਂ ਦੀ ਮਾੜੀ ਮੁਹਾਰਤ ਕਾਰਨ, ਉਹ ਅਮਰੀਕਾ ਲਈ ਸੈਲਾਨੀ ਜਾਂ ਵਿਦਿਆਰਥੀ ਵੀਜ਼ਾ ਵੀ ਪ੍ਰਾਪਤ ਕਰਨ ਵਿੱਚ ਅਸਮਰੱਥ ਹਨ।

### ਗ੍ਰਿਫਤਾਰ ਕੀਤੇ ਗਏ ਕੁੱਲ ਲੋਕਾਂ ਵਿੱਚੋਂ ਕਿੰਨੇ ਭਾਰਤੀ ਹਨ ?

ਰਿਪੋਰਟ ਦੇ ਅਨੁਸਾਰ, ਵਿੱਤੀ ਸਾਲ 2024 ਵਿੱਚ ਗੈਰ-ਕਾਨੂੰਨੀ ਤੌਰ 'ਤੇ ਅਮਰੀਕਾ ਵਿੱਚ ਦਾਖਲ ਹੋਣ ਦੀ ਕੋਸ਼ਿਸ਼ ਕਰਦੇ ਫੜੇ ਗਏ ਕੁੱਲ 2,901,142 ਲੋਕਾਂ ਵਿੱਚੋਂ, ਭਾਰਤੀ ਨਾਗਰਿਕਤਾ ਵਾਲੇ ਲੋਕ 3.11 ਪ੍ਰਤੀਸ਼ਤ ਸਨ। ਅਮਰੀਕੀ ਅਧਿਕਾਰੀਆਂ ਨੇ 2023 ਵਿੱਚ ਕੁੱਲ 3,210,144 ਲੋਕਾਂ ਨੂੰ ਗੈਰ-ਕਾਨੂੰਨੀ ਢੰਗ ਨਾਲ ਅਮਰੀਕਾ ਵਿੱਚ ਦਾਖਲ ਹੋਣ ਦੀ ਕੋਸ਼ਿਸ਼ ਕਰਦੇ ਹੋਏ ਫੜਿਆ। 2022 ਵਿੱਚ 2,766,582 ਅਤੇ 2021 ਵਿੱਚ 1,956,519 ਲੋਕ ਫੜੇ ਗਏ ਸਨ।

### 17, 940 ਭਾਰਤੀਆਂ ਨੂੰ ਦੇਸ਼ ਨਿਕਾਲਾ ਦੇ ਹੁਕਮ ਜਾਰੀ ਕੀਤੇ ਗਏ

ਰਿਪੋਰਟ 'ਚ ਅਮਰੀਕੀ ਗ੍ਰਹਿ ਸੁਰੱਖਿਆ ਵਿਭਾਗ ਨੇ ਕਿਹਾ ਕਿ ਉਸਨੇ 22 ਅਕਤੂਬਰ ਨੂੰ ਇੱਕ ਚਾਰਟਰਡ ਉਡਾਣ ਭਾਰਤ ਭੇਜੀ ਸੀ ਜਿਸ ਵਿੱਚ ਉਨ੍ਹਾਂ ਭਾਰਤੀ ਨਾਗਰਿਕਾਂ ਨੂੰ ਲਿਆਂਦਾ ਗਿਆ ਸੀ ਜੋ ਗੈਰ-ਕਾਨੂੰਨੀ ਢੰਗ ਨਾਲ ਅਮਰੀਕਾ ਵਿੱਚ ਦਾਖਲ ਹੋਣ ਦੀ ਕੋਸ਼ਿਸ਼ ਕਰਦੇ ਫੜੇ ਗਏ ਸਨ। ਯੂਐਸ ਇਮੀਗ੍ਰੇਸ਼ਨ ਐਂਡ ਕਸਟਮਜ਼ ਇਨਫੋਰਸਮੈਂਟ ਨੇ ਅਮਰੀਕਾ ਵਿੱਚ 17,940 ਭਾਰਤੀਆਂ ਦੀ ਸੂਚੀ ਬਣਾਈ ਹੈ ਜਿਨ੍ਹਾਂ ਨੂੰ ਭਾਰਤ ਭੇਜਣ ਦੇ ਆਦੇਸ਼ ਦਿੱਤੇ ਗਏ ਹਨ। ਇਹ ਲੋਕ ਆਈਸੀਈ ਹਿਰਾਸਤ ਵਿੱਚ ਨਹੀਂ ਹਨ। ਇਸ ਦੇ ਨਾਲ ਹੀ, 2024 ਵਿੱਚ ਇਸ ਦੇਸ਼ ਨਿਕਾਲਾ ਮੁਹਿੰਮ ਤਹਿਤ 2,647 ਭਾਰਤੀ ਨਾਗਰਿਕਾਂ ਨੂੰ ਹਿਰਾਸਤ ਵਿੱਚ ਲਿਆ ਗਿਆ ਸੀ। ਆਈਸੀਈ ਨੇ ਕਿਹਾ ਕਿ ਉਸਨੇ ਪਿਛਲੇ ਸਾਲ 1,529 ਭਾਰਤੀਆਂ ਨੂੰ ਦੇਸ਼ ਨਿਕਾਲਾ ਦਿੱਤਾ ਸੀ।

ਭਾਰਤ ਦੇ ਵਿਦੇਸ਼ ਮੰਤਰਾਲੇ ਦੇ ਬੁਲਾਰੇ ਰਣਧੀਰ ਜੈਸਵਾਲ ਨੇ ਕਿਹਾ ਹੈ ਕਿ ਨਵੀਂ ਦਿੱਲੀ ਗੈਰ-ਕਾਨੂੰਨੀ ਇਮੀਗ੍ਰੇਸ਼ਨ ਦਾ ਵਿਰੋਧ ਕਰਦੀ ਹੈ। ਭਾਰਤ ਅਮਰੀਕਾ ਵਿੱਚ ਗੈਰ-ਕਾਨੂੰਨੀ ਤੌਰ 'ਤੇ ਰਹਿ ਰਹੇ ਭਾਰਤੀਆਂ ਨੂੰ ਵਾਪਸ ਲੈਣ ਲਈ ਤਿਆਰ ਹੈ, ਬਸ਼ਰਤੇ ਉਨ੍ਹਾਂ ਦੀ ਕੌਮੀਅਤ ਦੀ ਪੁਸ਼ਟੀ ਕੀਤੀ ਜਾਵੇ।

# 2032 ਤੱਕ ਗ੍ਰਹਿ ਐਸਟਰਾਇਡ ਭਾਰਤ ਨਾਲ ਟਕਰਾ ਸਕਦਾ ਹੈ, ਵਿਗਿਆਨੀਆਂ ਨੇ ਦਿੱਤੀ ਚੇਤਾਵਨੀ

## ✪ ਅਜਿਹਾ ਹੋਇਆ ਤਾਂ ਭਿਅੰਕਰ ਤਬਾਹੀ ਹੋਵੇਗੀ

ਲੰਡਨ-ਸਾਲ 1908 ਵਿੱਚ, ਸੋਵੀਅਤ ਯੂਨੀਅਨ ਦੇ ਸਾਇਬੇਰੀਆ ਖੇਤਰ ਵਿੱਚ ਇੱਕ ਐਸਟਰਾਇਡ ਡਿੱਗਿਆ, ਜਿਸ ਨਾਲ 2000 ਵਰਗ ਕਿਲੋਮੀਟਰ ਦੇ ਖੇਤਰ ਵਿੱਚ ਤਬਾਹੀ ਮਚ ਗਈ ਸੀ। ਉਸ ਐਸਟੇਰਾਇਡ ਦੇ ਡਿੱਗਣ ਕਾਰਨ, ਲੱਖਾਂ ਦਰੱਖਤ ਜੜ੍ਹਾਂ ਤੋਂ ਉਖੜ ਗਏ ਸਨ। ਇਹ ਖੁਸ਼ਕਿਸਮਤੀ ਸੀ ਕਿ ਸਾਇਬੇਰੀਆ ਇੱਕ ਉਜਾੜ ਇਲਾਕਾ ਸੀ, ਨਹੀਂ ਤਾਂ ਭਿਅੰਕਰ ਤਬਾਹੀ ਹੋਣੀ ਸੀ ਅਤੇ ਉਸੇ ਆਕਾਰ ਦਾ ਇੱਕ ਐਸਟਰਾਇਡ ਧਰਤੀ ਵੱਲ ਲਗਾਤਾਰ ਵਧ ਰਿਹਾ ਹੈ ਅਤੇ ਖਗੋਲ ਵਿਗਿਆਨੀ ਹਾਈ ਅਲਰਟ 'ਤੇ ਹਨ। ਇਸ ਐਸਟਰਾਇਡ ਦਾ ਨਾਮ 2024 ਵਾਈਆਰ4 ਹੈ ਅਤੇ ਵਿਗਿਆਨੀਆਂ ਨੇ ਐਸਟਰਾਇਡ ਦੀ ਗਤੀ ਅਤੇ ਵੱਖ-ਵੱਖ ਪੁਲਾੜੀ ਗੁੰਝਲਾਂ ਦਾ ਅਧਿਐਨ ਕੀਤਾ ਹੈ ਅਤੇ ਪਾਇਆ ਹੈ ਕਿ 2032 ਤੱਕ ਇਸ ਐਸਟਰਾਇਡ ਦੇ ਧਰਤੀ ਨਾਲ ਟਕਰਾਉਣ ਦੀ ਸੰਭਾਵਨਾ ਹੈ, ਜਿਸ ਦੇ ਗੰਭੀਰ ਨਤੀਜੇ ਹੋ ਸਕਦੇ ਹਨ।

ਵਿਗਿਆਨੀਆਂ ਨੇ ਇਸ ਗ੍ਰਹਿ ਨੂੰ ਧਰਤੀ ਦੇ 'ਸਭ ਤੋਂ ਨੇੜਲੇ ਪਿੰਡਾਂ' ਦੀ ਸੂਚੀ ਵਿੱਚ ਸ਼ਾਮਲ ਕੀਤਾ ਹੈ। ਵਿਗਿਆਨੀਆਂ ਦਾ ਮੰਨਣਾ ਹੈ ਕਿ ਇਹ ਗ੍ਰਹਿ ਸਾਡੇ ਵਾਯੂਮੰਡਲ ਵਿੱਚ ਦਾਖਲ ਹੋਣ ਤੋਂ ਬਾਅਦ ਸਾਡੇ ਗ੍ਰਹਿ ਨੂੰ ਬਹੁਤ ਨੁਕਸਾਨ ਪਹੁੰਚਾ ਸਕਦਾ ਹੈ। ਸੰਯੁਕਤ ਅਰਬ ਅਮੀਰਾਤ ਦੇ ਇੱਕ ਖਗੋਲ ਵਿਗਿਆਨੀ ਨੇ ਵੀ ਇਸ ਉਪਗ੍ਰਹਿ ਨੂੰ ਧਰਤੀ ਵਾਂਗ ਉੱਡਦੇ ਦੇਖਿਆ ਹੈ ਅਤੇ ਦੁਨੀਆ ਭਰ ਦੇ ਸ਼ਕਤੀਸ਼ਾਲੀ ਨਿਗਰਾਨਾਂ ਨੂੰ ਇਸ ਗ੍ਰਹਿ 'ਤੇ ਨਿਰੰਤਰ ਨਜ਼ਰ ਰੱਖਣ ਦੀ ਅਪੀਲ ਕੀਤੀ ਹੈ।

### ਐਸਟਰਾਇਡ 2024 ਵਾਈਆਰ 4 ਦਾ ਧਰਤੀ 'ਤੇ ਕੀ ਪ੍ਰਭਾਵ ਪੈ ਸਕਦਾ ਹੈ ?

ਇਹ ਐਸਟੇਰਾਇਡ, ਜਿਸਦਾ ਕੋਡਨੇਮ 2024 ਵਾਈਆਰ 4 ਹੈ, ਸਭ ਤੋਂ ਪਹਿਲਾਂ ਯੂਰਪੀਅਨ ਸਪੇਸ ਏਜੰਸੀ (ਈਐਸਏ) ਦੇ ਪਲੈਨੇਟਰੀ ਡਿਫੈਂਸ ਆਫਿਸ ਦੁਆਰਾ ਖੋਜਿਆ ਗਿਆ ਸੀ, ਜਿਸਨੇ ਇੱਕ ਚੇਤਾਵਨੀ ਜਾਰੀ ਕੀਤੀ ਹੈ ਕਿ ਇਹ ਐਸਟੇਰਾਇਡ 22 ਦਸੰਬਰ, 2032 ਨੂੰ ਧਰਤੀ ਦੇ ਨੇੜੇ ਤੋਂ ਸੁਰੱਖਿਅਤ ਢੰਗ ਨਾਲ ਲੰਘ ਜਾਵੇਗਾ। ਲਗਭਗ 99% ਸੰਭਾਵਨਾ ਹੈ ਕਿ ਇਹ ਲੰਘ ਰਿਹਾ ਹੈ। ਫਿਰ ਵੀ, ਇਸਨੇ ਆਪਣੀ ਰਿਪੋਰਟ ਵਿੱਚ ਕਿਹਾ, ਧਰਤੀ 'ਤੇ ਇਸਦੇ ਪ੍ਰਭਾਵ ਦੀ ਸੰਭਾਵਨਾ ਨੂੰ ਪੂਰੀ ਤਰ੍ਹਾਂ ਰੱਦ ਨਹੀਂ ਕੀਤਾ ਜਾ ਸਕਦਾ। ਜਿਵੇਂ-ਜਿਵੇਂ ਸਾਡੀ ਐਸਟਰਾਇਡ ਸਰਵੇਖਣ ਤਕਨਾਲੋਜੀ ਵਿੱਚ ਸੁਧਾਰ ਹੋ ਰਿਹਾ ਹੈ, ਅਸੀਂ ਧਰਤੀ ਦੇ ਨੇੜੇ ਤੋਂ ਲੰਘਣ ਵਾਲੀਆਂ ਵਸਤੂਆਂ ਦੀ ਵੱਧਦੀ ਗਿਣਤੀ ਦਾ ਪਤਾ ਲਗਾ ਰਹੇ ਹਾਂ ਜੋ ਅਸੀਂ ਪਹਿਲਾਂ ਕਦੇ ਨਹੀਂ ਵੇਖ ਪਾਉਂਦੇ ਸੀ ।


ਪੁਲਾੜ ਏਜੰਸੀ ਨੇ ਕਿਹਾ ਹੈ ਕਿ 2024 ਵਾਈਆਰ4 ਐਸਟਰਾਇਡ 40 ਮੀਟਰ ਲੰਬਾ ਅਤੇ 100 ਮੀਟਰ ਚੌੜਾ ਹੋ ਸਕਦਾ ਹੈ। ਏਜੰਸੀ ਨੇ ਕਿਹਾ ਹੈ ਕਿ 99 ਪ੍ਰਤੀਸ਼ਤ ਸੰਭਾਵਨਾ ਹੈ ਕਿ ਇਹ ਧਰਤੀ ਨਾਲ ਨਹੀਂ ਟਕਰਾਏਗਾ, ਪਰ ਇੱਕ ਪ੍ਰਤੀਸ਼ਤ ਸੰਭਾਵਨਾ ਹੈ ਕਿ ਇਹ ਧਰਤੀ ਨਾਲ ਟਕਰਾਏਗਾ ਅਤੇ ਇਹ ਸੰਭਾਵਨਾ ਇਸਨੂੰ ਧਰਤੀ ਲਈ ਖਤਰਨਾਕ ਐਸਟਰਾਇਡਾਂ ਦੀ ਸੂਚੀ ਵਿੱਚ ਰੱਖਦੀ ਹੈ। ਪੁਲਾੜ ਏਜੰਸੀ ਨੇ ਇਹ ਵੀ ਕਿਹਾ ਹੈ ਕਿ ਫਿਲਹਾਲ ਇਹ ਕਹਿਣਾ ਮੁਸ਼ਕਲ ਹੈ ਕਿ ਇਸਦਾ ਪ੍ਰਭਾਵ ਧਰਤੀ 'ਤੇ ਕਿੱਥੇ ਪੈ ਸਕਦਾ ਹੈ। ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਇਸ ਦੂਰੀ 'ਤੇ, ਇਹ ਪੱਛਮੀ ਮੱਧ ਅਮਰੀਕਾ ਤੋਂ ਉੱਤਰੀ ਦੱਖਣੀ ਅਮਰੀਕਾ ਤੱਕ ਫੈਲੀ ਇੱਕ ਤੰਗ ਪੱਟੀ ਵਿੱਚ ਧਰਤੀ ਨੂੰ ਟੱਕਰ ਮਾਰ ਸਕਦਾ ਹੈ, ਫਿਰ ਕੇਂਦਰੀ ਅਟਲਾਂਟਿਕ ਮਹਾਂਸਾਗਰ ਅਤੇ ਅਫਰੀਕਾ ਦੇ ਕੁਝ ਹਿੱਸਿਆਂ ਤੋਂ ਪਾਰ, ਭਾਰਤ ਤੱਕ ਪਹੁੰਚ ਸਕਦਾ ਹੈ।



### ਐਸਟਰਾਇਡ 2024 ਵਾਈਆਰ 4 ਬਾਰੇ ਕੀ ਖੋਜਿਆ ਗਿਆ ?


ਇਸ ਐਸਟੇਰਾਇਡ ਨੂੰ ਪਹਿਲੀ ਵਾਰ 27 ਦਸੰਬਰ, 2024 ਨੂੰ ਚਿਲੀ ਦੇ ਰੀਓ ਹਰਟਾਡੋ ਵਿੱਚ ਸਥਿਤ ਐਸਟੇਰੋਇਡ ਟੈਰੇਸਟ੍ਰੀਅਲ-ਇਮਪੈਕਟ ਲਾਸਟ ਅਲਰਟ ਸਿਸਟਮ (ਐਟਲਸ) ਟੈਲੀਸਕੋਪ ਦੁਆਰਾ ਦੇਖਿਆ ਗਿਆ ਸੀ। ਈਐਸਏ ਨੇ ਐਸਟਰਾਇਡ ਦੇ ਲੰਘਣ ਦਾ ਇੱਕ ਟਾਈਮਲੈਪਸ ਕੈਪਚਰ ਕੀਤਾ। ਐਸਟੇਰਾਇਡ ਦੇ ਆਕਾਰ ਨੂੰ ਧਿਆਨ ਵਿੱਚ ਰੱਖਦੇ ਹੋਏ, ਇਸਨੂੰ ਸਭ ਤੋਂ ਵੱਧ ਜੋਖਮ ਵਾਲੇ ਐਸਟੇਰਾਇਡਾਂ ਦੀ ਸੂਚੀ ਵਿੱਚ ਸਿਖਰ 'ਤੇ ਰੱਖਿਆ ਗਿਆ ਹੈ। ਇਸਨੂੰ 2023 ਵੀਡੀ3 ਐਸਟਰਾਇਡ ਦੇ ਉੱਪਰ ਵੀ ਰੱਖਿਆ ਗਿਆ ਹੈ, ਜਿਸਦੇ 2034 ਵਿੱਚ ਧਰਤੀ ਦੇ ਨੇੜੇ ਤੋਂ ਲੰਘਣ ਦੀ ਉਮੀਦ ਹੈ। ਪੁਲਾੜ ਏਜੰਸੀ ਨੇ ਕਿਹਾ ਹੈ ਕਿ ਦੁਨੀਆ ਦੀਆਂ ਕਈ ਪੁਲਾੜ ਏਜੰਸੀਆਂ ਇਸ ਗ੍ਰਹਿ 'ਤੇ ਨਜ਼ਰ ਰੱਖ ਰਹੀਆਂ ਹਨ ਅਤੇ ਇਸ ਦੇ ਗੁਜ਼ਰਣ ਵਾਲੇ ਰਸਤੇ 'ਤੇ ਨੇੜਿਓਂ ਨਜ਼ਰ ਰੱਖ ਰਹੀਆਂ ਹਨ।

2024 ਵਾਈਆਰ4 ਐਸਟਰਾਇਡ ਨੂੰ ਟੋਰਿਨ ਪ੍ਰਭਾਵ ਖਤਰੇ ਦੇ ਪੈਮਾਨੇ 'ਤੇ ਪੱਧਰ 3 ਵਜੋਂ ਸ਼੍ਰੇਣੀਬੱਧ ਕੀਤਾ ਗਿਆ ਹੈ। ਇਸਦਾ ਮਤਲਬ ਹੈ ਕਿ ਖਗੋਲ ਵਿਗਿਆਨੀ ਇਸ 'ਤੇ ਨੇੜਿਓਂ ਨਜ਼ਰ ਰੱਖਣਗੇ ਅਤੇ ਇਸਨੂੰ ਆਮ ਲੋਕਾਂ ਦੇ ਧਿਆਨ ਵਿੱਚ ਲਿਆਉਣਾ ਵੀ ਮਹੱਤਵਪੂਰਨ ਹੈ। ਇੱਥੇ ਤੁਹਾਡੇ ਲਈ ਇਹ ਜਾਣਨਾ ਵੀ ਜ਼ਰੂਰੀ ਹੈ ਕਿ ਸ਼ੁਰੂਆਤੀ ਅੰਕੜਿਆਂ ਵਿੱਚ, ਕਿਸੇ ਐਸਟਰਾਇਡ ਦੇ ਧਰਤੀ ਦੇ ਨੇੜੇ ਆਉਣ ਦੀ ਸੰਭਾਵਨਾ ਅਕਸਰ ਕਾਫ਼ੀ ਜ਼ਿਆਦਾ ਹੁੰਦੀ ਹੈ, ਪਰ ਹੋਰ ਅੰਕੜਿਆਂ ਦੇ ਆਉਣ ਨਾਲ, ਇਸਦੀ ਸੰਭਾਵਨਾ ਤੇਜ਼ੀ ਨਾਲ ਘੱਟ ਜਾਂਦੀ ਹੈ।



**MATRIMONIAL**

ਮੁੰਡਾ ਜਾਂ ਕੁੜੀ ਵਿਆਹੁਣ ਦਾ ਫ਼ਿਕਰ ਛੱਡੋ ਤੇ ਪੰਜਾਬ ਟਾਈਮਜ਼ ਨਾਲ ਸੰਪਰਕ ਕਰੋ : 01332 372851



ਪੰਜਾਬ ਟਾਈਮਜ਼ ਵਿਚ ਚਾਰ ਹਫ਼ਤੇ ਵਿਆਹ ਦਾ ਇਸ਼ਤਿਹਾਰ ਛਪਵਾਉਣ ਲਈ ਕੇਵਲ 60 ਪੌਂਡ

**Matrimonial advert is only £60 for 4 weeks**

*NOTE: All replies should be sent in a stamped envelope and marked with the ref. No. in the top left hand corner. Panjab Times, Bridle Gate Lane, Derby, DE24 0QW*


Respectable Arora Sikh family seeking a suitable match for their British born son, he is a doctor (GP), 46 years old, 5'10" tall, clean shaven, slim with good personality. He is sencere and well versed in both culture. Girl must be born and educated in U.K. Cast no bar. For more information call: 07943 196894 or reply to ref. 842 (3066)

## CHANGE OF NAME

I, YASHICA D/O OF MR CHANDAN PAL WHOSE PERMANENT ADDRESS IN INDIA IS B-8, MCH 506/140, HIRA COLONY, HOSHIARPUR, PIN: 146001, PUNJAB AND NOW LIVING AT 110 SALISBURY ROAD, SMETHWICK, B66 3RX, UK HEREBY GIVE NOTICE OF MY INTENTION TO CHANGE MY NAME TO YASHICA MAAN. (U/I)

I, MALINDER KAUR W/O OF MR BAKHSHISH SINGH WHOSE PERMANENT ADDRESS IN INDIA IS VPO: JAMSHER KHAS, DISST: JALANDHAR, PUNJAB AND NOW LIVING AT 116 KINGSWOOD ROAD, ILFORD, IG3 8UD, UK HEREBY GIVE NOTICE OF MY INTENTION TO CHANGE MY NAME TO MALINDER KAUR GILL. (U/I)

# ਸਿੱਖ ਪ੍ਰਧਾਨ ਮੰਤਰੀ ਮੋਦੀ ਤੋਂ ਬਹੁਤ ਖ਼ੁਸ਼ ਹਨ-ਲਾਲਪੁਰਾ

## ✪ ਕਿਹਾ-ਭਾਰਤ ਘੱਟ ਗਿਣਤੀਆਂ ਲਈ ਸਵਰਗ ਹੈ



ਨਵੀਂ ਦਿੱਲੀ-ਰਾਸ਼ਟਰੀ ਘੱਟ ਗਿਣਤੀ ਕਮਿਸ਼ਨ ਦੇ ਚੇਅਰਮੈਨ ਇਕਬਾਲ ਸਿੰਘ ਲਾਲਪੁਰਾ ਨੇ ਕਿਹਾ ਕਿ ਭਾਰਤ ਘੱਟ ਗਿਣਤੀਆਂ ਲਈ 'ਸਵਰਗ' ਹੈ ਅਤੇ ਸਿੱਖ ਭਾਈਚਾਰਾ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਪਿਛਲੇ 10 ਸਾਲਾਂ 'ਚ ਸਿੱਖ ਭਾਈਚਾਰੇ ਲਈ ਕੀਤੇ ਗਏ ਕੰਮਾਂ ਲਈ ਉਨ੍ਹਾਂ ਨੂੰ 'ਮਸੀਹਾ' ਮੰਨਦੇ ਹਨ। ਇਸ ਮੌਕੇ ਉਨ੍ਹਾਂ ਕਿਹਾ ਕਿ ਭਾਰਤ ਘੱਟ ਗਿਣਤੀਆਂ ਲਈ ਸਵਰਗ ਹੈ। ਉਨ੍ਹਾਂ ਕਿਹਾ ਕਿ ਸਾਨੂੰ ਘੱਟ ਗਿਣਤੀਆਂ ਨੇ ਚਾਰ ਵਾਰ ਰਾਸ਼ਟਰਪਤੀ ਅਤੇ ਇਕ ਵਾਰ ਪ੍ਰਧਾਨ ਮੰਤਰੀ ਦਾ ਅਹੁਦਾ ਦਿੱਤਾ ਗਿਆ ਹੈ। ਲਾਲਪੁਰਾ ਨੇ ਇਸ ਦੌਰਾਨ ਇਹ ਵੀ ਦਾਅਵਾ ਕੀਤਾ ਕਿ ਸਿੱਖ ਪ੍ਰਧਾਨ ਮੰਤਰੀ ਮੋਦੀ ਤੋਂ ਬਹੁਤ ਖ਼ੁਸ਼ ਹਨ ਕਿਉਂਕਿ ਉਨ੍ਹਾਂ ਨੇ ਪਿਛਲੇ 10 ਸਾਲਾਂ ਵਿਚ ਭਾਈਚਾਰੇ ਲਈ ਜੋ ਕੀਤਾ ਹੈ, ਪਹਿਲਾਂ ਕਿਸੇ ਨੇ ਅਜਿਹਾ ਕਰਨ ਬਾਰੇ ਸੋਚਿਆ ਵੀ ਨਹੀਂ ਸੀ।


## CHANGE OF NAME

Please one tick box

- ☐ £30 Print in UK only
- ☐ £60 Print UK & India
- ☐ £80 Print UK & India (Express)

NOTE: Please allow 28 days for publication in India

I MR / MRS / MISS ____________________

SON / DAUGHTER / WIFE OF MR ____________________

WHOSE PERMANENT ADDRESS IN INDIA IS ____________________

____________________

AND IS NOW LIVING AT ____________________

____________________ HEREBY GIVE NOTICE OF MY INTENTION

TO CHANGE MY NAME TO ____________________

TEL ____________________

**Please send the completed form with payment to: Panjab Times, Bridle Gate Lane, Derby, DE24 0QW or email the wording to: panjabtimes@aol.com**

**TO PAY BY CREDIT CARD TEL: 01332-372851**

Account Name: Punjab Times Trust Ltd
Account No: 20853011 Sort Code: 20-25-85


# 25 ਸਾਲ ਬਾਅਦ ਇੰਗਲੈਂਡ ਵਿੱਚ ਹੋਇਆ ਪਿਓ ਪੁੱਤ ਦਾ ਮਿਲਾਪ



ਜਸਪਾਲ ਸਿੰਘ ਅਤੇ ਮੁਖਤਿਆਰ ਸਿੰਘ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਵਿਦੇਸ਼ਾਂ ਵਿੱਚ ਵਸਦੇ ਆਪਣਿਆਂ ਤੋਂ ਦੂਰ ਰਹਿੰਦੇ ਲੋਕਾਂ ਦੀਆਂ ਨਿੱਤ ਨਵੀਆਂ ਕਹਿਣੀਆਂ ਸੁਣਨ ਨੂੰ ਮਿਲਦੀਆਂ ਹਨ। ਬੀਤੇ ਕੱਲ ਬ੍ਰਮਿੰਘਮ ਦੇ ਹਵਾਈ ਅੱਡੇ ਉੱਤੇ 25 ਸਾਲ ਬਾਅਦ ਇੱਕ ਪਿਓ ਪੁੱਤ ਦਾ ਮਿਲਾਪ ਹੁੰਦਾ ਹੋਇਆ ਦੇਖਿਆ ਗਿਆ। ਜਸਪਾਲ ਸਿੰਘ ਨਿੱਝਰ ਵਾਸੀ ਸ਼ਾਹਪੁਰ ਗੁਰਾਇਆਂ ਨੇੜੇ ਗੁਰਦਾਸਪੁਰ ਜੋ 25 ਸਾਲ ਪਹਿਲਾਂ ਯੂ ਕੇ ਆਇਆ ਸੀ ਅਤੇ ਹੁਣ ਤੱਕ ਸ਼ਰਨਾਰਥੀ ਵਜੋਂ ਰਹਿ ਰਿਹਾ ਹੈ।

ਜ਼ਿੰਦਗੀ ਦੀਆਂ ਔਖਿਆਈਆਂ ਸੌਖਿਆਈਆ ਚੋਂ ਲੰਘਦਾ ਆਪਣੇ ਮਾਪਿਆਂ ਦੇ ਮਿਲਾਪ ਨੂੰ ਤਰਸਦਾ ਰਿਹਾ ਜਦ ਕਿ ਦੂਜੇ ਪਾਸੇ ਮਾਪੇ ਆਪਣੇ ਪੁੱਤ ਦਾ ਮੁੱਖ ਵੇਖਣ ਨੂੰ ਤਰਸ ਰਹੇ ਸਨ। ਦੋਵਾਂ ਬਾਪ ਬੇਟੇ ਦੇ ਮਿਲਾਪ ਲਈ ਜਗਤਾਰ ਸਿੰਘ ਨਿੱਝਰ ਨੇ ਅਹਿਮ ਭੂਮਿਕਾ ਨਿਭਾਈ ਅਤੇ ਸੂਬੇਦਾਰ ਮੇਜਰ ਮੁਖਤਿਆਰ ਸਿੰਘ ਨਿੱਝਰ ਬੀਤੇ ਕੱਲ ਸ਼ਾਮ ਬ੍ਰਮਿੰਘਮ ਹਵਾਈ ਅੱਡੇ ਤੇ ਪਹੁੰਚਿਆ ਪਿਉ ਪੁੱਤ ਦੀ ਪਈ ਗਲਵੱਕੜੀ ਨੇ ਸਾਰਾ ਮਾਹੌਲ ਪੂਰੀ ਤਰ੍ਹਾਂ ਭਾਵੁਕ ਕਰ ਦਿੱਤਾ ਸੀ ਹਰ ਅੱਖ ਨਮ ਹੋਈ।

### -ਮਾਮਲਾ ਗਿਆਨੀ ਹਰਪ੍ਰੀਤ ਸਿੰਘ ਦੀ ਜਾਂਚ ਦਾ-

# ਸ਼੍ਰੋਮਣੀ ਕਮੇਟੀ ਨੇ ਵਧਾਇਆ ਇਕ ਮਹੀਨੇ ਦਾ ਹੋਰ ਸਮਾਂ

## ✪ ਸੇਵਾਵਾਂ 'ਤੇ ਵੀ ਇਕ ਮਹੀਨੇ ਦੀ ਰੋਕ ਵਧੀ

ਅੰਮ੍ਰਿਤਸਰ-ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਦੇ ਮਾਮਲੇ ਨੂੰ ਲੈ ਕੇ ਸ਼੍ਰੋਮਣੀ ਕਮੇਟੀ ਦੀ ਅੰਤਿ(ਂਗ ਕਮੇਟੀ ਵੱਲੋਂ ਤਿੰਨ ਮੈਂਬਰੀ ਜਾਂਚ ਕਮੇਟੀ ਨੂੰ ਜਾਂਚ ਲਈ ਇਕ ਮਹੀਨੇ ਦਾ ਸਮਾਂ ਹੋਰ ਵਧਾ ਦਿੱਤਾ ਗਿਆ ਹੈ। ਬੀਤੇ ਸਾਲ 19 ਦਸੰਬਰ ਨੂੰ ਗਿਆਨੀ ਹਰਪ੍ਰੀਤ ਸਿੰਘ ਦੇ ਮਾਮਲੇ ਵਿਚ ਸ਼੍ਰੋਮਣੀ ਕਮੇਟੀ ਦੀ ਅੰਤ੍ਰਿੰਗ ਕਮੇਟੀ ਨੇ ਹੰਗਾਮੀ ਇਕੱਤਰਤਾ ਸੱਦ ਕੇ ਗਿਆਨੀ ਹਰਪ੍ਰੀਤ ਸਿੰਘ 'ਤੇ ਗੁਰਪ੍ਰੀਤ ਸਿੰਘ ਵੱਲੋਂ ਲਗਾਏ ਗਏ ਦੋਸ਼ਾਂ ਦੀ ਪੜਤਾਲ ਲਈ ਤਿੰਨ ਮੈਂਬਰੀ ਕਮੇਟੀ ਗਠਿਤ ਕੀਤੀ ਸੀ, ਜਿਸ ਵਿਚ ਸ਼੍ਰੋਮਣੀ ਕਮੇਟੀ ਦੇ ਸੀਨੀਅਰ ਮੀਤ ਪ੍ਰਧਾਨ ਰਘੂਜੀਤ ਸਿੰਘ ਵਿਰਕ, ਜਨਰਲ ਸਕੱਤਰ ਸ਼ੇਰ ਸਿੰਘ ਮੰਡਵਾਲਾ ਤੇ ਅੰਤ੍ਰਿੰਗ ਕਮੇਟੀ ਮੈਂਬਰ ਦਲਜੀਤ ਸਿੰਘ ਭਿੰਡਰ ਨੂੰ ਸ਼ਾਮਲ ਕੀਤਾ ਸੀ।


ਇਸ ਕਮੇਟੀ ਨੂੰ ਜਾਂਚ ਲਈ 15 ਦਿਨ ਦਾ ਸਮਾਂ ਦਿੱਤਾ ਸੀ ਜਦਕਿ ਕਮੇਟੀ ਦੀ ਮੰਗ ਤੇ ਅੰਤ੍ਰਿੰਗ ਕਮੇਟੀ ਨੇ 31 ਦਸੰਬਰ ਦੀ ਇਕੱਤਰਤਾ ਵਿਚ ਇਕ ਮਹੀਨੇ ਦਾ ਸਮਾਂ ਹੋਰ ਵਧਾ ਦਿੱਤਾ ਸੀ। ਦਸਣਯੋਗ ਹੈ ਕਿ 19 ਦਸੰਬਰ 2024 ਤੋਂ ਗਿਆਨੀ ਹਰਪ੍ਰੀਤ ਸਿੰਘ 'ਤੇ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਦੀਆਂ ਸੇਵਾਵਾਂ ਨਿਭਾਉਣ ਲਈ ਲੋਕ ਲਗਾਈ ਗਈ ਹੈ ਅਤੇ ਉਸ ਦਿਨ ਤੋਂ ਤਖਤ ਸ੍ਰੀ ਦਮਦਮਾ ਸਾਹਿਬ ਦੇ ਹੈੱਡ ਗ੍ਰੰਥੀ ਗਿਆਨੀ ਜਗਤਾਰ ਸਿੰਘ, ਤਖ਼ਤ ਸ੍ਰੀ ਦਮਦਮਾ ਸਾਹਿਬ ਵਿਖੇ ਜਥੇਦਾਰ ਦੀਆਂ ਕਾਰਜਕਾਰੀ ਸੇਵਾਵਾਂ ਨਿਭਾ ਰਹੇ ਹਨ।



### ਗਿਆਨੀ ਹਰਪ੍ਰੀਤ ਸਿੰਘ ਔਖੇ

ਗਿਆਨੀ ਹਰਪ੍ਰੀਤ ਸਿੰਘ ਨੇ ਜਾਂਚ ਕਮੇਟੀ 'ਤੇ ਸਵਾਲੀਆ ਚਿੰਨ ਲਗਾਉਂਦਿਆਂ ਕਿਹਾ ਸੀ, "ਇਨ੍ਹਾਂ ਨੇ ਗੰਦ ਘੋਲ ਕੇ ਸਿਰ ਵਿਚ ਪਾਉਣੈ, ਜਦੋਂ ਮਰਜ਼ੀ ਪਾ ਲੈਣ"। ਗਿਆਨੀ ਹਰਪ੍ਰੀਤ ਸਿੰਘ ਨੇ ਤਿੰਨ ਮੈਂਬਰੀ ਕਮੇਟੀ 'ਤੇ ਕਈ ਵਾਰ ਸ਼ਬਦੀ ਵਾਰ ਕੀਤੇ ਹਨ, ਜੋ ਸਾਬਤ ਕਰਦਾ ਹੈ ਕਿ ਉਨ੍ਹਾਂ ਨੂੰ ਤਿੰਨ ਮੈਂਬਰੀ ਕਮੇਟੀ ਦੀ ਜਾਂਚ 'ਤੇ ਵਿਸ਼ਵਾਸ ਨਹੀਂ ਹੈ।

# ਸਿਹਤ ਤੇ ਸੁੰਦਰਤਾ



## ਚੌਲਾਂ ਦੇ ਪਾਣੀ ਨੂੰ ਰੋਜ਼ਾਨਾ ਚਿਹਰੇ 'ਤੇ ਲਗਾਉਣ ਦੇ ਅਨੇਕਾਂ ਫਾਇਦਾ



ਭਾਰਤ ਵਿੱਚ ਵੀ ਔਰਤਾਂ ਇਸ ਟ੍ਰਿਕ ਨੂੰ ਅਜ਼ਮਾ ਕੇ ਆਪਣੀ ਚਮੜੀ ਨੂੰ ਨਿਖਾਰਨ ਦੀ ਕੋਸ਼ਿਸ਼ ਕਰਦੀਆਂ ਹਨ। ਜੇਕਰ ਤੁਸੀਂ ਰਾਤ ਭਰ ਭਿੱਜੇ ਚੌਲਾਂ ਦੇ ਪਾਣੀ ਨੂੰ ਰੋਜ਼ਾਨਾ ਚਿਹਰੇ 'ਤੇ ਲਗਾਓ ਤਾਂ ਇਸ ਨਾਲ ਚਮੜੀ ਨੂੰ ਦੁੱਗਣਾ ਫਾਇਦਾ ਮਿਲਦਾ ਹੈ।

ਇਸ ਦੇ ਤੱਤ ਚਮੜੀ 'ਤੇ ਸਮੇਂ ਤੋਂ ਪਹਿਲਾਂ ਝੁਰੜੀਆਂ ਅਤੇ ਦਾਗ-ਧੱਬਿਆਂ ਨੂੰ ਘੱਟ ਕਰਨ ਵਿਚ ਕਾਰਗਰ ਹਨ। ਚੌਲਾਂ ਦੇ ਪਾਣੀ ਵਿੱਚ ਬਹੁਤ ਸਾਰੇ ਐਂਟੀਆਕਸੀਡੈਂਟ ਹੁੰਦੇ ਹਨ ਜੋ ਚਮੜੀ ਦੀ ਕੁਦਰਤੀ ਰੰਗਤ ਵਿੱਚ ਚਮਕ ਲਿਆਉਣ ਵਿੱਚ ਮਦਦ ਕਰਦੇ ਹਨ। ਇਸ ਵਿਚ ਮੌਜੂਦ ਨਮੀ ਚਮੜੀ ਨੂੰ ਨਰਮ ਬਣਾਈ ਰੱਖਦੀ ਹੈ। ਇਸ ਦੇ ਗੁਣ ਐਂਟੀਏਜਿੰਗ ਏਜੰਟ ਦਾ ਕੰਮ ਕਰਦੇ ਹਨ।

ਚਮੜੀ 'ਤੇ ਮੁਹਾਸੇ ਹੋਣਾ ਆਮ ਗੱਲ ਹੈ ਅਤੇ ਇਨ੍ਹਾਂ ਨੂੰ ਚੌਲਾਂ ਦੇ ਪਾਣੀ ਵਰਗੀਆਂ ਕੁਦਰਤੀ ਚੀਜ਼ਾਂ ਨਾਲ ਵੀ ਘੱਟ ਕੀਤਾ ਜਾ ਸਕਦਾ ਹੈ। ਚੌਲਾਂ ਦੇ ਪਾਣੀ ਵਿੱਚ ਐਂਟੀਬੈਕਟੀਰੀਅਲ ਤੱਤ ਹੁੰਦੇ ਹਨ ਜੋ ਕਿ ਮੁਹਾਸੇ ਤੋਂ ਰਾਹਤ ਦਿਵਾਉਣ ਵਿੱਚ ਮਦਦ ਕਰਦੇ ਹਨ।

ਸਕਿਨ ਟੈਨਿੰਗ ਦਾ ਮੁੱਖ ਕਾਰਨ ਸੂਰਜ ਦੀ ਰੌਸ਼ਨੀ ਅਤੇ ਯੂਵੀ ਕਿਰਨਾਂ ਹਨ। ਸਨਬਰਨ ਅਤੇ ਯੂਵੀ ਕਿਰਨਾਂ ਤੋਂ ਬਚਣ ਲਈ ਚੌਲਾਂ ਦੇ ਪਾਣੀ ਨਾਲ ਚਮੜੀ ਦੀ ਦੇਖਭਾਲ ਕੀਤੀ ਜਾ ਸਕਦੀ ਹੈ। ਇਹ ਚਮੜੀ ਨੂੰ ਗਲੋਇੰਗ ਬਣਾਉਣ ਦੇ ਨਾਲ-ਨਾਲ ਇਸ ਨੂੰ ਠੰਡਕ ਵੀ ਦਿੰਦਾ ਹੈ।

ਜੇਕਰ ਤੁਸੀਂ ਰੋਜ਼ ਸੌਣ ਤੋਂ ਪਹਿਲਾਂ ਚਮੜੀ 'ਤੇ ਚੌਲਾਂ ਦਾ ਪਾਣੀ ਲਗਾਓ ਤਾਂ ਦਾਗ-ਧੱਬੇ ਵੀ ਘੱਟ ਹੋਣ ਲੱਗਦੇ ਹਨ। ਕਿਉਂਕਿ ਇਸ ਵਿਚ ਅਜਿਹੇ ਤੱਤ ਹੁੰਦੇ ਹਨ ਜੋ ਪਿਗਮੈਂਟੇਸ਼ਨ ਨੂੰ ਘੱਟ ਕਰਦੇ ਹਨ ਅਤੇ ਚਮੜੀ ਨੂੰ ਚਮਕਦਾਰ ਬਣਾਉਂਦੇ ਹਨ।

## ਔਰਤਾਂ ਆਪਣੀ ਖੁਰਾਕ ਵਿਚ ਸ਼ਾਮਲ ਕਰਨ 5 ਬੀਜ

### ✪ ਹੱਡੀਆਂ ਹੋਣਗੀਆਂ ਮਜ਼ਬੂਤ ਤੇ ਬੀਪੀ ਵੀ ਰਹੇਗਾ ਕੰਟਰੋਲ

ਔਰਤਾਂ ਦੀ ਸਿਹਤ ਲਈ ਸਿਹਤਮੰਦ ਖੁਰਾਕ ਬਹੁਤ ਜ਼ਰੂਰੀ ਹੈ। ਬੀਜ ਇਸ ਖੁਰਾਕ ਵਿੱਚ ਮਹੱਤਵਪੂਰਣ ਭੂਮਿਕਾ ਨਿਭਾਉਂਦੇ ਹਨ। ਬੀਜ ਪੌਸ਼ਟਿਕ ਤੱਤਾਂ ਨਾਲ ਭਰਪੂਰ ਹੁੰਦੇ ਹਨ ਅਤੇ ਕਈ ਸਿਹਤ ਸਮੱਸਿਆਵਾਂ ਨੂੰ ਰੋਕਣ ਵਿੱਚ ਮਦਦ ਕਰਦੇ ਹਨ। ਆਓ ਜਾਣਦੇ ਹਾਂ ਔਰਤਾਂ ਲਈ ਕਿਹੜੇ 5 ਬੀਜ ਸਭ ਤੋਂ ਜ਼ਿਆਦਾ ਫਾਇਦੇਮੰਦ ਹਨ ਅਤੇ ਇਨ੍ਹਾਂ ਨੂੰ ਤੁਹਾਡੀ ਡਾਈਟ ਵਿਚ ਕਿਵੇਂ ਸ਼ਾਮਲ ਕੀਤਾ ਜਾ ਸਕਦਾ ਹੈ।

ਚਿਆ ਬੀਜ-ਚਿਆ ਬੀਜਾਂ ਨੂੰ ਸੁਪਰਫੂਡ ਕਿਹਾ ਜਾਂਦਾ ਹੈ। ਇਨ੍ਹਾਂ ਵੀ ਵਿਚ ਓਮੇਗਾ-3 ਫੈਟੀ ਐਸਿਡ, ਫਾਈਬਰ, ਪ੍ਰੋਟੀਨ ਅਤੇ ਐਂਟੀਆਕਸੀਡੈਂਟਸ ਭਰਪੂਰ ਮਾਤਰਾ ਵਿਚ ਪਾਏ ਜਾਂਦੇ ਹਨ। ਇਹ ਹੱਡੀਆਂ ਨੂੰ ਮਜ਼ਬੂਤ ਕਰਦਾ ਹੈ, ਪਾਚਨ ਤੰਤਰ ਨੂੰ ਸਿਹਤਮੰਦ ਰੱਖਦਾ ਹੈ, ਭਾਰ ਘਟਾਉਣ ਵਿੱਚ ਮਦਦ ਕਰਦਾ ਹੈ, ਦਿਲ ਦੀਆਂ ਬਿਮਾਰੀਆਂ ਦੇ ਜੋਖਮ ਨੂੰ ਘਟਾਉਂਦਾ ਹੈ ਤੇ ਚਮੜੀ ਅਤੇ ਵਾਲਾਂ ਨੂੰ ਸਿਹਤਮੰਦ ਰੱਖਦਾ ਹੈ।



ਫਲੈਕਸਸੀਡਸ-ਫਲੈਕਸ ਦੇ ਬੀਜਾਂ ਵਿੱਚ ਓਮੇਗਾ-3 ਫੈਟੀ ਐਸਿਡ, ਫਾਈਬਰ ਅਤੇ ਲਿਗਨਾਨ ਹੁੰਦੇ ਹਨ। ਲਿਗਨਾਨ ਹਾਰਮੋਨਲ ਸੰਤੁਲਨ ਬਣਾਈ ਰੱਖਣ ਵਿੱਚ ਮਦਦ ਕਰਦੇ ਹਨ। ਹਾਰਮੋਨਲ ਅਸੰਤੁਲਨ ਨੂੰ ਘਟਾਉਣ 'ਚ ਮਦਦ ਕਰਦੇ ਹਨ, ਦਿਲ ਦੀਆਂ ਬਿਮਾਰੀਆਂ ਦੇ ਜੋਖਮ ਨੂੰ ਘਟਾਉਂਦੇ ਹਨ, ਕਬਜ਼ ਦੀ ਸਮੱਸਿਆ ਤੋਂ ਰਾਹਤ ਦਿਵਾਉਂਦਾ ਹੈ, ਚਮੜੀ ਨੂੰ ਸਿਹਤਮੰਦ ਰੱਖਦੇ ਹਨ ਤੇ ਬਲੱਡ ਪ੍ਰੈਸ਼ਰ ਨੂੰ ਕੰਟਰੋਲ ਕਰਦੇ ਹਨ।

ਕੱਦੂ ਦੇ ਬੀਜਾਂ ਵੀਚ ਮੈਗਨੀਸ਼ੀਅਮ, ਜ਼ਿੰਕ ਅਤੇ ਐਂਟੀਆਕਸੀਡੈਂਟ ਭਰਪੂਰ ਮਾਤਰਾ ਵਿਚ ਪਾਏ ਜਾਂਦੇ ਹਨ। ਇਸਦਾ ਸੇਵਨ ਕਰਨ ਨਾਲ ਚੰਗੀ ਨੀਂਦ ਆਉਂਦੀ ਹੈ, ਮੂਡ ਸਵਿੰਗ ਨੂੰ ਘਟਾਉਂਦੇ ਹਨ, ਦਿਲ ਦੀ ਸਿਹਤ ਨੂੰ ਸੁਧਾਰਦੇ ਹਨ,ਇਮਿਊਨ ਸਿਸਟਮ ਨੂੰ ਮਜ਼ਬੂਤ ਕਰਦੇ ਹਨ


ਸੂਰਜਮੁਖੀ ਦੇ ਬੀਜ-ਸੂਰਜਮੁਖੀ ਦੇ ਬੀਜਾਂ ਵਿੱਚ ਵਿਟਾਮਿਨ ਈ, ਮੈਗਨੀਸ਼ੀਅਮ ਅਤੇ ਸੇਲੇਨੀਅਮ ਭਰਪੂਰ ਮਾਤਰਾ ਵਿੱਚ ਪਾਇਆ ਜਾਂਦਾ ਹੈ। ਇਹ ਦਿਲ ਦੀਆਂ ਬਿਮਾਰੀਆਂ ਦੇ ਜੋਖਮ ਨੂੰ ਘਟਾਉਂਦੇ ਹਨ, ਇਮਿਊਨ ਸਿਸਟਮ ਨੂੰ ਮਜ਼ਬੂਤ ਕਰਦੇ ਹਨ, ਚਮੜੀ ਨੂੰ ਸਿਹਤਮੰਦ ਰੱਖਦੇ ਹਨ, ਮੂਡ ਸਵਿੰਗ ਨੂੰ ਘਟਾਉਂਦੇ ਹਨ,ਊਰਜਾ ਦੇ ਪੱਧਰ ਨੂੰ ਵਧਾਉਂਦੇ ਹਨ।

ਤਿਲ ਦੇ ਬੀਜ-ਤਿਲਾਂ 'ਚ ਕੈਲਸ਼ੀਅਮ, ਆਇਰਨ ਅਤੇ ਜ਼ਿੰਕ ਭਰਪੂਰ ਮਾਤਰਾ ਵੀਚ ਪਾਇਆ ਜਾਂਦਾ ਹੈ। ਇਹ ਹੱਡੀਆਂ ਨੂੰ ਮਜ਼ਬੂਤ ਕਰਦੇ ਹਨ। ਅਨੀਮੀਆ ਨੂੰ ਰੋਕਦੇ ਹਨ, ਇਮਿਊਨ ਸਿਸਟਮ ਨੂੰ ਮਜ਼ਬੂਤ ਕਰਦੇ ਹਨ, ਵਾਲਾਂ ਨੂੰ ਸਿਹਤਮੰਦ ਰੱਖਦੇ ਹਨ, ਦਿਲ ਦੀ ਸਿਹਤ ਨੂੰ ਸੁਧਾਰਦੇ ਹਨ।

## * ਹੁੰਝਾਂ-ਪ੍ਰੌਂਚੇ *

ਲੇਖਕ - ਨਿਰਮਲ ਸਿੰਘ ਕੰਧਾਲਵੀ





*ਟਰੰਪ ਨੇ ਕੌਮਾਂਤਰੀ ਮੰਚ 'ਤੇ ਕੈਨੇਡਾ ਅਤੇ ਕੈਨੇਡਾ ਵਾਲਿਆਂ ਨੂੰ ਭੰਡਿਆ- ਇਕ ਖ਼ਬਰ

-ਨੀਂ ਉਹ ਲੰਬੜਾਂ ਦਾ ਮੁੰਡਾ ਬੋਲੀ ਹੋਰ ਬੋਲਦਾ।

*ਭਾਰਤ ਨੇ ਕੈਨੇਡਾ ਦੀਆਂ ਚੋਣਾਂ ਵਿਚ ਦਖਲ ਦੇਣ ਦੀ ਕੋਸ਼ਿਸ਼ ਕੀਤੀ- ਇਕ ਰਿਪੋਰਟ

-ਕਾਟੋ ਦੁੱਧ ਰਿੜਕੇ, ਚੁਗ਼ਲ ਝਾਤੀਆਂ ਮਾਰੇ।

*ਦਿੱਲੀ ਚੋਣਾਂ 'ਚ ਟਿਕਟਾਂ ਨਾ ਮਿਲਣ 'ਤੇ 'ਆਪ' ਦੇ ਅੱਠ ਵਿਧਾਇਕਾਂ ਨੇ ਦਿਤਾ ਅਸਤੀਫਾ- ਇਕ ਖ਼ਬਰ

-ਤੇਲੀ ਕਰ ਕੇ ਰੁੱਖਾ ਖਾਈਏ, ਇਹ ਨਹੀਂ ਪੁੱਗਦਾ ਸਾਨੂੰ।



*ਅਕਾਲ ਤਖ਼ਤ ਦੇ ਜਥੇਦਾਰ ਨੇ ਸੱਤ ਮੈਂਬਰੀ ਕਮੇਟੀ ਨੂੰ ਕਾਰਜਸ਼ੀਲ ਹੋਣ ਲਈ ਮੁੜ ਦਿਤੇ ਹੁਕਮ- ਇਕ ਖ਼ਬਰ

-ਢੀਠਪੁਣੇ ਦੀ ਝੰਡੀ ਹੈ ਕੋਲ ਸਾਡੇ, ਥੁੱਕ ਕੇ ਚੱਟਣ ਦੀ ਸਾਨੂੰ ਕੋਈ ਸ਼ਰਮ ਨਾਹੀਂ।



*ਪ੍ਰਧਾਨ ਮੰਤਰੀ ਕਦੇ ਵੀ ਲੋਕਾਂ ਦੇ ਮੁੱਦਿਆਂ 'ਤੇ ਗੱਲ ਨਹੀਂ ਕਰਦੇ- ਪ੍ਰਿਅੰਕਾ ਗਾਂਧੀ

-ਬੀਬੀ, ਇਹ ਵੋਟਤੰਤਰ ਹੈ, ਲੋਕਤੰਤਰ ਦਾ ਭਰਮ ਨਾ ਪਾਲ਼ੋ।



*ਕੇਂਦਰੀ ਬਜਟ ਨੇ ਪੰਜਾਬ ਨੂੰ ਬੁਰੀ ਤਰ੍ਹਾਂ ਕੀਤਾ ਨਿਰਾਸ਼- ਹਰਪਾਲ ਸਿੰਘ ਚੀਮਾ

-ਖੱਟੀ ਲੱਸੀ ਦੀ ਸੁਲਾਹ ਵੀ ਨਾ ਮਾਰੀ, ਬਾਪੂ ਤੇਰੇ ਕੁੜਮਾਂ ਨੇ।

*ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਪ੍ਰਧਾਨਗੀ ਲਈ ਯਤਨ ਤੇਜ਼- ਇਕ ਖ਼ਬਰ

-ਰੁੱਤ ਆਈ ਗਿੱਧੇ ਪਾਉਣ ਦੀ, ਲੱਕ ਲੱਕ ਹੋ ਗਏ ਬਾਜਰੇ।



*ਟਰੰਪ ਵਲੋਂ ਭਾਰਤ ਸਮੇਤ ਬ੍ਰਿਕਸ ਦੇਸ਼ਾਂ ਨੂੰ 100% ਟੈਰਿਫ਼ ਦੀ ਧਮਕੀ- ਇਕ ਖ਼ਬਰ

-ਕਾਹਨੂੰ ਪਾਲ਼ਿਆ ਕੁਲੱਛਣੀ ਬੋਤਾ, ਚੜ੍ਹਦੀ ਨੂੰ ਵੱਢੇ ਦੰਦੀਆਂ।




*ਜੇ ਮੈਂ ਪ੍ਰਧਾਨ ਮੰਤਰੀ ਬਣੀ ਤਾਂ ਕੈਨੇਡਾ 'ਚੋਂ ਪੰਜ ਲੱਖ ਗ਼ੈਰ-ਕਾਨੂੰਨੀ ਪ੍ਰਵਾਸੀਆਂ ਨੂੰ ਕੱਢਾਂਗੀ- ਰੂਬੀ ਢੱਲਾ

-ਮਾਂ ਮਾਂ, ਜੇ ਮੈਂ ਠਾਣੇਦਾਰ ਬਣਿਆ ਪਹਿਲਾਂ ਤੇਰੇ ਪੁੜੇ ਸੇਕੂੰ।

*ਸਿੱਖ ਪੰਥ ਦਾ ਸੰਕਟ ਅੱਧ ਵਿਚਕਾਰ ਛੱਡ ਕੇ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਧਰਮ ਪ੍ਰਚਾਰ ਲਈ ਹੋਏ ਵਿਦੇਸ਼ ਰਵਾਨਾ- ਇਕ ਖ਼ਬਰ

-ਤੇਰੇ ਲੱਡੂਆਂ ਤੋਂ ਨੀਂਦ ਪਿਆਰੀ, ਸੁੱਤੀ ਨਾ ਜਗਾਈਂ ਮਿੱਤਰਾ।



*ਸੌਦਾ ਸਾਧ ਨੂੰ ਮੁੜ ਮਿਲੀ 30 ਦਿਨਾਂ ਦੀ ਪੈਰੋਲ- ਇਕ ਖ਼ਬਰ

-ਮਿੱਤਰਾਂ ਦੇ ਫੁਲਕੇ ਨੂੰ, ਨੀਂ ਮੈਂ ਖੰਡ ਦਾ ਪਲੇਥਣ ਲਾਵਾਂ।



*ਭਾਜਪਾ ਚੋਣਾਂ ਦਾ ਮਾਹੌਲ ਖ਼ਰਾਬ ਕਰਨ ਦੀ ਕੋਸ਼ਿਸ਼ ਕਰ ਰਹੀ ਹੈ- ਅਮਨ ਅਰੋੜਾ

-ਨਾ ਖੇਲ੍ਹਣਾ ਨਾ ਖੇਲ੍ਹਣ ਦੇਣਾ, ਖੁੱਤੀ ਵਿਚ ਅਸੀਂ ਮੂ....ਣਾ।

*ਬਾਗ਼ੀ ਅਕਾਲੀ ਧੜੇ ਦੇ ਆਗੂ ਮੁੜ ਅਕਾਲ ਤਖ਼ਤ 'ਤੇ ਸ਼ਿਕਾਇਤ ਪੱਤਰ ਦੇਣਗੇ- ਇਕ ਖ਼ਬਰ

-ਜੇ ਤੂੰ ਭਾਗਭਰੀ ਚੁੱਕ ਲਿਆਵੇਂ, ਮਣ ਘਿਉ ਤੇਰਾ ਬੋਤਿਆ।



*ਅਰਬਪਤੀਆਂ ਦੀ ਕਰਜ਼ਾ ਮੁਆਫ਼ੀ 'ਤੇ ਪਾਬੰਦੀ ਲਗਾਉਣ ਵਾਲਾ ਕਾਨੂੰਨ ਬਣਾਵੇ ਸਰਕਾਰ- ਕੇਜਰੀਵਾਲ

-ਨੀ ਐਡਾ ਤੇਰਾ ਕਿਹੜਾ ਦਰਦੀ, ਸੁੱਤੀ ਪਈ ਨੂੰ ਪੱਖੀ ਦੀ ਝੱਲ ਮਾਰੇ।



*ਹੁਣ ਹਨੀਪ੍ਰੀਤ ਅਤੇ ਡੇਰਾ ਪ੍ਰਬੰਧਕ ਕਮੇਟੀ ਵਿਚਕਾਰ ਛਿੜਿਆ ਵਿਵਾਦ- ਇਕ ਖ਼ਬਰ

-ਕੁੰਢੀਆਂ ਦੇ ਸਿੰਙ ਫ਼ਸ ਗਏ, ਕੋਈ ਨਿਕਲੂ ਵੜੇਵੇਂ ਖਾਣੀ।

* * * * * * * * * *

# MANAK SOLICITORS



## Aneeta Kaur Kang
Family Director

Aneeta heads up our Family department and is accredited by the Law Society's Advanced Family Law panel, evidencing her excellent knowledge. She prides herself on being approachable and will always ensure her clients receive the utmost level of care.

Gravesend | Orpington | Sevenoaks | London



manaksolicitors.co.uk

**0800 634 9726**

Google
4.9/5 CUSTOMER REVIEWS

Lexcel
Legal Practice Quality Mark
Law Society Accredited



**Rajbir Singh Manak MA (Hons)**

**Surinder Singh Manak LLB (Hons)**

Punjab Times is Published by Punjab Times Trust, Bridle Gate Lane, Derby, DE24 0QW (U.K.) Tel: (01332) 372851. Editor M.S. Purewal. Registered as a newspaper with G.P.O.

# ਕੈਨੇਡਾ ਵਿਚ 12 ਦਿਨ

ਪ੍ਰੋ: ਕੁਲਬੀਰ ਸਿੰਘ
9417153513





ਸਾਡੇ ਕੋਲ ਕੈਨੇਡਾ ਦਾ ਵੀਜ਼ਾ ਕਾਫ਼ੀ ਸਮੇਂ ਤੋਂ ਸੀ ਪਰ ਨਾ ਕਦੇ ਜਾਣ ਦਾ ਸਬੱਬ ਬਣਿਆ ਅਤੇ ਨਾ ਹੀ ਮਨ ਕੀਤਾ। ਵੀਜ਼ਾ 2025 ਜੂਨ ਨੂੰ ਖ਼ਤਮ ਹੋ ਜਾਣਾ ਸੀ। ਜੂਨ 2025 ਤੱਕ ਵੀਜ਼ਾ ਇਸ ਲਈ ਮਿਲਿਆ ਕਿਉਂ ਕਿ ਪਾਸਪੋਰਟ ਦੀ ਮਿਆਦ ਇੱਥੋਂ ਤੱਕ ਸੀ। ਜੇ ਮਿਆਦ 2033 ਤੱਕ ਹੁੰਦੀ ਤਾਂ ਵੀਜ਼ਾ 33 ਤੱਕ ਮਿਲਣਾ ਸੀ।ਵੀਜ਼ਾ ਖ਼ਤਮ ਹੋਣ ਤੋਂ ਪਹਿਲਾਂ ਪਹਿਲਾਂ ਮੈਂ ਕੈਨੇਡਾ ਵੇਖਣਾ ਚਾਹੁੰਦਾ ਸਾਂ। ਸਾਲ 2024 ਦੇ ਅੱਧ ਕੁ ਵਿਚ ਸਲਾਹਾਂ ਹੋਣ ਲੱਗੀਆਂ।ਓਧਰ ਮੇਰੀ ਸਵੈ-ਜੀਵਨੀ 'ਮੀਡੀਆ ਆਲੋਚਕ ਦੀ ਆਤਮਕਥਾ' ਦਾ ਛਪਣ-ਕਾਰਜ ਜੰਗੀ ਪੱਧਰ 'ਤੇ ਚੱਲ ਰਿਹਾ ਸੀ।

ਪ੍ਰਿੰਟਵੈੱਲ ਵਾਲਿਆਂ ਨੂੰ ਦੱਸ ਦਿੱਤਾ ਕਿ ਮੈਂ 7 ਅਕਤੂਬਰ ਨੂੰ ਕੈਨੇਡਾ ਜਾ ਰਿਹਾ ਹਾਂ ਅਤੇ ਸਵੈ-ਜੀਵਨੀ ਦੀਆਂ ਕੁਝ ਕਾਪੀਆਂ ਨਾਲ ਲੈ ਕੇ ਜਾਵਾਂਗਾ। ਚਾਰ ਅਕਤੂਬਰ ਨੂੰ ਮੈਂ ਅੰਮ੍ਰਿਤਸਰ ਗਿਆ ਅਤੇ ਦੋ ਡੱਬੇ ਕਾਰ ਵਿਚ ਰੱਖ ਲਿਆਇਆ। ਜਿਵੇਂ ਜਿਵੇਂ ਮੈਂ ਕਿਹਾ ਸਮਝਾਇਆ ਸੀ ਕਿਤਾਬ ਉਵੇਂ ਉਨ੍ਹਾਂ ਰੂਹ ਨਾਲ ਤਿਆਰ ਕੀਤੀ ਸੀ। ਜਿਸਨੇ ਵੀ ਵੇਖੀ ਬੇਹੱਦ ਤਾਰੀਫ਼ ਕੀਤੀ।

ਚਾਰ-ਪੰਜ ਕਾਪੀਆਂ ਬੈਗ ਵਿਚ ਰੱਖ ਲਈਆਂ ਅਤੇ ਪ੍ਰਿੰਟ ਵੈੱਲ ਤੋਂ ਹੀ ਟਾਈਟਲ ਦੇ 10 ਪੋਸਟਰ ਛੋਟੇ ਆਕਾਰ ਦੇ ਤਿਆਰ ਕਰਵਾ ਲਏ।

ਕੈਨੇਡਾ ਦਾ ਹਵਾਈ ਸਫ਼ਰ ਲੰਮਾ ਅਤੇ ਥਕਾ ਦੇਣ ਵਾਲਾ ਸੀ ਭਾਵੇਂ ਕਿ ਅਸੀਂ ਟਿਕਟਾਂ ਟੁੱਟਵੀਆਂ ਕਰਵਾਈਆਂ ਸਨ। ਦਿੱਲੀ-ਜਰਮਨੀ- ਕੈਨੇਡਾ।

ਮਨ ਵਿਚ ਸ਼ੰਕਾ ਸੀ ਕਿ ਟੋਰਾਂਟੋ ਦੇ ਹਵਾਈ ਅੱਡੇ 'ਤੇ ਤਿੱਖੇ ਸਵਾਲਾਂ ਦਾ ਸਾਹਮਣਾ ਕਰਨਾ ਪਵੇਗਾ। ਸਪਾਂਸਰਸ਼ਿਪ ਕਿਸੇ ਹੋਰ ਵੱਲੋਂ ਸੀ ਜਾ ਕਿਧਰੇ ਹੋਰ ਰਹੇ ਸਾਂ। ਵੀਜ਼ਾ ਮਿਲੇ ਨੂੰ ਵੀ ਡੇਢ ਸਾਲ ਤੋਂ ਉਪਰ ਹੋ ਗਿਆ ਸੀ। ਅਸੀਂ ਸਾਰੇ ਸਵਾਲਾਂ ਲਈ ਤਿਆਰ ਸਾਂ ਅਤੇ ਲੋੜੀਂਦੇ ਕਾਗਜ਼-ਪੱਤਰ ਵੀ ਤਿਆਰ ਕਰਕੇ ਫਾਈਲ ਹੱਥ ਵਿਚ ਫੜ੍ਹੀ ਸੀ। ਪਰ ਸੰਬੰਧਤ ਅਧਿਕਾਰੀ ਨੇ ਕੇਵਲ ਏਨਾ ਪੁੱਛਿਆ ਕਿੰਨੇ ਦਿਨ ਰੁਕੋਗੇ। ਇਕ ਨਜ਼ਰ ਸਾਡੇ ਚਿਹਰੇ ਵੱਲ ਮਾਰੀ ਅਤੇ ਪਾਸਪੋਰਟ ਦੇ ਸਾਰੇ ਪੰਨੇ ਫਰੋਲ ਕੇ ਵੇਖੇ ਕਿ ਕਿਥੋਂ ਵੀਜ਼ਾ ਲੱਗਾ ਹੈ।

ਬਾਹਰ ਨਿਕਲੇ ਤਾਂ ਅਜੀਬ ਲੁਕਨਮੀਚੀ ਆਰੰਭ ਹੋ ਗਈ ਕਿਉਂ ਕਿ ਕਈ ਦੋਸਤ ਮਿੱਤਰ, ਰਿਸ਼ਤੇਦਾਰ ਹਵਾਈ ਅੱਡੇ ਪਹੁੰਚੇ ਹੋਏ ਸਨ। ਸੱਭ ਤੋਂ ਪਹਿਲਾਂ ਮਲਵਿੰਦਰ ਸਿੰਘ ਅੱਗਲਵਾਂਢੀ ਆਣ ਮਿਲੇ। ਫੋਨ ਦੀ ਘੰਟੀ ਲਗਾਤਾਰ ਵੱਜੀ ਜਾ ਰਹੀ ਸੀ। ਡਾ. ਦਲਬੀਰ ਸਿੰਘ ਕਥੂਰੀਆ ਵਾਰ ਵਾਰ ਸਮਝਾ ਰਹੇ ਸਨ ਕਿ ਸਾਡੀ ਗੱਡੀ ਪਿੱਲਰ ਨੰਬਰ ਫਲਾਣੇ ਕੋਲ ਖੜੀ ਹੈ। ਓਧਰ ਪਿਆਰੇ ਮੁਹੱਬਤੀ ਰਿਸ਼ਤੇਦਾਰ ਗੁਰਸ਼ਰਨ ਸਿੰਘ ਗੋਨੀ ਆਪਣੇ ਬੇਟੇ ਨੂੰ ਨਾਲ ਲੈ ਕੇ ਪਹੁੰਚੇ ਹੋਏ ਸਨ ਪਰੰਤੂ ਕਾਰ ਵਧੇਰੇ ਸਮਾਂ ਇਕ ਥਾਂ ਖੜ੍ਹੀ ਕਰਨ ਦੀ ਆਗਿਆ ਨਾ ਹੋਣ ਕਾਰਨ ਉਹ ਇਧਰ ਉਧਰ ਚੱਕਰ ਲਗਾਉਂਦੇ ਹੋਏ ਲਗਾਤਾਰ ਫੋਨ ਕਰ ਰਹੇ ਸਨ। ਅਖੀਰ ਡਾ. ਕਥੂਰੀਆ ਹੱਥਾਂ ਵਿਚ ਫੁੱਲਾਂ ਦਾ ਗੁਲਦਸਤਾ ਫੜੀ ਨਜ਼ਰ ਆਏ। ਉਨ੍ਹਾਂ ਨਾਲ ਪਾਕਿਸਤਾਨ ਤੋਂ ਆਏ ਗਾਇਕ ਕਲਾਕਾਰ ਵੀ ਜੀ ਆਇਆਂ ਕਹਿਣ ਲਈ ਪਹੁੰਚੇ ਹੋਏ ਸਨ। ਗੱਡੀ ਭਰ ਕੇ ਡਾ. ਕਥੂਰੀਆ ਨੇ ਆਪਣੇ ਰੈਸਟੋਰੈਂਟ ਦੇ ਬਾਹਰ ਜਾ ਰੋਕੀ। ਇੰਝ ਸ਼ਾਨਦਾਰ ਪ੍ਰਾਹੁਣਚਾਰੀ ਦੇ ਪਲਾਂ ਤੋਂ ਸ਼ੁਰੂ ਹੋਈ ਸਾਡੀ ਕੈਨੇਡਾ ਫੇਰੀ।

ਸਾਨੂੰ ਜੀ ਆਇਆਂ ਕਹਿਣ ਲਈ ਅਤੇ ਮੇਰੀ ਸਵੈ-ਜੀਵਨੀ 'ਮੀਡੀਆ ਆਲੋਚਕ ਦੀ ਆਤਮਕਥਾ' ਰਲੀਜ਼ ਕਰਨ ਲਈ ਬਰੈਂਪਟਨ, ਟਰਾਂਟੋ, ਸਰੀ ਅਤੇ ਵੈਨਕੂਵਰ ਦੀਆਂ ਸਿਰਕੱਢ ਸੰਸਥਾਵਾਂ ਅਤੇ ਸਖਸ਼ੀਅਤਾਂ ਨੇ ਸਾਰੇ ਸ਼ਹਿਰਾਂ ਵਿਚ ਸਮਾਗਮ ਰੱਖੇ ਹੋਏ ਸਨ।

ਪਹਿਲਾ ਸਮਾਗਮ ਡਾ. ਦਲਬੀਰ ਸਿੰਘ ਕਥੂਰੀਆ, ਚੇਅਰਮੈਨ ਵਿਸ਼ਵ ਪੰਜਾਬੀ ਭਵਨ ਅਤੇ ਵਿਸ਼ਵ ਪੰਜਾਬੀ ਸਭਾ ਕੈਨੇਡਾ ਦੀ ਅਗਵਾਈ ਵਿਚ ਡਾ. ਸੁਖਦੇਵ ਸਿੰਘ ਝੰਡ, ਕੈਨੇਡੀਅਨ ਪੰਜਾਬੀ ਸਾਹਿਤ ਸਭਾ ਟੋਰਾਂਟੋ ਦੇ ਸਹਿਯੋਗ ਨਾਲ ਬਰੈਂਪਟਨ ਦੇ ਵਿਸ਼ਾਲ ਵਿਸ਼ਵ ਪੰਜਾਬੀ ਭਵਨ ਵਿਖੇ ਆਯੋਜਤ ਕੀਤਾ ਗਿਆ।

ਆਪਣੇ ਸੰਬੋਧਨ ਵਿਚ ਪ੍ਰਿੰਸੀਪਲ ਸਰਵਣ ਸਿੰਘ, ਡਾ. ਦਲਬੀਰ ਸਿੰਘ ਕਥੂਰੀਆ, ਸ੍ਰੀ ਸਤਿੰਦਰਪਾਲ ਸਿੰਘ ਸਿਧਵਾਂ, ਡਾ. ਸੁਖਦੇਵ ਸਿੰਘ ਝੰਡ, ਸ੍ਰੀ ਮਲਵਿੰਦਰ ਸਿੰਘ ਅਤੇ ਪ੍ਰੋ. ਜਗੀਰ ਸਿੰਘ ਕਾਹਲੋਂ ਨੇ ਮੇਰੀ ਸਖਸ਼ੀਅਤ, ਮੇਰੇ ਜੀਵਨ ਸਫ਼ਰ, ਮੇਰੀ ਸਵੈ-ਜੀਵਨੀ 'ਮੀਡੀਆ ਆਲੋਚਕ ਦੀ ਆਤਮਕਥਾ' ਸੰਬੰਧੀ ਵਿਸਥਾਰ ਵਿਚ ਚਰਚਾ ਕੀਤੀ। ਸਮਾਗਮ ਐਨਾ ਭਰਵਾਂ ਤੇ ਪ੍ਰਭਾਵਸ਼ਾਲੀ ਸੀ ਕਿ ਮੈਨੂੰ ਭੁਲੇਖਾ ਪੈ ਰਿਹਾ ਸੀ ਕਿ ਮੈਂ ਪੰਜਾਬ ਵਿਚ ਹਾਂ ਜਾਂ ਵਿਦੇਸ਼ ਵਿਚ।

ਦੂਸਰਾ ਸਮਾਗਮ ਜਗਤ ਪੰਜਾਬੀ ਸਭਾ ਕੈਨੇਡਾ ਦੇ ਚੇਅਰਮੈਨ ਸ੍ਰੀ ਅਜੈਬ ਸਿੰਘ ਚੱਠਾ ਅਤੇ ਸ੍ਰੀ ਅਮਰ ਸਿੰਘ ਭੁੱਲਰ ਮੁਖ ਸੰਪਾਦਕ ਹਮਦਰਦ ਅਖ਼ਬਾਰ ਤੇ ਹਮਦਰਦ ਟੀ.ਵੀ. ਦੀ ਅਗਵਾਈ ਵਿਚ ਆਯੋਜਿਤ ਕੀਤਾ ਗਿਆ। ਇਸ ਮੌਕੇ ਬੋਲਦਿਆਂ ਸ੍ਰੀ ਅਜੈਬ ਸਿੰਘ ਚੱਠਾ, ਸ੍ਰੀ ਅਮਰ ਸਿੰਘ ਭੁੱਲਰ, ਪ੍ਰੋ. ਕਵਲਜੀਤ ਕੌਰ, ਸ੍ਰੀ ਮਲਵਿੰਦਰ ਸਿੰਘ ਨੇ ਮੇਰੇ ਮੀਡੀਆ ਸਫ਼ਰ, ਸਿੱਖਿਆ ਸਫ਼ਰ, ਹਫ਼ਤਾਵਾਰ ਕਾਲਮ ਟੈਲੀਵਿਜ਼ਨ ਸਮੀਖਿਆ ਅਤੇ ਮੀਡੀਆ ਆਲੋਚਕ ਦੀ ਆਤਮਕਥਾ ਬਾਰੇ ਦਿਲਚਸਪ ਯਾਦਾਂ ਸਾਂਝੀਆਂ ਕੀਤੀਆਂ।

ਤੀਸਰੀ ਇਕੱਤਰਤਾ ਪੰਜਾਬੀ ਪ੍ਰੈਸ ਕਲੱਬ ਬ੍ਰਿਟਿਸ਼ ਕੋਲੰਬੀਆ ਵੱਲੋਂ ਕੀਤੀ ਗਈ। ਬ੍ਰਿਟਿਸ਼ ਕੋਲੰਬਰੀਆ ਦੀਆਂ ਨਾਮਵਰ ਸੀਨੀਅਰ ਮੀਡੀਆ ਸ਼ਖ਼ਸੀਅਤਾਂ ਹਾਜ਼ਰ ਸਨ। ਜਰਨੈਲ ਸਿੰਘ ਆਰਟਿਸਟ ਇਸ ਸੰਸਥਾ ਦੇ ਜਨਰਲ ਸਕੱਤਰ ਹਨ। ਪ੍ਰੈਸ ਕਲੱਬ ਦੇ ਸਮੂਹ ਅਹੁਦੇਦਾਰਾਂ ਦੀ ਮੌਜੂਦਗੀ ਵਿਚ ਮੈਂ ਆਪਣੀ ਸਵੈ-ਜੀਵਨੀ 'ਮੀਡੀਆ ਆਲੋਚਕ ਦੀ ਆਤਮਕਥਾ' ਪ੍ਰੈਸ ਕਲੱਬ ਨੂੰ ਭੇਂਟ ਕੀਤੀ। ਮੀਡੀਆ ਖੇਤਰ ਵਿਚ ਸਰਗਰਮ ਸ਼ਖ਼ਸੀਅਤ ਡਾ. ਗੁਰਵਿੰਦਰ ਸਿੰਘ ਧਾਲੀਵਾਲ ਨੇ ਸਵੈ-ਜੀਵਨੀ ਸੰਬੰਧੀ ਵਿਚਾਰ ਵਿਅਕਤ ਕੀਤੇ। ਇਹ ਹਰੇਕ ਪੱਖ ਤੋਂ ਇਕ ਸ਼ਾਨਦਾਰ ਤੇ ਮਿਆਰੀ ਇਕੱਤਰਤਾ ਸੀ।

ਚੌਥਾ ਤੇ ਆਖਰੀ ਸਮਾਗਮ ਨਾਮਵਰ ਤੇ ਰਚਿਤ ਹਸਤਾਖਰ ਸ੍ਰੀ ਸੁਖੀ ਬਾਠ ਦੀ ਅਗਵਾਈ ਵਿਚ ਪੰਜਾਬ ਭਵਨ ਸਰੀ ਵਿਖੇ ਹੋਇਆ। ਸਰੀ ਵਿਚ ਅਕਸਰ ਕਿਣਮਿਣ ਹੁੰਦੀ ਰਹਿੰਦੀ ਹੈ। ਅਸੀਂ ਪੰਜਾਬ ਭਵਨ ਪਹੁੰਚੇ ਤਾਂ ਉਦੋਂ ਕਿਣਮਿਣ ਤਿੱਖੇ ਮੀਂਹ ਵਿਚ ਬਦਲ ਗਈ ਸੀ। ਪੰਜਾਬ ਭਵਨ ਵਿਚ ਹੋਏ ਇਸ ਪ੍ਰਭਾਵਸ਼ਾਲੀ ਸਮਾਗਮ ਨੂੰ ਸ੍ਰੀ ਸੁਖੀ ਬਾਠ ਡਾ. ਪ੍ਰਿਥੀਪਾਲ ਸਿੰਘ ਸੋਹੀ ਅਤੇ ਸਾਬਕਾ ਵਾਈਸ ਚਾਂਸਲਰ ਪੰਜਾਬੀ ਯੂਨੀਵਰਸਿਟੀ ਪਟਿਆਲਾ ਡਾ. ਬੀ.ਐਸ. ਘੁੰਮਣ ਦੇ ਸ਼ਬਦਾਂ ਨੇ ਸਿਖ਼ਰ 'ਤੇ ਪਹੁੰਚਾ ਦਿੱਤਾ। ਡਾ. ਸੋਹੀ ਨੇ ਐਮ.ਏ. ਦੌਰਾਨ ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਕਹਾਣੀ ਆਰੰਭ ਕਰਕੇ, ਦੂਰਦਰਸ਼ਨ ਦੇ ਪ੍ਰੋਗਰਾਮ 'ਖ਼ਾਸ ਖ਼ਬਰ ਇਕ ਨਜ਼ਰ' ਰਾਹੀਂ ਹੁੰਦਿਆਂ ਅਜੋਕੇ ਸਮਿਆਂ ਦੀ ਗੱਲ ਕਰਦਿਆਂ ਪ੍ਰੋ. ਕੁਲਬੀਰ ਸਿੰਘ ਦੀ ਸ਼ਖ਼ਸੀਅਤ ਅਤੇ ਰਚਨਾ ਨੂੰ ਅਜਿਹਾ ਉਘਾੜਿਆ ਕਿ ਸਮਾਂ ਬੰਨ੍ਹ ਦਿੱਤਾ।

ਕੈਨੇਡਾ ਫੇਰੀ ਨੂੰ ਯਾਦਗਾਰੀ ਤੇ ਮਾਣਮੱਤੀ ਬਨਾਉਣ ਵਿਚ ਲੰਮੀਆਂ ਟੈਲੀਵਿਜ਼ਨ ਮੁਲਾਕਾਤਾਂ ਦਾ ਵਿਸ਼ੇਸ਼ ਯੋਗਦਾਨ ਰਿਹਾ। ਰੇਡੀਓ ਪੰਜਾਬ ਅਤੇ ਸਾਂਝਾ ਟੀ.ਵੀ. (ਮਨਜਿੰਦਰ ਪੰਨੂ, ਲਵੀ ਪੰਨੂ) ਵਤਨੋਂ ਪਾਰ ਟੀ.ਵੀ. ਟੋਰਾਂਟੋ (ਕੰਵਲਜੀਤ ਸਿੰਘ ਕੰਵਲ), ਹਮਦਰਦ ਟੀ.ਵੀ. ਟੋਰਾਂਟੋ (ਅਮਰ ਸਿੰਘ ਭੁੱਲਰ), ਚੈਨਲ ਪੰਜਾਬੀ (ਡਾ. ਗੁਰਵਿੰਦਰ ਸਿੰਘ ਧਾਲੀਵਾਲ), ਸ਼ੇਰੇ ਪੰਜਾਬ ਰੇਡੀਓ: ਰੇਡੀਓ ਟਾਕ ਸ਼ੋਅ (ਗੁਰਬਾਜ ਸਿੰਘ ਬਰਾੜ), ਵਿਸ਼ਵ ਪੰਜਾਬੀ ਸਾਂਝ ਟੀ.ਵੀ. (ਡਾ. ਦਲਬੀਰ ਸਿੰਘ ਕਥੂਰੀਆ) ਇਨ੍ਹਾਂ ਵਿਚੋਂ ਪ੍ਰਮੁੱਖ ਹਨ। ਜਦ ਵਾਪਿਸ ਪੰਜਾਬ ਪਹੁੰਚੇ ਤਾਂ ਜੱਸ ਟੀ. ਵੀ. ਅਮਰੀਕਾ (ਕੇ.ਪੀ. ਸਿੰਘ), ਡੀ ਡੀ ਪੰਜਾਬੀ (ਸੁਖਵਿੰਦਰ ਕੁਮਾਰ), ਆਨਲਾਈਨ ਸਕਾਈ ਟੀ.ਵੀ. (ਬਿੱਕੀ ਬਿਕਰਮਜੀਤ) ਨੇ 'ਮੀਡੀਆ ਆਲੋਚਕ ਦੀ ਆਤਮਕਥਾ' ਸੰਬੰਧੀ ਵਿਸਥਾਰਤ ਇੰਟਰਵਿਊ ਕੀਤੀਆਂ। (ਇਨ੍ਹਾਂ ਸਾਰੀਆਂ ਰੇਡੀਓ ਟੈਲੀਵਿਜ਼ਨ ਇੰਟਰਵਿਊ ਬਾਰੇ ਵੱਖਰਾ ਆਰਟੀਕਲ ਲਿਖਾਂਗਾ)।

ਸਾਡੀ ਕੈਨੇਡਾ ਫੇਰੀ ਸਫ਼ਲ ਨਾ ਹੁੰਦੀ ਅਤੇ ਐਨੇ ਸਮਾਗਮਾਂ, ਰੇਡੀਓ ਟੈਲੀਵਿਜ਼ਨ ਇੰਟਰਵਿਊ ਵਿਚ ਸ਼ਾਮਲ ਹੋਣਾ ਸੰਭਵ ਨਾ ਹੁੰਦਾ ਜੇਕਰ ਸਾਡੇ ਬਹੁਤ ਅਜੀਜ਼ ਗੁਰਸ਼ਰਨ ਸਿੰਘ ਗੋਨੀ, ਸੰਦੀਪ ਸਿੰਘ ਧੰਜੂ, ਸੁੱਖੀ ਬਾਠ, ਦਲਬੀਰ ਸਿੰਘ ਕਥੂਰੀਆ, ਸਤਿੰਦਰਪਾਲ ਸਿੰਘ ਸਿਧਵਾਂ, ਅਮਰ ਸਿੰਘ ਭੁੱਲਰ, ਅਜੈਬ ਸਿੰਘ ਚੱਠਾ, ਗੁਰਵਿੰਦਰ ਸਿੰਘ ਧਾਲੀਵਾਲ, ਜਗਦੀਪ ਸਿੰਘ ਮਿੰਟੂ, ਮਲਵਿੰਦਰ ਸਿੰਘ, ਮਦਨ ਸਿੰਘ ਅਤੇ ਸਤੀਸ਼ ਜੌੜਾ ਭਰਵਾਂ ਤੇ ਸਰਗਰਮ ਸਹਿਯੋਗ ਨਾ ਦਿੰਦੇ।

## ਵਿਦੇਸ਼ਾਂ ਚ ਜੰਮਪਲ਼ ਬੱਚਿਆਂ ਤੇ ਆਧਾਰਿਤ ਨਵੀਂ ਆ ਰਹੀ ਫਿਲਮ 'ਪਰੀਆ ਵਰਗੀ ' ਦਾ ਪੋਸਟਰ ਅਤੇ ਟਿਰੇਲਰ ਲੈਸਟਰ ਚ ਰਿਲੀਜ਼



ਫਿਲਮ 'ਪਰੀਆ ਵਰਗੀ ' ਦਾ ਪੋਸਟਰ ਰਿਲੀਜ਼ ਕਰਦੇ ਹੋਏ ਵੱਖ ਵੱਖ ਕਲਾਕਾਰ ਅਤੇ ਪਤਵੰਤੇ।

ਲੈਸਟਰ-(ਸੁਖਜਿੰਦਰ ਸਿੰਘ ਢੱਡੇ)-ਹਰਦੀਪ ਫਿਲਮ ਇੰਟਰਟੇਨਮੈਂਟ ਯੂ.ਕੇ ਲਿਮਟਿਡ ਦੇ ਬੈਨਰ ਹੇਠ ਡਾਇਰੈਕਟਰ ਰਿੱਕੀ ਚੌਹਾਨ ਅਤੇ ਪ੍ਰੋਡਿਊਸਰ ਹਰਦੀਪ ਸਿੰਘ ਵੱਲੋਂ ਤਿਆਰ ਕੀਤੀ ਗਈ ਨਵੀਂ ਪੰਜਾਬੀ ਫਿਲਮ 'ਪਰੀਆ ਵਰਗੀ' ਦਾ ਟਿਰੇਲਰ ਅਤੇ ਪੋਸਟਰ ਲੈਸਟਰ ਵਿਖੇ ਰਿਲੀਜ਼ ਕੀਤਾ ਗਿਆ। ਇਸ ਸਬੰਧ ਚ ਇੰਗਲੈਂਡ ਦੇ ਵੱਖ ਵੱਖ ਸ਼ਹਿਰਾਂ ਤੋਂ ਫ਼ਿਲਮੀ ਜਗਤ ਨਾਲ ਜੁੜੇ ਵੱਖ ਵੱਖ ਅਦਾਕਾਰਾ ਸਮੇਤ ਹੋਰ ਬਹੁਤ ਸਾਰੀਆਂ ਪ੍ਰਮੁੱਖ ਸਖਸ਼ੀਅਤਾਂ ਵੱਲੋਂ ਸ਼ਿਰਕਤ ਕਰਕੇ ਇਸ ਫਿਲਮ ਦਾ ਟਿਰੇਲਰ ਵੇਖਿਆ ਗਿਆ ਅਤੇ ਇਸ ਉਪਰਾਲੇ ਬਦਲੇ ਡਾਇਰੈਕਟਰ ਰਿੱਕੀ ਚੌਹਾਨ ਦੀ ਪ੍ਰਸੰਸਾ ਕੀਤੀ ਗਈ।ਇਸ ਮੌਕੇ ਤੇ ਵੱਖ ਵੱਖ ਸ਼ਹਿਰਾਂ ਤੋਂ ਪੁੱਜੇ ਸਰੋਤਿਆਂ, ਲੇਖਕਾ, ਕਲਾਕਾਰਾਂ ਅਤੇ ਕੌਂਸਲਰਾਂ ਸਮੇਤ ਸਥਾਨਕ ਰੇਡੀਓ ਦੇ ਮੈਨੇਜਰ ਅਤੇ ਪ੍ਰਾਜੈਕਟ ਸ਼ਿੰਗਾਰਾ ਸਿੰਘ ਰੰਧਾਵਾ, ਪ੍ਰਸਿੱਧ ਲੇਖਕ ਕਰਨੈਲ ਸਿੰਘ ਸ਼ੇਰਗਿੱਲ, ਸ਼ਿੰਗਾਰਾ ਸਿੰਘ ਢਿੱਲੋਂ, ਪ੍ਰਸਿੱਧ ਪੰਜਾਬੀ ਗਾਇਕ ਕੇ.ਬੀ ਢੀਂਡਸਾ, ਗਾਇਕ ਦਲਜੀਤ ਨੀਰ , ਫ਼ਿਲਮੀ ਡਾਇਰੈਕਟਰ ਦਿਲਬਾਗ ਸਿੰਘ, ਬਲਜਿੰਦਰ ਸਿੰਘ, ਅਦਾਕਾਰਾ ਅਤੇ ਟੀ.ਵੀ ਪ੍ਰਾਜੈਕਟ ਮੋਹਨਜੀਤ, ਸਮੇਤ ਵੱਖ ਵੱਖ ਪਤਵੰਤਿਆਂ ਨੇ ਆਪੋਂ ਆਪਣੇ ਸੰਬੋਧਨ ਰਾਹੀਂ ਇਸ ਫਿਲਮ ਦੇ ਡਾਇਰੈਕਟਰ ਰਿੱਕੀ ਚੌਹਾਨ ਦੇ ਇਸ ਉਪਰਾਲੇ ਦੀ ਭਰਪੂਰ ਪ੍ਰਸੰਸਾ ਕੀਤੀ ਗਈ ਗਏ। ਇਸ ਮੌਕੇ ਗੱਲਬਾਤ ਕਰਦਿਆਂ ਫਿਲਮ ਦੇ ਡਾਇਰੈਕਟਰ ਰਿੱਕੀ ਚੌਹਾਨ ਅਤੇ ਪ੍ਰੋਡਿਊਸਰ ਹਰਦੀਪ ਸਿੰਘ ਨੇ ਦੱਸਿਆ ਕਿ ਇਹ ਫਿਲਮ ਵਿਦੇਸ਼ਾਂ ਚ ਪੈਦਾ ਹੋਏ ਬੱਚਿਆਂ ਦੇ ਭਵਿੱਖ ਤੇ ਆਧਾਰਿਤ ਹੈ, ਜਿਸ ਵਿੱਚ ਇੱਕ ਕਹਾਣੀ ਰਾਹੀਂ ਦੱਸਿਆ ਗਿਆ ਹੈ ਕਿ ਜਿਸ ਤਰ੍ਹਾਂ ਅਕਸਰ ਹੀ ਵਿਦੇਸ਼ਾਂ ਚ ਜੰਮਪਲ਼ ਬੱਚਿਆਂ ਨੂੰ ਫਿਲਮਾਂ ਵਿਚ ਵਿਖਾਇਆ ਜਾਂਦਾ ਹੈ ਅਸਲ ਵਿਚ ਸਭ ਕੁਝ ਉਸ ਦੇ ਉਲਟ ਹੈ।

# ਨਕਲੀ ਸੀਬੀਆਈ ਅਫ਼ਸਰ ਬਣ ਕੇ ਲੋਕਾਂ ਨਾਲ ਲੱਖਾਂ ਦੀ ਮਾਰੀ ਠੱਗੀ, ਦੋ ਭਰਾ ਗ੍ਰਿਫ਼ਤਾਰ

## ✪ ਦੋਸ਼ੀਆਂ ਤੋਂ ਨਕਲੀ ਸੀਬੀਆਈ ਆਈਡੀ ਕਾਰਡ ਤੇ ਪੁਲਿਸ ਕਾਂਸਟੇਬਲ ਦੀ ਵਰਦੀ ਬਰਾਮਦ

ਅੰਮ੍ਰਿਤਸਰ-ਈ-ਡਿਵੀਜ਼ਨ ਥਾਣੇ ਦੀ ਪੁਲਿਸ ਨੇ ਦੋ ਅਸਲੀ ਭਰਾਵਾਂ ਅੰਮ੍ਰਿਤਪਾਲ ਸਿੰਘ ਅਤੇ ਅਜੈਪਾਲ ਸਿੰਘ ਗੁਰਦਾਸਪੁਰ ਨੂੰ ਗ੍ਰਿਫ਼ਤਾਰ ਕੀਤਾ ਹੈ, ਜਿਨ੍ਹਾਂ ਨੇ ਨਕਲੀ ਸੀਬੀਆਈ ਅਧਿਕਾਰੀ ਬਣ ਕੇ ਅਤੇ ਨੌਕਰੀ ਦਿਵਾਉਣ ਦੇ ਝੂਠੇ ਵਾਅਦੇ ਕਰ ਕੇ ਧੋਖਾਧੜੀ ਕੀਤੀ ਸੀ। ਮੁਲਜ਼ਮਾਂ ਨੇ ਕਈ ਲੋਕਾਂ ਨਾਲ ਲੱਖਾਂ ਰੁਪਏ ਦੀ ਠੱਗੀ ਵੀ ਮਾਰੀ ਹੈ। ਡੀਸੀਪੀ ਲਾਅ ਐਂਡ ਆਰਡਰ ਆਲਮ ਵਿਜੇ ਸਿੰਘ ਨੇ ਦੱਸਿਆ ਕਿ ਪੁਲਿਸ ਨੂੰ ਦਿੱਤੀ ਸ਼ਿਕਾਇਤ ਵਿੱਚ ਗਲੀ ਸ਼ਹੀਦਾਂ ਵਾਲੀ ਚੌਕ ਪਰਾਗਦਾਸ ਦੇ ਰਹਿਣ ਵਾਲੇ ਅਮਨਦੀਪ ਸਿੰਘ ਨੇ ਕਿਹਾ ਕਿ ਉਸਦਾ 20 ਸਾਲਾ ਪੁੱਤਰ ਚੰਨਪ੍ਰੀਤ ਸਿੰਘ 12ਵੀਂ ਤੱਕ ਪੜ੍ਹਿਆ ਹੈ।

ਅਜੈਪਾਲ ਸਿੰਘ ਆਪਣੇ ਘਰ ਨੇੜੇ ਇੱਕ ਘਰ ਵਿੱਚ ਕਿਰਾਏ ਦੇ ਕਮਰੇ ਵਿੱਚ ਰਹਿ ਰਿਹਾ ਸੀ। ਅਜੈਪਾਲ ਨੇ ਆਪਣੇ ਆਪ ਨੂੰ ਸੀਬੀਆਈ ਦਾ ਵਿਸ਼ੇਸ਼ ਅਧਿਕਾਰੀ ਦੱਸਿਆ। ਉਸਨੇ ਆਪਣੇ ਛੋਟੇ ਭਰਾ ਅੰਮ੍ਰਿਤਪਾਲ ਸਿੰਘ ਨੂੰ ਪੰਜਾਬ ਪੁਲਿਸ ਦੇ ਕਾਂਸਟੇਬਲ ਵਾਲੀ ਵਰਦੀ ਪਹਿਨੀ ਹੋਈ ਆਪਣੀ ਇੱਕ ਫੋਟੋ ਦਿਖਾਈ ਅਤੇ ਕਿਹਾ ਕਿ ਉਹ ਉਸ ਦੇ ਪੁੱਤਰ ਨੂੰ ਪੁਲਿਸ ਵਿੱਚ ਭਰਤੀ ਕਰਵਾ ਸਕਦਾ ਹੈ। ਬਦਲੇ ਵਿੱਚ ਉਸਨੇ ਵੱਖ-ਵੱਖ ਤਰੀਕਿਆਂ ਨਾਲ 10 ਲੱਖ ਰੁਪਏ




ਉਸ ਤੋਂ ਲੈ ਲਏ। ਧੋਖਾਧੜੀ ਦਾ ਸਿਲਸਿਲਾ ਇੱਥੇ ਹੀ ਨਹੀਂ ਰੁਕਿਆ। ਇਸ ਤੋਂ ਇਲਾਵਾ, ਉਸਨੇ ਆਪਣੇ ਭਤੀਜੇ ਨਿਖਿਲ ਨੂੰ ਪੁਲਿਸ ਵਿੱਚ ਭਰਤੀ ਕਰਵਾਉਣ ਦੇ ਨਾਮ 'ਤੇ ਆਪਣੇ ਜਾਣਕਾਰ ਜਤਿੰਦਰ ਕੁਮਾਰ, ਵਾਸੀ ਪਿੰਡ ਜੈਂਤੀਪੁਰ ਤੋਂ ਉਸਦੇ ਖਾਤੇ ਵਿੱਚ 6 ਲੱਖ ਰੁਪਏ ਜਮ੍ਹਾ ਕਰਵਾਏ। ਬਾਅਦ ਵਿੱਚ ਦੋਸ਼ੀ ਨੇ ਨਾ ਤਾਂ ਪੈਸੇ ਵਾਪਸ ਕੀਤੇ ਅਤੇ ਨਾ ਹੀ ਉਸਨੂੰ ਨੌਕਰੀ ਦਿਵਾਈ। ਇਸ 'ਤੇ ਉਸਨੇ ਪੁਲਿਸ ਕੋਲ ਸ਼ਿਕਾਇਤ ਦਰਜ ਕਰਵਾਈ।

ਐਸਐਚਓ ਸਰਮੇਲ ਸਿੰਘ ਨੇ ਜਾਂਚ ਤੋਂ ਬਾਅਦ ਦੋਵਾਂ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਕਿਰਾਏ ਦੇ ਘਰ 'ਤੇ ਛਾਪਾ ਮਾਰਨ ਤੋਂ ਬਾਅਦ, ਅਜੈਪਾਲ ਤੋਂ ਨਕਲੀ ਸੀਬੀਆਈ ਆਈਡੀ ਕਾਰਡ, ਕਾਂਸਟੇਬਲ ਭਰਤੀ ਲਈ ਤਿਆਰ ਕੀਤੇ ਪੱਤਰ ਅਤੇ 2 ਲੱਖ ਰੁਪਏ ਬਰਾਮਦ ਕੀਤੇ ਗਏ। ਇਸ ਤੋਂ ਇਲਾਵਾ, ਅੰਮ੍ਰਿਤਪਾਲ ਸਿੰਘ ਤੋਂ ਪੰਜਾਬ ਪੁਲਿਸ ਦੇ ਕਾਂਸਟੇਬਲ ਦੀ ਵਰਦੀ ਜਿਸ ਵਿੱਚ ਬੈਜ, ਨੇਮ ਪਲੇਟ, ਪੀਪੀ ਬਕਲ ਵਾਲੀ ਕਾਲੀ ਬੈਲਟ, ਕਾਂਸਟੇਬਲ ਦੀ ਖਾਕੀ, ਲਾਲ ਅਤੇ ਨੀਲੀ ਪੱਗ ਸ਼ਾਮਲ ਹੈ, ਬਰਾਮਦ ਕੀਤੀ ਗਈ ਹੈ। ਡੀਸੀਪੀ ਲਾਅ ਐਂਡ ਆਰਡਰ ਨੇ ਕਿਹਾ ਕਿ ਦੋਵੇਂ ਭਰਾ ਲੋਕਾਂ ਨਾਲ ਧੋਖਾ ਕਰਦੇ ਸਨ ਅਤੇ ਉਨ੍ਹਾਂ ਤੋਂ ਪੈਸੇ ਲੈਂਦੇ ਸਨ। ਮੁਲਜ਼ਮ ਖ਼ਿਲਾਫ਼ ਮਾਮਲਾ ਦਰਜ ਕਰ ਕੇ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ।

## ਬਠਿੰਡਾ ਦੀ ਕੇਂਦਰੀ ਜੇਲ੍ਹ ਵਿਚ ਗੈਂਗਸਟਰਾਂ ਦੇ ਦੋ ਧੜਿਆਂ ਵਿਚਾਲੇ ਖ਼ੂਨੀ ਝੜਪ, ਛੇ ਜਣੇ ਜ਼ਖ਼ਮੀ



ਬਠਿੰਡਾ-ਕੇਂਦਰੀ ਜੇਲ੍ਹ ਬਠਿੰਡਾ ਵਿਚ ਬੰਦ ਗੈਂਗਸਟਰਾਂ ਦੇ ਦੋ ਗੁੱਟਾਂ ਦੀ ਬੀਤੇ ਦਿਨੀਂ ਕਿਸੇ ਗੱਲ ਨੂੰ ਲੈ ਕੇ ਆਪਸ ਵਿਚ ਲੜਾਈ ਹੋ ਗਈ। ਜੇਲ੍ਹ ਸੁਪਰਡੈਂਟ ਅਨੁਸਾਰ ਜੇਲ੍ਹ ਵਿਚ ਬੰਦ ਨੀਰਜ ਪਾਂਡੇ, ਲਖਵੀਰ ਸਿੰਘ, ਪਰਮਜੀਤ ਸਿੰਘ ਪੰਮਾ, (ਅਰਸ਼ ਡਾਲਾ, ਗੁਰਜੰਟ ਜੰਟਾ, ਜੈਪਾਲ ਗੈਂਗਸਟਰ ਗਰੁੱਪ ਨਾਲ ਸਬੰਧਤ), ਰਣਜੋਧ ਸਿੰਘ, ਜੋਧਾ, ਭੋਲਾ, ਰਣਜੀਤ ਸਿੰਘ, ਜਗਸੀਰ ਸਿੰਘ ਦਾ ਜੇਲ੍ਹ ਵਿਚ ਬੰਦ ਦੂਜੇ ਧਿਰ ਦੇ ਸੁਖਦੀਪ ਸਿੰਘ, ਪ੍ਰਗਟ ਸਿੰਘ, ਸੇਵਕ ਸਿੰਘ, ਰਾਜਵਿੰਦਰ ਸਿੰਘ, ਗੁਰਜੀਤ ਸਿੰਘ ਅਤੇ ਆਕਾਸ਼ਦੀਪ ਸਿੰਘ, ਭਿੰਦਰ ਸਿੰਘ ਦਾ ਕਿਸੇ ਗੱਲ ਨੂੰ ਲੈ ਕੇ ਆਪਸ ਵਿਚ ਲੜਾਈ ਹੋ ਗਈ। ਇਸ ਦੌਰਾਨ ਦੋਵਾਂ ਧਿਰਾਂ ਦੇ ਲੋਕਾਂ ਨੇ ਇਕ ਦੂਜੇ 'ਤੇ ਹਮਲਾ ਕਰ ਦਿੱਤਾ ਜਿਸ ਵਿਚ ਸੁਖਦੀਪ ਸਿੰਘ, ਪ੍ਰਗਟ ਸਿੰਘ, ਸੇਵਕ ਸਿੰਘ, ਰਾਜਵਿੰਦਰ ਸਿੰਘ, ਗੁਰਜੀਤ ਸਿੰਘ ਅਤੇ ਅਕਾਸ਼ਦੀਪ ਸਿੰਘ ਗੰਭੀਰ ਜ਼ਖ਼ਮੀ ਹੋ ਗਏ। ਸੂਚਨਾ ਮਿਲਣ ਤੋਂ ਬਾਅਦ ਜੇਲ੍ਹ ਪ੍ਰਸ਼ਾਸਨ ਨੇ ਸਾਰੇ ਜ਼ਖ਼ਮੀਆਂ ਨੂੰ ਇਲਾਜ ਲਈ ਸਿਵਲ ਹਸਪਤਾਲ ਬਠਿੰਡਾ ਲਿਆਂਦਾ, ਜਿੱਥੇ ਇਲਾਜ ਕਰਨ ਤੋਂ ਬਾਅਦ ਉਨ੍ਹਾਂ ਨੂੰ ਦੁਬਾਰਾ ਜੇਲ੍ਹ ਹਸਪਤਾਲ ਰੈਫਰ ਕਰ ਦਿੱਤਾ ਗਿਆ। ਇਸ ਮਾਮਲੇ ਬਾਰੇ ਜੇਲ੍ਹ ਸੁਪਰਡੈਂਟ ਮਨਜੀਤ ਸਿੰਘ ਨੇ ਕਿਹਾ ਕਿ ਜੇਲ੍ਹ ਵਿਚ ਬੰਦ ਦੋ ਧਿਰਾਂ ਵਿਚਕਾਰ ਕਿਸੇ ਗੱਲ ਨੂੰ ਲੈ ਕੇ ਲੜਾਈ ਹੋਈ ਸੀ। ਜ਼ਖ਼ਮੀਆਂ ਦਾ ਇਲਾਜ ਕਰਵਾ ਦਿੱਤਾ ਗਿਆ ਹੈ, ਜਦੋਂ ਕਿ ਮਾਮਲੇ ਦੀ ਜਾਂਚ ਕੀਤੀ ਜਾ ਰਹੀ।

# ★ ਮਿੰਨੀ ਕਹਾਣੀਆਂ ★

### ਸਿਆਪਾ !

ਨੀਂ ਅੰਜਨਾ ! ਤੂੰ ਆਉਣਾ ਨਹੀਂ ਨਾਨਕੇ ? ਤੂੰ ਤਾਂ ਕਹਿੰਦੀ ਸੀ ਕਿ ਛੁੱਟੀਆਂ 'ਚ ਆਊਂਗੀ। ਹੁਣ ਤਾਂ ਛੁੱਟੀਆਂ ਵੀ ਥੋੜ੍ਹੀਆਂ ਰਹਿ ਗਈਆਂ ਹੋਣੀਆਂ। ਮੈਂ ਤਾਂ ਡੀਕ-ਡੀਕ ਕੇ ਥੱਕ ਗਈ। ਅੰਜਨਾ ਦੀ ਨਾਨੀ ਨੇ ਫ਼ੋਨ ਤੇ ਰੋਸਾ ਜਿਹਾ ਕੀਤਾ। ਹਾਂ ਨਾਨੀ ਜੀ ! ਛੇਤੀ ਆਵਾਂਗੀ। ਅੰਜਨਾ ਨੇ ਨਾਨੀ ਜੀ ਦਾ ਦਿਲ ਰੱਖਣ ਵਾਲਾ ਜਵਾਬ ਦਿੱਤਾ। ਨੀਂ ਹੋ ਕੀ ਗਿਆ ਤੈਨੂੰ। ਤੂੰ ਤਾਂ ਮੇਰੀ ਐਨੀ ਲਾਡਲੀ ਧੀ ਏਂ। ਅੱਜ ਤਾਂ ਬੋਲਦੀ ਵੀ ਨਹੀਂ ਚੱਜ ਨਾਲ। ਨਾਨੀ ਨੇ ਓਹਦੇ ਰੁੱਖੇ ਜਿਹੇ ਜਵਾਬ ਤੋਂ ਦੁੱਖੀ ਹੁੰਦਿਆਂ ਕਿਹਾ। ਨਹੀਂ, ਨਾਨੀ ਜੀ, ਇਹੋ ਜਿਹੀ ਕੋਈ ਗੱਲ ਨਹੀਂ। ਆਹ ਛੁੱਟੀਆਂ ਦਾ ਸਿਆਪਾ ਹੀ ਨਹੀਂ ਨਿੱਬੜਦਾ। ਹੋਰ ਭਲਾ ਕੀ ਕਰਾਂ। ਕਿਵੇਂ ਆਵਾਂ ? ਦਿਲ ਤਾਂ ਕਰਦਾ ਸੀ ਕਿ ਛੁੱਟੀਆਂ ਹੋਣਗੀਆਂ ਤਾਂ ਕੁਝ ਚੈਨ ਮਿਲੂ। ਤੁਹਾਡੇ ਕੋਲ ਆਵਾਂਗੇ, ਘੁੰਮਾਂਗੇ, ਫਿਰਾਂਗੇ ਤੇ ਮਸਤੀ ਕਰਾਂਗੇ। ਅੰਜਨਾ ਫ਼ੇਰ ਹਤਾਸ਼ ਜਿਹੀ ਬੋਲੀ।

ਸੁੱਖ ਬੋਲ ਧੀਏ ! ਸਿਆਪਾ ਕਾਹਦਾ ਹੋ ਗਿਆ ਭਲਾਂ ! ਦੱਸ ਮੈਨੂੰ ਛੇਤੀ-ਛੇਤੀ। ਮੇਰਾ ਤਾਂ ਦਿਲ ਹੀ ਬੈਠਾ ਜਾ ਰਿਹਾ।

ਕੁਝ ਨਹੀਂ ਨਾਨੀ ਜੀ। ਬੱਸ ਸਕੂਲ ਦਾ ਕੰਮ ਕਰ ਰਹੀ ਹਾਂ। ਜਿੱਦਣ ਦੀਆਂ ਛੁੱਟੀਆਂ ਹੋਈਆਂ, ਉੱਦਣ ਦੀ ਲੱਗੀ ਹੋਈ ਹਾਂ, ਹਜੇ ਬਹੁਤ ਬਾਕੀ ਹੈ। ਸੋਚਿਆ ਸੀ ਕਿ ਛੇਤੀ ਕੰਮ ਮੁਕਾ ਕੇ ਆਵਾਂਗੀ ਤੁਹਾਡੇ ਕੋਲ, ਸਾਰੇ ਘਰਦਿਆਂ ਨਾਲ਼। ਨਾਲੇ ਕੋਈ ਕੰਮ ਸਿਖਾਂਗੀ ਨਵਾਂ। ਪਰ..... ! ਅੰਜਨਾ ਚੁੱਪ ਕਰ ਗਈ।

ਏਡਾ ਕੰਮ ਕਿਹੜਾ ਹੈ ਧੀਏ, ਜਿਹੜਾ ਖ਼ਤਮ ਹੀ ਨਹੀਂ ਹੋ ਰਿਹਾ। ਨਾਨੀ ਹੈਰਾਨ ਹੋ ਗਈ।......... ! ਅੱਛਾ ਇੰਝ ਕਰ ਨਾਲ਼ ਲੈ ਆ ਤੂੰ ਆਪਣੇ ਕੰਮ ਨੂੰ ਵੀ। ਏਥੇ ਕਰ ਲਵੀਂ ਬਾਕੀ ਦਾ। ਕੰਮ ਤਾਂ ਪੁੱਤ ਦਿੰਦੇ ਈ ਹੁੰਦੇ ਮਾਸਟਰ ! ਨਾਨੀ ਨੇ ਅੰਜਨਾ ਨੂੰ ਸਲਾਹ ਦਿੱਤੀ। ਨਹੀਂ, ਨਾਨੀ ਜੀ ! ਹੁਣ ਪਹਿਲਾਂ ਵਾਂਗ ਸਿਰਫ਼ ਲਿਖਣਾ ਤੇ ਪੜ੍ਹਨਾ ਨਹੀਂ ਹੁੰਦਾ। ਅੰਜਨਾ ਫ਼ੇਰ ਢਿੱਲੀ ਜਿਹੀ ਬੋਲੀ।

ਫੇਟ ! ਹੋਰ ਕੀ ਕੱਪੜੇ ਸੀਣੇ ਨੂੰ ਕਹਿੰਦਾ ਮਾਸਟਰਾਂ ਨੇ ? ਨਾਨੀ ਨੇ ਹੱਸਦਿਆਂ ਹੋਇਆਂ ਪੁੱਛਿਆ। ਨਹੀਂ ਨਾਨੀ ਜੀ, ਅੱਜਕਲ ਛੁੱਟੀਆਂ ਵਿੱਚ ਸਕੂਲਾਂ ਵਾਲੇ ਅਧਿਆਪਕ ਬਹੁਤ ਸਾਰੇ ਚਾਰਟ, ਮਾਡਲ ਤੇ ਹੋਰ ਕ੍ਰੀਏਟਿਵ ਕੰਮ ਦਿੰਦੇ ਹਨ। ਉਹ ਵੀ ਇਹੋ ਜਿਹਾ ਕਿ ਦੁਕਾਨਾਂ ਤੋਂ ਸਮਾਨ ਵੀ ਨਹੀਂ ਮਿਲਦਾ। ਕਦੇ-ਕਦੇ ਤਾਂ ਨੈੱਟ ਤੋਂ ਕਢਵਾਉਣੀਆਂ ਪੈਂਦੀਆਂ ਫੋਟੋਆਂ ਵਗੈਰਾ। ਉਹ ਵੀ ਬਹੁਤ ਮਹਿੰਗੀਆਂ ਨਿਕਲਦੀਆਂ। ਬਹੁਤ ਖ਼ਰਚਾ ਹੁੰਦਾ। ਸਾਰੇ ਸਕੂਲ ਰੀਸੋ ਰੀਸੀ ਇੱਕ ਦੂਜੇ ਤੋਂ ਔਖਾ ਕੰਮ ਦਿੰਦੇ ਹਨ। ਵਿਚਾਰੇ ਮਾਪਿਆਂ ਦੀ ਵੀ ਮੱਤ ਮਾਰੀ ਜਾਂਦੀ ਹੈ, ਮਦਦ ਕਰਦਿਆਂ ਕਰਦਿਆਂ ਜਾਂ ਆਵਾਗੌਣ ਪੈਸੇ ਖਰਚਦਿਆਂ। ਸਭ ਤੋਂ ਵੱਡੀ ਗੱਲ ਕਿ ਇਹ ਸਭ ਕਿਸੇ ਕੰਮ ਨਹੀਂ ਆਉਂਦਾ। ਬਾਅਦ ਵਿੱਚ ਲੈ ਕੇ ਸੁੱਟ ਦਿੰਦੇ ਹਨ। ਹਾਂ, ਨੰਬਰ ਜ਼ਰੂਰ ਬਣਦੇ ਹਨ। ਅੰਜਨਾ ਨੇ ਸਮਝਾਉਣ ਦੀ ਕੋਸ਼ਿਸ਼ ਕੀਤੀ।

ਹੱਛਾ ਭਾਈ ! ਕੀ ਕਰਨਾ ? ਨਵੇਂ ਜ਼ਮਾਨੇ ਦੀਆਂ ਨਵੀਆਂ ਗੱਲਾਂ। ਸਾਡੇ ਵੇਲ਼ੇ ਤਾਂ ਕਿਤਾਬਾਂ ਦਾ ਕੰਮ ਹੁੰਦਾ ਸੀ। ਬੱਚੇ ਕਿਤਾਬਾਂ ਲੈ ਕੇ ਨਾਨਕਿਆਂ ਨੂੰ ਜਾਂ ਭੂਆ ਦੇ ਘਰ ਚਲੇ ਜਾਂਦੇ ਸੀ। ਨਾਲੇ ਕੰਮ ਕਰਦੇ ਤੇ ਨਾਲ਼ੇ ਖੇਡ ਕੁੱਦ ਵੀ ਲੈਂਦੇ। ਨਾਨੀ ਨੇ ਪੁਰਾਣਾ ਸਮਾਂ ਯਾਦ ਕਰਦਿਆਂ ਕਿਹਾ। ਐਤਕੀਂ ਤਾਂ ਨਾਨੀ ਜੀ ਲੱਗਦਾ ਕੰਮ ਮੁੱਕਣਾ ਹੀ ਨਹੀਂ ਮੇਰਾ। ਮੈਥੋਂ ਨਹੀਂ ਆ ਹੋਣਾ। ਅਗਲੀ ਵਾਰ ਆਵਾਂਗੀ। ਅੰਜਨਾ ਨੇ ਸੋਚਦਿਆਂ ਗੱਲ ਨਬੇੜੀ।

ਕਿੱਥੇ ਧੀਏ ! ਅਗਲੀ ਜਮਾਤ ਤਾਂ ਹੋਰ ਵੱਡੀ ਹੋ ਜਾਣੀ। ਫ਼ੇਰ ਤਾਂ ਹੋਰ ਵੱਧ ਮਿਲੂ ਕੰਮ। ਚੱਲ ਵੇਖ ਲੀ ਜੇ ਆ ਸਕਦੇ ਹੋ ਤਾਂ ਆ ਜਿਓ ਚਾਰ ਦਿਨ। ਬਾਕੀ ਥੋੜੀ ਮਰਜ਼ੀ ਭਾਈ। ਕਹਿ ਕੇ ਨਾਨੀ ਨੇ ਭਿੱਜੀਆਂ ਅੱਖਾਂ ਸਾਫ਼ ਕਰਦਿਆਂ ਫ਼ੋਨ ਰੱਖ ਦਿੱਤਾ। -ਮਨਜੀਤ ਕੌਰ

### ਪਾਣੀ ਦੀ ਸੰਭਾਲ

ਗਲੀ ਵਿਚ ਪਾਣੀ ਡੋਲਿਆ ਦੇਖਕੇ ਬੇਬੇ ਬੰਟੀ ਨੂੰ ਬੋਲੀ, "ਪੁੱਤ ਕਿਉਂ ਪਾਣੀ ਡੋਲੀ ਜਾਨਾ ਪਾਣੀ ਤਾਂ ਬਹੁਤ ਅਨਮੋਲ ਹੈ। ਸਾਨੂੰ ਪਾਣੀ ਦੀ ਕਦਰ ਤੇ ਸੰਭਾਲ ਕਰਨੀ ਚਾਹੀਦੀ ਹੈ।" ਬੰਟੀ ਬੋਲਿਆ, "ਬੇਬੇ ਮੈਂ ਤਾਂ ਸਰਕਾਰੀ ਟੂਟੀ ਵਾਲਾ ਪਾਣੀ ਡੋਲ ਰਿਹਾ ਸੀ। ਇਹ ਧਰਤੀ ਦੇ ਹੇਠਾ ਤੋਂ ਆਉਂਦਾ ਹੈ ਅਤੇ ਧਰਤੀ ਦੇ ਹੇਠਾ ਬਹੁਤ ਪਾਣੀ ਹੈ। ਇਸਨੇ ਕਿਹੜਾ ਖਤਮ ਹੋਣਾ ਕਦੇਂ।"

ਬੇਬੇ ਬੋਲੀ, "ਪੁੱਤ ਸਾਡੇ ਸਮਿਆਂ ਵਿਚ ਪੀਣ ਵਾਲਾ ਪਾਣੀ ਵੀ ਖੂਹਾਂ, ਨਦੀਆਂ ਤੋਂ ਲੈ ਕੇ ਆਉਣਾ ਪੈਂਦਾ ਸੀ, ਬਹੁਤ ਔਖਾ ਮਿਲਦਾ ਸੀ ਪਾਣੀ। ਹੁਣ ਧਰਤੀ ਹੇਠਾਂ ਪਾਣੀ ਹੌਲੀ-ਹੌਲੀ ਖ਼ਤਮ ਹੋ ਰਿਹਾ ਅਤੇ ਪਾਣੀ ਦਾ ਲੇਬਲ ਵੀ ਬਹੁਤ ਹੇਠਾਂ ਹੋ ਗਿਆ। ਜੇਕਰ ਆਪਾਂ ਪਾਣੀ ਨੂੰ ਨਾ ਬਚਾਇਆ ਤਾਂ ਆਉਣ ਵਾਲੇ ਸਮੇਂ ਵਿੱਚ ਪਾਣੀ ਪੀਣ ਲਈ ਵੀ ਨਹੀਂ ਬਚੇਗਾ।" ਬੇਬੇ ਦੀ ਗੱਲ ਸੁਣ ਬੰਟੀ ਨੇ ਟੂਟੀ ਬੰਦ ਕਰ ਦਿੱਤੀ।

-ਕੁਲਵਿੰਦਰ ਕੁਮਾਰ ਬਹਾਦਰਗੜ੍ਹ

### ਮੋਹ

ਮੈਂ ਪਰੇਸ਼ਾਨੀ ਦੀ ਹਾਲਤ ਵਿਚ ਬੈਠਾ ਸੀ। ਤਦੇ ਮੇਰੇ ਬੀਜੀ ਨੇ ਆ ਕੇ ਕਿਹਾ, "ਚੱਲ ਪੁੱਤ, ਅੱਜ ਜਿਹੜਾ ਆਪਣੇ ਸ਼ਹਿਰ 'ਚ ਲੋਕਾਂ ਨੇ ਮਿਲ ਕੇ ਕੀਰਤਨ ਦਰਬਾਰ ਕਰਵਾਇਆ ਹੈ ਉੱਥੇ ਜਾ ਆਉਦੇ ਆ। ਨਾਲੇ ਤੇਰਾ ਥੋੜ੍ਹਾ ਮਨ ਠੀਕ ਹੋਜੂ।"

ਉੱਥੇ ਰਾਗੀਆਂ ਦੀ ਮਿੱਠੀ ਆਵਾਜ਼ ਨੇ ਮੇਰਾ ਮਨ ਮੋਹ ਲਿਆ। ਮੇਰੀ ਉਦਾਸੀ ਖੰਭ ਲਾ ਕੇ ਉੱਡ ਗਈ। ਰਾਗੀ ਕੀਰਤਨ ਦੇ ਨਾਲ-ਨਾਲ ਕਥਾ ਵੀ ਕਰ ਰਹੇ ਸਨ। "ਰੱਬ ਦਾ ਜਾਪ ਕਰੋ, ਮਾਇਆ ਦਾ ਮੋਹ ਤਿਆਗ ਦਿਉ....।" ਉਨ੍ਹਾਂ ਦੀ ਮਿੱਠੀ ਆਵਾਜ਼ ਦਾ ਮੇਰੇ ਦਿਲ ਤੇ ਗਹਿਰਾ ਅਸਰ ਹੋਇਆ। "ਮੈਂ ਐਵੇਂ ਹੀ ਉਦਾਸ ਸਾ, ਅਸਾਂ ਕਿਹੜਾ ਧੰਨ-ਦੌਲਤ ਨਾਲ ਲਿਜਾਣੀ ਏ।" ਸੋਚਦਾ ਹੋਇਆ ਮੈਂ ਪੰਡਾਲ' 'ਚੋਂ ਬੀਜੀ ਨਾਲ ਬਾਹਰ ਆ ਗਿਆ। ਅਸੀਂ ਲੰਗਰ ਖਾ ਕੇ ਪਰਤੇ ਤਾਂ ਮੈਂ ਦੇਖਿਆ ਸਟੇਜ ਦੇ ਪਿਛਵਾੜੇ ਜਿਹੇ ਕੁਝ ਆਦਮੀ ਆਪਸ ਵਿੱਚ ਖਹਿਬੜ ਰਹੇ ਸਨ।

"ਹੁਣ ਘੱਟ ਕਿਉਂ ਦਿੰਦੇ ਪਏ ਓ ? ਜਦ ਅਸੀਂ ਤੁਹਾਨੂੰ ਪਹਿਲਾਂ ਦੱਸ ਦਿੱਤਾ ਸੀ ਕਿ ਅਸੀਂ ਕਿੰਨੇ ਚ ਕੀਰਤਨ ਕਰਦੇ ਹਾਂ।" ਜਦੋਂ ਗੁੱਸੇ ਚ ਲਾਲ-ਪੀਲੇ ਹੁੰਦੇ ਉਨ੍ਹਾਂ ਰਾਗੀਆਂ ਦੀ ਹੀ ਮੇਰੇ ਕੰਨੀਂ ਆਵਾਜ਼ ਪਈ ਤਾਂ ਮੈਂ ਇੱਕ ਦਮ ਠਠੰਬਰ ਗਿਆ। ਮਾਇਆ ਦਾ ਮੋਹ ਤਾਂ ਇੰਨ੍ਹਾਂ ਨੂੰ ਵੀ....ਤੇ ਮੈਂ ਫਿਰ ਉਦਾਸ ਹੋ ਗਿਆ।

-ਮਨਪ੍ਰੀਤ ਕੌਰ

# ਨਸ਼ਾ ਨਾ ਮਿਲਿਆ ਤਾਂ ਔਰਤ ਨੇ ਜ਼ਹਿਰੀਲੀ ਮੱਕੜੀ ਨੂੰ ਪੀਸ ਕੇ ਲਗਾ ਲਿਆ ਟੀਕਾ

## ✪ ਪੂਰਾ ਜ਼ਹਿਰ ਸਰੀਰ ਵਿਚ ਫੈਲਿਆ, ਹਸਪਤਾਲ ਵਿਚ ਹੋਈ ਮੌਤ



ਕੈਲੀਫੋਰਨੀਆ-ਕੈਲੀਫੋਰਨੀਆ ਵਿੱਚ ਇੱਕ 37 ਸਾਲਾ ਔਰਤ ਨੇ ਇਹ ਦੇਖਣ ਲਈ ਕਿ ਉਹ ਇਸ ਨਾਲ ਨਸ਼ਾ ਕਰ ਸਕਦੀ ਹੈ, ਇਕ ਬਲੈਕ ਵਿਡੋ ਮੱਕੜੀ ਦੇ ਜ਼ਹਿਰ ਦਾ ਆਪਣੇ ਸਰੀਰ ਵਿੱਚ ਟੀਕਾ ਲਗਾ ਲਿਆ। ਇਸ ਤੋਂ ਬਾਅਦ ਉਸਦੀ ਹਾਲਤ ਵਿਗੜਨ ਲੱਗੀ। ਕੁਝ ਘੰਟਿਆਂ ਬਾਅਦ ਉਸਨੂੰ ਐਮਰਜੈਂਸੀ ਰੂਮ ਵਿੱਚ ਦਾਖਲ ਕਰਵਾਇਆ ਗਿਆ। ਉੱਥੇ ਉਸ ਦੀ ਮੌਤ ਹੋ ਗਈ।

ਬਲੈਕ ਵਿਡੋ ਮੱਕੜੀ ਦਾ ਜ਼ਹਿਰ ਇੰਜੈਕਟ ਕਰਨ ਵਾਲੀ ਔਰਤ ਨੂੰ ਜਦੋਂ ਹਸਪਤਾਲ ਲਿਆਂਦਾ ਗਿਆ ਤਾਂ ਉਹ ਲਗਭਗ ਮਰ ਚੁੱਕੀ ਸੀ। ਕੈਲੀਫੋਰਨੀਆ ਦੀ 37 ਸਾਲਾ ਔਰਤ ਨੂੰ ਗੰਭੀਰ ਕੜਵੱਲ ਅਤੇ ਮਾਸਪੇਸ਼ੀਆਂ ਵਿੱਚ ਦਰਦ ਹੋਣ ਲੱਗਾ। ਉਸਨੂੰ ਮੁੱਖ ਤੌਰ 'ਤੇ ਆਪਣੀ ਪਿੱਠ, ਪੇਟ ਅਤੇ ਪੱਟਾਂ ਵਿੱਚ ਗੰਭੀਰ ਖਿੱਚ ਪੈ ਰਹੀ ਸੀ ਅਤੇ ਦਰਦ ਹੋ ਰਿਹਾ ਸੀ।

### ਸਾਹ ਲੈਣ 'ਚ ਹੋਣ ਲੱਗੀ ਤਕਲੀਫ

ਉਸਨੇ ਸਿਰ ਦਰਦ ਅਤੇ ਬੇਚੈਨੀ ਦੀ ਵੀ ਸ਼ਿਕਾਇਤ ਕੀਤੀ ਜਦੋਂਕਿ ਉਸਦੀ ਨਬਜ਼, ਸਾਹ ਦੀ ਦਰ ਅਤੇ ਬਲੱਡ ਪ੍ਰੈਸ਼ਰ ਵੱਧ ਗਿਆ ਸੀ। ਨਾਲ ਹੀ ਉਸਨੂੰ ਬੁਖਾਰ ਵੀ ਸੀ। ਉਸਨੇ ਡਾਕਟਰਾਂ ਦੇ ਸਾਹਮਣੇ ਸਵੀਕਾਰ ਕੀਤਾ ਗਿਆ ਉਸਨੇ ਬਲੈਕ ਵਿਡੋ ਮੱਕੜੀ ਨੂੰ ਪੀਸ ਕੇ ਨਸ਼ਾ ਕਰਨ ਦੀ ਕੋਸ਼ਿਸ਼ ਕੀਤੀ ਸੀ।

### ਹੈਰੋਈਨ ਦਾ ਸੇਵਨ ਕਰਦੀ ਸੀ ਔਰਤ

ਡੇਲੀ ਸਟਾਰ ਦੀ ਰਿਪੋਰਟ 'ਚ ਔਰਤ ਦੀ ਪਛਾਣ ਨਹੀਂ ਦੱਸੀ ਗਈ। ਕਥਿਤ ਤੌਰ 'ਤੇ ਉਸਦਾ ਹੈਰੋਈਨ ਦੇ ਸੇਵਨ ਦਾ ਇਤਿਹਾਸ ਰਿਹਾ ਹੈ। ਉਸਨੇ ਪਿਸੀ ਹੋਈ ਜ਼ਹਿਰੀਲੀ ਮੱਕੜੀ ਨੂੰ ਡਿਸਟਿਲਡ ਵਾਟਰ 'ਚ ਮਿਲਾਇਆ ਅਤੇ ਉਸਨੂੰ ਨਾੜਾਂ ਵਿਚ ਇੰਜੈਕਟ ਕਰ ਲਿਆ।

ਇਕ ਘੰਟੇ ਬਾਅਦ ਉਸਦੇ ਸਰੀਰ ਅੰਦਰ ਕਈ ਤਰ੍ਹਾਂ ਦੀਆਂ ਪ੍ਰਤੀਕਿਰਿਆਵਾਂ ਹੋਣ ਲੱਗੀਆਂ ਅਤੇ ਹਸਪਤਾਲ ਪਹੁੰਚਣ ਦੇ ਕਈ ਘੰਟਿਆਂ ਬਾਅਦ ਉਸਨੂੰ ਸਾਹ ਲੈਣ ਵਿਚ ਤਕਲੀਫ ਹੋਣ ਲੱਗੀ। ਉਸਨੂੰ ਸਾਹ ਲੈਣ 'ਚ ਇੰਨੀ ਤਕਲੀਫ ਹੋਣ ਲੱਗੀ ਕਿ ਆਈ.ਸੀ.ਯੂ. 'ਚ ਦਾਖਲ ਕਰਨਾ ਪਿਆ।

### ਦਰਦ ਅਤੇ ਸਾਹ ਲੈਣ 'ਚ ਤਕਲੀਫ ਕਾਰਨ ਹੋ ਗਈ ਮੌਤ

ਮੈਡੀਕਲ ਟੀਮ ਨੇ ਸਾਹ ਨਲੀ ਦੀਆਂ ਮਾਸਪੇਸ਼ੀਆ ਨੂੰ ਆਰਾਮ ਦੇਣ ਵਾਲੀ ਦਵਾਈ ਦੀਆਂ ਤਿੰਨ ਖੁਰਾਕਾਂ ਦੇ ਕੇ ਉਸਦੀ ਘਬਰਾਹਟ ਨੂੰ ਘੱਟ ਕਰਨ ਦੀ ਕੋਸ਼ਿਸ਼ ਕੀਤੀ, ਜੋ ਆਮਤੌਰ 'ਤੇ ਦਮੇ ਲਈ ਇਸਤੇਮਾਲ ਕੀਤੀ ਜਾਂਦੀ ਹੈ। ਹਾਲਾਂਕਿ, ਇਹ ਇਲਾਜ ਵੀ ਕਿਸੇ ਕੰਮ ਨਹੀਂ ਆਇਆ।


ਇਨ੍ਹਾਂ ਕੋਸ਼ਿਸ਼ਾਂ ਦੇ ਬਾਵਜੂਦ, ਉਸਨੂੰ ਸਾਹ ਲੈਣ 'ਚ ਤਕਲੀਫ ਹੁੰਦੀ ਰਹੀ ਅਤੇ ਅਗਲੇ ਦਿਨ ਉਸਨੂੰ ਨੇਬੁਲਾਈਜ਼ਰ ਦੀ ਲੋੜ ਪਈ। ਡਾਕਟਰਾਂ ਨੇ ਫਿਰ ਉਸਨੂੰ ਮੋਰਫਿਨ ਅਤੇ ਲੋਰਾਜ਼ੇਪਾਮ ਦਿੱਤਾ। ਹਾਰਵਰਡ ਮੈਡੀਕਲ ਸਕੂਲ ਦੇ ਮਾਹਿਰਾਂ ਦੇ ਅਨੁਸਾਰ, ਕੁਝ ਮਾਮਲਿਆਂ ਵਿੱਚ ਇਹ ਸੋਜ ਦਾ ਕਾਰਨ ਬਣ ਸਕਦਾ ਹੈ, ਜੋ ਸਾਹ ਲੈਣ ਵਿੱਚ ਰੁਕਾਵਟ ਪਾਉਂਦਾ ਹੈ।

ਡਾਕਟਰਾਂ ਨੂੰ ਸ਼ੱਕ ਹੈ ਕਿ ਦਮੇ ਤੋਂ ਪੀੜਤ ਮਰੀਜ਼ ਨੂੰ ਜ਼ਹਿਰ ਵਿੱਚ ਪਾਏ ਜਾਣ ਵਾਲੇ ਪ੍ਰੋਟੀਨ ਤੋਂ ਐਲਰਜੀ ਕਾਰਨ ਸਾਹ ਲੈਣ ਵਿੱਚ ਮੁਸ਼ਕਲ ਆ ਸਕਦੀ ਹੈ। ਇਹ ਧਿਆਨ ਦੇਣ ਯੋਗ ਹੈ ਕਿ ਜਦੋਂ ਬਲੈਕ ਵਿਡੋ ਕੱਟਦੀ ਹੈ ਤਾਂ ਇਹ ਬਹੁਤ ਘੱਟ ਮਾਤਰਾ ਵਿੱਚ ਜ਼ਹਿਰ ਇੰਜੈਕਟ ਕਰਦੀ ਹੈ। ਅਜਿਹੇ ਉਸਦਾ ਪੂਰਾ ਜ਼ਹਿਰ ਸਰੀਰ ਵਿੱਚ ਇੰਜੈਕਟਕਰਨ ਕਾਰਨ ਸਰੀਰ 'ਤੇ ਮਾੜਾ ਪ੍ਰਭਾਵ ਪਿਆ ਅਤੇ ਔਰਤ ਦੀ ਮੌਤ ਹੋ ਗਈ।

## ਨਿੱਜੀ ਦੁਸ਼ਮਣੀ ਕਾਰਨ ਕੁਹਾੜੀ ਮਾਰ ਕੇ ਵੱਢ ਦਿੱਤੀਆਂ ਗਭਰੂ ਦੀਆਂ ਲੱਤਾਂ-ਬਾਹਾਂ

ਬਠਿੰਡਾ-ਬੀਤੇ ਦਿਨੀਂ ਕੁਝ ਨੌਜਵਾਨਾਂ ਨੇ ਇੱਕ ਨੌਜਵਾਨ ਨੂੰ ਘੇਰ ਲਿਆ ਅਤੇ ਉਸ 'ਤੇ ਜਾਨਲੇਵਾ ਹਮਲਾ ਕਰ ਦਿੱਤਾ। ਉਸਦੇ ਪੈਰਾਂ 'ਤੇ ਕੁਹਾੜੀ ਨਾਲ ਕਈ ਵਾਰ ਕੀਤੇ, ਜਿਸ ਨਾਲ ਉਹ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਗਿਆ। ਘਟਨਾ ਤੋਂ ਬਾਅਦ ਜਾਂਦੇ ਸਮੇਂ ਦੋਸ਼ੀ ਨੇ ਕੁਹਾੜੀ ਨਾਲ ਵਾਰ ਕਰਕੇ ਦੋ ਕਾਰਾਂ ਦੀਆਂ ਖਿੜਕੀਆਂ ਤੋੜ ਦਿੱਤੀਆਂ। ਜ਼ਖਮੀ ਨੌਜਵਾਨ ਜਸਦੀਪ ਸਿੰਘ, ਵਾਸੀ ਗੋਨਿਆਣਾ, ਨੂੰ ਇਲਾਜ ਲਈ ਨੇੜਲੇ ਨਿੱਜੀ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ। ਹਾਲਤ ਨਾਜ਼ੁਕ ਦੱਸੀ ਜਾ ਰਹੀ ਹੈ। ਇਹ ਸਾਰੀ ਲੜਾਈ ਨੇੜੇ ਲੱਗੇ ਸੀਸੀਟੀਵੀ ਕੈਮਰੇ ਵਿੱਚ ਕੈਦ ਹੋ ਗਈ। ਪੁਲਿਸ ਨੇ ਸੀਸੀਟੀਵੀ ਫੁਟੇਜ ਆਪਣੇ ਕਬਜ਼ੇ ਵਿੱਚ ਲੈ ਲਈ ਅਤੇ ਉਸ ਆਧਾਰ ''ਤੇ ਮੁਲਜ਼ਮਾਂ ਦੀ ਭਾਲ ਸ਼ੁਰੂ ਕਰ ਦਿੱਤੀ। ਸੂਤਰਾਂ ਦੀ ਮੰਨੀਏ ਤਾਂ ਹਮਲਾਵਰ ਨੌਜਵਾਨਾਂ ਨੇ ਕਿਸੇ ਆਪਸੀ ਰੰਜਿਸ਼ ਕਾਰਨ ਨੌਜਵਾਨ ਜਸਦੀਪ ਸਿੰਘ 'ਤੇ ਜਾਨਲੇਵਾ ਹਮਲਾ ਕੀਤਾ ਹੈ। ਹਮਲਾਵਰ ਵੀ ਇਸੇ ਜ਼ਿਲ੍ਹੇ ਦੇ ਇੱਕ ਪਿੰਡ ਦੇ ਦੱਸੇ ਜਾ ਰਹੇ ਹਨ।

## ਕੋਰਟ ਦਿੱਲੀ ਸਿੱਖ ਕਤਲੇਆਮ ਦੇ ਦੋਸ਼ੀ ਸੱਜਣ ਕੁਮਾਰ ਖਿਲਾਫ਼ 7 ਫਰਵਰੀ ਨੂੰ ਸੁਣਾਏਗੀ ਫ਼ੈਸਲਾ



ਨਵੀਂ ਦਿੱਲੀ-ਦਿੱਲੀ ਦੀ ਰਾਊਜ਼ ਐਵੇਨਿਊ ਕੋਰਟ ਨੇ 1984 ਦੇ ਸਿੱਖ ਵਿਰੋਧੀ ਕਤਲੇਆਮ ਦੌਰਾਨ ਪਹਿਲੀ ਨਵੰਬਰ ਨੂੰ ਸਰਸਵਤੀ ਵਿਹਾਰ ਇਲਾਕੇ ਵਿਚ ਪਿਉ-ਪੁੱਤ ਦੀ ਹੱਤਿਆ ਨਾਲ ਸਬੰਧਤ ਕੇਸ ਵਿਚ ਸਾਬਕਾ ਕਾਂਗਰਸੀ ਸੰਸਦ ਮੈਂਬਰ ਸੱਜਣ ਕੁਮਾਰ ਖਿਲਾਫ਼ ਦਰਜ ਕੇਸ ਵਿਚ ਫੈਸਲਾ ਰਾਖਵਾਂ ਰੱਖ ਲਿਆ ਹੈ। ਵਿਸ਼ੇਸ਼ ਜੱਜ ਕਾਵੇਰੀ ਬਵੇਜਾ ਦੇ ਬੈਂਚ ਵੱਲੋਂ ਹੁਣ 7 ਫਰਵਰੀ ਨੂੰ ਫੈਸਲਾ ਸੁਣਾਇਆ ਜਾਵੇਗਾ। ਬੈਂਚ ਨੇ ਸਰਕਾਰੀ ਵਕੀਲ ਮਨੀਸ਼ ਰਾਵਤ ਦੀਆਂ ਵਾਧੂ ਦਲੀਲਾਂ ਸੁਣਨ ਮਗਰੋਂ ਫੈਸਲਾ ਰਾਖਵਾਂ ਰੱਖ ਲਿਆ। ਇਸ ਤੋਂ ਪਹਿਲਾਂ ਕੋਰਟ ਨੇ 21 ਜਨਵਰੀ ਨੂੰ ਪਿਛਲੀ ਸੁਣਵਾਈ ਦੌਰਾਨ ਫੈਸਲਾ ਮੁਲਤਵੀ ਕਰ ਦਿੱਤਾ ਸੀ। ਇਹ ਮਾਮਲਾ 1 ਨਵੰਬਰ, 1984 ਨੂੰ ਦਿੱਲੀ ਦੇ ਸਰਸਵਤੀ ਵਿਹਾਰ ਇਲਾਕੇ ਵਿੱਚ ਕਤਲੇਆਮ ਦੌਰਾਨ ਜਸਵੰਤ ਸਿੰਘ ਅਤੇ ਉਸ ਦੇ ਪੁੱਤਰ ਤਰੁਣਦੀਪ ਸਿੰਘ ਦੇ ਕੀਤੇ ਗਏ ਕਤਲ ਨਾਲ ਸਬੰਧਤ ਹੈ।

## ਆਦਮਪੁਰ ਦੇ ਗੁਰਦੁਆਰਾ ਸਾਹਿਬ ਵਿੱਚ ਬੇਅਦਬੀ ਦੀ ਕੋਸ਼ਿਸ਼

### ✪ ਔਰਤ ਨੂੰ ਸਿੱਖਾਂ ਨੇ ਫੜਕੇ ਪੁਲਿਸ ਹਵਾਲੇ ਕੀਤਾ



ਆਦਮਪੁਰ-ਜਲੰਧਰ ਦੇ ਆਦਮਪੁਰ ਦੇ ਪਿੰਡ ਚੋਮੋ ਵਿੱਚ ਇੱਕ 55 ਸਾਲਾ ਔਰਤ ਨੇ ਇੱਕ ਗੁਰਦੁਆਰਾ ਸਾਹਿਬ ਵਿੱਚ ਦਾਖਲ ਹੋ ਕੇ ਬੇਅਦਬੀ ਕਰਨ ਦੀ ਕੋਸ਼ਿਸ਼ ਕੀਤੀ। ਜਿਸ ਨੂੰ ਮੌਕੇ 'ਤੇ ਮੌਜੂਦ ਸ਼ਰਧਾਲੂਆਂ ਨੇ ਰੋਕ ਦਿੱਤਾ ਅਤੇ ਤੁਰੰਤ ਪੁਲਿਸ ਨੂੰ ਬੁਲਾਇਆ ਗਿਆ। ਇਹ ਸਾਰੀ ਘਟਨਾ ਸੀਸੀਟੀਵੀ ਵਿੱਚ ਕੈਦ ਹੋ ਗਈ। ਜਿਸ ਦੇ ਆਧਾਰ 'ਤੇ ਆਦਮਪੁਰ ਥਾਣੇ ਦੀ ਪੁਲਿਸ ਨੇ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ। ਪੁਲਿਸ ਨੇ ਔਰਤ ਨੂੰ ਹਿਰਾਸਤ ਵਿੱਚ ਲੈ ਲਿਆ ਹੈ ਅਤੇ ਉਸ ਤੋਂ ਪੁੱਛਗਿੱਛ ਕੀਤੀ ਜਾ ਰਹੀ ਹੈ। ਪੁਲਿਸ ਨੇ ਗੁਰਦੁਆਰਾ ਸਾਹਿਬ ਵਿਖੇ ਲੱਗੇ ਸੀਸੀਟੀਵੀ ਫੁਟੇਜ ਨੂੰ ਵੀ ਆਪਣੇ ਕਬਜ਼ੇ ਵਿੱਚ ਲੈ ਲਿਆ ਹੈ। ਜਿਸ ਦੇ ਆਧਾਰ 'ਤੇ ਹੁਣ ਪੂਰੇ ਮਾਮਲੇ ਦੀ ਜਾਂਚ ਕੀਤੀ ਜਾਵੇਗੀ। ਜਾਣਕਾਰੀ ਅਨੁਸਾਰ ਇਸ ਘਟਨਾ ਨੂੰ ਅੰਜਾਮ ਦੇਣ ਵਾਲੀ ਔਰਤ ਮਾਨਸਿਕ ਤੌਰ 'ਤੇ ਕਮਜ਼ੋਰ ਹੈ। ਪੁਲਿਸ ਨੇ ਉਸਨੂੰ ਹਿਰਾਸਤ ਵਿੱਚ ਲੈ ਲਿਆ ਅਤੇ ਡਾਕਟਰੀ ਜਾਂਚ ਲਈ ਭੇਜ ਦਿੱਤਾ।

# ਨਾਭਾ ਵਿਚ ਓਵਰਡੋਜ਼ ਨਾਲ ਨਸ਼ੇੜੀ ਦੀ ਮੌਤ, ਮਹਿਲਾ ਸਰਪੰਚ ਸਮੇਤ ਚਾਰ ਗ੍ਰਿਫ਼ਤਾਰ



ਨਾਭਾ-ਨਸ਼ੇ ਦੀ ਓਵਰਡੋਜ਼ ਨਾਲ ਨੌਜਵਾਨ ਦੀ ਮੌਤ ਦੇ ਮਾਮਲੇ ਵਿਚ ਨਾਭਾ ਪੁਲਿਸ ਨੇ ਪਿੰਡ ਰੋਹਟੀ ਛੰਨਾ ਦੀ ਮਹਿਲਾ ਸਰਪੰਚ ਸਮੇਤ ਸੱਤ ਖਿਲਾਫ ਮਾਮਲਾ ਦਰਜ ਕੀਤਾ ਹੈ। ਪੁਲਿਸ ਨੇ ਸਰਪੰਚ ਗੁਰਪ੍ਰੀਤ ਕੌਰ, ਜਸਵੀਰ ਕੌਰ, ਚਰਨੋ ਤੇ ਮਨਜੀਤ ਕੌਰ ਨੂੰ ਗ੍ਰਿਫਤਾਰ ਕਰ ਲਿਆ ਹੈ। ਜਦੋਂਕਿ ਬਾਕੀਆਂ ਮੁਲਜ਼ਮਾਂ ਦੀ ਭਾਲ ਕੀਤੀ ਜਾ ਰਹੀ ਹੈ।

ਡੀਐੱਸਪੀ ਨਾਭਾ ਮਨਦੀਪ ਕੌਰ ਚੀਮਾ ਨੇ ਦੱਸਿਆ ਕਿ ਮਹਿਲਾ ਸਰਪੰਚਣੀ ਗੁਰਪ੍ਰੀਤ ਕੌਰ ਇਨ੍ਹਾਂ ਨਸ਼ਾ ਵੇਚਣ ਵਾਲੀਆਂ ਔਰਤਾਂ ਦੀ ਜ਼ਮਾਨਤ ਕਰਵਾਉਂਦੀ ਸੀ ਅਤੇ ਇਨ੍ਹਾਂ ਤੋਂ ਜ਼ਮਾਨਤ ਕਰਵਾਉਣ ਲਈ ਮੋਟੀਆਂ ਰਕਮਾਂ ਲੈਂਦੀ ਸੀ। ਡੀਐੱਸਪੀ ਮੁਤਾਬਕ ਸਰਪੰਚਣੀ ਨੇ ਮਨਜੀਤ ਕੌਰ ਨੂੰ ਛੁਡਵਾਉਣ ਲਈ 20 ਹਜ਼ਾਰ ਰੁਪਏ ਲਏ ਸੀ, ਇਹ ਰਕਮ ਵੀ ਪੁਲਿਸ ਨੇ ਬਰਾਮਦ ਕਰ ਲਈ ਹੈ। ਡੀਐੱਸਪੀ ਅਨੁਸਾਰ ਸਾਹਿਲ ਅਤੇ ਉਸਦੇ ਦੋਸਤ ਪਿੰਡ ਰੋਹਟੀ ਛੰਨਾ ਤੋਂ ਚਿੱਟਾ ਖਰੀਦ ਕੇ ਲਿਆਉਂਦੇ ਸਨ। ਮੁਲਜ਼ਮਾਂ ਖਿਲਾਫ ਪਹਿਲਾਂ ਵੀ ਨਸ਼ਾ ਤਸਕਰੀ ਦੇ ਮਾਮਲੇ ਦਰਜ ਹਨ।

### ਨਸ਼ਾ ਮੁਕਤੀ ਕੇਂਦਰ ਤੋਂ ਆਉਣ ਦੀ ਉਡੀਕ ਕਰ ਰਿਹਾ ਸੀ ਪਰਿਵਾਰ

ਡੀਐੱਸਪੀ ਮਨਦੀਪ ਕੌਰ ਨੇ ਦੱਸਿਆ ਕਿ ਚੰਡੀਗੜ੍ਹ ਵਾਸੀ 28 ਸਾਲਾ ਨੌਜਵਾਨ ਸਾਹਿਲ ਦੀ ਓਵਰਡੋਜ਼ ਕਰ ਕੇ ਮੌਤ ਹੋ ਗਈ ਸੀ। ਸਾਹਿਲ ਦੀ ਲਾਸ਼ ਨਾਭਾ ਦੇ ਸਰਕਾਰੀ ਹਸਪਤਾਲ ਨੇੜਿਓਂ ਮਿਲੀ ਸੀ ਤੇ ਲਾਸ਼ ਕੋਲੋਂ ਸਰਿੰਜ ਵੀ ਬਰਾਮਦ ਹੋਈ ਸੀ। ਲਾਸ਼ ਨੂੰ ਐਂਬੂਲੈਂਸ ਰਾਹੀਂ ਸਰਕਾਰੀ ਹਸਪਤਾਲ ਪਹੁੰਚਾਇਆ ਗਿਆ ਤੇ ਇਸ ਬਾਰੇ ਮ੍ਰਿਤਕ ਦੇ ਵਾਰਸਾਂ ਨੂੰ ਸੂਚਨਾ ਦਿੱਤੀ ਗਈ। ਸਾਹਿਲ ਦੇ ਪਿਤਾ ਕੁਸਲ ਕੁਮਾਰ ਅਨੁਸਾਰ ਸਾਹਿਲ ਨੂੰ ਨਸ਼ੇ ਦੀ ਲਤ ਲੱਗੀ ਗਈ ਸੀ, ਜਿਸਦੇ ਇਲਾਜ ਲਈ ਉਸਨੂੰ ਨਾਭਾ ਨੇੜੇ ਇੱਕ ਨਸ਼ਾ ਮੁਕਤੀ ਕੇਂਦਰ ਵਿਚ ਦਾਖਲ ਕਰਵਾਇਆ ਗਿਆ ਸੀ। ਸਾਹਿਲ ਮਾਤਾ-ਪਿਤਾ ਦਾ ਇਕਲੌਤਾ ਪੁੱਤਰ ਸੀ। ਜਿਸਨੇ ਫੋਨ ਕਰ ਕੇ ਨਸ਼ਾ ਛਡਾਊ ਕੇਂਦਰ ਤੋਂ ਛੁੱਟੀ ਹੋਣ 'ਤੇ ਘਰ ਆਉਣ ਬਾਰੇ ਦੱਸਿਆ। ਸਾਹਿਲ ਦੁਪਹਿਰ ਤੱਕ ਘਰ ਨਾ ਪੁੱਜਾ ਤਾਂ ਉਸਨੂੰ ਫੋਨ ਕੀਤਾ ਤਾਂ ਅੱਗੋਂ ਪੁਲਿਸ ਮੁਲਾਜ਼ਮਾਂ ਨੇ ਉਸ ਦੀ ਮੌਤ ਹੋਣ ਬਾਰੇ ਦੱਸਿਆ।

# ਸਿਆਸਤ ਉਪਰ ਡੇਰਿਆਂ ਦਾ ਪ੍ਰਭਾਵ ਕਿਉਂ ?



**ਹਰਬੰਸ ਸਿੰਘ ਬਠਿੰਡਾ**

• • •

ਅਸੀਂ ਜਦੋਂ ਵੀ ਡੇਰਿਆਂ ਦੀ ਗੱਲ ਕਰਨੀ ਸ਼ੁਰੂ ਕਰਦੇ ਹਾਂ ਤਾਂ ਕਈ ਤਰ੍ਹਾਂ ਦੇ ਸਵਾਲ ਸਾਡੇ ਸਾਹਮਣੇ ਆ ਕੇ ਖੜ੍ਹੇ ਹੋ ਜਾਂਦੇ ਹਨ। ਜਿਵੇਂ ਕਿ ਡੇਰਿਆਂ ਦੀ ਹੋਂਦ ਦੇ ਕਾਰਨ ਕੀ ਹਨ ? ਡੇਰਿਆਂ ਦਾ ਲੋਕਾਂ ਉੱਤੇ ਪ੍ਰਭਾਵ ਕੀ ਹੈ? ਕੀ ਡੇਰੇ ਲੋਕਪੱਖੀ ਕੰਮ ਕਰਦੇ ਹਨ? ਆਮ ਲੋਕਾਂ ਨੂੰ ਡੇਰੇ ਕਿੰਨਾ ਕੁ ਪ੍ਰਭਾਵਿਤ ਕਰਦੇ ਹਨ? ਧਰਮ ਦਾ ਡੇਰਿਆਂ ਨਾਲ ਕੀ ਸੰਬੰਧ ਹੈ ? ਡੇਰਿਆਂ ਦੇ ਪ੍ਰਫੁਲਿਤ ਹੋਣ ਦੇ ਕਾਰਨ ਕੀ ਹਨ? ਹੋਰ ਵੀ ਬਹੁਤ ਸਾਰੇ ਸਵਾਲ ਹਨ, ਜਿਨ੍ਹਾਂ ਬਾਰੇ ਸਾਨੂੰ ਸਾਰਿਆਂ ਨੂੰ ਡੂੰਘਾਈ ਨਾਲ ਵਿਚਾਰ ਕਰਨੀ ਚਾਹੀਦੀ ਹੈ। ਜੇਕਰ ਅਸੀਂ ਪੰਜਾਬ ਦੀ ਗੱਲ ਕਰੀਏ ਤਾਂ ਸਾਨੂੰ ਪਤਾ ਲਗਦਾ ਹੈ ਕਿ ਇੱਥੇ ਪੰਜ ਸੱਤ ਪਿੰਡਾਂ ਮਗਰ ਕੋਈ ਨਾ ਕੋਈ ਛੋਟਾ ਵੱਡਾ ਡੇਰਾ ਲੋਕਾਂ ਦੀ ਸ਼ਰਧਾ ਦਾ ਕੇਂਦਰ ਜ਼ਰੂਰ ਬਣਿਆ ਹੋਇਆ ਹੈ। ਧਾਗੇ ਤਵੀਤ ਕਰਨ ਵਾਲੇ ਛੋਟੇ-ਛੋਟੇ ਡੇਰਿਆਂ ਤੋਂ ਲੈਕੇ ਲੱਖਾਂ ਦੀ ਗਿਣਤੀ ਵਿੱਚ ਸ਼ਰਧਾਲੂਆਂ ਦਾ ਵੱਡਾ ਇਕੱਠ ਕਰਨ ਵਾਲੇ ਇਹਨਾਂ ਡੇਰਿਆਂ ਦੀ ਗਿਣਤੀ ਹਜ਼ਾਰਾਂ ਵਿੱਚ ਵੀ ਹੋਵੇ ਤਾਂ ਇਹ ਕੋਈ ਅਤਿਕਥਨੀ ਨਹੀਂ ਹੋਵੇਗੀ। ਆਮ ਲੋਕਾਂ ਦਾ ਇਹਨਾਂ ਡੇਰਿਆਂ ਉੱਤੇ ਜਾਣ ਦਾ ਮੁੱਖ ਕਾਰਨ ਮਾਨਸਿਕ ਤੌਰ 'ਤੇ ਕਮਜ਼ੋਰ ਹੋਣਾ ਹੀ ਮੰਨਿਆ ਜਾ ਸਕਦਾ ਹੈ। ਇਹਨਾਂ ਡੇਰਿਆਂ 'ਤੇ ਅਨਪੜ੍ਹ ਤੋਂ ਲੈਕੇ ਉੱਚ ਸਿੱਖਿਅਤ ਲੋਕ ਅਤੇ ਗਰੀਬ ਤੋਂ ਲੈਕੇ ਬਹੁਤ ਅਮੀਰ ਤਕ ਸਾਰੇ ਤਰ੍ਹਾਂ ਦੇ ਲੋਕ ਹੀ ਜਾਂਦੇ ਹਨ। ਲਗਾਤਾਰ ਜਾਣ ਨਾਲ ਲੋਕਾਂ ਦੀ ਆਸਥਾ ਡੇਰੇ ਦੇ ਮੁਖੀ ਉੱਤੇ ਰੱਬ ਦੀ ਤਰ੍ਹਾਂ ਪੱਕੀ ਹੋ ਜਾਂਦੀ ਹੈ। ਪਸ਼ੂ ਬਿਮਾਰ ਹੋਵੇ ਜਾਂ ਫਿਰ ਜਵਾਕ ਬਿਮਾਰ ਹੋਵੇ, ਔਰਤਾਂ ਨੂੰ ਇਹਨਾਂ ਡੇਰੇ ਵਾਲਿਆਂ ਬਾਬਿਆਂ 'ਤੇ ਬਹੁਤ ਵਿਸ਼ਵਾਸ ਹੁੰਦਾ ਹੈ ਕਿ ਇਹਨਾਂ ਬਾਬਿਆਂ ਦੇ ਅਸ਼ੀਰਵਾਦ ਨਾਲ ਬਿਮਾਰੀ ਠੀਕ ਹੋ ਜਾਵੇਗੀ।

ਕਈ ਡੇਰੇ ਲੋਕਾਂ ਨੂੰ ਨਸ਼ਿਆਂ ਤੋਂ ਦੂਰ ਰਹਿਣ ਲਈ ਵੀ ਪ੍ਰੇਰਿਤ ਕਰਦੇ ਹਨ, ਇਸ ਗੱਲ ਦਾ ਵੀ ਆਮ ਲੋਕਾਂ 'ਤੇ ਕਾਫੀ ਪ੍ਰਭਾਵ ਪੈਂਦਾ ਹੈ। ਇਹਨਾਂ ਡੇਰਿਆਂ ਵਿੱਚੋਂ ਕਈਆਂ ਦਾ ਸੰਬੰਧ ਸਿੱਖ ਧਰਮ ਨਾਲ ਹੈ ਤੇ ਕਈਆਂ ਦਾ ਸੰਬੰਧ ਹਿੰਦੂ ਧਰਮ ਨਾਲ ਹੈ। ਕਈ ਡੇਰੇ ਆਪਣੀ ਵੱਖਰੀ ਪਛਾਣ ਰੱਖਦੇ ਹਨ ਤੇ ਉਹਨਾਂ ਦੇ ਪੈਰੋਕਾਰ ਆਪਣੇ-ਆਪਣੇ ਧਰਮ ਨੂੰ ਮੰਨਦੇ ਹੋਏ ਵੀ ਇਹਨਾਂ ਡੇਰਿਆਂ ਦੇ ਪੱਕੇ ਸ਼ਰਧਾਲੂ ਬਣੇ ਹੋਏ ਹਨ। ਪੰਜਾਬ ਦੇ ਲੋਕਾਂ 'ਤੇ ਵੱਧ ਪ੍ਰਭਾਵ ਰੱਖਣ ਵਾਲੇ ਡੇਰਿਆਂ ਵਿੱਚੋਂ ਅਸੀਂ ਰਾਧਾ ਸੁਆਮੀ ਡੇਰਾ ਬਿਆਸ, ਨਿਰੰਕਾਰੀ ਮਿਸ਼ਨ, ਡੇਰਾ ਸੱਚਾ ਸੌਦਾ ਸਿਰਸਾ, ਨਾਨਕਸਰ ਠਾਠ ਨਾਲ ਸੰਬੰਧਿਤ ਕਈ ਸਾਰੇ ਡੇਰੇ, ਡੇਰਾ ਰੂਮੀ ਵਾਲਾ, ਨੂਰਮਹਿਲ ਵਾਲੇ ਆਸ਼ੂਤੋਸ਼ ਦਾ ਡੇਰਾ, ਡੇਰਾ ਸਚਖੰਡ ਬੱਲਾਂ ਵਾਲਿਆਂ ਦਾ ਵਿਸ਼ੇਸ਼ ਤੌਰ 'ਤੇ ਜ਼ਿਕਰ ਕਰ ਸਕਦੇ ਹਾਂ। ਜਦੋਂ ਵੀ ਚੋਣਾਂ ਦਾ ਮੌਸਮ ਆਉਂਦਾ ਹੈ ਤਾਂ ਇਹਨਾਂ ਡੇਰਿਆਂ ਉੱਤੇ ਰਾਜਸੀ ਆਗੂਆਂ ਦੇ ਗੇੜੇ ਵੱਜਣੇ ਸ਼ੁਰੂ ਹੋ ਜਾਂਦੇ ਹਨ। ਪੰਚਾਇਤੀ ਚੋਣਾਂ ਤੋਂ ਲੈਕੇ ਵਿਧਾਨ ਸਭਾ ਅਤੇ ਲੋਕ ਸਭਾ ਦੀਆਂ ਚੋਣਾਂ ਤਕ ਨੂੰ ਇਹ ਡੇਰੇ ਪ੍ਰਭਾਵਿਤ ਕਰਦੇ ਹਨ। ਡੇਰਿਆਂ 'ਤੇ ਵੱਡੀ ਗਿਣਤੀ ਵਿੱਚ ਆਉਣ ਵਾਲੇ ਸ਼ਰਧਾਲੂਆਂ ਦੀਆਂ ਵੋਟਾਂ ਕਿਸੇ ਵੀ ਉਮੀਦਵਾਰ ਦੀ ਜਿੱਤ ਜਾਂ ਹਾਰ ਦਾ ਕਾਰਨ ਬਣ ਸਕਦੀਆਂ ਹਨ। ਮੁੱਢ ਤੋਂ ਹੀ ਪੰਜਾਬ ਦੀਆਂ ਚੋਣਾਂ ਨੂੰ ਇਹ ਡੇਰੇ ਚੁੱਪ ਚਪੀਤੇ ਪ੍ਰਭਾਵਿਤ ਕਰਦੇ ਰਹੇ ਹਨ। ਆਮ ਤੌਰ 'ਤੇ ਇਹ ਮੰਨਿਆ ਜਾਂਦਾ ਹੈ ਕਿ ਇਹਨਾਂ ਡੇਰਿਆਂ ਨੂੰ ਕੇਂਦਰ ਦੇ ਵਿੱਚ ਲੰਮਾ ਸਮਾਂ ਰਾਜ ਕਰਨ ਵਾਲੀ ਰਾਜਨੀਤਕ ਪਾਰਟੀ ਕਾਂਗਰਸ ਵੱਲੋਂ ਪੰਜਾਬ ਦੀ ਖੇਤਰੀ ਪਾਰਟੀ ਸ਼੍ਰੋਮਣੀ ਅਕਾਲੀ ਦਲ ਨੂੰ ਰਾਜਨੀਤਕ ਤੌਰ 'ਤੇ ਕਮਜ਼ੋਰ ਕਰਨ ਲਈ ਅੰਦਰੂਨੀ ਮਦਦ ਮਿਲਦੀ ਰਹੀ ਹੈ। ਸਿੱਖ ਧਰਮ ਨੂੰ ਮੰਨਣ ਵਾਲੇ ਬਹੁ-ਗਿਣਤੀ ਲੋਕ ਸ਼੍ਰੋਮਣੀ ਅਕਾਲੀ ਦਲ ਨੂੰ ਪੰਥਕ ਪਾਰਟੀ ਮੰਨ ਕੇ ਉਸਦੀ ਮਦਦ ਕਰਦੇ ਰਹੇ ਹਨ।

ਡੇਰਿਆਂ ਵੱਲੋਂ 2007 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਕਦੇ ਵੀ ਸਾਹਮਣੇ ਆਕੇ ਐਲਾਨੀਆਂ ਕਿਸੇ ਵੀ ਰਾਜਸੀ ਧਿਰ ਦੀ ਮਦਦ ਨਹੀਂ ਕੀਤੀ ਗਈ ਸੀ। ਡੇਰਾ ਸੱਚਾ ਸੌਦਾ ਸਿਰਸਾ ਵੱਲੋਂ ਖੁੱਲ੍ਹੇ ਆਮ ਕਾਂਗਰਸ ਪਾਰਟੀ ਦੀ ਮਦਦ ਕੀਤੀ ਗਈ। ਡੇਰਾ ਪ੍ਰੇਮੀਆਂ ਦੀਆਂ ਵੋਟਾਂ ਇੱਕ ਪਾਸੜ ਜਾਣ ਕਰਕੇ ਅਕਾਲੀਆਂ ਦਾ ਗੜ੍ਹ ਮੰਨੇ ਜਾਂਦੇ ਮਾਲਵਾ ਖੇਤਰ ਵਿੱਚੋਂ ਕਾਂਗਰਸ ਨੂੰ ਵੱਡੀ ਜਿੱਤ ਹਾਸਲ ਹੋਈ ਸੀ ਭਾਵੇਂ ਕਿ ਮਾਝੇ ਅਤੇ ਦੁਆਬੇ ਦੇ ਲੋਕਾਂ ਨੇ ਅਕਾਲੀ ਭਾਜਪਾ ਗਠਜੋੜ ਦੀ ਸਰਕਾਰ ਬਣਾਉਣ ਦਾ ਫਤਵਾ ਦਿੱਤਾ ਤੇ ਇਹ ਸਰਕਾਰ ਲਗਾਤਾਰ ਦਸ ਸਾਲ ਚਲਦੀ ਰਹੀ। ਡੇਰਾ ਸਿਰਸਾ ਵੱਲੋਂ ਕਾਂਗਰਸ ਨੂੰ ਖੁੱਲ੍ਹੀ ਹਿਮਾਇਤ ਦੇਣ ਦੇ ਫੈਸਲੇ ਨੇ ਸਾਰੀਆਂ ਰਾਜਸੀ ਧਿਰਾਂ ਨੂੰ ਡੇਰਿਆਂ ਦੇ ਵਧ ਰਹੇ ਰਾਜਸੀ ਦਖਲ ਨੂੰ ਮਹਿਸੂਸ ਕਰਨ ਲਈ ਮਜਬੂਰ ਕਰ ਦਿੱਤਾ। ਸਾਰੀਆਂ ਰਾਜਸੀ ਧਿਰਾਂ ਦੇ ਵੱਡੇ ਆਗੂ ਇਹਨਾਂ ਡੇਰਿਆਂ ਦੇ ਸਮਾਗਮਾਂ 'ਤੇ ਜਾ ਕੇ ਹਾਜ਼ਰੀ ਲਵਾਉਣ ਨੂੰ ਤਰਜੀਹ ਦੇਣ ਲੱਗ ਪਏ। ਰਾਜਸੀ ਆਗੂਆਂ ਅਤੇ ਪ੍ਰਸ਼ਾਸਨਿਕ ਅਧਿਕਾਰੀਆਂ ਦੇ ਇਹਨਾਂ ਡੇਰਿਆਂ ਦੇ ਪ੍ਰਬੰਧਕਾਂ ਨਾਲ ਨੇੜਤਾ ਵਾਲੇ ਰਿਸ਼ਤੇ ਬਣਨੇ ਸ਼ੁਰੂ ਹੋ ਗਏ। ਰਾਜਨੀਤਕ ਫਾਇਦੇ ਨੂੰ ਧਿਆਨ ਵਿੱਚ ਰੱਖਦੇ ਹੋਏ ਸਰਕਾਰਾਂ ਵੱਲੋਂ ਇਹਨਾਂ ਡੇਰਿਆਂ ਦੀ ਮੁਢਲੇ ਦਿਨਾਂ ਵਿੱਚ ਕੀਤੀ ਗਈ ਮਦਦ ਨਾਲ ਇਹ ਡੇਰੇ ਪ੍ਰਭਾਵਸ਼ਾਲੀ ਹੁੰਦੇ ਗਏ। ਡੇਰਿਆਂ ਦੇ ਸਮਾਗਮਾਂ 'ਤੇ ਜਾਣ ਵਾਲੇ ਸ਼ਰਧਾਲੂਆਂ ਨੂੰ ਆਮ ਤੌਰ 'ਤੇ ਪਰਮਾਤਮਾ ਦੇ ਨਾਲ ਜੋੜਨ ਦੀ ਸਿੱਖਿਆ ਹੀ ਦਿੱਤੀ ਜਾਂਦੀ ਹੈ। ਨਸ਼ੇ ਤੋਂ ਦੂਰ ਰਹਿਣ ਅਤੇ ਇਮਾਨਦਾਰੀ ਨਾਲ ਕੰਮ ਕਰਕੇ ਆਪਣੇ ਪਰਿਵਾਰ ਦੀ ਪਾਲਣਾ ਕਰਨ ਨੂੰ ਤਰਜੀਹ ਦੇਣ ਦੀ ਗੱਲ ਕੀਤੀ ਜਾਂਦੀ ਹੈ। ਡੇਰਿਆਂ ਦੇ ਪ੍ਰਬੰਧਕਾਂ ਵੱਲੋਂ ਰਾਜਨੀਤੀ ਨੂੰ ਪ੍ਰਭਾਵਿਤ ਕਰਨ ਵਾਲੀਆਂ ਗੱਲਾਂ ਦਾ ਆਮ ਤੌਰ 'ਤੇ ਭੋਲੇ ਭਾਲੇ ਸ਼ਰਧਾਲੂਆਂ ਨੂੰ ਕੋਈ ਪਤਾ ਨਹੀਂ ਹੁੰਦਾ।



ਚੋਣਾਂ ਤੋਂ ਬਾਅਦ ਸਰਕਾਰ ਬਣਾਉਣ ਵਾਲੀ ਰਾਜਸੀ ਧਿਰ ਵੱਲੋਂ ਵੋਟਾਂ ਸਮੇਂ ਵਿਰੋਧ ਕਰਨ ਵਾਲੇ ਡੇਰਿਆਂ ਦੇ ਪ੍ਰਬੰਧਕਾਂ ਨੂੰ ਕਈ ਸਾਰੀਆਂ ਮੁਸ਼ਕਲਾਂ ਦਾ ਸਾਹਮਣਾ ਵੀ ਕਰਨਾ ਪੈਂਦਾ ਹੈ। ਜਦੋਂ ਵੀ ਚੋਣਾਂ ਆਉਂਦੀਆਂ ਨੇ ਤਾਂ ਇਸ ਮੌਕੇ ਡੇਰਾ ਸਿਰਸਾ ਦੇ ਮੁਖੀ ਨੂੰ ਹਰਿਆਣਾ ਦੀ ਭਾਜਪਾ ਸਰਕਾਰ ਦੀ ਸਿਫਾਰਸ਼ 'ਤੇ ਬਾਰ ਬਾਰ ਪੈਰੋਲ ਦੇਣ ਦੇ ਮਾਮਲੇ ਨੇ ਡੇਰਿਆਂ ਦੀ ਰਾਜਨੀਤਕ ਅਹਿਮੀਅਤ ਨੂੰ ਹੋਰ ਵੀ ਉਜਾਗਰ ਕਰ ਦਿੱਤਾ ਹੈ। ਰਾਜਨੀਤੀ ਕਰਨ ਵਾਲਿਆਂ ਨੂੰ ਵੋਟਾਂ ਦੀ ਲੋੜ ਹੁੰਦੀ ਹੈ ਤੇ ਡੇਰਿਆਂ ਦੇ ਪ੍ਰਬੰਧਕਾਂ ਨੂੰ ਸਰਕਾਰ ਨਾਲ ਨੇੜਤਾ ਦੀ। ਅੱਜ ਦੀ ਘੜੀ ਦੋਵੇਂ ਹੀ ਇੱਕ ਦੂਜੇ ਦੇ ਪੂਰਕ ਬਣੇ ਹੋਏ ਹਨ, ਅਰਥਾਤ ਦੋਵੇਂ ਹੀ ਕਿਸੇ ਨਾ ਕਿਸੇ ਰੂਪ ਵਿੱਚ ਇੱਕ ਦੂਜੇ ਦੇ ਪੂਰਕ ਅਤੇ ਗੁਲਾਮ ਹਨ। ਵੋਟਾਂ ਪੈਣ ਤੋਂ ਪਹਿਲਾਂ ਸਿਆਸਤ ਡੇਰਿਆਂ ਦੀ ਗੁਲਾਮ ਹੁੰਦੀ ਹੈ ਤੇ ਸਰਕਾਰ ਬਣਨ ਤੋਂ ਬਾਅਦ ਡੇਰੇ ਸਿਆਸਤ ਦੇ ਗੁਲਾਮ ਹੋ ਜਾਂਦੇ ਹਨ।

ਸਾਡੇ ਦੇਸ਼ ਵਿੱਚ ਧਾਰਮਿਕ ਆਸਥਾ ਅਤੇ ਜਾਤ ਦੇ ਅਸਰ ਨੂੰ ਅੱਖੋਂ ਪਰੋਖੇ ਨਹੀਂ ਕੀਤਾ ਜਾ ਸਕਦਾ। ਮਨੁੱਖ ਦੀ ਫਿਤਰਤ ਹੈ ਕਿ ਉਹ ਰਾਜਸੱਤਾ ਦੇ ਨਾਲ ਨੇੜਲੇ ਸੰਬੰਧ ਬਣਾਕੇ ਸੁਰੱਖਿਅਤ ਮਹਿਸੂਸ ਕਰਦਾ ਹੈ। ਜਿਵੇਂ ਜਿਵੇਂ ਡੇਰਿਆਂ ਦੀ ਜਾਇਦਾਦ ਵਿੱਚ ਵਾਧਾ ਹੋਣ ਲਗਦਾ ਹੈ, ਤਿਵੇਂ ਤਿਵੇਂ ਡੇਰੇ ਦੇ ਮੁਖੀ ਨੂੰ ਜਾਂ ਫਿਰ ਪ੍ਰਬੰਧਕਾਂ ਨੂੰ ਸਰਕਾਰ ਨਾਲ ਨੇੜਤਾ ਦੀ ਲੋੜ ਹੋਰ ਵੱਧ ਮਹਿਸੂਸ ਹੋਣ ਲੱਗ ਪੈਂਦੀ ਹੈ। ਦੌਲਤ ਅਤੇ ਸ਼ੋਹਰਤ ਦਾ ਨਸ਼ਾ ਸਿਆਣੇ ਤੋਂ ਸਿਆਣੇ ਮਨੁੱਖ ਤੋਂ ਵੀ ਗਲਤੀਆਂ ਕਰਵਾ ਦਿੰਦਾ ਹੈ। ਗਲਤੀਆਂ ਹੋ ਜਾਣ ਨਾਲ ਮਨੁੱਖ ਦੇ ਅੰਦਰ ਡਰ ਪੈਦਾ ਹੋ ਜਾਂਦਾ ਹੈ। ਰਾਜਨੀਤਕ ਪਾਰਟੀਆਂ ਇਸ ਤਰ੍ਹਾਂ ਦੇ ਡਰ ਉੱਤੇ ਤਿੱਖੀ ਨਜ਼ਰ ਰੱਖਦੀਆਂ ਹਨ। ਰਾਜਸੀ ਆਗੂ ਡੇਰੇ ਦੇ ਮੁਖੀ ਜਾਂ ਪ੍ਰਬੰਧਕਾਂ ਨੂੰ ਇਸ ਤਰ੍ਹਾਂ ਦੀਆਂ ਗਲਤੀਆਂ ਕਰਕੇ ਹੀ ਰਾਜਸੱਤਾ ਦੀ ਗੁਲਾਮੀ ਕਰਨ ਲਈ ਮਜਬੂਰ ਕਰਦੇ ਹਨ। ਡੇਰਿਆਂ ਦੇ ਪ੍ਰਬੰਧਕਾਂ ਦੀ ਗੁੱਟਬੰਦੀ ਵੀ ਰਾਜਸੀ ਲੋਕਾਂ ਨੂੰ ਜ਼ਿਆਦਾ ਦਖਲ ਦੇਣ ਲਈ ਉਤਸ਼ਾਹਿਤ ਕਰਦੀ ਹੈ। ਜਿਹੜੇ ਡੇਰੇ ਦੇ ਮੁਖੀ ਕੋਲ ਵੱਡੇ ਰਾਜਸੀ ਆਗੂ ਅਤੇ ਵੱਡੇ ਪ੍ਰਸ਼ਾਸਨਿਕ ਅਧਿਕਾਰੀ ਵੱਡੀ ਗਿਣਤੀ ਵਿੱਚ ਆਉਣ ਲੱਗ ਜਾਂਦੇ ਹਨ, ਉਸ ਡੇਰੇ 'ਤੇ ਆਮ ਲੋਕਾਂ ਦੇ ਆਉਣ ਦੀ ਗਿਣਤੀ ਵੀ ਬਹੁਤ ਤੇਜ਼ੀ ਨਾਲ ਵਧ ਜਾਂਦੀ ਹੈ। ਆਮ ਲੋਕਾਂ ਨੂੰ ਤਾਂ ਇਹੀ ਲਗਦਾ ਹੈ ਕਿ ਸਿਆਸਤ ਕਰਨ ਵਾਲੇ ਵੱਡੇ ਵੱਡੇ ਆਗੂਆਂ ਨੂੰ ਵੀ ਬਾਬਿਆਂ ਕੋਲ ਆਕੇ ਨਤਮਸਤਕ ਹੋਣਾ ਪੈਂਦਾ ਹੈ, ਪਰ ਹਕੀਕਤ ਇਹ ਹੈ ਕਿ ਡੇਰਿਆਂ ਨੂੰ ਸਿਆਸਤ ਦੇ ਗੁਲਾਮ ਹੋ ਕੇ ਹੀ ਚੱਲਣਾ ਪੈਂਦਾ ਹੈ। ਜੇਕਰ ਡੇਰੇ ਸਿਆਸਤ ਦੇ ਅਨੁਸਾਰ ਨਹੀਂ ਚੱਲਦੇ ਤਾਂ ਫਿਰ ਉਹਨਾਂ ਨੂੰ ਬਹੁਤ ਸਾਰੀਆਂ ਮੁਸ਼ਕਲਾਂ ਦਾ ਸਾਹਮਣਾ ਵੀ ਕਰਨਾ ਪੈ ਜਾਂਦਾ ਹੈ।

ਜਦੋਂ ਕਿਸੇ ਡੇਰੇ ਦੇ ਗੱਦੀਨਸ਼ੀਨ ਮੁਖੀ ਦੀ ਮੌਤ ਹੋ ਜਾਂਦੀ ਹੈ ਤਾਂ ਉਸਦੇ ਉੱਤਰਾਅਧਿਕਾਰੀ ਦੀ ਚੋਣ ਕਰਨ ਸਮੇਂ ਵੀ ਰਾਜਸੀ ਆਗੂਆਂ ਦਾ ਦਖਲ ਆਮ ਹੀ ਦੇਖਣ ਨੂੰ ਮਿਲ ਜਾਂਦਾ ਹੈ। ਮੌਜੂਦਾ ਸਮੇਂ ਪੰਜਾਬ ਦੇ ਇੱਕ ਡੇਰਾ ਮੁਖੀ ਦੀਆਂ ਸਰਗਰਮੀਆਂ ਆਮ ਲੋਕਾਂ ਦੀ ਚਰਚਾ ਦਾ ਵਿਸ਼ਾ ਬਣੀਆਂ ਹੋਈਆਂ ਹਨ। ਇਸ ਡੇਰਾ ਮੁਖੀ ਦੀਆਂ ਸਰਗਰਮੀਆਂ ਅਧਿਆਤਮਿਕ ਦੀ ਥਾਂ ਸਿਆਸਤ ਤੋਂ ਜ਼ਿਆਦਾ ਪ੍ਰਭਾਵਿਤ ਨਜ਼ਰ ਆ ਰਹੀਆਂ ਹਨ। ਜਦੋਂ ਕੋਈ ਕਿਸੇ ਡੇਰੇ ਦਾ ਅਧਿਆਤਮਿਕ ਮੁਖੀ ਕਹਾਉਣ ਵਾਲਾ ਆਗੂ ਰਾਜਸੀ ਸਰਗਰਮੀਆਂ ਦੇ ਵੱਧ ਨੇੜੇ ਦਿਸਣ ਲੱਗ ਪਵੇ ਤਾਂ ਲੋਕ ਸਹਿਜੇ ਹੀ ਇਹ ਗੱਲ ਕਹਿਣ ਲਈ ਮਜਬੂਰ ਹੋ ਜਾਂਦੇ ਹਨ ਕਿ ਇਹ ਬਾਬਾ ਤਾਂ ਹੁਣ ਕਿਸੇ ਰਾਜਸੀ ਦਬਾਅ ਹੇਠ ਕੰਮ ਕਰ ਰਿਹਾ ਹੈ। ਇਸ ਲਈ ਅਸੀਂ ਸਹਿਜ ਸੁਭਾਅ ਹੀ ਇਹ ਸੋਚਣ ਲਈ ਮਜਬੂਰ ਹੋ ਜਾਂਦੇ ਹਾਂ ਕਿ ਸਿਆਸਤ ਅਤੇ ਡੇਰਿਆਂ ਵਿੱਚੋਂ ਕੌਣ ਕਿਸਦਾ ਗੁਲਾਮ ਹੈ ?

# ਪੰਜਾਬ ਨਾਲ ਵਿਤਕਰਾ - ਕਿਉਂ ਖੋਹਿਆ ਜਾ ਰਿਹਾ ਏ ਚੰਡੀਗੜ੍ਹ ਦੋਸ਼ੀ ਕੌਣ ?

**ਦਰਬਾਰਾ ਸਿੰਘ ਕਾਹਲੋਂ**



ਪੰਜਾਬ, ਪੰਜਾਬੀਅਤ ਅਤੇ ਸਮੂਹ ਪੰਜਾਬੀ ਭਾਈਚਾਰੇ ਨੂੰ ਪਲੋਸਣ ਲਈ ਅਕਸਰ ਭਾਰਤ ਅੰਦਰ ਕੇਂਦਰੀ ਸਰਕਾਰਾਂ ਦੇ ਪ੍ਰਤੀਨਿਧ ਇਨ੍ਹਾਂ ਨੂੰ ਦੇਸ਼ ਦੀ ਖੜਗ ਭੁਜਾ ਅਤੇ ਅੰਨ-ਭੰਡਾਰ ਦੇ ਦਾਤੇ ਪੁਕਾਰਦੇ ਹਨ। ਪੰਜਾਬ ਭਾਰਤ ਦਾ ਅਤਿ ਸੰਵੇਦਨਸ਼ੀਲ ਸਰਹੱਦੀ ਸੂਬਾ ਹੈ ਜਿਸਦੀ ਕਰੀਬ 553 ਕਿਲੋਮੀਟਰ ਸਰਹੱਦ ਪਾਕਿਸਤਾਨ ਨਾਲ ਲਗਦੀ ਹੈ। ਇਸ ਰਾਜ ਦੀ ਵਿਲੱਖਣਤਾ ਇਹ ਵੀ ਹੈ ਕਿ ਇੱਥੇ ਸਿੱਖ ਭਾਈਚਾਰਾ ਬਹੁਗਿਣਤੀ ਵਿੱਚ ਵਸਦਾ ਹੈ, ਜਿਵੇਂ ਜੰਮੂ ਕਸ਼ਮੀਰ ਵਿੱਚ ਮੁਸਲਿਮ, ਮਿਜ਼ੋਰਮ, ਨਾਗਾਲੈਂਡ, ਮੇਘਾਲਿਆ ਅਤੇ ਅਰੁਨਲਚਲ ਪ੍ਰਦੇਸ਼ ਪੂਰਬੀ ਚਾਰ ਰਾਜਾਂ ਵਿੱਚ ਈਸਾਈ ਭਾਈਚਾਰਾ ਬਹੁਗਿਣਤੀ ਵਿੱਚ ਹੈ।

ਮੁੱਖ ਸਕੱਤਰ: ਜਨਵਰੀ, 2025 ਦੀ ਕੇਂਦਰ ਸਰਕਾਰ ਦੀ ਗਜ਼ਟ ਨੋਟੀਫਿਕੇਸ਼ਨ ਰਾਹੀਂ ਪੰਜਾਬ ਦੀ ਛਾਤੀ ਵਿੱਚ ਇੱਕ ਰਾਜਨੀਤਕ ਅਤੇ ਪ੍ਰਸ਼ਾਸਨਿਕ ਛੁਰਾ ਘੋਪਿਆ ਗਿਆ ਹੈ। ਕੇਂਦਰ ਸਰਕਾਰ ਨੇ ਪੰਜਾਬ ਦੇ ਰਾਜਪਾਲ, ਜੋ ਚੰਡੀਗੜ੍ਹ, ਕੇਂਦਰੀ ਸ਼ਾਸਤ ਇਲਾਕੇ ਦਾ ਪ੍ਰਸ਼ਾਸਕ ਵੀ ਹੁੰਦਾ ਹੈ, ਚੰਡੀਗੜ੍ਹ ਪ੍ਰਸ਼ਾਸਕ ਵਜੋਂ ਉਨ੍ਹਾਂ ਦੇ ਸਲਾਹਕਾਰ ਵਜੋਂ ਨਿਯੁਕਤ ਅਹੁਦੇ ਨੂੰ ਮੁੱਖ ਸਕੱਤਰ ਦੇ ਰੁਤਬੇ ਵਿੱਚ ਤਬਦੀਲ ਕਰ ਦਿੱਤਾ ਹੈ। ਇਹ ਕਦਮ ਚੰਡੀਗੜ੍ਹ ਨੂੰ ਇੱਕ ਪ੍ਰਦੇਸ਼ ਵਿੱਚ ਬਦਲ ਕੇ ਇੱਥੇ ਉਪ ਰਾਜਪਾਲ ਨਿਯੁਕਤ ਕਰਨ ਦਾ ਦਰਵਾਜ਼ਾ ਖੋਲ੍ਹਦਾ ਹੈ।

ਸਮਾਂ: ਕੇਂਦਰ ਅੰਦਰ ਭਾਜਪਾ ਦੀ ਅਗਵਾਈ ਵਾਲੀ ਨਰੇਂਦਰ ਮੋਦੀ ਸਰਕਾਰ ਨੇ ਅਜਿਹਾ ਹਮਲਾ ਪੰਜਾਬ 'ਤੇ ਕਰਨ ਲਈ ਬਹੁਤ ਹੀ ਮਾਕੂਲ ਸਮਾਂ ਚੁਣਿਆ ਹੈ। ਇੱਕ, ਦਿੱਲੀ ਅੰਦਰ 5 ਫਰਵਰੀ 2025 ਨੂੰ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਵਿੱਚ ਸੱਤਾਧਾਰੀ ਆਮ ਆਦਮੀ ਪਾਰਟੀ ਦੀ ਪੂਰੀ ਦੀ ਪੂਰੀ ਭਗਵੰਤ ਮਾਨ ਸਰਕਾਰ, 94 ਵਿਧਾਇਕ, ਚੇਅਰਮੈਨ, ਪੂਰਾ ਪਾਰਟੀ ਕਾਡਰ ਦਿੱਲੀ ਝੂੱਕਾ ਹੋਇਆ ਹੈ। ਅਫਸਰਸ਼ਾਹ ਪਿੱਛੋਂ ਬੁੱਲੇ ਲੁੱਟ ਰਹੇ ਹਨ। ਪੰਜਾਬ ਵਿੱਚੋਂ ਸਰਕਾਰ ਗੁੰਮ ਹੈ। ਸਕਤਰੇਤ ਵਿੱਚ ਉੱਲੂ ਬੋਲ ਰਹੇ ਹਨ। ਦੂਸਰਾ, ਮੁੱਖ ਵਿਰੋਧੀ ਧਿਰ ਕਾਂਗਰਸ ਪਾਰਟੀ ਆਗੂ, ਵਿਧਾਇਕ ਅਤੇ ਪਾਰਟੀ ਕਾਡਰ ਦਿੱਲੀ ਚੋਣਾਂ ਵਿੱਚ ਹਾਈ ਕਮਾਨ ਦੇ ਨਿਰਦੇਸ਼ਾਂ ਕਰਕੇ ਝੂੱਕਾ ਹੋਇਆ ਹੈ। ਤੀਸਰਾ, ਪੰਜਾਬ ਦੇ ਹੱਕਾਂ ਅਤੇ ਹਿਤਾਂ ਲਈ ਲੜਨ ਵਾਲਾ ਸ਼੍ਰੋਮਣੀ ਅਕਾਲੀ ਦਲ, ਪਾਰਟੀ ਅੰਦਰ ਸਰਦਾਰੀ ਲਈ ਅਤਿ ਸ਼ਰਮਨਾਕ, ਸਿਧਾਂਤਹੀਨ ਅਤੇ ਇੱਕ-ਦੂਜੇ ਦੀ ਅਤਿ ਨਿਵਾਣਾਂ ਭਰੀ ਖਾਨਾਜੰਗੀ ਵਿੱਚ ਹਾਲੋਂ-ਬੇਹਾਲ ਹੈ। ਚੌਥਾ, ਭਾਜਪਾ ਅਤੇ ਬਸਪਾ ਅਜਿਹੀ ਸਥਿਤੀ ਵਿੱਚ ਕੱਛਾਂ ਵਜਾਉਂਦੇ ਤਮਾਸ਼ਾ ਤਕ ਰਹੇ ਹਨ। ਪੰਜਵਾਂ, ਪੰਜਾਬ ਦੀ ਤਾਕਤਵਰ ਧਿਰ ਕਿਸਾਨੀ ਆਪਣੀਆਂ ਮੰਗਾਂ ਨੂੰ ਲੈ ਕੇ ਮਸਰੂਫ ਹੈ। ਕਿਸਾਨੀ ਆਗੂ ਜਗਜੀਤ ਸਿੰਘ ਡੱਲੇਵਾਲ ਦਾ ਮਰਨ ਵਰਤ ਵੀ ਸਮੁੱਚੀ ਕਿਸਾਨ ਲਈ ਚਿੰਤਾ ਦਾ ਵਿਸ਼ਾ ਬਣਿਆ ਹੋਇਆ ਹੈ। ਸੋ ਅਜਿਹੀ ਰਾਜਨੀਤਕ ਮਾਰਧਾੜ, ਪਾਟੋਧਾੜ, ਟਕਰਾਅ ਭਰੀ ਸਥਿਤੀ ਵਿੱਚ ਪੰਜਾਬ ਦੀ ਕਿਸੇ ਨੂੰ ਕੋਈ ਫਿਕਰ ਨਹੀਂ। ਅਜਿਹੇ ਵਿੱਚ ਕੇਂਦਰ ਸਰਕਾਰ ਨੇ ਪੰਜਾਬ ਦੇ ਚੰਡੀਗੜ੍ਹ 'ਤੇ ਦਾਅਵੇ ਨੂੰ ਲਗਭਗ ਖ਼ਤਮ ਕਰਨ ਲਈ ਅਸਹਿ ਸੱਟ ਮਾਰੀ ਹੈ।

ਨੀਤੀ: 15 ਅਗਸਤ, 1947 ਵਿੱਚ ਦੇਸ਼ ਅਜ਼ਾਦੀ ਬਾਅਦ ਭਾਰਤ ਦੇ ਕਾਲੇ ਸ਼ਾਸਕਾਂ ਨੇ ਬਿਲਕੁਲ ਆਪਣੇ ਪੂਰਵਧਿਕਾਰੀ ਬ੍ਰਿਟਿਸ਼ ਗੋਰੇ ਸ਼ਾਸਕਾਂ ਦੀ ਪੰਜਾਬ ਪ੍ਰਤੀ ਨੀਤੀ ਨੂੰ ਅਪਣਾਇਆ। 2 ਅਪਰੈਲ, 1849 ਨੂੰ ਬ੍ਰਿਟਿਸ਼ ਈਸਟ ਇੰਡੀਆ ਕੰਪਨੀ ਵੱਲੋਂ ਪੰਜਾਬ ਅੰਦਰ ਸਿੱਖ ਰਾਜ ਦਾ ਭੋਗ ਪਾ ਕੇ ਆਪਣੇ ਅਧੀਨ ਕਰ ਲਿਆ। ਉਨ੍ਹਾਂ ਨੂੰ ਪਤਾ ਸੀ ਕਿ ਸਿੱਖ ਇੱਕ ਜੰਗਜੂ ਕੌਮ ਹੈ, ਉਹ ਮੁੜ ਵਿਦਰੋਹ ਕਰ ਸਕਦੀ ਹੈ, ਇਸ ਲਈ ਉਸ ਨੂੰ ਖੇਤੀ ਧੰਦੇ ਵੱਲ ਰੁਚਿਤ ਕਰਨ ਲਈ ਪੰਜਾਬ ਵਿੱਚ ਨਹਿਰਾਂ ਦਾ ਜਾਲ ਵਿਛਾ ਕੇ ਦੱਖਣੀ-ਪੱਛਮੀ ਪੰਜਾਬ ਵਿੱਚ ਬਾਰ ਅਬਾਦ ਕਰਨ ਲਈ ਵੱਡੇ ਪੱਧਰ 'ਤੇ ਜ਼ਮੀਨਾਂ ਦੀ ਅਲਾਟਮੈਂਟ ਕੀਤੀ। ਸੰਨ 1907 ਵਿੱਚ ਤਿੰਨ ਖੇਤੀ ਸੰਬੰਧੀ ਕਾਲੇ ਕਾਨੂੰਨ ਵੀ ਜੋ ਵੱਡੀ ਹਿੰਸਕ 'ਪੱਗੜੀ ਸੰਭਾਲ ਜੱਟਾ' ਲਹਿਰ ਕਰਕੇ ਅੰਗਰੇਜ਼ ਨੂੰ ਵਾਪਸ ਲੈਣੇ ਪਏ। ਸਿੱਖਾਂ ਨੂੰ ਧਾਰਮਿਕ ਤੌਰ 'ਤੇ ਉਲਝਾਈ ਰੱਖਣ ਲਈ ਸੰਤਾਂ-ਮਹੰਤਾਂ ਅਤੇ ਡੇਰੇਦਾਰਾਂ ਨੂੰ ਰਾਜਕੀ ਹਿਮਾਇਤ ਜਾਰੀ ਰੱਖੀ। ਸਿੱਖਾਂ ਨੂੰ ਗੁਰਦੁਵਾਰਾ ਸੁਧਾਰ ਲਹਿਰ ਰਾਹੀਂ ਵੱਡੀ ਕੁਰਬਾਨੀਆਂ ਭਰੀ ਜੱਦੋਜਹਿਦ ਕਰਨੀ ਪਈ। 15 ਨਵੰਬਰ, 1920 ਨੂੰ ਸ਼੍ਰੋਮਣੀ ਗੁਰਦੁਵਾਰਾ ਪ੍ਰਬੰਧਕ ਕਮੇਟੀ ਅਤੇ 14 ਦਸੰਬਰ, 1920 ਨੂੰ ਸ਼੍ਰੋਮਣੀ ਅਕਾਲੀ ਦਲ ਇਸੇ ਦੀ ਉਪਜ ਹਨ।

ਦੇਸ਼ ਦੀ ਅਜ਼ਾਦੀ ਤੋਂ ਬਾਅਦ ਭਾਰਤੀ ਗ੍ਰਹਿ ਮੰਤਰਾਲੇ ਨੇ ਇੱਕ ਨਿਰਦੇਸ਼ ਰਾਹੀਂ ਸਿੱਖ ਭਾਈਚਾਰੇ ਨੂੰ ਅਪਮਾਨਜਨਕ ਭਾਸ਼ਾ ਪ੍ਰਯੋਗ ਕਰਦੇ ਅਪਰਾਧੀ ਕਿਸਮ ਦੇ ਲੋਕ ਦੱਸ ਕੇ ਇਨ੍ਹਾਂ 'ਤੇ ਕੜੀ ਨਜ਼ਰ ਰੱਖਣ ਲਈ ਕਿਹਾ।

ਪੰਥਕ ਸ਼ਕਤੀਆਂ ਦੀ ਪ੍ਰਤੀਨਿੱਧਤਾ ਕਰਨ ਵਾਲੇ ਸ਼੍ਰੋਮਣੀ ਅਕਾਲੀ ਦਲ ਨੂੰ ਰਾਜਨੀਤਕ ਤੌਰ 'ਤੇ ਉਲਝਾਈ ਰੱਖਣ ਲਈ ਸੰਨ 1953 ਵਿੱਚ ਗਠਤ ਭਾਸ਼ਾ ਅਤੇ ਸੱਭਿਆਚਾਰ ਦੇ ਅਧਾਰ ਤੇ ਰਾਜਾਂ ਦੇ ਪੁਨਰਗਠਨ ਲਈ ਫਜ਼ਲ ਅਲੀ ਕਮਿਸ਼ਨ ਗਠਤ ਕੀਤਾ ਗਿਆ। ਸੰਨ 1956 ਵਿੱਚ ਇਸਦੀਆਂ ਸ਼ਿਫਾਰਿਸ਼ਾਂ 'ਤੇ ਜੋ ਰਾਜ ਵੰਡੇ, ਪੇਰੈਂਟ ਰਾਜਾਂ ਨੂੰ ਪਹਿਲੀਆਂ ਰਾਜਧਾਨੀਆਂ ਸੌਂਪੀਆਂ। ਨਵੇਂ ਰਾਜਾਂ ਨੇ ਆਪਣੀਆਂ ਨਵੀਂਆਂ ਰਾਜਧਾਨੀਆਂ ਬਣਾਈਆਂ। ਪੰਜਾਬ ਦੀ ਵੰਡ ਨਾ ਕੀਤੀ ਤਾਂ ਕਿ ਅਕਾਲੀ ਅਤੇ ਪੰਜਾਬੀ ਇਸ ਲਈ ਰੁੱਝੇ ਰਹਿਣ।

ਕਾਣੀ ਵੰਡ: ਪਹਿਲੀ ਨਵੰਬਰ, 1966 ਨੂੰ ਪੰਜਾਬ ਪੁਨਰਗਠਨ ਐਕਟ ਅਧੀਨ ਪੰਜਾਬ ਅਤੇ ਹਰਿਆਣਾ ਸੂਬੇ ਗਠਤ ਕੀਤੇ। ਚੰਡੀਗੜ੍ਹ 5 ਸਾਲ ਤਕ ਕੇਂਦਰੀ ਸ਼ਾਸਤ ਇਲਾਕਾ ਰੱਖ ਕੇ ਬਾਅਦ ਵਿੱਚ ਪੰਜਾਬ ਨੂੰ ਰਾਜਧਾਨੀ ਵਜੋਂ ਦਿੱਤਾ ਜਾਵੇਗਾ ਜਦੋਂ ਹਰਿਆਣਾ ਆਪਣੀ ਵੱਖਰੀ ਰਾਜਧਾਨੀ ਬਣਾ ਲਵੇਗਾ। ਪੰਜਾਬ ਦੇ ਦਰਿਆਵਾਂ ਦੇ ਹੈੱਡ ਵਰਕਸਾਂ 'ਤੇ ਕੇਂਦਰ ਨੇ ਕੰਟਰੋਲ ਕਰ ਲਿਆ। ਪਾਣੀਆਂ ਦੀ ਵੰਡ ਵਿੱਚੇ ਲਟਕਦੀ ਰਹਿਣ ਦਿੱਤੀ। ਇਹ ਵੀ ਅੰਗਰੇਜ਼ ਨੀਤੀ ਦੇ ਅਧਾਰ 'ਤੇ ਪੰਜਬੀਆਂ ਨੂੰ ਲਗਾਤਾਰ ਇਨ੍ਹਾਂ ਮੁੱਦਿਆਂ 'ਤੇ ਉਲਝਾਈ ਰੱਖਣ ਲਈ ਇਹ ਮੁੱਦੇ ਜਾਣ ਬੁੱਝ ਕੇ ਭਾਰਤੀ ਸੰਵਿਧਾਨ ਉਲਟ ਪੁਨਰਗਠਨ ਧਾਰਾ 78, 79, 80 ਅਧੀਨ ਪੈਦਾ ਕੀਤੇ।

ਦੇਸ਼ ਅੰਦਰ ਐਮਰਜੈਂਸੀ ਦੇ ਕਾਲੇ ਦੌਰ ਵਿੱਚ ਪੰਜਾਬ ਪਾਣੀਆਂ ਸੰਬੰਧੀ 'ਇੰਦਰਾ ਐਵਾਰਡ', ਸਤਲੁਜ ਯਮੁਨਾ ਨਹਿਰ ਸੰਬੰਧੀ 'ਨਹਿਰ ਰੋਕੋ' ਕਪੂਰੀ ਮੋਰਚਾ 24 ਅਗਸਤ, 1982 ਪੰਜਾਬ ਵਿੱਚ ਰਾਜਕੀ ਅਤੇ ਗੈਰਰਾਜਕੀ ਲਹੂ ਵੀਟਵੇਂ ਅੱਤਵਾਦ, ਨੀਲਾ ਤਾਰਾ ਅਪ੍ਰੇਸ਼ਨ ਤਹਿਤ ਭਾਰਤੀ ਰਾਜ ਵੱਲੋਂ ਦਰਬਾਰ ਸਾਹਿਬ, ਅੰਮ੍ਰਿਤਸਰ ਸਮੇਤ 37 ਗੁਰਦਵਾਰਿਆਂ ਤੇ ਫ਼ੌਜੀ ਹਮਲੇ ਅਤੇ ਸਿੱਖ ਨੌਜਵਾਨਾਂ ਦੇ ਨਸਲਘਾਤ ਦਾ ਕਾਰਨ ਬਣਿਆ।

ਸਾਜ਼ਿਸ਼ਾਂ: ਚੰਡੀਗੜ੍ਹ ਨੂੰ ਕੇਂਦਰੀ ਸ਼ਾਸਤ ਪ੍ਰਦੇਸ਼ ਰੱਖ ਕੇ ਇਸਦੇ ਪ੍ਰਬੰਧ ਲਈ ਇੱਕ ਮੁੱਖ ਕਮਿਸ਼ਨਰ ਨਿਯੁਕਤ ਕੀਤਾ। ਪਹਿਲਾ ਮੁੱਖ ਕਮਿਸ਼ਨਰ ਸੰਨ 1966 ਵਿੱਚ ਮਹਿੰਦਰ ਸਿੰਘ ਰੰਧਾਵਾ ਨਿਯੁਕਤ ਕੀਤਾ। ਇਸ ਪ੍ਰਬੰਧ ਅਧੀਨ ਡਿਪਟੀ ਕਮਿਸ਼ਨਰ ਹਰਿਆਣਾ ਅਤੇ ਐੱਸ.ਐੱਸ.ਪੀ. ਪੰਜਾਬ ਦਾ ਲਗਦਾ ਰਿਹਾ। ਰਾਜਧਾਨੀ ਪੰਜਾਬ ਅਤੇ ਹਰਿਆਣਾ ਦੀ ਸਾਂਝੀ ਰਹੀ। ਚੰਡੀਗੜ੍ਹ ਪ੍ਰਬੰਧ ਲਈ 60 ਪ੍ਰਤੀਸ਼ਤ ਪੰਜਾਬ ਅਤੇ 40 ਪ੍ਰਤੀਸ਼ਤ ਹਰਿਆਣਾ ਦੇ ਮੁਲਾਜ਼ਮ ਤਾਇਨਾਤ ਰਹਿਣਗੇ। ਹੁਣ ਤਾਂ ਪੰਜਾਬ ਦੇ ਮਸਾਂ 2 ਪ੍ਰਤੀਸ਼ਤ ਹਨ। ਕਿਆ ਤਮਾਸ਼ਾ!

ਘਲੂਘਾਰਾ ਜੂਨ 84 ਦੇ ਅਮਲ ਵੇਲੇ ਪੰਜਾਬ ਦੇ ਰਾਜਪਾਲ ਬੀ.ਡੀ. ਪਾਂਡੇ ਨੂੰ ਚੰਡੀਗੜ੍ਹ ਦਾ ਪ੍ਰਸ਼ਾਸਕ ਨਿਯੁਕਤ ਕਰ ਦਿੱਤਾ, ਜੋ ਅੱਜ ਵੀ ਵਿਵਸਥਾ ਕਾਇਮ ਹੈ। ਚੀਫ ਕਮਿਸ਼ਨਰ ਦੀ ਥਾਂ ਉਨ੍ਹਾਂ ਨਾਲ ਇੱਕ ਸਲਾਹਕਾਰ ਪਦ ਵਜੋਂ ਨਿਯੁਕਤੀ ਕੀਤੀ ਜੋ ਚੰਡੀਗੜ੍ਹ ਦੇ ਪ੍ਰਬੰਧ ਵਿੱਚ ਉਨ੍ਹਾਂ ਦੀ ਮਦਦ ਕਰੇਗਾ। ਇਹ ਵਿਵਸਥਾ 1 ਮਈ, 1984 ਵਿੱਚ ਅਮਲ ਵਿੱਚ ਆਈ। 3 ਮਈ, 1984 ਨੂੰ ਪਹਿਲਾ ਸਲਾਹਕਾਰ ਲੈਫਟੀਨੈਂਟ ਜਨਰਲ ਰਣਜੀਤ ਸਿੰਘ ਦਿਆਲ ਨਿਯੁਕਤ ਕੀਤਾ। ਸੁੱਰਖਿਆ ਵੀ ਇਸ ਅਧੀਨ ਸੀ। ਦਰਅਸਲ ਪੰਜਾਬ ਅਤੇ ਚੰਡੀਗੜ੍ਹ ਪੂਰਨ ਰੂਪ ਵਿੱਚ ਮਿਲਟਰੀ ਸ਼ਾਸਨ ਅਧੀਨ ਕਰ ਦਿੱਤਾ ਗਿਆ। ਇਸੇ ਦਿਨ ਤੀਸਰਾ ਘੱਲੂਘਾਰਾ ਨੀਲਾ ਤਾਰਾ ਅਪਰੇਸ਼ਨ ਚਲਾਇਆ ਗਿਆ।

ਫਰੈਂਚ ਆਰਕੀਟੈਕਟ ਲੀ ਕਾਰਬੂਜ਼ੇ ਦੁਆਰਾ ਯੋਜਨਾ ਬੰਦੀ ਤਹਿਤ 114 ਵਰਗ ਕਿਲੋਮੀਟਰ ਵਿੱਚ ਵਸਾਇਆ ਅਤਿ ਆਧੁਨਿਕ ਸ਼ਹਿਰ ਚੰਡੀਗੜ੍ਹ 7 ਅਕਤੂਬਰ, 1953 ਨੂੰ ਸਾਂਝੇ ਪੰਜਾਬ ਦੀ ਰਾਜਧਾਨੀ ਬਣਿਆ। ਦੇਸ਼ ਦੀ ਵੰਡ ਤੋਂ ਪਹਿਲਾਂ ਪੰਜਾਬ ਦੀ ਸ਼ਾਨਾਮੱਤੀ ਰਾਜਧਾਨੀ ਲਾਹੌਰ ਸੀ। ਚੰਡੀਗੜ੍ਹ 27 ਪੰਜਾਬੀ ਭਾਸ਼ਾਈ ਪਿੰਡ ਉਜਾੜ ਕੇ ਉਸਾਰਿਆ ਸੀ, ਜਿਸ ਨੂੰ ਪਤਾ ਨਹੀਂ ਕਿਸ ਦੀ ਕੈਰੀ ਨਜ਼ਰ ਲੱਗੀ ਨਾ ਇਹ ਪਹਿਲੀ ਨਵੰਬਰ, 1966 ਬਾਅਦ ਪੰਜਾਬ ਦੀ ਰਾਜਧਾਨੀ ਬਣ ਸਕਿਆ, ਨਾ ਹੀ ਪੰਜਾਬੀ ਭਾਸ਼ਾ ਇੱਥੇ ਕੇਂਦਰੀ ਸ਼ਾਸਤ ਇਲਾਕੇ ਦੀ ਰਹੀ।

ਰਾਜੀਵ ਲੌਂਗੋਵਾਲ ਸਮਝੌਤਾ 24 ਜੁਲਾਈ, 1984 ਕੇਂਦਰ ਸਰਕਾਰ ਦਾ ਪੰਜਾਬ ਨਾਲ ਬਦਮਾਸ਼ੀ ਭਰਿਆ ਇਤਿਹਾਸਕ ਛੱਲ ਸੀ। ਇਸ ਅਨੁਸਾਰ, 26 ਜਨਵਰੀ, 1986 ਨੂੰ ਚੰਡੀਗੜ੍ਹ ਪੰਜਾਬ ਨੂੰ ਸੌਂਪਣਾ ਸੀ, ਬੋਰਡ ਲੱਗ ਗਏ, ਰੈਵੀਨਿਯੂ ਰਿਕਾਰਡ ਬਦਲ ਦਿੱਤਾ ਪਰ ਐਨ ਮੌਕੇ 'ਤੇ ਪੰਜਾਬ ਵਿਰੋਧੀ, ਸਿੱਖ ਭਾਈਚਾਰੇ ਦਾ ਨਸਲਘਾਤੀ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਮੁੱਕਰ ਗਿਆ, ਅਖੇ ਕੁਝ ਸੂਬਿਆਂ ਵਿੱਚ ਚੋਣਾਂ ਹੋਣ ਕਰਕੇ ਤਿੰਨ ਮਹੀਨੇ ਬਾਅਦ ਦੇ ਦੇਵਾਂਗੇ। ਕਮਜ਼ੋਰ ਅਤੇ ਸੱਤਾ ਦਾ ਭੁੱਖਾ ਤੱਤਕਾਲੀ ਮੁੱਖ ਮੰਤਰੀ ਪੰਜਾਬ, ਸੁਰਜੀਤ ਸਿੰਘ ਬਰਨਾਲਾ ਖਾਮੋਸ਼ ਰਿਹਾ। ਲੇਖਕ ਨੇ ਰੋਪੜ ਗੈਸਟ ਹਾਊਸ ਵਿੱਚ ਉਨ੍ਹਾਂ ਨੂੰ ਜਦੋਂ ਕਿਹਾ ਕਿ ਜੇ ਉਸ ਦਿਨ ਉਹ ਪ੍ਰੋਟੈਸਟ ਵਜੋਂ ਆਪਣਾ ਅਸਤੀਫਾ ਰਾਜੀਵ ਗਾਂਧੀ ਦੇ ਮੂੰਹ 'ਤੇ ਮਾਰ ਦਿੰਦੇ ਤਾਂ ਉਨ੍ਹਾਂ ਦਾ ਨਾਮ ਪੰਜਾਬ ਦੇ ਇਤਿਹਾਸ ਵਿੱਚ ਸੁਨਹਿਰੀ ਅੱਖ਼ਰਾਂ ਵਿੱਚ ਲਿਖਿਆ ਜਾਂਦਾ। ਉਨ੍ਹਾਂ ਨੇ ਲੇਖਕ ਨਾਲ ਇਹ ਇਤਿਹਾਸਕ ਗਲਤੀ ਮੰਨੀ। ਅਬ ਪਛਤਾਏ ਕਿਆ ਹੋਤ ...।

24 ਮਈ, 1994 ਨੂੰ ਚੰਡੀਗੜ੍ਹ ਦੇ ਲੋਕਤੰਤਰੀ ਪ੍ਰਬੰਧ ਲਈ ਮਿਊਂਸਪਲ ਕਾਰਪੋਰੇਸ਼ਨ ਦਾ ਗਠਨ ਕੀਤਾ ਗਿਆ। ਇਸ ਅੰਦਰ ਪੰਚਾਇਤੀ ਸਿਸਟਮ ਦਾ ਭੋਗ ਪੈ ਗਿਆ। ਹਰਿਆਣਾ ਨੇ ਪੰਚਕੂਲਾ, ਪੰਜਾਬ ਨੇ ਮੋਹਾਲੀ ਵਿਖੇ ਵੱਡੇ ਪੱਧਰ 'ਤੇ ਸਰਕਾਰੀ ਦਫਤਰ ਤਬਦੀਲ ਕਰ ਰੱਖੇ ਹਨ। ਸ਼ਾਇਦ ਇਨ੍ਹਾਂ ਨੇ ਮੰਨ ਲਿਆ ਹੈ ਕਿ ਚੰਡੀਗੜ੍ਹ ਕੇਂਦਰੀ ਸ਼ਾਸਤ ਪ੍ਰਦੇਸ਼ ਬਣ ਰਿਹਾ ਹੈ। ਦੋਹਾਂ ਰਾਜਾਂ ਦੇ ਹਰ ਪਾਰਟੀ ਦੇ ਆਗੂਆਂ ਨੇ ਲੋਕਾਂ ਅਤੇ ਰਾਜਾਂ ਨੂੰ ਲੁੱਟ-ਲੁੱਟ ਚੰਡੀਗੜ੍ਹ, ਮੁਹਾਲੀ, ਪੰਚਕੂਲੇ, ਨਵੇਂ ਚੰਡੀਗੜ੍ਹ ਜ਼ਮੀਨਾਂ, ਜਾਇਦਾਦਾਂ, ਦੋਹਰੀਆਂ ਦੋਹਰੀਆਂ ਕੋਠੀਆਂ ਦੇ ਅੰਬਾਰ ਲਾਏ ਹੋਏ ਹਨ। ਇਹੀ ਹਾਲ ਅਫਸਰਸ਼ਾਹੀ, ਗੈਂਗਸਟਰਾਂ, ਵੱਡੇ-ਵੱਡੇ ਕਾਲੇ ਕਾਰੋਬਾਰੀਆਂ ਦਾ ਹੈ।


ਕੇਂਦਰ ਅੰਦਰ ਸ਼੍ਰੀ ਮੋਦੀ ਸਰਕਾਰ ਨੇ ਲਗਾਤਾਰ ਪੰਜਾਬ ਨੂੰ ਬੁਰੀ ਤਰ੍ਹਾਂ ਉਲਝਾਇਆ ਹੋਇਆ ਹੈ। ਅਕਤੂਬਰ 11, 2021 ਤੋਂ 15 ਦੀ ਥਾਂ 50 ਕਿਲੋਮੀਟਰ ਕੌਮਾਂਤਰੀ ਸਰਹੱਦ ਤੋਂ ਬੀ.ਐੱਸ.ਐੱਫ ਸੁਰੱਖਿਆ ਅਧੀਨ ਕਰਨਾ, ਹਰਿਆਣਾ ਨੂੰ ਚੰਡੀਗੜ੍ਹ ਵਿੱਚ ਵਿਧਾਨ ਸਭਾ ਉਸਾਰੀ ਲਈ 10 ਏਕੜ ਜ਼ਮੀਨ ਦੇਣਾ, ਪੰਚਕੂਲੇ ਵਿੱਚ 12 ਏਕੜ ਬਦਲੇ (ਫਿਰ ਪੰਚਕੂਲੇ ਵਿੱਚ ਵਿਧਾਨ ਸਭਾ ਦੀ ਓਸਾਰੀ ਕਿਉਂ ਨਹੀਂ, ਬੱਸ ਟਿੰਡ ਵਿੱਚ ਕਾਨਾ) ਸਾਬਕਾ ਰਾਜਪਾਲ ਬਨਵਾਰੀ ਲਾਲ ਪ੍ਰੋਹਿਤ ਦੀਆਂ ਕੇਂਦਰ ਦੀ ਸ਼ਹਿ 'ਤੇ ਆਏ ਦਿਨ ਪੰਜਾਬ ਸਰਕਾਰ ਅਤੇ ਪੰਜਾਬੀਆਂ ਚੂੰਢੀਆਂ।

ਪੰਜਾਬ ਵਿੱਚ ਰਾਸ਼ਟਰਪਤੀ ਰਾਜ ਦੌਰਾਨ ਚੰਡੀਗੜ੍ਹ ਪੁਲਿਸ ਮੁਖੀ ਦਾ ਰੁਤਬਾ ਪਹਿਲਾਂ ਪੂਰੇ ਰਾਜ ਦੇ ਰੁਤਬੇ ਡੀ.ਜੀ.ਪੀ. ਤਕ ਵਧਾ ਦਿੱਤਾ ਸੀ। ਹੁਣ ਮੁੱਖ ਸਕੱਤਰ ਨਿਯੁਕਤ ਕਰਨਾ ਭਾਵ ਅਗਲਾ ਕਦਮ ਪੂਰਾ ਰਾਜ। ਕਾਂਗਰਸ ਦੇ ਸਾਂਸਦ ਮੁਨੀਸ਼ ਤਿਵਾੜੀ ਨੇ ਚੋਣ ਲੜਨ ਸਮੇਂ ਚੰਡੀਗੜ੍ਹੀਆਂ ਨਾਲ ਪੂਰੇ ਰਾਜ ਅਤੇ ਵੱਖਰੀ ਵਿਧਾਨ ਸਭਾ ਦੇ ਗਠਨ ਦਾ ਵਾਅਦਾ ਕੀਤਾ ਸੀ। ਹੁਣ ਵਿਰੋਧੀ ਧਿਰ ਦੇ ਆਗੂ ਪ੍ਰਤਾਪ ਸਿੰਘ ਬਾਜਵਾ ਕਿਹੜੇ ਮੂੰਹ ਨਾਲ ਵਿਰੋਧ ਕਰ ਰਹੇ ਹਨ? ਆਮ ਆਦਮੀ ਪਾਰਟੀ ਗੋਂਗਲੂਆਂ ਤੋਂ ਮਿੱਟੀ ਝਾੜ ਰਹੀ ਹੈ। ਇਹੀ ਹਾਲ ਅਕਾਲੀ ਆਗੂ ਸੁਖਬੀਰ ਬਾਦਲ ਦਾ ਹੈ। ਸੰਨ 2007 ਤੋਂ 2017 ਵਿੱਚ ਅਕਾਲੀ-ਭਾਜਪਾ ਸਰਕਾਰ ਵੇਲੇ ਕਿਸੇ ਨੇ ਚੂੰ-ਚਾਂ ਨਹੀਂ ਕੀਤੀ। ਜੇ ਭਗਵੰਤ ਮਾਨ ਸਰਕਾਰ ਸੁਹਿਰਦ ਹੁੰਦੀ ਤਾਂ ਤੁਰੰਤ ਸਰਬ ਪਾਰਟੀ ਮੀਟਿੰਗ ਬੁਲਾਉਂਦੀ, ਵਿਧਾਨ ਸਭਾ ਦਾ ਵਿਸ਼ੇਸ਼ ਸਦਨ ਸੱਦ ਕੇ ਮੁੱਖ ਸਕੱਤਰ ਨਿਯੁਕਤੀ ਰੱਦ ਕਰਨ ਸੰਬੰਧੀ ਮਤਾ ਪਾਸ ਕਰਕੇ ਮੋਦੀ ਸਰਕਾਰ 'ਤੇ ਦਬਾਅ ਪਾਉਂਦੀ। ਸਰਬ ਪਾਰਟੀ ਕਮੇਟੀ ਉਦੋਂ ਤਕ ਸੰਘਰਸ਼ ਦੀ ਰੂਪ ਰੇਖਾ ਤਿਆਰ ਕਰਦੀ, ਜਦੋਂ ਤਕ ਕੇਂਦਰ ਇਹ ਹੁਕਮ ਵਾਪਸ ਨਾ ਲੈਂਦਾ। ਵੇਖੋ! ਉਠ ਕਿਸ ਕਰਵਟ ਬੈਠਦਾ ਹੈ

# ਹਾਈ ਕੋਰਟ ਨੇ ਅੰਮ੍ਰਿਤਪਾਲ ਤੇ ਉਨ੍ਹਾਂ ਦੇ ਸਾਥੀਆਂ ਵਿਰੁੱਧ ਦਰਜ ਐਫਆਈਆਰਜ਼ ਦੇ ਮੰਗੇ ਵੇਰਵੇ

## ✪ 17 ਫਰਵਰੀ ਤੱਕ ਪ੍ਰਸ਼ਾਸਨ ਨੂੰ ਰਿਪੋਰਟ ਪੇਸ਼ ਕਰਨ ਲਈ ਦਿੱਤੇ ਹੁਕਮ





ਚੰਡੀਗੜ੍ਹ-ਪੰਜਾਬ-ਹਰਿਆਣਾ ਹਾਈ ਕੋਰਟ ਨੇ ਖਡੂਰ ਸਾਹਿਬ ਦੇ ਸੰਸਦ ਮੈਂਬਰ ਅੰਮ੍ਰਿਤਪਾਲ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਵਿਰੁੱਧ ਦਰਜ ਸਾਰੀਆਂ ਐਫਆਈਆਰਜ਼ ਦੇ ਪੂਰੇ ਵੇਰਵੇ ਮੰਗੇ ਹਨ। ਅੰਮ੍ਰਿਤਪਾਲ ਸਿੰਘ ਅਤੇ ਉਸਦੇ ਸਾਥੀ ਰਾਸ਼ਟਰੀ ਸੁਰੱਖਿਆ ਐਕਟ ਦੇ ਤਹਿਤ ਡਿਬਰੂਗੜ੍ਹ ਜੇਲ੍ਹ ਵਿੱਚ ਬੰਦ ਹਨ। ਹਾਈ ਕੋਰਟ ਨੇ ਅੰਮ੍ਰਿਤਸਰ ਅਤੇ ਮੋਗਾ ਦੇ ਜ਼ਿਲ੍ਹਾ ਮੈਜਿਸਟ੍ਰੇਟਾਂ (ਡੀਐਮਜ਼) ਨੂੰ ਇਸ ਸਬੰਧ ਵਿੱਚ 17 ਫਰਵਰੀ ਤੱਕ ਪੂਰੀ ਜਾਣਕਾਰੀ ਅਦਾਲਤ ਵਿੱਚ ਪੇਸ਼ ਕਰਨ ਦੇ ਨਿਰਦੇਸ਼ ਦਿੱਤੇ ਹਨ। ਇਹ ਮਾਮਲਾ ਅੰਮ੍ਰਿਤਪਾਲ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਦੀ ਗ੍ਰਿਫ਼ਤਾਰੀ ਅਤੇ ਉਨ੍ਹਾਂ ਵਿਰੁੱਧ ਦਰਜ ਮਾਮਲਿਆਂ ਦੀ ਪਾਰਦਰਸ਼ਤਾ ਨਾਲ ਸਬੰਧਤ ਹੈ। ਹਾਈ ਕੋਰਟ ਦੇ ਇਸ ਹੁਕਮ ਤੋਂ ਬਾਅਦ, ਪ੍ਰਸ਼ਾਸਨ ਨੂੰ ਹੁਣ ਤੱਕ ਦੀਆਂ ਸਾਰੀਆਂ ਐਫਆਈਆਰਜ਼ ਅਤੇ ਹੋਰ ਸਬੰਧਤ ਦਸਤਾਵੇਜ਼ ਅਦਾਲਤ ਵਿੱਚ ਪੇਸ਼ ਕਰਨੇ ਪੈਣਗੇ। ਅੰਮ੍ਰਿਤਪਾਲ ਸਿੰਘ ਨੂੰ ਪੁਲਿਸ ਨੇ ਅਪ੍ਰੈਲ 2023 ਵਿੱਚ ਗ੍ਰਿਫ਼ਤਾਰ ਕੀਤਾ ਸੀ। ਉਦੋਂ ਤੋਂ, ਉਸਨੂੰ ਅਤੇ ਉਸਦੇ ਕੁਝ ਸਾਥੀਆਂ ਨੂੰ ਰਾਸ਼ਟਰੀ ਸੁਰੱਖਿਆ ਐਕਟ ਦੇ ਤਹਿਤ ਅਸਾਮ ਦੀ ਡਿਬਰੂਗੜ੍ਹ ਜੇਲ੍ਹ ਵਿੱਚ ਰੱਖਿਆ ਗਿਆ ਹੈ। ਉਨ੍ਹਾਂ ਦੇ ਸਮਰਥਕਾਂ ਅਤੇ ਕਈ ਸੰਗਠਨਾਂ ਨੇ ਉਨ੍ਹਾਂ ਦੀ ਗ੍ਰਿਫ਼ਤਾਰੀ 'ਤੇ ਸਵਾਲ ਖੜ੍ਹੇ ਕੀਤੇ ਹਨ।

### ਯੂਏਪੀਏ ਤਹਿਤ ਮਾਮਲਾ ਦਰਜ

ਸੰਸਦ ਮੈਂਬਰ ਅੰਮ੍ਰਿਤਪਾਲ ਸਿੰਘ ਅਤੇ ਵਿਦੇਸ਼ੀ ਗੈਂਗਸਟਰ ਅਰਸ਼ਦੀਪ ਸਿੰਘ ਉਰਫ਼ ਅਰਸ਼ ਡੱਲਾ 'ਤੇ ਵੀ ਯੂਏਪੀਏ (ਗੈਰਕਾਨੂੰਨੀ ਗਤੀਵਿਧੀਆਂ ਰੋਕਥਾਮ ਐਕਟ) ਤਹਿਤ ਮਾਮਲਾ ਦਰਜ ਕੀਤਾ ਗਿਆ ਹੈ। ਫਰੀਦਕੋਟ ਜ਼ਿਲ੍ਹਾ ਪੁਲਿਸ ਵੱਲੋਂ ਇਹ ਕਾਰਵਾਈ ਸੰਪਰਦਾਇਕ ਸੰਗਠਨਾਂ ਨਾਲ ਜੁੜੇ ਨੌਜਵਾਨ ਗੁਰਪ੍ਰੀਤ ਸਿੰਘ ਹਰੀਨੌਂ ਦੇ ਕਤਲ ਦੇ ਮਾਮਲੇ ਵਿੱਚ ਕੀਤੀ ਗਈ ਹੈ। ਦਰਅਸਲ, ਡੀਜੀਪੀ ਗੌਰਵ ਯਾਦਵ ਨੇ ਗੁਰਪ੍ਰੀਤ ਦੇ ਕਤਲ ਤੋਂ ਬਾਅਦ ਇੱਕ ਪ੍ਰੈੱਸ ਕਾਨਫਰੰਸ ਵਿੱਚ ਦਾਅਵਾ ਕੀਤਾ ਸੀ ਕਿ ਜਾਂਚ ਦੌਰਾਨ ਅਜਿਹੇ ਸਬੂਤ ਮਿਲੇ ਹਨ ਜੋ ਕਤਲ ਦੀ ਸਾਜ਼ਿਸ਼ ਵਿੱਚ 'ਵਾਰਿਸ ਪੰਜਾਬ ਦੇ' ਜਥੇਬੰਦੀ ਦੇ ਮੁਖੀ ਅੰਮ੍ਰਿਤਪਾਲ ਸਿੰਘ ਦੀ ਭੂਮਿਕਾ ਨੂੰ ਦਰਸਾਉਂਦੇ ਹਨ। ਉਨ੍ਹਾਂ ਕਿਹਾ ਸੀ ਕਿ ਜਾਂਚ ਦੌਰਾਨ ਦਰਜ ਕੀਤੇ ਗਏ ਕੁਝ ਬਿਆਨਾਂ ਮੁਤਾਬਕ ਇਹ ਕਤਲ ਅੰਮ੍ਰਿਤਪਾਲ ਸਿੰਘ ਦੇ ਇਸ਼ਾਰੇ 'ਤੇ ਕੀਤਾ ਗਿਆ ਸੀ।

ਐਸਆਈਟੀ ਨੇ ਫਰੀਦਕੋਟ ਅਦਾਲਤ ਨੂੰ ਇਸ ਮਾਮਲੇ ਵਿੱਚ ਯੂਏਪੀਏ ਜੋੜਨ ਬਾਰੇ ਲਿਖਤੀ ਰੂਪ ਵਿੱਚ ਸੂਚਿਤ ਕੀਤਾ ਸੀ।

ਪੰਥਕ ਸੰਗਠਨਾਂ ਅਤੇ ਵਾਰਿਸ ਪੰਜਾਬ ਸੰਸਥਾ ਦੇ ਸਾਬਕਾ ਵਿੱਤ ਸਕੱਤਰ ਗੁਰਪ੍ਰੀਤ ਸਿੰਘ ਹਰੀਨੌਂ ਦੀ ਪਿਛਲੇ ਸਾਲ 9 ਅਕਤੂਬਰ ਨੂੰ ਉਨ੍ਹਾਂ ਦੇ ਪਿੰਡ ਵਿੱਚ ਬਾਈਕ ਸਵਾਰਾਂ ਨੇ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਸੀ।

ਅਦਾਕਾਰ ਦੀਪ ਸਿੱਧੂ ਦੀ ਮੌਤ ਤੋਂ ਬਾਅਦ, ਵਾਰਿਸ ਪੰਜਾਬ ਸੰਸਥਾ ਦੇ ਮੁਖੀ ਅੰਮ੍ਰਿਤਪਾਲ ਸਿੰਘ ਨੇ ਸੰਸਥਾ ਦਾ ਚਾਰਜ ਸੰਭਾਲਿਆ, ਜਿਸ ਤੋਂ ਬਾਅਦ ਵਿੱਤ ਸਕੱਤਰ ਗੁਰਪ੍ਰੀਤ ਸਿੰਘ ਹਰੀਨੌਂ ਨੇ ਸੰਸਥਾ ਛੱਡ ਦਿੱਤੀ ਸੀ। 36 ਸਾਲ ਦੇ ਨੌਜਵਾਨ ਗੁਰਪ੍ਰੀਤ ਸਿੰਘ ਦੇ ਪਿਤਾ ਹਾਕਮ ਸਿੰਘ ਛੋਟੇ ਕਿਸਾਨ ਹਨ। ਉਨ੍ਹਾਂ ਕੋਲ 2 ਕਿੱਲੇ ਜ਼ਮੀਨ ਹੈ ਜਿਥੇ ਉਹ ਖੇਤੀਬਾੜੀ ਕਰਕੇ ਆਪਣੇ ਪਰਿਵਾਰ ਦਾ ਗੁਜਾਰਾ ਕਰਦੇ ਹਨ। ਗੁਰਪ੍ਰੀਤ ਸਿੰਘ ਦੀ ਮਾਤਾ ਰਵਿੰਦਰ ਕੌਰ ਘਰੇਲੂ ਸੁਆਣੀ ਹੈ। ਪਰਿਵਾਰ ਵਿੱਚ ਗੁਰਪ੍ਰੀਤ ਤੋਂ ਇਲਾਵਾ ਉਨ੍ਹਾਂ ਦੀ ਛੋਟੀ ਭੈਣ ਹਰਪ੍ਰੀਤ ਕੌਰ, ਪਤਨੀ ਅਤੇ ਕਰੀਬ 9 ਸਾਲ ਦਾ ਛੋਟਾ ਬੱਚਾ ਹੈ। ਗੁਰਪ੍ਰੀਤ ਗੁਰਸਿੱਖ ਨੌਜਵਾਨ ਸੀ। ਕੁਝ ਸਾਲਾ ਪਹਿਲਾਂ ਉਸ ਨੇ ਅੰਮ੍ਰਿਤ ਛੱਕ ਦੇ ਪੰਥਕ ਹਲਕਿਆਂ ਵਿੱਚ ਆਪਣੀ ਸਰਗਰਮੀ ਵਧਾ ਦਿੱਤੀ ਸੀ। ਪਿੰਡ ਦੇ ਲੋਕਾਂ ਮੁਤਾਬਕ ਉਹ ਚੰਗੇ ਸੁਭਾਅ ਦਾ ਮਾਲਕ ਸੀ। ਜਿੱਥੇ ਪੰਥ ਦੀ ਗੱਲ ਹੁੰਦੀ ਉਥੇ ਉਹ ਮੋਹਰੀ ਰਹਿੰਦਾ ਸੀ।

ਬਹਿਬਲ ਕਲਾਂ ਇਨਸਾਫ ਮੋਰਚੇ ਵਿੱਚ ਵੀ ਉਹ ਮਰਹੂਮ ਕਰਿਸ਼ਨ ਭਗਵਾਨ ਸਿੰਘ ਦੇ ਪੁੱਤਰ ਸੁਖਰਾਜ ਸਿੰਘ ਨਿਆਮੀਵਾਲਾ ਨਾਲ ਲਗਾਤਾਰ ਮੋਰਚੇ ਵਿੱਚ ਸ਼ਾਮਿਲ ਰਿਹਾ ਸੀ।

### ਭਾਈ ਅੰਮ੍ਰਿਤਪਾਲ ਸਿੰਘ ਕੌਣ ਹਨ

ਭਾਈ ਅੰਮ੍ਰਿਤਪਾਲ ਸਿੰਘ 'ਵਾਰਿਸ ਪੰਜਾਬ ਦੇ' ਜਥੇਬੰਦੀ ਦੇ ਮੁਖੀ ਹਨ, ਉਹ ਸਿੱਖਾਂ ਲਈ ਖੁਦਮੁਖਤਿਆਰ ਰਾਜ (ਖਾਲਿਸਤਾਨ) ਦੀ ਪ੍ਰਾਪਤੀ ਨੂੰ ਆਪਣਾ ਨਿਸ਼ਾਨਾ ਦੱਸਦੇ ਰਹੇ ਹਨ। ਪਰ ਹੁਣ ਉਸਦੀ ਜਥੇਬੰਦੀ ਸੰਵਿਧਾਨ ਅਨੁਸਾਰ ਜਮਹੂਰੀ ਰਾਹਾਂ ਉਪਰ ਵਿਚਰਨ ਲਗੀ ਹੈ। ਕਈ ਸਾਲ ਦੁਬਈ ਰਹਿਣ ਤੋਂ ਬਾਅਦ ਪਿਛਲੇ ਸਾਲ ਅਗਸਤ ਮਹੀਨੇ ਪੰਜਾਬ ਵਿੱਚ ਵਾਪਸ ਆਏ ਅਤੇ ਉਨ੍ਹਾਂ ਅੰਮ੍ਰਿਤ ਸੰਚਾਰ ਅਤੇ ਨਸ਼ਾ ਛਡਾਓ ਲਹਿਰ ਦੇ ਨਾਂ ਉੱਤੇ ਨੌਜਵਾਨਾਂ ਨੂੰ ਆਪਣੇ ਨਾਲ ਜੋੜਨਾ ਸ਼ੁਰੂ ਕੀਤਾ ਸੀ। ਪਰ ਉਹ ਆਪਣੇ ਗਰਮਸੁਰ ਵਾਲੇ ਭਾਸ਼ਣਾਂ ਅਤੇ ਗੁਰਦੁਆਰਿਆਂ ਵਿਚਲੇ ਬੈਂਚ ਸਾੜਨ ਤੇ ਅਜਨਾਲਾ ਥਾਣੇ ਅੱਗੇ ਹੋਈ ਹਿੰਸਾ ਕਾਰਨ ਵਿਵਾਦਾਂ ਵਿੱਚ ਆ ਗਏ ਸਨ। 23 ਅਪ੍ਰੈਲ 2023 ਨੂੰ ਤੜਕੇ ਪੁਲਿਸ ਵੱਲੋਂ ਉਨ੍ਹਾਂ ਪਿੰਡ ਰੋਡੇ ਤੋਂ ਗ੍ਰਿਫ਼ਤਾਰ ਕਰ ਲਿਆ ਗਿਆ ਸੀ ਅਤੇ ਅਸਾਮ ਦੀ ਡਿਬਰੂਗੜ੍ਹ ਜੇਲ੍ਹ ਵਿੱਚ ਭੇਜ ਦਿੱਤਾ ਗਿਆ ਸੀ। ਉਨ੍ਹਾਂ ਉੱਤੇ ਐੱਨਐੱਸਏ ਲੱਗਿਆ ਹੋਇਆ ਹੈ ਅਤੇ ਉਹ ਅਜੇ ਵੀ ਜੇਲ੍ਹ ਵਿੱਚ ਹਨ। ਇਸ ਵਿਚਾਲੇ 9 ਅਕਤੂਬਰ 2024 ਨੂੰ ਗੁਰਪ੍ਰੀਤ ਸਿੰਘ ਹਰੀਨੌਂ ਦੇ ਕਤਲ ਵਿੱਚ ਵੀ ਅੰਮ੍ਰਿਤਪਾਲ ਸਿੰਘ ਦਾ ਨਾਮ ਆਇਆ ਹੈ ਅਤੇ ਇਸ ਮਾਮਲੇ ਵਿੱਚ ਉਨ੍ਹਾਂ 'ਤੇ ਯੂਏਪੀਏ ਲਗਾਇਆ ਗਿਆ ਹੈ।

# ਨੇਪਾਲ ਤੋਂ ਆਏ ਵਫਦ ਨੇ ਦਰਬਾਰ ਸਾਹਿਬ ਦੇ ਕੀਤੇ ਦਰਸ਼ਨ

## ✪ ਵਫਦ ਨੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਦਾ ਸਨਮਾਨ ਨੇਪਾਲ ਪੁਲਿਸ ਫੋਰਸ ਦੇ ਯਾਦਗਾਰੀ ਚਿੰਨ੍ਹ ਨਾਲ ਕੀਤਾ ✪ ਨੇਪਾਲ ਫੋਰਸਿਜ਼ ਦਾ ਸਬੰਧ ਵੀ ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਦੇ ਨਾਲ-ਵਫਦ



ਅੰਮ੍ਰਿਤਸਰ-ਭਾਰਤ ਸਰਕਾਰ ਦੇ ਸੱਦੇ 'ਤੇ ਤਿੰਨ ਦਿਨਾਂ ਦੌਰੇ 'ਤੇ ਪੁੱਜੇ ਨੇਪਾਲ ਦੀ ਫੋਰਸ ਦੇ 24 ਮੈਂਬਰੀ ਵਫਦ ਮੈਂਬਰਾਂ ਨੇ ਦਰਬਾਰ ਸਾਹਿਬ ਦਰਬਾਰ ਸਾਹਿਬ ਅੰਮ੍ਰਿਤਸਰ ਵਿਖੇ ਮੱਥਾ ਟੇਕਿਆ। ਨੇਪਾਲ ਦੇਸ਼ ਦਾ ਇਹ ਵਫਦ ਬੀਐੱਸਐੱਫ ਅੰਮ੍ਰਿਤਸਰ ਸੈਕਟਰ ਦੇ ਅਧਿਕਾਰੀਆਂ ਦੇ ਨਾਲ ਅੰਮ੍ਰਿਤਸਰ ਵਿਖੇ ਸਥਿਤ ਇਤਿਹਾਸਕ ਅਸਥਾਨਾਂ ਦੇ ਦਰਸ਼ਨ ਕਰਨ ਪੁੱਜਾ ਹੈ।

ਦਰਬਾਰ ਸਾਹਿਬ ਅੰਮ੍ਰਿਤਸਰ ਵਿਖੇ ਨੇਪਾਲ ਆਰਮਡ ਪੁਲਿਸ ਫੋਰਸ ਦੇ ਡੀਆਈਜੀ ਅੰਜਨੀ ਕੁਮਾਰ ਪੋਖਰਿਆਲ ਦੀ ਅਗਵਾਈ ਵਿਚ ਪੁੱਜੇ ਇਸ ਵਫਦ ਨੇ ਦਰਬਾਰ ਸਾਹਿਬ ਵਿਖੇ ਮੱਥਾ ਟੇਕਿਆ। ਇਸ ਤੋਂ ਬਾਅਦ ਵਫਦ ਦੇ ਸਮੂਹ ਮੈਂਬਰ ਅਕਾਲ ਤਖਤ ਸਾਹਿਬ ਵਿਖੇ ਵੀ ਨਤਮਸਤਕ ਹੋਏ। ਨੇਪਾਲ ਵਫਦ ਦੀ ਅਗਵਾਈ ਕਰ ਰਹੇ ਡੀਆਈਜੀ ਅੰਜਨੀ ਕੁਮਾਰ ਨੇ ਦੱਸਿਆ ਕਿ ਨੇਪਾਲ ਫੋਰਸਿਜ਼ ਦਾ ਸਬੰਧ ਵੀ ਮਹਾਰਾਜਾ ਰਣਜੀਤ ਸਿੰਘ ਦੇ ਨਾਲ ਸੰਬੰਧਿਤ ਹੈ ਤੇ ਉਨ੍ਹਾਂ ਨੂੰ ਸ੍ਰੀ ਦਰਬਾਰ ਸਾਹਿਬ ਆਣ ਕੇ ਬਹੁਤ ਹੀ ਸਕੂਨ ਮਿਲਿਆ ਹੈ। ਨੇਪਾਲ ਦੇ ਵਫਦ ਦੀ ਅਗਵਾਈ ਕਰ ਰਹੇ ਡੀਆਈਜੀ ਅੰਜਨੀ ਕੁਮਾਰ ਅਤੇ ਵਫਦ ਮੈਂਬਰਾਂ ਨੂੰ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੇ ਆਦੇਸ਼ਾਂ ਅਨੁਸਾਰ ਦਰਬਾਰ ਸਾਹਿਬ ਦੀ ਯਾਦਗਾਰੀ ਤਸਵੀਰ ਤੇ ਸਿੱਖ ਇਤਿਹਾਸ ਨਾਲ ਸੰਬੰਧਿਤ ਪੁਸਤਕਾਂ ਦੇ ਸੈੱਟ ਦੇ ਕੇ ਸਨਮਾਨਿਤ ਕੀਤਾ। ਇਸ ਦੌਰਾਨ ਨੇਪਾਲ ਦੇ ਸਰਕਾਰੀ ਵਫਦ ਦੀ ਅਗਵਾਈ ਕਰ ਰਹੇ ਡੀਆਈਜੀ ਅੰਜਨੀ ਕੁਮਾਰ ਨੇ ਵੀ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੇ ਸਨਮਾਨ ਵਜੋਂ ਉਨ੍ਹਾਂ ਲਈ ਨੇਪਾਲ ਆਰਮਡ ਪੁਲਿਸ ਫੋਰਸ ਦਾ ਯਾਦਗਾਰੀ ਚਿੰਨ੍ਹ ਸ਼੍ਰੋਮਣੀ ਕਮੇਟੀ ਅਧਿਕਾਰੀਆਂ ਨੂੰ ਸੌਂਪਿਆ।

# ਪੰਜਾਬ ਦੇ ਪਿੰਡ ਦਾਤਾ ਵਿਚ ਨਸ਼ਾ ਤਸਕਰਾਂ ਦਾ ਕੀਤਾ ਜਾਵੇਗਾ ਬਾਈਕਾਟ

ਮੋਗਾ-ਮਾਲਵਾ ਖਿੱਤੇ ਦੇ ਮੋਗਾ ਜ਼ਿਲ੍ਹੇ ਦੇ ਹਲਕਾ ਧਰਮਕੋਟ ਦੀ ਨੁਮਾਇੰਦਗੀ ਕਰ ਰਹੇ ਵਿਧਾਇਕ ਦਵਿੰਦਰਜੀਤ ਸਿੰਘ ਲਾਡੀ ਢੋਸ ਦੇ ਸੱਦੇ 'ਤੇ ਹਲਕੇ ਦੀਆਂ ਪੰਚਾਇਤਾਂ ਵਲੋਂ ਨਸ਼ਾ ਤਸਕਰਾਂ ਦੇ ਕਥਿਤ ਸਮਾਜਿਕ ਬਾਈਕਾਟ ਤੱਕ ਦੇ ਫ਼ੈਸਲੇ ਲਏ ਜਾ ਰਹੇ ਹਨ। ਇਸੇ ਕੜੀ ਤਹਿਤ ਆਮ ਆਦਮੀ ਪਾਰਟੀ ਦੇ ਬਲਾਕ ਪ੍ਰਧਾਨ ਤੇ ਪਿੰਡ ਦਾਤਾ ਦੇ ਸਰਪੰਚ ਗੁਰਿੰਦਰ ਸਿੰਘ ਗੁੱਗੂ ਦਾਤਾ ਨੇ ਪਿੰਡ ਵਿਚ ਗ੍ਰਾਮ ਸਭਾ ਦੇ ਆਮ ਇਜਲਾਸ ਦੌਰਾਨ ਵੱਡੇ ਸਾਰਥਕ ਫ਼ੈਸਲੇ ਲਏ ਹਨ, ਜਿਸ ਤਹਿਤ ਪਿੰਡ ਵਿਚ ਨਸ਼ਿਆਂ ਦੀ ਕਥਿਤ ਤਸਕਰੀ ਕਰਨ ਅਤੇ ਚੋਰੀ ਦੇ ਮਾਮਲੇ ਵਿਚ ਨਾਮਜ਼ਦ ਕਿਸੇ ਵੀ ਵਿਅਕਤੀ ਦੀ ਪੰਚਾਇਤ ਜਾਂ ਪਿੰਡ ਵਾਸੀ ਕੋਈ ਮਦਦ ਨਹੀਂ ਕਰਨਗੇ।



ਉਨ੍ਹਾਂ ਸਪੱਸ਼ਟ ਕੀਤਾ ਕਿ ਨਸ਼ਿਆਂ ਦੇ ਖ਼ਾਤਮੇ ਲਈ ਹੁਣ 'ਏਕੇ' ਨਾਲ ਸਭ ਨੂੰ ਅੱਗੇ ਆਉਣ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਜੇਕਰ ਕੋਈ ਨੌਜਵਾਨ ਕਥਿਤ ਤੌਰ 'ਤੇ ਇਸ ਨਸ਼ੇ ਦਾ ਕਿਸੇ ਤਰ੍ਹਾਂ ਆਦੀ ਹੈ ਤਾਂ ਉਹ ਪੰਚਾਇਤ ਨੂੰ ਦੱਸੇ, ਉਸ ਦਾ ਨਸ਼ਾ ਛੁਡਾਉਣ ਲਈ ਮਦਦ ਕੀਤੀ ਜਾਵੇਗੀ, ਪਰੰਤੂ ਜੋ ਨਸ਼ੇ ਦੀ ਤਸਕਰੀ ਕਰੇਗਾ, ਉਸ ਵਿਰੁੱਧ ਪੁਲਸ ਨੂੰ ਪੰਚਾਇਤ ਸ਼ਿਕਾਇਤ ਪੱਤਰ ਵੀ ਦੇਵੇਗੀ।

ਉਨ੍ਹਾਂ ਕਿਹਾ ਕਿ ਕੋਈ ਵੀ ਦੁਕਾਨਦਾਰ 18 ਸਾਲ ਤੋਂ ਘੱਟ ਨੌਜਵਾਨਾਂ ਨੂੰ ਤੰਬਾਕੂ ਨਹੀਂ ਵੇਚੇਗਾ। ਉਨ੍ਹਾਂ ਕਿਹਾ ਕਿ ਪੰਚਾਇਤ ਨੇ ਫ਼ੈਸਲਾ ਲਿਆ ਹੈ ਕਿ ਭਰੂਣ ਹੱਤਿਆ ਦੀ ਰੋਕਥਾਮ ਲਈ ਭਾਵੇਂ ਸਰਕਾਰ ਤੇ ਵਿਭਾਗ ਸਖ਼ਤ ਪਰੰਤੂ ਜੇਕਰ ਇਸ ਮਾਮਲੇ ਵਿਚ ਕੋਈ ਵੀ ਦੋਸ਼ੀ ਪਾਇਆ ਜਾਂਦਾ ਹੈ ਤਾਂ ਪੰਚਾਇਤ ਦਾ ਉਸ ਵਿਰੁੱਧ ਸਟੈਂਡ ਸਖ਼ਤ ਹੋਵੇਗਾ।

ਸਰਪੰਚ ਗੁੱਗੂ ਦਾਤਾ ਆਖਦੇ ਹਨ ਕਿ ਪ੍ਰਦੂਸ਼ਣ ਦੀ ਰੋਕਥਾਮ ਲਈ ਪਿੰਡ ਵਿਚ ਪਲਾਸਟਿਕ ਦੀ ਵਰਤੋਂ 'ਤੇ ਮਨਾਹੀ ਕੀਤੀ ਗਈ ਹੈ ਅਤੇ ਇਸ ਤੋਂ ਇਲਾਵਾ ਅਜੋਕੇ ਦੌਰ ਵਿਚ ਸਭ ਤੋਂ ਭਖਦੇ ਮੁੱਦੇ ਵਿਆਹ ਮਰਨਿਆਂ 'ਤੇ ਫ਼ਜ਼ੂਲ ਖ਼ਰਚੀ ਰੋਕਣ ਲਈ ਵੀ ਪਿੰਡ ਵਾਸੀਆਂ ਨੂੰ ਪ੍ਰੇਰਿਤ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ 'ਦੇਖਾ-ਦੇਖੀ' ਦੇ ਖ਼ਰਚਿਆਂ ਕਰ ਕੇ ਆਮ ਲੋਕ ਕਰਜ਼ੇ ਦੀ ਦਲਦਲ ਵਿਚ ਫ਼ਸ ਰਹੇ ਹਨ। ਉਨ੍ਹਾਂ ਪਿੰਡ ਵਾਸੀਆਂ ਨੂੰ ਅਪੀਲ ਕੀਤੀ ਕਿ ਘਰ ਕੋਈ ਵੀ ਨੌਕਰ ਰੱਖਣ ਤੋਂ ਪਹਿਲਾ ਉਸ ਦੇ ਪੱਕੇ ਪਤੇ ਦੀ ਪਹਿਚਾਣ ਕੀਤੀ ਜਾਵੇ ਤਾਂ ਜੋ ਭਵਿੱਖ ਵਿਚ ਕੋਈ ਦਿੱਕਤ ਪੇਸ਼ ਨਾ ਆਵੇ।

# ਭਈਆਂ ਦੇ ਗੈਂਗ ਵੱਲੋਂ ਪੰਜਾਬੀ ਨੌਜਵਾਨਾਂ 'ਤੇ ਕਿਰਪਾਨਾਂ ਤੇ ਹਥਿਆਰਾਂ ਨਾਲ ਕੀਤਾ ਹਮਲਾ

## ✪ ਲੜਕੀ ਨਾਲ ਛੇੜਛਾੜ ਦਾ ਦੇਣ ਗਏ ਸੀ ਉਲਾਂਭਾ

ਹੁਸ਼ਿਆਰਪੁਰ-ਬੀਤੀ ਰਾਤ ਲੜਕੀ ਨਾਲ ਕੀਤੀ ਛੇੜਛਾੜ ਦਾ ਉਲਾਂਭਾ ਦੇਣ ਦੋ ਪੰਜਾਬੀਆਂ ਦੀ ਭਈਆਂ ਦੇ ਇਕ ਗੈਂਗ ਨੇ ਕੁੱਟਮਾਰ ਕਰ ਦਿੱਤੀ। ਜ਼ਖ਼ਮੀਆਂ ਨੂੰ ਸਿਵਲ ਹਸਪਤਾਲ ਹੁਸ਼ਿਆਰਪੁਰ ਦਾਖ਼ਲ ਕਰਵਾਇਆ ਗਿਆ ਹੈ। ਥਾਣਾ ਮਾਡਲ ਟਾਊਨ ਅਧੀਨ ਪੈਂਦੀ ਪੁਲਿਸ ਚੌਕੀ ਪੁਰਹੀਰਾਂ ਦੀ ਪੁਲਿਸ ਮਾਮਲੇ ਦੀ ਪੜਤਾਲ ਕਰ ਰਹੀ ਹੈ। ਪਿਛਲੇ ਦਸ ਦਿਨਾਂ ਵਿਚ ਭਈਆਂ ਵੱਲੋਂ ਸ਼ਹਿਰ ਵਿਚ ਕੀਤੀ ਕੁੱਟਮਾਰ ਦੀ ਇਹ ਤੀਜੀ ਘਟਨਾ ਹੈ। ਸਿਵਲ ਹਸਪਤਾਲ 'ਚ ਜ਼ੇਰੇ ਇਲਾਜ਼ ਗੰਭੀਰ ਜ਼ਖ਼ਮੀ ਵਿਅਕਤੀ ਹਰਦੀਪ ਕੁਮਾਰ ਨੇ ਦੱਸਿਆ ਕਿ ਮੁਹੱਲਾ ਸੁੰਦਰ ਨਗਰ 'ਚ ਉਸਦੇ ਸਾਥੀ ਵੱਲੋਂ ਫੋਨ 'ਤੇ ਸੂਚਨਾ ਦਿੱਤੀ ਗਈ ਸੀ ਕਿ ਕੁਝ ਪ੍ਰਵਾਸੀ ਨਸ਼ੇ ਦੀ ਹਾਲਤ ਵਿਚ ਲੜਕੀ ਨਾਲ ਛੇੜਛਾੜ ਕਰ ਰਹੇ ਹਨ। ਉਨ੍ਹਾਂ ਦੱਸਿਆ ਕਿ ਜਦੋਂ ਉਹ ਆਪਣੇ ਹੋਰਨਾਂ ਸਾਥੀਆਂ ਨਾਲ ਮਿਲ ਕੇ ਉਨ੍ਹਾਂ ਨੂੰ ਸਮਝਾਉਣ ਗਏ ਤਾਂ ਉੱਥੇ ਪਹੁੰਚਦੇ ਹੀ ਭਈਆਂ ਦੀ ਭੀੜ ਨੇ ਉਨ੍ਹਾਂ ਤੇ ਕਿਰਪਾਨਾਂ ਅਤੇ ਹੋਰ ਹਥਿਆਰਾਂ ਨਾਲ ਹਮਲਾ ਕਰ ਦਿੱਤਾ ਜਿਸ ਤੋਂ ਬਾਅਦ ਉਨ੍ਹਾਂ ਵਲੋਂ ਭੱਜ ਕੇ ਆਪਣੀ ਜਾਨ ਬਚਾਉਣੀ ਪਈ। ਉਨ੍ਹਾਂ ਦੱਸਿਆ ਕਿ 35 ਤੋਂ 40 ਦੇ ਕਰੀਬ ਭਈਆਂ ਵੱਲੋਂ ਉਨ੍ਹਾਂ 'ਤੇ ਹਮਲਾ ਕੀਤਾ ਗਿਆ ਹੈ ਤੇ ਇਸ ਹਮਲੇ ਉਨ੍ਹਾਂ ਦੇ ਦੋ ਵਿਅਕਤੀਆਂ ਦੇ ਸੱਟਾਂ ਲੱਗੀਆਂ। ਹਸਪਤਾਲ ਵਿਚ ਮੌਜੂਦ ਨੌਜਵਾਨ ਦੀਪਕ ਨੇ ਦੱਸਿਆ ਕਿ ਉਨ੍ਹਾਂ ਵੱਲੋਂ 112 'ਤੇ ਵੀ ਸ਼ਿਕਾਇਤ ਕੀਤੀ ਗਈ ਸੀ ਪਰ ਮੌਕੇ 'ਤੇ ਕੋਈ ਵੀ ਪੁਲਿਸ ਮੁਲਾਜ਼ਮ ਨਹੀਂ ਪਹੁੰਚਿਆ। ਪੀੜਤਾਂ ਨੇ ਮੰਗ ਕੀਤੀ ਹੈ ਕਿ ਪੁਲਿਸ ਭਈਆਂ 'ਤੇ ਸਖ਼ਤ ਤੋਂ ਸਖ਼ਤ ਕਾਰਵਾਈ ਕੀਤੀ ਜਾਵੇ। ਪੁਰਹੀਰਾਂ ਪੁਲਿਸ ਚੌਕੀ ਦੇ ਅਧਿਕਾਰੀ ਸੰਜੀਵ ਕੁਮਾਰ ਦੱਸਿਆ ਕਿ ਉਨ੍ਹਾਂ ਕੋਲ ਕੋਈ ਸ਼ਿਕਾਇਤ ਨਹੀਂ ਪਹੁੰਚੀ ਹੈ। ਉਨ੍ਹਾਂ ਕਿਹਾ ਕਿ ਸ਼ਿਕਾਇਤ ਜਾਂ ਮੈਡੀਕਲ ਮਿਲਣ 'ਤੇ ਪੀੜਤਾਂ ਦੇ ਬਿਆਨ ਲੈ ਕੇ ਅਗਲੀ ਕਾਰਵਾਈ ਕਰ ਦਿੱਤੀ ਜਾਵੇਗੀ।




# ਪੁਲਿਸ ਹਿਰਾਸਤ ਵਿਚੋਂ ਫਰਾਰ ਹੋਣ ਦੀ ਕੋਸ਼ਿਸ਼ ਵਿਚ ਮੁਕਾਬਲੇ ਦੌਰਾਨ ਗੈਂਗਸਟਰ ਚਰਨਾ ਜ਼ਖ਼ਮੀ

## ✪ ਲੰਡਾ ਦੇ ਨਾਂ 'ਤੇ ਵਪਾਰੀ ਪਾਸੋਂ ਫਿਰੌਤੀ ਮੰਗਣ ਵਾਲੇ ਤਿੰਨ ਗੈਂਗਸਟਰ ਫੜੇ

ਅੰਮ੍ਰਿਤਸਰ-ਨਾਮੀ ਗੈਂਗਸਟਰ ਲਖਬੀਰ ਸਿੰਘ ਉਰਫ ਲੰਡਾ ਵਾਸੀ ਹਰੀਕੇ ਤੇ ਹੋਰ ਗੈਂਗਸਟਰ ਜੋ ਵਿਦੇਸ਼ ਵਿੱਚ ਬੈਠੇ ਹੋਏ ਹਨ। ਇਹ ਸਾਰੇ ਆਪਣੇ ਪੰਜਾਬ ਵਿੱਚ ਬੈਠੇ ਸਾਥੀਆਂ ਨਾਲ ਸੰਪਰਕ ਕਰਕੇ ਵੱਡੇ ਵਪਾਰੀਆਂ ਦੇ ਮੋਬਾਈਲ ਨੰਬਰ ਹਾਸਲ ਕਰਕੇ ਉਹਨਾਂ ਦੇ ਮੋਬਾਈਲ ਨੰਬਰਾਂ 'ਤੇ ਵਿਦੇਸ਼ ਤੋਂ ਫੋਨ ਕਰਕੇ ਉਹਨਾਂ ਨੂੰ ਡਰਾ ਧਮਕਾ ਕੇ ਫਿਰੌਤੀ ਦੀ ਵੱਡੀ ਰਕਮ ਹਾਸਲ ਮੰਗਦੇ ਸਨ ਜਿਸ 'ਤੇ ਮੁਕੱਦਮਾ ਦਰਜ ਰਜਿਸਟਰ ਕੀਤਾ ਗਿਆ ਸੀ।

ਇਸ ਤਰ੍ਹਾਂ ਅੰਮ੍ਰਿਤਸਰ ਦੇ ਇੱਕ ਵਪਾਰੀ ਤੋਂ ਲਖਬੀਰ ਸਿੰਘ ਲੰਡਾ ਦੇ ਨਾਮ 'ਤੇ ਫਿਰੌਤੀ ਮੰਗੀ ਸੀ ਅਤੇ ਉਸ ਨੂੰ ਲਖਬੀਰ ਸਿੰਘ ਲੰਡਾ ਦੇ ਨਾਮ ਤੋਂ ਇੱਕ ਵਾਇਸ ਮੈਸਿਜ ਆਇਆ ਸੀ ਅਤੇ ਫਿਰੌਤੀ ਲਈ ਹੋਰ ਵੀ ਧਮਕੀ ਭਰੇ ਮੈਸਿਜ਼ ਆ ਰਹੇ ਸਨ। ਜਿਸ 'ਤੇ ਪੁਲਿਸ ਵੱਲੋਂ ਫੌਰੀ ਕਾਰਵਾਈ ਕਰਦੇ ਹੋਏ, ਇੰਚਾਰਜ਼ ਸੀਆਈਏ ਸਟਾਫ-1, ਅੰਮ੍ਰਿਤਸਰ ਦੀ ਟੀਮ ਵੱਲੋਂ ਹਰ ਪਹਿਲੂ ਤੋਂ ਜਾਂਚ ਕਰਨ 'ਤੇ ਵਿਦੇਸ਼ ਵਿੱਚ ਬੈਠੇ ਗੈਂਗਸਟਰਾਂ ਦੇ ਕਹਿਣ 'ਤੇ ਰੇਕੀ ਕਰਨ ਵਾਲੇ ਜਗਰੂਪ ਸਿੰਘ ਚਰਨਾ ਤਰਨਤਾਰਨ,



ਜੁਗਰਾਜ ਸਿੰਘ ਗਾਜ਼ੀ ਤਰਨਤਾਰਨ ਅਤੇ ਸ਼ਮਸ਼ੇਰ ਸਿੰਘ ਸ਼ੇਰਾ ਤਰਨਤਾਰਨ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ। ਇਸ ਵਪਾਰੀ ਦੀ ਰੇਕੀ ਕਰਕੇ ਉਕਤ ਮੁਜ਼ਲਮਾਂ ਨੇ ਵਪਾਰੀ ਦੇ ਦਫਤਰ ਅਤੇ ਗੱਡੀਆਂ ਦੀਆਂ ਫੋਟੋਆਂ ਜਰਨਲ ਸਿੰਘ ਵਾਸੀ ਤਲਵੰਡੀ ਮੋਹਰ ਸਿੰਘ ਹਾਲ ਵਾਸੀ ਅਸਟ੍ਰੇਲੀਆ ਨੂੰ ਭੇਜੀਆਂ ਸਨ ਜੋ ਇਸ ਜਰਨਲ ਸਿੰਘ ਦੇ ਭਰਾ ਰਾਜਵਿੰਦਰ ਸਿੰਘ ਰਾਜ਼ਾ ਦਾ ਪੱਟੀ ਨੇੜੇ ਕੁਝ ਸਮਾਂ ਪਹਿਲਾਂ ਗੈਂਗਵਾਰ ਦੌਰਾਨ ਕਤਲ ਹੋ ਗਿਆ ਸੀ।


ਗ੍ਰਿਫ਼ਤਾਰ ਮੁਜ਼ਲਮ ਜਗਰੂਪ ਸਿੰਘ ਚਰਨਾ ਉਕਤ ਦੀ ਨਿਸ਼ਾਨਦੇਹੀ 'ਤੇ ਉਸ ਪਾਸੋਂ 1 ਪਿਸਤੌਲ .32 ਬੋਰ ਤੇ 2 ਕਾਰਤੂਸ ਬ੍ਰਾਮਦ ਕੀਤੇ ਗਏ ਸਨ।

ਬੀਤੇ ਮੰਗਲਵਾਰ ਜਦੋਂ ਪੁਲਿਸ ਪਾਰਟੀ ਜਗਰੂਪ ਸਿੰਘ ਚਰਨਾ ਪਾਸੋਂ ਬਰਾਮਦਗੀ ਤੋਂ ਬਾਅਦ ਵਾਪਸ ਥਾਣਾ ਛੇਹਰਟਾ ਆ ਰਹੀ ਸੀ ਤਾਂ ਰਸਤੇ ਵਿੱਚ ਜਗਰੂਪ ਸਿੰਘ ਚਰਨਾ ਨੇ ਕਿਹਾ ਕਿ ਮੈਨੂੰ ਬਹੁਤ ਘਬਰਾਹਟ ਹੋ ਰਹੀ ਹੈ ਤਾਂ ਪੁਲਿਸ ਪਾਰਟੀ ਨੇ ਉਸ ਨੂੰ ਗੱਡੀ ਵਿਚੋਂ ਉਤਾਰਿਆ ਤਾਂ ਏਨੇ ਨੂੰ ਜਗਰੂਪ ਸਿੰਘ ਪੁਲਿਸ ਪਾਰਟੀ ਦੇ ਏ. ਐਸ. ਆਈ ਪਵਨ ਕੁਮਾਰ ਦਾ ਸਰਵਿਸ ਪਿਸਟਲ ਉਸ ਦੇ ਡੱਬ ਵਿੱਚੋਂ ਕੱਢਣ ਦੀ ਕੋਸ਼ਿਸ਼ ਕਰਕੇ ਹਿਰਾਸਤ ਵਿੱਚੋ ਭੱਜਣ ਲੱਗਾ ਤਾਂ ਇੰਸਪੈਕਟਰ ਵਿਨੋਦ ਕੁਮਾਰ ਮੁੱਖ ਅਫ਼ਸਰ ਥਾਣਾ ਛੇਹਰਟਾ ਨੇ ਮੁਸ਼ਤੈਦੀ ਨਾਲ ਕਾਰਵਾਈ ਕਰਦੇ ਹੋਏ, ਪੁਲਿਸ ਪਾਰਟੀ ਦੀ ਜਾਨ ਬਚਾਉਣ ਖਾਤਰ ਅਤੇ ਮੁਜ਼ਲਮ ਜਗਰੂਪ ਸਿੰਘ ਨੂੰ ਪੁਲਿਸ ਹਿਰਾਸਤ ਵਿੱਚੋਂ ਭੱਜਣ ਤੋ ਰੋਕਣ ਲਈ ਆਪਣੇ ਸਰਵਿਸ ਪਿਸਤੌਲ ਨਾਲ ਫਾਇਰ ਕੀਤਾ ਜੋ ਜਗਰੂਪ ਸਿੰਘ ਦੀ ਸੱਜੀ ਲੱਤ 'ਤੇ ਲੱਗਾ। ਜਿਸ ਨੂੰ ਤੁਰੰਤ ਇਲਾਜ਼ ਲਈ ਸਿਵਲ ਹਸਪਤਾਲ ਵਿੱਖੇ ਦਾਖਲ ਕਰਵਾਇਆ ਗਿਆ।

## ਬਰਸੀ ’ਤੇ ਵਿਸ਼ੇਸ਼

# ਪੰਜਾਬੀ ਸਾਹਿਤ ਦੀ ਸਰਵੋਤਮ ਨਾਵਲਕਾਰ ਡਾ.ਦਲੀਪ ਕੌਰ ਟਿਵਾਣਾ

ਸੁਖਵਿੰਦਰ ਸਿੰਘ ਮੁੱਲਾਂਪੁਰ
ਵ.ਅੱਪ +91 9914184794



ਹਰ ਵਿਧਾ ਵਿੱਚ ਲਿਖਣ ਵਾਲੀ ਪੰਜਾਬੀ ਸਾਹਿਤਕਾਰ ਪੰਜਾਬ ਦੀ ਧੀ ਦਲੀਪ ਕੌਰ ਟਿਵਾਣਾ ਜਿਸ ਵਿਚ ਲਿਖਣ ਦੀ ਕਲਾ ਕੁਦਰਤ ਵਲੋਂ ਮਿਲੀ ਹੋਈ ਦਾਤ ਸੀ ਉਸ ਦਾ ਜਨਮ ਪਿਤਾ ਸ੍ਰ. ਕਾਕਾ ਸਿੰਘ ਦੇ ਘਰ ਮਾਤਾ ਚੰਦ ਕੌਰ ਦੀ ਕੁਖੌਂ 4 ਮਈ 1935 ਨੂੰ ਉੱਚੀ ਰੱਬੋਂ (ਮਲੋਦ) ਜਿਲ੍ਹਾ ਲੁਧਿਆਣਾ ਵਿਖੇ, ਟਿਵਾਣਾ ਪਰੀਵਾਰ ਵਿਚ ਹੋਇਆ।

ਡਾ. ਦਲੀਪ ਕੌਰ ਟਿਵਾਣਾ ਦੀ ਭੂਆ ਦੇ ਘਰ ਕੋਈ ਔਲਾਦ ਨਹੀਂ ਸੀ। ਉਹ ਦਲੀਪ ਕੌਰ ਨੂੰ ਜਨਮ ਵੇਲੇ ਹੀ ਪਟਿਆਲੇ ਲੈ ਗਈ ਪਰ ਦਲੀਪ ਕੌਰ ਦੇ ਦਾਦਾ ਜੀ ਦੀ ਇਹ ਸ਼ਰਤ ਸੀ ਕੁੜੀ ਸਾਡੀ ਹੀ ਰਹੇਗੀ ਇਸ ਕਰਕੇ ਦਲੀਪ ਕੌਰ ਨੇ ਆਪਣੇ ਨਾਮ ਦੇ ਮਗਰ ਪਿੰਡ ਉੱਚੀ ਰੱਬੋਂ ਵਾਲਾ ’ਟਿਵਾਣਾ’ ਗੋਤ ਹੀ ਲਾ ਲਿਆ। ਦਲੀਪ ਕੌਰ ਦਾ ਫੁੱਫੜ ਤਾਰਾ ਸਿੰਘ ਸਿੱਧੂ ਜੇਲ੍ਹਾਂ ਦੇ ਇੰਸਪੈਕਟਰ ਜਨਰਲ ਸਨ।

ਟਿਵਾਣਾ ਨੇ ਪਟਿਆਲੇ ਰਹਿ ਕੇ ਪੜ੍ਹਾਈ ਸ਼ੁਰੂ ਕੀਤੀ। ਮੁੱਡਲੀ ਵਿਦਿਆ ਸਿੰਘ ਸਭਾ ਸਕੂਲ ਤੋਂ, ਦਸਵੀ ਵਿਕਟੋਰੀਆ ਗਰਲਜ ਹਾਈ ਸਕੂਲ ਤੋਂ, 1954 ਵਿਚ ਬੀ. ਏ ਮਹਿੰਦਰਾ ਕਾਲਜ ਪਟਿਆਲਾ ਤੋਂ ਕੀਤੀ ਤੇ ਐਮ. ਏ ਪੰਜਾਬੀ ਵੀ ਇਸੇ ਹੀ ਕਾਲਜ ਤੋਂ ਪਹਿਲੇ ਦਰਜੇ ਵਿਚ ਪਾਸ ਕੀਤੀ।1966 ਵਿਚ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਪੀ. ਐਚ. ਡੀ (ਪੰਜਾਬੀ) ਪਾਸ ਕੀਤੀ।

ਦਲੀਪ ਕੌਰ ਟਿਵਾਣਾ ਦਾ ਵਿਆਹ 1972 ਵਿਚ ਪ੍ਰੋ. ਭੁਪਿੰਦਰ ਸਿੰਘ ਨਾਲ ਹੋਇਆ। ਉਹ ਪੰਜਾਬੀ ਯੂਨੀਵਰਸਿਟੀ ਦੇ ਸਮਾਜ ਵਿਭਾਗ ਵਿਚ ਪ੍ਰੋ.ਫੈਸਰ ਰਹੇ। ਇਹਨਾਂ ਦੇ ਘਰ ਇਕ ਬੱਚੇ ਸਿਮਰਨਜੀਤ ਸਿੰਘ ਨੇ ਜਨਮ ਲਿਆ ਜੋ ਪਟਿਆਲੇ ਵਿਖੇ ਯੂਨੀਵਰਸਿਟੀ ਦੇ ਇੰਨਜੀਨੀਅਰ ਕਾਲਜ ਵਿਚ ਇਲੈਕ੍ਟ੍ਰਾਨਿਕਸ ਐਂਡ ਕਮਿਊਨੀਕੇਸ਼ਨ ਵਿਸ਼ੇ ਦਾ ਅਧਿਆਪਕ ਹੈ।

ਡਾ. ਟਿਵਾਣਾ ਸਭ ਤੋਂ ਪਹਿਲਾਂ ਥੋੜਾ ਸਮਾਂ ਧਰਮਸ਼ਾਲਾ (ਕਾਂਗੜਾ) ਦੇ ਸਰਕਾਰੀ ਕਾਲਜ ਵਿਚ ਲੈਕਚਰਾਰ ਰਹੀ ਬਾਕੀ ਸਮਾਂ ਉਹਨਾਂ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਖੇ ਵੱਖ-ਵੱਖ ਅਹੁਦਿਆਂ ਤੇ ਸੇਵਾਵਾਂ ਪ੍ਰਦਾਨ ਕੀਤੀਆਂ। ਡਾ. ਟਿਵਾਣਾ ਯੂਨੀਵਰਸਿਟੀ ਵਿਚ ਲੈਕਚਰਾਰ ਬਣ ਕੇ ਆਉਣ ਵਾਲੀ ਪਹਿਲੀ ਔਰਤ ਸੀ। ਇੱਥੇ ਉਹ 1963 ਤੋਂ 1971 ਤੱਕ ਪੰਜਾਬੀ ਲੈਕਚਰਾਰ ਰਹੀ। 1971 ਤੋਂ 1981 ਤੱਕ ਰੀਡਰ 1981 ਤੋਂ 1983 ਤੱਕ ਪ੍ਰੋ.ਫੈਸਰ ਦੀ ਡਿਊਟੀ ਨਿਭਾਈ।1983 ਤੋਂ 1986 ਤੱਕ ਪੰਜਾਬੀ ਵਿਭਾਗ ਦੀ ਮੁਖੀ ਰਹੀ। ਇਸ ਤਰਾਂ 30 ਸਾਲ ਵੱਖ-ਵੱਖ ਅਹੁਦਿਆਂ ਤੇ ਸੇਵਾ ਨਿਭਾਉਂਦੀ ਰਹੀ। ਡਾ. ਟਿਵਾਣਾ ਪੰਜਾਬੀ ਯੂਨੀਵਰਸਿਟੀ ਦੇ ਕੈਂਪਸ ਬੀ-12 ਵਿਚ ਰਹਿੰਦੀ ਸੀ। ਉਹਨਾਂ ਦਾ ਆਪਣਾ ਨਿਵਾਸ ਅਸਥਾਨ ਅਜੀਤ ਨਗਰ ਪਟਿਆਲਾ ਵਿਚ ਹੈ।

ਡਾ. ਟਿਵਾਣਾ ਨੂੰ ਬਚਪਨ ਵਿਚ ਕਿਤਾਬਾਂ ਪੜ੍ਹਨ ਦਾ ਸ਼ੌਂਕ ਸੀ ਜੋ ਇਸ ਨੂੰ ਸਾਹਿਤਕ ਖੇਤਰ ਵੱਲ ਲੈ ਆਇਆ। ਦਲੀਪ ਕੌਰ ਟਿਵਾਣਾ ਨੇ 1961 ਵਿਚ ‘ਸਾਧਨਾਂ’ ਕਹਾਣੀ ਸੰਗ੍ਰਹਿ ਲਿਖ ਕੇ ਸਾਹਿਤਕ ਸ.ਫਰ ਸ਼ੁਰੂ ਕੀਤਾ। ਡਾ.ਟਿਵਾਣਾ ਦੇ ਕਹਾਣੀ ਸੰਗ੍ਰਹਿ ਨੂੰ ਭਾਸ਼ਾ ਵਿਭਾਗ ਵਲੋਂ ਸਾਲ ਦੀ ਸਰਬੋਤਮ ਕਿਤਾਬ ਵਜੋਂ ਇਨਾਮ ਦਿੱਤੇ ਜਾਣ ਨਾਲ ਲਿਖਣ ਦਾ ਉਤਸ਼ਾਹ ਹੋਰ ਵੱਧ ਗਿਆ।

ਡਾ. ਟਿਵਾਣਾ ਨੇ ਪਹਿਲਾ ਨਾਵਲ ‘ਅਗਨੀ ਪ੍ਰੀਖਿਆ’ 1967 ਵਿਚ ਲਿਖਿਆ।’ ਇਹੁ ਹਮਾਰਾ ਜੀਵਣਾ’ 1968 ਵਿਚ ਲਿਖਿਆ ਇਸ ਨਾਵਲ ਨੂੰ ਪੰਜਾਬ ਸਰਕਾਰ ਵਲੋਂ ਸਾਹਿਤ ਅਕਾਦਮੀ ਪੁਰਸਕਾਰ ਨਾਲ ਸਨਮਾਨਿਆ ਗਿਆ ਇਸ ਨਾਵਲ ਦਾ ਕਈ ਭਸ਼ਾਵਾਂ ਵਿਚ ਅਨੁਵਾਦ ਹੋਇਆ। ਦੂਰਦਰਸ਼ਨ ਜਲੰਧਰ ਨੇ ਇਸ ਨਾਵਲ ਦੇ ਅਧਾਰ ਤੇ ਇਕ ਟੀ.ਵੀ ਸੀਰੀਅਲ ਬਣਾ ਕੇ ਪੇਸ਼ ਕੀਤਾ ਜੋ ਦਰਸ਼ਕਾਂ ਨੇ ਬੇਹੱਦ ਪਸੰਦ ਕੀਤਾ।

ਦਲੀਪ ਕੌਰ ਟਿਵਾਣਾ ਨੇ 44 ਨਾਵਲ, 7 ਕਹਾਣੀ ਸੰਗ੍ਰਹਿ, 3 ਪੁਸਤਕਾਂ ਬੱਚਿਆਂ ਲਈ, 5 ਸਵੈ ਜੀਵਨੀ ਦੀਆਂ ਕਿਤਾਬਾਂ(ਨੰਗੇ ਪੈਰਾਂ ਦਾ ਸ.ਫਰ, ਪੂਛਤੇ ਹੋ ਸੁਣੋ, ਤੁਰਦਿਆਂ-ਤੁਰਦਿਆਂ, ਆਪਣੇ ਛਾਵੇਂ, ਰਚਨਾਂ ਮੇਰੀ ਇਬਾਦਤ ਹੈ ਨੂੰ ਇਕ ਜਿਲਦ ਵਿਚ ਇਕੱਠਿਆਂ ਕਰਕੇ ‘ਮੇਰੇ ਪੰਜ ਸਵੈ’ ਨਾਮ ਰੱਖ ਦਿੱਤਾ 3 ਅਲੋਚਨਾਂ ਪੁਸਤਕਾਂ ਲਿਖੀਆਂ ਅਤੇ ਡਾ. ਟਿਵਾਣਾ ਦੀਆਂ ਰਚਨਾਵਾਂ ਤੇ 7 ਕਿਤਾਬਾਂ ਲਿਖੀਆਂ ਜਾ ਚੁੱਕੀਆਂ ਹਨ। ਇਸ ਦੀਆਂ ਰਚਨਾਵਾਂ ਤੇ ਵਿਦਿਆਰਥੀ ਐਮ. ਫੈਲ ਅਤੇ ਪੀ. ਐਚ. ਡੀਜ ਕਰ ਰਹੇ ਹਨ। ਡਾ. ਦਲੀਪ ਕੌਰ ਟਿਵਾਣਾ ਨੂੰ ਹਰ ਵਿਧਾ ਵਿਚ ਲਿਖਣ ਤੇ ਕਾਮਯਾਬੀ ਮਿਲੀ। ਉਸ ਨੇ ਜਿਆਦਾਤਰ ਮਜ਼ਲੂਮ ਔਰਤਾਂ ਲਈ ਸਮਾਜ ਵਿਚ ਵਿਚਰਦਿਆਂ ਘਟੀਆ ਵਰਤਾਰੇ ਬਾਰੇ ਲਿਖਿਆ।



ਡਾ. ਟਿਵਾਣਾ ਦੇ ਕਹੇ ਸ਼ਬਦ “ਸਮਾਂ ਭਾਵੇਂ ਕੋਈ ਹੋਵੇ ਸਮਾਜ਼ ਭਾਵੇਂ ਕੋਈ ਹੋਵੇ ਕਿਸੇ ਔਰਤ ਨੂੰ ਇਨਸਾਨ ਨਹੀਂ ਸਮਝਿਆ ਜਾਂਦਾ ਇਹ ਹੀ ਉਸ ਦਾ ਦੁਖਾਂਤ ਹੈ। ਇਸਤਰੀ ਜਿੰਦਗੀ ਜਿਊਂਦੀ ਨਹੀ ਭੋਗਦੀ ਹੈ। ਉਸ ਦੀ ਆਪਣੀ ਕੋਈ ਪਹਿਚਾਣ ਨਹੀਂ, ਹਸਤੀ ਨਹੀ, ਹੈਸੀਅਤ ਨਹੀ ਉਹ ਸਾਧਨ ਮਾਤਰ ਹੈ।”

ਡਾ. ਟਿਵਾਣਾ ਨੇ ਕੇਂਦਰੀ ਪੰਜਾਬੀ ਲੇਖਕ ਸਭਾ ਦੇ ਮੀਤ ਪ੍ਰਧਾਨ ਅਤੇ ਪੰਜਾਬੀ ਸਾਹਿਤ ਅਕਾਦਮੀ ਦੇ ਪ੍ਰਧਾਨ ਵਜੋਂ ਸੇਵਾਵਾਂ ਦਿੱਤੀਆਂ। ਡਾ. ਟਿਵਾਣਾ ਨੂੰ ਵਿਦਿਆ ਦੇ ਖੇਤਰ ਵਿਚ ਪਾਏ ਯੋਗਦਾਨ ਬਦਲੇ 2004 ਵਿਚ ਅਬਦੁੱਲ ਕਲਾਮ ਭਾਰਤ ਦੇ ਰਸ਼ਟਰਪਤੀ ਵਲੋਂ ਪਦਮ ਸ੍ਰੀ ਆਵਾਰਡ ਨਾਲ ਨਿਵਾਜਿਆ ਗਿਆ। ਡਾ. ਦਲੀਪ ਕੌਰ ਨੂੰ ਸਾਹਿਤਕ ਸੇਵਾਵਾਂ ਬਦਲੇ ਬਹੁਤ ਸਾਰੇ ਸਨਮਾਨ ਮਿਲੇ। ਪੰਜਾਬੀ ਸਾਹਿਤ ਦੀ ਉਹ ਪਹਿਲੀ ਔਰਤ ਹੈ ਜਿਸ ਦਾ 1999 ਵਿਚ ਲਿਖਿਆ ਨਾਵਲ ‘ਕਥਾ ਕਹੋ ਉਰਵਸ਼ੀ’ ਨੂੰ ਕੇ ਕੇ ਵਿਰਲਾ .ਫਾਊਡੇਸ਼ਨ ਵਲੋਂ ਸਰਸਵਤੀ ਸਨਮਾਨ ਦਿੱਤਾ ਗਿਆ। ਪੰਜਾਬੀ ਸਾਹਿਤ ਅਕਾਦਮੀ ਦਿੱਲੀ ਵਲੋਂ ਦਹਾਕਾ(1980-90)ਦੀ ਸਰਬੋਤਮ ਨਾਵਲਕਾਰ ਪੁਰਸਕਾਰ ਮਿਲਿਆ। ਪੰਜਾਬ ਸਰਕਾਰ ਵਲੋਂ ਪੰਜਾਬੀ ਸਾਹਿਤ ਰਤਨ ਅਵਾਰਡ, ਭਾਸ਼ਾ ਵਿਭਾਗ ਪੰਜਾਬ ਵਲੋਂ ਸ਼੍ਰੋਮਣੀ ਸਾਹਿਤਕਾਰ ਅਵਾਰਡ, ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ ਵਲੋਂ ਕਰਤਾਰ ਸਿੰਘ ਧਾਲੀਵਾਲ ਪੁਰਸਕਾਰ, ਬੱਚਿਆਂ ਲਈ ਲਿਖੀ ਪੁਸਤਕ ‘ਪੰਜਾਂ ਵਿਚ ਪਰਮੇਸ਼ਰ’ ਨੂੰ ਸਿੱਖਿਆ ਅਤੇ ਸਮਾਜ ਭਲਾਈ ਮੰਤਰਾਲੇ ਨੇ ਸਨਮਾਨਿਤ ਕੀਤਾ। ਸਵੈ ਜੀਵਨੀ ‘ਨੰਗੇ ਪੈਰਾਂ ਦਾ ਸ.ਫਰ’ ਨੂੰ ਭਾਸ਼ਾ ਵਿਭਾਗ ਪੰਜਾਬ ਵਲੋਂ ਗੁਰਮੱਖ ਸਿੰਘ ਮੁਸਾਫ਼ਿਰ ਐਵਾਰਡ ਮਿਲਿਆ।

ਡਾ. ਟਿਵਾਣਾ ਨੇ ਭਾਰਤ ਸਰਕਾਰ ਨਾਲ ਗਿਲੇ ਸਿਕਵੇ ਜਾਹਰ ਕਰਦਿਆਂ 14 ਅਕਤੂਬਰ 2015 ਨੂੰ ਪਦਮ ਸ਼੍ਰੀ ਅਵਾਰਡ ਵਾਪਸ ਕਰ ਦਿੱਤਾ ਸੀ।

ਡਾ. ਟਿਵਾਣਾ ਨੂੰ ਅਜਿਹੀ ਬਿਮਾਰੀ ਨੇ ਆ ਘੇਰਿਆ ਉਹ 20 ਦਿਨ ਮੈਕਸ ਸੁਪਰ ਸਪੈਸ਼ਲਟੀ ਹਸਪਤਾਲ ਮੁਹਾਲੀ ਵਿਖੇ ਦਾਖ਼ਲ ਰਹਿਣ ਮਗਰੋਂ 31 ਜਨਵਰੀ 2020 ਸ਼ਾਮ ਨੂੰ ਸਾਡੇ ਕੋਲ 85 ਸਾਲ ਦੀ ਉਮਰ ਵਿਚ ਸਦਾ ਲਈ ਚਲੇ ਗਏ ਪਰ ਉਹਨਾਂ ਦੀਆਂ ਲਿਖਤਾਂ ਦਾ ਅਣਮੁੱਲਾ ਸ਼ਰਮਾਇਆ ਸਾਡੇ ਕੋਲ ਖ਼ਜਾਨੇ ਦੀ ਤਰਾਂ ਹੈ। ਅਸੀਂ ਉਹਨਾਂ ਦੀਆਂ ਕਿਤਾਬਾਂ ਪੜ੍ਹ ਕੇ ਉਹਨਾਂ ਤੋਂ ਸੇਧ ਲੈਕੇ ਸਹੀ ਦਿਸ਼ਾ ਵੱਲ ਚੱਲ ਸਕਦੇ ਹਾਂ। ਉਸ ਦੀ ਜਿੰਦਗੀ ਭਰ ਕੀਤੀ ਸਾਹਿਤ ਦੀ ਸੇਵਾ ਦਾ ਲਾਹਾ ਲੈ ਸਕਦੇ ਹਾਂ।

# ਗੁਰਚਰਨ ਸਿੰਘ ਧੰਜੂ ਦਾ ਕਾਵਿ ਸੰਗ੍ਰਹਿ “ਵਿਰਸੇ ਦੇ ਹਰਫ਼” ਪੰਜਾਬੀ ਸਾਹਿਤ ਸਭਾ ਪਾਤੜਾਂ ਵੱਲੋਂ ਲੋਕ ਅਰਪਣ



ਪਾਤੜਾਂ-ਪੰਜਾਬੀ ਸਹਿਤ ਦੇ ਉੱਘੇ ਸ਼ਾਇਰ ਸ੍ਰ ਗੁਰਚਰਨ ਸਿੰਘ ਧੰਜੂ ਜੀ ਦਾ ਕਾਵਿ ਸੰਗ੍ਰਹਿ’ “ਵਿਰਸੇ ਦੇ ਹਰਫ਼” ਪੰਜਾਬੀ ਸਾਹਿਤ ਸਭਾ ਪਾਤੜਾਂ ( ਪਟਿਆਲਾ) ਵੱਲੋਂ ਬੱਤਰਾ ਅਕੈਡਮੀ ਜਾਖਲ ਰੋਡ ਪਾਤੜਾਂ ਵਿਖੇ ਲੋਕ ਅਰਪਣ ਕੀਤਾ ਗਿਆ ;ਜਿਸ ਦੌਰਾਨ ਉੱਘੇ ਸਾਹਿਤਕਾਰ,ਐਕਟਰ ਤੇ ਸ਼ੰਗੀਤਕਾਰ ਡਾਕਟਰ ਜਗਮੇਲ ਸਿੰਘ ਭਾਠੂਆਂ ਮੁੱਖ ਮਹਿਮਾਨ ਦੇ ਤੌਰ ਤੇ ਪਹੁੰਚੇ। ਪਰਚਾ ਪੜ੍ਹਨ ਦੀ ਰਸਮ ਸੀਨੀਅਰ ਪੱਤਰਕਾਰ ਭੁਪਿੰਦਰ ਜੀਤ ਸਿੰਘ ਜੀ ਮੌਲਵੀ ਵਾਲਾ ਨੇ ਕੀਤੀ ਅਤੇ ਕਿਤਾਬ ਦਾ ਮੁੱਖ ਬੰਦ ਸਭਾ ਦੇ ਪ੍ਰਧਾਨ ਤਰਸੇਮ ਸਿੰਘ ਖਾਸਪੁਰੀ ਜੀ ਵੱਲੋਂ ਪੜ੍ਹਿਆ ਗਿਆ।ਕਲਮ ਦੀ ਪਹਿਚਾਣ ਦਾ ਜ਼ਿਕਰ ਸਭਾ ਦੇ ਸਰਪ੍ਰਸਤ ਸ੍ਰ ਬਾਜ ਸਿੰਘ ਜੀ ਮਹਿਲੀਆ ਵੱਲੋਂ ਕੀਤਾ ਗਿਆ। ਮੰਚ ਸੰਚਾਲਕ ਦੀ ਭੂਮਿਕਾ ਸਭਾ ਦੇ ਕਾਰਜਕਾਰੀ ਮੈਂਬਰ ਰਵੀ ਘੱਗਾ ਜੀ ਨੇ ਸੋਹਣੇ ਅੰਦਾਜ਼ ‘ਚ ਨਿਭਾਈ ਅਤੇ ਪ੍ਰੋਗਰਾਮ ਦਾ ਪ੍ਰਬੰਧਨ ਸਭਾ ਦੇ ਵਿੱਤ ਸਕੱਤਰ ਜਤਿਨ ਬੱਤਰਾ ਜੀ ਵੱਲੋਂ ਬਾ-ਸਤਿਕਾਰ ਕੀਤਾ ਗਿਆ, ਨਾਲ ਹੀ  ਮਾਨ ਸਨਮਾਨ ਦੀਆਂ ਰਸਮਾਂ ਸਭਾ ਦੀ ਮੀਤ ਪ੍ਰਧਾਨ ਸ੍ਰੀਮਤੀ ਨਿਰਮਲਾ ਗਰਗ ਜੀ ਵੱਲੋਂ ਨਿਭਾਈਆਂ ਗਈਆਂ ।ਇਸ ਮੌਕੇ  ਅਨੀਤਾ ਅਰੋੜਾ ਰਿੰਕੂ ਪਾਤੜਾਂ, ਰਾਮਫਲ ਰਾਜਲਹੇੜੀ, ਦਰਸ਼ਨ ਸਿੰਘ ਲਾਡਬੰਨਜਾਰਾ, ਖੁਸ਼ਪ੍ਰੀਤ ਸਿੰਘ ਹਰੀਗੜ੍ਹ, ਸੁਭਾਸ਼ ਘੱਗਾ, ਮਾਸਟਰ ਪ੍ਰੇਮ ਸਿੰਘ ਮੌਲਵੀ ਵਾਲਾ ਵੱਲੋਂ ਆਪਣੀਆਂ ਰਚਨਾਵਾਂ ਪੜ੍ਹੀਆਂ ਗਈਆਂ । ਉਭਰਦੀ ਸ਼ਾਇਰਾ ਸੁਮਨ ਦੀਦ ਸੁਤਰਾਣਾਂ ਅਤੇ ਉਭਰਦੇ ਸਾਇਰ ਗੁਰਪ੍ਰੀਤ ਇੰਨਸਾਨ ਨੇ ਵੀ ਆਪਣੀ ਸ਼ਾਇਰੀ ਦਾ ਖ਼ੂਬ ਰੰਗ ਬੰਨ੍ਹਿਆ। ਮੁੱਖ ਮਹਿਮਾਨ ਦੇ ਤੌਰ ਤੇ ਪਹੁੰਚੇ ਡਾਕਟਰ ਜਗਮੇਲ ਸਿੰਘ ਭਾਠੂਆਂ ਅਤੇ ਅਤੇ ਉਹਨਾਂ ਦੇ ਸੁਪਤਨੀ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਸੰਗੀਤ ਵਿਭਾਗ ਦੀ ਸਾਬਕਾ ਅਸਿਸਟੈਂਟ ਪ੍ਰੋਫੈਸਰ, ਡਾ .ਰਵਿੰਦਰ ਕੌਰ ‘ਰਵੀ‘ ਨੇ ਉੱਘੇ ਪੰਜਾਬੀ ਸ਼ਾਇਰ ਅਮਰਜੀਤ ਕਸਕ ਜੀ ਦੀ ਸਦਾ ਬਹਾਰ ਰਚਨਾ “ ਛੱਲਾ ” ਗੀਤ ਗਾ ਕੇ ਵਾਹ ਵਾਹ ਖੱਟੀ ਅਤੇ  ਇਲਾਕੇ ਦੇ ਕਲਮਕਾਰਾਂ ਨੇ ਵੀ ਬਾਖ਼ੂਬ ਭਰਵੀਂ ਹਾਜ਼ਰੀ ਲਗਵਾਈ। ਇਸ ਮੌਕੇ ਮੁੱਖ ਮਹਿਮਾਨ ਡਾਕਟਰ ਜਗਮੇਲ ਸਿੰਘ ਭਾਠੂਆਂ; ਸਾਬਕਾ ਪ੍ਰੋਫੈਸਰ ਰਾਵਿੰਦਰ ਕੌਰ ‘ਰਵੀ,’ ਗੁਰਚਰਨ ਸਿੰਘ ਧੰਜੂ ਤੇ ਉਹਨਾਂ ਦੀ ਸੁਪਤਨੀ ਕੁਲਵਿੰਦਰ ਕੌਰ, ਸਭਾ ਦੇ ਮੀਤ ਪ੍ਰਧਾਨ ਤਰਸੇਮ ਖਾਸਪੁਰੀ, ਮੀਤ ਪ੍ਰਧਾਨ,ਸ਼੍ਰੀ ਮਤੀ  ਨਿਰਮਲਾ ਗਰਗ, ਮੁੱਖ ਪੇਪਰ ਵਕਤਾ ਭੁਪਿੰਦਰ ਜੀਤ ਸਿੰਘ ਮੌਲਵੀ ਵਾਲਾ ਅਤੇ ਪੰਜਾਬੀ ਸਾਹਿਤ ਸਭਾ ਪਾਤੜਾਂ ਦੇ ਸਰਪ੍ਰਸਤ ਬਾਜ਼ ਸਿੰਘ ਮਹਿਲੀਆ ਨੂੰ ਯਾਦਗਾਰੀ ਚਿੰਨ ਮੰਮੈਂਟੋ/ਫੁਲਕਾਰੀ ਆਦਿ  ਦੇ ਕੇ ਸਨਮਾਨਿਤ ਕੀਤਾ ਗਿਆ।



# ਕੁਦਰਤ ਦੇ ਖੇੜੇ ਨਾਲ ਭਰਪੂਰ ਬਸੰਤ ਰੁੱਤ

ਡਾ. ਪ੍ਰਿਤਪਾਲ ਸਿੰਘ ਮਹਿਰੋਕ
98885-10185



ਰੁੱਤਾਂ ਦੀ ਰਾਣੀ ਸਮਝੀ ਜਾਂਦੀ ਬਸੰਤ ਰੁੱਤ ਨੂੰ ਬਾਕੀ ਰੁੱਤਾਂ ਵਿੱਚੋਂ ਸਭ ਤੋਂ ਪਿਆਰੀ, ਸੁਹਾਵਣੀ ਤੇ ਮਨਮੋਹਕ ਰੁੱਤ ਹੋਣ ਵਜੋਂ ਜਾਣਿਆ ਤੇ ਸਤਿਕਾਰਿਆ ਜਾਂਦਾ ਹੈ। ਇਸ ਰੁੱਤ ਨੂੰ ਪ੍ਰਕਿਰਤੀ ਵਿੱਚ ਨਵੀਂ ਰੰਗਤ, ਖੇੜ ਤੇ ਚੇਤਨਾ ਲਿਆਉਣ ਦੇ ਪ੍ਰਤੀਕ ਵਜੋਂ ਵੀ ਸਵੀਕਾਰ ਕੀਤਾ ਜਾਂਦਾ ਹੈ। ਵਿਭਿੰਨ ਭਾਸ਼ਾਵਾਂ ਦੇ ਸਾਹਿਤ ਤੇ ਲੋਕ ਸਾਹਿਤ ਵਿੱਚ ਬਸੰਤ ਰੁੱਤ ਦਾ ਗੁਣ ਗਾਇਨ ਬੜੀ ਸ਼ਿੱਦਤ ਨਾਲ ਕੀਤਾ ਗਿਆ ਮਿਲਦਾ ਹੈ। ਬਸੰਤ ਦੀ ਆਮਦ ਤੋਂ ਪਹਿਲਾਂ ਕਹਿਰਾਂ ਦੀ ਸਰਦੀ ਪੈ ਚੁੱਕੀ ਹੁੰਦੀ ਹੈ। ਇਸ ਰੁੱਤ ਦੇ ਦਸਤਕ ਦੇਣ ਨਾਲ ਠੰਢ ਦਾ ਦਬਾਅ ਘਟਣ ਲਗਦਾ ਹੈ। ਵਾਤਾਵਰਣ ਦੇ ਬਦਲਦੇ ਮਿਜਾਜ਼ ਤੇ ਮੌਸਮੀ ਤਬਦੀਲੀਆਂ ਕਾਰਨ ਅੱਜ ਕੱਲ੍ਹ ਬਸੰਤ ਦੀ ਆਮਦ ਤੋਂ ਪਿੱਛੋਂ ਵੀ ਸਰਦੀ ਆਪਣਾ ਅਸਰ ਵਿਖਾਉਂਦੀ ਰਹਿੰਦੀ ਹੈ। ਕੁਦਰਤ ਨਵਾਂ ਲਿਬਾਸ ਧਾਰਨ ਕਰਦੀ ਹੈ। ਦਰੱਖਤਾਂ ਦੇ ਪੱਤੇ ਨਵੇਂ ਰੂਪ ਵਿੱਚ ਖਿੜ ਉਠਦੇ ਹਨ। ਫੁੱਲਾਂ 'ਤੇ ਖੇੜ ਆਉਂਦਾ ਹੈ। ਚੌਗਿਰਦਾ ਮਹਿਕ ਉਠਦਾ ਹੈ।

ਕਲਾ ਅਤੇ ਵਿਦਿਆ ਦੀ ਦੇਵੀ ਸਰਸਵਤੀ ਦਾ ਜਨਮ ਵੀ ਬਸੰਤ ਪੰਚਮੀ ਨੂੰ ਮਨਾਇਆ ਜਾਂਦਾ ਹੈ। ਇਸ ਦੇਵੀ ਨੂੰ ਵੀਣਾ ਵਾਦਿਨੀ ਜਾਂ ਵੀਣਾ ਧਾਰਿਣੀ ਕਹਿ ਕੇ ਵੀ ਸਤਿਕਾਰਿਆ ਜਾਂਦਾ ਹੈ। ਸਰਸਵਤੀ ਦੇਵੀ ਆਪਣੀ ਵੀਣਾ ਨਾਲ ਮਧੁਰ ਬਾਣੀ ਦੀ ਛਹਿਬਰ ਲਗਾ ਕੇ ਜੀਵਾਂ ਉੱਪਰ ਮਿਹਰ ਵਰਸਾਉਂਦੀ ਹੈ। ਮਧੁਰ ਬਾਣੀ ਦਾ ਰੰਗ ਬਿਖੇਰਨ ਵਾਲੀ ਸਰਸਵਤੀ ਮਾਂ ਦੇ ਅਵਤਾਰ ਉਤਸਵ ਨੂੰ ਬਸੰਤ ਪੰਚਮੀ ਦੇ ਦਿਨ 'ਸਰਸਵਤੀ ਦਿਵਸ' ਵਜੋਂ ਵੀ ਮਨਾਇਆ ਜਾਂਦਾ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਬਸੰਤ ਰਾਗ ਅਧੀਨ ਅੰਕਿਤ ਬਾਣੀ ਦਾ ਵਿਸ਼ੇਸ਼ ਮਹੱਤਵ ਹੈ, ਜਿਸ ਵਿੱਚ ਪ੍ਰਕਿਰਤੀ ਦੇ ਮੌਲਣ ਤੇ ਵਿਗਸਣ ਦੀ ਪ੍ਰਕਿਰਿਆ ਬਾਰੇ ਪ੍ਰਤੀਕਾਤਮਿਕ ਸੁਨੇਹਾ ਦਿੱਤਾ ਗਿਆ ਹੈ। ਗੁਰਮਤਿ ਸੰਗੀਤ ਦੀ ਪਰੰਪਰਾ ਵਿੱਚ ਬਸੰਤ ਰਾਗ ਦੀ ਵਿਸ਼ੇਸ਼ ਅਹਿਮੀਅਤ ਹੈ। ਬਸੰਤ ਰਾਗ ਵਿੱਚ ਗੁਰਬਾਣੀ ਦਾ ਕੀਰਤਨ ਕਰਨ ਵਾਲੇ ਮਾਹਿਰ ਜਦੋਂ ਇਕ ਮਨ, ਇਕ ਚਿਤ, ਇਕ ਰਸ ਹੋ ਕੇ ਤੇ ਸ਼ਬਦ ਵਿੱਚ ਲੀਨ ਹੋ ਕੇ ਗਾਇਨ ਕਰਦੇ ਹਨ ਤਾਂ ਇਕ ਤਰ੍ਹਾਂ ਨਾਲ ਉਹ ਸਦੀਵੀ ਖੇੜਾ ਪ੍ਰਦਾਨ ਕਰ ਰਹੇ ਹੁੰਦੇ ਹਨ।

ਵੀਰ ਹਕੀਕਤ ਰਾਏ ਦਾ ਬਲੀਦਾਨ ਦਿਵਸ ਇਸੇ ਦਿਨ ਮਨਾਇਆ ਜਾਂਦਾ ਹੈ। ਬਾਲ ਹਕੀਕਤ ਰਾਏ ਨੂੰ ਬਾਲ ਅਵਸਥਾ ਵਿੱਚ ਹੀ ਸੰਪਰਦਾਇਕ ਕ੍ਰੋਧ ਦਾ ਸ਼ਿਕਾਰ ਹੋਣਾ ਪਿਆ ਸੀ। ਆਪਣੀ ਮਾਂ ਦੇ ਪ੍ਰਭਾਵ ਹੇਠ ਹੋਣ ਕਰਕੇ ਬਾਲ ਹਕੀਕਤ ਰਾਏ ਗੁਰੂ ਘਰ ਦਾ ਸ਼ਰਧਾਲੂ ਸੀ। ਨਿੱਡਰ, ਦਲੇਰ ਤੇ ਦ੍ਰਿੜ ਇਰਾਦੇ ਵਾਲੇ ਵੀਰ ਹਕੀਕਤ ਰਾਏ ਦੀ ਮਦਰੱਸੇ ਵਿੱਚ ਮੁਸਲਮਾਨ ਮੁੰਡਿਆਂ ਨਾਲ ਅਕਸਰ ਬਹਿਸ ਹੁੰਦੀ ਰਹਿੰਦੀ ਸੀ। ਬਹਿਸ ਦੌਰਾਨ ਮਜ਼ਬ੍ਹਾਂ ਦੇ ਮਸਲੇ ਵੀ ਵਿਚਾਰ ਅਧੀਨ ਆ ਜਾਂਦੇ ਸਨ। ਜਦੋਂ ਕਦੇ ਹਕੀਕਤ ਰਾਏ ਦੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਦੀ ਤਾਂ ਤਲਖ਼-ਕਲਾਮੀ ਵੀ ਹੁੰਦੀ। ਮਦਰੱਸੇ ਦੇ ਮੌਲਵੀ ਵੱਲੋਂ ਹਕੀਕਤ ਰਾਏ ਦੀ ਸ਼ਿਕਾਇਤ ਸਿਆਲਕੋਟ ਦੇ ਹਾਕਮ ਕੋਲ ਲਗਾ ਦਿੱਤੇ ਜਾਣ ਪਿੱਛੋਂ ਉਸ ਨੂੰ ਬੰਦੀ ਬਣਾ ਦਿੱਤਾ ਗਿਆ। ਕਾਜ਼ੀ ਨੇ ਬਾਲ ਹਕੀਕਤ ਰਾਏ ਨੂੰ ਇਸਲਾਮ ਕਬੂਲ ਕਰ ਲੈਣ ਦਾ ਫਤਵਾ ਸੁਣਾ ਦਿੱਤਾ ਪਰ ਹਕੀਕਤ ਰਾਏ ਨੇ ਮੁਸਲਮਾਨ ਬਣਨ ਤੋਂ ਇਨਕਾਰ ਕਰ ਦਿੱਤਾ। ਲਾਹੌਰ ਦੇ ਸੂਬੇ ਦੇ ਹੁਕਮ ਨਾਲ ਵੀਰ ਹਕੀਕਤ ਰਾਏ ਨੂੰ 1741 ਈਸਵੀ ਵਿੱਚ ਬਸੰਤ ਪੰਚਮੀ ਵਾਲੇ ਦਿਨ ਸ਼ਹੀਦ ਕਰ ਦਿੱਤਾ ਗਿਆ ਸੀ। ਕਹਿੰਦੇ ਹਨ 1947 ਤੋਂ ਪਹਿਲਾਂ ਲਾਹੌਰ ਵਿਚ ਵੀਰ ਹਕੀਕਤ ਰਾਏ ਦੀ ਯਾਦ ਵਿੱਚ ਬਸੰਤ ਪੰਚਮੀ ਦਾ ਬੜਾ ਭਰਵਾਂ ਮੇਲਾ ਲਗਦਾ ਹੁੰਦਾ ਸੀ ਹੁਣ ਇਸ ਮੇਲੇ ਵਿੱਚ ਹਾਜ਼ਰੀ ਨਾ-ਮਾਤਰ ਹੁੰਦੀ ਹੈ।

ਬਸੰਤ, ਮਾਘ ਮਹੀਨੇ ਦੇ ਚਾਨਣੀ ਪੱਖ ਦੀ ਪੰਚਮੀ ਨੂੰ ਮਨਾਈ ਜਾਂਦੀ ਹੈ। ਭਾਰਤੀ ਸੰਗੀਤ ਦੀ ਰਾਗ ਪ੍ਰਣਾਲੀ ਵਿੱਚ ਇਸ ਰੁੱਤ ਦੀ ਮਹਿਮਾ ਗਾਉਣ ਲਈ ਬਸੰਤ ਰਾਗ ਦਾ ਵਿਸ਼ੇਸ਼ ਮਹੱਤਵ ਹੈ। ਨਾਮਧਾਰੀ ਸਤਿਗੁਰੂ ਬਾਬਾ ਰਾਮ ਸਿੰਘ ਜੀ ਦਾ ਜਨਮ ਦਿਨ ਇਸੇ ਦਿਨ ਮਨਾਇਆ ਜਾਂਦਾ ਹੈ। ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਦੇ ਜਰਨੈਲ ਸ਼ਾਮ ਸਿੰਘ ਅਟਾਰੀਵਾਲਾ ਦੀ ਸ਼ਹਾਦਤ ਵੀ ਇਸੇ ਦਿਨ ਹੋਈ ਹੋਣ ਬਾਰੇ ਦੱਸਿਆ ਜਾਂਦਾ ਹੈ। ਉਸ ਮਹਾਨ ਸ਼ਹੀਦ ਨੂੰ ਵੀ ਇਸ ਦਿਨ ਸਤਿਕਾਰਪੂਰਵਕ ਯਾਦ ਕੀਤਾ ਜਾਂਦਾ ਹੈ। ਇਤਿਹਾਸਕਾਰਾਂ ਅਨੁਸਾਰ ਮਹਾਰਾਜਾ ਰਣਜੀਤ ਸਿੰਘ ਬਸੰਤ ਪੰਚਮੀ ਵਾਲੇ ਦਿਨ ਇੱਕ ਵਿਸ਼ੇਸ਼ ਦਰਬਾਰ ਸਜਾਉਂਦੇ ਸਨ ਜਿਸ ਵਿੱਚ ਦਰਬਾਰੀ ਪੀਲੇ ਬਾਣੇ ਪਹਿਨ ਕੇ ਸ਼ਾਮਲ ਹੁੰਦੇ ਸਨ ਤੇ ਸੈਨਾ ਪਰੇਡ ਕਰਿਆ ਕਰਦੀ ਸੀ। ਹੁਣ ਵੀ ਕਈ ਧਾਰਮਿਕ ਤੇ ਸਮਾਜਿਕ ਅਵਸਰਾਂ ਉੱਤੇ ਪੀਲੇ ਰੰਗ ਦੇ ਵਸਤਰ ਪਹਿਨ ਕੇ ਕਈ ਰਸਮਾਂ ਪੂਰੀਆਂ ਕੀਤੀਆਂ ਜਾਂਦੀਆਂ ਹਨ। ਇਸ ਦਿਨ ਪੀਲੇ ਵਸਤਰ ਪਹਿਨਣ ਦਾ ਰੁਝਾਨ ਪੰਜਾਬ, ਰਾਜਸਥਾਨ, ਉੱਤਰ ਪ੍ਰਦੇਸ਼, ਮਹਾਰਾਸ਼ਟਰ, ਹਰਿਆਣਾ ਅਤੇ ਹਿਮਾਚਲ ਪ੍ਰਦੇਸ਼ ਆਦਿ ਰਾਜਾਂ ਵਿੱਚ ਵੀ ਹੈ। ਪੀਲੇ ਰੰਗ ਨਾਲ ਇਸ ਮੌਸਮੀ ਤਿਉਹਾਰ ਦਾ ਵਿਸ਼ੇਸ਼ ਸਬੰਧ ਹੈ। ਪੀਲੇ ਵਸਤਰ ਪਹਿਨਣ ਦੇ ਨਾਲ ਨਾਲ ਲੋਕ ਘਰਾਂ ਵਿੱਚ ਪੀਲੇ ਪਕਵਾਨ ਬਣਾਉਣਾ ਵੀ ਪਸੰਦ ਕਰਦੇ ਹਨ। ਖੇਤਾਂ ਵਿੱਚ ਉੱਗੀ ਸਰ੍ਹੋਂ ਦੀ ਫ਼ਸਲ ਪੂਰੇ ਜੋਬਨ 'ਤੇ ਆ ਜਾਂਦੀ ਹੈ ਤੇ ਪੀਲੇ ਵਸਤਰ ਪਹਿਨ ਕੇ ਚੌਗਿਰਦੇ ਵਿੱਚ ਰੰਗਤ ਤੇ ਮਹਿਕ ਫੈਲਾਅ ਦਿੰਦੀ ਹੈ। ਕਈ ਇਲਾਕਿਆਂ ਵਿੱਚ ਲੋਕ ਇਸ ਦਿਨ ਨਵਾਂ ਅੰਨ ਵੀ ਮੂੰਹ ਨੂੰ ਲਗਾਉਂਦੇ ਹਨ ਤੇ ਉਸਦਾ ਸਵਾਦ ਚੱਖਦੇ ਹਨ। ਬਸੰਤ ਪੰਚਮੀ ਨੂੰ ਲੋਕ ਆਪਣੇ ਦਿਲ ਦੀਆਂ ਖੁਸ਼ੀਆਂ ਵੰਡਣ ਲਈ ਪਤੰਗਾਂ ਉਡਾ ਕੇ ਹੁਲਾਸ ਪ੍ਰਗਟ ਕਰਦੇ ਹਨ। ਆਕਾਸ਼ ਵਿੱਚ ਉੱਡਦੀਆਂ ਪਤੰਗਾਂ ਨੱਚ ਰਹੀਆਂ ਪ੍ਰਤੀਤ ਹੁੰਦੀਆਂ ਹਨ ਤੇ ਬੜ ਮਨਮੋਹਕ ਦ੍ਰਿਸ਼ ਪੇਸ਼ ਕਰਦੀਆਂ ਹਨ। ਹੁਣ ਬਸੰਤੀ ਰੰਗ ਵਿੱਚ ਰੰਗੇ ਸਰ੍ਹੋਂ ਦੇ ਖੇਤਾਂ ਦਾ ਮਾਲਕ ਕਿਸਾਨ, ਧਰਤੀ ਦਾ ਜਾਇਆ ,ਖੇਤਾਂ ਦਾ ਪੁੱਤਰ ਆਪਣੀ ਹੋਂਦ ਦੀ ਸਲਾਮਤੀ ਲਈ ਜੱਦੋਜਹਿਦ ਕਰ ਰਿਹਾ ਹੈ। ਉਹ ਉਦਾਸ ਹੈ, ਨਿਰਾਸ਼ ਹੈ। ਆਪਣੀ ਜ਼ਮੀਨ ਬਚਾਉਣ ਲਈ, ਕਰਜ਼ੇ ਦੇ ਭਾਰ ਤੋਂ ਬੋਝ-ਮੁਕਤ ਹੋਣ ਲਈ,ਆਪਣੀਆਂ ਫਸਲਾਂ ਦਾ ਵਾਜਬ ਮੁੱਲ ਪੁਆਉਣ ਲਈ, ਆਪਣੇ ਹੱਕਾਂ ਦੀ ਰਾਖੀ ਲਈ ਲੜਾਈ ਲੜ ਰਿਹਾ ਹੈ। ਕੁਝ ਦਹਾਕਿਆਂ ਤੋਂ ਕਰਜ਼ਾਈ ਹੋ ਕੇ ਜਾਂ ਆਰਥਿਕ ਸਮੱਸਿਆਵਾਂ ਕਾਰਨ ਜਦੋਂ ਤੋਂ ਕਿਸਾਨ ਖ਼ੁਦਕੁਸ਼ੀਆਂ ਦੇ ਰਾਹ 'ਤੇ ਪੈ ਗਿਆ ਹੈ ਤਾਂ ਬਸੰਤ ਰੁੱਤ ਦੀ ਰੰਗਤ ਵੀ ਫਿੱਕੀ ਪੈਂਦੀ ਨਜ਼ਰ ਆਉਂਦੀ ਹੈ। ਮਿਹਨਤ ਮਜ਼ਦੂਰੀ ਕਰਨ ਵਾਲਾ ਕਿਰਤੀ, ਛੋਟਾ ਦੁਕਾਨਦਾਰ, ਮਸੀਂ ਗੁਜ਼ਾਰਾ ਚਲਾਉਣ ਵਾਲਾ ਤਨਖਾਹਦਾਰ ਮੁਲਾਜ਼ਮ ਤੇ ਸਾਧਾਰਨ ਆਦਮੀ ਟੈਕਸਾਂ ਦੇ ਭਾਰੇ ਬੋਝ ਥੱਲੇ ਲਿਤਾੜਿਆ ਜਾ ਰਿਹਾ ਹੈ। ਉਸਨੂੰ ਬਸੰਤ ਰੁੱਤ ਦਾ ਕਾਹਦਾ ਚਾਅ?

ਉਤਪਾਦਨ ਦੇ ਸਾਧਨ ਸੀਮਤ ਲੋਕਾਂ ਤੱਕ ਸਿਮਟਦੇ ਜਾ ਰਹੇ ਹਨ। ਮਹਿੰਗਾਈ ਨੇ ਮਨੁੱਖ ਦਾ ਕਚੂਮਰ ਕੱਢ ਦਿੱਤਾ ਹੈ ਤੇ ਉਸਦਾ ਜੀਊਣਾ ਮੁਹਾਲ ਕਰ ਦਿੱਤਾ ਹੈ। ਪੈਸੇ ਦੀ ਕਾਣੀ ਵੰਡ ਨੇ, ਬੇਰੁਜ਼ਗਾਰੀ ਨੇ, ਭ੍ਰਿਸ਼ਟਾਚਾਰ ਨੇ, ਗੈਂਗਸਟਰਾਂ ਵੱਲੋਂ ਫੈਲਾਏ ਆਤੰਕ ਨੇ, ਲੁੱਟਾਂ-ਖੋਹਾਂ ਕਰਨ ਵਾਲੇ ਲੁਟੇਰਿਆਂ ਨੇ, ਲੋਕਾਂ ਦੇ ਹੋ ਰਹੇ ਸ਼ੋਸ਼ਣ ਨੇ, ਮਨੁੱਖੀ ਅਧਿਕਾਰਾਂ ਉਪਰ ਨਿੱਤ ਪੈਂਦੇ ਡਾਕਿਆਂ ਨੇ, ਸਮਾਜ ਵਿੱਚ ਫੈਲ ਰਹੀ ਬੇਚੈਨੀ ਤੇ ਅਰਾਜਿਕਤਾ ਨੇ, ਯੁਵਾ ਵਰਗ ਦੇ ਵਿਦੇਸ਼ੀਂ ਜਾ ਵੱਸਣ ਦੇ ਵਧਦੇ ਰੁਝਾਨ ਆਦਿ ਨੇ ਸਾਧਾਰਨ ਮਨੁੱਖ ਦੀਆਂ ਚਿੰਤਾਵਾਂ ਵਧਾ ਦਿੱਤੀਆਂ ਹਨ। ਸਮਾਜ ਦੇ ਕਈ ਵਰਗਾਂ ਵਾਂਗ ਦੇਸ਼ ਦਾ ਕਿਸਾਨ ਵੀ ਨਿਰਾਸ਼ ਹੈ। ਆਪਣੀਆਂ ਵਾਜਿਬ ਮੰਗਾਂ ਮੰਨਵਾਉਣ ਲਈ ਦੇਸ਼ ਦਾ ਅੰਨਦਾਤਾ ਮੁੜ ਸੜਕਾਂ 'ਤੇ ਉਤਰਨ ਲਈ ਮਜਬੂਰ ਹੈ। ਕਈ ਚੁਣੌਤੀਆਂ ਦੇ ਸਨਮੁੱਖ ਖੜਿਆ ਕਿਸਾਨ ਆਪਣੀ ਹੋਂਦ ਬਚਾਉਣ ਲਈ ਵਾਹ ਲਗਾ ਰਿਹਾ ਹੈ। ਅਜਿਹੇ ਯਤਨ ਕੀਤੇ ਜਾਣ ਜਿਨ੍ਹਾਂ ਦੇ ਸਿੱਟੇ ਵਜੋਂ ਕਿਸਾਨ, ਕਿਰਤੀ ਤੇ ਮਜ਼ਦੂਰ ਦੀ ਆਰਥਿਕ ਹਾਲਤ ਸੁਖਾਵੀਂ ਬਣ ਸਕੇ ਤੇ ਸਾਧਾਰਨ ਮਨੁੱਖ, ਗਰੀਬ ਕਿਸਾਨ ਤੇ ਮਜ਼ਦੂਰ ਵੀ ਬਸੰਤ ਦੀ ਰੁੱਤ ਵਿੱਚ ਖੇੜ ਭਰਪੂਰ ਜੀਵਨ ਜੀਉਣ ਦਾ ਸੁੱਖ ਪ੍ਰਾਪਤ ਕਰ ਸਕੇ ! ਕਿਰਤੀ ਕਿਸਾਨ ਦਾ ਜਿਗਰਾ ਵੀ ਪਹਾੜ ਜਿੱਡਾ ਹੈ। ਉਸਦੇ ਸਬਰ ਨੂੰ ਹੋਰ ਨਾ ਪਰਖਿਆ ਜਾਵੇ। ਧਰਤੀ ਅਸਲੀ ਬਸੰਤੀ ਰੰਗ ਵਿੱਚ ਉਦੋਂ ਹੀ ਰੰਗੀ ਜਾਵੇਗੀ ਜਦੋਂ ਮਨੁੱਖ ਸਮਾਜਿਕ-ਆਰਥਿਕ ਤੌਰ 'ਤੇ ਆਜ਼ਾਦ ਹੋ ਜਾਵੇਗਾ ਤੇ ਉਹ ਖ਼ੁਦਕੁਸ਼ੀ ਕਰਨ ਜਾਂ ਜ਼ਿੰਦਗੀ ਤੋਂ ਕਿਨਾਰਾਕਸ਼ੀ ਕਰਨ ਵਰਗੇ ਦੁਖਦਾਈ ਫ਼ੈਸਲੇ ਨਹੀਂ ਲਵੇਗਾ। ਬਸੰਤ ਰੁੱਤ ਹਰ ਸਾਲ ਆਉਂਦੀ ਹੈ। ਵੇਖਣ ਵਾਲੀ ਗੱਲ ਇਹ ਹੈ ਕਿ ਬਸੰਤ ਰੁੱਤ ਖੁਸ਼ੀਆਂ, ਖੇੜਿਆਂ, ਖੁਸ਼ਹਾਲੀ, ਰੰਗਾਂ ਤੇ ਮਹਿਕਦੀਆਂ ਹਵਾਵਾਂ ਦਾ ਸੁਨੇਹਾ ਲੈ ਕੇ ਕਦੋਂ ਆਵੇਗੀ ? ਆਓ, ਆਸ਼ਾਵਾਦੀ ਹੋਈਏ ਤੇ ਉਸ ਸਮੇਂ ਦਾ ਇੰਤਜ਼ਾਰ ਕਰੀਏ !

185-ਵਸੰਤ ਵਿਹਾਰ, ਡੀ.ਸੀ.ਰੈਜ਼ੀਡੈਂਸ ਰੋਡ,
ਹੁਸ਼ਿਆਰਪੁਰ-146 001

# ਇੰਗਲੈਂਡ 'ਚ ਪਹਿਲੇ ਅੰਤਰਰਾਸ਼ਟਰੀ ਪੱਧਰ ਤੇ ਮਾਨਤਾ ਪ੍ਰਾਪਤ ਪਵਿੱਤਰ ਸਿੱਖ ਸੰਗੀਤ ਸਿਲੇਬਸ ਨੂੰ ਅਧਿਕਾਰਤ ਤੌਰ ਤੇ ਕੀਤਾ ਗਿਆ ਜਾਰੀ



ਬਰਮਿੰਘਮ (ਇੰਗਲੈਂਡ), (ਸੁਖਜਿੰਦਰ ਸਿੰਘ ਢੱਡੇ, ਪਰਵਿੰਦਰ ਸਿੰਘ)-ਗਲੋਬਲ ਸਿੱਖ ਵਿਜਨ ਲੰਡਨ ਦੇ ਅਣਥੱਕ ਯਤਨਾਂ ਸਦਕਾ ਇੰਗਲੈਂਡ ਦੇ ਸ਼ਹਿਰ ਬਰਮਿੰਘਮ ਦੇ ਮਸ਼ਹੂਰ (ਸਿਟੀ ਆਫ ਬਰਮਿੰਘਮ ਸਿੰਫਨੀ ਆਰਕੈਸਟਰਾ) ਵਿੱਚ ਪਹਿਲੇ ਅੰਤਰਰਾਸ਼ਟਰੀ ਪੱਧਰ ਤੇ ਮਾਨਤਾ ਪ੍ਰਾਪਤ ਤੰਤੀ ਸਾਜ਼ਾਂ ਦੇ ਪਵਿੱਤਰ ਸਿੱਖ ਸੰਗੀਤ ਸਿਲੇਬਸ ਨੂੰ ਅਧਿਕਾਰਤ ਤੌਰ ਤੇ ਜਾਰੀ ਕੀਤਾ ਗਿਆ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਸਿੱਖ ਗਲੋਬਲ ਵਿਜਨ ਲੰਡਨ ਦੇ ਕੋਹਲੀ ਰਵਿੰਦਰਪਾਲ ਸਿੰਘ ਨੇ ਦੱਸਿਆ ਕਿ ਇਹ ਸਿਲੇਬਸ ਡਾ. ਹਰਜਿੰਦਰ ਸਿੰਘ ਲਾਲੀ ਦੁਆਰਾ ਤਿਆਰ ਕੀਤਾ ਗਿਆ ਹੈ। ਜੋ ਵਿਸ਼ਵ ਪੱਧਰ ਤੇ ਸਿੱਖ ਸੰਗੀਤਕ ਵਿਰਾਸਤ ਨੂੰ ਅੱਠਵੀਂ-ਗਰੇਡ ਸੰਗੀਤ ਪ੍ਰੀਖਿਆ ਪ੍ਰਣਾਲੀ ਵਿੱਚ ਏਕੀਕ੍ਰਿਤ ਕਰਦੀ ਹੈ। ਜਿਸ ਵਿੱਚ ਰਵਾਇਤੀ ਸਿੱਖ ਤੰਤੀ ਸਾਜ਼ਾ ਦਾ ਅਧਿਐਨ ਹੁਣ ਇੰਗਲੈਂਡ ਦੀ ਯੂ. ਸੀ. ਏ. ਐਸ. ਦੁਆਰਾ ਰਵਾਇਤੀ ਤੌਰ ਤੇ ਅਧਿਕ੍ਰਿਤ ਕੀਤਾ ਗਿਆ ਹੈ। ਵਰਤਮਾਨ ਵਿੱਚ 5 ਸਿੱਖ ਤੰਤੀ ਸਾਜ਼ਾ ਨੂ ਅਧਿਕ੍ਰਿਤ ਕੀਤਾ ਗਿਆ ਹੈ, ਇਹ ਯੰਤਰ ਪੰਜਾਬ ਦੇ ਹਨ। ਜਿਨ੍ਹਾਂ ਦੇ ਨਾਮ ਹਨ: (1) ਦਿਲਰੁਬਾ (2) ਤਾਊਸ (3) ਇਸਰਾਜ (4) ਸਾਰੰਗੀ (5) ਸਾਰੰਦਾ

ਇਸ ਸਮਾਗਮ ਦੇ ਮੁਖੀ ਪ੍ਰਬੰਧਕ ਕੁਲਦੀਪ ਸਿੰਘ ਉੱਭੀ ਨੇ ਦੱਸਿਆ ਕਿ ਇਸ ਸਮਾਗਮ ਦੀ ਮਹੱਤਤਾ ਨੂੰ ਹੋਰ ਵਧਾਉਣ ਲਈ ਪ੍ਰਸਿੱਧ ਕਲਾਕਾਰ ਬਲਵੰਤ ਸਿੰਘ (ਵੋਕਲ), ਕਿਰਪਾਲ ਸਿੰਘ (ਇਸਰਾਜ) ਅਤੇ ਹੋਰ ਮਸ਼ਹੂਰ ਕਲਾਕਾਰ ਵਿਸ਼ੇਸ਼ ਤੌਰ ਤੇ ਸ੍ਰੀ ਭੈਣੀ ਸਾਹਿਬ, ਪੰਜਾਬ ਤੋਂ ਹਿੱਸਾ ਲੈਣ ਪਹੁੰਚੇ।

ਜ਼ਿਕਰਯੋਗ ਹੈ ਕਿ ਨਾਮਧਾਰੀ ਸਿੱਖ ਸੰਗਤ ਇਸ ਪਵਿੱਤਰ ਵਿਰਸੇ ਦੇ ਸਰੋਤ ਅਤੇ ਰੱਖਿਅਕ ਦੋਵਾਂ ਵਜੋਂ ਇੱਕ ਲੰਬੇ ਸਮੇਂ ਤੋਂ ਕੰਮ ਕਰ ਰਹੀ ਹੈ। ਸਾਲਾਂ ਦੀ ਅਣਥੱਕ ਮਿਹਨਤ ਨਾਲ ਸਤਿਗੁਰੂ ਜਗਜੀਤ ਸਿੰਘ ਜੀ ਨੇ ਸਿੱਖ ਕੀਰਤਨ ਨੂੰ ਇਸ ਦੇ ਅਸਲੀ, ਨਿਰਵਿਘਨ ਰੂਪ ਵਿੱਚ ਮੁੜ ਸੁਰਜੀਤ ਕੀਤਾ ਹੈ। ਗਿਆਨੀ ਰਘਬੀਰ ਸਿੰਘ ਜੀ, ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਨੇ ਬਰਤਾਨੀਆ ਦੀ ਸਿੱਖਿਆ ਪ੍ਰਣਾਲੀ ਵਿਚ ਗੁਰਮਤਿ ਸੰਗੀਤ ਸ਼ਾਮਲ ਕਰਨ ਦੀ ਸਿੱਖਾ ਦੀ ਇਸ ਪ੍ਰਾਪਤੀ ਬਦਲੇ ਬਰਤਾਨੀਆ ਦੇ ਸਿੱਖਾਂ ਨੂੰ ਵਧਾਈ ਦਿੱਤੀ ਹੈ ਅਤੇ ਕਿਹਾ ਬਰਤਾਨੀਆ ਦੀ ਸਿੱਖ ਸੰਗਤ ਦੀਆ ਅਣਥੱਕ ਕੋਸ਼ਿਸ਼ਾਂ ਨਾਲ ਇਹ ਮਾਣਮੱਤੀ ਪ੍ਰਾਪਤੀ ਹੋਈ ਹੈ। ਵਿਸ਼ਵ ਪ੍ਰਸਿੱਧ ਉਸਤਾਦ ਸੁਰਜੀਤ ਸਿੰਘ ਨੇ ਦੱਸਿਆ ਕਿ ਇਹ ਵਿਲੱਖਣ ਸੁਝਾਅ 'ਗਲੋਬਲ ਸਿੱਖ ਵਿਜ਼ਨ ਲੰਡਨ' ਦਾ ਹੈ, ਜਿਨ੍ਹਾਂ ਨੇ ਸਭ ਤੋਂ ਪਹਿਲਾਂ 2022 ਵਿੱਚ ਗੁਰੂ ਸਾਹਿਬਾਨ ਦੁਆਰਾ ਪ੍ਰਚਲਿਤ ਤੰਤੀ ਸਾਜ਼ਾ ਨੂੰ ਪੁਨਰਜੀਵਿਤ ਕਰਨ ਦਾ ਸੰਕਲਪ ਅਮਲ ਵਿੱਚ ਲਿਆਂਦਾ ਸੀ। ਉਹਨਾ ਨੇ ਮਈ 2022 ਵਿੱਚ ਵਾਲਸਾਲ ਫੁੱਟਬਾਲ ਸਟੇਡੀਅਮ ਵਿੱਖੇ ਇੱਕ ਸ਼ਾਨਦਾਰ ਪ੍ਰੋਗਰਾਮ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 400ਵੇਂ ਪ੍ਰਕਾਸ਼ ਗੁਰਪੁਰਬ ਨੂੰ ਸਮਰਪਿਤ "ਗੁਰੂ ਤੇਗ ਬਹਾਦਰ ਰੈਪਸੋਡੀ" ਦਾ ਆਯੋਜਨ ਕੀਤਾ ਸੀ, ਜਿਸ ਵਿੱਚ 400 ਤੰਤੀ ਸਾਜ਼ਾ ਦੀ ਵਰਤੋਂ ਕੀਤੀ ਗਈ ਸੀ ਅਤੇ ਇਸ ਇਤਿਹਾਸਕ ਘਟਨਾ ਨੇ ਇੱਕ ਨਵਾਂ ਵਿਲੱਖਣ ਵਿਸ਼ਵ ਰਿਕਾਰਡ ਕਾਇਮ ਕੀਤਾ, ਅਤੇ ਇਸ ਨੂੰ "ਵਰਲਡ ਬੁੱਕ ਆਫ਼ ਰਿਕਾਰਡਜ਼ ਲੰਡਨ ਦੇ ਗੋਲਡ ਐਡੀਸ਼ਨ" ਵਿੱਚ ਸਥਾਨ ਪ੍ਰਾਪਤ ਹੋਇਆ। ਇਸ ਪ੍ਰਕਾਰ ਤੰਤੀ ਸਾਜ਼ਾ ਦੀ ਮਹੱਤਤਾ ਨੂੰ ਗਲੋਬਲ ਸਿੱਖ ਵਿਜ਼ਨ ਨੇ ਸਫਲਤਾ ਪੂਰਵਕ ਉਜਾਗਰ ਕੀਤਾ ਅਤੇ ਵਿਸ਼ਵ ਪੱਧਰ ਤੇ ਵੱਖ-ਵੱਖ ਸੰਸਥਾਵਾਂ ਦੁਆਰਾ ਇਸ ਤੇ ਕੰਮ ਸ਼ੁਰੂ ਹੋਇਆ।

# ਰਾਸ਼ਟਰਪਤੀ ਟਰੰਪ ਨੇ 'ਲੇਕਨ ਰੀਲੇਅ ਐਕਟ' ਉਪਰ ਕੀਤੇ ਦਸਤਖਤ

## ✪ ਗੈਰ ਕਾਨੂੰਨੀ ਪ੍ਰਵਾਸੀਆਂ ਵਿਰੁੱਧ ਕਾਰਵਾਈ ਲਈ ਇਮਗ੍ਰੇਸ਼ਨ ਅਫਸਰਾਂ ਨੂੰ ਮਿਲੇ ਅਧਿਕਾਰ



ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-ਰਾਸ਼ਟਰਪਤੀ ਡੋਨਾਲਡ ਟਰੰਪ ਨੇ ਬਹੁਤ ਹੀ ਚਰਚਿਤ 'ਲੇਕਨ ਰੀਲੇਅ ਐਕਟ' ਉਪਰ ਦਸਤਖਤ ਕਰ ਦਿੱਤੇ ਹਨ। 20 ਜਨਵਰੀ ਨੂੰ ਆਪਣਾ ਕਾਰਜਕਾਲ ਸੰਭਾਲਣ ਉਪਰੰਤ ਇਹ ਪਹਿਲਾ ਕਾਨੂੰਨ ਹੈ ਜਿਸ ਉਪਰ ਟਰੰਪ ਨੇ ਸਹੀ ਪਾਈ ਹੈ। ਹੁਣ ਇਸ ਕਾਨੂੰਨ ਤਹਿਤ ਇਮੀਗ੍ਰੇਸ਼ਨ ਅਫਸਰ ਗੈਰ ਕਾਨੂੰਨੀ ਪ੍ਰਵਾਸੀ ਨੂੰ ਉਸ ਵੇਲੇ ਆਪਣੀ ਹਿਰਾਸਤ ਵਿਚ ਲੈ ਸਕਣਗੇ ਜਦੋਂ ਉਹ ਕਿਸੇ ਅਪਰਾਧ ਤਹਿਤ ਪੁਲਿਸ ਅਫਸਰਾਂ ਵੱਲੋਂ ਗ੍ਰਿਫਤਾਰ ਕੀਤਾ ਜਾਵੇਗਾ। ਉਸ ਵਿਰੁੱਧ ਮੁਕੱਦਮੇ ਦੀ ਬਜਾਏ ਉਸ ਨੂੰ ਸਿੱਧਾ ਦੇਸ਼ ਨਿਕਾਲਾ ਦਿੱਤਾ ਜਾਵੇਗਾ। ਇਸ ਤੋਂ ਪਹਿਲਾਂ ਵਾਈਟ ਹਾਊਸ ਵਿਚ ਸੰਬੋਧਨ ਕਰਦਿਆਂ ਟਰੰਪ ਨੇ ਕਿਹਾ ਕਿ ਇਹ ਇਕ ਇਤਿਹਾਸਕ ਕਾਨੂੰਨ ਹੈ ਜਿਸ ਉਪਰ ਅੱਜ ਸਹੀ ਪਾਉਣ ਜਾ ਰਹੇ ਹਾਂ। ਇਸ ਨਾਲ ਅਣਗਿਣਤ ਨਿਰਦੋਸ਼ ਅਮਰੀਕੀ ਨਾਗਰਿਕਾਂ ਦੇ ਜੀਵਨ ਬਚ ਜਾਣਗੇ। ਇਸ ਕਾਨੂੰਨ ਦਾ ਨਾਂ 22 ਸਾਲਾ ਨਰਸਿੰਗ ਵਿਦਿਆਰਥਣ ਲੇਕਨ ਰਿਲੇਅ ਦੇ ਨਾਂ 'ਤੇ ਰਖਿਆ ਗਿਆ ਹੈ ਜਿਸ ਦੀ 22 ਫਰਵਰੀ 2024 ਨੂੰ ਇਕ ਵੈਂਜ਼ੁਏਲੀਅਨ ਨਾਗਰਿਕ ਦੁਆਰਾ ਐਥਨਜ, ਜਾਰਜੀਆ ਵਿਚ ਹੱਤਿਆ ਕਰ ਦਿੱਤੀ ਗਈ ਸੀ। ਇਹ ਵੈਂਜ਼ੁਏਲਨ ਨਾਗਰਿਕ ਗੈਰ ਕਾਨੂੰਨੀ ਸੀ ਤੇ ਇਸ ਤੋਂ ਪਹਿਲਾਂ ਉਹ ਦੁਕਾਨ ਤੋਂ ਚੋਰੀ ਕਰਨ ਦੇ ਮਾਮਲੇ ਵਿਚ ਫੜਿਆ ਗਿਆ ਸੀ। ਲੇਕਨ ਰੀਲੇਅ 2024 ਦੀਆਂ ਚੋਣਾਂ ਵਿਚ ਚੋਣ ਪ੍ਰਚਾਰ ਦੌਰਾਨ ਟਰੰਪ ਦੇ ਭਾਸ਼ਣਾਂ ਦਾ ਕੇਂਦਰ ਬਿੰਦੂ ਰਹੀ ਸੀ। ਚੋਣ ਪ੍ਰਚਾਰ ਦੌਰਾਨ ਟਰੰਪ ਨੇ ਕਿਹਾ ਸੀ ਕਿ "ਅਮਰੀਕਾ ਲੇਕਨ ਰੀਲੇਅ ਨੂੰ ਕਦੀ ਵੀ ਨਹੀਂ ਭੁੱਲੇਗਾ। ਇਸ ਕਿਸਮ ਦੇ ਭਿਆਨਕ ਅਤਿਆਚਾਰ ਅਮਰੀਕਾ ਦੀ ਧਰਤੀ ਉਪਰ ਨਹੀਂ ਹੋਣ ਦੇਵਾਂਗੇ।" ਵਾਈਟ ਹਾਊਸ ਵਿਚ ਲੇਕਨ ਰੀਲੇਅ ਕਾਨੂੰਨ ਉਪਰ ਦਸਤਖਤ ਕਰਨ ਵੇਲੇ ਲੇਕਨ ਰੀਲੇਅ ਦੀ ਮਾਂ ਐਲੀਸਨ ਫਿਲਿਪਸ ਵੀ ਮੌਜੂਦ ਸੀ ਜੋ ਸਾਹਮਣੀ ਕਤਾਰ ਵਿਚ ਉਪ ਰਾਸ਼ਟਰਪਤੀ ਜੇ ਡੀ ਵੈਂਸ ਤੋਂ ਅਗਲੀ ਸੀਟ ਉਪਰ ਬੈਠੀ ਸੀ। ਕਾਨੂੰਨ ਉਪਰ ਸਹੀ ਪਾਉਣ ਲਈ ਫਿਲਿਪਸ ਨੇ ਟਰੰਪ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਹ ਜ਼ੁਬਾਨ ਦਾ ਪੱਕਾ ਹੈ ਜੋ ਉਸ ਨੇ ਕਿਹਾ ਸੀ ਉਹ ਕਰ ਵਿਖਾਇਆ ਹੈ। ਇਸ ਕਾਨੂੰਨ ਤਹਿਤ ਯੂ ਐਸ ਇਮੀਗ੍ਰੇਸ਼ਨ ਐਂਡ ਕਸਟਮਜ ਇਨਫੋਰਸਮੈਂਟ ਦੇ ਅਧਿਕਾਰੀ ਉਨਾਂ ਲੋਕਾਂ ਨੂੰ ਆਪਣੀ ਹਿਰਾਸਤ ਵਿਚ ਲੈ ਸਕਣਗੇ ਜੋ ਬਿਨਾਂ ਦਸਤਾਵੇਜ ਗੈਰ ਕਾਨੂੰਨੀ ਤੌਰ 'ਤੇ ਅਮਰੀਕਾ ਵਿਚ ਟਿਕੇ ਹੋਏ ਹਨ। ਜੋ ਵੀ ਗੈਰ ਕਾਨੂੰਨੀ ਪ੍ਰਵਾਸੀ ਕਿਸੇ ਅਪਰਾਧ ਤਹਿਤ ਫੜਿਆ ਗਿਆ ਹੈ ਜਾਂ ਫੜਿਆ ਜਾਵੇਗਾ ਉਸ ਵਿਰੁੱਧ ਅਦਾਲਤ ਵਿਚ ਮੁਕੱਦਮਾ ਚਲਾਉਣ ਦੀ ਲੋੜ ਨਹੀਂ ਹੋਵੇਗੀ। ਉਸ ਨੂੰ ਵਾਪਿਸ ਉਸ ਦੇ ਮੂਲ ਦੇਸ਼ ਭੇਜ ਦਿੱਤਾ ਜਾਵੇਗਾ।

# ਕੈਨੇਡਾ ਸਰਕਾਰ ਵਲੋਂ ਹੁਣ ਹਰੇਕ ਤਰ੍ਹਾਂ ਦੇ ਵੀਜ਼ਾ ਦੇਣ ਦੀ ਗਿਣਤੀ ਘਟਾਈ

## ✪ ਵੀਜ਼ਾ ਤੇ ਇਮੀਗ੍ਰੇਸ਼ਨ ਦੀਆਂ ਅਰਜ਼ੀਆਂ ਦਾ ਨਿਪਟਾਰਾ ਤੇਜ਼, ਵੀਜ਼ਾ ਦਾ ਇੰਤਜ਼ਾਰ ਕਰ ਰਹੇ ਲੋਕਾਂ ਦੀ ਗਿਣਤੀ ਵਿਚ ਕਮੀ

ਟੋਰਾਂਟੋ-ਕੈਨੇਡਾ ਸਰਕਾਰ ਵਲੋਂ ਹੁਣ ਹਰੇਕ ਤਰ੍ਹਾਂ ਦੇ ਵੀਜ਼ਾ ਦੇਣ ਦੀ ਗਿਣਤੀ ਘਟਾ ਦਿੱਤੀ ਗਈ ਹੈ, ਜਿਸ ਨਾਲ ਅਰਜੀਆਂ ਦਾ ਨਿਪਟਾਰਾ ਕਰਨ ਲਈ ਸਾਧਨ ਜੁਟਾਏ ਜਾ ਸਕੇ ਹਨ ਅਤੇ ਸਿੱਟੇ ਵਜੋਂ ਇੰਤਜ਼ਾਰ ਕਰ ਰਹੇ ਲੋਕਾਂ ਦੀ ਗਿਣਤੀ ਘੱਟ ਹੋ ਰਹੀ ਹੈ, ਜਦੋਂਕਿ, ਪਿਛਲੇ ਕਈ ਸਾਲਾਂ ਦੇ ਅੰਕੜਿਆਂ ਅਨੁਸਾਰ 20 ਲੱਖ ਤੋਂ ਵੱਧ ਵਿਦੇਸ਼ੀ ਲੋਕ ਅਪਲਾਈ ਕਰਕੇ ਵੀਜ਼ਿਆਂ ਦਾ ਇੰਤਜ਼ਾਰ ਕਰ ਰਹੇ ਹੁੰਦੇ ਹਨ ਅਤੇ ਅਕਸਰ ਉਨ੍ਹਾਂ ਦੀਆਂ ਅਰਜੀਆਂ ਦੇ ਨਿਪਟਾਰੇ ਨੂੰ ਦੇਰੀ ਲੱਗ ਜਾਂਦੀ ਸੀ। 2024 ਦੇ ਅਖੀਰ ਵਿਚ ਪਹਿਲੀ ਵਾਰੀ ਕੈਨੇਡਾ ਦੇ ਵੀਜ਼ਾ ਦਾ ਇੰਤਜ਼ਾਰ ਕਰ ਰਹੇ ਲੋਕਾਂ ਦੀ ਗਿਣਤੀ ਵਿਚ ਕਮੀ ਦਰਜ ਕੀਤੀ ਗਈ ਹੈ ਪਰ ਅਜੇ ਵੀ 31 ਦਸੰਬਰ, 2024 ਦੇ ਅੰਕੜੇ ਅਨੁਸਾਰ ਅਪਲਾਈ ਕਰਕੇ ਇੰਤਜ਼ਾਰ ਕਰ ਰਹੇ ਵਿਦੇਸ਼ੀਆਂ ਦੀ ਗਿਣਤੀ 21,19,900 ਤੋਂ ਵੱਧ ਸੀ, ਜਦਕਿ ਨਵੰਬਰ 2024 ਵਿਚ ਇਹੀ ਗਿਣਤੀ 22,67,700 ਸੀ। ਅਧਿਕਾਰੀਆਂ ਨੂੰ ਪ੍ਰਾਪਤ ਹੁੰਦੀਆਂ ਵੀਜ਼ਾ ਅਤੇ ਇਮੀਗ੍ਰੇਸ਼ਨ ਅਰਜੀਆਂ 'ਚੋਂ ਲਗਭਗ 50 ਫ਼ੀਸਦੀ ਦਾ ਨਿਪਟਾਰਾ ਨਿਰਧਾਰਤ ਸਮੇਂ ਵਿਚ ਕਰ ਦਿੱਤਾ ਜਾਂਦਾ ਹੈ, ਜਦਕਿ ਬਹੁਤ ਸਾਰੇ ਅਰਜੀਕਰਤਾਵਾਂ ਨੂੰ ਕੈਨੇਡਾ ਸਰਕਾਰ ਵਲੋਂ ਨਿਰਧਾਰਤ ਸਮੇਂ ਤੋਂ ਵੱਧ ਇੰਤਜ਼ਾਰ ਕਰਨਾ ਪੈਂਦਾ ਹੈ।

ਨਿਰਧਾਰਤ ਸਟੈਂਡਰਡ ਅਨੁਸਾਰ ਐਕਸਪ੍ਰੈੱਸ ਐਂਟਰੀ ਦੇ ਡਰਾਅ ਵਾਲੀ ਇਮੀਗ੍ਰੇਸ਼ਨ ਅਰਜੀ ਦਾ ਨਿਪਟਾਰਾ 6 ਮਹੀਨਿਆਂ ਵਿਚ ਅਤੇ ਫੈਮਲੀ ਕਲਾਸ ਅਰਜੀ ਦਾ ਫੈਸਲਾ 12 ਕੁ ਮਹੀਨਿਆਂ ਵਿਚ ਹੋਣਾ ਜ਼ਰੂਰੀ ਹੈ ਪਰ ਇਨ੍ਹਾਂ ਵਰਗਾਂ ਵਿਚ ਵੀ ਆਮ ਤੌਰ 'ਤੇ ਸਰਵਿਸ ਸਟੈਂਡਰਡ ਤੋਂ ਵੱਧ ਸਮਾਂ ਲੱਗਦਾ ਹੈ। ਬੀਤੇ ਸਾਲ ਦੇ ਅਖੀਰ ਵਿਚ ਕੈਨੇਡਾ ਦੀ ਪੱਕੀ ਇਮੀਗ੍ਰੇਸ਼ਨ ਵਾਸਤੇ 8,36,000 ਤੋਂ ਵੱਧ ਲੋਕਾਂ ਦੀ ਅਰਜੀਆਂ ਦਾ ਨਿਪਟਾਰਾ ਕਰਨਾ ਬਾਕੀ ਸੀ। ਬੀਤੇ 6 ਕੁ ਸਾਲਾਂ ਤੋਂ ਬਹੁਤ ਵੱਡੀ ਗਿਣਤੀ 'ਚ ਸਟੱਡੀ, ਵਰਕ ਪਰਮਿਟ ਅਤੇ ਵਿਜ਼ਟਰ ਵੀਜ਼ਾ (ਆਰਜੀ ਪਰਮਿਟ) ਅਪਲਾਈ ਕੀਤੇ ਜਾਂਦੇ ਰਹੇ ਅਤੇ ਕੈਨੇਡਾ ਦੇ ਇਮੀਗ੍ਰੇਸ਼ਨ ਮੰਤਰਾਲੇ ਕੋਲ ਸਟਾਫ ਅਤੇ ਸਾਧਨਾਂ ਦੀ ਘਾਟ ਕਰਕੇ ਅਰਜੀਆਂ ਉਪਰ ਕੰਮ ਕਰਨ ਨੂੰ ਹੱਦੋਂ ਵੱਧ ਲੰਬਾ ਸਮਾਂ ਲੱਗਦਾ ਰਿਹਾ ਅਤੇ ਲੋਕਾਂ ਨੂੰ ਆਪਣੀ ਅਰਜੀ ਬਾਰੇ ਪਤਾ ਕਰਨ ਵਿਚ ਵੀ ਵੱਡੀਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਰਿਹਾ ਹੈ।

# ਲਿੰਗ ਅਨੁਪਾਤ, ਸਮਾਜ ਅਤੇ ਸਰਕਾਰੀ ਉਪਰਾਲੇ

ਸੁਖਪਾਲ ਸਿੰਘ ਗਿੱਲ
ਅਬਿਆਣਾ ਕਲਾਂ
9878111445





ਸਮਾਜ ਵਿੱਚ ਸੰਤੁਲਨ ਬਣਾਈ ਰੱਖਣ ਲਈ ਲਿੰਗ ਅਨੁਪਾਤ ਬੇਹੱਦ ਜ਼ਰੂਰੀ ਹੈ। ਇਸ ਤੋਂ ਪਹਿਲਾਂ ਸਾਨੂੰ ਲਿੰਗ ਅਨੁਪਾਤ ਬਾਰੇ ਸਮਝਣਾ ਪਵੇਗਾ। ਲਿੰਗ ਅਨੁਪਾਤ ਪ੍ਰਤੀ ਹਜ਼ਾਰ ਮਰਦਾਂ ਪਿੱਛੇ ਔਰਤਾਂ ਦੀ ਗਿਣਤੀ ਹੁੰਦੀ ਹੈ। ਮੈਡੀਕਲ ਮਾਹਰਾਂ ਅਨੁਸਾਰ ਨਰ ਮਾਦਾ ਲਿੰਗ ਅਨੁਪਾਤ 50:50 ਹੁੰਦਾ ਹੈ। ਲਿੰਗ ਅਨੁਪਾਤ ਸਮਾਜ ਦੀ ਕਿਤਾਬ ਦਾ ਪਹਿਲਾ ਵਰਕਾ ਹੁੰਦਾ ਹੈ। ਇਸ ਦੇ ਵਿਗੜਨ ਨਾਲ ਸਮਾਜ ਵਿੱਚ ਵਿਗਾੜ ਪੈਦਾ ਹੁੰਦਾ ਹੈ ਇਸ ਵਿਗਾੜ ਪਿੱਛੇ ਵਿਗੜੀ ਸੰਸਕ੍ਰਿਤੀ ਹੁੰਦੀ ਹੈ। ਇਹ ਦਿਸ਼ਾ ਅਤੇ ਦਸ਼ਾ ਅਸੀਂ ਹੰਢਾਈ ਵੀ ਹੈ। ਸਾਡੀ ਸੰਸਕ੍ਰਿਤੀ ਵਿੱਚ 105 ਮੁੰਡਿਆਂ ਪਿੱਛੇ 100 ਕੁੜੀਆਂ ਦਾ ਜਨਮ ਹੋਣਾ ਚਾਹੀਦਾ ਹੈ।

ਲਿੰਗ ਅਨੁਪਾਤ ਵਿੱਚ ਸਭ ਤੋਂ ਵੱਡਾ ਮੁੱਦਾ ਮਾਦਾ ਲਿੰਗ ਅਨੁਪਾਤ ਨਾਲ ਹੁੰਦਾ ਹੈ। ਮਾਦਾ ਲਿੰਗ ਨੂੰ ਪਰੇ ਕਰਨ ਲਈ ਹਰ ਸੋਚ, ਹਰਬਾ-ਜ਼ਰਬਾ ਭਾਰੂ ਹੁੰਦਾ ਹੈ। ਮਾਦਾ ਭਰੂਣ ਮਾਰਨ ਲਈ ਨਰ ਨੂੰ ਪੈਦਾ ਕਰਨ ਲਈ ਸਾਧਾਂ ਦੇ ਡੇਰਿਆਂ, ਦਾਈਆਂ, ਟਰੇਂਡ ਦਾਈਆਂ ਅਤੇ ਝੋਲਾ ਛਾਪ ਡਾਕਟਰਾਂ ਵੱਲ ਰੁੱਖ ਕੀਤਾ ਜਾਂਦਾ ਹੈ। ਇਸ ਵਿਸ਼ੇ ਤੇ ਖਿਲਵਾੜ ਦੀ ਕੋਸ਼ਿਸ਼ ਅੱਜ ਵੀ ਹੁੰਦੀ ਹੈ ਇਸ ਦੀ ਤਾਂਘ ਵੀ ਰਹਿੰਦੀ ਹੈ। ਗੱਲ ਇੰਨੀ ਹੈ ਕਿ ਪਹਿਲਾਂ ਗਲ ਵਿੱਚ ਅੰਗੂਠਾ ਦੇ ਕੇ ਮਾਰ ਦਿੱਤਾ ਜਾਂਦਾ ਸੀ ਫਿਰ ਸਾਇੰਸ ਨੇ ਤਰੱਕੀ ਕਰਕੇ ਛੁਰੀਆਂ ਕਟਾਰੀਆਂ ਨਾਲ ਮਾਦਾ ਭਰੂਣ ਮਾਰੇ ਗਏ।

ਲਿੰਗ ਅਨੁਪਾਤ ਨੂੰ ਸਭ ਤੋਂ ਵੱਧ ਮਾਰ ਸੋਚ ਅਤੇ ਭਰੂਣ ਹਤਿਆਵਾਂ ਨੇ ਮਾਰੀ। ਇੱਕ ਵਾਰ ਤਾਂ ਭਰੂਣ ਹਤਿਆਵਾਂ ਨੇ ਲਿੰਗ ਅਨੁਪਾਤ ਦੀ ਪ੍ਰੀਭਾਸ਼ਾ ਹੀ ਲਿੰਗ ਗਰਭਪਾਤ ਬਣਾ ਦਿੱਤੀ ਸੀ। ਇਸ ਪਿੱਛੇ ਸਮਾਜ ਦੀ ਸੋਚ,ਦਾਜ, ਦਰਿੰਦਗੀ ਅਤੇ ਅਣਖ ਵੱਡੇ ਕਾਰਨ ਹਨ। ਲੱਖ ਉਪਰਾਲਿਆਂ ਦੇ ਬਾਵਜੂਦ ਸੋਚ ਅੱਜ ਵੀ ਉੱਥੇ ਹੀ ਖੜ੍ਹੀ ਹੈ।

ਭਾਰਤ ਵਿੱਚ ਲਿੰਗ ਅਨੁਪਾਤ 929:1000 ਹੈ। ਭਾਰਤ ਦੇ ਪਿੰਡਾਂ ਵਿੱਚ ਲਿੰਗ ਅਨੁਪਾਤ 950:1000 ਹੈ ਜਦ ਕਿ ਸ਼ਹਿਰਾਂ ਵਿੱਚ 918:1000 ਹੈ ਇਸ ਪਿੱਛੇ ਸ਼ੰਕਾਵਾਂ ਹਨ ਕਿ ਸ਼ਹਿਰਾਂ ਦੇ ਲੋਕ ਜ਼ਿਆਦਾ ਪਹੁੰਚ ਰੱਖਦੇ ਹਨ ਇਸ ਲਈ ਅੱਜ ਵੀ ਦਾਂਇਓ-ਬਾਂਇਓ ਹੀਲਾ ਕਰ ਲੈਂਦੇ ਹਨ। ਇਸ ਵਿੱਚ ਪਿੰਡਾਂ ਸ਼ਹਿਰਾਂ ਵਿੱਚ ਆਮ ਪਾੜਾ ਦਿੱਖਦਾ ਹੈ। ਮਾਨਵ ਵਿਗਿਆਨ ਦੀ ਦ੍ਰਿਸ਼ਟੀ ਤੋਂ ਵੀ ਆਲਮੀ ਪੱਧਰ ਤੇ ਲਿੰਗ ਅਨੁਪਾਤ 1:1 ਹੋਣਾ ਚਾਹੀਦਾ ਹੈ। ਪੰਜਾਬ ਵਿੱਚ 2016-17ਵਿੱਚ 888 ਕੁੜੀਆਂ ਪਿੱਛੇ 1000 ਮਰਦ ਹਨ। ਇਹ ਅੰਕੜਾ 2020 -21 ਵਿੱਚ 919:1000 ਹੋ ਗਿਆ ਸੀ। ਇਹ ਵਾਧਾ ਸਰਕਾਰ ਦੇ ਉਪਰਾਲਿਆਂ ਦਾ ਨਤੀਜਾ ਹੈ। ਭਾਰਤ ਵਿੱਚ 1951 ਤੋਂ 2011 ਤੱਕ ਮਾਦਾ ਭਰੂਣ ਨੀਵੇਂ ਪੱਧਰ ਤੇ ਹੀ ਰਿਹਾ ਪਰ 2011ਦੀ ਜਨ ਗਣਨਾ ਅਨੁਸਾਰ ਵੀ ਇਹ ਡਾਟਾ 100:111 ਰਿਹਾ ਹੈ। ਇਸ ਵਿੱਚ ਕੁੱਝ ਤਰੁਟੀਆਂ ਵੀ ਹੋ ਸਕਦੀਆਂ ਹਨ। 1980 ਤੋਂ 2010 ਤੱਕ ਇੱਕ ਕਰੋੜ ਭਰੂਣ ਹਤਿਆਵਾਂ ਹੋਈਆਂ। ਇਸ ਬਾਰੇ ਗੁਰੂ ਨਾਨਕ ਸਾਹਿਬ ਜੀ ਦੇ ਫੁਰਮਾਨ ਆਪ ਮੁਹਾਰੇ ਮੂੰਹੋਂ ਨਿਕਲ ਆਉਂਦੇ ਹਨ:-

*ਏਤੀ ਮਾਰ ਪਈ ਕਰਲਾਣੈ,*
*ਤੈ ਕੀ ਦਰਦ ਨ ਆਇਆ*

ਅਬਾਦੀ ਦਾ ਲਿੰਗ ਅਨੁਪਾਤ ਕੁਦਰਤੀ ਕਾਰਕਾ, ਹਾਲਾਤਾਂ, ਦਵਾਈਆਂ, ਜੰਗ ਦੇ ਪ੍ਰਭਾਵ, ਗਰਭਪਾਤ ਅਤੇ ਰਜਿਸਟਰ ਦੀਆਂ ਤਰੁੱਟੀਆਂ ਕਰਕੇ ਵੀ ਪ੍ਰਭਾਵਿਤ ਹੁੰਦਾ ਹੈ। ਪੰਜਾਬ ਚ ਲਿੰਗ ਅਨੁਪਾਤ 918 ਦਰਜ ਕੀਤਾ ਗਿਆ ਹੈ ਜਦੋਂ ਕਿ ਜ਼ਿਲ੍ਹਾ ਕਪੂਰਥਲਾ ਸਭ ਤੋਂ ਉੱਪਰ 987 ਨਾਲ ਰਿਹਾ ਜਦਕਿ ਇਸ ਹੀ ਜ਼ਿਲ੍ਹੇ ਦੀ ਦਰ 2023 ਵਿੱਚ 992 ਸੀ। ਚਲੋ ਖੈਰ। ਮੁਸਲਿਮ ਭਾਈਚਾਰੇ ਵਾਲਾ ਮਲੇਰਕੋਟਲਾ ਵੀ961 ਦੀ ਦਰ ਨਾਲ ਉੱਚਾ ਰਿਹਾ। ਇਹਨਾਂ ਜ਼ਿਲਿਆਂ ਦੀ ਪ੍ਰਫਾਰਮੈਂਸ ਸ਼ਾਨਦਾਰ ਰਹੀ। ਪਠਾਨਕੋਟ ਦੀ ਦਰ ਸਭ ਤੋਂ ਘੱਟ 864 ਰਹੀ। ਇਹ ਜ਼ਰੂਰੀ ਚਿੰਤਾ ਦਾ ਵਿਸ਼ਾ ਹੈ। ਅੰਕੜੇ ਦੇਣੇ ਜ਼ਰੂਰੀ ਹੁੰਦਾ ਹੈ ਇਸ ਨਾਲ ਮੁਕਾਬਲੇਬਾਜ਼ੀ ਹੋਣ ਕਰਕੇ ਵੀ ਅਗਲੇ ਵਰ੍ਹੇ ਲਈ ਲੋਕ ਅਤੇ ਪ੍ਰਸ਼ਾਸਨ ਹਰਕਤ ਵਿੱਚ ਆਉਂਦੇ ਹਨ। ਸਮੇਂ ਦੇ ਸੰਗਰੂਰ ਦੇ ਮੈਂਬਰ ਪਾਰਲੀਮੈਂਟ ਅਤੇ ਮੌਜੂਦਾ ਮੁੱਖ ਮੰਤਰੀ ਸ੍ਰੀ ਭਗਵੰਤ ਮਾਨ ਨੇ ਵੀ ਸ਼ਹੀਦ ਭਗਤ ਸਿੰਘ ਨਗਰ ਦੇ ਡਿਪਟੀ ਕਮਿਸ਼ਨਰ ਦੀ ਪ੍ਰਸੰਸਾ ਲਿੰਗ ਅਨੁਪਾਤ ਵਧਾਉਣ ਲਈ ਪਾਰਲੀਮੈਂਟ ਵਿੱਚ ਕੀਤੀ ਸੀ। ਉਹਨਾਂ ਵਲੋਂ ਲਿੰਗ ਅਨੁਪਾਤ ਤੇ ਚਿੰਤਾ ਜ਼ਾਹਰ ਕੀਤੀ ਸੀ। ਭਰੂਣ ਹਤਿਆਵਾਂ ਤੇ ਚਿੰਤਾ ਲਈ ਉਹਨਾਂ ਨੇ ਪਾਰਲੀਮੈਂਟ ਵਿੱਚ ਕਿਹਾ ਸੀ:-

*ਆ ਜਾ ਮਾਂਏਂ*
*ਗੱਲਾਂ ਕਰੀਏ ਕੰਮ ਦੀਆਂ,*
*ਰਾਜਗੁਰੂ, ਸੁਖਦੇਵ, ਭਗਤ ਸਿੰਘ*
*ਮਾਂਵਾਂ ਹੀ ਨੇ ਜੰਮਦੀਆਂ,*
*ਕੀ ਪਤਾ ਮੈਂ ਜੰਮਦਿਆਂ*
*ਅਗੰਮੜਾ ਮਰਦ ਨੀ ਮਾਂਏ,*
*ਪੇਟ ਵਿੱਚ ਨਾ ਕਤਲ ਕਰਾਈਂ,*
*ਏਹੀ ਮੇਰੀ ਅਰਜ਼ ਨੀ ਮਾਂਏ*

ਜਦੋਂ ਲਿੰਗ ਅਨੁਪਾਤ ਨਾਲ ਛੇੜਛਾੜ ਦੇ ਨਤੀਜੇ ਆਉਂਣ ਲੱਗੇ ਤਾਂ ਅਫ਼ਰਾ ਤਫਰੀ ਮਚੀ ਸੀ। ਜਿਸ ਤਰ੍ਹਾਂ ਸਮਾਜ ਨੂੰ ਚਲਾਉਣ ਲਈ ਨਿਯਮਾਂਵਲੀ ਹੁੰਦੀ ਹੈ ਉਸ ਤਹਿਤ ਹੀ 1994 ਵਿੱਚ ਭਰੂਣ ਦੀ ਜਾਂਚ ਨੂੰ ਗੈਰਕਨੂੰਨੀ ਵਾਲਾ ਪੀ. ਸੀ. ਪੀ. ਐਨ. ਡੀ. ਟੀ ਕਨੂੰਨ ਬਣਿਆ ਉਸ ਸਮੇਂ ਹੀ ਪਹਿਲੀ ਵਾਰ ਭਰੂਣ ਦੀ ਪ੍ਰੀਭਾਸ਼ਾ ਨਿਰਧਾਰਤ ਹੋਈ ਸੀ। ਇਸ ਤੋਂ ਪਹਿਲਾਂ 1870 ਵਿੱਚ ਬਸਤੀਵਾਦੀ ਸਾਮਰਾਜ ਵਿੱਚ ਵੀ ਭਰੂਣ ਹਤਿਆਵਾਂ ਰੋਕਣ ਦਾ ਕਨੂੰਨ ਬਣਿਆ ਸੀ। ਸਾਡੀ ਸੰਸਕ੍ਰਿਤੀ ਬਰਾਬਰ ਕੋਈ ਨਹੀਂ ਹੈ। ਇੱਥੇ ਕੰਨਿਆ ਨੂੰ ਦੇਵੀ ਵਾਂਗ ਪੂਜਿਆ ਜਾਂਦਾ ਹੈ ਵਿਆਹ ਨੂੰ ਕੰਨਿਆਂ ਦਾਨ ਕਿਹਾ ਜਾਂਦਾ ਹੈ। ਸਿੱਖ ਧਰਮ ਵਿੱਚ ਕੁੜੀਮਾਰ ਨਾਲ ਰਾਬਤਾ ਨਾ ਰੱਖਣ ਦਾ ਹੁਕਮ ਹੈ। ਗੁਰੂ ਨਾਨਕ ਦੇਵ ਜੀ ਨੇ ਬਹੁਤ ਸਮਾਂ ਪਹਿਲਾਂ ਹੀ ਜਾਗਰੂਕ ਕੀਤਾ ਸੀ:-

*ਸੋ ਕਿਓ ਮੰਦਾ ਆਖੀਏ*
*ਜਿਤੁ ਜੰਮਹਿ ਰਾਜਾਨ*

2017 ਵਿੱਚ ਯੂ ਐਨ ਓ ਨੇ ਵਿਕਾਸ ਟਿਕਾਊ ਟੀਚਿਆਂ ਵਿੱਚ ਲਿੰਗ ਅਨੁਪਾਤ ਨੂੰ ਦਰਜ਼ ਕੀਤਾ ਸੀ। ਭਾਰਤ ਵਿੱਚ ਭਰੂਣ ਹਤਿਆਵਾਂ 1970 ਤੋਂ 1994 ਤੱਕ ਬੇਰੋਕ ਬੇਟੋਕ ਚੱਲਦੀਆਂ ਰਹੀਆਂ। ਲੱਖਾਂ ਮਾਦਾ ਭਰੂਣ ਮਾਰੇ ਗਏ ਸਨ।

2015 ਵਿੱਚ ਭਾਰਤ ਸਰਕਾਰ ਨੇ 'ਬੇਟੀ ਬਚਾਓ ਬੇਟੀ ਪੜ੍ਹਾਓ' ਪ੍ਰੋਗਰਾਮ ਪਾਣੀਪਤ ਤੋਂ ਚਲਾਇਆ ਇਸ ਲਈ 644 ਕਰੋੜ ਜਾਰੀ ਕੀਤੇ। ਪਹਿਲੇ 161ਜਿਲਿਆਂ ਵਿੱਚ ਚਲਾਇਆ ਇਸ ਪ੍ਰੋਗਰਾਮ ਨੇ ਬਣਦਾ ਹਿੱਸਾ ਪਾਇਆ। ਸਾਰਥਿਕ ਸਾਬਿਤ ਹੋਇਆ। ਭਲਵਾਨਾਂ ਵਾਲੇ ਅੰਦੋਲਨ ਨੇ ਇਸ ਦੀ ਫੂਕ ਜ਼ਰੂਰ ਕੱਢੀ ਸੀ। ਸਰਕਾਰ ਨਾਲ ਲੋਕਾਂ ਦੀ ਸ਼ਮੂਲੀਅਤ ਵੀ ਰਹੀ। ਪੰਜਾਬ ਵਿੱਚ ਭਰੂਣ ਹਤਿਆਵਾਂ ਦੇ ਦੋਸ਼ੀ ਫੜਨ ਨਾਲ ਪ੍ਰਸ਼ਨ ਚਿੰਨ੍ਹ ਜ਼ਰੂਰ ਲਗਦਾ ਹੈ। ਪਿਛਲੇ ਸਾਲਾਂ ਚ ਸੱਠ ਦੋਸ਼ੀ ਗਿਰ.ਫਤਾਰ ਕੀਤੇ, ਚੋਦਾਂ ਅਲਟਰਾਸਾਊਂਡ ਸੀਲ ਕੀਤੇ। ਫੜਾਉਣ ਵਾਲੇ ਨੂੰ ਪੰਜਾਹ ਹਜ਼ਾਰ ਦਿੱਤਾ ਜਾਂਦਾ ਹੈ। ਸੁਧਰੀ ਸਥਿੱਤੀ ਵਿੱਚ ਚਾਲ ਢਾਲ ਨਰਮ ਪੈ ਜਾਂਦੀ ਹੈ। ਹੁਣ ਦਲੀਲਾਂ ਹਨ ਕਿ ਹਰ ਗਰਭਵਤੀ ਮਹਿਲਾ ਦੀ ਜਾਣਕਾਰੀ ਰੱਖੀ ਜਾਵੇ। ਇੱਕ ਸਰਵੇਖਣ ਅਨੁਸਾਰ ਪੰਜਾਬ ਵਿੱਚ 2015-16 ਵਿੱਚ 12.1ਫੀਸਦੀ ਔਰਤਾਂ ਦੇ ਕੁੜੀਆਂ ਦੇ ਮੁਕਾਬਲੇ ਮੁੰਡੇ ਦੀ ਇੱਛਾ ਰੱਖਦੀਆਂ ਹਨ। ਇਹੀ ਅੰਕੜਾ ਹਰਿਆਣਾ ਵਿੱਚ 15.41ਹੈ। 2019-20 ਇਹ ਅੰਕੜਾ ਪੰਜਾਬ ਵਿੱਚ 8.3 ਫੀਸਦੀ ਹਰਿਆਣਾ ਵਿੱਚ 10.41 ਸੀ। 15-16 ਵਿੱਚ ਕੁੜੀਆਂ ਦੀ ਇੱਛਾ ਸ਼ਕਤੀ ਦੀ ਦਰ ਪੰਜਾਬ ਵਿੱਚ 1.9 ਫੀਸਦੀ ਸੀ 20-21 ਵਿੱਚ ਇਹ ਦਰ 6.9 ਸੀ। ਪੰਜਾਬ ਵਿੱਚ ਔਰਤ ਕੇਵਲ 13.25 ਫ਼ੀਸਦ ਮਰਦ 55.5 ਕੰਮ ਕਾਜ ਕਰਦੇ ਹਨ। ਜੋ ਘਰ ਚ ਆਰਥਿਕ ਯੋਗਦਾਨ ਪਾਉਂਦੀਆਂ ਹਨ ਉਹਨਾਂ ਦਾ ਰੁੱਤਬਾ ਵੱਧ ਹੁੰਦਾ ਹੈ। ਇਸ ਲਈ ਵੀ ਲਿੰਗ ਅਨੁਪਾਤ ਨੂੰ ਗ੍ਰਹਿਣ ਲੱਗਿਆ ਹੈ।

ਔਰਤ ਅਤੇ ਮਰਦ ਇੱਕ ਦੂਜੇ ਦੇ ਪੂਰਕ ਹੁੰਦੇ ਹਨ। ਇਸ ਲਈ ਇਹੀ ਸੋਚ ਪਾੜੇ ਠੀਕ ਕਰ ਸਕਦੀ ਹੈ। ਰੂੜੀਵਾਦੀ ਵਿਚਾਰਾਂ ਨੂੰ ਹਟਾਉਣਾ ਚਾਹੀਦਾ ਹੈ। ਵੰਸ਼ ਵਾਦ ਦਾ ਫੰਡਾ ਵੀ ਹਟਣਾ ਚਾਹੀਦਾ ਹੈ। ਧੀਆਂ ਨੂੰ ਬੋਝ ਨਹੀਂ ਸਮਝਣਾ ਚਾਹੀਦਾ ਹੈ। ਇਸ ਲਈ ਲਿੰਗ ਅਨੁਪਾਤ ਸੋਚ ਤੇ ਅਧਾਰਿਤ ਹੋਣ ਕਰਕੇ ਸੋਚ ਬਦਲਣ ਨਾਲ ਹੀ ਲਿੰਗ ਅਨੁਪਾਤ ਸਹੀ ਬਣਿਆ ਰਹਿ ਸਕਦਾ ਹੈ। ਆਓ ਭਰੂਣ ਹਤਿਆਵਾਂ ਰੋਕਣ ਨੂੰ ਸੋਚ ਚ ਵਸਾਈਏ ਤਾਂ ਜੋ ਲਿੰਗ ਅਨੁਪਾਤ ਆਪਣੇ ਆਪ ਬਰਾਬਰ ਬਣ ਜਾਵੇ।

ਔਰਤ ਅਤੇ ਮਰਦ ਇੱਕ ਦੂਜੇ ਦੇ ਪੂਰਕ ਹੁੰਦੇ ਹਨ। ਇਸ ਲਈ ਇਹੀ ਸੋਚ ਪਾੜੇ ਠੀਕ ਕਰ ਸਕਦੀ ਹੈ। ਰੂੜੀਵਾਦੀ ਵਿਚਾਰਾਂ ਨੂੰ ਹਟਾਉਣਾ ਚਾਹੀਦਾ ਹੈ। ਵੰਸ਼ ਵਾਦ ਦਾ ਫੰਡਾ ਵੀ ਹਟਣਾ ਚਾਹੀਦਾ ਹੈ। ਧੀਆਂ ਨੂੰ ਬੋਝ ਨਹੀਂ ਸਮਝਣਾ ਚਾਹੀਦਾ ਹੈ। ਇਸ ਲਈ ਲਿੰਗ ਅਨੁਪਾਤ ਸੋਚ ਤੇ ਅਧਾਰਿਤ ਹੋਣ ਕਰਕੇ ਸੋਚ ਬਦਲਣ ਨਾਲ ਹੀ ਲਿੰਗ ਅਨੁਪਾਤ ਸਹੀ ਬਣਿਆ ਰਹਿ ਸਕਦਾ ਹੈ। ਆਓ ਭਰੂਣ ਹਤਿਆਵਾਂ ਰੋਕਣ ਨੂੰ ਸੋਚ ਚ ਵਸਾਈਏ ਤਾਂ ਜੋ ਲਿੰਗ ਅਨੁਪਾਤ ਆਪਣੇ ਆਪ ਬਰਾਬਰ ਬਣ ਜਾਵੇ।


********

# ਵੱਡਾ ਘੱਲੂਘਾਰਾ



## 5 ਫ਼ਰਵਰੀ ਤੇ ਵਿਸ਼ੇਸ਼ ਲੇਖ

ਸੁਖਵਿੰਦਰ ਸਿੰਘ ਮੁੱਲਾਂਪੁਰ
ਵ.ਐਪ +91 9914184794



ਸਿੱਖਾਂ ਦਾ ਇਤਿਹਾਸ ਸ਼ਹੀਦੀਆਂ ਨਾਲ ਭਰਿਆ ਪਿਆ ਹੈ। ਜਦ ਮੁਗਲਾਂ ਨੇ ਗੁਰੂ ਸਾਹਿਬ ਜੀ ਦੇ ਦੋ ਛੋਟੇ ਸਾਹਿਬਜ਼ਾਦੇ ਨੀਹਾਂ ਵਿਚ ਚਿਣ ਕੇ ਸ਼ਹੀਦ ਕੀਤੇ ਫਿਰ ਉਹਨਾਂ ਦਾ ਬਦਲਾ ਲੈਣ ਲਈ ਬਾਬਾ ਬੰਦਾ ਸਿੰਘ ਬਹਾਦਰ ਨੂੰ ਨਦੇੜ ਤੋਂ ਪੰਜਾਬ ਵੱਲ ਭੇਜਿਆ ਆ ਕੇ ਬੰਦਾ ਸਿੰਘ ਬਹਾਦਰ ਨੇ ਸਰਹੰਦ ਦੀ ਇੱਟ ਨਾਲ ਇੱਟ ਖੜਕਾ ਦਿੱਤੀ। ਸਾਹਿਬਜ਼ਾਦਿਆਂ ਦੇ ਕਾਤਲਾਂ ਨੂੰ ਤਸੀਹੇ ਦੇ ਕੇ ਮਾਰਿਆ ਗੁਰੂ ਸਾਹਿਬ ਜੀ ਦੇ ਲਾਲਾਂ ਦਾ ਬਦਲਾ ਲੈਣ ਤੋਂ ਬਾਅਦ ਫਿਰ ਬੰਦਾ ਸਿੰਘ ਬਹਾਦਰ ਨੇ ਆਪਣਾ ਸਿੱਖ ਰਾਜ ਸਥਾਪਤ ਕਰ ਲਿਆ।1716 ਵਿਚ ਬੰਦਾ ਸਿੰਘ ਬਹਾਦਰ ਨੂੰ ਬਹੁਤ ਸਾਰੇ ਸਿੰਘਾਂ ਸਮੇਤ ਦਿੱਲੀ ਵਿਚ ਸ਼ਹੀਦ ਕਰ ਦਿੱਤਾ।

18ਵੀਂ ਸਦੀ ਵਿਚ ਸਿੱਖਾਂ ਉਪਰ ਵਾਪਰੇ ਦੋ ਘੱਲੂਘਾਰਿਆਂ ਦਾ ਇਤਿਹਾਸ ਵੱਖਰਾ ਹੀ ਹੈ ਇਹ ਦੋਵੇਂ ਘੱਲੂਘਾਰੇ ਛੋਟੇ ਅਤੇ ਵੱਡੇ ਘੱਲੂਘਾਰੇ ਦੇ ਨਾਮ ਨਾਲ ਜਾਣੇ ਜਾਂਦੇ ਹਨ। ਛੋਟਾ ਘੱਲੂਘਾਰਾ 17 ਮਈ 1746 ਨੂੰ ਜ਼ਿਲ੍ਹਾ ਗੁਰਦਾਸਪੁਰ ਦੇ ਕਾਹਨੂੰਵਾਨ ਛੰਭ ਚੋਂ ਵਾਪਰਿਆ। ਇਹ ਜਗ੍ਹਾ ਗੁਰਦਾਸਪੁਰ ਤੋਂ ਮੁਕੇਰੀਆਂ ਜਾਂਦੀ ਸੜਕ ਤੇ 8 ਕਿਲੋਮੀਟਰ ਦੀ ਦੂਰੀ ਤੇ ਸਥਿਤ ਹੈ। ਇਸ ਘੱਲੂਘਾਰੇ ਵਿਚ ਦਸ ਹਜ਼ਾਰ ਸਿੰਘ, ਬੀਬੀਆਂ ਅਤੇ ਬੱਚੇ ਸ਼ਹੀਦ ਹੋਏ। ਵੱਡਾ ਘੱਲੂਘਾਰਾ ਇਸ ਛੋਟੇ ਘੱਲੂਘਾਰੇ ਤੋਂ 16 ਸਾਲ ਬਾਅਦ 5 ਫ਼ਰਵਰੀ 1762 ਨੂੰ ਰੋਹੀੜੇ (ਨੇੜੇ ਕੁੱਪ) ਜ਼ਿਲ੍ਹਾ ਸੰਗਰੂਰ ਦੀ ਧਰਤੀ ਤੇ ਵਾਪਰਿਆ।

ਮੁਗਲਾਂ ਦਾ ਰਾਜ ਲਗਭਗ ਖ਼ਤਮ ਹੋ ਚੱਲਿਆ ਸੀ। ਮਰਹੱਟੇ ਤਾਕਤ ਫੜਦੇ ਜਾ ਰਹੇ ਸਨ। ਉਹਨਾਂ ਦੀ ਤਾਕਤ ਘੱਟ ਕਰਨ ਲਈ ਅਬਦਾਲੀ ਨੇ ਮਰਹੱਟਿਆਂ ਤੇ ਹੱਲਾ ਬੋਲ ਦਿੱਤਾ। ਏਸ਼ੀਆ ਦੇ ਵੱਡੇ ਸੈਨਾਪਤੀਆਂ ਵਿਚ ਗਿਣੇ ਜਾਣ ਵਾਲੇ ਅਬਦਾਲੀ ਨੇ ਹਿੰਦੁਸਤਾਨ ਉਪਰ ਅੱਠ ਹਮਲੇ ਕੀਤੇ ਆਪਣੇ ਪੰਜਵੇਂ ਹਮਲੇ ਸਮੇਂ ਪਾਣੀਪਤ ਦੇ ਮੈਦਾਨ ਵਿਚ ਮਰਹੱਟਿਆਂ ਨਾਲ ਯੁੱਧ ਕਰਨ ਸਮੇਂ ਉਹਨਾਂ ਦਾ ਚੰਗੀ ਤਰਾਂ ਲੱਕ ਤੋੜ ਦਿੱਤਾ।ਅਬਦਾਲੀ ਮਰਹੱਟਿਆਂ ਨੂੰ ਲੁੱਟ ਕੇ ਇਕ ਮਹਾਨ ਜੇਤੂ ਦੇ ਰੂਪ ਵਿਚ ਕਾਬਲ ਜਾ ਰਿਹਾ ਸੀ। ਪੰਜਾਬ ਵਿਚ ਦੀ ਲੰਘਦਿਆਂ ਖ਼ਾਲਸੇ ਨੇ ਉਸ ਨੂੰ ਆਪਣੀ ਹੋਂਦ ਦਾ ਅਹਿਸਾਸ ਕਰਵਾਉਣ ਦਾ ਫੈਂਸਲਾ ਕੀਤਾ। ਸਰਦਾਰ ਚੜ੍ਹਤ ਸਿੰਘ ਸੁਕਰਚੱਕੀਆ ਆਪਣੇ ਯੋਧਿਆਂ ਨਾਲ ਅਬਦਾਲੀ ਦੇ ਪਿੱਛੇ ਲੱਗ ਗਿਆ ਜੋ ਅਬਦਾਲੀ ਮਾਲ ਮਰਹੱਟਿਆਂ ਤੋਂ ਲੁੱਟ ਕੇ ਲਿਜਾ ਰਿਹਾ ਸੀ ਉਹ ਸਾਰਾ ਮਾਲ ਹੱਲਾ ਬੋਲਕੇ ਆਪਣੇ ਕਬਜ਼ੇ ਵਿੱਚ ਕਰ ਲਿਆ ਇਹ ਵੇਖ ਕੇ ਅਬਦਾਲੀ ਦੇ ਗੁੱਸੇ ਦੀ ਕੋਈ ਹੱਦ ਨਾ ਰਹੀ।

ਅਬਦਾਲੀ ਨੂੰ ਤਿੰਨੇ ਚੁਗਲਾਂ ਮਹੰਤ ਆਕਲ ਦਾਸ ਹੰਡਾਲੀਆ ਜੰਡਿਆਲੇ ਵਾਲਾ, ਚੁਗਲਾ ਰਾਮ ਰੰਧਾਵਾ, ਰਾਜਾ ਘੁਮੰਡ ਅਤੇ ਹੋਰ ਨਵਾਬਾਂ ਚੌਧਰੀਆਂ ਨੇ ਸਿੰਘਾਂ ਬਾਰੇ ਉਕਸਾ ਕੇ ਸਿੰਘਾਂ ਤੇ ਛੇਵਾਂ ਹਮਲਾ ਕਰਕੇ ਖੋਜ ਖੁਰਾ ਮਿਟਾਉਣ ਲਈ ਕਿਹਾ।

ਜਦੋਂ ਸਿੰਘਾਂ ਨੂੰ ਅਬਦਾਲੀ ਦੇ ਛੇਵੇਂ ਹਮਲੇ ਦੀ ਸੂਹ ਮਿਲੀ ਕੇ ਅਬਦਾਲੀ ਬੜੀ ਤੇਜ਼ੀ ਨਾਲ ਮਾਲਵੇ ਦੇ ਇਲਾਕੇ ਵੱਲ ਸਿੰਘਾਂ ਤੇ ਹਲਾ ਬੋਲ ਕੇ ਉਹਨਾਂ ਦਾ ਖੋਜ ਖੁਰਾ ਮਿਟਾਉਣ ਆ ਰਿਹਾ ਹੈ। ਖ਼ਾਲਸੇ ਨੇ ਬੜੀ ਦੂਰ-ਅੰਦੇਸ਼ੀ ਵਾਲਾ ਫ਼ੈਸਲਾ ਕੀਤਾ ਕੇ ਸਭ ਤੋਂ ਪਹਿਲਾਂ ਟੱਬਰਾਂ ਅਤੇ ਬੱਚਿਆਂ ਦੀ ਰੱਖਿਆ ਕੀਤੀ ਜਾਵੇ ਜੇਕਰ ਪਰੀਵਾਰ ਬੱਚ ਰਹੇ ਤਾਂ ਸਿੱਖ ਕੌਮ ਬਚ ਰਹੇਗੀ ਜੇਕਰ ਸਿੱਖ ਕੌਮ ਬਚ ਰਹੀ ਤਾਂ ਸਿੱਖ ਧਰਮ ਬਚ ਰਹੇਗਾ। ਰੋਹੀੜੇ (ਕੁੱਪ) ਦੀ ਥੇਹ ਨੇੜੇ ਪੰਜਾਹ ਪੰਚਵੰਜਾ ਹਜ਼ਾਰ ਦੀ ਗਿਣਤੀ ਵਿਚ ਸਿੱਖ ਇਕੱਠੇ ਹੋ ਗਏ ਇਸ ਗਿਣਤੀ ਵਿਚ ਬੱਚੇ ਬੁੱਢੇ ਔਰਤਾਂ ਵੀ ਸ਼ਾਮਲ ਸਨ। ਇਹਨਾਂ ਪਰੀਵਾਰਾਂ ਨੂੰ ਬਰਨਾਲੇ ਵਿਖੇ ਜਿੱਥੇ ਬਾਬਾ ਆਲਾ ਸਿੰਘ ਜੀ ਦਾ ਰਾਜ ਸੀ ਸੁਰੱਖਿਅਤ ਥਾਂ ਵੱਲ ਲਿਜਾਇਆ ਜਾ ਰਿਹਾ ਸੀ। ਸਿੱਖ ਸਰਦਾਰਾਂ ਨੂੰ ਉਮੀਦ ਸੀ ਕੇ ਅਬਦਾਲੀ ਨੂੰ ਸਿੱਖਾਂ ਤੱਕ ਪੁੱਜਣ ਲਈ ਕਈ ਦਿਨ ਲੱਗ ਜਾਣਗੇ ਅਬਦਾਲੀ 3 ਫ਼ਰਵਰੀ 1762 ਨੂੰ ਲਾਹੌਰ ਪਹੁੰਚ ਗਿਆ ਸਿੱਖਾਂ ਨੂੰ ਉਮੀਦ ਸੀ ਹਜੇ ਲਾਹੌਰ ਅਰਾਮ ਕਰਕੇ ਫਿਰ ਇੱਧਰ ਆਵੇਗਾ ਪਰ ਅਬਦਾਲੀ ਮਾਰੋ ਮਾਰ ਕਰਦਾ ਪੰਜਾਹ ਹਜ਼ਾਰ ਫ਼ੌਜ ਅਤੇ ਵੀਹ ਪੰਚੀ ਹਜ਼ਾਰ ਮੁਸਲਮ ਮੁਲਖਈਆਂ ਸਮੇਤ 5 ਫ਼ਰਵਰੀ ਨੂੰ ਰੋਹੀੜੇ ਆ ਸਿੱਖਾਂ ਨੂੰ ਘੇਰ ਲਿਆ। ਇਧਰੋਂ ਨਵਾਬ ਜੈਨ ਖਾਂ ਸਰਹਿੰਦ ਤੇ ਨਵਾਬ ਮਲੇਰਕੋਟਲਾ ਆਪਣੀ ਸੈਨਾ ਲੈ ਕੇ ਆ ਗਏ।

ਭਾਵੇਂ ਪੰਜਾਬ ਉੱਤੇ ਅਬਦਾਲੀ ਵਲੋਂ ਥਾਪੇ ਗਏ ਸੂਬੇਦਾਰਾਂ ਦਾ ਰਾਜ ਸੀ ਪਰ ਪੰਜਾਬ ਬਾਰ੍ਹਾਂ ਮਿਸਲਾਂ ਦੇ ਰੂਪ ਵਿਚ ਸਿੱਖਾਂ ਦੇ ਕਬਜ਼ੇ ਵਿਚ ਆ ਚੁੱਕਾ ਸੀ। ਦਲ ਖਾਲਸਾ ਜੱਸਾ ਸਿੰਘ ਅਹਿਲੂਵਾਲੀਏ ਦੀ ਅਗਵਾਈ ਵਿਚ ਮਜਬੂਤ ਦਲ ਬਣ ਚੁੱਕਾ ਸੀ। ਇਸ ਜੰਗ ਦੀ ਕਮਾਨ ਜੱਸਾ ਸਿੰਘ ਆਹਲੂਵਾਲੀਏ ਨੇ ਸੰਭਾਲ ਲਈ ਉਹਨਾਂ ਦਾ ਸਾਥ ਸਰਦਾਰ ਸ਼ਾਮ ਸਿੰਘ ਕਰੋੜ ਸਿੰਘੀਆ ਤੇ ਸਰਦਾਰ ਚੜ੍ਹਤ ਸਿੰਘ ਸ਼ੁਕਰਚੱਕੀਆ ਵਰਗੇ ਜਰਨੈਲ ਦੇ ਰਹੇ ਸਨ। ਘਮਸਾਨ ਦਾ ਜੰਗ ਜਾਰੀ ਹੋ ਚੁੱਕਾ ਸੀ ਇਸ ਵਿਚ ਲੜਨ ਵਾਲੇ ਸਿੰਘਾਂ ਦੀ ਗਿਣਤੀ ਘੱਟ ਸੀ ਛੋਟੇ ਬੱਚੇ ਬੁੱਢਿਆਂ ਦੀ ਗਿਣਤੀ ਜਿਆਦਾ ਸੀ।

ਸਿੰਘਾਂ ਨੂੰ ਆਪਣੀ ਮੌਤ ਨਾਲੋਂ ਜਿਆਦਾ ਚਿੰਤਾ ਵਹੀਰ ਨੂੰ ਬਚਾਉਣ ਦੀ ਸੀ। ਸਾਰੇ ਸਿੰਘ ਵਹੀਰ ਦੇ ਆਲੇ ਦੁਵਾਲੇ ਘੇਰਾ ਬੰਨ ਕੇ ਦੁਸ਼ਮਣਾ ਨਾਲ ਲੜ ਰਹੇ ਸਨ। ਜੱਸਾ ਸਿੰਘ ਅਹਿਲੂਵਾਲੀਆ ਵਹੀਰ ਨੂੰ ਕਹਿ ਰਹੇ ਸਨ ਲੜ ਲੜ ਕੇ ਤੁਰਦੇ ਜਾਓ।

ਅਬਦਾਲੀ ਅਤੇ ਉਸ ਦੇ ਜਰਨੈਲਾਂ ਵਲੀ ਖ਼ਾਨ, ਭੀਖਨ ਖ਼ਾਨ ਅਤੇ ਜੈਨ ਖ਼ਾਨ ਨੇ ਇਕਦਮ ਇਕੱਠਾ ਹਮਲਾ ਕਰਨ ਦੀ ਸਕੀਮ ਬਣਾਈ ਇਸ ਹਮਲੇ ਨਾਲ ਸਿੰਘਾਂ ਦੇ ਪੈਰ ਉੱਖੜ ਗਏ ਵਹੀਰ ਦੁਵਾਲੇ ਸਿੰਘਾਂ ਦਾ ਘੇਰਾ ਟੁੱਟ ਗਿਆ ਵਹੀਰ ਦਾ ਬਹੁਤ ਨੁਕਸਾਨ ਹੋਇਆ। ਵੈਰੀਆਂ ਨੇ ਬਹੁਤ ਗਿਣਤੀ ਵਿਚ ਸਿੱਖ ਟੱਬਰ ਸ਼ਹੀਦ ਕਰ ਦਿੱਤੇ ਪਰ ਥੋੜੇ ਸਮੇਂ ਬਾਅਦ ਸਿੰਘ ਫਿਰ ਵਹੀਰ ਦੁਆਲੇ ਘੇਰਾ ਬਨਾਉਣ ਵਿਚ ਸਫ਼ਲ ਹੋ ਗਏ।

ਸਿੰਘ ਤੁਰਦੇ ਤੁਰਦੇ ਕੁਤਬੇ ਬਾਮਣੀ ਤੋਂ ਅੱਗੇ ਹਠੂਰ ਦੀ ਢਾਬ ਉੱਤੇ ਪਹੁੰਚ ਗਏ। ਕੁਤਬੇ ਦੀ ਢਾਬ ਤੇ ਪਹੁੰਚ ਕੇ ਢਾਬ ਦੇ ਇਕ ਪਾਸੇ ਮੁਗਲ ਸੈਨਾਂ ਅਤੇ ਦੂਸਰੇ ਪਾਸੇ ਸਿੰਘ ਫ਼ੌਜਾਂ ਨੇ ਪਾਣੀ ਪੀਤਾ। ਲੜਾਈ ਲੜਦੀ ਹੋਈ ਕੁਝ ਫ਼ੌਜ ਬਰਨਾਲੇ ਵੱਲ ਨੂੰ ਅਤੇ ਕੁਝ ਫ਼ੌਜ ਹਠੂਰ ਹੁੰਦੀ ਹੋਈ ਹਨੇਰੇ ਦਾ ਫਾਇਦਾ ਲੈ ਕੇ ਦੂਰ ਦੂਰ ਪਿੰਡਾਂ ਵਿਚ ਖਿਲਰ ਗਈ।

ਇਸ ਜੰਗ ਵਿਚ ਜੱਸਾ ਸਿੰਘ ਅਹਿਲੂਵਾਲੀਏ ਦੇ ਸਰੀਰ ਉਪਰ 32 ਅਤੇ ਸ਼ਾਮ ਸਿੰਘ ਦੇ ਸਰੀਰ ਉਪਰ 16 ਫੱਟ ਲੱਗੇ ਸਨ ਕੋਈ ਸਿੰਘ ਅਜਿਹਾ ਨਹੀ ਸੀ ਜਿਸ ਦੇ ਸਰੀਰ ਉਪਰ ਜ਼ਖ਼ਮ ਦਾ ਨਿਸ਼ਾਨ ਨਾ ਹੋਵੇ ਇਹ ਲੜਾਈ ਰੋਹੀੜੇ ਦੇ ਮੈਦਾਨ ਤੋਂ ਲੈ ਕੇ ਗਹਿਲਾਂ ਤੱਕ ਲੱਗਭੱਗ ਵੀਹ ਮੀਲ ਦੇ ਏਰੀਏ ਵਿਚ ਲੜੀ ਗਈ। ਇਸ ਘੱਲੂਘਾਰੇ ਵਿਚ ਲਗਭਗ ਪੈਂਤੀ ਹਜ਼ਾਰ ਸਿੰਘ ਸ਼ਹੀਦ ਹੋਣ ਕਰਕੇ ਇਕ ਦਿਨ ਵਿਚ ਅੱਧੀ ਕੌਮ ਸ਼ਹੀਦ ਹੋ ਚੁੱਕੀ ਸੀ ਪਰ ਫਿਰ ਵੀ ਸਰਬੱਤ ਦਾ ਭਲਾ ਚਹੁੰਣ ਵਾਲੀ ਕੌਮ ਨੇ ਸ਼ਾਮ ਨੂੰ ਨਿਤਨੇਮ ਵਾਲੀ ਜੋ ਅਰਦਾਸ ਕੀਤੀ ਉਸ ਵਿਚ ਕਿਹਾ, 'ਚਾਰ ਪਹਿਰ ਦਿਨ ਸੁਖ ਸ਼ਾਂਤੀ ਦਾ ਬਤੀਤ ਹੋਇਆ ਚਾਰ ਪਹਿਰ ਰਾਤ ਆਈ ਏ ਸੁਖ ਦੀ ਬਤੀਤ ਹੋਵੇ '।

15 ਫਰਵਰੀ 1762 ਨੂੰ ਅਬਦਾਲੀ ਜਦ ਸਰਹੰਦ ਤੋਂ ਲਾਹੌਰ ਵੱਲ ਮੁੜਿਆ ਰਸਤੇ ਵਿਚ ਉਸ ਨੇ ਸ੍ਰੀ ਅੰਮ੍ਰਿਤਸਰ ਨੂੰ ਘੇਰਾ ਪਾ ਲਿਆ ਸ੍ਰੀ ਅੰਮ੍ਰਿਤਸਰ ਸਾਹਿਬ ਦੇ ਸਾਰੇ ਗੁਰਧਾਮ ਢਹਿ ਢੇਰੀ ਕਰ ਦਿੱਤੇ। ਹਰਿਮੰਦਰ ਸਾਹਿਬ ਨੂੰ ਬਰੂਦ ਦੇ ਕੁੱਪੇ ਰੱਖ ਕੇ ਉੱਡਾ ਦਿੱਤਾ ਦਰਬਾਰ ਸਾਹਿਬ ਦੇ ਸਰੋਵਰ ਨੂੰ ਇਟਾਂ ਵੱਟੇ ਅਤੇ ਆਲੇ ਦਆਲੇ ਦੇ ਘਰ ਢਾਅ ਕੇ ਪੂਰ ਦਿੱਤਾ। ਸ੍ਰੀ ਅਕਾਲ ਤਖ਼ਤ ਸਾਹਿਬ ਵੀ ਢਹਿ ਢੇਰੀ ਕਰ ਦਿੱਤਾ ਜੋ ਚੁਗਲੀ ਕਰਕੇ ਸਿੰਘ ਸਿੰਘਣੀਆਂ ਅਤੇ ਬੱਚੇ ਅਬਦਾਲੀ ਨੂੰ ਫੜ੍ਹਾ ਦਿੱਤੇ ਗਏ ਉਹਨਾਂ ਨੂੰ ਗੁਰੂ ਕੇ ਬਾਗ਼ ਦੀ ਖੁੱਲੀ ਜਗ੍ਹਾ ਵਿਚ ਕਤਲ ਕਰ ਦਿੱਤਾ ਗਿਆ।

ਸ੍ਰੀ ਹਰਿਮੰਦਰ ਸਾਹਿਬ ਦੀ ਹੋਈ ਬੇਅਦਬੀ ਨੇ ਘੱਲੂਘਾਰੇ ਦੇ ਜ਼ਖ਼ਮਾਂ ਨੂੰ ਹੋਰ ਤਾਜਾ ਕਰ ਦਿੱਤਾ। ਜੱਸਾ ਸਿੰਘ ਅਹਲੂਵਾਲੀਏ ਅਤੇ ਚੜ੍ਹਤ ਸਿੰਘ ਆਦਿ ਸਰਦਾਰਾ ਨੇ ਘੱਲੂਘਾਰੇ ਤੋਂ ਤਿੰਨ ਕੁ ਮਹੀਨੇ ਬਾਅਦ ਹੀ ਪੰਦਰਾਂ ਕੁ ਹਜ਼ਾਰ ਸਿੰਘਾਂ ਦੁਆਰਾ ਸਰਹੰਦ ਤੇ ਹਮਲਾ ਕਰਕੇ ਜੈਨ ਖ਼ਾਂ ਨੂੰ ਹਰਾ ਕੇ ਘੱਲੂਘਾਰੇ ਦਾ ਬਦਲਾ ਲਿਆ।

ਸਿੰਘ 17 ਅਕਤੂਬਰ 1762 ਨੂੰ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਦਿਵਾਲੀ ਮਨਾਉਣ ਦਾ ਮਤਾ ਪਾਸ ਕਰਕੇ ਪਹੁੰਚ ਗਏ। ਉੱਥੇ ਚਾਲੀ ਕੁ ਹਜ਼ਾਰ ਸਿੰਘ ਸਿੰਘਣੀਆਂ ਦਾ ਇਕੱਠ ਹੋ ਗਿਆ ਉਹਨਾਂ ਗੁਰੂ ਮਹਾਰਾਜ ਅੱਗੇ ਅਰਦਾਸ ਕਰਕੇ ਢਹਿ ਢੇਰੀ ਹੋਏ ਦਰਬਾਰ ਸਾਹਿਬ ਅਤੇ ਸਰੋਵਰ ਵਿੱਚੋ ਇੱਟਾਂ ਵੱਟੇ ਕੱਢਣ ਦੀ ਸੇਵਾ ਸ਼ੁਰੂ ਕਰ ਦਿੱਤੀ। ਅਬਦਾਲੀ ਨੂੰ ਪਤਾ ਲੱਗਣ ਤੇ ਆਪਣੀਆਂ ਫ਼ੌਜਾਂ ਲੈ ਕੇ ਪੁਤਲੀ ਘਰ ਅੰਮ੍ਰਿਤਸਰ ਨੇੜੇ ਪਹੁੰਚ ਗਿਆ। ਇਧਰੋਂ ਸਿੰਘ ਵੀ ਘੱਲੂਘਾਰੇ ਵਿਚ ਹੋਏ ਨੁਕਸਾਨ ਅਤੇ ਗੁਰੂ ਘਰ ਦੀ ਬੇਅਦਬੀ ਕਰਕੇ ਗੁੱਸੇ ਨਾਲ ਭਰੇ ਬੈਠੇ ਸਨ। ਸਿੰਘਾਂ ਦਾ ਅਬਦਾਲੀ ਦੀਆਂ ਫ਼ੌਜਾਂ ਨਾਲ ਯੁੱਧ ਲੱਗ ਗਿਆ।ਅਬਦਾਲੀ ਦੀ ਫ਼ੌਜ ਮਾਰੀ ਗਈ ਆਪ ਫ਼ੌਜ ਮਰਵਾ ਕੇ ਲਾਹੌਰ ਜਾ ਵੜਿਆ ਸਿੰਘਾਂ ਨੇ ਸਾਲ ਵਿਚ ਹੀ ਘੱਲੂਘਾਰੇ ਅਤੇ ਗੁਰੂ ਘਰ ਦੀ ਹੋਈ ਬੇਅਦਬੀ ਦਾ ਬਦਲਾ ਲੈ ਲਿਆ। ਜਿਸ ਟਾਇਮ ਅਬਦਾਲੀ ਨੇ ਸ੍ਰੀ ਹਰਿਮੰਦਰ ਸਾਹਿਬ ਬਰੂਦ ਨਾਲ ਉਡਾਇਆ ਤਾਂ ਉਸ ਦੇ ਪਰਕਰਮਾਂ ਵਿਚ ਖੜੇ ਦੇ ਇਕ ਇਟ ਨੱਕ ਤੇ ਆ ਵੱਜੀ ਉਸ ਜ਼ਖ਼ਮ ਨੂੰ ਮੁੜ ਅਰਾਮ ਨਾ ਆਇਆ ਅਤੇ ਕੈਂਸਰ ਦਾ ਰੋਗ ਬਣ ਕੇ ਉਸ ਦੀ ਮੌਤ ਹੋ ਗਈ। ਇਹ ਅਸਥਾਨ ਮਲੇਰਕੋਟਲਾ ਤੋਂ ਲੁਧਿਆਣਾ ਜਾਣ ਵਾਲੀ ਸੜਕ ਤੇ ਮਲੇਰਕੋਟਲਾ ਤੋਂ 15 ਕੁ ਕਿਲੋਮੀਟਰ ਤੇ ਸਥਿਤ ਹੈ। ਇੱਥੇ ਹਰ ਸਾਲ ਸ਼ਹੀਦਾਂ ਦੀ ਯਾਦ ਵਿਚ 3, 4, 5 ਫ਼ਰਵਰੀ ਨੂੰ ਜੋੜ ਮੇਲ ਬੜੀ ਸ਼ਰਧਾ ਨਾਲ ਮਨਾਇਆ ਜਾਂਦਾ ਹੈ।

* * * * * *

# ਗੁਰਮਿਤ ਦਾ ਪਹਿਲਾ ਪ੍ਰਚਾਰਕ ਭਾਈ ਮਰਦਾਨਾ ਜੀ

## ਜਨਮ ਦਿਨ 'ਤੇ ਵਿਸ਼ੇਸ਼

ਰਮੇਸ਼ ਬੱਗਾ ਚੋਹਲਾ
ਮੋ: 9463132719



ਸਿੱਖ ਇਤਿਹਾਸ ਵਿਚ ਜਿਥੇ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਨਾਮ ਬੜੀ ਹੀ ਸ਼ਰਧਾ ਅਤੇ ਸਤਿਕਾਰ ਦੀ ਭਾਵਨਾ ਨਾਲ ਲਿਆ ਜਾਂਦਾ ਹੈ ਉਥੇ ਭਾਈ ਮਰਦਾਨਾ ਜੀ ਦਾ ਨਾਂ ਵੀ ਬਹੁਤ ਹੀ ਅਦਬ ਅਤੇ ਪਿਆਰ ਨਾਲ ਲਿਆ ਜਾਂਦਾ ਹੈ। ਧਰਤ ਲੋਕਈ ਨੂੰ ਸੋਧਣ ਹਿੱਤ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਕਈ ਕਈ ਮੀਲ ਬਿਖਰਿਆਂ ਪੈਂਡਿਆਂ ਦਾ ਸਫਰ ਤਹਿ ਕੀਤਾ ਹੈ। ਇਸ ਸਫਰ ਵਿਚ ਬਾਬੇ ਦਾ ਡੱਟਵਾਂ ਸਾਥ ਦੇਣ ਵਾਲਿਆਂ ਵਿੱਚ ਭਾਈ ਮਰਦਾਨਾ ਜੀ ਦਾ ਨਾਮ ਉੱਭਰਵੇਂ ਰੂਪ ਵਿੱਚ ਲਿਆ ਜਾਂਦਾ ਹੈ।

ਭਾਈ ਮਰਦਾਨਾ ਜੀ ਜਿਨ੍ਹਾਂ ਦਾ ਪਹਿਲਾ ਨਾਮ ਭਾਈ 'ਦਾਨਾ' ਸੀ, ਦਾ ਜਨਮ 6 ਫਰਵਰੀ 1459 ਈ.ਨੂੰ ਪਿੰਡ ਤਲਵੰਡੀ(ਰਾਏ ਭੋਏ ਦੀ) ਦੇ ਵਸਨੀਕ ਚੌਂਭੜ ਜਾਤ ਦੇ ਮਿਰਾਸੀ ਮੀਰ ਬਾਦਰੇ ਅਤੇ ਮਾਤਾ ਲੱਖੋ ਜੀ ਦੇ ਘਰ ਹੋਇਆ। ਉਮਰ ਪੱਖੋਂ ਭਾਈ ਮਰਦਾਨਾ ਜੀ ਗੁਰੂ ਨਾਨਕ ਪਾਤਿਸ਼ਾਹ ਨਾਲੋਂ ਲੱਗਭਗ ਸਵਾ 10 ਸਾਲ ਵੱਡੇ ਸਨ।ਮਿਰਾਸੀਆਂ ਦੇ ਘਰ ਦੀ ਪੈਦਾਇਸ਼ ਹੋਣ ਕਰਕੇ ਸੰਗੀਤ ਉਨ੍ਹਾਂ ਦੀ ਵਿਰਾਸਤੀ ਦਾਤ ਸੀ।

ਭਾਈ ਮਰਦਾਨਾ ਜੀ ਦੀ ਜੋਟੀ ਗੁਰੂ ਨਾਨਕ ਦੇਵ ਜੀ ਨਾਲ ਛੋਟੀ ਉਮਰ ਵਿੱਚ ਪੈ ਗਈ ਸੀ ਜੋ ਗੁਰੂ ਸਾਹਿਬ ਵੱਲੋਂ ਮਿਲੇ ਰੱਜਵੇਂ ਪਿਆਰ ਅਤੇ ਸਤਿਕਾਰ ਕਾਰਣ ਆਖ਼ਰੀ ਦਮ ਤੱਕ ਨਿਭਦੀ ਰਹੀ। ਇਹ ਜੋਟੀ ਜਿੱਥੇ 'ਨਾਨਕੁ ਤਿਨ ਕੈ ਸੰਗਿ ਸਾਥਿ'ਵਰਗੀ ਭਰਾਤਰੀਭਾਵ ਵਾਲੀ ਅਤੇ ਨਿਮਾਣਿਆਂ ਨੂੰ ਮਾਣ ਬਖਸ਼ਣ ਵਾਲੀ ਵਿਚਾਰਧਾਰਾ ਦੀ ਤਰਜ਼ਮਾਨੀ ਕਰਦੀ ਹੈ,ਉਥੇ ਸਾਂਝੀਵਾਲਤਾ ਦੇ ਸਿਧਾਂਤ ਨੂੰ ਵੀ ਪਕਿਆਈ ਬਖ਼ਸ਼ਦੀ ਹੈ। ਭਾਈ ਸਾਹਿਬ ਜਿਥੇ ਇੱਕ ਉੱਚਕੋਟੀ ਦੇ ਸੰਗੀਤਕਾਰ ਸਨ ਉਥੇ ਗੁਰੂ ਸਾਹਿਬ ਦੇ ਸੱਚੇ ਤੇ ਪੱਕੇ ਮਿੱਤਰ ਵੀ ਸਨ।

ਸੁੱਖ-ਦੁੱਖ ਦੇ ਭਾਈਵਾਲ ਹੋਣ ਦੇ ਨਾਲ-ਨਾਲ ਭਾਈ ਮਰਦਾਨਾ ਜੀ ਗੁਰੂ ਨਾਨਕ ਸਾਹਿਬ ਵੱਲੋਂ ਪ੍ਰਵਾਨਿਤ ਪ੍ਰਚਾਰਕ ਵੀ ਸਨ, ਜਿਨ੍ਹਾਂ ਨੂੰ ਗੁਰੂ ਜੀ ਵੱਲੋਂ ਕੁੱਝ ਵਿਸ਼ੇਸ਼ ਅਧਿਕਾਰ ਪ੍ਰਾਪਤ ਸਨ। ਇਨ੍ਹਾਂ ਅਧਿਕਾਰਾਂ ਦੀ ਵਰਤੋਂ ਉਹ ਗੁਰੂ ਨਾਨਕ ਬਾਣੀ ਦੇ ਪ੍ਰਚਾਰ ਅਤੇ ਪ੍ਰਸਾਰ ਹਿੱਤ ਕਰਦੇ ਸਨ। ਭਾਈ ਸਾਹਿਬ ਦੇ ਇਸ ਉਪਰਾਲੇ ਨੇ ਬਹੁਤ ਸਾਰੇ ਜਗਿਆਸੂਆਂ ਨੂੰ ਸਿੱਖੀ ਦੇ ਲੜ ਲਾਇਆ ਜਿਨ੍ਹਾਂ ਵਿੱਚ ਭਾਈ ਨੀਰੂ ਦਾ ਨਾਮ ਵਰਨਣਯੋਗ ਹੈ।



ਭਾਈ ਮਰਦਾਨਾ ਜੀ ਦਾ ਇਹ ਵੀ ਇੱਕ ਸੁਭਾਗ ਰਿਹਾ ਹੈ ਕਿ ਉਨ੍ਹਾਂ ਨੂੰ ਮਨੁੱਖਤਾ ਦੇ ਰਹਿਬਰ ਸ੍ਰੀ ਗੁਰੂ ਨਾਨਕ ਸਾਹਿਬ ਦਾ ਵਡੇਰਾ ਅਤੇ ਲੰਮੇਰਾ (ਲੱਗਭਗ ਛੇ ਦਹਾਕੇ) ਸਾਥ ਪ੍ਰਾਪਤ ਹੋਇਆ ਹੈ। ਇਸ ਸਾਥ ਸਦਕਾ ਹੀ ਉਨ੍ਹਾਂ ਨੇ ਗੁਰੂ ਸਾਹਿਬ ਨਾਲ ਦੇਸ-ਵਿਦੇਸ਼ ਦਾ ਲੱਗਭਗ 40000 ਕਿਲੋਮੀਟਰ (ਚਾਰ ਉਦਾਸੀਆਂ) ਦਾ ਸਫਰ ਤਹਿ ਕੀਤਾ ਹੈ। ਇਸ ਸਫਰ ਦੌਰਾਨ ਜਦੋਂ ਗੁਰੂ ਨਾਨਕ ਪਾਤਸ਼ਾਹ ਦੀ ਬਿਰਤੀ ਅਕਾਲ ਪੁਰਖ ਨਾਲ ਜੁੜਦੀ ਤਾਂ ਉਹ ਭਾਈ ਸਾਹਿਬ ਨੂੰ ਸੰਬੋਧਿਤ ਹੋ ਕੇ ਆਖਦੇ "ਮਰਦਾਨਿਆ! ਰਬਾਬ ਵਜਾ ਬਾਣੀ ਆਈ ਹੈ"। ਤੇ ਭਾਈ ਸਾਹਿਬ ਗੁਰੂ ਜੀ ਦਾ ਹੁਕਮ ਪਾ ਕੇ ਰਬਾਬ ਦੀਆਂ ਤਾਰਾਂ ਛੇੜ ਦਿੰਦੇ।

ਜਿਥੇ ਭਾਈ ਮਰਦਾਨਾ ਜੀ ਨੂੰ ਗੁਰੂ ਨਾਨਕ ਪਾਤਸ਼ਾਹ ਦੀ ਬਾਣੀ ਨੂੰ 19 ਰਾਗਾਂ ਵਿਚ ਪਰੋ ਕੇ ਗਾਉਣ ਦਾ ਸ਼ਰਫ ਹਾਸਲ ਹੈ ਉਥੇ ਨਾਲ ਹੀ ਉਨ੍ਹਾਂ ਨੂੰ ਗੁਰੂ ਘਰ ਦੇ ਪਹਿਲੇ ਕੀਰਤਨੀਏ ਹੋਣ ਦਾ ਮਾਣ ਵੀ ਮਿਲਦਾ ਹੈ। ਇਹ ਮਾਣ-ਸਤਿਕਾਰ ਭਾਈ ਮਰਦਾਨਾ ਜੀ ਤੱਕ ਹੀ ਸੀਮਤ ਨਹੀਂ ਰਿਹਾ ਸਗੋਂ ਉਸ ਦੀਆਂ ਕਈ ਪੀੜ੍ਹੀਆਂ ਤੱਕ ਬਣਿਆ ਆ ਰਿਹਾ ਹੈ। ਗੁਰੂ ਨਾਨਕ ਸਾਹਿਬ ਦੀ ਪੰਜਵੀਂ (ਸ੍ਰੀ ਗੁਰੂ ਅਰਜਨ ਦੇਵ ਜੀ) ਅਤੇ ਛੇਵੀਂ (ਸ੍ਰੀ ਗੁਰੂ ਹਰਗੋਬਿੰਦ ਜੀ) ਜੋਤ ਦੇ ਸਮੇਂ ਕੀਰਤਨ ਦੀ ਸੇਵਾ ਨਿਭਾਉਣ ਵਾਲੇ ਭਾਈ ਸੱਤਾ ਜੀ ਅਤੇ ਭਾਈ ਬਲਵੰਡ ਜੀ ਰਬਾਬੀ ਵੀ ਇਸੇ ਹੀ ਖਾਨਦਾਨ ਨਾਲ ਸਬੰਧਤ ਸਨ। ਭਾਈ ਲਾਲ ਜੀ ਅਤੇ ਭਾਈ ਸ਼ਾਦ ਜੀ ਦਾ ਨਾਮਵਰ ਕੀਰਤਨੀ ਜਥਾ ਵੀ ਇਸ ਹੀ ਘਰਾਣੇ ਨਾਲ ਜੁੜਿਆ ਹੋਇਆ ਹੈ।

ਜਗਤ ਜਲੰਦੇ ਨੂੰ ਤਾਰਦੇ ਹੋਏ ਜਦੋਂ ਸ੍ਰੀ ਗੁਰੂ ਨਾਨਕ ਦੇਵ ਜੀ (ਆਪਣੀ ਚੌਥੀ ਉਦਾਸੀ ਸਮੇਂ) ਅਫਗਾਨਿਸਤਾਨ ਦੇ ਨਗਰ ਖੁਰਮ ਵਿਖੇ ਪਹੁੰਚੇ ਤਾਂ ਭਾਈ ਮਰਦਾਨਾ ਜੀ ਨੂੰ ਅਕਾਲ-ਪੁਰਖ ਦਾ ਸਦੀਵੀ ਸੱਦਾ ਆ ਗਿਆ। ਇਸ ਮੌਕੇ ਉਨ੍ਹਾਂ ਨੇ ਆਪਣੇ ਸੱਚੇ ਸਾਥੀ ਸ੍ਰੀ ਗੁਰੂ ਨਾਨਕ ਦੇਵ ਜੀ ਕੋਲੋਂ ਅਲਵਿਦਾ ਲੈਣੀ ਚਾਹੀ। ਗੁਰੂ ਸਾਹਿਬ ਨੇ ਕਰਤਾਰ ਦੇ ਹੁਕਮ ਨੂੰ ਪ੍ਰਵਾਨ ਕਰਦਿਆਂ ਭਾਈ ਸਾਹਿਬ ਨੂੰ ਗਲ ਨਾਲ ਲਿਆ ਅਤੇ ਬਚਨ ਕੀਤਾ ਕਿ, "ਮਰਦਾਨਿਆਂ ਜੇ ਤੇਰਾ ਚਿਤ ਹੋਵੇ ਤਾਂ ਤੇਰੀ ਦੇਹੀ ਨੂੰ ਬ੍ਰਾਹਮਣ ਵਾਂਗੂ ਪਾਣੀ ਵਿਚ ਸੁਟ ਦਿਆਂ, ਖੱਤਰੀ ਵਾਂਗੂੰ ਸਾੜ ਦਿਆਂ,ਵੈਸ਼ ਵਾਂਗੂੰ ਹਵਾ ਵਿਚ ਉਡਾ ਦਿਆਂ ਜਾਂ ਫਿਰ ਮੁਸਲਮਾਨਾਂ ਵਾਂਗ ਧਰਤੀ ਦੇ ਹਵਾਲੇ ਕਰ ਦਿਆਂ"।ਬਾਬੇ ਦੇ ਬਚਨਾਂ ਦਾ ਜਵਾਬ ਦਿੰਦਿਆ ਭਾਈ ਮਰਦਾਨੇ ਨੇ ਕਿਹਾ, "ਵਾਹ, ਬਾਬਾ ਵਾਹ ਅਜੇ ਵੀ ਸਰੀਰਾਂ ਦੇ ਚਕਰਾਂ ਵਿਚ ਹੀ ਪਾਈ ਜਾਨਾ"। ਬਾਬਾ ਫਿਰ ਬੋਲਿਆ, "ਭਾਈ ਮਰਦਾਨਿਆਂ ਜੇ ਤੂੰ ਕਹੇ ਤਾਂ ਤੇਰੀ ਸਮਾਧ ਬਣਾ ਦੇਈਏ"।

ਉਸ ਵਕਤ ਭਾਈ ਸਾਹਿਬ ਨੇ ਜੋ ਉੱਤਰ ਦਿੱਤਾ ਉਹ ਬਹੁਤ ਹੀ ਭਾਵਪੂਰਤ ਸੀ, "ਬਾਬਾ! ਬੜੀ ਮੁਸ਼ਕਿਲ ਨਾਲ ਤਾਂ ਸਰੀਰ ਦੀ ਰੂਪੀ ਸਮਾਧ ਵਿਚੋਂ ਬਹਾਰ ਆਉਣ ਲੱਗਾ ਹਾਂ ਹੁਣ ਫਿਰ ਪੱਥਰਾਂ ਦੀ ਸਮਾਧ ਵਿਚ ਪਾਉਣਾ ਚਾਹੁੰਨਾ।"

ਆਪਣੇ ਸੱਚੇ ਅਤੇ ਪੱਕੇ ਸਾਥੀ ਸ੍ਰੀ ਗੁਰੂ ਨਾਨਕ ਦੇਵ ਜੀ ਨਾਲ ਬਚਨ-ਬਿਲਾਸ ਕਰਦਿਆਂ ਅਖੀਰ 28 ਨਵੰਬਰ 1534 ਈ: ਨੂੰ ਭਾਈ ਮਰਦਾਨਾ ਜੀ ਇਸ ਭੋਤਿਕ ਸੰਸਾਰ ਤੋਂ ਰੁਖ਼ਸਤ ਪਾ ਗਏ।

ਆਪਣੇ ਸੁੱਖ-ਦੁੱਖ ਦੇ ਭਾਈਵਾਲ ਭਾਈ ਮਰਦਾਨਾ ਜੀ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੀ ਹੱਥੀਂ ਦਰਿਆ ਕੁਰਮ ਦੇ ਕਿਨਾਰੇ ਸਪੁਰਦ-ਏ-ਖਾਕ ਕਰ ਦਿੱਤਾ, ਜਿਥੇ ਅੱਜ ਵੀ ਉਨ੍ਹਾਂ (ਭਾਈ ਸਾਹਿਬ) ਦੀ ਔਲਾਦ ਉਨ੍ਹਾਂ ਦੀ ਯਾਦ ਨੂੰ ਸੰਭਾਲੀ ਬੈਠੀ ਹੈ।

#1348/17/1 ਗਲੀ ਨੰ: 8 ਰਿਸ਼ੀ ਨਗਰ ਐਕਸਟੈਨਸ਼ਨ (ਲੁਧਿਆਣਾ)

## ਮੇਰਾ ਕੋਨਾ

ਨਿੰਦਰ ਘੁਗਿਆਣਵੀ
9417421700



# ਜੇ ਭਾਵਨਾ ਹੋਵੇ ਤਾਂ....

ਡਾ ਬਲਜੀਤ ਕੌਰ ਇਸ ਵੇਲੇ ਪੰਜਾਬ ਦੇ ਸਮਾਜ ਭਲਾਈ ਮੰਤਰੀ ਹਨ। ਉਹ ਪੇਸ਼ੇ ਵਜੋਂ ਅੱਖਾਂ ਦੇ ਮਾਹਰ ਡਾਕਟਰ ਹਨ ਤੇ ਫਰੀਦਕੋਟ ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ ਵਿਚ ਸ਼ਾਨਦਾਰ ਸੇਵਾਵਾਂ ਨਿਭਾ ਚੁੱਕੇ ਹਨ। ਡਾ ਬਲਜੀਤ ਕੌਰ ਹੁਰਾਂ ਦੇ ਪਰਿਵਾਰ ਨਾਲ ਮੇਰੀ ਅੱਜ ਦੀ ਨਹੀਂ, ਸਗੋਂ 1990 ਤੋਂ ਸਾਂਝ ਬਣੀ ਚਲੀ ਆ ਰਹੀ ਹੈ। ਇਨਾਂ ਦੇ ਆਦਰਯੋਗ ਪਿਤਾ ਪ੍ਰੋਫੈਸਰ ਸਾਧੂ ਸਿੰਘ ਕਿਸੇ ਜਾਣ ਪਛਾਣ ਦੇ ਮੁਥਾਜ ਨਹੀਂ। ਉਨਾਂ ਲੰਬਾ ਸਮਾਂ ਬਰਜਿੰਦਰਾ ਕਾਲਜ ਫਰੀਦਕੋਟ ਵਿਖੇ ਪੜਾਇਆ ਤੇ ਸੇਵਾਮੁਕਤੀ ਬਾਅਦ ਲਿਖਣ-ਪੜ੍ਹਨ ਦੇ ਕਾਰਜਾਂ ਵਿੱਚ ਲੱਗੇ ਹੋਏ ਸਨ ਕਿ ਆਮ ਆਦਮੀ ਪਾਰਟੀ ਨੇ ਲੋਕ ਸਭਾ ਦੀ ਟਿਕਟ ਦੇ ਦਿੱਤੀ, ਤੇ ਸਾਡੇ ਉਹ ਮੈਂਬਰ ਪਾਰਲੀਮੈਂਟ ਬਣੇ। ਪ੍ਰੋਫੈਸਰ ਸਾਹਿਬ ਨੇ ਤਿੰਨ ਕਾਵਿ ਪੁਸਤਕਾਂ ਪੰਜਾਬੀ ਸਾਹਿਤ ਦੀ ਝੋਲੀ ਪਾਈਆਂ ਹਨ।

ਡਾ ਬਲਜੀਤ ਕੌਰ ਨੂੰ ਸੇਵਾ ਭਾਵਨਾ ਦੀ ਗੁੜ੍ਹਤੀ ਪਿਤਾ ਜੀ ਪਾਸੋਂ ਬਚਪਨ ਵਿਚ ਹੀ ਮਿਲੀ। ਪੜ- ਲਿਖ ਕੇ ਡਾਕਟਰ ਬਣੀ। ਦੇਰ ਪਹਿਲਾਂ ਦੀ ਗੱਲ ਹੈ ਕਿ ਮੈਂ ਆਪਣੇ ਮਾਤਾ ਜੀ ਦੀਆਂ ਅੱਖਾਂ ਦੇ ਚੈਕਅੱਪ ਵਾਸਤੇ ਮੈਡੀਕਲ ਕਾਲਜ ਗਿਆ, ਡਾਕਟਰ ਬਲਜੀਤ ਕੋਲ ਬੜੀ ਭੀੜ ਸੀ। ਅਸੀਂ ਉਡੀਕ ਕਰਨ ਲੱਗੇ। ਦੂਰੋਂ ਨੇੜਿਓਂ ਪਿੰਡਾਂ ਤੋਂ ਆਏ ਬਜੁਰਗਾਂ ਦੀਆਂ



ਅੱਖਾਂ ਦਾ ਚੈਕਅੱਪ ਕਰਦੀ ਹੋਈ ਬਲਜੀਤ ਕੌਰ ਹਰ ਮਰੀਜ ਉੱਤੇ ਆਪਣੀ ਨੇਕ ਸ਼ਖਸੀਅਤ ਦਾ ਪ੍ਰਭਾਵ ਪਾ ਰਹੀ ਸੀ। ਉਸਦੀ ਸਹਿਜ ਭਰੀ ਕਾਰਜ ਸ਼ੈਲੀ ਤੇ ਮਰੀਜਾਂ ਪ੍ਰਤੀ ਅਪੱਣਤ ਦੇਖਕੇ ਮੈਨੂੰ ਪ੍ਰੋਫੈਸਰ ਸਾਧੂ ਸਿੰਘ ਹੁਰਾਂ ਉਤੇ ਵੀ ਮਾਣ ਮਹਿਸੂਸ ਹੋਇਆ ਸੀ। ਬਜੁਰਗ ਮਾਤਾਵਾਂ ਤੋਂ ਉਹ ਅਨਮੋਲ ਅਸੀਸਾਂ ਲੈ ਰਹੀ ਸੀ। ਕਹਿੰਦੇ ਨੇ ਕਿ ਮਰੀਜ਼ ਦੀ ਦਿੱਤੀ ਅਸੀਸ ਤੇ ਦੁਆ ਦੂਰ ਤੀਕ ਤੇ ਦੇਰ ਤੀਕ ਮਨੁੱਖ ਦੇ ਨਾਲ- ਨਾਲ ਰਹਿੰਦੀ ਹੈ। ਅੱਜ ਸੋਚਦਾ ਹਾਂ ਕਿ ਡਾਕਟਰ ਲਜੀਤ ਕੌਰ ਨੂੰ ਸਚਮੁੱਚ ਹੀ ਉਹ ਅਸੀਸਾਂ ਲੱਗੀਆਂ ਹਨ।

ਇਕ ਦਿਨ ਕਿਸੇ ਦੋਸਤ ਨੇ ਦੱਸਿਆ ਕਿ ਅੱਜ ਮੰਤਰੀ ਬਣ ਕੇ ਵੀ ਡਾ ਬਲਜੀਤ ਕੌਰ ਨੇ ਆਪਣਾ ਸੇਵਾ ਕਾਰਜ ਛੱਡਿਆ ਨਹੀਂ। ਜਦ ਵੀ ਵਕਤ ਮਿਲੇ, ਆਪਣੇ ਫਰੀਦਕੋਟ ਵਾਲੇ ਘਰ ਜਾਂ ਹਲਕੇ ਮਲੋਟ ਵਿਚ ਉਹ ਆਮ ਲੋਕਾਂ ਦੀਆਂ ਅੱਖਾਂ ਦਾ ਚੈਕਅੱਪ ਕਰਕੇ ਨਾਲ -ਨਾਲ ਦਵਾਈ ਵੀ ਦੇ ਦਿੰਦੀ ਹੈ। ਉਸ ਨੇ ਕਦੇ ਪੈਸੇ ਵੱਲ ਨਹੀ ਦੇਖਿਆ ਸਿਰਫ ਸੇਵਾ ਕਰਨ ਦੀ ਭਾਵਨਾ ਹੈ ਤੇ ਉਸਦੇ ਆਪਣੇ ਕਾਰਜ-ਕਿੱਤੇ ਪ੍ਰਤੀ ਉਸਦੀ ਸਮਰਪਿਤ ਲਗਨ ਦੀ ਮਿਸਾਲ ਪ੍ਰਗਟ ਹੋ ਜਾਂਦੀ ਹੈ। ਮੰਤਰੀਆਂ ਤੇ ਵਿਧਾਇਕਾਂ ਕੋਲ ਕਿਥੇ ਵਿਹਲ ਹੁੰਦੀ ਹੈ ਭਲਾ ਇਹੋ ਜਿਹੇ ਕੰਮਾਂ ਵਾਸਤੇ? ਪਰ ਡਾ ਬਲਜੀਤ ਕੌਰ ਕਹਿੰਦੀ ਹੈ ਕਿ ਵਿਹਲ ਆਪੇ ਨਿਕਲ ਆਵੇਗੀ, ਜੇ ਤੁਹਾਡਾ ਮਨ ਕੁਝ ਵੱਖਰਾ ਕਰਨਾ ਚਾਹੁੰਦਾ ਹੋਵੇ, ਜਜ਼ਬਾ ਤੇ ਜਜ਼ਬਾਤ ਜਿਊਂਦੇ ਹੋਣ, ਲੋਕਾਈ ਆਪਣੇ ਆਪ ਤੁਹਾਨੂੰ ਆਪਣੇ ਕਲਾਵੇ ਵਿਚ ਲੈ ਲੈਂਦੀ ਹੈ।

ਡਾ ਬਲਜੀਤ ਨੇ ਅੱਖਾਂ ਦੇਖਣ ਵਾਲੇ ਆਪਣੇ ਔਜਾਰ ਬਹੁਤੀ ਵਾਰ ਗੱਡੀ ਵਿਚ ਰੱਖੇ ਹੁੰਦੇ ਨੇ ਤੇ ਨਾਲ ਦਵਾਈਆਂ ਦੀਆਂ ਸ਼ੀਸ਼ੀਆਂ ਵੀ। ਬਹੁਤ ਸਾਰੇ ਲੋਕ ਉਸ ਪਾਸੋਂ ਇਸ ਸੇਵਾ ਲਈ ਉਸਦੀ ਉਡੀਕ ਕਰ ਰਹੇ ਹੁੰਦੇ ਨੇ।

ਮੈਨੂੰ ਉਦੋਂ ਮਾਣ ਤੇ ਖੁਸ਼ੀ ਹੁੰਦੀ ਹੈ ਜਦ ਇਹ ਨਿਮਰਤਾ ਭਰਪੂਰ ਤੇ ਇਮਾਨ ਵਾਲੀ ਸਾਡੀ ਕੈਬਨਿਟ ਮੰਤਰੀ ਡਾ ਬਲਜੀਤ ਕੌਰ ਹਰ ਸਮੇਂ ਮੇਰੀ ਸਾਹਿਤਕ ਤੇ ਸਭਿਆਚਾਰਕ ਸਰਗਰਮੀ ਬਾਰੇ ਜਾਣ ਸੁਣ ਕੇ ਵਧਾਈ ਤੇ ਹੱਲਾਸ਼ੇਰੀ ਦਾ ਫੋਨ ਜਾਂ ਸੰਦੇਸ਼ ਭੇਜਦੀ ਹੈ ਤੇ ਆਪਣੇ ਸਮਾਜ ਨਾਲ ਨੇੜਿਓਂ ਜੁੜੇ ਹੋਣ ਪ੍ਰਮਾਣ ਦਿੰਦੀ ਹੈ। ਛੋਟੀ ਭੈਣ ਵਾਸਤੇ ਸ਼ੁਭ ਇਛਾਵਾਂ ਤੇ ਦੁਆਵਾਂ ਨੇ।

*******